# TREATMENT OF MYTHOLOGY IN THE POETRY OF GURU NANAK

**THESIS**

SUBMITTED FOR THE DEGREE OF

**Doctor of Philosophy**

IN THE FACULTY OF LANGUAGES

PANJAB UNIVERSITY

CHANDIGARH

**1976**


Supervisor :

**Dr. Darshan Singh**

Deptt. of Punjabi

P. U. Chandigarh

By :

**Joginder Singh**

G. G. N. Khalsa College

Ludhiana

# ਗੁਰੂ ਨਾਨਕ ਕਾਵਿ ਅਤੇ ਮਿਥਿਹਾਸ

## ਧਨਵਾਦ

ਮੈਂ ਸ਼ੁਕਰਗੁਜ਼ਾਰ ਹਾਂ ਉਨ੍ਹਾਂ ਸਾਰੇ ਵਿਦਵਾਨਾਂ ਦਾ

ਸਹਿਯੋਗੀਆਂ ਦਾ ਜਿਨ੍ਹਾਂ ਦੇ ਸੰਪਰਕ

ਦਾ ਸੁਭਾਗ ਮੈਨੂੰ ਪ੍ਰਾਪਤ ਹੋਇਆ

ਅਤੇ ਸਿਧੇ ਜਾਂ ਅਸਿਧੇ ਰੂਪ

ਰੂਪ ਵਿਚ ਇਸ ਸ਼ੋਧ

ਪ੍ਰਬੰਧ ਨੂੰ ਸੰਪੂਰਣ

ਕਰਨ ਵਿਚ

ਸਹਾਇਤਾ

ਪ੍ਰਾਪਤ

ਹੋਈ।

# ਨਾਨਕ ਬਾਣੀ ਵਿਚ ਮਿਥਿਹਾਸ ਦੀ ਵਰਤੋਂ

## ਤਤਕਰਾ


ਧੰਨਵਾਦ

ਭੂਮਿਕਾ 1-5

1. **ਬੁਨਿਆਦੀ ਵਿਚਾਰ** 6-21

(ੳ) ਮਿਥਿਹਾਸ ਦੀ ਪਰਿਭਾਸ਼ਾ

(ਅ) ਮਿਥਿਹਾਸਕ ਤੱਤਾਂ ਦਾ ਵਰਗੀਕਰਣ - 13

(ੲ) ਮਿਥਿਹਾਸ ਅਤੇ ਧਰਮ

(ਸ) ਮਿਥਿਹਾਸ ਅਤੇ ਕਾਵਿ

2. **ਮਿਥਿਹਾਸਕ ਸ਼ਖ਼ਸੀਅਤਾਂ** 22-98

(ੳ) ਦੇਵ ਭਾਵਨਾ ਦਾ ਵਿਕਾਸ

(ਅ) ਪੁਰਾਣਕ ਸਰੂਪ ਬਲ ਵਾਲੇ ਦੇਵਤੇ

(ੲ) ਪ੍ਰਮੁੱਖ ਅਵਤਾਰ

(ਸ) ਪ੍ਰਸਿੱਧ ਪੁਰਾਣਕ ਇਸਤ੍ਰੀਆਂ

(ਹ) ਪੁਰਾਣਕ ਰਾਜੇ, ਰਿਸ਼ੀ, ਭਗਤ

(ਕ) ਭਾਰਤੀ ਮਿਥਿਹਾਸ ਦੀਆਂ ਅਸੁਰ ਸ਼ਖ਼ਸੀਅਤਾਂ

(ਖ) ਅਭਾਰਤੀ ਮਿਥਿਹਾਸਕ ਸ਼ਖ਼ਸੀਅਤਾਂ

3. **ਮਿਥਿਹਾਸਕ ਸਥਾਨ** 99-121

(ੳ) ਭਾਰਤੀ ਲੌਕਿਕ ਸਥਾਨ

(ਅ) ਅਭਾਰਤੀ ਲੌਕਿਕ ਸਥਾਨ

(ੲ) ਭਾਰਤੀ ਪਾਰਲੌਕਿਕ ਸਥਾਨ

(ਸ) ਅਭਾਰਤੀ ਪਾਰਲੌਕਿਕ ਸਥਾਨ

4. ਮਿਥਿਹਾਸਕ ਕਥਾਵਾਂ 122-135

(ੳ) ਸਿਧਿਆਤਮਕ ਕਥਾਵਾਂ

(ਅ) ਮਹਿਮਾਤਮਕ ਕਥਾਵਾਂ

(ੲ) ਸ੍ਰਿਸ਼ਟਾਤਮਕ ਕਥਾਵਾਂ

(ਸ) ਭਾਵਾ ਸੰਕਟਾਤਮਕ ਕਥਾਵਾਂ

(ਹ) ਕਥਾਵਾਂ ਦੇ ਸੰਕੇਤ

5. ਮਿਥਿਹਾਸਕ ਮਨੌਤਾਂ / ਪ੍ਰ3/੨ 136-168

(ੳ) ਸ੍ਰਿਸ਼ਟੀ

(ਅ) ਕਾਲ ਵੰਡ

(ੲ) ਆਵਾਗਵਣ

(ਸ) ਪੁੰਨ ਤੇ ਪਾਪ

(ਹ) ਮੁਕਤੀ

(ਕ) ਅੰਮ੍ਰਿਤ

(ਖ) ਮੰਤ੍ਰ, ਜੰਤ੍ਰ, ਤੰਤ੍ਰ, ਕਰਾਮਾਤਾਂ, ਰਿਧੀਆਂ ਸਿਧੀਆਂ

(ਗ) ਜੋਗੀਆਂ, ਭੇਖੀਆਂ ਤੇ ਜੋਤਸ਼ੀਆਂ ਦੀਆਂ ਮਨੌਤਾਂ

(ਘ) ਬਨਾਸਪਤੀ ਮਨੌਤਾਂ

(ਙ) ਮਨੌਤਾਂ ਦੀ ਪ੍ਰਤੀਕ ਵਜੋਂ ਵਰਤੋਂ

6. ਅਨੁਸ਼ਠਾਨ 169-218

(ੳ) ਵਰਣ ਵੰਡ

(ਅ) ਜੱਗ (ਯੱਗ)

(ੲ) ਸ਼ੁਚਾਚਾਰ

(ਸ) ਵੈਰਾਚਾਰ

(ਹ) ਤੀਰਥ ਯਾਤਰਾ

(ਕ) ਸੰਸਕਾਰ (ਜਨਮ ਤੇ ਜੀਵਨ ਦੇ)

(ਖ) ਅੰਤਯੇਸ਼ਟੀ ਸੰਸਕਾਰ

(ਗ) ਇਸਲਾਮਿਕ ਅਨੁਸ਼ਠਾਨ

7. ਨਿਸ਼ਕਰਸ਼ 219-222

8. ਪੁਸਤਕ ਸੂਚੀ 223-233

## ਭੂਮਿਕਾ

ਗੁਰੂ ਨਾਨਕ ਕਾਵਿ ਵਿਚ ਮਿਥਿਆਂ ਵਿਸ਼ੇ ਉਤੇ ਸ਼ੋਧ ਪ੍ਰਬੰਧ ਲਿਖਣ ਦਾ ਇਹ ਪਹਿਲਾ ਯਤਨ ਹੈ। ਇਸ ਤੋਂ ਪਹਿਲਾਂ 'ਮਹਾਨ ਕੋਸ਼' ਦੇ ਲੇਖਕ ਭਾਈ ਕਾਨ੍ਹ ਸਿੰਘ ਨਾਭਾ, ਗਿਆਨੀ ਲਾਲ ਸਿੰਘ ਸੰਗਰੂਰ ਵਾਲੇ, ਮਾਸਟਰ ਮਹਿਤਾਬ ਸਿੰਘ ਅਤੇ ਗਿਆਨੀ ਨਰੈਣ ਸਿੰਘ ਨੇ ਵੀ ਕਾਫੀ ਲਗਨ ਅਤੇ ਖੋਜ ਨਾਲ ਮਿਥ ਕਥਾਵਾਂ ਤੋਂ ਪੰਜਾਬੀ ਪਾਠਕਾਂ ਨੂੰ ਜਾਣੂ ਕਰਵਾਉਣ ਦਾ ਯਤਨ ਕੀਤਾ ਹੈ। ਪਰ ਉਪਰੋਕਤ ਲੇਖਕਾਂ ਦੀ ਰੁਚੀ ਵਿਚ ਸੰਪਰਦਾਈ ਰੰਗਣ ਪ੍ਰਧਾਨ ਰੂਪ ਵਿਚ ਉਘੜੀ ਹੈ। ਇਹ ਰੁਚੀ ਆਧੁਨਿਕ ਖੋਜ ਦੇ ਮਾਪਦੰਡਾਂ ਦੀ ਪ੍ਰਚਾਇਕ ਨਹੀਂ। ਫਿਰ ਵੀ ਭਾਈ ਕਾਨ੍ਹ ਸਿੰਘ ਨਾਭਾ ਦਾ ਕੰਮ ਬੜਾ ਹੀ ਮਹੱਤਵ ਪੂਰਣ ਅਤੇ ਆਪਣੀ ਭਾਂਤ ਦਾ ਪਹਿਲਾ ਠੋਸ ਕੰਮ ਹੈ। ਗਿਆਨੀ ਸ਼ੇਰ ਸਿੰਘ, ਐਮ.ਐਸ.ਸੀ. ਕਸ਼ਮੀਰ ਵਾਲੇ ਨੇ ਇਸ ਪੱਖ ਤੋਂ ਬੜਾ ਸ਼ਲਾਘਾਯੋਗ ਯਤਨ ਸਾਖੀਆਂ ਅਤੇ ਆਪਣੀਆਂ ਵਰਤਨਾਵਾਂ ਰਾਹੀਂ ਰਾਮਾਇਣ ਅਤੇ ਮਹਾਂਭਾਰਤ ਦੇ, ਗੁਰਬਾਣੀ ਵਿੱਚ ਆਏ ਮਿਥ ਪਾਤਰਾਂ ਤੇ ਸੰਕੇਤਾਂ ਆਦਿ ਦੇ, ਹਵਾਲਿਆਂ ਨੂੰ ਪਰਖ ਜੋਖ ਕੇ, ਗੁਰਬਾਣੀ ਨੂੰ ਸਮਝਣ ਦਾ ਯਤਨ ਕੀਤਾ। ਪਰ ਗਿਆਨੀ ਸ਼ੇਰ ਸਿੰਘ ਦੀ ਪ੍ਰਬਲ ਰੁਚੀ ਮਿਥ ਕਥਾਵਾਂ ਦੇ ਪਾਤਰਾਂ ਦੇ Allegorical ਰੂਪ ( ਰੂਪਕ ਜਾਂ ਤਮਸੀਲੀ ਵਰਨਨ) ਪ੍ਰਗਟ ਕਰਨ ਤੱਕ ਹੀ ਸੀਮਤ ਹੈ। ਉਨ੍ਹਾਂ ਸਾਰੀਆਂ ਮਿਥ ਕਥਾਵਾਂ ਉਤੇ ਆਪਣੇ ਇਸ ਮਾਪ ਦੰਡ ਨੂੰ ਲਾਗੂ ਕੀਤਾ ਅਤੇ ਸਿੱਟਾ ਇਹ ਕੱਢਿਆ ਕਿ ਗੁਰੂ ਸਾਹਿਬਾਨ ਨੇ ਵੀ ਗੁਰਬਾਣੀ ਵਿੱਚ ਇਨ੍ਹਾਂ ਦੇ ਰੂਪਕ ਸੱਚ ਨੂੰ ਹੀ ਉਭਾਰਿਆ ਹੈ। ਦੂਜਾ ਉਨ੍ਹਾਂ ਦੀਆਂ ਰਚਨਾਵਾਂ ਵਿਚ ਬਹੁਤ ਸਾਰੀ ਮਿਥ ਜਗਤ ਦੀ ਸਾਮਗਰੀ, ਜਿਹੜੀ ਕਿ ਗੁਰਬਾਣੀ ਵਿੱਚ ਸਹਿਜ ਭਾਂਤ ਆਈ ਹੈ, ਅਛੂਤੀ ਰਹਿ ਗਈ ਹੈ।

1947 ਤੋਂ ਪਿਛੋਂ ਐਮ.ਏ.ਦੀ ਪੜ੍ਹਾਈ ਦੇ ਸ਼ੁਰੂ ਹੋਣ ਨਾਲ ਆਪਣੇ ਵਿਰਸੇ ਤੇ ਸਾਹਿੱਤ ਨੂੰ ਜਾਚਣ ਤੇ ਘੋਖਣ ਦੀ ਰੁਚੀ ਵਿੱਚ ਵਾਧਾ ਹੋਇਆ। ਸ਼ੋਧ ਪ੍ਰਬੰਧ ਲਿਖੇ ਜਾਣ ਲੱਗੇ। ਪੰਜਾਬ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਦੀ ਪੂਰੀ ਆਸਾਮੀ ਉਤੇ ਨਿਯੁਕਤੀ ਨੇ ਇਸ ਕੰਮ ਨੂੰ ਹੁਲਾਰਾ ਦਿੱਤਾ ਤੇ ਬਹੁਤ ਸਾਰੇ ਨੌਜੁਆਨ ਅਤੇ ਪੁਰਾਣੇ ਅਧਿਆਪਕ ਸ਼ੋਧ ਪ੍ਰਬੰਧਾਂ ਰਾਹੀਂ ਖੋਜ ਵੱਲ ਰੁਚਿਤ ਹੋਏ। ਡਾ: ਸੁਰਿੰਦਰ ਸਿੰਘ ਕੋਹਲੀ, ਡਾ: ਤਾਰਨ ਸਿੰਘ, ਡਾ: ਸੁਰਿੰਦਰ ਸਿੰਘ ਬੇਦੀ, ਡਾ: ਕਾਲਾ ਸਿੰਘ ਬੇਦੀ, ਡਾ: ਹਰਿਭਜਨ ਸਿੰਘ, ਡਾ: ਰਤਨ ਸਿੰਘ ਜੱਗੀ, ਡਾ: ਕਰਨੈਲ ਸਿੰਘ ਥਿੰਦ, ਡਾ: ਸੀਤਾ ਰਾਮ ਬਾਹਰੀ,

ਡਾ: ਦਰਸ਼ਨ ਸਿੰਘ ,ਡਾ: ਹਰਦੇਵ ਸਿੰਘ ਸੱਚਰ ਅਤੇ ਕਈ ਹੋਰ ਖੋਜ ਤੇ ਨਵੀਆਂ ਪ੍ਰਾਪਤੀਆਂ ਦੇ ਇਛੁੱਕ ਵਿਦਵਾਨਾਂ ਨੇ ਗੁਰਬਾਣੀ ਨੂੰ ਸਮਝਣ ਸਮਝਾਉਣ ਹਿੱਤ ਸ਼ੋਧ ਪ੍ਰਬੰਧਾਂ ਤੇ ਹੋਰ ਰਚਨਾਵਾਂ ਰਾਹੀਂ ਇਸ ਜਿਗਿਆਸਾ ਨੂੰ ਤ੍ਰਿਪਤ ਕਰਨ ਵੱਲ ਰੁੱਚੀ ਦਿਖਾਈ। ਡਾ:ਸੁਰਿੰਦਰ ਸਿੰਘ ਬੇਦੀ ਤੇ ਡਾ:ਕਰਨੈਲ ਸਿੰਘ ਥਿੰਦ ਨੇ 'ਫੋਕ ਲੋਰ' ਵਿੱਚ, ਮੱਧਕਾਲੀਨ ਪੰਜਾਬੀ ਸਾਹਿਤ ਵਿੱਚ ਆਏ ਮਿਥ ਪਾਤਰਾਂ ਤੇ ਮਿਥ ਕਥਾਵਾਂ ਦੇ ਸੰਕੇਤਾਂ ਨੂੰ ਆਪਣੇ ਅਧਿਐਨ ਦਾ ਅੰਗ ਬਣਾਇਆ। ਇਨ੍ਹਾਂ ਵਿਦਵਾਨਾਂ ਦੀ ਆਪਣੇ ਆਪਣੇ ਖੇਤਰ ਵਿੱਚ ਬਹੁਮੁਲੀ ਦੇਣ ਹੈ। ਇਨ੍ਹਾਂ ਦਾ ਖੇਤਰ ਕਿਉਂਕਿ 'ਫੋਕ ਲੋਰ' ਹੈ ਅਤੇ ਮਿਥ ਕਥਾਵਾਂ ਇਸਦਾ ਕੇਵਲ ਅੰਗ ਮਾਤਰ ਹੀ ਹਨ ,ਸੋ ਇਨ੍ਹਾਂ ਵਲੋਂ ਵੀ ਮਿਥ ਬਾਰੇ ਸਮੁੱਚੀ ਵਿਚਾਰ ਨਹੀ ਹੋਈ। ਡਾ: ਹਰਿਭਜਨ ਸਿੰਘ ਨੇ ਧਰਮ ਉਤੇ ਨਵੇਂ ਕੋਣ ਤੋਂ ਵਿਚਾਰ ਦਾ ਅਰੰਭ ਕਰਦਿਆਂ ਮਿਥ ਸਮਿਗਰੀ ਦਾ ਵੀ ਅਧਿਐਨ ਪੇਸ਼ ਕੀਤਾ ਹੈ। ਇਹ ਅਧਿਐਨ ਗੁਰਬਾਣੀ ਨੂੰ ਸਮਝਣ ਦਾ ਇੱਕ ਸੰਤੁਲਿਤ ਤੇ ਵਿਗਿਆਨਕ ਤਜਰਬਾ ਹੈ । ਡਾ: ਰਤਨ ਸਿੰਘ 'ਜੱਗੀ' ਨੇ ਆਪਣੇ ਸ਼ੋਧ ਪ੍ਰਬੰਧ,'ਦਸਮ ਗ੍ਰੰਥ ਦੇ ਪੌਰਾਣਿਕ ਅਧਿਐਨ' ਵਿੱਚ ,ਸੰਖੇਪ ਰੂਪ ਵਿੱਚ, ਆਦਿ ਗ੍ਰੰਥ ਵਿੱਚਲੀ ਸਮਗਰੀ ਦਾ ਅਧਿਐਨ ਵੀ ਕੀਤਾ ਹੈ ਪਰ ਉਨ੍ਹਾਂ ਦਾ ਸਾਰਾਜ਼ੋਰ ਆਪਣੇ ਵਿਸ਼ੇ ਦੀ ਸੀਮਾਂ ਅੰਦਰ ਰਹਿੰਦਿਆਂ, ਦਸਮ ਗ੍ਰੰਥ ਉਤੇ ਹੀ ਰਿਹਾ ਹੈ। ਕੰਮ ਉਨ੍ਹਾਂ ਦਾ ਵੀ ਸਿਰਫ ਖੰਡ ਹੈ। ਇਨ੍ਹਾਂ ਵਿਦਵਾਨਾਂ ਤੋਂ ਇਲਾਵਾ ਵਿਕੋਲਿਤਰੇ ਨਿਬੰਧਾਂ ਰਾਹੀਂ, ਡਾ: ਬਲਬੀਰ ਸਿੰਘ ਦਿਲ ਆਦਿ ਨੇ ਵੀ ਇਸ ਪਾਸੇ ਰੁਚੀ ਵਿਖਾਈ ਹੈ।

ਮਿਥ ਕਥਾਵਾਂ ਤੇ ਹੋਰ ਮਿਥ ਸਮਗਰੀ ਸਾਹਿਤ ਅਤੇ ਧਰਮ ਦਾ ਮਹੱਤਵ ਪੂਰਣ ਹਿਸਾ ਹੈ। ਅੰਗ੍ਰੇਜ਼ੀ ਵਿਚ ਮਿਥ ਉਤੇ ਬਹੁਤ ਕੰਮ ਹੋਇਆ ਹੈ। ਭਾਰਤੀ ਮਿਥ ਸਮਗਰੀ ਨੂੰ ਨੇੜੇ ਹੀ ਅੰਗ੍ਰੇਜ਼ ਵਿਦਵਾਨਾਂ ਨੇ ਬੜੀ ਲਗਨ ਤੇ ਖੋਜ ਨਾਲ ਅਧਿਐਨ ਕੀਤਾ ਹੈ। ਹਿੰਦੀ ਵਿੱਚ ਵੀ ਕੁਝ ਕੰਮ ਅਰੰਭਿਆ ਗਿਆ ਹੈ, ਪਰ ਇਹ ਪੰਜਾਬੀ ਤੋਂ ਕੇਵਲ ਇਕ ਅੱਧ ਪੱਖ ਹੀ ਛੋਂਹਦੇ ਹੈ, ਵਧੇਰੇ ਨਹੀਂ।

ਇਸ ਵਿਸ਼ੇ ਦੀ ਮਹੱਤਤਾ ਮੱਧ ਯੁਗ ਦੇ ਭਾਰਤੀ ਅਤੇ ਅਭਾਰਤੀ ਧਰਮ ਸੰਸਾਰ ਦੇ ਸੰਦਰਭ ਵਿੱਚ ਰੱਖਕੇ ਵੇਖਿਆਂ, ਇਹ ਗੱਲ ਸਹਿਜੇ ਹੀ ਸਪੱਸ਼ਟ ਹੋ ਜਾਂਦੀ ਹੈ। ਉਸ ਸਮੇਂ ਮਿਥ ਹਿੰਦੂ ਅਤੇ ਮੁਸਲਿਮ ਧਰਮ ਦਾ ਵੱਡਾ ਪ੍ਰੇਰਨਾ ਸਰੋਤ ਸੀ। ਅਨੁਸ਼ਠਾਨਾਂ ਦੇ ਰੂਪ ਵਿੱਚ ਮਿਥ ਨੇੜ ਨਾਲ ਸਬੰਧਿਤ ਸਮਗਰੀ ਦੀ ਭਰਮਾਰ ਇਨ੍ਹਾਂ ਧਰਮਾਂ ਵਿਚੋਂ ਉਪਲਬਧ ਹੈ।

ਨਾਨਕਬਾਣੀ ਦਾ ਕਮਾਲ ਏਸੇ ਵਿੱਚ ਹੈ ਕਿ ਇਸ ਵਿਚ, ਸਾਰੇ ਮਿਥਕ ਪਸਾਰੇ ਵਿਚੋਂ, ਧਰਮ ਨੂੰ ਸ਼ੁਧ ਪ੍ਰਕਿਰਤਕ ਰੂਪ ਵਿੱਚ ਰੂਪਮਾਨ ਕਰਨ ਦਾ ਪ੍ਰਯਤਨ ਕੀਤਾ ਗਿਆ ਹੈ।

ਇਸ ਸ਼ੋਧ ਪ੍ਰਬੰਧ ਵਿੱਚ, ਮਿਥ ਸਮਗਰੀ ਦਾ ਅਧਿਐਨ ਕਰਨ ਲਈ, ਵਰਗੀਕਰਣ

ਇਸ ਪ੍ਰਕਾਰ ਕੀਤਾ ਗਿਆ ਹੈ:

1. [redacted] ਮਿਥਿਹਾਸਕ ਸਖਸ਼ੀਅਤਾਂ
2. [redacted] ਮਿਥਿਹਾਸਕ ਸਥਾਨ
3. [redacted] ਮਿਥਿਹਾਸਕ ਵਸਤਾਂ
4. [redacted] ਮਿਥਿਹਾਸਕ ਸੰਕੇਤਾਂ/ਪ੍ਰਤੀਕ
5. [redacted] ਅਨੁਸ਼ਠਾਨ

(1) ਮਿਥਿਹਾਸਕ ਸੁਖਸ਼ੀਅਤਾਂ ਦੇ ਅਤਰਗਤ ਫਿਰ ਅੱਗੋਂ ਕੁਝ ਨਿਖੇੜ ਹਿਸੇ ਵੰਡ ਕੀਤੀ ਗਈ ਹੈ। ਇਨ੍ਹਾਂ ਵਿਚ ਵਿਸ਼ੇ ਦੀ ਸੁਖੈਣਤਾ ਅਤੇ ਪਕੜ ਲਈ ਪਾਰਲੌਕਿਕ ਅਤੇ ਲੌਕਿਕ ਦਾ ਭੇਦ ਕੀਤਾ ਗਿਆ ਹੈ। ਮਰਦ ਪਾਤਰ ਵੱਖ ਹਨ, ਇਸਤ੍ਰੀਆਂ ਪਾਤਰ ਵੱਖ ਹਨ। ਪਹਿਲਾਂ ਭਾਰਤੀ ਮਿਥਿਹਾਸਕ ਸੁਖਸ਼ੀਅਤਾਂ ਦਾ ਅਧਿਐਨ ਹੈ, ਫਿਰ ਅਭਾਰਤੀ ਦਾ। ਅਭਾਰਤੀ ਪਦ ਕੁਝ ਵਿਸ਼ੇਸ਼ ਕਾਰਣਾਂ ਕਰਕੇ ਵਰਤਿਆ ਗਿਆ ਹੈ।

ਪਾਰਲੌਕਿਕ ਜਾਂ ਲੌਕਿਕ ਦਾ ਭੇਦ ਵੀ ਸੂਖਮ ਜਿਹਾ ਭੇਦ ਹੈ। ਮੋਟੇ ਤੌਰ ਤੇ ਇਹ ਨਹੀ ਆਖਿਆ ਜਾ ਸਕਦਾ ਕਿ ਜਿਹੜੀ ਸੁਖਸ਼ੀਅਤ ਅੰਤ੍ਰਿਕਸ਼ੀ ਹੈ ਉਸਦਾ ਪਰਲੋਕ ਨਾਲ ਸੰਬੰਧ ਨਹੀਂ, ਜਾਂ ਇਸ ਲੋਕ ਨਾਲ ਸੰਬੰਧ ਰਖਦੀ ਹੈ ਤਾਂ ਪਰਲੋਕ ਨਾਲੋਂ ਕੱਟੀ ਗਈ ਹੈ। ਇਨ੍ਹਾਂ ਮਿਥਿਹਾਸਕ ਸੁਖਸ਼ੀਅਤਾਂ ਦੀ ਵਡਿਆਈ ਤੇ ਵਿਲੱਖਣਤਾ ਹੀ ਅਲੌਕਿਕਤਾ ਵਿੱਚ ਛਿਪੀ ਹੋਈ ਹੈ। ਪਰਲੋਕ, ਲੋਕ ਜਾਂ ਅੰਤ੍ਰਿਕਸ਼ ਤੱਕਤਾਂ ਸਭ ਪਾਤਰਾਂ ਦੀ ਪਹੁੰਚ ਹੈ। ਇਨ੍ਹਾਂ ਦਾ ਪਸਾਰਾ ਤੇ ਪਹੁੰਚ ਸਭ ਰੂਪਾਂ ਵਿੱਚ ਹੀ ਹੈ।

(2) ਮਿਥਿਹਾਸਕ ਸੁਖਸ਼ੀਅਤਾਂ ਤੋਂ ਪਿਛੋਂ ਮਿਥਿਹਾਸਕ ਸਥਾਨਾਂ ਦਾ ਵਿਚਾਰ ਵਿਸ਼ਲੇਸ਼ਣ ਹੈ। ਇਨ੍ਹਾਂ ਵਿਚ ਸੁਰਗ, ਨਰਕ, ਬਹਿਸ਼ਤ, ਦੋਜ਼ਖ, ਤੀਰਥ ਸਥਾਨਾਂ, ਮੱਕਾ ਮਦੀਨਾ, ਕਹਬਾ, ਮਸੀਤ ਆਦਿ ਦਾ ਵਰਨਣ ਹੈ। ਤੀਰਥ ਯਾਤ੍ਰਾ ਤੇ ਹੱਜ ਅਨੁਸ਼ਠਾਨ ਖੰਡ ਦਾ ਹਿਸਾ ਹਨ। ਪਰ ਕਿਉਂਕਿ ਉਹ ਸਥਾਨ ਵੀ ਹਨ ਇਸ ਲਈ ਇਨਾਂ ਨੂੰ ਅਨੁਸ਼ਠਾਨਕ ਸਾਮਗਰੀ ਵਿੱਚ ਵਿਸਤਾਰ ਦੇ ਡਰ ਤੋਂ ਮੁੜ ਵਿਚਾਰਣਾ ਠੀਕ ਨਹੀ ਸਮਝਿਆ ਗਿਆ। (3) ਤੀਜੇ ਹਿਸੇ ਵਿੱਚ ਮਿਥਿਕਵਸਤਾਂ ਦਾ ਅਧਿਐਨ ਕੀਤਾ ਗਿਆ ਹੈ। (4) ਚੌਥੇ ਹਿਸੇ ਵਿਚ ਮਿਥਿਕਸੰਕੇਤਾਂ ਤੇ ਪ੍ਰਤੀਕਾਂ ਦਾ ਅਧਿਐਨ ਸ਼ਾਮਲ ਹੈ। (5) ਪੰਜਵੇਂ ਖੰਡ ਵਿੱਚ ਲੋਕ ਮਿਥ ਸੋਚ ਨਾਲ ਸੰਬੰਧਿਤ ਅਨੁਸ਼ਠਾਨਕ ਸਾਮਗਰੀ ਦਾ ਅਧਿਐਨ ਹੈ।

ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਵਰਤੀ ਗਈ ਮਿਥ ਸਾਮਗਰੀ ਦਾ ਸੁਭਾ ਅਤੇ ਸੋਮੇਂ ਬਹੁਤ ਵਿਚਿਤ੍ਰ ਹੈ। ਇਹਦੇ ਵਿਚ ਵਖ ਵਖ ਕਥਿਤ ਧਾਰਮਿਕ ਗ੍ਰੰਥ ਵੀ ਹਨ ਅਤੇ ਲੋਕ ਸਾਹਿਤ ਵੀ ਹੈ। ਇਨ੍ਹਾਂ ਗ੍ਰੰਥਾਂ ਵਿੱਚ ਇਕੋ ਕਹਾਣੀ ਦਾ ਵਿਸਤਾਰ ਵੱਖ ਵੱਖ ਰੂਪਾਂ ਵਿੱਚ ਉਪਲਬਧ ਹੈ।

ਮਿਥ ਕਥਾ ਦਾ ਮੁਢਲਾ ਸਵਰੂਪ ਭਾਵੇਂ ਇਕੋ ਹੋਵੇ ਪਰ ਉਸਦਾ ਵਿਸਤਾਰ ਨਿਰੰਤਰ ਬੜੇ ਰੰਗ ਬਦਲਦਾ ਹੈ। ਗੁਰੂ ਨਾਨਕ ਦੇਵ ਜੀ ਨੂੰ ਬੇਸ਼ਕ ਇਨ੍ਹਾਂ ਰੂਪਾਂ ਦਾ ਪੂਰਾ ਗਿਆਨ ਸੀ ਪਰ ਉਨ੍ਹਾਂ ਆਪਣੀ ਬਾਣੀ ਵਿੱਚ ਇਨ੍ਹਾਂ ਕਥਾਵਾਂ ਤੇ ਹੋਰ ਸਾਮਗਰੀ ਨੂੰ ਵਰਤਣ ਲਈ ਕਿਸੇ ਵਿਸ਼ੇਸ਼ ਰੂਪ ਨੂੰ ਸਾਹਮਣੇ ਨਹੀਂ ਰਖਿਆ। ਜ਼ਰੂਰੀ ਹੈ ਕਿ ਇਹ ਕਥਾਵਾਂ ਮੌਖਿਕ ਪਰੰਪਰਾ ਦਾ ਅੰਗ ਸਨ। ਲੋਕਾਂ ਵਿਚ ਜਾਣੀਆਂ ਪਹਿਚਾਣੀਆਂ ਜਾਂਦੀਆਂ ਸਨ। ਭਾਵ ਸੰਚਾਰ ਕਰਨ ਦੀ ਜਿਸ ਤਰ੍ਹਾਂ ਦੀ ਸਾਮਰਥਾ ਇਨ੍ਹਾਂ ਅੰਦਰ ਸੀ ਉਸ ਤੋਂ ਵੀ ਲੋਕ ਅਚੇਤ ਜਾਂ ਸੁਚੇਤ ਰੂਪ ਵਿਚ ਪਰਿਚਿਤ ਸਨ। ਗੁਰੂ ਨਾਨਕ ਦੇਵ ਜੀ ਨੇ ਵੱ ਵੱਖ ਮੱਤਾਂ ਮਤਾਂਤਰਾਂ ਦੇ ਲੋਕਾਂ ਨਾਲ ਸੰਪਰਕ ਵਿੱਚ ਆਉਣ ਤੇ ਇਨ੍ਹਾਂ ਕਥਾਵਾਂ ਦੇ ਪ੍ਰਸੰਗਾਂ ਨੂੰ ਪਹਿਲਾਂ ਸੁਣਿਆ, ਅਪਨਾਇਆ, ਫਿਰ ਇਨ੍ਹਾਂ ਦਾ ਅਧਿਐਨ ਕੀਤਾ, ਇਨ੍ਹਾਂ ਦੀ ਸਾਰਥਕਤਾ ਤੇ ਨਿਰਾਰਥਕਤਾ ਨੂੰ ਸਮਝਿਆ ਅਤੇ ਲੋੜੀਂਦੀ ਸਮਗਰੀ ਵਜੋਂ ਵਰਤਿਆ ਹੈ। ਇਸ ਤਰ੍ਹਾਂ ਉਦਾਹਰਣ ਵਜੋਂ, ਜੇ ਕਿਸੇ ਕਥਾ ਦੇ ਵਖ ਵਖ ਰੂਪ ਮਿਲਦੇ ਹਨ ਤਾਂ ਜ਼ਰੂਰੀ ਨਹੀਂ ਕਿ ਉਨ੍ਹਾਂ ਨੇ ਸਾਰਿਆਂ ਦਾ ਹੀ ਹਵਾਲਾ ਦਿਤਾ ਹੋਵੇ। ਉਨ੍ਹਾਂ ਨੇ ਸਮੁਚੇ ਭੰਡਾਰੇ ਵਿਚੋਂ ਸਥਿਤੀ ਅਨੁਸਾਰ ਲੋੜ ਵਜੋਂ ਢੁਕਵੇਂ ਅੰਸ਼ ਜਾਂ ਅੰਗ ਨੂੰ ਵਰਤ ਲਿਆ ਹੈ। ਇਸ ਕਰਕੇ ਮੈਂ, ਇਸ ਸ਼ੋਧ- ਪ੍ਰਬੰਧ ਵਿਚ, ਸਾਰੇ ਹਵਾਲੇ ਨਹੀਂ ਦਿਤੇ, ਬਲਕਿ ਲੋੜੀਂਦੀ ਪ੍ਰਸੰਗ ਨੂੰ ਹੀ ਸਾਹਮਣੇ ਰਖ ਕੇ, ਉਸਦੀ ਪ੍ਰਮਾਣਿਕਤਾ ਲੋੜੀਂਦੇ ਹਵਾਲੇ ਦਿਤੇ ਹਨ।

ਪੰਜਾਬੀ ਸ਼ਬਦ ਜੋੜਾਂ ਦੇ ਲਿਖਣ ਦੇ ਰੂਪਾਂ ਸੰਬੰਧੀ ਅਨੇਕ ਧਾਰਣਾਵਾਂ ਹਨ। ਸ਼ਬਦ ਜੋੜਾਂ ਦੇ ਵੱਖ ਵੱਖ ਰੂਪ ਪ੍ਰਚਲਿਤ ਹਨ। ਪ੍ਰਾਪਤ ਕੋਸ਼ ਇਸ ਪੱਖ ਤੋਂ ਬਹੁਤੇ ਸਹਾਇਕ ਸਿਧ ਨਹੀਂ ਹੁੰਦੇ। ਮੈਂ ਆਪਣੇ ਸ਼ੋਧ ਪ੍ਰਬੰਧ, ਵਿਚ ਵੱਧ ਤੋਂ ਵੱਧ ਇਹੋ ਕੋਸ਼ਿਸ਼ ਕੀਤੀ ਹੈ ਕਿ, ਸ਼ਬਦ ਜੋੜਾਂ ਦਾ ਪ੍ਰਚਲਿਤ ਰੂਪ ਹੀ ਰਖਿਆ ਜਾਵੇ। ਸ਼ਬਦ ਜੋੜਾਂ ਦੀ ਮਜਬੂਰੀ, ਜੋ ਪੰਜਾਬੀ ਵਿਚ ਵਿਆਪਕ ਮਜਬੂਰੀ ਹੈ, ਦੇ ਨਾਲ ਨਾਲ, ਇਸ ਸ਼ੋਧ ਪ੍ਰਬੰਧ ਵਿਚ ਕੁਝ ਹੋਰ ਵੀ ਮਜਬੂਰੀਆਂ ਹਨ ਜਿਵੇਂ:

1. ਹਰ ਮਿਥ ਪਾਤਰ ਨੂੰ ਵੱਖ ਵੱਖ ਕਰਕੇ ਵਿਚਾਰਿਆ ਗਿਆ ਹੈ, ਪਰ ਕਿਤੇ ਇਕ ਤੋਂ ਵਧ ਨੂੰ ਇਕੱਠਾ ਵੀ ਕੀਤਾ ਗਿਆ ਹੈ।
2. ਸ਼ਖਸੀਅਤਾਂ ਦੀ ਲੌਕਿਕ ਅਤੇ ਪਾਰਲੌਕਿਕ ਵੰਡ ਵਿਚ ਬਹੁਤ ਅਜੀਬ ਸਥਿਤੀ ਆਈ ਹੈ। ਇਕੋ ਸ਼ਖਸੀਅਤ ਕਦੀ ਵਾਰੀ ਲੌਕਿਕ ਅਤੇ ਕਦੀ ਵਾਰੀ ਪਾਰਲੌਕਿਕ ਬਣ ਜਾਂਦੀ ਹੈ।
3. ਤੀਰਥਾਂ ਦਾ ਜ਼ਿਕਰ ਕੀਤਾ ਗਿਆ ਹੈ ਪਰ ਜਦੋਂ ਗੁਰੂ ਸਾਹਿਬ ਦੇ ਦ੍ਰਿਸ਼ਟੀਕੋਣ ਦਾ ਵਿਵਰਣ ਦਿਤਾ ਗਿਆ ਹੈ ਤਾਂ ਇਨ੍ਹਾਂ ਨੂੰ ਇਕੱਠਾ ਕਰ ਦਿਤਾ ਗਿਆ ਹੈ। ਕਾਰਣ ਇਹ ਹੈ ਕਿ ਉਨ੍ਹਾਂ ਨੇ ਆਪ, ਕਈ ਵਾਰੀ, ਇਕੋ ਸਤਰ ਵਿਚ ਇਕ ਤੋਂ ਵਧ ਤੀਰਥਾਂ ਦਾ ਜ਼ਿਕਰ ਕੀਤਾ ਹੈ।

4. ਖੋਜ ਸਾਮਗਰੀ ਦੇ ਸੁਭਾ ਕਰਕੇ, ਕਈ ਥਾਂਵਾਂ ਤੇ ਕੋਸ਼ਿਸ਼ ਦੇ ਬਾਵਜੂਦ, ਦੁਹਰਾਓ ਆ ਗਿਆ ਹੈ।

ਮੈਂ ਇਨ੍ਹਾਂ ਮਜਬੂਰੀਆਂ ਤੋਂ ਸੁਚੇਤ ਹਾਂ ਪਰ ਇਨ੍ਹਾਂ ਦੇ ਪੰਜੇ ਤੋਂ ਬਚ ਨਹੀਂ ਸਕਿਆ, ਕਿਉਂਕਿ ਮੇਰੇ ਵਿਸ਼ੇ ਦਾ ਸੁਭਾ ਹੀ ਇਸ ਤਰ੍ਹਾਂ ਦਾ ਹੈ।

ਨੌਨਿਹਾਲ ਸਿੰਘ

14.4.76

## ਬੁਨਿਆਦੀ ਵਿਚਾਰ

(ੳ) ਇਤਿਹਾਸ ਦੀ ਪਰਿਭਾਸ਼ਾ

(ਅ) ਇਤਿਹਾਸਕ ਤੱਤਾਂ ਦਾ ਵਰਗੀਕਰਣ

(ੲ) ਇਤਿਹਾਸ ਅਤੇ ਧਰਮ

(ਸ) ਇਤਿਹਾਸ ਅਤੇ ਕਾਵਿ

## (ੳ) ਮਿਥਿਹਾਸਕੀ ਪਰਿਭਾਸ਼ਾ

ਮਿਥਿਹਾਸ ਸ਼ਬਦ ਦੇ ਅੰਤਰਗਤ ਮਿਥ ਕਥਾਵਾਂ ਦਾ ਤਾਰਕਿਕ ਅਧਿਐਨ ਆਉਂਦਾ ਹੈ। ਇਹ ਕਥਾਵਾਂ ਸਾਧਾਰਣ ਕਹਾਣੀਆਂ ਨਹੀਂ ਅਤੇ ਨਾ ਹੀ ਧਾਰਮਿਕ ਕਥਾਵਾਂ ਹਨ, ਇਸ ਲਈ ਅਸੀਂ ਆਪਣੇ ਇਸ ਵਿਸ਼ਲੇਸ਼ਣ ਵਿੱਚ ਕਥਾਵਾਂ ਸ਼ਬਦ ਦੇ ਨਾਲ ਨਾਲ ਮਿਥ ਪਦ ਵਰਤਦੇ ਹੋਏ "ਮਿਥ ਕਥਾਵਾਂ" ਪਦ ਦੀ ਵਰਤੋਂ ਕਰਾਂਗੇ।

"ਪੂਰਵ ਇਤਿਹਾਸਕ ਯੁਗ ਵਿੱਚ ਵਾਪਰੀ ਕਿਸੇ ਘਟਨਾ ਨੂੰ ਜੋ ਲੋਕਾਂ ਦੀਆਂ ਅਲੌਕਿਕ ਪਰੰਪਰਾਵਾਂ ਨਾਲ ਜੁੜੀ ਹੋਵੇ ਅਤੇ ਜਿਹੜੀ ਉਹਨਾਂ ਦੇ ਪ੍ਰਾਚੀਨ ਯੋਧਿਆਂ, ਦੇਵਤਿਆਂ, ਧਾਰਮਿਕ ਵਿਸ਼ਵਾਸਾਂ ਅਤੇ ਜਾਂ ਪ੍ਰਕ੍ਰਿਤਕ ਰੁਤਾਂ ਨਾਲ ਸਬੰਧਿਤ ਹੋਵੇ, ਅੰਗਰੇਜ਼ੀ ਵਿੱਚ ਅਜਿਹੀ ਕਹਾਣੀ ਨੂੰ ਮਿਥ ਆਖਦੇ ਹਨ।" 1

ਇਸ ਤਰ੍ਹਾਂ ਦੀਆਂ ਕਥਾਵਾਂ ਤੇ ਗਿਆਨ ਸਾਹਿਤ ਲਈ ਮਾਈਥਾਲੋਜੀ (Mythology) ਪਦ ਦੀ ਵਰਤੋਂ ਹੁੰਦੀ ਹੈ। ਮਾਈਥਾਲੋਜੀ ਸ਼ਬਦ ਯੂਨਾਨੀ ਮਿਥੋਸ (Mithos) + ਲੋਗਸ (Logos) ਤੋਂ ਬਣਿਆ ਹੈ। ਮਿਥੋਸ, ਕਹਾਣੀ (Story) ਦੇ ਅਰਥ ਰਖਦਾ ਹੈ। ਅਤੇ ਲੋਗਸ ਬਚਨ ਜਾਂ ਤਰਕ ਹੈ। ਸਮੁੱਚੇ ਤੌਰ ਤੇ ਇਸ ਪਦ ਦਾ ਅਰਥ 'ਕਹਾਣੀਆਂ ਦਾ ਤਾਰਕਿਕ ਵਿਸ਼ਲੇਸ਼ਣ' ਕੀਤਾ ਜਾ ਸਕਦਾ ਹੈ।

ਹਿੰਦੀ ਅਤੇ ਸੰਸਕ੍ਰਿਤ ਵਿੱਚ ਮਿਥ ਅਤੇ ਮਾਈਥਾਲੋਜੀ ਸ਼ਬਦਾਂ ਦੇ ਕ੍ਰਮਵਾਰ ਪੁਰਾ ਕਥਾ, ਪੁਰਾਣ ਕਥਾ, ਕਥਾ ਵਾਰਤਾ, ਦੰਤ ਕਥਾ, ਪ੍ਰਾਚੀਨ ਦੰਤ ਕਥਾ, ਦੇਵੀ ਕਥਾ ਅਤੇ ਪੁਰਾਣ ਸ਼ਾਸਤ੍ਰ ਤੁਲਨਾਤਮਕ ਦੇਵ ਕਥਾ, ਦੰਤ ਕਥਾ ਸ਼ਾਸਤ੍ਰ, ਸ਼ਾਸਤ੍ਰ ਵਾਰਤਾ, ਪੁਰਾਣ ਕਥਾ ਵਿਦਿਆ ਆਦਿ ਅਰਥ ਕੀਤੇ ਗਏ ਹਨ 2।

ਅਸਾਂ ਮਿਥ ਲਈ ਪੁਰਾ ਕਥਾ, ਪੁਰਾਣ ਕਥਾ ਜਾਂ ਦੇਵਮਾਲਾ ਨਾਲੋਂ ਮਿਥ ਕਥਾ ਵਰਤਣਾ ਇਸ ਲਈ ਠੀਕ ਸਮਝਿਆ ਹੈ ਕਿ ਇਹ ਪਦ ਸਾਨੂੰ ਆਪਣੀ ਬਣਤਰ ਵਿੱਚ ਸਾਦਾ, ਅਤੇ ਵਧੇਰੇ ਸਾਰਗਰਭਿਤ ਮਹਿਸੂਸ ਹੁੰਦਾ ਹੈ। ਪੰਜਾਬੀ ਵਿੱਚ ਇਸਨੂੰ ਅਪਣਾਇਆ ਵੀ ਸ਼ਾਇਦ ਇਸੇ ਕਰਕੇ ਹੀ ਗਿਆ ਹੈ। ਇਸ ਸ਼ਬਦ ਦੀ ਵਰਤੋਂ ਨਾਲ ਸਾਡੀ ਬਿਰਤੀ ਸਤ ਅਸਤ ਜਾਂ ਸ਼ਰਧਾ ਅਸ਼ਰਧਾ ਤੋਂ ਮੁਕਤ ਰਹਿੰਦੀ ਹੈ। ਭਾਰਤੀ ਪੁਰਾਣ ਗ੍ਰੰਥਾਂ ਨਾਲ ਜੁੜੀ ਮੋਹ ਭਾਵਨਾ ਤੋਂ ਮੁਕਤ ਰਹਿ ਕੇ ਚਲਣ ਨਾਲ ਹੀ ਇਨ੍ਹਾਂ ਵਿਚਲੀਆਂ ਕਥਾਵਾਂ ਦਾ ਤਾਰਕਿਕ ਵਿਸ਼ਲੇਸ਼ਣ ਸਹਿਜਤਾ ਨਾਲ ਹੋ ਸਕਦਾ ਹੈ। ਮਿਥ ਕਥਾਵਾਂ ਦੇ ਵਿਗਿਆਨਕ ਵਿਸ਼ਲੇਸ਼ਣ ਲਈ ਪੰਜਾਬੀ ਵਿੱਚ ਇਤਿਹਾਸ ਦੀ

1. ਡਾ. ਕਰਨੈਲ ਸਿੰਘ ਥਿੰਦ, ਲੋਕ ਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿਤ, ਪੰਨਾ 55, ਉਧਰਿਤ
   Std. Dic. of Folklare, P. 76
2. The Eng. Indian Dic. of Scientific Terminology, P.385
   Maharashtra Kosha Mandal Ltd., Poona, 1948
   Dic. of Eng. & San. Akhal Bhartaya Sanskrit Parishad Lucknow, 1957

ਸਦ੍ਰਿਸ਼ਟਤਾ ਉਪਰ ਘੜਿਆ ਗਿਆ ਅਤੇ ਅਨੇਕ ਵਿਦਵਾਨਾਂ ਦੁਆਰਾ ਵਰਤਿਆ ਗਿਆ ਸ਼ਬਦ ਮਿਥਿਹਾਸ ਵੀ ਢੁਕਵਾਂ ਹੈ।[1]

ਮਿਥ ਕਥਾ ਦੀ ਸਰਬਸੰਮਤੀ ਵਾਲੀ ਪਰਿਭਾਸ਼ਾ ਦੇਣੀ ਜਟਿਲ ਸਮੱਸਿਆ ਹੈ, ਕਿਉਂਕਿ ਪੂਰਵਅਤੀਤ ਦੀ ਦੁਨੀਆਂ ਵਿਚ ਸਮਾਏ ਮਿਥ ਕਥਾ ਦੇ ਜਨਮ ਅਤੇ ਸਰੂਪ ਵਿਆਖਿਆ ਦੇ ਅੰਤਰਗਤ ਮਿਥਿਹਾਸ ਵਿਚ ਵਿਦਵਾਨ ਕੋਈ ਇਕ ਮੱਤ ਨਹੀਂ ਹੋਏ। ਇਸਦੇ ਕੁਝ ਕਾਰਣ ਹਨ:

(1) ਜਿਨ੍ਹਾਂ ਪ੍ਰਸਥਿਤੀਆਂ ਵਿਚ ਮਿਥ ਕਥਾਵਾਂ ਦਾ ਸਿਰਜਨ ਕਰਮ ਆਰੰਭ ਹੋਇਆ, ਉਹ ਪ੍ਰਸਥਿਤੀਆਂ ਮਨੁੱਖ ਦੀ ਪਹੁੰਚ ਤੋਂ ਪਰ੍ਹੇ ਅਤੀਤ ਕਾਲ ਦੀਆਂ, ਅਣਜਾਣੀਆਂ ਸੀਮਾਵਾਂ ਵਿਚ ਜਾ ਡੁੱਬੀਆਂ ਹਨ। ਇਨ੍ਹਾਂ ਅਣਜਾਣੀਆਂ ਸੀਮਾਵਾਂ ਨੂੰ ਮਨੁੱਖ [illegible] ਦੀ ਕੋਸ਼ਿਸ਼ ਵਿਚ ਫੜਨਾ ਜ਼ਰੂਰ ਹੈ, ਪਰ ਜੋ ਕੁਝ ਉਪਲਬਧ ਹੁੰਦਾ ਹੈ, ਉਹ ਵਧੇਰੇ ਕਿਆਸ ਉਤੇ ਹੀ ਆਧਾਰਿਤ ਹੁੰਦਾ ਹੈ।

(2) ਜਿਹੜੀਆਂ ਮਿਥ ਕਥਾਵਾਂ ਪਰੰਪਰਾਗਤ ਰੂਪ ਵਿਚ ਅੱਜ ਉਪਲਬਧ ਵੀ ਹਨ ਉਨ੍ਹਾਂ ਦੇ ਸਾਰੇ ਪਾਸੇ ਵਰਤਮਾਨ ਵਿਗਿਆਨਕ ਭਾਵਨਾਵਾਂ ਦਾ ਅਜਿਹਾ ਜਾਲ ਵਿਛ ਗਿਆ ਹੈ ਕਿ ਉਨ੍ਹਾਂ ਦੇ ਅੰਦਰੂਨੀ ਤਹਾਂ ਤੱਕ ਪੁੱਜਣਾ ਇਕ ਸਮੱਸਿਆ ਬਣੀ ਹੋਈ ਹੈ।

(3) ਜੇ ਇਕ ਪਾਸੇ ਵਿਗਿਆਨਕ ਪਸਾਰਾ ਹੈ ਤਾਂ ਦੂਜੇ ਪਾਸੇ ਧਾਰਮਿਕ ਭਾਵਨਾਵਾਂ ਹਨ। ਮਿਥ ਕਥਾਵਾਂ ਨਾਲ ਜੁੜੀ ਹੋਈ ਧਾਰਮਿਕ ਭਗਤੀ ਇਸ ਦੇ ਤਾਤਵਿਕ ਵਿਸ਼ਲੇਸ਼ਣ ਵਿਚ ਕੁਝ ਸਮੱਸਿਆਵਾਂ ਪੈਦਾ ਕਰਦੀ ਹੈ। ਭਾਰਤੀ ਮਿਥ ਕਥਾਵਾਂ ਇਸਦੀ ਇਕ ਮਿਸਾਲ ਹਨ।

ਸੰਖੇਪ ਵਿਚ ਮਿਥ ਕਥਾਵਾਂ ਦੀ ਪਰਿਭਾਸ਼ਾ ਇਉਂ ਦਿੱਤੀ ਜਾ ਸਕਦੀ ਹੈ:

ਮਿਥ ਕਥਾ ਬਿਆਨੀਆਂ ਵਸਤੂ ਹੈ ਜਿਸਦਾ ਵਿਸ਼ਾ ਹਰ ਅਮਰ, ਗੋਚਰ, ਅਗੋਚਰ, ਦੇਸ਼ ਕਾਲ ਤੇ ਸਥਾਨਾਤੀਤ ਪਦਾਰਥ, ਘਟਨਾਵਾਂ ਤੇ ਵਿਅਕਤੀ ਆਦਿ ਹੈ, ਜਿਸ ਵਿਚ ਮਾਨਵ ਮਸਤਕ ਨੇ ਆਪਣੀ ਕਲਪਨਾ ਅਤੇ ਆਪਣੇ ਗਿਆਨ ਦੀ ਸਿਖਰਲੀ ਸੀਮਾਂ ਤੱਕ ਉਪਰੋਕਤ ਵਸਤਾਂ, ਪਦਾਰਥਾਂ ਤੇ ਘਟਨਾਵਾਂ ਦਾ ਵਰਨਣ ਕੀਤਾ ਹੈ। ਮੁੱਖ ਰੂਪ ਵਿਚ ਇਹ ਆਦਿਮ ਮਾਨਵ ਦੀ ਦੇਣ ਹੈ। ਮਿਥ ਕਥਾ ਦੇ ਬੀਜ ਕਲਪਨਾ ਵਿਚ ਹਨ। ਅਰਥਾਤ ਮਿਥ ਕਥਾ ਦੇ ਜਨਮ ਵਿਚ ਕਲਪਨਾ ਦਾ ਬੜਾ ਵੱਡਾ ਹੱਥ ਹੈ।

ਜੇ ਉਪਰੋਕਤ ਪਰਿਭਾਸ਼ਾ ਤੇ ਮਿਥ ਕਥਾ ਦੇ ਤਤ ਨਿਖੇੜ ਕਰਨ ਤੇ ਜੋ ਅੰਸ਼ ਸਾਡੇ ਸਾਹਮਣੇ ਉਭਰਦੇ ਹਨ, ਉਹ ਇਹ ਹਨ:

1 ਪ੍ਰਿ: ਤੇਜਾ ਸਿੰਘ (ਅੰਗਰੇਜ਼ੀ ਪੰਜਾਬੀ ਕੋਸ਼) ਡਾ: ਸੁਹਿੰਦਰ ਸਿੰਘ ਬੇਦੀ ( ਨਾਨਕ ਲੋਕ ਪ੍ਰਵਾਹ), ਡਾ: ਕਾਲਾ ਸਿੰਘ ਬੇਦੀ "(ਗੁਰੂ ਨਾਨਕ ਆਦਿ ਅਭਿਲੇਖ) ਵਿਚ ਨਾਨਕ ਬਾਣੀ ਦੇ ਮਿਥਾਂ ਉਪਰ ਵਰਤਾਲੋਚਨਾ" ਡਾ: ਤਾਰਨ ਸਿੰਘ (ਗੁਰੂ ਨਾਨਕ ਚਿੰਤਨ ਤੇ ਕਲਾ, ਪੰਨਾ-18) ਭਾਸ਼ਾ ਵਿਭਾਗ (ਡੌਸਨ ਦਾ ਹਿੰਦੂ ਮਿਥਿਹਾਸ ਕੋਸ਼) ਆਦਿ ਨੇ ਮਿਥਿਹਾਸ ਸ਼ਬਦ ਦੀ ਵਰਤੋਂ ਕੀਤੀ ਹੈ। ਡਾ: ਬਲਬੀਰ ਸਿੰਘ ਦਿਲ ਨੇ ਵੀ ਮਿਥਿਹਾਸ ਸ਼ਬਦ ਹੀ ਵਰਤਿਆ ਹੈ।

(1) ਮਿਥ ਕਥਾ ਇੱਕ ਕਿਆਸੀ ਹੋਈ ਵਸਤੂ ਹੈ ਜਿਸ ਵਿੱਚ ਕਲਪਨੀ ਤਤ ਹੁੰਦਾ ਹੈ।

(2) ਇਸ ਦਾ ਖੇਤਰ ਦੇਸ਼, ਕਾਲ ਤੇ ਸਧਾਰਨਤਾ ਦੇ ਅਨੁਸਾਰ ਇਕ ਸਰਬਕਾਲਿਕ ਹੈ।

(3) ਇਸਦਾ ਵਿਸ਼ਾ ਖੇਤਰ ਵਿਸ਼ਾਲ ਹੈ, ਅਲੌਕਿਕਤਾ ਇਸ ਦਾ ਇਕ ਸੁਭਾਵਿਕ ਅੰਗ ਹੈ।

(4) ਇਸ ਵਿੱਚ ਕਲਪਨਾ ਦਾ ਅੰਸ਼ ਵਿਦਮਾਨ ਹੈ। ਮਿਥ ਕਥਾਵਾਂ ਦੀ ਸਿਰਜਨਾ ਪ੍ਰਕਿਰਿਆ ਵਿੱਚ ਇਸ ਦਾ ਭਾਗ ਬਹੁਤ ਵੱਡਾ ਹੈ।[1]

ਮਿਥ ਕਥਾਵਾਂ ਦੀ ਉਤਪਤੀ, ਇਨ੍ਹਾਂ ਦਾ ਮਨੁੱਖ ਦੇ ਜੀਵਨ ਨਾਲ ਸਬੰਧ, ਇਨ੍ਹਾਂ ਦੀ ਧਰਮ ਅਨੁਸ਼ਠਾਨਾਂ ਤੇ ਸੰਸਕ੍ਰਿਤੀ ਵਿੱਚ ਮਹੱਤਤਾ ਆਦਿ ਬਾਰੇ ਯੋਰਪੀਨ ਵਿਦਵਾਨਾਂ ਨੇ ਚਿਰਕਾਲ ਤੋਂ ਵਿਚਾਰ ਕਰਨਾ ਦਾ ਆਰੰਭ ਕਰ ਦਿਤਾ ਸੀ ਪਰ ਇਸ ਦਾ ਵਿਗਿਆਨਕ ਅਧਿਐਨ 18ਵੀਂ ਸਦੀ ਦੇ ਅੰਤ ਤੇ 19ਵੀਂ ਸਦੀ ਦੇ ਆਰੰਭ ਤੇ ਹੀ ਜ਼ੋਰ ਪਕੜਦਾ ਹੈ। ਕੇ.ਓ. ਮੁਲਰ (1797-1840) ਨੇ ਮਿਥ ਕਥਾਵਾਂ ਦੇ ਵਿਗਿਆਨਕ ਅਧਿਐਨ ਵਿੱਚ, ਜਿਸੇ ਮਿਥ ਕਥਾ ਦੇ ਮੂਲ, ਪੁਰਾਤਨ ਕਾਲ ਦੀ ਜੀਵਨ ਅਵਸਥਾ ਅਤੇ ਉਸ ਮਿਥ ਪਿਛੇ ਕੰਮ ਕਰਦੀ ਭਾਵਨਾ ਨੂੰ ਪਰਖਣ ਉਤੇ ਜ਼ੋਰ ਦਿਤਾ। ਇਨ੍ਹਾਂ ਮਿਥ ਕਥਾਵਾਂ ਨੂੰ ਕੇਵਲ ਕਲਪਨਾ ਮੰਡਲ ਦੀ ਸਿਰਜਣਾ, ਰੂਪਕ ਮੰਤਰ ਜਾਂ ਧਰਮ ਮਨੌਤਾਂ ਆਦਿ ਮੰਨ ਲੈਣ ਨਾਲ ਹੀ ਇਨ੍ਹਾਂ ਦੇ ਸੱਚ ਦੀ ਥਾਹ ਨਹੀਂ ਪਾਈ ਜਾ ਸਕਦੀ।

ਮਿਥ ਕਥਾਵਾਂ ਦੇ ਵਿਕਾਸ ਦੇ ਵਿਸ਼ਲੇਸ਼ਣ ਤੇ ਵਿਚਾਰਧਾਰਾ ਨੂੰ ਸਮੇਂ ਸਮੇਂ ਸਿਰ ਭਾਸ਼ਾ ਵਿਗਿਆਨ ਵਿਸ਼ੇਸ਼ਗਾਂ, ਇਤਿਹਾਸ ਵਿਸ਼ੇਸ਼ਗਾਂ, ਮਾਨਵ ਵਿਗਿਆਨ ਵਿਸ਼ੇਸ਼ਗਾਂ, ਦਾਰਸ਼ਨਿਕਾਂ ਅਤੇ ਸਮਾਜ ਸ਼ਾਸਤ੍ਰੀਆਂ ਨੇ ਆਪਣੇ ਆਪਣੇ ਦ੍ਰਿਸ਼ਟੀਕੋਣ ਤੋਂ ਇਸ ਵਰਗ ਨੂੰ ਸਮਝਣ ਅਤੇ ਸਮਝਾਉਣ ਦੇ ਯਤਨ ਕੀਤੇ ਹਨ। ਇਨ੍ਹਾਂ ਯਤਨਾਂ ਵਿੱਚ ਸਮਤੀ ਅਤੇ ਅਸਮਤੀ ਦੋਵੇਂ ਹਨ।

ਮੈਕਸਮੂਲਰ (1823-1900) ਨੇ ਭਾਰਤੀ ਯੋਰਪੀਨ ਪਰਿਵਾਰ ਦੀਆਂ ਭਾਸ਼ਾਵਾਂ ਵਿੱਚ ਮਿਲਦੀ ਮਿਥਿਹਾਸਕ ਸਮਗਰੀ ਦਾ ਤੁਲਨਾਤਮਕ ਵਿਸ਼ਲੇਸ਼ਣ ਕਰਕੇ ਮਿਥ ਕਥਾਵਾਂ ਨੂੰ ਭਾਸ਼ਾ ਦਾ ਰੋਗ (Disease f Language) ਆਖਿਆ ਹੈ।[2] ਮੈਕਸਮੂਲਰ ਅਨੁਸਾਰ ਇਹ ਭਾਸ਼ਾ ਰੋਗ ਭਾਵ ਅਭਿਵਿਅਕਤੀ ਦੀ ਅਸਮਰਥਾ ਕਾਰਣ ਉਤਪੰਨ ਹੋਇਆ। ਜਦੋਂ ਭਾਸ਼ਾ ਆਪਣੀ ਅਸਮਰਥਾ ਕਾਰਣ ਇਕ ਸ਼ਬਦ ਦੀ ਥਾਂ ਦੂਜੇ ਸ਼ਬਦ ਗ੍ਰਹਿਣ ਕਰ ਲੈਂਦੀ ਹੈ, ਅਤੇ ਅਰਥ ਵਿੱਚ ਕੁਝ ਪਰਿਵਰਤਨ ਕਰ ਲੈਂਦੀ ਹੈ, ਤਦੋਂ ਮਿਥ ਕਥਾ ਜਨਮ ਲੈਂਦੀ ਹੈ। ਮੈਕਸਮੂਲਰ ਨੇ ਮਾਨਵ ਸੰਸਕ੍ਰਿਤੀ ਦੇ ਵਿਕਾਸ ਦੀਆਂ ਵਿਵਿਧ

1. 'The most generally recognised character of myth is the fact that it is the product of imagination', William Sherwood Fox' 'Mythology of All Races' Introduction to the Greek myth. P.xiii(d) P.xiv

2. Extract: Lewis Spence, 'An Intoduction to Mythology' P.48

ਅਵਸਥਾਵਾਂ ਦੇ ਵਿਚਾਰ ਮਿਥ ਕਥਾ ਦਾ ਨਿਰਮਾਣ ਮੰਨਿਆ ਹੈ। ਭਾਸ਼ਾ ਦੇ ਆਧਾਰ ਤੇ ਮਿਥ ਕਥਾ ਦੇ ਅਰੰਭਕ ਕਾਲ ਦੀ ਕਲਪਨਾ ਮੈਕਸਮੂਲਰ ਨੇ ਇਉਂ ਕੀਤੀ ਹੈ:—[1]

(1) ਰੈਹਮੈਟਿਕ ਕਾਲ (Rhematic Period ) ਇਸ ਕਾਲ ਵਿੱਚ ਅਤੀ ਆਵਸ਼ਕ ਵਿਚਾਰਾਂ ਲਈ ਅਭਿਵਿਅੰਜਨਾ ਦੇ ਸਾਧਨਾਂ ਅਰਥਾਤ ਸ਼ਬਦਾਂ ਦੀ ਰਚਨਾ ਹੋਈ ਅਤੇ ਸਰਵਨਾਮ ਤੇ ਸਬੰਧਵਾਚੀ ਸ਼ਬਦ ਅਤੇ ਅਨੇਕ ਵਿਵਹਾਰ ਦੇ ਸ਼ਬਦ ਬਣੇ। ਇਸ ਕਾਲ ਨੂੰ ਮਨੁੱਖ ਦਾ ਪ੍ਰਥਮ ਕਾਲ ਆਖਿਆ ਜਾ ਸਕਦਾ

(2) ਸਥਾਨੀ ਭਾਸ਼ਾ ਕਾਲ : (Dialectic period ) ਇਸ ਕਾਲ ਵਿੱਚ ਮਾਨਵ ਪਰਿਵਾਰਾਂ ਨੇ ਆਪਣਾ ਥਾਂ ਪਰ ਥਾਂ ਪ੍ਰਸਥਾਨ ਕਰਨਾ ਛੱਡ ਕੇ ਵੱਖਰ ਵੱਖਰ ਸਥਾਨਾਂ ਉਤੇ ਸਥਾਈ ਰੂਪ ਵਿੱਚ ਨਿਵਾਸ ਕਰਨਾ ਸ਼ੁਰੂ ਕੀਤਾ। ਉਸਦੀ ਭਾਸ਼ਾ ਵਿੱਚ ਵਿਸਤਾਰ ਹੋਇਆ। ਇਹ ਦੂਜਾ ਕਾਲ ਹੈ।

(3) ਮਿਥਿਹਾਸਕ ਕਾਲ : (Mythic Period ) ਇਹ ਯੁੱਗ ਮਿਥ ਕਥਾਵਾਂ ਦਾ ਯੁੱਗ ਹੈ। ਰਾਸ਼ਟਰੀ ਸਾਹਿਤ ਇਸ ਤੋਂ ਪਿਛੋਂ ਦਾ ਯੁੱਗ ਹੈ। ਮਿਥਿਹਾਸਕ ਯੁੱਗ ਵਿੱਚ ਮਨੁੱਖ ਦੇ ਪੁਰਾਣੇ ਸੰਸਕਾਰ ਤੇ ਵਿਚਾਰ ਮਨੌਤਾਂ ਸ਼ਾਮਲ ਸਨ ਪਰ ਰਾਸ਼ਟਰੀ ਸਾਹਿਤ ਵਿੱਚ ਰਾਸ਼ਟਰੀ ਭਾਵਨਾ ਨੂੰ ਪ੍ਰਬਲ ਰੂਪ ਵਿੱਚ ਵਿਕਾਸ ਪ੍ਰਾਪਤ ਹੋਇਆ।

ਸੋ ਮੈਕਸਮੂਲਰ ਅਨੁਸਾਰ ਇਨ੍ਹਾਂ ਮਿਥ ਕਥਾਵਾਂ ਦਾ ਸਰੂਪ ਅਨੁਭਵ ਸਾਨੂੰ ਮੁੱਖ ਰੂਪ ਵਿੱਚ ਭਾਸ਼ਾ ਤੋਂ ਹੀ ਪ੍ਰਾਪਤ ਹੋ ਸਕਦਾ ਹੈ। ਸ਼ਬਦ ਵਿਚਾਰਾਂ ਦੇ ਚਿਨ੍ਹ ਤੇ ਵਾਹਨ ਹਨ।

ਮਾਨਵ ਵਿਗਿਆਨ ਵਿਸ਼ੇਸ਼ੱਗਾਂ ( Anthropologists ) ਨੇ ਮੈਕਸਮੂਲਰ ਦੇ 'ਭਾਸ਼ਾ ਰੋਗ ਵਾਲੇ ਸਿਧਾਂਤ ਨੂੰ ਨਹੀਂ ਮੰਨਿਆ। ਇਨ੍ਹਾਂ ਦੇ ਵਿਚਾਰ ਅਨੁਸਾਰ ਮੈਕਸਮੂਲਰ ਦੇ ਭਾਸ਼ਾ ਸਿਧਾਂਤ ਦਾ ਆਧਾਰ ਮੁੱਖ ਤੌਰ ਤੇ ਵੈਦਿਕ ਸਾਹਿਤ ਹੈ। ਦੂਸਰਾ ਮਿਥਿਹਾਸ ਦੇ ਅੰਤਰਗਤ ਕੇਵਲ ਇਕੋ ਭਾਸ਼ਾ ਬਿਰਤੀ ਨੂੰ ਹੀ ਸਭ ਕੁਝ ਮੰਨ ਕੇ ਚਲਣਾ ਮਿਥਿਹਾਸਕ ਵਿਸ਼ਲੇਸ਼ਣ ਨੂੰ ਇਕ ਪੱਖੀ ਬਣਾ ਦੇਣਦੇ ਬਰਾਬਰ ਹੈ। ਮਾਨਵ-ਵਿਗਿਆਨ ਵਿਸ਼ੇਸ਼ੱਗਾਂ ਵਿੱਚ ਪ੍ਰਸਿਧ ਵਿਸ਼ੇਸ਼ੱਗ ਸਰ ਈ. ਬੀ. ਟੇਲਰ( Sir E.B.Taylor )[2] ਨੇ ਭਾਸ਼ਾ ਦੇ ਪ੍ਰਭਾਵ ਉਤੇ ਜ਼ੋਰ ਦੇ ਨਾਲ ਨਾਲ ਹੀ ਮਿਥ ਕਥਾਵਾਂ ਦੇ ਤੁਲਨਾਤਮਕ ਮੁੱਲਾਂ ਵਿੱਚ ਆਤਮਸ਼ੀਲ ਚਿੰਤਨ ( Animism ) ਦੇ ਸਿਧਾਂਤ ਅਨੁਸਾਰ ਵਿਚਾਰ ਕੀਤੀ। ਇਸ ਆਤਮਸ਼ੀਲ ਚਿੰਤਨ ਵਿੱਚ ਇਹ ਵਿਚਾਰ ਪ੍ਰਸਤੁਤ ਕੀਤਾ ਗਿਆ ਹੈ ਕਿ ਆਦਿਮ ਮਨੁੱਖ ਪ੍ਰਕਿਰਤੀ ਦੇ ਅਸੀਮ ਵਿਸਤਾਰ ਨੂੰ ਆਪਣੇ ਗਿਆਨ ਦੇ ਮੁਢਲੇ ਪੜਾਵਾਂ ਵਿਚ ਜਦੋਂ ਜਾਨਣ ਤੋਂ ਅਸਮਰਥ ਰਹਿੰਦਾ ਹੈ ਤਾਂ ਉਸਦਾ ਆਤਮਸ਼ੀਲ ਚਿੰਤਨ ਜਾਗਦਾ ਹੈ। ਇਸ ਆਤਮਸ਼ੀਲ ਚਿੰਤਨ ਵਿੱਚ ਆਦਿਮ ਮਨੁੱਖ ਨੇ ਸੁਪਨਿਆਂ, ਰੋਗ ਅਤੇ ਛਾਇਆ ਆਦਿ ਅਨੁਭਵ ਜਿਹਾਂ ਰਾਹੀਂ ਹੀ ਆਤਮਸ਼ਕਤੀ ( Spirit ) ਦਾ ਸੰਕਲਪ ਗ੍ਰਹਿਣ ਕੀਤਾ। ਫਿਰ ਸਾਰੀ ਪ੍ਰਕਿਰਤੀ ਵਿੱਚ ਆਤਮਸ਼ਕਤੀ ਦੀ ਧਾਰਣਾ ਬਣੀ ਜਿਸ ਤੋਂ ਵਸਤੂ ਉਤੇ ਰੂਹ ਆਰੋਪਣ ਦਾ ਮੁੱਢ ਬੱਝਾ। ਆਪਣੇ ਮੁਢਲੇ ਕਾਲ ਵਿਚ ਮਾਨਵ ਨੇ ਜੜ, ਚੇਤਨ, ਪ੍ਰਾਣੀ, ਅਪ੍ਰਾਣੀ ਨੂੰ ਆਤਮਾ ਨਾਲ ਯੁਕਤ ਕਰਨਾ ਸ਼ੁਰੂ ਕੀਤਾ। ਇ [illegible] ਹੈ[3]

1. Max. Mulle K.M. Selected Essays on Language, Mythology & Religion Comparative Mythology, P.299
2. Sir E.B.Tayler, Primitive Culture(London)xx 1871, P.284
3. ਉਹੀ, ਪੰਨਾ 283-84

(1) ਮਿਥ ਕਥਾ ਦਾ ਜਨਮ, ਦੂਰ ਅਤੀਤ ਕਾਲ ਵਿੱਚ, ਸਾਰੀ ਮਾਨਵ ਜਾਤੀ ਦੀ ਆਦਿਮ ਅਵਸਥਾ ਵਿਚੋਂ ਹੋਇਆ।

(2) ਜਿਹੜੇ ਕਬੀਲੇ ਉਸ ਆਦਿਮ ਜਾਤੀ ਤੋਂ ਵੱਖ ਹੋ ਕੇ ਦੁਨੀਆਂ ਭਾਗਾਂ ਤੇ ਵਸੇ ਗਏ, ਉਨ੍ਹਾਂ ਵਿੱਚ, ਬਿਨਾਂ ਕਿਸੇ ਪਰਿਵਰਤਨ ਦੇ, ਇਹ ਕਥਾਵਾਂ ਅੱਜ ਵੀ ਵਿਦਮਾਨ ਹਨ।

(3) ਅੱਜ ਦੇ ਸਭਿਅਕ ਅਖੇ ਜਾਂਦੇ ਸਮੁਦਾਵਾਂ ਵਿੱਚ ਵੀ ਇਹ ਕਥਾਵਾਂ ਆਪਣੇ ਮੂਲ-ਸਿਧਾਂਤ ਨੂੰ ਪਰੰਪਰਾਗਤ ਰੂਪ ਵਿੱਚ ਆਦਿਮ ਰੱਖਦੀਆਂ ਵਿਖਾਈ ਦਿੰਦੀਆਂ ਹਨ।

ਜਾਰਜ ਫਰੇਜ਼ਰ ਨੇ ਏਸੇ ਆਤਮਸੂਚਕ ਚਿੰਤਨ (Animistic Thinking) ਦੇ ਅਧਿਐਨ ਲਈ ਵਨਸਪਤੀਆਂ ਅਤੇ ਉਨ੍ਹਾਂ ਨਾਲ ਸਬੰਧਤ ਵਿਵਧ ਮੂਰਤੀਆਂ ਨੂੰ ਆਧਾਰ ਬਣਾਇਆ। ਫਰੇਜ਼ਰ ਤ੍ਰੇ ਪ੍ਰਾਕ੍ਰਿਤਕ ਪਦਾਰਥਾਂ ਵਿੱਚ ਵਨਸਪਤੀ ਦੇਵ ਦੀ ਕਲਪਨਾ ਕੀਤੀ ਗਈ ਹੈ।

ਇਕ ਹੋਰ ਪ੍ਰਸਿਧ ਮਿਥਿਹਾਸਕਾਰ ਲੇਵੀ ਬ੍ਰੂਹਲ (Levy Bruhl) ਦਾ ਨਾਂ ਵੀ ਮਿਥਿਹਾਸਕਾਰਾਂ ਵਿੱਚ ਵਰਨਣ ਯੋਗ ਹੈ। ਲੇਵੀ ਨੇ ਸਮਾਜ ਸ਼ਾਸਤਰੀ ਵਿਕਾਸ ਦੇ ਸਿਧਾਂਤ ਅਨੁਸਾਰ ਮਿਥ ਕਥਾ ਦੀ ਵਿਆਖਿਆ ਕੀਤੀ ਹੈ। ਲੇਵੀ ਦੀ ਮਾਨਤਾ ਅਨੁਸਾਰ ਆਦਿਮ ਮਾਨਵ ਵਿੱਚ ਹਰੇਕ ਵਸਤੂ ਨੂੰ ਜਾਨਣ ਦੀ ਆਪਣੀ ਨਿਜੀ ਵਿਅਕਤੀਗਤ ਤਾਰਕਿਕ ਭਾਵਨਾ ਨਹੀਂ ਸੀ। ਆਦਿਮ ਮਾਨਵ ਤਾਂ ਸਮਾਜਗਤ ਧਾਰਨਾਵਾਂ ਦਾ ਹੀ ਅਨੁਯਾਈ ਸੀ। ਉਸ ਵਿੱਚ ਪ੍ਰਾਕ੍ਰਿਤਕ ਜਗਤ ਦੇ ਪਦਾਰਥਾਂ ਅਤੇ ਅਦ੍ਰਿਸ਼ ਜਗਤ ਦੇ ਪਦਾਰਥਾਂ ਵਿਚ ਅੰਤਰ ਸਮਝਣ ਦੀ ਯੋਗ ਸ਼ਕਤੀ ਦੀ ਘਾਟ ਸੀ। ਉਹ ਕੇਵਲ ਸਮਾਜ ਵਲੋਂ ਹੀ ਨਿਰਦਿਸ਼ਟ ਮੁੱਲਾਂ ਨੂੰ ਗ੍ਰਹਿਣ ਕਰਨ ਯੋਗ ਸੀ। ਲੇਵੀ ਬ੍ਰੂਹਲ ਨੇ ਸਮਾਜਕ ਤੇ ਸਾਂਸਕ੍ਰਿਤਕ ਵਿਕਾਸ ਉਤੇ ਹੀ ਮਿਥ ਕਥਾਵਾਂ ਨੂੰ ਆਧਾਰਿਤ ਮੰਨਿਆ ਹੈ। ਉਹ ਮਿਥ ਕਥਾਵਾਂ ਨੂੰ ਵਿਭਿੰਨ ਵਰਗਾਂ ਦੇ ਪਰਸਪਰ ਸਬੰਧ ਸਥਾਪਤ ਕਰਨ ਵਾਲੀਆਂ ਅਭਿਵਿਅਕਤੀਆਂ ਮੰਨਦਾ ਹੈ।[1]

ਮਿਥਿਹਾਸਕਾਰਾਂ ਵਿੱਚ ਮਾਲੀਨੋਸਕੀ (Malinowski) ਦੀ ਮਿਥਿਹਾਸ ਬਾਰੇ ਖੂਬ ਤੇ ਪਰਖ ਕਾਫੀ ਪੱਕੀ ਹੈ। ਮਾਲੀਨੋਸਕੀ ਨੇ ਇਨ੍ਹਾਂ ਮਿਥ ਕਥਾਵਾਂ ਦੀ ਉਤਪਤੀ ਬਾਰੇ ਇਉਂ ਲਿਖਿਆ ਹੈ:

(1) ਸਮਾਜ ਦੀਆਂ ਕ੍ਰਿਆਤਮਕ ਤੇ ਭਾਵਆਤਮਕ ਆਵਸ਼ਕਤਾਵਾਂ ਦੀ ਪੂਰਤੀ ਲਈ;

(2) ਵਿਅਸ਼ਟੀ, ਸਮਸ਼ਟੀ ਅਤੇ ਪ੍ਰਾਕ੍ਰਿਤਕ ਸ਼ਕਤੀਆਂ ਦੇ ਪਰਸਪਰ ਸਬੰਧਾਂ ਨੂੰ ਦ੍ਰਿੜ ਕਰਾਉਣ ਲਈ;

(3) ਪ੍ਰਤੀਕਆਤਮਕ ਭਾਵਨਾਵਾਂ ਤੇ ਹੀ ਆਧਾਰਿਤ ਹੋ ਕੇ ਕਿਸੇ ਵਸਤੂ ਦੀ ਸਿਧੀ-ਅਭਿਵਿਅਕਤੀ ਲਈ;

(4) ਪ੍ਰਾਕ੍ਰਿਤਕ ਘਟਨਾਵਾਂ ਦੀ ਵਿਆਖਿਆ ਲਈ ਅਤੇ ਮਾਨਵ ਕ੍ਰਿਆਵਾਂ ਨੂੰ ਵਿਵਸਥ ਰੂਪ ਵਿੱਚ ਪ੍ਰਸਤੁਤ ਕਰਨ ਲਈ;

1. Levy Bruhl, 'How Natives Think,(London 1926),P. 78

5. ਮਾਨਵ ਦੀ ਕ੍ਰਿਆਤਮਕ ਅਤੇ ਬੌਧਿਕ ਸੀਮਾਵਾਂ ਦੀ ਪ੍ਰਸੂਤੀ ਨਹੀਂ।[1]

ਉਨ੍ਹਾਂ ਲਿਖਿਆ ਹੈ ਕਿ ਮਿਥ ਕਥਾ ਸਰਵਸ਼ਕਤੀਮਾਨ ਦੇ ਪ੍ਰਤੀ ਰਹੱਸਾਤਮਕ ਭਾਵਨਾ ਵਸ ਪ੍ਰਕ੍ਰਿਤਕ ਅਤੇ ਪਰਾ-ਪ੍ਰਕ੍ਰਿਤਕ ਸ਼ਕਤੀਆਂ ਵਿੱਚ ਮੇਲ ਨ ਜਾਣ ਸਕਣ ਵਾਲੀ ਕੋਈ ਐਸੀ ਵਸਤੂ ਨਹੀਂ ਜਿਸਨੂੰ ਕੇਵਲ ਧਰਮ ਅਨੁਸ਼ਠਾਨਾਂ ਦੁਆਰਾ ਹੀ ਪ੍ਰਗਟ ਕੀਤਾ ਜਾ ਸਕੇ। ਇਹ ਮਾਨਵ ਉਪਯੋਗੀ ਵਸਤੂ ਹੈ ਜੋ ਇਸਨੂੰ ਕੇਵਲ ਆਦਿਮ ਮਾਨਵ ਤੱਕ ਹੀ ਸੀਮਤ ਨਹੀਂ ਕੀਤਾ ਜਾ ਸਕਦਾ। ਇਹ ਪਰਿਵਰਤਿਤ ਰੂਪ ਵਿੱਚ ਅੱਜ ਦੇ ਸਭਿਅ ਅਖਵਾਉਣ ਵਾਲੇ ਮਾਨਵਜੀਵਨ ਦਾ ਵੀ ਮਹੱਤਵਪੂਰਣ ਅੰਗ ਹੈ। ਇਸੇ ਕਾਰਨ ਹੀ ਮਨੁਖ ਤੇ ਪ੍ਰਕਿਰਤੀ ਵਿਚਲੇ ਕਿਰਤਾਤਮਕ ਸਬੰਧ ਸਥਾਪਿਤ ਹੁੰਦੇ ਹਨ।

ਪ੍ਰਸਿਧ ਦਾਰਸ਼ਨਿਕ ਅਰਨੈਸਟ ਕੈਸੀਰਰ ਨੇ ਮਿਥਿਹਾਸ ਦੇ ਖੇਤਰ ਵਿਚ ਕਾਫੀ ਕੰਮ ਕੀਤਾ ਹੈ। ਉਸਨੇ ਮਿਥ ਕਥਾ ਦੀ ਮਹੱਤਤਾ ਨੂੰ ਨਵੇਂ ਅਰਥ ਤੇ ਨਵੀਂ ਸਪਸ਼ਟਤਾ ਬਖਸ਼ੀ ਹੈ। ਅਰਨੈਸਟ ਕੈਸੀਰਰ ਦੀ ਖੋਜ ਤੇ ਵਿਵੇਚਨਾਂ ਨੇ ਅਜੋਕੇ ਵਿਗਿਆਨਕ ਯੁਗ ਵਿਚ ਮਿਥ ਤੇ ਵਿਗਿਆਨ ਦੇ ਵਿਰੋਧਾਭਾਸ ਦੀ ਗੰਢ ਦੀ ਥਾਂ ਦੋਨਾਂ ਨੂੰ ਹੀ ਇਕ ਦੂਜੇ ਨੂੰ ਸਮਝਣ ਸਮਝਾਉਣ ਦਾ ਬਲ ਦਿਤਾ ਹੈ।[2]

ਅਰਨੈਸਟ ਕੈਸੀਰਰ ਨੇ ਇੱਕ ਪਾਸੇ ਲੇਵੀ ਬਰੂਹਲ ਦੇ ਵਿਚਾਰਾਂ ਦਾ ਸਮਰਥਕ ਬਣ ਕੇ ਆਦਿਮ ਮਾਨਵ ਦੀ ਮਨੀਸ਼ਾ ਦੇ ਵਿਕਾਸ ਵਾਲੀ ਸਿਧਾਂਤ ਨੂੰ ਸਵੀਕਾਰ ਕੀਤਾ ਅਤੇ ਦੂਜੇ ਪਾਸੇ ਮਾਲੀਨੋਸਕੀ ਦੀ ਧਾਰਣਾਂ ਨਾਲ ਵੀ ਕੁਝ ਸਾਂਝ ਦਾ ਪ੍ਰਗਟਾਵਾਂ ਕੀਤਾ।

ਕੈਸੀਰਰ ਨੇ ਲਿਖਿਆ ਹੈ ਕਿ 'ਆਪਤੀ ਦੀਆਂ ਘੜੀਆਂ ਵਿੱਚ ਮਨੁੱਖ ਦਾ ਸਮਾਜਕ ਜੀਵਨ ਅਤੇ ਵਿਚਾਰਾਤਮਕ ਸ਼ਕਤੀਆਂ ਸ਼ਿਥਲਾ ਵਿਚੋਂ ਟੁਟ ਜਾਂਦੀਆਂ ਹਨ। ਅਜਿਹੀਆਂ ਘੜੀਆਂ ਵਿੱਚ ਮਿਥ ਕਥਾ ਨੂੰ ਆਪਣੇ ਸਰੂਪ ਨਿਰਮਾਣ ਲਈ ਅਵਸਰ ਮਿਲਦਾ ਰਹਿੰਦਾ ਹੈ। ਮਿਥ ਕਥਾ ਨਾ ਤਾਂ ਕਦੇ ਨਸ਼ਟ ਹੁੰਦੀ ਹੈ ਤੇ ਨਾ ਹੀ ਕਦੇ ਕਿਸੇ ਦੂਜੀ ਚੀਜ਼ ਦੇ ਵੱਸ ਹੁੰਦੀ ਹੈ। ਉਹ ਤਾਂ ਸਦਾ ਹਨੇਰੇ ਵਿੱਚ ਛੁਪੀ ਰਹਿੰਦੀ ਹੈ ਅਤੇ ਆਪਣੇ ਅਨੁਕੂਲ ਅਵਸਰ ਦਾ ਇੰਤਜ਼ਾਰ ਕਰਦੀ ਹੁੰਦੀ ਹੈ। ਅਜਿਹਾ ਅਵਸਰ ਉਸਨੂੰ ਉਦੋਂ ਹੀ ਮਿਲਦਾ ਹੈ ਜਦੋਂ ਮਨੁੱਖ ਦੇ ਸਮਾਜਕ ਜੀਵਨ ਦੀਆਂ ਸਥਾਪਿਤ ਸ਼ਕਤੀਆਂ ਸਾਮਰਥਾਹੀਨ ਹੋ ਜਾਂਦੀਆਂ ਹਨ, ਜਾਂ ਉਹਨਾਂ ਵਿੱਚ ਮਿਥ ਦੀ ਵਿਰੋਧੀ ਸ਼ਕਤੀ ਨਾਲ ਸੰਘਰਸ਼ ਕਰਨ ਦੀ ਹਿੰਮਤ ਨਹੀਂ ਰਹਿੰਦੀ।

ਕੈਸੀਰਰ ਨੇ ਮਿਥ ਕਥਾ ਦੇ ਨਿਰਮਾਣ ਹਿਤ ਮਾਨਵ ਦੀ ਅਵਸਥਾ, ਵਿਪਤਾ ਆਪਤੀ, ਦੁਰਘਟਨਾ ਤੇ ਸੋਗ ਦਾ ਉਲੇਖ ਕੀਤਾ ਹੈ। ਅਜਿਹੀ ਅਵਸਥਾ ਵਿਚ ਮਿਥ ਵਿਸ੍ਰਿਖਲਿਤ ਵਿਚਾਰਾਂ

1. B. Malinowski, 'Myths in Primitive Psychology', P.13
2. ਅਰਨੈਸਟ ਕੈਸੀਰਰ ਦੀਆਂ ਦੋ ਪੁਸਤਕਾਂ Language and Myth ਅਤੇ Myth of the State ਵਿਚ ਮਿਥ ਸੰਬੰਧੀ ਵਿਚਾਰਾਂ ਨੂੰ ਪ੍ਰਗਟ ਕੀਤਾ ਗਿਆ ਹੈ।

ਨੂੰ ਫਿਰ ਇਕਸਾਰਤਾ ਵਿੱਚ ਪ੍ਰਸਤੁਤ ਨਹੀਂ ਕਰਦੀ ਸਗੋਂ ਉਸ ਉਤੇ ਆਪਣੀ ਵਿਲੱਖਣ ਚੇਤਨ ਸ਼ਕਤੀ ਦਾ ਪ੍ਰਭਾਵ ਪਾ ਕੇ ਉਸਦੇ ਪ੍ਰਵਾਹ ਨੂੰ ਆਪਣੇ ਵੱਲ ਮੋੜ ਲੈਂਦੀ ਹੈ ਅਤੇ ਨਵੇਂ ਭਾਵਾਂ ਦਾ ਕ੍ਰਮ ਅਰੰਭ ਕਰ ਦਿੰਦੀ ਹੈ। ਇਨ੍ਹਾਂ ਭਾਵਾਂ ਨੂੰ ਪ੍ਰਤੀਕ ਸ਼ਕਤੀ ਦਾ ਆਸਰਾ ਲੈ ਕੇ ਸਫਲਤਾ ਨਾਲ ਅਭਿਵਿਅਕਤ ਕੀਤਾ ਜਾ ਸਕਦਾ ਹੈ। ਕੈਸੀਰਰ ਨੇ ਪ੍ਰਤੀਕਾਂ ਨੂੰ ਹੀ ਮਿਥ ਕਥਾ ਦਾ ਜਨਮ ਦਾਤਾ ਮੰਨਿਆ ਹੈ। ਇਸ ਮਾਨਤਾ ਤੋਂ ਇਹ ਵੀ ਗੱਲ ਸਪੱਸ਼ਟ ਹੁੰਦੀ ਹੈ ਕਿ ਮਿਥ ਕਥਾ ਆਦਿਮ ਮਾਨਵ ਦੇ ਮਿਥ ਚਿੰਤਨ ਨੂੰ ਸਦਾ ਪ੍ਰਵਾਹਮਾਨ ਰੱਖਦੀ ਹੈ। ਇਸ ਮਿਥ ਚਿੰਤਨ ਨੂੰ ਹਰੇਕ ਯੁਗ ਵਿੱਚ ਪੁਨਰ ਜਾਗ੍ਰਤ ਕੀਤਾ ਜਾ ਸਕਦਾ ਹੈ।

ਉਪਰ ਅਸੀਂ ਕੁਝ ਵਿਸ਼ੇਸ਼ੱਗਾਂ ਦੇ ਵਿਚਾਰ ਦੇਣ ਦਾ ਉਪਰਾਲਾ ਕੀਤਾ ਹੈ। ਕੁਝ ਹੋਰ ਵਿਚਾਰਵਾਨਾਂ ਨੇ ਵੀ ਮਿਥ ਕਥਾਵਾਂ ਪ੍ਰਤੀ ਵਿਚਾਰ ਪ੍ਰਗਟਾਏ ਹਨ। ਇਨ੍ਹਾਂ ਵਿਚੋਂ ਥਾਮਸ ਟੇਲਰ ( Thomas Tylor ) ਨੇ ਮਿਥ ਕਥਾਵਾਂ ਨੂੰ ਰੂਪਕਾਂ ਨਾਲ ਸੰਗਿਆ ਦਿਤੀ ਹੈ। ਫ੍ਰੈਡਰਿਕ ਸ਼ੈਲਿੰਗ ਨੇ ਮਿਥ ਕਥਾਵਾਂ ਨੂੰ ਰਾਸ਼ਟਰੀ ਮਹੱਤਤਾ ਵਾਲੀ ਚੀਜ਼ ਆਖਿਆ ਹੈ। ਜੀ.ਐਲ.ਗੋਮੇ[1] ਨੇ ਮਿਥ ਕਥਾਵਾਂ ਨੂੰ ਇਤਿਹਾਸ ਨਾਲ ਸਬੰਧਤ ਕੀਤਾ ਹੈ। ਵਿਕੋ[2] ਨੇ ਇਨ੍ਹਾਂ ਮਿਥ ਕਥਾਵਾਂ ਨੂੰ ਰਹੁ ਰੀਤਾਂ ਦਾ ਇਤਿਹਾਸ ਆਖਿਆ ਹੈ।

ਮਿਥ ਕਥਾਵਾਂ ਦੀ ਮਹੱਤਤਾ ਨੂੰ ਉਜਾਗਰ ਕਰਦਿਆਂ ਮਾਲੀਨੋਵਸਕੀ[3] ਨੇ ਲਿਖਿਆ ਹੈ ਕਿ ਮਿਥ ਕਥਾਵਾਂ ਆਦਿ ਕਾਲ ਤੋਂ ਹੀ ਵਿਸ਼ਵਾਸ ਨੂੰ ਵਧੇਰੇ ਮੰਨਣ ਯੋਗ ਬਣਾਉਣ, ਰੀਤੀ ਸਾਮਗ੍ਰੀ ਨੂੰ ਪ੍ਰਸਥਿਤੀ ਅਨੁਕੂਲ ਲਾਗੂ ਕਰਨ, ਸਮਰਥਾ ਨੂੰ ਦ੍ਰਿੜ ਕਰਾਉਣ ਅਤੇ ਮਨੁੱਖ ਦੀ ਅਗਵਾਈ ਲਈ ਸਿਧਾਂਤ ਸਪਸ਼ਟ ਕਰਨ ਵਿਚ ਸਹਾਇਤਾ ਕਰਦੀਆਂ ਹਨ।

ਇਸ ਤਰ੍ਹਾਂ ਵੱਖ ਵੱਖ ਵਿਦਵਾਨਾਂ ਨੇ ਮਿਥ ਦੀ ਪਰਿਭਾਸ਼ਾ ਆਪਣੇ ਆਪਣੇ ਤਰੀਕੇ ਨਾਲ ਦਿਤੀ ਹੈ। ਅਨੇਕ ਕਿਸਮ ਦੀਆਂ ਪਰਿਭਾਸ਼ਾਵਾਂ ਵਿਚ ਮਿਥ ਦੀ ਧਾਰਨਾ ਲੱਭਦੀ ਹੋਈ ਜੁਦਾਂ ਜੁਦਾਂ ਤਰਾਂ ਤੋਂ ਚਲ ਰਹੀ ਹੈ।

1. Folklore As An Historical Science, Extract: An Introduction to Mythology, P. 101.

2. The New Science, Paper back Ed. 1961, P. 90

3. Myth An Primitive Psychology, P. 13.

(ੲ) ਮਿਥ ਸਾਮਗ੍ਰੀ ਦਾ ਵਰਗੀਕਰਣ

ਬਹੁਤ ਸਾਰੇ ਮਿਥਿਹਾਸਕਾਰਾਂ ਨੇ ਮਿਥ-ਕਥਾਵਾਂ ਦਾ ਵਰਗੀਕਰਣ ਆਪਣੀ ਆਪਣੀ ਧਾਰਣਾ ਅਨੁਸਾਰ ਕੀਤਾ ਹੈ, ਪਰ ਹੇਠ-ਲਿਖੇ ਵਰਗੀਕਰਣ ਵਿੱਚ, ਲਗਭਗ ਸਾਰੀਆਂ ਮਿਥ ਕਥਾਵਾਂ ਦੇ ਰੂਪ ਸਮਾਂ ਜਾਂਦੇ ਹਨ।[1]

(i) ਸਾਮਿਅਕ ਪ੍ਰਾਕ੍ਰਿਤਕ ਤਬਦੀਲੀਆਂ ਅਤੇ ਰੁਤਾਂ

(Periodic natural changes & seasons)

ਬਹੁਤ ਸਾਰੀਆਂ ਮਿਥ ਕਥਾਵਾਂ ਦਿਨ ਰਾਤ ਅਤੇ ਗਰਮੀ ਤੇ ਸਰਦੀ ਦੀ ਬਦਲਵੀਂ ਹਾਲਤ ਨਾਲ ਜੁੜੀਆਂ ਹੋਈਆਂ ਹਨ। ਸੂਰਜ ਅਤੇ ਚੰਨ ਨੂੰ ਵਿਅਕਤੀ ਰੂਪ ਵਿਚ ਕਲਪਿਆ ਜਾਂਦਾ ਹੈ। ਉਦੇ ਅਤੇ ਅਸਤ ਨਾਲ ਸੰਬੰਧਿਤ ਮਿਥ ਕਥਾਵਾਂ ਤੋਂ ਇਲਾਵਾ ਸੂਰਜ ਨਾਲ ਸੰਬੰਧਿਤ ਕਈ ਹੋਰ ਕਥਾਵਾਂ ਹਨ। ਰੁਤਾਂ ਨਾਲ ਵੀ ਮਿਥ ਕਥਾਵਾਂ ਜੁੜੀਆਂ ਹੋਈਆਂ ਹਨ।

(ii) ਹੋਰ ਪ੍ਰਾਕ੍ਰਿਤਕ ਵਸਤਾਂ:

(Other natural objects)

ਆਦਿਮ ਕਾਲੀਨ ਮਨੁਖ ਪ੍ਰਾਕ੍ਰਿਤਕ ਤਤਾਂ ਨੂੰ ਨਿਜੀ ਹੋਂਦ ਦੇ ਕੇ ਸਜੀਵ ਰੂਪ ਵਿਚ ਵੇਖਦਾ ਸੀ। ਰੁੱਖਾਂ ਬੂਟਿਆਂ ਅਤੇ ਦਰਿਆਵਾਂ ਨੂੰ ਨਿਜੀ ਹੋਂਦ ਵਾਲੇ ਵਿਅਕਤੀ ਦੇ ਰੂਪ ਵਿਚ ਸਵੀਕਾਰਿਆ ਜਾਂਦਾ ਸੀ। ਜਿਵੇਂ 'ਤੁਲਸੀ ਦੀ ਪੂਜਾ' ਤੇ 'ਗੰਗਾ ਨੂੰ ਮਾਤਾ ਆਖਣਾ'।

(iii) ਅਦਭੁਤ ਤੇ ਅਨਿਯਮਤ ਤਤ:

(Extraordinary irregular Phenomena)

ਅਦਭੁੱਤ ਅਤੇ ਅਨਿਯਮਤ ਤੱਤ ਆਦਿਮ ਕਾਲੀਨ ਮਨੁਖ ਲਈ ਤੇ, ਤ੍ਰਾਸ ਅਤੇ ਹੈਰਾਨੀਜਨਕ ਸਨ। ਉਹ ਉਹਨਾਂ ਨੂੰ ਰੂਪ ਪ੍ਰਾਕ੍ਰਿਤਕ ਰੂਪ ਵਿਚ ਵੇਖਦਾ ਅਤੇ ਕਈ ਤਰ੍ਹਾਂ ਦੀਆਂ ਕਥਾਵਾਂ, ਇਸ ਤਰ੍ਹਾਂ ਇਨ੍ਹਾਂ ਨਾਲ ਜੁੜ ਗਈਆਂ। 'ਹੜ੍ਹ' ਸਬੰਧੀ ਸਾਖੀਆਂ ਸਭਿਆਤਾਵਾਂ ਵਿਚ ਮਿਥ ਕਥਾਵਾਂ ਮਿਲਦੀਆਂ ਹਨ। ਇਸ ਤਰ੍ਹਾਂ ਅਦਭੁਤ ਚਟਾਨਾ, ਭੁਚਾਲਾਂ, ਤਾਰਿਆਂ ਦਾ ਟੁੱਟਣਾ, ਤੂਫਾਨ ਤੇ ਵਾਵਰੋਲੇ ਦਾ ਚਲਣਾ, ਸੂਰਜ ਤੇ ਚੰਦ ਗ੍ਰਹਿਣ ਲੱਗਣਾ ਆਦਿ ਸੰਬੰਧੀ ਕਥਾਵਾਂ ਇਸ ਸ਼੍ਰੇਣੀ ਵਿ ਆਉਂਦੀਆਂ ਹਨ।

---

1. ਇਹ ਵਰਗੀਕਰਣ Encyclopaedia of Religion & Ethics(Vol.9,Page 117-21) ਵਿਚੋਂ ਲਿਆ ਗਿਆ ਹੈ। ਮਿਸਾਲਾਂ ਸਾਡੀਆਂ ਆਪਣੀਆਂ ਹਨ।

(IV) <u>ਵਿਸ਼ਵ ਪਸਾਰੇ ਦਾ ਮੁੱਢ:</u>

(Origin of the Universe)

ਦ੍ਰਿਸ਼ਟਮਾਨ ਸੰਸਾਰ ਦੇ ਪਸਾਰੇ ਦਾ ਮੁੱਢ ਅਤੇ ਵਿਕਾਸ ਕਈ ਤਰ੍ਹਾਂ ਦੀਆਂ ਮਿਥ-ਕਥਾਵਾਂ ਦਾ ਵਿਸ਼ਾ ਹੈ। 'ਹੋਂਦ' ਤੋਂ ਅਣਹੋਂਦ, ਸੁੰਨ ਅਵਸਥਾ ਤੋਂ ਹੋਂਦ ਵਿਚ ਆਉਣਾ ਜਾਂ ਨਿਰ ਅਕਾਰ ਤੋਂ ਅਕਾਰ ਰੂਪ ਵਿਚ ਪ੍ਰਗਟ ਹੋਣ ਦੀਆਂ ਕਥਾਵਾਂ ਇਸ ਸ਼੍ਰੇਣੀ ਵਿਚ ਆਉਂਦੀਆਂ ਹਨ। ਧਰਤੀ, ਆਕਾਸ਼ ਤੇ ਪਤਾਲ ਸੰਬੰਧੀ ਮਿਥ ਕਥਾਵਾਂ ਵੀ ਇਸੇ ਹੀ ਸ਼੍ਰੇਣੀ ਦਾ ਅੰਗ ਹਨ।

(V) <u>ਦੇਵਤਿਆਂ ਦਾ ਮੁੱਢ :</u>

(Origin of gods)

ਦੇਵਤਿਆਂ ਦਾ ਮੁੱਢ, ਜਨਮ ਅਤੇ ਉਨ੍ਹਾਂ ਦੇ ਪਰਿਵਾਰਕ ਸੰਬੰਧਾਂ ਬਾਰੇ ਮਿਥ ਕਥਾਵਾਂ ਦੀ ਗਿਣਤੀ ਮਿਥ ਕਥਾਵਾਂ ਦਾ ਇੱਕ ਵੱਡਾ ਭਾਗ ਹੈ। ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਦੇ ਅਵਤਾਰਾਂ ਸੰਬੰਧੀ, ਦੇਵੀਆਂ ਅਤੇ ਹੋਰ ਦੇਵੀਆਂ ਅਤੇ ਦੇਵਤਿਆਂ ਦੀਆਂ ਕਥਾਵਾਂ ਦੀ ਭਾਰਤੀ ਮਿਥ ਪਰੰਪਰਾ ਵਿਚ ਭਰਮਾਰ ਹੈ।

(VI) <u>ਪਸ਼ੂਆਂ ਅਤੇ ਮਨੁੱਖਤਾ ਦਾ ਮੁੱਢ :</u>

(Origin of animals & mankind)

ਮਨੁੱਖ ਅਤੇ ਪਸ਼ੂ ਪੰਛੀ ਦ੍ਰਿਸ਼ਟਮਾਨ ਸੰਸਾਰ ਵਿਚ ਵਿਚਰਣ ਵਾਲੇ ਜੀਵ ਹਨ। ਜਿਨ੍ਹਾਂ ਦਾ ਆਪਸੀ ਸੰਬੰਧ ਨਿਕਟਤਾ ਵਾਲਾ ਹੈ। ਮਨੁੱਖ ਪਸ਼ੂ ਵੀ ਹੈ ਤੇ ਬੁੱਧੀਜੀਵੀ ਵੀ। ਮਨੁੱਖ ਤੇ ਪਸ਼ੂਆਂ ਦੇ ਆਪਸੀ ਸੰਬੰਧਾਂ ਵਾਲੀਆਂ ਕਥਾਵਾਂ ਇਸ ਸ਼੍ਰੇਣੀ ਵਿਚ ਆਉਂਦੀਆਂ ਹਨ।

(VII) <u>ਰੂਪ-ਪਰਿਵਰਤਨ:</u>

(Transformation)

ਮਨੁੱਖਾਂ ਦਾ ਪਸ਼ੂ ਜਾਂ ਪੱਥਰ ਰੂਪ ਵਿਚ ਪਰਿਵਰਤਨ ਵਾਲੀਆਂ ਕਈ ਕਥਾਵਾਂ ਹਨ। 'ਅਹੱਲਿਆ ਦਾ ਸਿਲਾ ਬਣ ਜਾਣਾ' ਜਾਂ ਮਨੁੱਖ ਦਾ ਮੀਂਡਾ ਬਣਾ ਦਿੱਤਾ ਜਾਣਾ। ਇਹ ਰੂਪ ਦਾ ਪਰਿਵਰਤਨ ਦੰਡ ਜਾਂ ਜਾਦੂ ਦਾ ਸਿੱਟਾ ਮੰਨਿਆ ਜਾਂਦਾ ਸੀ। ਅਜਿਹੀਆਂ ਕਥਾਵਾਂ ਦੀ ਮਿਥਿਹਾਸ ਵਿਚ ਭਰਮਾਰ ਹੈ।

(VIII) <u>ਨਾਇਕਾਂ, ਪਰਿਵਾਰਾਂ ਅਤੇ ਕੌਮਾਂ ਸੰਬੰਧੀ:</u>

(Heroes, families & nations)

ਰਾਮ-ਕਥਾ (ਰਾਮਾਇਣ), ਮਹਾਂਭਾਰਤ ਦੇ ਕੁਝ ਅੰਸ਼, ਦੇਵੀ-ਚਰਿੱਤ੍ਰ ਆਦਿ ਕਥਾਵਾਂ

ਇਸ ਸ਼੍ਰੇਣੀ ਵਿਚ ਆਉਂਦੀਆਂ ਹਨ। ਜਿਨ੍ਹਾਂ ਦੇ ਨਾਇਕ ਨਵੇਂ ਨਵੇਂ ਲੋਕੀ ਰੂਪ ਵੀ ਧਾਰਨ ਕਰ ਲੈਂਦੇ ਹਨ। ਮਿਸਾਲ ਵਜੋਂ ਸੂਰਜ ਬੰਸੀ ਅਤੇ ਚੰਦਰਬੰਸੀ ਰਾਜੇ ਆਦਿ।

(IX) <u>ਸਮਾਜਿਕ ਸੰਸਥਾਵਾਂ ਅਤੇ ਕਾਢਾਂ ਸੰਬੰਧੀ:</u>
(Social institutions & inventions)

ਸਮਾਜ ਵਿੱਚ ਵਰਣ-ਵੰਡ ਅਤੇ ਅਨੇਕ ਵਸਤਾਂ ਦੀਆਂ ਕਾਢਾਂ ਸੰਬੰਧੀ ਮਿਲਦੀਆਂ ਮਿੱਥ ਕਥਾਵਾਂ ਇਸ ਸ਼੍ਰੇਣੀ ਵਿਚ ਆਉਂਦੀਆਂ ਹਨ।

(X) <u>ਮ੍ਰਿਤੂ ਉਪਰੰਤ ਹੋਂਦ ਅਤੇ ਮ੍ਰਿਤਕ ਲੋਕਾਂ ਦੀਆਂ ਥਾਵਾਂ ਸੰਬੰਧੀ:</u>
(Existance after death and place ofdead)

ਮਰਨ ਉਪਰੰਤ ਅਗਲੇ ਜੀਵਨ ਵਿੱਚ ਵਿਸ਼ਵਾਸ, ਮਰ ਚੁਕੇ ਲੋਕਾਂ ਦੀਆਂ ਥਾਵਾਂ ਸੰਬੰਧੀ ਸੁਰਗ ਤੇ ਨਰਕ ਦੇ ਨਜ਼ਾਰੇ, ਨਰਕ ਸਜ਼ਾਵਾਂ ਅਤੇ ਜਿਊਂਦਿਆਂ ਨਰਕਾਂ ਸੰਬੰਧੀ ਮਿੱਥ ਕਥਾਵਾਂ ਦੀ ਵੀ ਮਿਥਿਹਾਸ ਵਿਚ ਭਰਮਾਰ ਹੈ।

(XI) <u>ਰਾਖਸ਼, ਸ਼ੈਤਾਨ ਅਤੇ ਭੂਤ-ਪ੍ਰੇਤ:</u>
(Daemons & Monsters)

ਰਾਖਸ਼ ਦੀ ਹੋਂਦ, ਸ਼ੈਤਾਨ ਦੀ ਕਲਪਨਾ, ਦੇਵਤਿਆਂ ਦਾ ਵਿਰੋਧ ਕਰਨਾ ਤੇ ਵਿਪਤਾਵਾਂ ਪੈਦਾ ਕਰਨਾ। ਇਸ ਤਰ੍ਹਾਂ ਦੀਆਂ ਗੱਲਾਂ ਮਿੱਥ ਕਥਾਵਾਂ ਦਾ ਅੰਗ ਹਨ। ਦੇਵਤਾ (ਦੇਵੀ) ਦਾ ਰਾਖਸ਼ਾਂ ਦਾ ਵੱਧ, ਰਾਮ ਅਤੇ ਕ੍ਰਿਸ਼ਨ ਦੁਆਰਾ ਰਾਖਸ਼ਾਂ ਦਾ ਨਾਸ਼, ਇਸ ਸ਼੍ਰੇਣੀ ਦੀਆਂ ਕਥਾਵਾਂ ਦਾ ਹੀ ਅੰਗ ਹਨ।

(XII) <u>ਇਤਿਹਾਸਕ ਘਟਨਾਵਾਂ:</u>
(Historical events)

ਪੁਰਾਤਨ ਇਤਿਹਾਸਕ ਯੁਗ ਦੀਆਂ ਘਟਨਾਵਾਂ ਵਿਚ ਇਤਿਹਾਸਕ ਅਤੇ ਮਿਥਿਹਾਸਕ ਤੱਤਾਂ ਦੀ ਪਛਾਣ ਕਰਨੀ ਔਖੀ ਹੋ ਜਾਂਦੀ ਹੈ। ਸਮਾਂ ਬੀਤਣ ਨਾਲ ਇਤਿਹਾਸਕ ਤੱਥਾਂ ਵਿਚ ਮਿਥ ਮੁਖੀ ਹੋ ਜਾਂਦੀ ਹੈ। ਮਿਥ ਜਗਤ ਵਿੱਚ ਕਈਆਂ ਇਤਿਹਾਸਕ ਘਟਨਾਵਾਂ ਵੀ ਮਿਥ ਦਾ ਕਲੇਵਰ ਧਾਰਨ ਕਰ ਲੈਂਦੀਆਂ ਹਨ।

(ਙ) **ਮਿਥਿਹਾਸਮਈ ਧਰਮ :**

ਧਰਮ ਵਿਗਿਆਨ ਦਾ ਅਧਿਐਨ ਇਸ ਦੇ ਮਿਥ ਨਾਲ ਅੰਤਰ ਸੰਬੰਧਿਤ ਹੋਣ ਦੀ ਸਾਖੀ ਭਰਦਾ ਹੈ। ਟੇਥ ਵੱਧ ਮਿਥ ਕਥਾਵਾਂ ਨੂੰ ਹਰ ਧਰਮ ਦੇ ਸਾਧਾਰਣ ਅਨੁਯਾਈਆਂ ਨੇ 'ਧਰਮ' ਦਾ ਹਿੱਸਾ ਹੀ ਸਮਝਿਆ ਹੈ। ਇਸਲਾਮ ਤੇ ਈਸਾਈ ਧਰਮ ਵਿੱਚ ਦੋਜ਼ਖ਼ ਤੇ ਬਹਿਸ਼ਤ, ਫਰਿਸ਼ਤੇ ਅਤੇ ਸ਼ੈਤਾਨ ਦੀ ਮਿਥ ਮਾਤ੍ਰ ਜਿਹੀ ਧਰਮ ਦਾ ਅਨਿੱਖੜ ਅੰਗ ਹੈ, ਉਹੀ ਮਿਥਿਹਾਸ ਦੇ ਵਿਦਿਆਰਥੀ ਲਈ ਇਹ ਮਿਥਿਹਾਸ ਦਾ ਅੰਗ ਹਨ। ਹਿੰਦੂ ਧਰਮ ਦਾ ਦੇਵਤਿਆਂ, ਅਵਤਾਰਾਂ, ਰਾਖਸ਼ਾਂ, ਪੁਰਾਣਾਂ, ਨਰਕਾਂ, ਪਾਤਾਲਾਂ ਆਦਿ ਵਿੱਚ ਵਿਸ਼ਵਾਸ਼ ਸਾਧਾਰਣ ਰੂਪ ਵਿੱਚ ਧਰਮ ਦਾ ਅੰਗ ਹਨ[1] ਪਰ ਇਹ ਮਿਥ ਜਗਤ ਦੇ ਵਿਸ਼ਲੇਸ਼ਣ ਦਾ ਮੁੱਦਾ ਹਨ। ਕਾਲ ਵਿੱਚ ਮਿਥ ਕਥਾਵਾਂ ਵਿੱਚ ਅਤਿਮਾਨਵੀ ਤੱਤਾਂ ਦੇ ਥੀਮਾਂ ਅਤੇ ਧਾਰਮਿਕ ਮਹਾਤਮ ਦੀ ਅਭਿਵਿਅੰਜਨਾ ਦੀ ਪ੍ਰਧਾਨਤਾ ਜਦੋਂ ਵਧੇਰੇ ਵਿਸਤ੍ਰਿਤ ਹੋ ਜਾਂਦੀ ਹੈ ਤਾਂ ਉਸ ਵਿਚੋਂ ਮਿਥ ਕਥਾ ਦਾ ਸਾਹਿਤਕ, ਕਲਾਤਮਕ ਅਤੇ ਸਮਾਜਕ ਰੂਪ ਲੋਪ ਹੋ ਜਾਂਦਾ ਹੈ ਤੇ ਉਸ ਵੇਲੇ ਇਹ ਕੇਵਲ ਧਰਮ ਦੇ ਸਾਧਨ ਹੀ ਨਜ਼ਰ ਆਉਂਦੀ ਹੈ।

ਬਹੁਤੇ ਧਰਮਾਂ ਦੀ ਆਧਾਰਸ਼ਿਲਾ ਅਕਸਰ ਮਿਥ ਮੂੰਘੀ ਵਿਸ਼ਵਵਿਗਿਆਨ ਹੁੰਦਾ ਹੈ। ਅਜਿਹੀ ਅਵਸਥਾ ਵਿੱਚ ਧਰਮਾਂ ਦੇ ਅਨੁਯਾਈ ਮਿਥ-ਮਨੌਤਾਂ ਨੂੰ ਵੀ ਆਪਣੇ ਜੀਵਨ ਵਿੱਚ ਸਹਿਜ ਤੌਰ ਧਰਮ ਦਾ ਅੰਗ ਮੰਨਦੇ ਸਵੀਕਾਰ ਕਰ ਲੈਂਦੇ ਹਨ। ਉਂਜ ਦੇਖਿਆ ਜਾਵੇ ਤਾਂ ਸੰਸਕ੍ਰਿਤੀ ਦੇ ਸਾਰੇ ਰਵਾਇਤੀ ਤੱਤ ਸੰਸ਼ੇਵਾਦ ਦਾ ਅੰਗ ਹਨ। ਜਿਵੇਂ ਹੀ ਧਰਮ ਨਾਲ ਮਿਥ ਕਥਾਵਾਂ ਤੇ ਮਨੌਤਾਂ ਦਾ ਸੰਬੰਧ ਵੀ ਜਦੋਂ ਅਧਿਐਨ ਦਾ ਵਿਸ਼ਾ ਬਣਦਾ ਹੈ ਤਾਂ ਸੰਸ਼ੇਵਾਦ ਦੇ ਘੇਰੇ ਵਿਚ ਆ ਜਾਂਦਾ ਹੈ। ਇਸੇ ਲਈ ਆਧੁਨਿਕ ਬੌਧਿਕ ਅਤੇ ਵਿਗਿਆਨਕ ਵਿਕਾਸ ਦਾ ਪ੍ਰੇਰਿਆ ਹੋਇਆ ਬੁਲਟਮੈਨ ( Blutman ) ਈਸਾਈ ਧਰਮ ਦੇ ਗ੍ਰੰਥਾਂ ਨੂੰ ਮਿਥਕਤਾ ਤੋਂ ਖਾਲੀ( Demythologized ) ਕਰਨਾ ਲੋੜਦਾ ਹੈ[2] ਅਠਾਰਵੀਂ ਸਦੀ ਵਿਚ ਯੋਰਪੀਨ ਵਿਦਵਾਨਾਂ ਲਈ ਮਿਥ ਕਥਾਵਾਂ ਤੇ ਉਸ ਦਾ ਧਰਮ ਨਾਲ ਸੰਬੰਧ ਕਾਫ਼ੀ ਸਮੇਂ ਤੱਕ ਵਿਵਾਦ ਦਾ ਕਾਰਣ ਬਣਿਆ ਰਿਹਾ। ਇਨ੍ਹਾਂ ਵਿਦਵਾਨਾਂ ਵਿਚੋਂ ਲੀਪਜ਼ਿਗ( Leipzig)

---

1. ਪ੍ਰਸਿਧ ਪੁਰਾਣ ਵਿਸ਼ੇਸ਼ਗ ਵਿਨਟਰ ਨਿਟਜ਼ ਨੇ ਪੁਰਾਣਾਂ ਨੂੰ ਧਾਰਮਿਕ ਢੰਗ ਆਖਿਆ ਹੈ। ਦੇਖੋ *A History of Indian Literature, P. 522*

2. "For Bultman, the scripture must be demythologized" (Religion & Culture Essay in Honour of Paul Jullich P.122) Gustare Weigel S.J. 'Myth Symbol and Analogy'.

ਨੇ ਮਿਥ ਕਥਾਵਾਂ ਅਤੇ ਧਰਮ ਦੇ ਅੰਤਰ ਸੰਬੰਧ ਬਾਰੇ ਵਿਚਾਰ ਸਾਹਮਣੇ ਪ੍ਰਸਤੁਤ ਕਰਦਿਆਂ ਮਿਥ ਕਥਾਵਾਂ ਨੂੰ ਧਾਰਮਿਕ ਸਿਖਿਆ ਦਾ ਪ੍ਰਮੁਖ ਅੰਗ ਮੰਨਿਆ। ਲੋਪਚਿੰਕਿ ਅਨੁਸਾਰ ਆਦਿਮ ਮਾਨਵ ਦੀਆਂ ਪਰੰਪਰਾਗਤ ਲੋਕ ਮਨੌਤਾਂ ਨੂੰ ਪੁਰੋਹਿਤ ਵਰਗ ਨੇ ਸੁਰੱਖਿਤ ਕੀਤਾ, ਮਿਥ ਕਥਾਵਾਂ ਨੂੰ ਪਰਵਰਤੀ ਸਾਹਿਤ ਦਾ ਅੰਗ ਬਣਾਇਆ ਅਤੇ ਉਪਰੰਤ ਪ੍ਰਤੀਕਾਤਮਕ ਸ਼ੈਲੀ ਵਿੱਚ ਪ੍ਰਸਤੁਤ ਕੀਤਾ। ਉਨ੍ਹਾਂ ਤਿੰਨ ਗੱਲਾਂ ਆਖੀਆਂ;

(1) ਮਿਥ ਕਥਾ ਧਾਰਮਿਕ ਸਿਖਿਆ ਦਾ ਇੱਕ ਰੂਪ ਹੈ;

(2) ਆਦਿਮ ਮਾਨਵ ਦੀ ਪਰੰਪਰਕ ਲੋਕ-ਮਨੌਤਾਂ ਨੇ ਇਸ ਨੂੰ ਸੁਰੱਖਿਤ ਕੀਤਾ;

(3) ਪੁਰੋਹਿਤ ਵਰਗ ਨੇ ਪਰਵਰਤੀ ਸਾਹਿਤ ਦੀ ਪ੍ਰਤੀਕਾਤਮਕ ਸ਼ੈਲੀ ਵਿਚ ਇਸ ਨੂੰ ਪ੍ਰਸਤੁਤ ਕੀਤਾ।

ਭਾਵੇਂ ਅਸੀਂ ਲੋਪਚਿੰਕਿ ਨਾਲ ਮਿਥ ਕਥਾਵਾਂ ਦੇ ਵਿਕਾਸ ਬਾਰੇ ਪੂਰੀ ਤਰ੍ਹਾਂ ਸਹਿਮਤ ਹੋਈਏ ਚਾਹੇ ਨਾ, ਪਰ ਇੱਕ ਗੱਲ ਸਪੱਸ਼ਟ ਰੂਪ ਵਿਚ ਉਘਾੜਦੀ ਹੈ ਕਿ ਮਿਥ ਕਥਾਵਾਂ ਧਾਰਮਿਕ ਸਿਖਿਆ ਦਾ ਇਕ ਰੂਪ ਜ਼ਰੂਰ ਹਨ। ਭਾਰਤ ਵਿੱਚ ਇਸ ਸ਼ੈਲੀ ਦੇ ਬੀਜ ਵਧੇ ਹੀ ਹਨ। ਭਾਰਤ ਦੇ ਮਧ ਪੁਰਾਤਨ ਕਵੀਆਂ ਤੇ ਸੰਤ ਪੀਰਾਂ ਨੇ ਨਿਰਗੁਣ ਤੇ ਸਰਗੁਣ ਉਪਾਸਨਾ ਵਿਚ ਇਨ੍ਹਾਂ ਕਥਾਵਾਂ ਦੇ ਬੀਜ ਜਾਂ ਸੰਕੇਤ ਦੇ ਕੇ ਇਨ੍ਹਾਂ ਨੂੰ ਆਪਣੇ ਧਾਰਮਿਕ ਵਿਚਾਰਾਂ ਦਾ ਵਾਹਨ ਬਣਾਇਆ।

ਜੇ ਮਿਥ ਕਥਾ ਦਾ ਧਰਮ ਨਾਲ ਇਤਨਾ ਸੰਬੰਧ ਨ ਹੋ ਕੇ, ਇਹ ਧਰਮ ਦੀ ਪ੍ਰੇਰਕ ਸ਼ਕਤੀ ਮੰਨੀ ਜਾ ਸਕਦੀ ਹੈ। ਮਿਥਿਹਾਸ ਨੇ ਪੁਰਾਤਨ ਕਾਲੀਨ ਧਰਮਾਂ ਨੂੰ ਪ੍ਰਭਾਵਿਤ ਕੀਤਾ ਹੈ। ਇਹੀ ਹੀ ਨਹੀਂ; ਸਗੋਂ ਇਹ ਹਰ ਯੁੱਗ ਵਿੱਚ ਧਰਮ ਨਾਲ ਸੰਬੰਧਿਤ ਹੁੰਦਾ ਹੈ ਤੇ ਆਪਣੇ ਪ੍ਰਭਾਵ ਵੀ ਪਾਉਂਦਾ ਹੈ। ਫਿਰ ਵੀ ਮਿਥਿਹਾਸ ਆਪਣੇ ਆਪ ਵਿੱਚ ਧਰਮ ਨਹੀਂ[1] ਡਬਲਯੂ.ਕੇ.ਜੀ. ਗੁਥਰੀ ( W.K.G. Guthrie )[2] ਨੇ ਵੀ ਮਿਥ ਨੂੰ ਧਾਰਮਿਕ ਵਿਕਾਸ ਦੇ ਮੁਢਲੇ ਪੜਾਵਾਂ ਨਾਲ ਸੰਬੰਧਿਤ ਕੀਤਾ ਹੈ। ਜੇ ਧਰਮ ਨੂੰ ਲਪੇਟ ਵਿੱਚ ਲਏ ਬਿਨਾਂ ਮਿਥਿਹਾਸ ਦੀ ਕੋਈ ਮਹੱਤਤਾ ਨਹੀਂ।[3] ਇਸ ਮਹੱਤਤਾ ਦੇ ਬੀਜ ਨੂੰ ਐ. ਐਫ.ਬੀ.ਜੈਵਨਜ਼ ( F.B.Jevons )[4] ਦੇ ਸ਼ਬਦਾਂ ਵਿਚ ਇਉਂ ਸਪਸ਼ਟ ਕੀਤਾ ਜਾ ਸਕਦਾ ਹੈ ਕਿ ਮਿਥ ਕਥਾ ਮਾਨਵੀ ਕਰਮਸ਼ੀਲਤਾ ਦਾ ਇਕ ਅੰਸ਼ ਮਾਤ੍ਰ ਹੈ ਜਿਸ ਵਿਚੋਂ ਧਰਮ ਖ਼ੁਦ ਹੀ ਪ੍ਰਫੁਲਤ ਹੋ ਉਠਦਾ ਹੈ। ਜੋ ਇਹ ਸੰਬੰਧ ਬੀਜ ਤੇ ਬੂਟੀ ਵਾਲਾ ਹੈ। ਧਾਰਮਿਕ ਅਭਿਵਿਅੰਜਨਾਂ ਮਿਥ

---

1. "Mythology by itself is never Religion" Maxmuller Religion,myth & Customs,Page,293
2. The Religion & mythology of the Greeks.Vol.II(An introduction to the Mythology)
3. "There can be no mythology,where religion is not involved" Weaver & Boswell.Fundamental of Folk literature ,Page 90.
4. Introduction to the History of Religion,Page 254

ਕਥਾ ਦਾ ਇੱਕ ਰੂਪ ਹੈ। ਰੂਪ ਰੂਪੀ ਦਾ ਅੰਗ ਤਾਂ ਜ਼ਰੂਰ ਬਣ ਜਾਂਦਾ ਹੈ, ਪਰ ਇਹ ਖ਼ੁਦ ਰੂਪੀ ਨਹੀਂ ਹੋ ਜਾਂਦਾ।

ਮਿਥ ਕਹਾਣੀਆਂ ਸਿਰਜਨ ਸ਼ੀਲ ਹਨ। ਇਹ ਪ੍ਰਤੀਕ ਧਰਮ ਦਾ ਅੰਗ ਬਣਦੇ ਹਨ। ਸ਼ੁੱਧ ਵਿਗਿਆਨ ਦੀ ਭਾਸ਼ਾ ਮਿਥ ਭਾਸ਼ਾ ਤੋਂ ਵਖਰੀ ਚੀਜ਼ ਹੈ। ਸਥੂਲ ਜਗਤ ਦੀਆਂ ਬਹੁਤ ਸਾਰੀਆਂ ਗੱਲਾਂ ਨੂੰ ਵਿਗਿਆਨਕ ਭਾਸ਼ਾ ਨਿਰਸੰਦੇਹ ਪ੍ਰਗਟਾ ਸਕਦੀ ਹੈ। ਪਰ ਸੂਖਮ ਤੇ ਇੰਦ੍ਰਿਆਤੀਤ ਜਗਤ ਦਾ ਅਨੁਭਵ ਮਿਥ ਭਾਸ਼ਾ ਰਾਹੀਂ ਹੀ ਮਨੁੱਖ ਦੀ ਮਾਨਸਿਕ ਸੰਤੁਸ਼ਟੀ ਦਾ ਕਾਰਣ ਬਣਦਾ ਚਲਾ ਆਇਆ ਹੈ। ਇਹ ਪ੍ਰਤੀਕ ਸਿਰਜਨ ਸਦਾ ਚਲਦਾ ਰਹਿੰਦਾ ਹੈ ਤੇ ਬਿਪਤਾ ਦੇ ਸਮੇਂ ਮਨੁੱਖ ਦੇ ਵਿਸ਼੍ਰਿੰਖਲ ਜਗਤ ਨੂੰ ਸੰਭਾਲਣਾ ਬਖਸ਼ਦਾ ਹੈ। ਸਮੇਂ ਦੇ ਵਿਕਾਸ ਨਾਲ ਕਈ ਮਿਥ ਪ੍ਰਤੀਕਾਂ ਦੀ ਲੋੜ ਮੁਕਦੀ ਹੈ ਕਿਉਂਕਿ ਇਹ ਪਹਿਲੇ ਵਰਗੀ ਅਨੁਭੂਤੀਆਂ ਨੂੰ ਉਪਜਾਉਣ ਵਿੱਚ ਅਸਮਰਥ ਹੋ ਗਏ ਹੁੰਦੇ ਹਨ, ਸੋ ਇਹ ਮਿਥ ਪ੍ਰਤੀਕ ਮਰ ਜਾਂਦੇ ਹਨ। ਸਮਾਜਿਕ ਕਦਰਾਂ ਕੀਮਤਾਂ ਦੀ ਤਬਦੀਲੀ ਤੇ ਅਨੁਭੂਤੀਆਂ ਹੀਣਤਾ ਹੀ ਇਨ੍ਹਾਂ ਦੀ ਮੌਤ ਦਾ ਕਾਰਣ ਬਣਦੀ ਹੈ। ਮਿਥ ਪ੍ਰਤੀਕ ਦਾ ਸਿਰਜਨ ਰੂਪ ਹੀ ਇਸ ਨੂੰ ਧਰਮ ਨਾਲ ਜੋੜਦਾ ਹੈ। ਧਰਮ ਪ੍ਰਤੀਕ ਨੂੰ ਅਭਿਵਿਅਕਤੀ ਤੇ ਧਾਰਮਿਕ ਰੂਪਾਂ ਨਾਲ ਆਰੋਪਿਤ ਕਰਦਾ ਹੈ ਤੇ ਇਨ੍ਹਾਂ ਦੀ ਲੋੜ ਨੂੰ ਸਾਰਥਕ ਬਣਾਉਂਦਾ ਹੈ।

ਪਰ ਧਰਮ ਚੇਤਨਾ ਮਿਥ ਚੇਤਨਾ ਨਹੀਂ। ਇਹ ਪਾਰਲੌਕਿਕ, ਰਹੱਸਵਾਦਿਕ ਸਰਬਸ਼ਕਤੀਮਾਨ ਨੂੰ ਸਮਝਣਾ ਚਾਹੁੰਦੀ ਹੋਈ ਨਵੀਂ ਤਰਤੀਬ ਆਪਣੇ ਨਿਜ਼ੂਰੇ ਪੱਧਰ ਲਈ ਪ੍ਰਕ੍ਰਤੀ ਦੇ ਆਲੇ ਪਸਾਰੇ ਵਿਚੋਂ ਅਨਿਆਰੇ ਵਿੱਚ ਵਿਚਰਦੇ ਮਨੁੱਖ ਦਾ ਨਿਜੀ ਅਤੇ ਪ੍ਰਕ੍ਰਤੀ ਦਾ ਪਰਾਉਨ ਵਿੱਚ ਮਿਥ ਵਿਧੀ ਸਮੂਰਤ, ਕਲਪਨਾਤ ਬਿੰਬਾਂ ਤੇ ਪ੍ਰਤੀਕਾਂ ਰਾਹੀਂ ਮਨੁੱਖ ਦਾ ਸਾਥ ਦਿੰਦੀ ਹੈ। ਪਰ ਧਰਮਾਤਮਕ ਮੰਡਲਾਂ ਵਿੱਚ ਪ੍ਰਵਿਸ਼ਟ ਹੋ ਕੇ ਮਨੁੱਖ ਸਮੂਰਤ ਤੋਂ ਅਮੂਰਤ ਵੱਲ ਕੂਚ ਕਰਨ ਲੱਗ ਪੈਂਦਾ ਹੈ ਤੇ ਮਿਥ ਵਿਧੀ ਦੀ ਲੋੜ ਨੂੰ ਤਿਆਗ ਦਿੰਦਾ ਹੈ।

ਜੋ ਧਾਰਮਿਕ ਮਰਯਾਦਾ ਦੀ ਅਭਿਵਿਅੰਜਨਾ ਸ਼ੈਲੀ ਨਾਲ ਜੁੜਕੇ ਹੋਣ ਕਾਰਣ ਮਿਥ ਕਥਾ ਅੰਸ਼ਿਕ ਰੂਪ ਵਿਚ ਧਰਮ ਦੀ ਸੀਮਾਂ ਦੇ ਨੇੜੇ ਰਹਿੰਦੀ ਹੈ ਅਤੇ ਅੰਗ ਅੰਗੀ ਦੇ ਸੰਬੰਧਾਂ ਵਿਚ ਵਿਚਰਦੀ ਹੈ। ਇਹ ਸਿੱਧੀ ਅਭਿਵਿਅਕਤੀ ਵਾਲਾ ਹੈ।

## (ਗ) ਮਿਥਿਹਾਸ ਅਤੇ ਕਾਵਿ

ਕਾਵਿ ਵੀ ਮਿਥਿਹਾਸ ਨੂੰ ਅਭਿਵਿਅਕਤੀ ਬਖਸ਼ਦਾ ਹੈ। ਪਰ ਇਸ ਦਾ ਮਤਲਬ ਇਹ ਨਹੀਂ ਕਿ ਆਪਣੀ ਅਭਿਵਿਅਕਤੀ ਲਈ ਮਿਥਿਹਾਸ ਨੂੰ ਕੇਵਲ ਕਾਵਿ ਦੀ ਹੀ ਮੁਥਾਜੀ ਹੈ। ਮਿਥਿਹਾਸ ਚਿਤ੍ਰਕਾਰੀ, ਬੁੱਤਕਲਾ ਤੇ ਭਵਨ ਨਿਰਮਾਣਕਲਾ ਵਿੱਚ ਵੀ ਪ੍ਰਗਟਾ ਪ੍ਰਾਪਤ ਕਰਨ ਦੀ ਸਮਰਥਾ ਰੱਖਦਾ ਹੈ। ਮਿਥ ਕਥਾਵਾਂ ਤੇ ਅਧਾਰਿਤ ਚਿਤ੍ਰ, ਦੇਵਤਿਆਂ ਰਾਜਿਆਂ, ਦੇਵੀਆਂ ਤੇ ਮਿਥ ਪਾਤਰਾਂ ਨਾਲ ਸੰਬੰਧਿਤ ਹੋਰ ਅਨੇਕ ਕਿਸਮ ਦੀਆਂ ਮੂਰਤੀਆਂ, ਅਜੰਤਾ ਐਲੋਰਾ ਤੇ ਐਲੀਫੈਂਟਾ ਦੀਆਂ ਕੰਦਰਾਂ, ਪ੍ਰਸਿਧ ਧਰਮ ਅਸਥਾਨਾਂ ਤੇ ਪੁਰਾਣੇ ਮੰਦਿਰ ਅਤੇ ਅਨੁਸ਼ਠਾਨ ਕਰਮ ਇਤਿਆਦਿ ਮਿਥਿਹਾਸ ਦਾ ਪ੍ਰਗਟਾ ਸਾਧਨ ਹਨ। ਕਾਵਿ ਵੀ ਇਨ੍ਹਾਂ ਵਿਚੋਂ ਇੱਕ ਸਾਧਨ ਮਾਤਰ ਹੈ ਪਰ ਮਹੱਤਵ ਪੂਰਨ ਸਾਧਨ ਹੈ। ਮਿਥ ਕਥਾ ਦਾ ਪ੍ਰਚਲਾ ਸਰੂਪ ਲੋਕ ਕਥਾ ਵਾਲਾ ਹੈ ਤੇ ਮੁਨੀ ਮਹਾਤਮਾ ਤੇ ਪੰਡਿਤ ਵਰਗ ਨੇ ਜਿਸਨੂੰ ਧਰਮ ਵਿਆਖਿਆ ਲਈ ਮਿਥ ਕਥਾ ਬਣਾ ਦਿਤਾ ਹੈ।

ਕਾਵਿ ਸਧਾਰਣ ਰੂਪ ਵਿੱਚ ਸਾਹਿੱਤ ਦਾ ਬੀਜ ਹੈ। ਸਾਹਿੱਤ ਸ਼ਬਦਿਕ ਅਭਿਵਿਅੰਜਨਾ ਉਤੇ ਅਧਾਰਿਤ ਇੱਕ ਕੋਮਲ ਹੁਨਰ ਹੈ, ਜਿਸ ਵਿੱਚ ਕਾਲਪਨਿਕ ਨਿਰੂਪਣਾ, ਅਲੰਕਾਰ ਵਿਧੀ, ਬਿੰਬ ਵਿਧਾਨ, ਰੂਪ ਭਾਵੁਕਤਾ ਤੇ ਬੁਧੀ ਦਾ ਸੁਮੇਲ ਵੀ ਸ਼ਾਮਲ ਹੈ। ਇਨ੍ਹਾਂ ਤੱਤਾਂ ਨੂੰ ਸਾਹਿੱਤ ਦੇ ਬਾਕੀ ਰੂਪਾਂ ਨਾਲੋਂ ਕਾਵਿ ਵਿੱਚ ਵਧੇਰੇ ਮਾਨਤਾ ਪ੍ਰਾਪਤ ਹੁੰਦੀ ਹੈ। ਕਾਵਿ ਰਾਹੀਂ ਕਵੀ ਮਨੁੱਖੀ ਮਨ ਤੇ ਭਾਵਾਂ ਨੂੰ ਤਰੰਗਿਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਪਾਠਕ ਦੇ ਗਿਆਨ ਪਸਾਰੇ, ਰੁਚੀ ਦੀ ਸੁਹਜ ਸੁਆਦ ਦੀ ਤ੍ਰਿਪਤੀ ਅਤੇ ਉਸ ਨੂੰ ਪ੍ਰੇਰਣ ਦੀ ਸਮਰਥਾ ਇਸ ਕਾਵਿ ਵਿੱਚ ਹੁੰਦੀ ਹੈ। ਕਵੀ ਲਈ ਮਿਥ ਸੰਸਾਰ ਕਲਪਨਾ ਅਤੇ ਬਿੰਬਾਂ ਦਾ, ਅਥਾਹ ਭੰਡਾਰ ਹੈ। ਆਪਣੇ ਸਮਕਾਲੀ ਸਮਾਜ ਦੀਆਂ ਕਦਰਾਂ ਕੀਮਤਾਂ ਦੀ ਵਿਆਖਿਆ, ਸਥਾਪਤੀ ਅਤੇ ਹੋਰ ਪ੍ਰਕਾਰ ਜੀਵਨ ਦੇ ਪੱਖਾਂ ਨੂੰ ਉਜਾਗਰ ਕਰਨ ਲਈ ਉਹ ਮਿਥ ਜਗਤ ਤੋਂ ਸਾਮਗ੍ਰੀ ਪ੍ਰਾਪਤ ਕਰਕੇ ਆਪਣੀਆਂ ਰਚਨਾਵਾਂ ਵਿੱਚ ਵਰਤਦਾ ਹੈ।

ਮਿਥ ਸਾਮਗ੍ਰੀ ਦੀ ਕਾਵਿ ਰਚਨਾਵਾਂ ਵਿੱਚ ਵਰਤੋਂ ਦੀਆਂ ਵਿਧੀਆਂ ਕੁਝ ਇਸ ਪ੍ਰਕਾਰ ਹੋ ਸਕਦੀਆਂ ਹਨ।

(1) ਮਿਥ ਕਥਾਵਾਂ ਦਾ ਸਿਧਾ ਤੇ ਬਦਲਵੇਂ ਸਾਹਿਤਕ ਰੂਪ ਵਿੱਚ ਪ੍ਰਯੋਗ

(2) ਮਿਥ ਕਥਾਵਾਂ ਦੀ ਸੰਕੇਤ ਤੇ ਸੂਤਰ ਰੂਪ ਵਿੱਚ ਵਰਤੋਂ।

ਮਿਥ ਕਥਾਵਾਂ ਅਧਾਰ ਪ੍ਰਗਟਾ ਅਭਿਵਿਅਕਤੀ ਤੇ ਕਾਵਿ ਸਾਹਿੱਤ ਨਾਲ ਸੰਬੰਧਿਤ ਰਹੀਆਂ ਹਨ। ਇਨ੍ਹਾਂ ਦੀ ਸਾਮਗ੍ਰੀ ਸਧਾਰਣ ਲੋਕ-ਪ੍ਰਵਾਹ ਦੇ ਸਾਹਿੱਤ ਦਾ ਬੀਜ ਵੀ ਬਣੀ ਰਹੀ ਹੈ ਅਤੇ ਉਤਕ੍ਰਿਸ਼ਟ ਸਾਹਿੱਤ ਦਾ ਸ਼ਿੰਗਾਰ ਵੀ ਬਣੀ ਰਹੀ ਹੈ। ਇਸ ਦੀ ਵਰਤੋਂ ਸਮੁੱਚੇ ਰੂਪ ਵਿਚ ਵੀ ਹੋਈ ਹੈ ਤੇ ਅੰਸ਼ਿਕ ਰੂਪ ਵਿਚ ਵੀ।

ਮਿਥ ਕਥਾਵਾਂ ਦਾ ਵਿਪਰੀਤ ਰੂਪ ਪੰਚਤੰਤ੍ਰ ਗ੍ਰੰਥ ਆਦਿ ਵਰਗੀਆਂ ਰਚਨਾਵਾਂ ਵਿਚੋਂ ਮਿਲਦਾ ਹੈ। ਇਹ ਮਿਥ ਸਾਮਗਰੀ ਦੀ ਉਤਕ੍ਰਿਸ਼ਟ ਵਰਤੋਂ ਨਹੀਂ। ਇਸ ਵਿਚਲੀਆਂ ਮਿਥ ਕਥਾਵਾਂ ਦਿਲ-ਪਰਚਾਵੇ ਦੇ ਸਾਹਿੱਤ ਤੋਂ ਵੱਧ ਮਾਨਤਾ ਨਹੀਂ ਰੱਖਦੀਆਂ। ਇਨ੍ਹਾਂ ਦੇ ਨਾਲ ਹੀ ਰਾਮਾਇਣ ਵਰਗੀਆਂ ਰਚਨਾਵਾਂ ਹਨ ਜਿਨ੍ਹਾਂ ਵਿੱਚ ਮਿਥ ਕਥਾਵਾਂ ਨੂੰ ਸੰਗਠਿਤ ਹੋਣ ਦਾ ਅਵਸਰ ਮਿਲਦਾ ਹੈ। ਇਹ ਇੱਕ ਆਦਰਸ਼ ਦੀ ਸੇਧ ਵਿੱਚ ਤੁਰਦੀਆਂ ਹਨ। ਰਾਮ ਮਿਥ ਜਗਤ ਦਾ ਪਾਤਰ ਹੈ ਪਰ ਉਸ ਦਾ ਆਦਰਸ਼ੀਕਰਣ ਹੋਣ ਨਾਲ ਹੋਰ ਅਨੇਕ ਪਾਤਰ ਇਸ ਰਚਨਾ ਵਿੱਚ ਆ ਸ਼ਾਮਿਲ ਹੁੰਦੇ ਹਨ। ਰਾਮਾਇਣ ਵਿੱਚ ਇਨ੍ਹਾਂ ਪਾਤਰਾਂ ਦੇ ਮੂੰਹ ਮੁਹਾਂਦਰੇ ਬਣਦੇ ਹਨ ਤੇ ਇਨ੍ਹਾਂ ਦਾ ਰੂਪ ਸਥਾਪਤੀ ਪਕੜਦਾ ਹੈ।

ਇਸੇ ਸਿਧੇ ਰੂਪ ਦੇ ਸਾਹਿੱਤਕ ਪ੍ਰਗਟਾਉ ਵਿੱਚ ਐਸੀ ਤੁਲਸੀ ਰਚਿਤ 'ਰਾਮ ਚਰਿਤ ਮਾਨਸ' ਆਉਂਦੀ ਹੈ ਪਰ ਏਥੇ ਰਾਮਾਇਣ ਦੇ ਮਨੁੱਖੀ ਧਰਾਤਲ ਉਤੇ ਆਦਰਸ਼ ਯੁਗਤ ਪਾਤਰ ਨੂੰ ਬ੍ਰਹਮ ਅਧੀਨ ਅਵਤਾਰ ਤੇ ਦੇਵ ਦੀ ਉਪਾਧੀ ਮਿਲਦੀ ਹੈ। ਜਿਥੇ ਇਹ ਸਾਹਿਤ ਉਤਕ੍ਰਿਸ਼ਟ ਸਾਹਿੱਤ ਦਾ ਸੰਕੇਤ ਕਰਿਆ ਹੈ ਉਥੇ ਮਿਥ ਨੂੰ ਧਰਮ ਨਾਲ ਜੋੜ ਦੇਣ ਵਾਲੇ ਪ੍ਰੋਹਿਤ ਵਰਗ ਦੀ ਜਿਗਿਆਸਾ ਦੀ ਇੱਕ ਮਿਸਾਲ ਵੀ ਹੈ।

ਭਾਰਤ ਦਾ ਪੁਰਾਤਨ ਸਾਹਿੱਤ ਹੀ ਮਿਥ ਕਥਾਵਾਂ ਦੀ ਸਾਮਗਰੀ ਦਾ ਵਿਸ਼ਾਲ ਭੰਡਾਰ ਹੈ। ਇਸਨੂੰ ਇਸੇ ਪਹਿਲੀ ਪ੍ਰਕਾਰ ਦੀ ਵਿਧੀ ਵਿਚ ਰੱਖਿਆ ਜਾ ਸਕਦਾ ਹੈ।

ਕਾਲੀ ਦਾਸ ਦੀਆਂ ਰਚਨਾਵਾਂ ਮੇਘਦੂਤ ਤੇ ਸ਼ੰਕੁੰਤਲਾ ਵਿਚ ਮਿਥ ਕਥਾਵਾਂ ਦੇ ਪਾਤਰ ਪ੍ਰਿਸ਼ਟ ਭੂਮੀ ਵਿੱਚ ਵਿਚਰਦੇ ਹਨ। ਇਸ ਤਰ੍ਹਾਂ ਹੀ ਮਧਯੁਗ ਦਾ ਸਗੁਣ ਸਾਹਿੱਤ, ਹੈ, ਜਿਸ ਵਿੱਚ ਭਗਤੀ ਮਹਾਤਮ, ਜਪ-ਮਹਾਤਮ, ਅਵਤਾਰ ਮਹਾਤਮ, ਸ਼ੀਲ ਸਦਾਚਾਰ ਮਹਾਤਮ ਆਦਿ ਦੇ ਆਦਰਸ਼ ਨੂੰ ਸਾਹਮਣੇ ਰੱਖ ਕੇ ਮਿਥ ਕਥਾਵਾਂ ਦੀ ਵਰਤੋਂ ਹੁੰਦੀ ਹੈ।

ਦੂਜੀ ਕਿਸਮ ਦੀ ਵਰਤੋਂ ਵਿਚ ਮੁੱਖ ਰੂਪ ਵਿਚ ਮਿਥ ਕਥਾਵਾਂ ਦਾ ਪ੍ਰਯੋਗ ਇਨ੍ਹਾਂ ਵਿਚਲੇ ਪਾਤਰਾਂ ਦੇ ਚਰਿਤ੍ਰਾਂ ਅਤੇ ਘਟਨਾਵਾਂ ਦੇ ਵਰਣਨ ਕਰਨ ਦੇ ਲਿਹਾਜ਼ ਵਿਚੋਂ ਨਹੀਂ ਹੁੰਦਾ। ਸਗੋਂ ਆਪਣੇ ਸਿਧਾਂਤਾਂ ਨੂੰ ਸਰਵਜਨਕਰੂਪ ਵਿਚ ਸੁਲੱਭ ਬਣਾਉਣ ਲਈ ਇਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ। ਪਰ ਇਨ੍ਹਾਂ ਪਾਤਰਾਂ ਨਾਲ ਸ਼ਰਧਾ ਦਾ ਪ੍ਰਸ਼ਨ ਹੀ ਨਹੀਂ ਉਠਦਾ। ਇਨ੍ਹਾਂ ਦੀ ਵਰਤੋਂ ਕੇਵਲ ਪ੍ਰਤੀਕ ਹੁੰਦੀ ਹੈ। ਇਹ ਵਰਤੋਂ ਕੇਵਲ ਆਤਮਿਕ ਅਨੁਭੂਤੀ ਨੂੰ ਸੁਲੱਭ ਬਣਾਉਣ ਲਈ, ਆਪਣੀਆਂ ਮਾਨਤਾਵਾਂ ਨੂੰ ਸਪਸ਼ਟਤਾ ਤੇ ਸਹਾਇਤਾ ਦੇਣ ਲਈ ਅਤੇ ਕੁਝ ਤੱਥਾਂ ਦੇ ਖੰਡਨਾਤਮਕ ਜਾਂ ਮੰਡਨਾਤਮਕ ਕੀਤੀ ਜਾਂਦੀ ਹੈ। ਗੁਰੂ ਨਾਨਕ ਬਾਣੀ ਵਿੱਚ ਮਿਥ ਕਥਾਵਾਂ ਦੇ ਸੰਕੇਤ ਜਾਂ ਪ੍ਰਸੰਗ ਇਸੇ ਹੀ ਰੁਚੀ ਦੇ ਸੂਚਕ ਹਨ।

ਸੋ ਮਿਥਿਹਾਸ ਅਤੇ ਸ਼ਬਦ ਦਾ ਸੰਬੰਧ ਵੀ ਅਭਿਵਿਅਕਤੀ ਦਾ ਸੰਬੰਧ ਹੈ। ਮਿਥਿਹਾਸ ਨੂੰ ਹੋਰਨਾਂ ਪ੍ਰਗਟਾਉ ਵਿਧੀਆਂ ਦੇ ਨਾਲ ਸ਼ਬਦ ਪ੍ਰਗਟਾਉ ਵਿਧੀ ਦਾ ਇਕ ਮਹੱਤਵ ਪੂਰਣ ਅੰਗ ਉਪਲਬਧ ਹੁੰਦਾ ਹੈ। ਧਰਮ ਦੇ ਖੇਤਰ ਵਿਚ ਆ ਕੇ ਇਹ ਸ਼ਬਦ ਧਰਮ ਸ਼ਬਦ ਬਣਦਾ ਹੈ ਤੇ ਮਿਥ ਨੂੰ ਵੀ 'ਧਾਰਣ' ਦੇ ਨੇੜੇ ਨੇੜੇ ਹੋ ਕੇ ਵਿਚਰਣ ਦਾ ਅਧਾਰ ਪ੍ਰਾਪਤ ਹੁੰਦਾ ਹੈ।

ਦੂਜੇ ਪਾਸੇ ਸ਼ਬਦ ਨੂੰ ਮਿਥ ਜਗਤ ਵਿਚੋਂ ਉਹ ਸਮਗਰੀ, ਜਿਸ ਦਾ ਸੰਬੰਧ ਤੇ ਵਿਸਤਾਰ ਸਦੀਆਂ ਪੁਰਾਣੀ ਸੰਸਕ੍ਰਿਤੀ ਨਾਲ ਹੈ ਤੇ ਜਿਸ ਵਿੱਚ ਸਦਾ ਵਿਕਾਸ ਹੁੰਦਾ ਰਹਿੰਦਾ ਹੈ, ਉਪਲਬਧ ਹੁੰਦੀ ਹੈ। ਮਿਥ ਜਗਤ ਦੇ ਪਾਤਰ ਨਾਇਕ, ਇੰਝ ਪ੍ਰਸਾਦ ਤੋਂ ਸ਼ਬਦ ਦਾ ਭਰਪੂਰ ਅੰਗ ਬਣ ਕੇ ਵਿਚਰਦੇ ਹਨ।

# ਇਤਿਹਾਸਕ ਸ਼ਖ਼ਸੀਅਤਾਂ

(ੳ) ਦੇਵ ਭਾਵਨਾ ਦਾ ਵਿਕਾਸ

(ਅ) ਪੁਰਾਤਨ ਸਰੂਪ ਵਾਲੇ ਦੇਵਤੇ

(ੲ) ਪ੍ਰਮੁੱਖ ਅਵਤਾਰ

(ਸ) ਪ੍ਰਸਿੱਧ ਪੁਰਾਤਨ ਇਸਤ੍ਰੀਆਂ

(ਹ) ਪੁਰਾਤਨ ਰਾਜੇ ਰਿਸ਼ੀ ਭਗਤ

(ਕ) ਭਾਰਤੀ ਇਤਿਹਾਸ ਦੀਆਂ ਅਸੁਰ ਸ਼ਖ਼ਸੀਅਤਾਂ

(ਖ) ਅਭਾਰਤੀ ਇਤਿਹਾਸਕ ਸ਼ਖ਼ਸੀਅਤਾਂ

(ੲ) <u>ਦੇਵ ਭਾਵਨਾ ਦਾ ਵਿਕਾਸ।</u>

ਆਦਿਮ ਮਨੁੱਖ ਵਿੱਚ ਪ੍ਰਕ੍ਰਿਤਕ ਪਦਾਰਥਾਂ, ਵਿਸ਼ੇਸ਼ ਕਰ ਕੇ ਰੁੱਖਾਂ, ਨਖਤਰਾਂ ਆਦਿ ਪ੍ਰਤੀ ਦੇਵ ਭਾਵਨਾ ਦਾ ਵਿਕਾਸ ਪਿੱਛੋਂ ਹੋਇਆ ਹੈ। ਇਸ ਤੋਂ ਪਹਿਲਾਂ ਉਨ੍ਹਾਂ ਵਿੱਚ ਦੇਵ ਭਾਵਨਾ ਦਾ ਆਤਮ-ਵਿਕਾਸ ਆਪਣੇ ਕਬੀਲੇ ਦਾ ਨੇਤਾ ਸੀ। ਐਚ.ਜੀ.ਵੈਲਜ਼ ਨੇ ਲਿਖਿਆ ਹੈ ਕਿ ਆਦਿਮ ਮਾਨਵ ਛੋਟੇ ਛੋਟੇ ਸਮੂਹਾਂ ਵਿੱਚ ਰਹਿੰਦਾ ਸੀ ਅਤੇ ਸਮੂਹਾਂ ਵਿਚ ਸਮੂਹ ਦਾ ਬਿਰਧ ਹੀ ਸਮੂਹ ਦਾ ਸੁਆਮੀ ਹੁੰਦਾ ਸੀ। ਇਸਤ੍ਰੀਆਂ ਉਤੇ (ਸੁਆਮੀ ਦੇ ਰੂਪ ਵਿੱਚ) ਅਤੇ ਬੱਚਿਆਂ ਉਤੇ ਵੀ ਉਸਦਾ ਡੂੰਘਾ ਪ੍ਰਭਾਵ ਜਾਂ ਡਰ ਹੁੰਦਾ ਸੀ। ਮਾਵਾਂ ਬੱਚਿਆਂ ਨੂੰ ਬਿਰਧ ਪ੍ਰਤੀ ਡਰ, ਸ਼ਰਧਾ ਅਤੇ ਸਨਮਾਨ ਦੇ ਭਾਵਾਂ ਲਈ ਪ੍ਰੇਰਦੀਆਂ ਸਨ। ਬਿਰਧ ਦੀ ਮੌਤ ਪਿੱਛੋਂ ਉਸਦੀ ਦੇਹ ਨੂੰ ਸਨਮਾਨ ਪੂਰਬਕ ਮਿਟੀ ਲਾਇਆ ਜਾਂਦਾ ਸੀ। ਪਿੱਛੋਂ ਵੀ ਉਸਦੀ ਮਹਾਨਤਾ ਦੇ ਚਰਚੇ ਹੁੰਦੇ ਰਹਿੰਦੇ ਸਨ। ਆਪਣੇ ਕਬੀਲਿਆਂ ਤੋਂ ਇਲਾਵਾ ਇਹ ਬਿਰਧ ਦੂਜੇ ਕਬੀਲਿਆਂ ਲਈ ਵੀ ਵਿਸਮੈਜਨਕ ਪ੍ਰਭਾਵ ਰਖਦਾ ਸੀ। ਆਪਣੇ ਬਿਰਧ ਪ੍ਰਤੀ ਡਰ ਅਤੇ ਵਿਸਮੈ ਆਦਿ ਦੀ ਭਾਵਨਾ ਹੀ ਬਾਅਦ ਵਿਚ, ਅਪ੍ਰਤਖ ਰੂਪ ਵਿਚ ਕੁਲ ਦੇਵਤਾ ਅਤੇ ਫਿਰ ਕਬੀਲੇ ਦੇ ਦੇਵਤਾ ਦੇ ਰੂਪ ਵਿਚ ਪਰਿਵਰਤ ਹੋਈ ਤੇ ਪਿੱਛੋਂ ਦੇਵ ਵਾਦ ਤੱਕ ਅਪੜੀ।[1]

<u>ਦੇਵਤੇ</u>

ਦੇਵ 'ਦਿਵ' ਧਾਤੂ ਤੋਂ ਬਣਿਆ ਹੈ ਜਿਸਦਾ ਅਰਥ ਹੈ ਚਮਕਣਾ।[2] ਦੇਵ ਪਦ ਦਿਵਯ ਪਵਨ ਦਾ ਅਰਥ ਬੋਧ ਕਰਾਉਂਦਾ ਹੈ। ਸਾਧਾਰਣ ਹਿੰਦੂ ਪ੍ਰਾਣੀ ਦੀ ਭਾਵਨਾ ਵਿੱਚ ਇਹੀ ਅਰਥ ਸਾਹਮਣੇ ਹੋਏ ਹਨ। ਦੇਵਤੇ, ਆਰੀਆ ਸੰਸਕ੍ਰਿਤੀ ਦਾ ਮਹੱਤਵ ਪੂਰਣ ਅੰਗ ਹਨ ਤੇ ਵੇਦਾਂ ਵਿੱਚ ਆਰੀਆ ਜੀਵਨ ਦਾ ਦਰਪਣ ਹੈ। ਵੈਦਿਕ ਮਤ ਅਨੁਸਾਰ ਦੇਵ ਪਵਿਤ੍ਰ ਹਸਤੀਆਂ ਹਨ ਤੇ ਪੂਜਨ ਯੋਗ ਹਨ। ਵੇਦ ਮੰਤ੍ਰਾਂ ਵਿੱਚ ਇੰਦ੍ਰ, ਮਿਤ੍ਰ ਵਰੁਣ, ਅਗਨੀ, ਮਰੁਤ ਇਤਿਆਦਿ ਦੇ ਨਾਂ ਦੇਵਤਿਆਂ ਦੀ ਸੂਚੀ ਵਿੱਚ ਦਰਜ ਹੋਏ ਹਨ। ਜਿਸ ਕਾਲ ਨਾਲ ਇਨ੍ਹਾਂ ਵੇਦ ਮੰਤ੍ਰਾਂ ਦਾ ਸੰਬੰਧ ਹੈ, ਉਸੇ ਕਾਲ ਵਿੱਚ ਦੇਵਤਿਆਂ ਦੀ ਉਪਾਸਨਾ ਦਾ ਵਿਧਾਨ ਵੀ ਹੋਵੇਗਾ।[3]

ਵੇਦਾਂ ਵਿਚਲੇ ਦੇਵਤਿਆਂ ਵਿਚ ਇੰਦ੍ਰ ਦਾ ਸਥਾਨ ਸਭ ਤੋਂ ਉਚਾ ਹੈ। "ਜਿਤਨੇ ਮੰਤ੍ਰ ਇੰਦਰ ਪ੍ਰਤੀ ਉਚਾਰੇ ਗਏ ਹਨ ਉਤਨੇ ਹੋਰ ਸਭ ਦੇਵਤਿਆਂ ਦੇ ਮਿਲਾਕੇ ਵੀ ਨਹੀਂ ਬਣਦੇ।"[4]

---

1. H.G. Wel;es: Out lines of History, P.127-29
2. H. F. Wilman- GRABOWSKA. 'Brahmanic Mythology' Asiatic Mythology, Page 102
3. ਮਿ੍ਰਤੁੰਜਯ ਚੰਦ, (ਡਾ:), 'ਹਿੰਦੂ ਦੇਵ ਪਰਿਵਾਰ ਕਾ ਵਿਕਾਸ', ਪੰਨਾ 7
4. ਉਹੀ ਪੰਨਾ 75

ਇੰਦ੍ਰ ਤੋਂ ਬਾਅਦ ਵਰੁਣ, ਯਮ, ਸੂਰਜ, ਮਿਤ੍ਰ, ਨਾਸਤਯ, ਵਿਸ਼ਨੂ, ਰੁਦ੍ਰ ਅਤੇ ਅਗਨੀ ਦੇ ਨਾਂ ਗਿਣਾਏ ਜਾ ਸਕਦੇ ਹਨ। ਇਨ੍ਹਾਂ ਵਿਚੋਂ ਬਹੁਤੇ ਨਾਂ ਹਾਲੇ ਵੀ ਹਿੰਦੂ ਸਮਾਜ ਵਿੱਚ ਪ੍ਰਚਲਤ ਹਨ।

ਪੁਰਾਣਾਂ ਵਿਚ ਤਿੰਨ ਪ੍ਰਮੁੱਖ ਦੇਵਤੇ ਉਪਾਸ਼ਨਾ ਦੇ ਸਾਹਮਣੇ ਆਉਂਦੇ ਹਨ। ਬ੍ਰਹਮਾ, ਵਿਸ਼ਨੂ ਅਤੇ ਮਹੇਸ਼। ਇੰਦ੍ਰ ਨੂੰ ਪੁਰਾਣਾਂ ਵਿੱਚ ਵਿਸ਼ਨੂੰ ਆਦਿ ਦੇਵਤਿਆਂ ਤੋਂ ਹੇਠਾਂ ਥਾਂ ਮਿਲਿਆ ਹੈ। ਬਾਕੀ ਵੈਦਿਕ ਦੇਵਤੇ ਵੀ ਹੋਰ ਰੂਪ ਵਿਚ ਵਿਚਰੇ ਹਨ। ਦੇਵਤਿਆਂ ਦੇ ਨਾਲ ਨਾਲ ਪੁਰਾਣਾਂ ਨੇ ਅਵਤਾਰ ਭਾਵਨਾ ਨੂੰ ਮਿਲਾਕੇ ਅਵਤਾਰ ਉਪਾਸਨਾ ਉਤੇ ਵਧੇਰੇ ਬਲ ਦਿੱਤਾ ਹੈ। ਦੇਵ ਪਰਿਵਾਰ ਦੇ ਇਸ ਵਿਕਾਸ ਵਿਚ 'ਅਵਤਾਰ ਮਹਿਮਾ' ਦਾ ਕਾਰਣ ਸਿਧਾਂਤਿਕ ਰੁਚੀ ਦੀ ਪ੍ਰਧਾਨਤਾ ਅਤੇ ਰਾਜਨੀਤਕ ਉਥਲ ਪੁਥਲ ਵੀ ਹੈ।

ਇਹ ਦੇਵਤੇ ਕੌਣ ਹਨ ? ਇਨ੍ਹਾਂ ਦੇ ਸੰਬੰਧ ਵਿਚ ਆਰੀਆਂ ਦੀ ਧਾਰਨਾ ਕੀ ਰਹੀ ਹੋਵੇਗੀ ? ਇਤਿਆਦਿ ਪ੍ਰਸ਼ਨਾਂ ਦੇ ਉੱਤਰ ਵੇਦ ਮੰਤ੍ਰਾਂ ਦੀ ਵਿਆਖਿਆ ਵਿਚੋਂ ਲਭਣ ਦੇ ਯਤਨ ਕੀਤੇ ਗਏ ਹਨ। ਦੇਵਾਂ ਨਾਲ ਸੰਬੰਧਿਤ ਮੰਤ੍ਰਾਂ ਦੀ ਵਿਆਖਿਆ ਲਈ ਇਤਿਹਾਸ, ਨੈਰੁਕਤ ਅਤੇ ਸਮਾਧੀ ਜਾਂ ਸੰਕੇਤਕ ਸ਼ੈਲੀ ਤੋਂ ਕੰਮ ਲਿਆ ਗਿਆ ਹੈ। ਇਤਿਹਾਸ ਸ਼ੈਲੀ ਇਤਿਹਾਸ ਮੂਲਕ ਹੈ। ਇਸ ਸ਼ੈਲੀ ਅਨੁਸਾਰ ਇਹ ਦੇਵਤੇ ਵਿਅਕਤੀ ਵਿਸ਼ੇਸ਼ ਹਨ। ਇੰਦ੍ਰ ਕੋਈ ਰਾਜਾ ਵੀ ਹੋ ਸਕਦਾ ਹੈ, ਸੈਨਾਪਤੀ ਜਾਂ ਆਰੀਆ ਸਮੁਦਾਏ ਦਾ ਮੁਖੀ ਵੀ ਹੋ ਸਕਦਾ ਹੈ। ਨੈਰੁਕਤ ਸ਼ੈਲੀ ਦੇ ਅੰਤਰਗਤ ਦੇਵਤਿਆਂ ਦੇ ਨਾਵਾਂ ਤੋਂ ਈਸ਼੍ਵਰ ਦੇ ਕਿਸੇ ਰੂਪ ਵਿਸ਼ੇਸ਼ ਦਾ ਪ੍ਰਗਟਾਵਾ ਹੁੰਦਾ ਹੈ। ਤੀਜੀ ਸ਼ੈਲੀ, ਅਰਥਾਤ ਸਮਾਧੀ ਜਾਂ ਸੰਕੇਤਕ ਭਾਸ਼ਾ ਰਾਹੀਂ, ਵੇਦ ਮੰਤ੍ਰਾਂ ਵਿਚੋਂ ਸੰਤ ਦੀ ਕਿਸੇ ਅਨੁਭੂਤੀ ਦਾ ਵਰਨਣ ਮਿਲਦਾ ਆਖਿਆ ਜਾਂਦਾ ਹੈ। ਇਨ੍ਹਾਂ ਸ਼ੈਲੀਆਂ ਉਪਰੰਤ ਇਹ ਵੀ ਧਾਰਨਾ ਰਹੀ ਹੈ ਕਿ ਇਨ੍ਹਾਂ ਵੇਦ ਮੰਤ੍ਰਾਂ ਵਿੱਚ ਪ੍ਰਾਕ੍ਰਿਤਕ ਸ਼ਕਤੀਆਂ ਦਾ ਵਰਨਣ ਕੀਤਾ ਗਿਆ ਹੈ। ਅਜਿਹੀ ਸ਼ੈਲੀ ਨੂੰ ਯਾਸਕ ਨੇ ਨਿਰੁਕਤ ਵਿਚ ਅਪਣਾਇਆ ਹੈ।[2]

ਅਕਸਰ ਹਿੰਦੂ ਬਿਰਤੀ ਇਨ੍ਹਾਂ ਦੇਵਤਿਆਂ ਨੂੰ ਵਿਅਕਤੀ ਵਿਸ਼ੇਸ਼ ਤੇ ਉਸ ਦੀ ਮੂਲ ਪਰਮਾਤਮਾ, ਜੋ ਪਵਿਤ੍ਰ, ਪਾਲਨ ਤੇ ਉਪਾਸਨਾ ਯੋਗ ਹੈ, ਦੇ ਰੂਪ ਵਿਚ ਹੀ ਸਵੀਕਾਰ ਕਰਦੀ ਹੈ। ਇਨ੍ਹਾਂ ਦੀ ਪੂਜਾ ਕੀਤੀ ਜਾਂਦੀ ਹੈ। ਵੇਦ ਮੰਤ੍ਰ ਉਚਾਰੇ ਜਾਂਦੇ ਹਨ। ਆਪਣੇ ਆਪਣੇ ਇਸ਼ਟਦੇਵ ਵਜੋਂ ਸਨਮਾਨਿਆ ਤੇ ਪੂਜਿਆ ਜਾਂਦਾ ਹੈ। ਕੋਈ ਬ੍ਰਹਮਾ ਤੋਂ ਵਰ ਮੰਗਦਾ ਵਿਖਾਇਆ ਗਿਆ ਹੈ, ਕੋਈ ਵਿਸ਼ਨੂੰ ਅੱਗੇ ਪ੍ਰਾਰਥਨਾ ਕਰਦਾ ਹੈ ਤੇ ਵਰਦਾਨ ਦੀ ਮੰਗ ਕਰਦਾ ਹੈ। ਕੋਈ ਸ਼ਿਵ ਦਾ ਉਪਾਸ਼ਕ ਹੈ ਤੇ ਸ਼ਕਤੀ ਵਰਧਕ ਬਣਨਾ ਲੋੜਦਾ ਹੈ। ਮੋਕਸ਼ ਦੀ ਭੀ ਇਨ੍ਹਾਂ ਤੋਂ ਹੀ ਮੰਗ ਕੀਤੀ ਜਾਂਦੀ ਹੈ।

---

1। ਉਹੀ, ਪੰਨਾ 20

2. ਉਹੀ, ਪੰਨਾ 20

ਸਮੁੱਚੇ ਤੌਰ ਤੇ ਦੇਵ ਅਨੁਯਾਈ ਇਨ੍ਹਾਂ ਦੀ ਸਮਰਥਾ ਤੋਂ ਪ੍ਰਭਾਵਿਤ ਹੁੰਦੇ ਹਨ ਤੇ ਕਿਸੇ ਪ੍ਰਕਾਰ ਦੀ ਸ਼ੰਕਾ ਨੂੰ ਨੇੜੇ ਨਹੀਂ ਲੱਗਣ ਦੇਂਦੇ।

ਗੁਰੂ ਨਾਨਕ ਬਾਣੀ ਵਿਚ ਦੇਵ ਪੱਧਰ ਦੀ ਵਰਤੋਂ ਕਾਫੀ ਜਾਂ ਹੋਈ ਹੈ। ਗੁਰੂ ਨਾਨਕ ਨੇ ਵੈਦਿਕ ਜਾਂ ਪੁਰਾਣ ਸਰੂਪ ਵਾਲੇ ਦੇਵਾਂ ਵਿਚ ਸੁਚੇਤ ਹੋ ਕੇ ਅੰਤਰ ਨਹੀਂ ਰੱਖਿਆ। ਫਿਰ ਵੀ ਜਿਨ੍ਹਾਂ ਦੇਵਤਿਆਂ ਦੇ ਵੇਰਵੇ ਜਾਂ ਹਵਾਲੇ ਆਏ ਹਨ, ਉਹ ਦੇਵਤੇ ਪੁਰਾਣ ਸਰੂਪ ਵਾਲੇ ਹੀ ਹਨ। ਅਸੀਂ ਪਹਿਲਾਂ ਬਾਣੀ ਵਿਚੋਂ ਇੰਦ੍ਰ, ਅਗਨੀ, ਵਾਯੂ, ਸੂਰਜ ਅਦਿਤਯ, ਸੋਮ, ਪ੍ਰਜਾਪਤੀ ਯਮ ਅਤੇ ਰੁਦ੍ਰ ਆਦਿ ਦੇ ਸੰਕੇਤ ਵੇਖਣ ਦੀ ਕੋਸ਼ਿਸ਼ ਕਰਾਂਗੇ, ਕਿਉਂਕਿ ਇਨ੍ਹਾਂ ਦੀ ਮਾਨਤਾ ਵੈਦਿਕ ਕਾਲੀਨ ਦੇਵਤਿਆਂ ਕਰਕੇ ਵਧੇਰੇ ਹੈ। ਜਦੋਂ ਨਾਨਕ ਬਾਣੀ ਵਿੱਚ ਇਨ੍ਹਾਂ ਵਿਚੋਂ ਇੰਦ੍ਰ, ਰੁਦ੍ਰ, ਪ੍ਰਜਾਪਤੀ ਅਤੇ ਯਮ ਆਦਿ ਦਾ ਸਰੂਪ ਚਿਤ੍ਰਣ ਪੁਰਾਣਕ ਸਰੂਪ ਵਾਲਾ ਹੀ ਵਧੇਰੇ ਹੈ। ਪੁਰਾਣਕ ਸਰੂਪ ਵਿਚ ਰੁਦ੍ਰ ਮਹੇਸ਼ (ਸ਼ਿਵ) ਦੇ ਰੂਪ ਵਿੱਚ ਅਤੇ ਪ੍ਰਜਾਪਤੀ ਬ੍ਰਹਮਾ ਦੇ ਰੂਪ ਵਿਚ ਵਿਚਰਿਆ ਹੈ।

### ਇੰਦ੍ਰ

ਇੰਦ੍ਰ ਆਕਾਸ਼ ਦਾ ਦੇਵਤਾ ਹੈ ਜਿਸਨੂੰ ਵੇਦਾਂ ਵਿੱਚ ਬਾਕੀ ਦੇਵਤਿਆਂ ਨਾਲੋਂ ਸ੍ਰੇਸ਼ਟਤਮ ਮੰਨਿਆ ਗਿਆ ਹੈ। ਪਰ ਇਹ ਅਜੂਨੀ ਨਹੀਂ, ਇਸਦੇ ਮਾਤਾ ਪਿਤਾ ਹਨ। ਵਾਯੂ ਮੰਡਲ ਦਾ ਦੇਵਤਾ ਹੋਣ ਕਾਰਨ ਬੱਦਲਾਂ ਦਾ ਪ੍ਰਬੰਧ ਅਤੇ ਮੀਂਹ ਵਸਾਉਣ ਦਾ ਕਾਰਜ ਇਸਦੇ ਹੱਥ ਵਿਚ ਹੈ।[1] ਇਹ ਸੋਮ ਰਸ ਦਾ ਬੜਾ ਸ਼ੁਕੀਨ ਹੈ। ਵੇਦਾਂ ਵਿੱਚ ਇਸਦੇ ਸੋਮ ਰਸ ਪੀਣ ਦੇ ਸ਼ੌਂਕ ਨੂੰ ਬੜੇ ਵਿਸਥਾਰ ਨਾਲ ਚਿਤ੍ਰਿਤ ਕੀਤਾ ਗਿਆ ਹੈ। 'ਜਦੋਂ ਸੋਮ ਪੀਕੇ ਡੋਲਦਾ ਹੈ ਤਾਂ ਸਾਰੀ ਧਰਤੀ ਨਸ਼ੇ ਵਿਚ ਇਸ ਨਾਲ ਡੋਲਦੀ ਹੈ'[2] ਗੁਰੂ ਨਾਨਕ ਬਾਣੀ ਵਿਚ ਇੰਦ੍ਰ ਦਾ ਜੋ ਸਰੂਪ ਚਿਤ੍ਰਣ ਹੋਇਆ ਹੈ, ਉਹ ਮੁਖ ਰੂਪ ਵਿਚ ਪੁਰਾਣਕ ਸਰੂਪ ਹੈ ਜਿਸਦਾ ਵਰਨਣ ਅੱਗੇ ਵਧੇਰੇ ਕੀਤਾ ਜਾਵੇਗਾ। ਵੈਦਿਕ ਗੌਰਵ ਤੇ ਸ਼ਕਤੀ ਵਾਲੇ ਇੰਦ੍ਰ ਦਾ ਵਰਨਣ ਨਾਨਕ ਬਾਣੀ ਵਿਚ ਨਹੀਂ ਹੋਇਆ। ਬਾਰਸ਼ ਸੂਚਕ ਇੰਦ੍ਰ ਪਦ ਦੀ ਵਰਤੋਂ ਹੋਈ ਹੈ।[3] ਪਰ ਇਸ ਵਰਤੋਂ ਵਿੱਚ ਗੁਰੂ ਨਾਨਕ ਇੰਦ੍ਰ ਨਾਲ 'ਦੇਵ' ਪਦ ਵੀ ਨਹੀਂ ਜੋੜਦੇ। ਨਾਂਹ ਹੀ ਸੋਮ ਰਸ ਪੀਣ ਦੇ ਸ਼ੌਕ ਦੀ ਕੋਈ ਘਟਨਾ ਹੈ। ਬੱਦਲਾਂ ਦਾ ਪ੍ਰਬੰਧ ਆਦਿ ਪਰਮਾਤਮਾ ਦੇ ਬਣਾਏ ਵਿਧਾਨ ਅਧੀਨ ਖੁਦ ਹੀ ਹੋ ਰਿਹਾ ਹੈ। ਇਸ ਵਿਧਾਨ ਵਿੱਚ ਕਿਸੇ ਵਿਚੋਲੇ ਦੀ ਲੋੜ ਨਹੀ।

---

1. H.De. Willman-GRABOWSKA, 'Brahmanic Mythology (Asiatic Mythology P.108
2. ਉਹੀ, ਪੰਨਾ 108
3. 'ਇੰਦ ਵਰਸੈ ਧਰਤਿ ਸੁਹਾਵੀ' ਮਲਾਰ ਰਾਗੁ (ਅਸ਼ਟਪਦੀਆਂ), ਪੰਨਾ 1275

ਅਗਨੀ

ਅਗਨੀ ਜੋਤਾਂ ਦੀ ਆਤਮਾ ਹੈ।[1] ਇਹ ਦੇਵਤਾ ਤਿੰਨਾਂ ਰੂਪਾਂ ਵਿਚ ਪ੍ਰਗਟ ਹੁੰਦਾ ਹੈ। ਆਕਾਸ਼ ਵਿਚ ਸੂਰਜ ਦੇ ਰੂਪ ਵਿੱਚ, ਪੁਲਾੜ ਵਿੱਚ ਬਿਜਲੀ ਦੇ ਰੂਪ ਵਿੱਚ ਅਤੇ ਧਰਤੀ ਉਤੇ ਸਾਧਾਰਣ ਅੱਗ ਦੇ ਰੂਪ ਵਿਚ। ਅਗਨੀ ਵੇਦਾਂ ਦੇ ਪ੍ਰਧਾਨ ਦੇਵਤਿਆਂ ਵਿਚੋਂ ਇਕ ਹੈ ਤੇ ਰਿਗ ਵੇਦ ਦੀਆਂ ਕਾਫ਼ੀ ਸਾਰੀਆਂ ਰਿਚਾਵਾਂ ਇਸਨੂੰ ਸੰਬੋਧਿਤ ਕੀਤੀਆਂ ਗਈਆਂ ਹਨ। ਆਪਣੀ ਪ੍ਰਭੁਤਾ ਅਤੇ ਪ੍ਰਤਿਸ਼ਠਾ ਵਜੋਂ ਇਹ ਵਾਯੂ(ਇੰਦ੍ਰ ਅਤੇ ਸੂਰਜ ਨਾਲ ਜਾ ਜੁੜਦਾ ਹੈ।

ਮਹਾਂਭਾਰਤ ਵਿੱਚ ਦੱਸਿਆ ਗਿਆ ਹੈ ਕਿ ਇਹ ਬਹੁਤ ਆਹੂਤੀਆਂ ਲੈਣ ਕਾਰਣ ਆਪਣੀ ਸ਼ਕਤੀ ਗੁਆ ਬੈਠਾ ਹੈ। ਅਗਨੀ ਨੂੰ ਅਭਿਮਾਨੀ ਤੇ ਬ੍ਰਹਮਾ ਦਾ ਵੱਡਾ ਪੁੱਤਰ ਆਖਣ ਦੀ ਧਾਰਣਾ ਵੀ ਪੁਰਾਣਾਂ ਵਿਚ ਮਿਲਦੀ ਹੈ। ਅਗਨੀ ਭਾਵੇਂ ਹੁਣ ਪੂਜ ਦੇਵਤਾ ਨਹੀਂ ਰਹਿਆ ਪਰ ਜਗ ਆਦਿ ਵਿੱਚ ਹੋਮ ਆਹੂਤ ਕਰਨ ਵਾਲੇ ਦੀ ਇਸਦਾ ਕੁਝ ਸਤਿਕਾਰ ਕਰਨ ਦੀ ਪ੍ਰਥਾ ਹੈ।

ਗੁਰੂ ਨਾਨਕ ਕਾਵਿ ਵਿੱਚ ਬੈਸੰਤਰ ਤੇ ਅਗਨੀ ਦਾ ਸੰਕੇਤ ਮਿਲਦਾ ਹੈ। ਬੈਸੰਤਰ ਨੂੰ 'ਬੈਸੰਤਰ ਦੇਵਤਾ' ਲਿਖਿਆ ਗਿਆ ਹੈ।[2] 'ਬੈਸੰਤਰ ਦੇਵਤਾ' ਵੀ ਕਾਵਿਕ ਪ੍ਰਗਟਾ ਦਾ ਰੂਪ ਹੈ। ਇਸ ਵਿਚ ਪ੍ਰਤੀਕ ਵਜ ਪ੍ਰਕਿਰਤੀ ਦੀ ਤੇਜ-ਸ਼ਕਤੀ ਦੀ ਪਵਿੱਤ੍ਰਤਾ ਦੀ ਗੱਲ ਕੀਤੀ ਗਈ ਹੈ।

ਹਿੰਦੂ ਵਿਸ਼ਵਾਸ਼ ਧਰਤੀ ਹੋਮ ਜਗ ਦੀ ਪ੍ਰਥਾ ਨੂੰ ਨਿਭਾਉਂਦੀ ਹੈ। ਗੁਰੂ ਨਾਨਕ ਨੇ ਅਗਨੀ ਦੇਵ ਲਈ ਹੋਮ ਜਗ ਵਿੱਚ ਦਿੱਤੀਆਂ ਜਾਂਦੀਆਂ ਆਹੂਤੀਆਂ ਦਾ ਖੰਡਨ ਕੀਤਾ ਹੈ।[3] ਸੋ ਅਗਨੀ ਦੇਵ ਦੀ ਭਾਵਨਾ ਨਾਨਕ ਬਾਣੀ ਵਿਚੋਂ ਉਪਲਬਧ ਨਹੀਂ ਹੁੰਦੀ। ਉਨ੍ਹਾਂ ਅਨੁਸਾਰ ਬੈਸੰਤਰ ਵੀ ਅਨੇਕ ਹਨ ਇਕ ਨਹੀਂ।[4]

---

1. Asiatic Mythology, P.111
2. ਅੰਨ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ ਲੂਣੁ।
   ਪੰਜਵਾਂ ਪਾਇਆ ਘਿਰਤੁ ਤਾ ਹੋਆ ਪਾਕੁ ਪਵਿਤੁ। ਆਸਾ ਰਾਗੁ(ਵਾਰ), ਪੰਨਾ 473
3. ਤਨ ਬੈਸੰਤਰਿ ਹੋਮੀਐ ਇਕ ਰਤੀ ਤੋਲ ਕਟਾਇ।
   ਤਨੁ ਮਨੁ ਸਮਧਾ ਜੇ ਕਰੀ ਅਨ ਦਿਨ ਅਗਨਿ ਜਲਾਇ।
   ਹਰ ਨਾਮੈ ਤੁਲਿ ਨ ਪੁਜਈ ਜੇ ਲਖ ਕੋਟੀ ਕਰਮ ਕਮਾਇ। ਸਿਰੀ ਰਾਗ, ਪੰਨਾ 62
4. ਕੇਤੇ ਪਵਣ ਪਾਣੀ ਬੈਸੰਤਰ ਕੇਤੇ ਕਾਨ ਮਹੇਸ। ਜਪੁ, ਪੰਨਾ 7

## ਸੂਰਜ (ਸੂਰਯ)

ਸੂਰਜ, ਪ੍ਰਕਾਸ਼ ਤੇ ਤੇਜ ਦਾ ਸ੍ਰੋਤ ਹੈ। ਇਹ ਚੰਨ ਨੂੰ ਵੀ ਪ੍ਰਕਾਸ਼ ਬਖਸ਼ਦਾ ਹੈ। ਇਸਨੂੰ ਵਾਯੂ(ਇੰਦ੍ਰ) ਅਤੇ ਅਗਨੀ ਦੇਵਾਂ ਨਾਲ ਸੰਬੰਧਿਤ ਕੀਤਾ ਜਾ ਸਕਦਾ ਹੈ। ਊਸ਼ਾ ਇਸਦੀ ਪਤਨੀ ਹੈ।[1] ਰਾਮਾਇਣ ਤੇ ਪੁਰਾਣਾਂ ਵਿੱਚ ਸੂਰਜ ਨੂੰ ਕਸ਼ਯਪ ਦਾ ਪੁਤਰ ਮੰਨਿਆ ਗਿਆ ਹੈ। ਸੂਰਜ ਦੇ ਰੱਥ ਨੂੰ ਸਤ ਘੋੜੇ (ਜਾਂ ਸਤ ਮੂੰਹਾਂ ਘੋੜਾ) ਖਿੱਚਦੇ ਹਨ। ਇਹ ਕਿਰਨਾਂ ਨਾਲ ਘਿਰੇ ਹੁੰਦੇ ਹਨ। ਵੇਦਾਂ ਵਿਚ ਤੇ ਪੁਰਾਣਾਂ ਵਿਚ ਇਹ ਵਿਸਤਾਰ ਕਾਵਿ ਮਈ ਵਧੇਰੇ ਹੈ ਤੇ ਪਰਮਾਰਥਕ ਘਟ। ਇੰਦ੍ਰ ਅਤੇ ਅਗਨੀ ਦੀਆਂ ਕਥਾਵਾਂ ਵੀ [illegible] ਵਧੇਰੇ ਹਨ। ਇਹ ਪ੍ਰਾਕ੍ਰਿਤਕ ਸ਼ਕਤੀਆਂ ਨੂੰ ਸੰਕੇਤਾਂ ਵਿੱਚ ਰੂਪਮਾਨ ਕਰਦੀਆਂ ਹਨ ਪਰ ਸਮੇਂ ਦੇ ਵਿਕਾਸ ਨਾਲ ਇਨ੍ਹਾਂ ਦੁਆਲੇ ਅਨੇਕ ਮਿਥ ਕਥਾਵਾਂ ਦਾ ਪੁਲੰਦਾ ਉਸਾਰਿਆ ਹੈ।

ਗੁਰੂ ਨਾਨਕ ਨੇ ਸੂਰਜ ਸ਼ਬਦ ਕਈ ਵਾਰੀ ਵਰਤਿਆ ਹੈ। ਸੂਰਜ ਪ੍ਰਕਾਸ਼ ਤੇ ਤੇਜ ਦਾ ਸ੍ਰੋਤ ਹੈ। ਚੰਦਰਮਾ (ਸਸਿ) ਨੂੰ ਵੀ ਇਹ ਪ੍ਰਕਾਸ਼ ਬਖਸ਼ਦਾ ਹੈ।[2] ਗੁਰੂ ਸਾਹਿਬ ਨੇ ਸੂਰਜ ਨੂੰ ਦੇਵ ਨਹੀਂ ਆਖਿਆ। ਇਹ ਨਸ਼ਵਰ ਆਕਾਰ ਵਾਲਾ ਸੂਰਜ ਪ੍ਰਕਿਰਤੀ ਮੰਡਲ ਦਾ ਇਕ ਹਿੱਸਾ ਹੈ ਤੇ ਅਜੇਹੇ ਸੂਰਜ ਅਨੇਕ ਹਨ।[3] ਆਰਤੀ ਵਾਲੇ ਸ਼ਬਦ ਵਿੱਚ ਪ੍ਰਕਿਰਤੀ ਦੀ ਵਿਸ਼ਾਲਤਾ ਹੈ, ਉਸ ਵਿੱਚ ਸੂਰਜ ਚੰਨ ਤਾਰੇ ਸਭ ਸ਼ਾਮਲ ਹਨ। ਸੋ ਸੂਰਜ ਦੇਵ ਨਹੀਂ ਪ੍ਰਕਾਸ਼ ਦਾ ਸ੍ਰੋਤ ਜ਼ਰੂਰ ਹੈ। ਪ੍ਰਾਕ੍ਰਿਤਕ ਵਿਧਾਨ ਵਿੱਚ ਬੱਝੇ ਇਸ ਪ੍ਰਕਾਸ਼ ਦੇ ਸ੍ਰੋਤ ਨੂੰ ਦੇਵ ਕਰਕੇ ਪੂਜਣਾ, ਜੜ੍ਹ ਪੂਜਾ ਹੈ, ਵਹਿਮ ਪੂਜਾ ਹੈ ਤੇ ਅਗਿਆਨ ਕਰਮ ਹੈ।

## ਸੋਮ

ਵੇਦਾਂ ਵਿੱਚ ਸੋਮ ਵੇਲ, ਜਿਸ ਤੋਂ ਸੋਮ ਰਸ ਤਿਆਰ ਹੁੰਦਾ ਕਥਿਤ ਕੀਤਾ ਜਾਂਦਾ ਹੈ, ਨੂੰ ਹੀ ਦੇਵਤਾ ਮੰਨਿਆ ਜਾਂਦਾ ਹੈ। ਪਿੱਛੋਂ ਜਾ ਕੇ ਇਹ ਨਾਂ ਚੰਦਰਮਾ ਲਈ ਵੀ ਵਰਤਿਆ ਜਾਣ ਲੱਗਾ। ਪੁਰਾਣਾਂ ਵਿੱਚ ਆਮ ਕਰਕੇ ਸੋਮ (ਚੰਦਰਮਾ) ਨੂੰ ਅਤ੍ਰੀ ਰਿਸ਼ੀ ਦਾ ਪੁੱਤਰ ਮੰਨਿਆ ਜਾਂਦਾ ਹੈ। ਜਿਸ ਦਾ ਜਨਮ ਅਨਸੂਯਾ ਦੀ ਕੁੱਖੋਂ ਹੋਇਆ। ਸੋਮ ਦੇ ਚਿੱਟੇ ਰੰਗ ਦੇ ਰਥ ਦੇ ਤਿੰਨ ਪਹੀਏ ਹੁੰਦੇ ਹਨ ਤੇ ਇਸਨੂੰ ਦਸ ਘੋੜੇ ਖਿਚਦੇ ਹਨ।

---

1. Asiatic Mythology, P.103
2. ਪਸਰੀ ਕਿਰਣ ਰਸ ਕਮਲ ਬਿਗਾਸੀ ਸਸਿ ਘਰ ਸੂਰ ਸਮਾਇਆ। ਪਰਭਾਤੀ ਮਹਲਾ ੧, ਪੰਨਾ 1332
3. ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ। ਜਪੁ, ਪੰਨਾ 7

ਗੁਰੂ ਨਾਨਕ ਬਾਣੀ ਵਿੱਚ ਸੋਮ ਨਾਂ ਦੇ ਕਿਸੇ ਦੇਵਤੇ ਦਾ ਸੰਕੇਤ ਨਹੀਂ ਮਿਲਦਾ। ਵੇਲ ਦੀ ਪੂਜਾ ਅਤੇ ਨਸ਼ਾ ਦੇਣ ਵਾਲੀ ਸਾਧਾਰਣ ਵਸਤੂ ਦੀ ਪੂਜਾ ਜੜ੍ਹ, ਪੂਜਾ ਹੈ। ਗੁਰੂ ਸਾਹਿਬ ਨੇ ਤਾਂ ਤੁਲਸੀ ਪੂਜਾ ਨੂੰ ਵੀ ਨਿਰਾਰਥਕ ਆਖਿਆ ਹੈ।

ਸੋਮ ਨੂੰ ਚੰਦਰਮਾ ਦੇਵਤਾ ਵੀ ਮੰਨਿਆ ਜਾਂਦਾ ਹੈ। ਗੁਰੂ ਸਾਹਿਬ ਦੀ ਬਾਣੀ ਵਿੱਚ ਅਨੇਕ ਚੰਨਾਂ,ਤਾਰਿਆਂ ਤੇ ਪ੍ਰਕ੍ਰਿਤੀ ਦੇ ਮੰਡਲਾਂ ਦੇ ਸੰਕੇਤ ਹਨ ਪਰ ਕਿਤੇ ਵੀ ਇਨ੍ਹਾਂ ਪ੍ਰਕ੍ਰਿਤਕ ਮੰਡਲਾਂ ਨੂੰ ਦੇਵ ਨਹੀਂ ਆਖਿਆ ਗਿਆ।

<u>ਧਰਤੀ ਅਤੇ ਆਕਾਸ਼।</u>

ਵੇਦ ਮੰਤਰਾਂ ਵਿੱਚ ਧਰਤੀ ਨੂੰ 'ਦਯੂਸ' ਦੀ ਪਤਨੀ ਆਖਿਆ ਗਿਆ ਹੈ। 'ਦਯੂਸ' ਆਕਾਸ਼ ਦਾ ਦੇਵਤਾ ਹੈ। ਵੇਦਾਂ ਵਿੱਚ ਦਯੂਸ ਅਤੇ ਧਰਤੀ ਦੇ ਆਪਸੀ ਸੰਬੰਧਾਂ ਦੀ ਚਰਚਾ ਵੀ ਕੀਤੀ ਗਈ ਹੈ। ਅਸਲ ਵਿਚ ਧਰਤੀ ਮਾਂ ਦਾ ਸੰਕਲਪ ਵਿਸ਼ਵ ਦੇ ਸਾਰੇ ਮਿਥਿਹਾਸਾਂ ਵਿਚ ਵਿਦਮਾਨ ਹੈ। ਇਵੇਂ ਹੀ ਸੂਰਜ, ਹਵਾ, ਮੀਂਹ ਅਤੇ ਚੰਨ ਦਾ ਵੀ ਹੈ। ਧਰਤੀ ਉਪਜ ਦਾ ਸਾਧਨ ਹੋਣ ਕਾਰਨ 'ਆਦਮ' ਮਾਨਵ ਦੇ ਮਸਤਕ ਵਿੱਚ ਇਕ ਕੁਦਰਤੀ ਸੰਕਲਪ ਅਤੇ ਆਦਮ ਤਤ ਰੱਖਣ ਵਾਲੀ ਚੀਜ਼ ਦੇ ਰੂਪ ਵਿੱਚ, ਦੇਵ ਵਜੋਂ ਇਸਦੀ ਪੂਜਾ ਦਾ ਪ੍ਰਸਾਰ ਹੋਣਾ ਸ਼ੁਰੂ ਹੋਇਆ। ਇਵੇਂ ਹੀ ਆਸਮਾਨ ਦੀ ਅਵਸਥਾ ਹੈ। ਮੀਂਹ ਹਵਾ ਇਉਂ ਲਗਦੇ ਹਨ ਜਿਵੇਂ ਆਸਮਾਨ ਤੋਂ ਆ ਰਹੇ ਹਨ। ਸੂਰਜ ਚੰਨ ਅਤੇ ਤਾਰੇ ਵੀ ਆਸਮਾਨ ਦਾ ਭਾਗ ਹਨ ਅਤੇ ਮਨੌਤ ਦਾ ਹਿਸਾ ਹਨ। ਸੋ ਆਕਾਸ਼ ਨੂੰ ਵੀ ਦੇਵ ਆਖ ਕੇ ਪੂਜਾ ਦਾ ਵਿਧਾਨ ਹੋਇਆ ਹੈ।

ਗੁਰੂ ਨਾਨਕ ਦੇਵ ਜੀ ਨੇ ਆਸਮਾਨ ਅਤੇ ਧਰਤੀ ਨੂੰ ਪ੍ਰਕ੍ਰਿਤਕ ਪਸਾਰੇ ਦਾ ਅੰਗ ਆਖਿਆ ਹੈ ਦੇਵ ਨਹੀਂ। ਧਰਤੀ ਦੀ ਮਹੱਤਤਾ ਹੈ ਪਰ ਇਹ ਮਹੱਤਤਾ ਪੂਜਾ ਦਾ ਵਿਧਾਨ ਨਹੀਂ ਹੋਣੀ ਚਾਹੀਦੀ। ਪੂਜਾ ਦੇ ਅੰਤਰਗਤ ਆਦਮਮਾਨਵ ਅਵੱਸ਼ ਹੀ ਆਪਣੇ ਆਤਮਮੁਖੀ ਚਿੰਤਨ ਦੁਆਰਾ ਇਸ ਵਸਤੂ ਵਿਚ ਆਤਮਾ ਦਾ ਰੂਪ ਆਰੋਪਣ ਕਰਦਾ ਹੈ। ਗੁਰੂ ਨਾਨਕ ਨੇ ਇਸ ਮਿਥ ਦਾ ਯੁਕਤੀ ਪੂਰਵਕ ਖੰਡਨ ਕੀਤਾ ਹੈ।

<u>ਰੁਦ੍ਰ</u>

ਰੁਦ੍ਰ ਤੋਂ ਭਾਵ ਗੱਜਣ ਵਾਲਾ ਤੇ ਭਿਆਨਕ ਹੈ। ਵੇਦਾਂ ਵਿੱਚ ਇਸਦਾ ਬੜਾ ਹੀ ਭਿਆਨਕ ਰੂਪ ਚਿਤ੍ਰਿਤ ਕੀਤਾ ਗਿਆ ਹੈ। ਵਿਨਾਸ਼ਕਾਰੀ ਦੇਵਤਾ ਹੋਣ ਕਾਰਣ ਇਹ ਬਿਮਾਰੀਆਂ ਫੈਲਾਉਂਦਾ ਹੈ ਅਤੇ ਮੌਤ ਦਾ ਪਸਾਰਾ ਕਰਦਾ ਹੈ। ਪਰ ਇਸ ਦਾ ਵਿਪ੍ਰੀਤ ਰੂਪ ਵੀ ਹੈ। ਇਹ ਪਰਉਪਕਾਰੀ ਵੀ ਹੈ।

ਇਹੋ ਰੁਦ੍ਰ ਪਿਛੋਂ ਜਾ ਕੇ 'ਸ਼ਿਵਜੀ' ਬਣਦੇ ਦਿਖਾਏ ਹਨ, ਕਿਉਂਕਿ ਜਦੋਂ 'ਸ਼ਿਵ' ਲਈ ਵੀ ਰੁਦ੍ਰ ਸ਼ਬਦ ਵਰਤਿਆ ਜਾਂਦਾ ਹੈ ਤਾਂ ਉਨ੍ਹਾਂ ਦੀ ਵਿਨਾਸ਼ਕਾਰੀ ਪ੍ਰਕਿਰਤੀ ਦਾ ਬੋਧ ਹੀ ਹੁੰਦਾ ਹੈ। ਯਜੁਰ ਵੇਦ ਵਿੱਚ ਰੁਦ੍ਰ ਨੂੰ ਮਹਾਦੇਵ ਵੀ ਆਖਿਆ ਗਿਆ ਹੈ।

ਗੁਰੂ ਨਾਨਕ ਦੇਵ ਜੀ ਨੇ ਸ਼ਿਵ ਦਾ ਵਰਨਣ ਕੀਤਾ ਹੈ ਪਰ ਵੈਦਿਕ ਦੇਵ ਰੁਦ੍ਰ ਦਾ ਨਹੀਂ। ਕਿਉਂਕਿ ਦੇਵ ਦੀ ਸ਼ੁਭ ਪ੍ਰਕਿਰਤੀ ਵਿੱਚ ਵਿਨਾਸ਼ ਦੀ ਕਲਪਨਾ ਵਿਦਮਾਨ ਹੈ, ਇਸ ਲਈ ਇਸ ਵਿਚੋਂ ਵੈਦਿਕ ਸ਼ੁਭਾ ਦੇ ਚਿੰਨ ਵੀ ਉਪਲਬਧ ਹੁੰਦੇ ਹਨ।

ਸ਼ਿਵ, ਪ੍ਰਜਾਪਤੀ(ਬ੍ਰਹਮਾ) ਅਤੇ ਯਮ ਦਾ ਵਰਨਣ ਅਗਲੇ ਕਿਸੇ ਵਿਚ ਕੀਤਾ ਜਾਵੇਗਾ, ਕਿਉਂਕਿ ਗੁਰੂ ਨਾਨਕ ਬਾਣੀ ਵਿੱਚ ਇਨ੍ਹਾਂ ਦੇ ਵਧੇਰੇ ਨਕਲੀ ਪੁਰਾਣਕ ਸਰੂਪ ਦਾ ਚਿਤਰਨ ਹੀ ਹੋਇਆ ਹੈ।

ਪਉਣ , ਪਾਣੀ, ਸੂਰਜ, ਚੰਦਰਮਾ, ਧਰਤੀ ਆਦਿ ਜੋ ਪ੍ਰਕਿਰਤੀ ਦੇ ਤਤ ਹਨ, ਨੂੰ ਗੁਰੂ ਨਾਨਕ ਨੇ ਦੇਵ ਨਹੀਂ ਆਖਿਆ। ਪ੍ਰਕਿਰਤੀ ਦੇ ਪੰਜ ਅਤੇ ਬਾਕੀ ਤਤ ਸ੍ਰਿਸ਼ਟੀ ਦੇ ਅਸਤਿਤ੍ਵ ਦਾ ਅਨਿਖੜ ਅੰਗ ਹਨ। ਮਨੁੱਖ ਦੀ ਹਸਤੀ ਨੂੰ ਕਾਇਮ ਰੱਖਣ ਲਈ, ਪਉਣ, ਪਾਣੀ, ਸੂਰਜ, ਅਗਨੀ, ਆਦਿ ਦੀ ਲੋੜ ਮੁਢਲੀ ਲੋੜ ਹੈ। ਇਨ੍ਹਾਂ ਦੀ ਇਹ ਲੋੜ ਹੀ ਇਨ੍ਹਾਂ ਦੇ ਵਿਸ਼ਵ ਪੱਧ ਦੀ ਸੂਚਕ ਹੈ। ਪਰ ਇਨ੍ਹਾਂ ਨੂੰ ਵਿਅਕਤੀ ਵਿਸ਼ੇਸ਼ ਮੰਨਕੇ ਪੂਜਾ ਕਰਨੀ ਠੀਕ ਨਹੀਂ। ਇਸ ਪ੍ਰਕਾਰ ਦੀ ਪੂਜਾ ਮਿਥ ਚਿੰਤਨ ਦੇ ਆਤਮਸ਼ੀਲ ਚਿੰਤਨ ਦੀ ਸੰਕੇਤ ਹੈ। ਜਦੋਂ ਮਨੁੱਖ ਕੁਦਰਤੀ ਸ਼ਕਤੀਆਂ ਵਿੱਚ ਆਤਮਾ ਦਾ ਅਸਤਿਤ੍ਵ ਮੰਨ ਕੇ ਉਨ੍ਹਾਂ ਦੀ ਪੂਜਾ ਕਰਨ ਲੱਗ ਪਿਆ ਤਾਂ ਇਹੋ ਆਤਮਸ਼ੀਲ ਚਿੰਤਨ ਵਿਕਾਸ ਕਰਦਾ ਦੇਵ ਪਦ ਤਕ ਪੁੱਜਿਆ ਹੈ।

ਗੁਰੂ ਨਾਨਕ ਇਨ੍ਹਾਂ ਪ੍ਰਕਿਰਤੀ ਦੇ ਅੰਗਾਂ ਨੂੰ ਪ੍ਰਭੂ ਦੇ ਵਿਧਾਨ ਦਾ ਅੰਗ ਮੰਨਦੇ ਰਹੇ ਹਨ। ਇਹ ਵਿਧਾਨ ਪ੍ਰਭੂ ਦੇ ਭਾਣੇ ਵਿਚ ਚਲ ਰਿਹਾ ਹੈ। ਸੋ ਗੁਰੂ ਨਾਨਕ ਕਾਵਿ ਵਿੱਚ ਇਨ੍ਹਾਂ ਸ਼ਕਤੀਆਂ ਨੂੰ ਦੇਵ ਮੰਨਣ ਤੇ ਇਨ੍ਹਾਂ ਦੀ ਪੂਜਾ ਕਰਨ ਦੀ ਬਿਰਤੀ ਦਾ ਸਮਰਥਨ ਨਹੀਂ ਹੋਇਆ।

## (ਅ) ਪੁਰਾਣਕ ਸਰੂਪ ਵਾਲੇ ਦੇਵਤੇ

ਪੁਰਾਣਕ ਸਰੂਪ ਵਾਲੇ ਦੇਵਤਿਆਂ ਵਿਚ ਬ੍ਰਹਮਾ, ਵਿਸ਼ਨੂੰ , ਮਹੇਸ਼ , ਇੰਦ੍ਰ ਅਤੇ ਯਮ ਵਿਸ਼ੇਸ਼ ਵਰਨਣ ਯੋਗ ਹਨ। ਉਂਜ ਦੇਵਤਿਆਂ ਦੀ ਗਿਣਤੀ ਅਸੀਮ ਹੈ — ਤੇਤੀ ਕ੍ਰੋੜ ਦੀ ਆਖੇ ਜਾਂਦੇ ਹਨ। ਗੁਰੂ ਨਾਨਕ ਨੇ ਤੇਤੀ ਕ੍ਰੋੜ[1] ਦਾ ਕੇਵਲ ਨਾਂ ਮਾਤ੍ਰ, ਪ੍ਰਭੂ ਦੀ ਵਡਿਆਈ ਦੇ ਪ੍ਰਸੰਗ ਵਿਚ ਜ਼ਿਕਰ ਹੀ ਕੀਤਾ ਹੈ।

ਅਸੀਂ ਆਪਣੇ ਇਸ ਅਧਿਐਨ ਵਿੱਚ ਉਪਰ ਨਿਰਦਿਸ਼ਟ ਪੰਜ ਦੇਵਤਿਆਂ ਉਤੇ ਹੀ ਵਿਚਾਰ ਕਰਾਂਗੇ ਜਿਨ੍ਹਾਂ ਦਾ ਨਾਨਕ ਬਾਣੀ ਵਿਚ ਅਕਸਰ ਵਰਨਣ ਆਇਆ ਹੈ।

### ਬ੍ਰਹਮਾਂ

ਇਹ ਹਿੰਦੂ ਤ੍ਰਿਮੂਰਤੀ (ਬ੍ਰਹਮਾਂ - ਵਿਸ਼ਨੂੰ - ਮਹੇਸ਼ ) ਦਾ ਪ੍ਰਥਮ ਦੇਵਤਿਆਂ ਆਖਿਆ ਜਾਂਦਾ ਹੈ। ਪੁਰਾਣਾਂ ਵਿਚ ਇਸ ਨਾਲ ਸਬੰਧਿਤ ਅਨੇਕ ਕਥਾਵਾਂ ਹਨ ਜਿਨ੍ਹਾਂ ਵਿਚ ਬ੍ਰਹਮਾਂ ਦੀ ਉਤਮਤਾ ਤੇ ਅਧਮਤਾ ਦੋਵੇਂ ਹਨ। ਬ੍ਰਹਮਾਂ ਦਾ ਰੰਗ ਲਾਲ ਹੈ, ਇਸ ਦੇ ਚਾਰ ਸਿਰ ਹਨ।[2] ਇਸੇ ਲਈ ਇਸ ਨੂੰ 'ਚਤੁਰਆਨਨ' ਜਾਂ 'ਚਤੁਰ-ਮੁੱਖ' ਆਖਿਆ ਜਾਂਦਾ ਹੈ। ਇਸ ਦੀਆਂ ਬਾਹਵਾਂ ਵਿਚ ਸ਼ਾਹੀ ਡੰਡਾ , ਧਨੁਸ਼ ਜਾਂ ਪਾਣੀ ਦਾ ਜੱਗ ਫੜਿਆ ਹੁੰਦਾ ਹੈ। ਇਸ ਦਾ ਵਾਹਨ ਹੰਸ ਹੈ ਤੇ ਇਸ ਦੀ ਪਤਨੀ ਸਰਸਵਤੀ ਹੈ।[3]

ਮਿਥ ਜਗਤ ਇਸ ਨੂੰ ਸ੍ਰਿਸ਼ਟੀ ਦਾ ਨਿਰਮਾਤਾ ਮੰਨਦਾ ਹੈ। ਸ੍ਰਿਸ਼ਟੀ ਦੇ ਪ੍ਰਾਰੰਭ ਵਿੱਚ ਅਰਬਦ ਨਰਬਦ ਧੁੰਧੂਕਾਰਾ ਦੀ ਅਵਸਥਾ ਸੀ। ਉਸ ਸਮੇਂ ਇਕ ਵਿਸ਼ਾਲ ਬੀਜ (ਅੰਡਾ) ਪ੍ਰਗਟ ਹੋਇਆ ਜਿਸ ਵਿਚ ਅਵਿਨਾਸ਼ੀ - ਬੀਜ ਸੀ। ਇਸ ਮਹਾਨ ਬੀਜ ਵਿਚੋਂ ਸਤਿ ਸਰੂਪ ਮਹਾਨ ਜੋਤੀ ਬ੍ਰਹਮਾਂ ਪੈਦਾ ਹੋਏ। ਇਹ ਵੀ ਆਖਿਆ ਜਾਂਦਾ ਹੈ ਕਿ ਸ੍ਰਿਸ਼ਟੀ ਸਿਰਜਣ ਸਮੇਂ ਇਸ ਨੇ ਸਿਰਜਣਕਰਤਾ ਬ੍ਰਹਮਾਂ, ਸਿੰਚਨ ਕਰਤਾ ਵਿਸ਼ਨੂੰ ਅਤੇ ਸੰਘਾਰਕਰਤਾ ਰੁਦ੍ਰ ਤਿੰਨੇ ਰੂਪ ਖੁਦ ਧਾਰਣ ਕੀਤੇ।

ਪੁਰਾਣਾਂ ਅਨੁਸਾਰ ਇਸ ਨੇ ਪਹਿਲਾਂ ਤਮੋ ਗੁਣੀ ਪਰਜਾ ਉਤਪੰਨ ਕੀਤੀ। ਉਸ ਤੋਂ ਪਿਛੋਂ ਕ੍ਰਮਵਾਰ, ਰਜੋਗੁਣੀ ਅਤੇ, ਸਤੋਗੁਣੀ ਪਰਜਾ ਦਾ ਨਿਰਮਾਣ ਕੀਤਾ। ਇਸ ਤੋਂ ਪਿਛੋਂ ਉਸ ਨੇ ਅੱਠ ਪ੍ਰਕਾਰ ਦੀਆਂ ਸ੍ਰਿਸ਼ਟੀਆਂ ਦਾ ਨਿਰਮਾਣ ਕੀਤਾ।

---

1. ਕੋਟਿ ਤੇਤੀਸ ਜਾਚਹਿ ਪ੍ਰਭ ਨਾਇਕ ਦੇ ਦੇ ਤੋਟਿ ਨਾਹੀ ਭੰਡਾਰ। ਗੂਜਰੀ ਮਹਲਾ (ਅਸ਼ਟਪਦੀਆਂ) ਪੰਨਾ 504
2. Asiatic Mythology, P.118
3. ਉਹੀ ਪੰਨਾ 118

ਬ੍ਰਹਮਾਂ ਨੂੰ ਵੇਦਾਂ ਦਾ ਨਿਰਮਾਣ ਕਰਤਾ ਵੀ ਆਖਿਆ ਜਾਂਦਾ ਹੈ।

ਗੁਰੂ ਨਾਨਕ ਕਾਵਿ ਵਿਚ ਇਨ੍ਹਾਂ ਦੇਵਤਿਆਂ ਸਬੰਧੀ ਸੰਕੇਤ ਪ੍ਰਸੰਗਿਕ ਅਤੇ ਮਿਥ ਕਥਾਵਾਂ ਦੀ ਪ੍ਰਿਸ਼ਟ ਭੂਮੀ ਵਜੋਂ ਆਏ ਹਨ। ਬ੍ਰਹਮਾਂ ਦਾ ਜਿਥੇ ਵਿਸ਼ੇ ਦੇ ਅੰਤਰਗਤ ਪ੍ਰਸੰਗ ਵੱਸ ਵਰਨਣ ਹੋਇਆ ਹੈਉਥੇ ਮਿੱਥ ਕਥਾਵਾਂ ਵਿਚ ਵੀ ਵਰਨਣ ਮਿਲਦਾ ਹੈ।[1] ਬ੍ਰਹਮੇਂ ਦਾ ਗਰਬ,ਬੇਦ ਦੀ ਬਿਪਤਾ[2], ਬ੍ਰਹਮ ਨਾਭੀ ਕੰਲ , ਇਤਿਆਦ ਕਥਾਵਾਂ ਵਿੱਚ ਬ੍ਰਹਮਾਂ ਦੇ ਦਿਵਯ ਸਰੂਪ ਦਾ ਕੋਈ ਸੰਕੇਤ ਨਹੀਂ ਮਿਲਦਾ। ਬ੍ਰਹਮਾਂ ਪਰਮਪਰਾਤਪਰ ਦੇ ਹੁਕਮ ਦੁਆਰਾ ਸ੍ਰਿਸ਼ਟੀ ਰਚਨਾਂ ਦੇ ਕਰਮ ਵਿੱਚ ਜੁੜਿਆ ਹੋਇਆ ਹੈ। ਬ੍ਰਹਮਾਂ ਦੇ ਨਾਭੀ ਕੰਵਲ ਵਿਚੋਂ ਉਪਜਣ ਅਤੇ ਬ੍ਰਹਮਾਂ ਨੂੰ ਵੇਦ ਦਿਤੇ ਜਾਣ ਦੇ ਸੰਕੇਤ, ਗੁਰੂ ਨਾਨਕ ਦੇਵ ਨੇ ਦਿਤੇ ਹਨ।

## ਵਿਸ਼ਨੂੰ

ਪੁਰਾਣ ਸਾਹਿਤ ਵਿੱਚ ਵਿਸ਼ਨੂੰ ਨੂੰ ਸਤੋਗੁਣ ਪ੍ਰਧਾਨ ਦੇਵਤਾ ਮੰਨਿਆ ਗਿਆ ਹੈ। ਵੇਦਾਂ ਅਤੇ ਉਪਨਿਸ਼ਦਾਂ ਵਿਚ ਵਿਸ਼ਨੂੰ ਨੂੰ ਉਹ ਉਤਮਤਾ ਪ੍ਰਾਪਤ ਨਹੀਂ ਹੋਈ ਜਿਹੜੀ ਮਹਾਂਭਾਰਤ ਤੇ ਪੁਰਾਣਾਂ ਵਿਚ ਪ੍ਰਾਪਤ ਹੋਈ ਹੈ। ਪੁਰਾਣਾਂ ਨੇ ਵਿਸ਼ਨੂੰ ਨੂੰ ਜਗਤ ਦਾ ਸੰਚਾਲਕ ਤੇ ਪਾਲਕ ਆਖਿਆ ਹੈ। ਇਸ ਸੰਚਾਲਨ ਅਤੇ ਪਾਲਣ ਦੇ ਕਾਰਜ ਵਿੱਚ ਉਸਨੂੰ ਸ੍ਰਿਸ਼ਟੀ ਅਤੇ ਧਰਤੀ ਦੀ ਰਖਿਆ ਲਈ ਅਤੇ ਦੁਸ਼ਟਾਂ ਨੂੰ ਸੰਘਾਰਣ ਲਈ ਕਈ ਵਾਰੀ ਅਵਤਾਰ ਧਾਰਣ ਕਰਨਾਂ ਪਿਆ। ਵਿਸ਼ਨੂੰ ਦੇ ਅਵਤਾਰਾਂ ਦੀ ਗਿਣਤੀ 10 ਤੋਂ 22 ਤੱਕ ਚਲਦੀ ਹੈ ਪਰ ਨਾਲ ਹੀ ਅਨੇਕ ਅਵਤਾਰ ਹੋਣ ਦੇ ਸੰਕੇਤ ਵੀ ਉਪਲਬਧ ਹਨ।

ਭਾਰਤ ਵਿਚ ਇਹ ਹਰਮਨ ਪਿਆਰਾ ਦੇਵਤਾ ਅਤੇ ਵਿਸ਼ਾਲ ਪੂਜਾ ਦਾ ਪਾਤਰ ਹੈ। ਹਜ਼ਾਰ ਇਸ ਦੇ ਨਾਂ ਹਨ। ਅਨੰਤ, ਅਨੰਦ ਸੂਧਨ, ਚਤੁਰ ਭੁਜ, ਦਾਮੋਦਰ,ਹਰੀ ਗੋਵਿੰਦ,ਮਨੋਹਰ, ਮਧੂਸੂਦਨ, ਮਾਧਵ,ਮੁਕੰਦ,ਸਾਰਿੰਗਪਾਣੀ ਵਾਸਦੇਵ ਆਦਿ ਕੁਝ ਪ੍ਰਸਿਧ ਨਾਂ ਹਨ। ਬਾਣੀ ਵਿਚ ਗੁਰੂ ਸਾਹਿਬਾਨ ਨੇ ਇਨ੍ਹਾਂ ਵਿਚੋਂ ਬਹੁਤੇ ਨਾਂ ਪ੍ਰਭੂ ਦੇ ਪ੍ਰਤੀਕ ਵਜੋਂ ਵਰਤੇ ਹਨ।

ਵਿਸ਼ਨੂੰ ਦੀ ਪਤਨੀ ਦਾ ਨਾਂ ਲਕਸ਼ਮੀ ਹੈ, ਜਿਸ ਨਾਲ ਇਹ ਬੈਕੁੰਠ ਲੋਕ ਵਿਚ ਵਾਸ ਕਰਦਾ ਹੈ। ਇਸ ਦਾ ਵਾਹਨ ਗਰੁੜ ਹੈ। ਇਸ ਦੇ ਚਾਰ ਹੱਥ ਹਨ ਅਤੇ ਗੂਹੜੇ ਨੀਲੇ ਬਸਤਰ ਧਾਰਨ ਕਰਦਾ ਹੈ। ਪੰਚ ਜਨਯ ਨਾਂ ਦਾ ਸੰਖ, ਇਕ ਸੁਦਰਸ਼ਨ ਚਕਰ, ਕੌਮੋਦਕੀ ਗਦਾ ਅਤੇ ਪਦਮ ਜਾਂ ਕੰਵਲ ਦਾ ਫੁਲ- ਇਹ ਚਾਰ ਵਸਤੂਆਂ ਉਸਦੇ ਚਾਰੇ ਹੱਥਾਂ ਵਿਚ ਹੁੰਦੀਆਂ ਹਨ। ਬਹੁਤ ਥਾਵਾਂ ਤੇ ਇਸ ਨੂੰ ਸ਼ੇਸ਼ਨਾਗ ਜਾਂ ਕੰਵਲ ਫੁੱਲ ਉਤੇ ਅਸਵਾਰ ਦਿਖਾਇਆ ਜਾਂਦਾ ਹੈ। ਦੇਵਤਿਆਂ ਦੀ ਤ੍ਰਿਗੜੀ ਵਿਚੋਂ ਵਿਸ਼ਨੂੰ ਦੇ ਪ੍ਰਮੁੱਖ ਸੰਪਰਦਾਈ, ਰਾਮਾਨੁਜ, ਸੰਪਰਦਾਇ, ਮਾਧਵ ਸੰਪਰਦਾਇ, ਨਿੰਬਾਰਕ ਸੰਪਰਦਾਇ

---

1. ਗਉੜੀ ਰਾਗੁ, (ਅਸ਼ਟਪਦੀਆਂ) ਪੰਨਾ 224; 227
2. ਗੁਜਰੀ ਰਾਗੁ,(ਪਦੇ ) ਪੰਨਾ 489

ਨਾਮਦੇਵ ਅਤੇ ਤੁਕਾ ਰਾਮ ਸੰਪਰਦਾਇ, ਕਬੀਰ, ਵਲਭ, ਚੈਤਨਯ ਅਤੇ ਤੁਲਸੀ ਸੰਪਰਦਾਇ ਪ੍ਰਸਿਧ ਹਨ। ਉੱਤਰੀ ਭਾਰਤ ਵਿਚ ਵੈਸ਼ਨਵ ਸੰਪਰਦਾਇ ਨੂੰ ਗੌਰਵ ਪੂਰਣ ਸਥਾਨ ਪ੍ਰਾਪਤ ਰਿਹਾ ਹੈ। ਵਿਸ਼ਨੂੰ ਦੀ ਉੱਤਮਤਾ ਨੂੰ ਭ੍ਰਿਗੂ ਰਿਸ਼ੀ ਦੁਆਰਾ ਦੇਵਤਿਆਂ ਦੀ ਪ੍ਰੀਖਿਆ ਵਾਲੀ ਘਟਨਾ ਰਾਹੀਂ ਵੀ ਸਿੱਧ ਕੀਤਾ ਗਿਆ ਹੈ।

ਸ਼ਿਵ

ਵੇਦਾਂ ਵਿਚ ਸ਼ਿਵ ਦਾ ਨਾਂ ਨਹੀਂ। ਉਥੇ ਇਹ ਦੇਵਤਾ ਰੁਦ੍ਰ ਨਾਂ ਨਾਲ ਵਿਚਰਦਾ ਹੈ। ਰੁਦ੍ਰ ਸ਼ਿਵ ਹੀ ਮਹਾਂ ਭਾਰਤ, ਭਾਗਵਤ ਅਤੇ ਹੋਰ ਪੁਰਾਣਾਂ ਵਿਚ ਵਿਸਤ੍ਰਿਤ ਰੂਪ ਵਿੱਚ ਚਿਤਰਿਆ ਹੈ।ਇਸ ਲਈ ਰੁਦ੍ਰ ਸ਼ਿਵ ਕਹਿਣ ਦੀ ਪ੍ਰਥਾ ਵੀ ਹੈ। ਤ੍ਰਿਮੂਰਤੀ ਵਿੱਚ ਇਸ ਦੀ ਮਹੱਤਤਾ ਵੀ ਕਿਸੇ ਦੇਵਤੇ ਤੋਂ ਘੱਟ ਨਹੀਂ। ਵੱਖ ਵੱਖ ਪੁਰਾਣਾਂ ਵਿੱਚ ਆਪਣੇ ਵਿਸ਼ੇਸ਼ ਦੇਵਤਾ, ਚਾਹੇ ਉਹ ਸ਼ਿਵ ਹੈ ਜਾਂ ਵਿਸ਼ਨੂੰ, ਦੀ ਸਰਬ ਉੱਚਤਾ ਨੂੰ ਭਿੰਨ ਭਿੰਨ ਰੂਪਾਂ ਵਿਚ ਵਰਨਣ ਕੀਤਾ ਗਿਆ ਹੈ। ਇਸੇ ਲਈ ਇਹ ਭੀ ਆਪਣੇ ਉਪਾਸ਼ਕਾਂ ਦਾ ਸਰਬ ਉੱਚ ਦੇਵਤਾ ਹੈ। ਕਿਤੇ ਕਿਤੇ ਵਿਸ਼ਨੂੰ ਅਤੇ ਸ਼ਿਵ ਦੋਹਾਂ ਨੂੰ ਇਕ ਕਹਿਣ ਦੀ ਗੱਲ ਵੀ ਆਈ ਹੈ ਜਿਵੇਂ ਕਿ ਹਰੀਵੰਸ਼ ਪੁਰਾਣ ਵਿਚ ਦੋਨਾਂ ਵਿਚ ਕੋਈ ਭੇਦ ਨਹੀਂ ਮੰਨਿਆ ਗਿਆ। ਜਿਥੇ ਬ੍ਰਹਮਾਂ ਦਾ ਸਰੂਪ ਸਿਰਜਨ ਕਰਤਾ ਵਾਲਾ ਹੈ ਅਤੇ ਵਿਸ਼ਨੂੰ ਦਾ ਸਰੂਪ ਇਕ ਸੰਚਾਲਨ ਤੇ ਪਾਲਣ ਵਾਲਾ ਵਜੋਂ ਨਿਸ਼ਚਿਤ ਹੈ ਉਥੇ ਸ਼ਿਵ ਮੁਖ ਰੂਪ ਵਿਚ ਸੰਘਾਰ ਸਰੂਪ ਦੇਵਤੇ ਵਜੋਂ ਹੀ ਤ੍ਰਿਮੂਰਤੀ ਨਾਲ ਜੁੜਦਾ ਹੈ। ਪਰ ਸੰਘਾਰ ਦਾ ਅਰਥ ਪੁਨਰ-ਉਤਪਤੀ ਵੀ ਹੈ।ਇਸ ਲਈ ਸ਼ਿਵ ਨੂੰ ਕਲਿਆਣਕਾਰੀ ਵੀ ਆਖਿਆ ਜਾਂਦਾ ਹੈ ਉਤਪਤੀ ਦੇ ਚਿੰਨ ਵਜੋਂ ਸ਼ਿਵ ਲਿੰਗ ਦੀ ਪੂਜਾ, ਅਤੇ ਯੋਨੀ ਦੀ ਪੂਜਾ ਜੋ ਉਤਪਤੀ ਦਾ ਦੂਜਾ ਚਿੰਨ ਹੈ, ਸ਼ਿਵ ਸੰਪਰਦਾ ਵਿੱਚ ਪ੍ਰਚਲਤ ਹੈ। ਸ਼ਿਵ ਮਹਾਂ ਤਪੱਸਵੀ, ਭੂਤੇਸ਼ਵਰ (ਭੂਤਾਂ ਪਰੇਤਾਂ ਦਾ ਸੁਆਮੀ) ਅਤੇ ਤਾਂਡਵ ਨਾਚ ਕਰਨ ਵਾਲਾ ਹੈ।

ਸ਼ਿਵ ਬਾਰੇ ਅਨੇਕ ਪ੍ਰਕਾਰ ਕਥਾਵਾਂ ਮਿਲਦੀਆਂ ਹਨ ਜਿਨ੍ਹਾਂ ਵਿੱਚ ਸ਼ਿਵ ਦੇ ਯੁੱਧ ਕ੍ਰੋਧ ਵੈਰ, ਵਿਰੋਧ ਆਦਿ ਦਾ ਉਲੇਖ ਵੀ ਹੈ। ਇਸ ਨੇ ਆਪਣੇ ਤੀਜੇ ਨੇਤ੍ਰ ਰਾਹੀਂ ਕਾਮਦੇਵ ਦੇਵਤੇ ਨੂੰ ਭਸਮ ਕੀਤਾ। ਇਸ ਦਾ ਗਲਾ ਨੀਲਾ, ਸਿਰ ਉੱਤੇ ਜਟਾਂ, ਜਟਾਂ ਵਿਚੋਂ ਫੁਟਦੀ ਗੰਗਾ, ਗਲੇ ਵਿਚ ਨਾਗ ਲਪੇਟੇ ਹੋਏ ਤੇ ਮੁੰਡਮਾਲਾ, ਹੱਥ ਵਿਚ ਤ੍ਰਿਸੂਲ ਪੋਸ਼ਾਕ ਸ਼ੇਰ ਦੀ ਖੱਲ ਜਾਂ ਹਾਥੀ ਦੀ ਖੱਲ ਦੀ, ਸਵਾਰੀ ਨੰਦੀ ਬੈਲ ਦੀ'। ਪਹਿਲੀ ਨਜ਼ਰੇ ਇਹ ਭਯਾਨਕ ਸਰੂਪ ਦਰਸ਼ਕ ਨੂੰ ਜ਼ਰੂਰ ਭੈਭੀਤ ਕਰਦਾ ਹੈ ਅਤੇ ਸ਼ਕਤੀ ਦੇ ਪ੍ਰਤੀਕ ਨੂੰ ਹੋਰ ਪੱਕਿਆਂ ਕਰਦਾ ਹੈ। ਸ਼ਿਵ ਸ਼ਕਤੀਆਂ ਪ੍ਰਭੁਤਾ ਦੇ ਲਖਾਇਕ ਰਹਿੰਦੀਆਂ ਹਨ।

ਗੁਰੂ ਨਾਨਕ ਦੇਵ ਜੀ ਨੇ ਬ੍ਰਹਮਾਂ ਤੋਂ ਇਲਾਵਾ ਵਿਸ਼ਨੂੰ ਅਤੇ ਮਹੇਸ਼ ਦੇ ਨਾਂ ਸੰਕੇਤ ਵੀ ਕੀਤੇ ਹਨ। ਵਿਸ਼ਨੂੰ ਦੇ ਅਵਤਾਰਾਂ ਦੀਆਂ ਸਿਰ ਕਥਾਵਾਂ ਜ਼ਰੂਰ ਦਰਜ ਹਨ। ਪਰ ਵਿਸ਼ਨੂੰ ਦੀ ਵਿਸ਼ੇਸ਼ ਕਥਾ ਦਾ ਕੋਈ ਵਿਸ਼ੇਸ਼ ਸੰਕੇਤ ਨਹੀਂ ਮਿਲਦਾ। ਯਮ ਦਾ ਸੰਕੇਤ ਮਿਤ੍ਰ ਦੇਵ ਵਜੋਂ ਜ਼ਰੂਰ ਹੋਇਆ ਹੈ ਪਰ ਦੇਵ ਭਾਵਨਾ ਦਾ ਸੰਚਾਰ ਉਥੇ ਵੀ ਨਹੀਂ ਮਿਲਦਾ। ਬ੍ਰਹਮਾ-ਵਿਸ਼ਨੂੰ-ਮਹੇਸ਼,

ਦਾ ਜ਼ਿਕਰ, ਕਰਤਾ ਧਰਤਾ ਅਤੇ ਹਰਤਾ ਦੇ ਰੂਪ ਵਿੱਚ ਵੀ ਆਇਆ ਹੈ, ਪਰ ਨਾਲ ਹੀ ਕਰਤਾ ਧਰਤਾ ਅਤੇ ਹਰਤਾ ਪਨ ਨੂੰ ਸੀਮਾ ਬਧ ਕਰਕੇ ਵਿਸ਼ੇਸ਼ ਨਹੀਂ ਹੋਣ ਦਿੱਤਾ। ਇਹ ਤਿੰਨੇ ਪ੍ਰਭੂ ਨੂੰ ਰੋਕ ਵੀ ਨਹੀਂ ਸਕਦੇ। ਉਸ ਦੇ ਭਾਣੇ ਵਿਚ ਹੀ ਚਲ ਸਕਦੇ ਹਨ।[1]

ਅਸਲ ਵਿਚ ਉਹ ਪ੍ਰਭੂ ਹੀ ਸਭ ਕੁਝ ਹੈ।[2] ਪੁਰਾਣਾਂ ਵਿਚ ਸੰਪਰਦਾਇਕ ਰੁਚੀ ਅਧੀਨ ਕਿਤੇ ਕਿਤੇ ਵਿਸ਼ਨੂੰ ਨੂੰ ਪ੍ਰਮੁਖ ਦੇਵ ਮੰਨਿਆ ਹੈ ਤਾਂ ਦੂਸਰੇ ਪੁਰਾਣਕਾਰ ਨੇ ਸ਼ਿਵ ਨੂੰ ਮੁੱਖ ਤੇ ਵਿਸ਼ਨੂੰ ਨੂੰ ਗੌਣ ਬਣਾ ਦਿਤਾ ਹੈ। ਗੁਰੂ ਨਾਨਕ ਰਚਿਤ ਵਿੱਚ ਸੰਪਰਦਾਇਕ ਰੁਚੀ ਦਾ ਪ੍ਰਸ਼ਨ ਹੀ ਪੈਦਾ ਨਹੀਂ ਹੁੰਦਾ। ਸੋ ਕਰਤਾ, ਧਰਤਾ ਅਤੇ ਹਰਤਾ ਦੀ ਕੁਦਰਤੀ ਵਿਰਤੀ ਅਨੁਸਾਰ ਹੀ ਵਧੇਰੇ ਕਰਕੇ ਦੇਵ ਨਾਵਾਂ ਦੀ ਵਰਤੋਂ ਹੋਈ ਹੈ। ਪਰ ਜਿਥੇ ਕਰਤਾ, ਧਰਤਾ ਤੇ ਹਰਤਾ ਦੀ ਵਿਰਤੀ ਦੀ ਲੋੜ ਨਹੀਂ ਉਥੇ ਇਸ ਪਰੰਪਰਾਗਤ ਕ੍ਰਮ ਉਤੇ ਜ਼ੋਰ ਨਹੀਂ। ਕਿਤੇ ਈਸਰ ਦਾ ਪਹਿਲਾਂ ਵਰਨਣ ਹੈ ਤਾਂ ਪਿਛੋਂ ਬ੍ਰਹਮਾ ਦਾ,[3] ਕਿਤੇ ਬ੍ਰਹਮਾ ਦੇ ਨਾਲ ਇੰਦਰ ਦਾ ਵਰਨਣ ਹੋ ਗਿਆ ਹੈ।[4] ਅਜਿਹੇ ਪ੍ਰਮਾਣ ਇਹ ਸਿਧ ਕਰਦੇ ਹਨ ਕਿ ਗੁਰੂ ਨਾਨਕ ਕਿਸੇ ਦੇਵ ਨੂੰ ਪ੍ਰਮੁਖਤਾ ਨਹੀਂ ਦਿੰਦੇ। ਸਾਰੇ ਦੇਵ ਬਾਕੀ ਸ੍ਰਿਸ਼ਟੀ ਦੇ ਜੀਵਾਂ ਵਾਂਗ ਸ੍ਰਿਸ਼ਟੀ ਦਾ ਸਧਾਰਣ ਅੰਗ ਹੀ ਹਨ, ਵਿਅਕਤੀ ਵਿਸ਼ੇਸ਼ ਨਹੀਂ, ਵਿਵਧ ਨਹੀਂ। ਪ੍ਰਸੰਗ ਦੀ ਲੋੜ ਅਨੁਸਾਰ ਗੁਰੂ ਨਾਨਕ ਵਲੋਂ ਇਨ੍ਹਾਂ ਦਾ ਥਾਉਂ ਥਾਈਂ ਵਰਨਣ ਹੋਇਆ ਹੈ।

<u>ਇੰਦਰ</u>

ਇਸ ਨੂੰ ਬ੍ਰਹਮਾ, ਵਿਸ਼ਨੂੰ ਤੇ ਮਹੇਸ਼ ਤੋਂ ਪਿਛੋਂ ਥਾਂ ਦਿਤੀ ਗਈ ਹੈ। ਪੁਰਾਣਾਂ ਵਿਚ ਇਸ ਦੇ ਭੋਗਾਂ ਤੇ ਵਿਲਾਸਮਈ ਜੀਵਨ ਨੂੰ ਵਧੇਰੇ ਚਿਤਰਿਆ ਗਿਆ ਹੈ। ਅਸੰਜਮ ਅਤੇ ਵਿਭਚਾਰ ਦੀਆਂ ਕਈ ਕਥਾਵਾਂ ਪੁਰਾਣਾਂ ਵਿਚ ਆਈਆਂ ਹਨ। ਗੌਤਮ ਰਿਸ਼ੀ ਦੀ ਪਤਨੀ ਅਹਿਲਿਆ ਨਾਲ ਸੰਭੋਗ ਕਾਰਣ ਇਸ ਨੂੰ 'ਸਹਸ ਭਗ' ਹੋਣਾ ਪਿਆ।[5] ਇਸ ਨੇ ਇੰਦ੍ਰਾਣੀ ਨੂੰ ਵੀ ਉਸਦੀ ਵਿਲਾਸਮਤਾ ਕਾਰਣ ਹੀ ਆਪਣੀ ਪਤਨੀ ਬਣਾਇਆ ਸੀ। ਰਿਸ਼ੀਆਂ ਅਤੇ ਤਪੱਸਵੀਆਂ ਦੀ ਤਪੱਸਿਆ ਸਤ ਭੰਗ ਕਰਨ ਲਈ ਇਸ ਦੇ ਇੰਦਰ-ਅਖਾੜੇ ਵਿਚੋਂ ਅਪਸਰਾਵਾਂ ਭੇਜੀਆਂ ਜਾਂਦੀਆਂ ਸਨ।

---

1. ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ।
ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ।
ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ।
ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ।
ਜਪੁ, ਪੰਨਾ 7
2. ਨ ਦੇਵ ਦਾਨਵਾ ਨਰਾ ਨ ਸਿਧ ਸਾਧਿਕਾ ਧਰਾ
ਅਸਤਿ ਏਕੁ ਦਿਗਰਿ ਕੁਈ ਏਕੁ ਤੁਈ ਏਕੁ ਤੁਈ (ਸਿਰੀ ਰਾਗੁ, ਪੰਨਾ 143-144
3. (i) ਗਾਵਹਿ ਈਸਰੁ ਬਰਮਾ ਦੇਵੀ, ਜਪੁ, ਪੰਨਾ 6
(ii) ਈਸਰੁ ਬ੍ਰਹਮਾ ਦੇਵੀ ਦੇਵਾ, ਮਾਰੂ ਰਾਗੁ, ਪੰਨਾ 1034
4. (i) ਸਨਕ ਸਨੰਦ ਬ੍ਰਹਮਾ ਇੰਦ੍ਰਾਦਿਕ ਭਗਤਿ ਰਤੇ ਬਨਿਆਈ, ਸਾਰੰਗ ਰਾਗੁ ਪੰ:
(ii) ਆਖਹਿ ਬਰਮੇ ਆਖਹਿ ਇੰਦ ਜਪੁ, ਪੰਨਾ 5
5. ਜੋਨ ਡੋਸਨ, 'ਹਿੰਦੂ ਮਿਥਿਹਾਸ ਕੋਸ਼' ਪੰਨਾ 71

ਕ੍ਰਿਸ਼ਨ ਨਾਲ ਇਸ ਦੀ ਵਿਰੋਧਤਾ ਦੀਆਂ ਕਈ ਕਥਾਵਾਂ ਪੁਰਾਣਾਂ ਵਿਚ ਦਰਜ ਹਨ। ਗੋਵਰਧਨ ਵਾਲੀ ਕਥਾ ਆਮ ਪ੍ਰਚਲਤ ਹੈ। ਸਮੁੱਚੇ ਤੌਰ ਤੇ ਇਸ ਵੈਦਿਕ ਕਾਲ ਦੇ ਦੇਵਤਾ ਨੂੰ ਪੁਰਾਣਕਾਲ ਵਿਚ ਕਾਫ਼ੀ ਹਾਨੀ ਪਹੁੰਚਾਈ ਗਈ ਜਾਪਦੀ ਹੈ।

ਗੁਰੂ ਨਾਨਕ ਬਾਣੀ ਵਿਚ ਇੰਦ੍ਰ ਸਬੰਧੀ ਦੀ ਤਿੰਨ ਕਥਾਵਾਂ ਆਈਆਂ ਹਨ। ਗੌਤਮ-ਅਹਿਲਿਆ- ਇੰਦ੍ਰ ਕਥਾ। ਆਤੁਰਤਾ[1] ਨਾਲ ਸਬੰਧਤ ਇਹ ਕਥਾ ਸਪੱਸ਼ਟ ਰੂਪ ਵਿਚ ਵਰਤੀ ਗਈ ਹੈ। ਇਸ ਦੇ ਨਾਲ ਉਨ੍ਹਾਂ ਕਥਾਵਾਂ ਦੇ ਸੰਕੇਤ ਵੀ ਹਨ, ਜਿਨਾਂ ਦੀ ਪ੍ਰਿ.ਟ ਭੂਮੀ ਵਿਚ ਇੰਦਰ ਹੈ। ਜਿਵੇਂ ਕਿ ਕ੍ਰਿਸ਼ਨ ਗੋਵਰਧਨ ਧਾਰਣ ਦੀ ਕਥਾ[2], ਪਾਰ ਜਾਤ ਰੋਪੀ ਦੀ ਕਥਾ[3] ਆਦਿ। ਇਹ ਕਥਾਵਾਂ ਇੰਦਰ ਦੇ ਪੁਰਾਣਾਂ ਵਿੱਚ ਸਿਰਜੇ ਗਏ ਸਰੂਪ ਦੀ ਗਵਾਹੀ ਭਰਦੀਆਂ ਹਨ। ਉਸ ਦਾ ਕਾਮ- ਆਤੁਰਤਾ ਅਧੀਨ ਆਚਰਣਹੀਣ ਕੰਮ ਕਰਨਾ, ਪਰ ਇਸਤ੍ਰੀ ਗਮਨ, ਵਿਲਾਸੀ ਜੀਵਨ ਇਤਿਆਦ ਕਰਮਾਂ ਦਾ ਵਰਨਣ ਕੀਤਾ ਗਿਆ ਹੈ। ਗੁਰੂ ਨਾਨਕ ਕਾਵਿ ਵਿੱਚ ਇੰਦਰ ਨੂੰ ਦੇਵ ਪੱਦ ਦਾ ਅਧਿਕਾਰੀ ਨਹੀਂ ਮੰਨਿਆ ਗਿਆ। ਗੁਰੂ ਨਾਨਕ ਦਾ ਦੇਵਤਿਆਂ ਪ੍ਰਤੀ ਦ੍ਰਿਸ਼ਟੀਕੋਣ ਇਸ ਪ੍ਰਕਾਰ ਹੈ:

ਦੇਵਤੇ ਮਾਇਆ ਦੇ ਪੁਤਰ ਹਨ।[4] ਇਹ ਮਾਇਆ ਮੋਹ ਵਿੱਚ ਜਕੜੇ ਹੋਏ ਹਨ।[5] ਇਨਾਂ ਦੇ ਪੈਦਾ ਹੋਣ ਨਾਲ ਤਾਂ ਸਗੋਂ ਮੋਹ ਮਾਇਆ ਦਾ ਪਸਾਰਾ ਵਧਿਆ ਹੈ।[6] ਇਹ ਮਨੁਖ ਨੂੰ ਕਾਲ ਤੋਂ ਨਹੀਂ ਬਚਾ ਸਕਦੇ, ਕਿਉਂਕਿ ਇਹ ਖੁਦ ਕਾਲ ਦੀ ਪਕੜ ਵਿੱਚ ਹਨ। ਇਹ ਵੀ ਨਾਸ਼ਮਾਨ ਹਨ। ਪ੍ਰਭੂ ਦੇ ਡਰ ਤੇ ਅਤੇ ਭਉ ਵਿਚ ਇਨ੍ਹਾਂ ਨੂੰ ਵੀ ਸਧਾਰਣ ਵਿਅਕਤੀ ਵਾਂਗ ਰਹਿਣਾ ਪੈਂਦਾ ਹੈ।[7] ਪਰਮਾਤਮਾਂ ਸਰਬ ਦੇਵਾਂ ਦਾ ਦੇਵ ਹੈ।[8] ਉਸ ਦੀ ਪੂਜਾ ਵਿੱਚ ਰਹਿਣਾ ਚਾਹੀਦਾ ਹੈ। ਪਰਮਾਤਮਾਂ ਮੂਲ ਹੈ, ਦੇਵ ਬਾਕੀ ਸ੍ਰਿਸ਼ਟੀ ਵਾਂਗ ਟਾਹਣੀਆਂ ਅਤੇ ਪੱਤਿਆਂ ਨਿਆਈ ਹਨ। ਇਹ ਧਿਆਨ ਕਰਨ ਦਾ ਕੇਂਦ ਹਨ। ਪ੍ਰਭੂ ਮੂਲ ਸੱਤ ਹੈ, ਅਬਿਨਾਸ਼ੀ ਹੈ। ਮੂਲ ਨਾਲ ਜੁੜਨ ਦੀ ਥਾਂ ਸ਼ਾਖਾਮਾਨ ਨਾਲ ਜੁੜਨਾ ਸ਼ੁਭ- ਸਿਆਣਾ ਕਦਮ ਨਹੀਂ। ਦੇਵ ਪੱਦ ਦੇ ਅੰਤਰਗਤ ਜਿਵੇਂ ਵਿਅਕਤੀ ਵਿਸ਼ੇਸ਼ ਦਾ ਸਰੂਪ ਉਘੜਦਾ

---

1. ਪ੍ਰਭਾਤੀ ਰਾਗੁ, (ਦਖਣੀ) , ਪੰਨਾ 1344
2. ਮਾਰੂ ਰਾਗੁ, (ਸੋਲਹੇ), ਪੰਨਾ 1041
3. ਆਸਾ ਰਾਗੁ (ਵਾਰ ) ਪੰਨਾ 470
4. ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ, ਜਪੁ ਪੰਨਾ 7
5. ਮਾਇਆ ਮੋਹੇ ਦੇਵੀ ਸਭਿ ਦੇਵਾ ਕਾਲੁ ਨ ਛੋਡੈ ਬਿਨੁ ਗੁਰ ਕੀ ਸੇਵਾ, ਗਉੜੀ ਰਾਗੁ ਪੰਨਾ 227
6. ਬ੍ਰਹਮਾ ਬਿਸਨੁ ਮਹੇਸੁ ਉਪਾਏ ਮਾਇਆ ਮੋਹੁ ਵਧਾਇਦਾ, ਮਾਰੂ ਰਾਗੁ ਪੰਨਾ 1036
7. ਭੈ ਵਿਚ ਇੰਦ੍ਰ ਫਿਰੈ ਸਿਰ ਭਾਰ, ਆਸਾ ਰਾਗੁ (ਵਾਰ ) ਪੰਨਾ 464
8. ਏਕ ਕ੍ਰਿਸਨੰ ਸਰਬ ਦੇਵਾ ਦੇਵ ਦੇਵਾ ਤ ਆਤਮਾ (ਸਲੋਕ ਸਹਸਕ੍ਰਿਤੀ) ਪੰਨਾ 1353

ਹੈ, ਉਥੇ ਇਹ ਪਦ ਦਿਵਯ ਗੁਣਾਂ ਲਈ ਵੀ ਪ੍ਰਯੁਕਤ ਹੁੰਦਾ ਹੈ। ਗੁਰੂ ਨਾਨਕ ਨੇ 'ਦਿਵਯ ਗੁਣਾਂ' ਨੂੰ ਅਪਣਾ ਲਿਆ ਹੈ ਪਰ ਵਿਅਕਤੀ ਵਿਸ਼ੇਸ਼ ਦੀ ਭਾਵਨਾ ਨੂੰ ਤਿਆਗ ਦਿਤਾ ਹੈ। ਮਨੁਖ ਦੀਆਂ ਸੱਦ ਬਿਰਤੀਆਂ ਦਿਵਯਪਣ ਦੀਆਂ ਧਾਰਨੀ ਹਨ। ਪਰ ਮੰਦ ਬਿਰਤੀਆਂ ਅਸੁਰੀ ਪ੍ਰਏ ਦਾ ਪ੍ਰਗਟਾਵਾ ਕਰਦੀਆਂ ਹਨ।

ਨਾਨਕ ਬਾਣੀ ਵਿੱਚ ਦੇਵ ਸੰਕਲਪ ਦੀ ਥਾਂ ਗੁਰੂ ਦਾ ਨਵਾਂ ਸੰਕਲਪ ਉਭਰਿਆ ਹੈ। ਇਸਦਾ ਇਹ ਭਾਵ ਨਹੀਂ ਕਿ ਦੇਵ ਦੀ ਥਾਂ ਦੀ ਪੂਰਤੀ ਕਰਨ ਹਿਤ ਗੁਰੂ ਨਾਨਕ ਨੂੰ ਇਹ ਸੰਕਲਪ, ਸੰਪਰਦਾਇਕ ਰੁਚੀ ਅਧੀਨ, ਦੇਣਾ ਪਿਆ ਹੋਵੇਗਾ, ਕਿਉਂਕਿ ਉਹ ਨਵਾਂ ਮੱਤ ਸਥਾਪਤ ਕਰਨਾ ਲੋੜਦੇ ਸਨ। ਗੁਰੂ ਦਾ ਸੰਕਲਪ ਨਰੋਆ ਸੰਕਲਪ ਹੈ ਅਤੇ ਸਮੇਂ ਦੀ ਲੋੜ ਵਿਚੋਂ ਉਪਜਿਆ ਹੈ। ਇਹ ਹਿੰਦੂ ਤੇ ਮੁਸਲਮਾਨ ਦੋਹਾਂ ਨੂੰ ਆਪਣੀ ਪਕੜ ਵਿਚ ਲੈਂਦਾ ਹੈ। ਗੁਰੂ ਦੇਵਤੇ ਨਾਲੋਂ ਵੱਡਾ ਹੈ। ਗੁਰੂ ਵਿਚ ਮਨੁੱਖ ਨੂੰ ਦੇਵਤਾ ਪਦ ਦਾ ਅਧਿਕਾਰੀ ਬਣਾਉਣ ਦੀ ਸਮਰਥਾ ਹੈ। ਇਹ ਪਾਰਲੌਕਿਕ ਚਮਤਕਾਰੀ ਸ਼ਕਤੀਆਂ ਵਾਲੀ ਪ੍ਰਤਿਭਾ ਨਹੀਂ; ਸਗੋਂ ਸਾਤਵਿਕ ਗੁਣਾਂ ਨਾਲ ਸੰਪੰਨ ਗੁਰਮੁੱਖ ਸੁਸ਼ੋਭਿਤ ਹੈ। ਗੁਰੂ ਨਾਨਕ ਲਿਖਦੇ ਹਨ —

'ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ'[1]

## ਯਮ/ ਧਰਮ ਰਾਜ / ਕਾਲ

ਵੈਦਿਕ ਗ੍ਰੰਥਾਂ ਵਿਚ ਯਮ ਨੂੰ ਮ੍ਰਿਤੂ ਲੋਕ ਦਾ ਅਧਿਸ਼ਠਾਤਾ ਆਖਿਆ ਗਿਆ ਹੈ। ਮਰਨ ਉਪਰੰਤ ਸਾਰੇ ਪ੍ਰਾਣੀਆਂ ਨੂੰ ਉਨ੍ਹਾਂ ਦੇ ਕਰਮਾਂ ਅਨੁਸਾਰ ਸਜ਼ਾ ਤੇ ਇਨਸਾਫ਼ ਦੇਣਾ ਇਸਦੇ ਜ਼ਿੰਮੇ ਹੈ।[2] ਇਹ ਮਰਨਸ਼ੀਲ ਮਨੁੱਖਾਂ ਵਿਚੋਂ ਪਹਿਲਾ ਸੀ, ਇਸ ਲਈ ਇਸ ਨੂੰ ਮਰਨ ਵਾਲਿਆਂ ਵਿਚ ਪ੍ਰਧਾਨ ਮੰਨਿਆ ਗਿਆ ਹੈ।[3] ਇਸ ਨੂੰ ਪਹਿਲਾ ਮਨੁਖ ਅਤੇ ਪਹਿਲਾ ਰਾਜਾ ਵੀ ਆਖਿਆ ਜਾਂਦਾ ਹੈ।[4] ਕੁੰਤੀ ਪੁੱਤਰ ਯੁਧਿਸ਼ਠਰ ਦਾ ਇਹ ਪਿਤਾ ਸੀ।[5] ਮਹਾਂਭਾਰਤ ਵਿਚ ਇਸ ਨੂੰ ਸੂਰਜ ਦਾ ਪੁੱਤਰ ਕਰਕੇ ਲਿਖਿਆ ਗਿਆ ਹੈ। ਯਮਰਾਜ ਨੂੰ ਧਰਮ ਜਾਂ ਧਰਮ ਰਾਜਾ ਵੀ ਆਖਿਆ

---

1. ਆਸਾ ਰਾਗੁ ,(ਵਾਰ ) ਪੰਨਾ 462- 63
2. W.J.Wilkins,'Hindu Mythology,Vedic and Puranic'P.79
3. ਉਹੀ, ਪੰਨਾ ,79
4. ਉਹੀ, ਪੰਨਾ 79
5. ਉਹੀ,ਪੰਨਾ 79

ਜਾਂਦਾ ਹੈ ਕਿਉਂਕਿ ਇਹ ਪ੍ਰਾਣੀ ਦੇ ਕਰਮਾਂ ਦਾ ਧਰਮ ਅਨੁਸਾਰ ਇਨਸਾਫ਼ ਕਰਦਾ ਹੈ।[1] ਪੁਰਾਣਾਂ ਵਿਚ ਯਮਰਾਜ ਦਾ ਰੂਪ ਵਧੇਰੇ ਉਗਰ ਰੂਪ ਵਾਲਾ ਸਿਰਜਿਆ ਗਿਆ ਹੈ। ਇਸਦਾ ਇਨਸਾਫ਼ ਕਰੜਾ ਅਤੇ ਦੰਡ ਸਖ਼ਤ ਹੈ। ਇਹ ਪਾਪੀ ਜੀਵਾਂ ਨੂੰ ਬੜੀਆਂ ਸਖ਼ਤ ਸਜ਼ਾਵਾਂ ਦੇਂਦਾ ਹੈ ਪਰ ਚੰਗੇ ਕਰਮ ਕਰਨ ਵਾਲਿਆਂ ਅਤੇ ਨੇਕ ਪੁਰਸ਼ਾਂ ਵਾਸਤੇ ਇਹ ਪੂਰਨ ਆਦਰ ਸਤਿਕਾਰ ਅਤੇ ਨਿਮ੍ਰਤਾ ਨਾਲ ਪੇਸ਼ ਆਉਂਦਾ ਹੈ। ਇਸਦੇ ਦੂਤ ਪ੍ਰਾਣੀਆਂ ਦਾ ਹਿਸਾਬ ਕਿਤਾਬ ਰੱਖਦੇ ਹਨ ਅਤੇ ਮਨੁੱਖ ਨੂੰ ਉਸਦੀ ਮ੍ਰਿਤੂ ਉਪਰੰਤ ਧਰਮਰਾਜ ਅੱਗੇ ਪੇਸ਼ ਕਰਦੇ ਹਨ। ਚਿਤ੍ਰ ਗੁਪਤ ਦੇ ਨਾਂ ਇਸ ਸਬੰਧ ਵਿਚ ਵਿਸ਼ੇਸ਼ ਵਰਣਨ ਯੋਗ ਹਨ। ਇਸਦੀ ਨਗਰੀ, ਜਿਥੇ ਇਸਦਾ ਵਾਸਾ ਹੈ ਜਿਥੇ, ਦਰਬਾਰ ਹੈ, ਨੂੰ ਜਮਪੁਰੀ ਜਾਂ ਜਮ ਲੋਕ ਆਖਿਆ ਜਾਂਦਾ ਹੈ। ਯਮਰਾਜ ਦੁਆਰਾ ਦਿੱਤੀਆਂ ਸਜ਼ਾਵਾਂ ਦਾ ਨਾਂ ਜਮ ਡੰਡ ਹੈ। ਇਨ੍ਹਾਂ ਸਜ਼ਾਵਾਂ ਦਾ ਵੇਰਵਾ ਨਰਕ ਵਾਲੇ ਹਿੱਸੇ ਵਿਚ ਕੀਤਾ ਗਿਆ ਹੈ।

ਯਮ ਰਾਜ ਲਈ 'ਕਾਲ' ਸ਼ਬਦ ਵੀ ਵਰਤਿਆ ਜਾਂਦਾ ਹੈ। 'ਕਾਲ' ਜਿਥੇ ਜਮ ਦਾ ਬੋਧ ਦੇਂਦਾ ਹੈ ਉਥੇ ਮੌਤ ਤੇ ਸਮੇਂ ਦਾ ਬੋਧ ਵੀ ਦੇਂਦਾ ਹੈ। ਅਸਲ ਵਿੱਚ,ਕਾਲ, ਮੌਤ ਤੇ ਸਮਾਂ ਆਪਸੀ ਸੰਬੰਧ ਸੂਤਰ ਵਿੱਚ ਬਝੇ ਹੋਏ ਹਨ।

ਯਮ ਰਾਜ ਦਾ ਸੰਕਲਪ, ਸਮਾਜ ਵਿਚ ਸੰਤੁਲਨ ਕਾਇਮ ਰੱਖਣ ਦੀ ਲਾਲਸਾ ਵਿਚੋਂ ਉਪਜਿਆ ਹੋਵੇਗਾ। ਲੌਕਿਕ ਵਿਧਾਨ ਨੂੰ ਪਾਰਲੌਕਿਕ ਵਿਧਾਨ ਦੇ ਅੰਤਰਗਤ ਰੱਖਕੇ ਚਲਾਉਣ ਦਾ ਇਹ ਖ਼ੂਬਸੂਰਤ ਉਦਾਹਰਣ ਹੈ। ਪਰ ਮਿਥਕ ਬਿਰਤੀ ਨੇ ਇਸ ਸੰਕਲਪ ਨੂੰ ਪਾਰਲੌਕਿਕ ਜਗਤ ਨਾਲ ਹੀ ਵਧੇਰੇ ਜੋੜਿਆ ਹੈ।

ਯਮ(ਜਮ) ਸ਼ਬਦ ਦੇ ਨਾਲ ਕਾਲ, ਡੰਡਾ ਧਾਰੀ, ਧਰਮ ਰਾਜ, ਬਲੀ ਵਾਲਾ, ਧਰਮ ਦਿਆਲ ਆਦਿ ਸ਼ਬਦ ਵੀ ਜਮ ਦੇ ਹੀ ਪ੍ਰਾਇਵਾਚੀ ਸ਼ਬਦ ਗੁਰੂ ਨਾਨਕ ਕਾਵਿ ਵਿੱਚ ਆਏ ਹਨ। 'ਜਮ ਤੀਰ', 'ਜਮ ਜੰਦਾਰਾ', 'ਜਮ ਮਾਰਿ ਕਰੇ ਖੁਲਹਾਨੁ', 'ਜਮ ਡੰਡ', 'ਗਲ ਸੰਗਲ ਪੜਿਆ', 'ਜਮ ਜੰਦਾਰ' ਅਤੇ 'ਕਾਲ ਚਪੇ' ਆਦਿ ਜਮ ਦੀਆਂ ਸਜ਼ਾਵਾਂ ਤੇ ਪੀੜਾਂ ਜੋ ਪ੍ਰਾਣੀਆਂ ਨੂੰ ਸਹਿਣੀਆਂ ਪੈਂਦੀਆਂ ਹਨ ਦੇ ਸੰਕੇਤ ਵੀ ਬਾਣੀ ਵਿਚ ਆਏ ਹਨ। ਵਧੇਰੇ ਕਰਕੇ ਕਾਲ ਜਮ ਅਤੇ ਧਰਮਰਾਜ ਸ਼ਬਦਾਂ ਦੀ ਹੀ ਵਰਤੋਂ ਹੋਈ ਹੈ।

---

1. W.J.Wilkins,'Hindu Mythology- Vedic and Puranic,P.82

'ਕਾਲ ਸ਼ਕਤੀ' ਉਸ ਨਾਂ ਦੀ ਹੈ ਜੋ ਚੀਜ਼ਾਂ ਵਸਤੂਆਂ ਨੂੰ ਘੜਦੀ ਅਤੇ ਮਿਟਾਂਦੀ ਹੈ। ਸਭ ਨੂੰ ਅਟਲ ਨੇਮ ਹੇਠ ਰਖਦੀ ਹੈ। ਉਸ ਅੰਦਰ ਸਮੇਂ ਦੀ ਵੰਡ ਭੂਤ, ਵਰਤਮਾਨ ਅਤੇ ਭਵਿਖ ਨਿਹਤ ਹਨ। ਕਾਲਵਸ਼ ਹਰ ਸ਼ੈ ਨਾਸ਼ ਹੁੰਦੀ ਹੈ। ਗੁਰਬਾਣੀ ਵਿੱਚ ਕਾਲ ਸ਼ਬਦ ਮੌਤ ਦੇ ਅਰਥਾਂ ਵਿੱਚ ਵਧੇਰੇ ਵਰਤਿਆ ਗਿਆ ਹੈ ਅਤੇ ਇਸ ਨੂੰ ਜਮਕਾਲ ਆਖਿਆ ਹੈ। ਜਮਕਾਲ ਸ਼ਕਤੀ ਅਤੇ ਮ੍ਰਿਤੂ ਦੀ ਅਟੱਲ ਨੇਮ ਪ੍ਰਣਾਲੀ ਦਾ ਸੂਚਕ ਹੈ ਅਤੇ ਧਰਮ ਜਾਂ ਧਰਮ ਰਾਜ ਏਸ ਨਿਯਮ ਪ੍ਰਣਾਲੀ ਦਾ ਧਾਰਮਿਕ ਅਤੇ ਨਿਆਂਕਾਰੀ ਪੱਖ ਪ੍ਰਗਟ ਕਰਦਾ ਹੈ। ਇਹ ਕਾਲ ਸ਼ਕਤੀ ਅਕਾਲ ਦੇ ਅਧੀਨ ਹੈ। ਅਕਾਲ ਸਦੀਵਕਾਲ ਹੈ। ਅਟਲ ਅਤੇ ਅਚੱਲ ਹੈ। ਸਿੱਟੇ ਵਜੋਂ ਇਹ ਨੇਮ ਪ੍ਰਣਾਲੀ ਵੀ ਅਟੱਲ ਹੈ।[1] ਗੁਰੂ ਨਾਨਕ ਬਾਣੀ ਵਿੱਚ ਜਮ ਅਤੇ ਧਰਮ ਰਾਜ ਦੀ ਵਿਅਕਤੀ ਵਿਸ਼ਿਸ਼ਟਤਾ ਉਤੇ ਬਲ ਨਹੀਂ ਦਿਤਾ ਗਿਆ ਸਗੋਂ ਇਸ ਨਿਯਮ ਪ੍ਰਣਾਲੀ ਦੀ ਅਟੱਲਤਾ ਉਤੇ ਜ਼ਿਆਦਾ ਬਲ ਦਿੱਤਾ ਗਿਆ ਹੈ। ਮੌਤ ਅਟੱਲ ਹੈ, ਪਰ ਮੌਤ ਮੌਤ ਵਿੱਚ ਅੰਤਰ ਹੁੰਦਾ ਹੈ।

ਧਰਮ ਰਾਜ ਪ੍ਰਭੂ ਦੇ ਹੀ ਵਿੱਚ ਹੈ। ਉਸਦਾ ਜਸ ਗਾਉਂਦਾ ਹੈ।[2] ਪ੍ਰਭੂ ਦੇ ਕਾਲ ਨਿਯਮ ਅਧੀਨ ਹੈ।[3] ਜੀਵਾਂ ਦਾ ਲੇਖਾ ਜੋਖਾ ਉਸਦੇ ਹੱਥ ਹੈ ਪਰ ਇਸ ਵਿੱਚ ਪ੍ਰਭੂ ਦੇ ਧਰਮ ਨਿਯਮਾਂ ਦੀ ਉਲੰਘਣਾ ਉਹ ਨਹੀਂ ਕਰ ਸਕਦਾ।[4] ਇਸ ਲੇਖੇ ਦੇ ਅੰਤਰਗਤ ਮਨੁੱਖ ਦੇ ਆਪਣੇ ਕਰਮ ਹੀ ਆਉਂਦੇ ਹਨ।[5]

---

1. ਸਭਿ ਜਗੁ ਬਧੋ ਕਾਲ ਕੋ ਬਿਨੁ ਗੁਰ ਕਾਲੁ ਅਫਾਰੁ
   ਸਚਿ ਰਤੇ ਸੇ ਉਬਰੇ ਦੁਬਿਧਾ ਛੋਡਿ ਵਿਕਾਰ। ਸਿਰੀ ਰਾਗੁ (ਅਸ਼ਟਪਦੀਆਂ) ਪੰਨਾ 55
2. (i) ਹੈ ਵਿਹਿ ਦਾਤਾ ਧਰਮ ਦੁਆਰੁ, ਆਸਾ ਰਾਗੁ (ਵਾਰ) ਪੰਨਾ 464
   (ii) ਗਾਵੈ ਰਾਜਾ ਧਰਮੁ ਦੁਆਰੇ। ਆਸਾ ਰਾਗੁ, ਪੰਨਾ 347
3. ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ ਆਸਾ ਰਾਗੁ (ਵਾਰ) ਪੰਨਾ 463
4. ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮ ਬਹਾਲਿਆ
   ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ, ਆਸਾ ਰਾਗੁ (ਵਾਰ) ਪੰਨਾ 463
5. (i) ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ
   ਆਸਾ ਰਾਗੁ (ਵਾਰ) ਪੰਨਾ 464
   (ii) ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ
   ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ, ਜਪੁ, (ਸਲੋਕ) ਪੰਨਾ 8

ਪੁਰਾਣਾਂ ਵਿੱਚ, ਪ੍ਰੇਤ ਜੂਨੀਆਂ ਵਿੱਚ ਪਏ ਮਨੁੱਖ ਨੂੰ ਜਮ ਦੰਡ ਤੋਂ ਬਚਾਉਣ ਲਈ ਅਨੇਕ ਤਰ੍ਹਾਂ ਦੇ ਦਾਨਾਂ ਅਤੇ ਪੁੰਨਾਂ ਦਾ ਵੇਰਵਾ ਦਿੱਤਾ ਗਿਆ ਹੈ। ਇਸ ਤਰ੍ਹਾਂ ਦੇ ਦਾਨ ਪੁੰਨ, ਪਿੰਡ ਦਾਨ ਦੇਣਾ ਜਾਂ ਗਊ ਸੋਨਾ ਆਦਿ ਦਾ ਬ੍ਰਾਹਮਣਾਂ ਨੂੰ ਦਿੱਤਾ ਦਾਨ ਆਦਿ ਨੂੰ ਨਾਨਕ ਕਾਵਿ ਵਿੱਚ ਕੋਈ ਥਾਂ ਨਹੀਂ ਮਿਲੀ।[1] ਮੁਕਤੀ ਵੀ ਅਜਿਹੇ ਦਾਨਾਂ ਨਾਲ ਨਹੀਂ ਮਿਲ ਸਕਦੀ। ਮੁਕਤੀ ਸਤਿਗੁਰ ਤੋਂ ਹੀ ਮਿਲ ਸਕਦੀ ਹੈ।[2]

ਗੁਰੂ ਕਾਵਿ ਵਿੱਚ ਵੀ ਜਮ ਪੁਰੀ ਤੇ ਜਮ ਮਾਰਗ ਦੇ ਦੁੱਖਾਂ ਦਾ ਵਰਨਣ ਹੋਇਆ ਹੈ। ਇਹ ਵਰਨਣ ਇਤਨਾ ਬੀਭਤਸ ਨਹੀਂ ਜਿਤਨਾ ਪੁਰਾਣਾਂ ਵਿੱਚ ਸਿੱਖ ਚੇਤਨਾ ਦੇ ਅੰਤਰਗਤ ਹੋਇਆ ਹੈ। ਮਨੁੱਖ ਨੂੰ ਉਨ੍ਹਾਂ ਤੁਛ ਨਹੀਂ ਆਂਕਿਆ ਤੇ ਸਹਿਮ ਡਰ ਆਦਿ ਦੇ ਘੇਰੇ ਵਿਚ ਲਿਆ ਕੇ ਨਿੰਮਾ ਨਹੀਂ ਹੋਣ ਦਿੱਤਾ। ਸਹਿਮ ਕੇਵਲ ਅਕਾਲ ਪੁਰਖ ਦਾ ਹੈ, ਪਰ ਉਥੇ ਗੁਰੂ ਦੇ ਨਾਲ ਨਾਲ 'ਭਾਉ' ਵੀ ਹੈ।

ਨਰਕ ਚਿਤ੍ਰਾਂ ਵਿੱਚ ਜਮ ਦੰਡ, ਜਮ ਸੰਗਲ, ਜਮ ਜੰਦਾਰ, ਦੀਆਂ ਕਿਰੀਆਂ ਸਜ਼ਾਵਾਂ, ਭੈੜੇ ਰਾਹ ਅਗਨੀ ਦਾ ਤੜ੍ਹ ਤੜ੍ਹ ਕਰਦਾ ਸਾਗਰ, ਖੰਡੇ ਦੀ ਧਾਰਾ ਜਿਹੀਆਂ ਨਿੰਕਾ ਰਾਹ ਇਤਿਆਦ ਭਿਆਨਕਤਾ ਦਾ ਪ੍ਰਭਾਵ ਦੇਣ ਵਾਲੇ ਸੰਕੇਤ ਆਏ ਹਨ।[3] ਇਨ੍ਹਾਂ ਸੰਕੇਤਾਂ ਦੇ ਅੰਤਰਗਤ, ਕੇਵਲ ਮਨਮੁੱਖ ਅਤੇ ਸਾਕਤ ਪ੍ਰਾਣੀ ਹੀ ਆਉਂਦੇ ਹਨ। ਨੇਕ ਮਨੁੱਖ ਲਈ 'ਸਤਿਗੁਰੂ ਬੋਹਿਥਾ ਦੀ ਆਰਾਧਨਾ ਨਿਰਣ ਨਿਰੰਤਰ ਰੂਪ ਵਿੱਚ ਜਮ ਦੇ ਸੰਕੇਤਾਂ ਵਿੱਚ ਨਾਲ ਨਾਲ ਰੱਖੀ ਗਈ ਹੈ।[4]

---

1. ਇਕਨੇ ਵਾਹੇ ਜੀਅਨਿ ਨਾਹੀਂ ਪਛੁਤਾਵੈ ਸਿਰਿ ਭਾਰੇ
   ਬਿਨ ਸਾਚੇ ਕੋ ਬੇਲੀ ਨਾਹੀਂ ਸਾਚਾ ਏਹੁ ਬੀਚਾਰੇ। ਵਡਹੰਸ ਰਾਗ (ਅਲਾਹੁਣੀਆਂ) ਪੰਨਾ 581
2. ਸਤਿਗੁਰ ਦਾਤਾ ਮੁਕਤਿ ਕਰਾਏ ਸਭਿ ਰੋਗ ਗਵਾਏ ਅੰਮ੍ਰਿਤ ਰਸੁ ਪਾਏ।
   ਜਮੁ ਜਾਗਾਤਿ ਨਾਹੀਂ ਕਰੁ ਲਾਗੈ ਜਿਸ ਅਗਨਿ ਬੁਝੀ ਠਰੁ ਸੀਨਾ ਹੇ।
   ਮਾਰੂ ਰਾਗੁ (ਸੋਹਲੇ) ਪੰਨਾ 1028
3. (I) ਜਮ ਡੰਡਾ ਗਲਿ ਸੰਗਲੁ ਪੜਿਆ ਭਾਗਿ ਗਏ ਸੇ ਪੀਰ ਜਨਾ
   ਗਉੜੀ ਰਾਗ, (ਪਦੇ) ਪੰਨਾ 155
   (II) ਨਾਲ ਚਲਾਏ ਬੰਨਿ ਹੋਈ ਨਾ ਬਖਸੀ।
   ਜਰ ਜਰਵਾਣਾ ਕੰਨਿ ਚੜਿਆ ਨਚਸੀ।, ਮਲਾਰ ਰਾਗੁ (ਵਾਰ) ਪੰਨਾ 1290
   (III) ਜਮ ਦਰਿ ਬਾਧੇ ਮਿਲਹਿ ਸਜਾਈ, ਤਿਸੁ ਅਪਰਾਧੀ ਗਤਿ ਨਹੀ ਕਾਈ।
   ਮਾਰੂ ਰਾਗੁ (ਸੋਹਲੇ), ਪੰਨਾ 1031
   (IV) ਖਰੀ ਬਿਖਮ ਜਮ ਅਗਨਿ ਬਿਖੁ ਝੋਲਾ ਤਿਥੈ ਅਵਰੁ ਨ ਕੋਈ ਜੀਉ ਇਕੇਲਾ
   ਝਰ ਝਰ ਅਗਨਿ ਸਾਗਰੁ ਦੇ ਲਹਰੀ ਪੜਿ ਦਝਹਿ ਮਨਮੁਖ ਤਾਈ ਹੇ।
   — ਉਹੀ — ਪੰਨਾ 1026
   (V) ਰਾਹ ਬੁਰਾ ਭੀਹਾਵਲਾ ਸਰ ਡੂਗਰ ਅਸਗਾਹ (ਰਾਮਕਲੀ ਰਾਗੁ) ਪੰਨਾ 936
4. (I) ਸਤਿਗੁਰ ਬੋਹਿਥ ਬੇੜਾ ਸਚਾ ਰਖਸੀ, ਮਲਾਰ ਰਾਗ (ਵਾਰ) ਪੰਨਾ 1290
   (II) ਸੱਚਾ ਸਾਹਿਬ ਮਨਿ ਵਸੈ ਨਾ ਸੋਸਹਿ ਜਮਜਾਲੇ ਰਾਮ, ਆਸਾ ਰਾਗੁ (ਛੰਤ) ਪੰਨਾ 439
   (III) ਗੁਰ ਚਰਨੀ ਮਨੁ ਲਾਗਾ ਤਾਂ ਜਮ ਕਾ ਮਾਰਗੁ ਭਾਗਾ, ਸੋਰਠ ਰਾਗੁ, (ਚਉਪਦੇ) ਪੰਨਾ 599

ਸ੍ਰੀ ਗੁਰੂ ਨਾਨਕ ਕਾਵਿ ਵਿੱਚ ਹਿੰਦੂ ਪੁਰਾਣਾਂ ਵਾਲੇ ਮਿਥ ਚਿੰਤਨ ਦੇ ਅੰਤਰਗਤ ਸਿਰਜੇ ਗਏ ਨਰਕ, ਜਮ ਆਦਿ ਦੇ ਡਰਾਉਣੇ ਚਿਤਰਾਂ ਤੋਂ ਭਿੰਨ ਨਰਕ ਦੀ ਭਾਵਨਾ ਮਿਲਦੀ ਹੈ। ਜਮ ਦਾ ਡਰ ਪ੍ਰਗਟਾਇਆ ਗਿਆ ਹੈ। ਜਮ ਦੇ ਡਰ ਅਧੀਨ, ਫੇਰ ਮੁਕਤੀ ਜਾਂ ਨਿੱਜ ਡਰ, ਮੁਕਤੀ ਦੇ ਅਧੀਨ ਕੀਤੇ ਗਏ ਦਾਨ ਪੁੰਨ ਦੀ ਉਥੇ ਲੋੜ ਹੀ ਨਹੀਂ ਰਹਿ ਜਾਂਦੀ ਜਦੋਂ ਜਮ ਡਰ ਨਹੀਂ ਰਹਿੰਦਾ। ਇਉਂ ਪ੍ਰੋਹਿਤ ਸ਼੍ਰੇਣੀ ਦੇ ਲੁੱਟ ਖਸੁੱਟ ਦੇ ਘੇਰੇ ਵਿਚੋਂ ਮਨੁੱਖ ਨੂੰ ਸੁਚਿਜੇ ਹੀ ਬਾਹਰ ਨਿਕਲ ਆਉਣ ਦੀ ਪ੍ਰੇਰਣਾ ਦਾ ਸੋਮਾ, ਗੁਰਬਾਣੀ ਬਣੀ ਹੈ।

ਧਰਮ ਰਾਜ ਦੇ ਸਹਾਇਕ ਚਿਤ੍ਰ ਗੁਪਤ ਜਾਂ ਧਰਮ ਰਾਜ ਦੀ ਕਚਹਿਰੀ ਇਤਿਆਦਿ ਦਾ ਵੇਰਵਾ ਨਹੀਂ ਮਿਲਦਾ। ਚਿਤ੍ਰ ਗੁਪਤ ਦੇ ਨਾਂ ਜ਼ਰੂਰ ਆਏ ਹਨ।[1] ਇਨ੍ਹਾਂ ਨੂੰ ਜਮ ਰਾਜੇ ਦੇ ਹੇਰੂ ਵੀ ਆਖਿਆ ਹੈ।[2] ਇਹ ਵੀ ਪ੍ਰਭੂ ਭਾਣੇ ਵਿੱਚ ਹਨ।

ਗੁਰੂ ਨਾਨਕ ਕਾਵਿ ਵਿਚ ਪਾਰਲੌਕਿਕ ਵਿਧਾਨ, ਜਿਸਦਾ ਸੰਚਾਲਕ ਧਰਮ ਰਾਜ ਮੰਨਿਆ ਜਾਂਦਾ ਹੈ, ਨੂੰ ਧਰਮ ਰਾਜ ਨਾਲ ਜੋੜਨ ਦੀ ਥਾਂ ਪਰਮਾਤਮਾ ਨਾਲ ਜੋੜਿਆ ਹੈ। ਧਰਮ ਰਾਜ ਪ੍ਰਭੂ ਦੇ ਹੁਕਮ ਅਤੇ ਭਾਣੇ ਤੋਂ ਉਲਟ ਚਲ ਹੀ ਨਹੀਂ ਸਕਦਾ।

## ਦੇਵਤਿਆਂ ਦੇ ਸਹਾਇਕ

ਗੰਧਰਬ : ਗੰਧਰਬ ਸੰਗੀਤਕਾਰੀ ਜੀਵ ਹਨ। ਕਾਵਿਕ ਵਜੋਂ ਇਨ੍ਹਾਂ ਨੂੰ ਮਾਨਤਾ ਦਿੱਤੀ ਜਾਂਦੀ ਹੈ। ਵਿਸ਼ਨੂੰ ਪੁਰਾਣ ਵਿੱਚ ਗੰਧਰਵਾਂ ਨੂੰ 'ਕਿਮਪੁਰਸ਼' ਦਾ ਵਸਨੀਕ ਵੀ ਆਖਿਆ ਗਿਆ ਹੈ ਜਿਹੜਾ ਜੰਬੂ ਦੀਪ ਦੇ ਦੂਜੇ ਖੰਡ ਵਿੱਚ ਸਥਿਤ ਮੰਨਿਆ ਜਾਂਦਾ ਹੈ। ਗੰਧਰਵਾਂ ਨੂੰ ਅਪਸਰਾਵਾਂ ਦੇ ਪਤੀ ਆਖਿਆ ਜਾਂਦਾ ਹੈ। ਇਹ ਵੀ ਅਪਸਰਾਵਾਂ ਦੇ ਵਾਂਗ ਸੁੰਦਰਤਾ ਦੇ ਮਾਲਕ ਅਤੇ ਸੁੰਦਰਤਾ ਦੇ ਇੱਛਕ ਹਨ। ਸੁਗੰਧਿਤ ਪਦਾਰਥਾਂ ਨਾਲ ਇਨ੍ਹਾਂ ਨੂੰ ਪਿਆਰ ਹੈ। ਦੇਵਤਿਆਂ ਦੇ ਸਹਾਇਕ ਅਤੇ ਸੋਮ ਰਸ ਦੇ ਰਖਵਾਲੇ ਹਨ। ਦੇਵਾਂ ਤੇ ਅਵਤਾਰਾਂ ਨਾਲ ਇਨ੍ਹਾਂ ਦਾ ਸੰਬੰਧ ਪਰੰਪਰਾਗਤ ਹੈ।

ਗੁਰੂ ਨਾਨਕ ਦੇਵ ਜੀ ਨੇ 'ਗੰਧਰਬ' ਸ਼ਬਦ ਦੀ ਵਰਤੋਂ ਤਕ ਹੀ ਆਪਣੇ ਆਪ ਨੂੰ ਸੀਮਿਤ ਰੱਖਿਆ ਹੈ, ਵਿਆਖਿਆ ਨਹੀਂ ਕੀਤੀ ਅਤੇ ਨਾ ਹੀ ਕੋਈ ਮਿਥ ਕਥਾ ਇਨ੍ਹਾਂ ਨਾਲ ਜੋੜੀ ਹੈ। ਆਪ ਲਿਖਦੇ ਹਨ ਕਿ ਦੇਵ ਦਾਨਵ, ਅਵਤਾਰ ਇਤਿਆਦਿ ਦੀ ਭਾਂਤੀ ਹੀ, ਇਨ੍ਹਾਂ ਦੀ ਸਿਰਜਣਾ ਪ੍ਰਭੂ ਦੇ ਹੁਕਮ ਨਾਲ ਹੋਈ। ਸ੍ਰਿਸ਼ਟੀ ਦੇ ਪਸਾਰੇ ਦਾ ਇਹ ਵੀ ਇਕ ਅੰਗ ਬਣ ਗਏ ਹਨ। ਦੇਵਾਂ, ਦਾਨਵਾਂ

---

1. ਗਾਵਹਿ ਚਿਤ੍ਰ ਗੁਪਤੁ ਲਿਖਿ ਜਾਣਹਿ
   ਲਿਖਿ ਲਿਖਿ ਧਰਮੁ ਬੀਚਾਰੇ , ਜਪੁ, ਪੰਨਾ 6
2. ਜਮ ਰਾਜੇ ਕੇ ਹੇਰੂ ਆਏ
   ਮਾਇਆ ਕੈ ਸੰਗਲਿ ਬੰਧਿ ਲਇਆ , ਆਸਾ ਰਾਗੁ (ਪੱਟੀ) ਪੰਨਾ 432

ਅਤੇ ਅਵਤਾਰਾਂ ਦੇ ਨਾਲ ਹੀ ਗੰਧਰਬਾਂ ਦਾ ਸੰਕੇਤ ਦੇ ਕੇ, ਗੁਰੂ ਸਾਹਿਬ ਨੇ ਇਨ੍ਹਾਂ ਦੇ ਪਰੰਪਰਾਗਤ ਰਿਸ਼ਤੇ ਦੀ ਸਾਂਝ ਨੂੰ ਕੇਵਲ ਨਾਂ ਮਾਤ੍ਰ ਪ੍ਰਗਟਾਇਆ ਹੈ ਪਰ ਕਿਸੇ ਵਿਸ਼ਵਾਸ਼ ਧਾਰਣਾ ਨੂੰ ਪ੍ਰਗਟ ਨਹੀਂ ਕੀਤਾ।[1] ਇਹ ਸ੍ਵਰਗਵਾਸੀ ਜੀਵ ਹਨ ਜਾਂ ਆਮ ਮਨੁੱਖ ਅਤੇ ਧਰਤੀ ਦੇ ਵਸਨੀਕ, ਇਸ ਬਾਰੇ ਵੀ ਕੋਈ ਸੰਕੇਤ ਨਹੀਂ ਮਿਲਦਾ।

<u>ਯਕਸ਼</u>: ਰਾਮਾਇਣ ਅਨੁਸਾਰ ਯਕਸ਼ਾਂ ਦਾ ਕੰਮ ਲੋਕਾਂ ਦੇ ਜਾਨ ਮਾਲ ਦੀ ਰਾਖੀ ਕਰਨਾ ਹੈ। ਇਹ ਧਨ ਦੇ ਮਾਲਿਕ ਅਤੇ ਕੁਬੇਰ ਦੇ ਸਹਾਇਕ ਹਨ। ਪੁਰਾਤਨ ਕਾਲ ਵਿਚ ਯਕਸ਼ਾਂ ਦੀ ਪੂਜਾ ਵੀ ਹੁੰਦੀ ਸੀ। ਮਥੁਰਾ ਅਤੇ ਪਟਨਾ ਦੇ ਨੇੜੇ ਇਨ੍ਹਾਂ ਦੇ ਕਈ ਬੁਤਾਂ ਦਾ ਜ਼ਿਕਰ ਮਿਲਦਾ ਹੈ। 'ਮੇਘ ਦੂਤ' (ਕਾਲੀਦਾਸ ਦਾ ਸ੍ਰੇਸ਼ਟ ਕਾਵਿ) ਕੁਬੇਰ ਦੇ ਇਕ ਦਾਸ ਯਕਸ਼ ਦੀ ਵਿਰਹ- ਪੀੜਾ ਨੂੰ ਹੀ ਬਿਆਨ ਕਰਦਾ ਹੈ।

ਗੁਰੂ ਨਾਨਕ ਨੇ ਇਨ੍ਹਾਂ ਨੂੰ ਕੋਈ ਮਹੱਤਤਾ ਨਹੀਂ ਦਿੱਤੀ।

<u>ਕਿੰਨਰ</u>: ਕਿੰਨਰਾਂ ਨੂੰ ਵੱਖ ਵੱਖ ਮਿਥ ਕਥਾਵਾਂ ਵਿਚ ਵੱਖ ਵੱਖ ਤੌਰ ਪ੍ਰਚਲਿਤ ਕੀਤਾ ਗਿਆ। ਇਨ੍ਹਾਂ ਨੂੰ ਗੀਤਵਾਦਕ ਆਖਿਆ ਜਾਂਦਾ ਹੈ। ਗੁਰੂ ਸਾਹਿਬ ਨੇ ਇਨ੍ਹਾਂ ਬਾਰੇ ਵੀ ਕੁਝ ਨਹੀਂ ਆਖਿਆ ਸਿਰਫ ਨਾ ਸੰਕੇਤ ਦਿੱਤੇ ਹਨ।

---

1. ਮੁਨਿ ਭੂਪਤਿ ਤਾ ਅਵਤਾਰਾ ਸਿਸਟਿ ਉਪਾਇ ਕੀਆ ਪਾਸਾਰਾ
ਦੇਵ ਦਾਨਵ ਗਣ ਗੰਧਰਬ ਸਾਜੇ, ਸਭਿ ਲਿਖਿਆ ਕਰਮ ਕਮਾਇਦਾ।

ਆਦਿ ਗ੍ਰੰਥ , ਪੰਨਾ 1038

## (ਦ) ਪ੍ਰਮੁਖ ਅਵਤਾਰ

ਮਿਥ ਜਗਤ ਨੇ ਅਵਤਾਰ ਦੀ ਕਲਪਨਾ ਵੀ ਕੀਤੀ ਹੈ। ਹਿੰਦੂ ਧਰਮ ਵਿੱਚ 'ਅਵਤਾਰ' ਸਿਧਾਂਤ ਦਾ ਲੋਕ ਇਕ ਵਿਸ਼ੇਸ਼ ਲੱਛਣ ਹੈ। ਇਹੋ ਹੀ ਕੇਂਦਰ ਬਿੰਦੂ ਨਾਲ, ਸਾਰੇ ਹੀ ਪ੍ਰਸਿਧ ਉਤਰਵਰਤੀ ਵਿਅਕਤੀ ਸੰਬੰਧਿਤ ਕਰ ਦੇਣਾ, ਇਤਿਹਾਸਕ ਸ੍ਰਿੰਖਲਾ ਵਿੱਚ ਘਟਨਾਵਾਂ ਨੂੰ ਬਨਣ ਦਾਇਕ ਧਰਨ ਆਖਿਆ ਜਾ ਸਕਦਾ ਹੈ। ਪਰ ਇਸ ਇਤਿਹਾਸਕਤਾ ਦਾ ਸਰੂਪ ਮਿਥਿਹਾਸਕ ਹੈ। ਅਵਤਾਰ ਰਾਜੇ ਵੀ ਹਨ ਪਰ ਦਿਵ ਵੀ ਹਨ। ਉਂਜ ਵੀ 'ਰਾਜੇ' ਨੂੰ 'ਦਿਵਤਾ' ਦਾ ਰੂਪ ਹੀ ਆਖਿਆ ਜਾਂਦਾ ਹੈ।

ਅਵਤਾਰ ਪਦ ਅਵ - ਰਖਅਕ + ਤਾਰ = ਤਾਰਨਵਾਲਾ, ਅਰਥਾਤ ਜਿਸ ਪੁਰਖ ਵਿਸ਼ੇਸ਼ ਅੰਦਰ ਰਖਿਅਕ ਅਤੇ ਤਾਰਨ ਵਾਲੀਆਂ ਸ਼ਕਤੀਆਂ ਹਨ, ਉਹ ਅਵਤਾਰ ਹੈ। ਅਵਤਾਰ ਧਾਰਨ ਦਾ ਉਦੇਸ਼ ਹੀ ਧਰਮ ਰੱਖਿਆ ਹੈ। ਵਿਸ਼ਨੂੰ ਦੇ ਅਵਤਾਰ ਧਾਰਣ ਦੇ ਪ੍ਰਸੰਗ ਵਿੱਚ ਵਿਸ਼ਨੂੰ ਪੁਰਾਣ ਵਿੱਚ ਕ੍ਰਿਸ਼ਨ ਆਖਦੇ ਹਨ, 'ਉਨ੍ਹਾਂ ਦਾ ਅਵਤਾਰ ਕੁਮਾਰਗ ਗਾਮੀ ਦੁਸ਼ਟਾਂ ਦੀ ਸ਼ਾਂਤੀ ਲਈ ਹੋਇਆ ਹੈ[1] ਇਕ ਹੋਰ ਥਾਂ ਆਖਿਆ ਗਿਆ ਹੈ ਕਿ ਭਗਵਾਨ ਦੇ ਮਨੁੱਖ ਵਿਚ ਪ੍ਰਿਥਵੀ ਉਤੇ ਆਉਣ ਦਾ ਕਾਰਨ, ਪ੍ਰਿਥਵੀ ਦਾ ਭਾਰ ਦੂਰ ਕਰਨਾ ਹੈ।[2] ਬ੍ਰਹਮੰਡ, ਵਾਯੂ ਅਤੇ ਮਤਸਯ ਪੁਰਾਣਾਂ ਵਿਚ ਵੀ ਵਿਸ਼ਨੂੰ ਦੇ ਅਵਤਾਰ ਧਾਰਣ ਦਾ ਕਾਰਣ, ਧਰਮ ਦੀ ਵਿਵਸਥਾ ਅਤੇ ਅਸੁਰਾਂ ਦਾ ਨਾਸ਼ ਕਰਨਾ ਲਿਖਿਆ ਹੈ।[3] ਗੀਤਾ ਵਿੱਚ, 'ਜਦੋਂ ਜਦੋਂ ਧਰਮ ਦਾ ਹ੍ਰਾਸ ਅਤੇ ਅਧਰਮ ਦਾ ਉਦੇ ਹੁੰਦਾ ਹੈ, ਉਦੋਂ ਉਦੋਂ ਸਾਧੂਆਂ ਦੀ ਰੱਖਿਆ ਲਈ ਅਤੇ ਦੁਸ਼ਟਾਂ ਦੇ ਵਿਨਾਸ਼ ਲਈ ਅਤੇ ਧਰਮ ਦੇ ਸੰਸਥਾਪਨ ਲਈ ਮੈਂ (ਕ੍ਰਿਸ਼ਨ) ਆਪਣੇ ਆਪ ਨੂੰ ਆਪਣੇ ਆਪ ਵਿਚੋਂ ਉਤਪੰਨ ਕਰਦਾ ਹਾਂ।' ਅਵਤਾਰ ਦਾ ਕਾਰਣ ਮਾਇਆ ਅਤੇ ਸਵ ਇੱਛਾ ਵੀ ਹੈ।

ਮਤਸਯ ਪੁਰਾਣ ਵਿਚ ਲਿਖਿਆ ਹੈ 'ਵਿਸ਼ਨੂੰ ਹਰੇਕ ਯੁੱਗ ਵਿਚ ਮਾਇਆਵਸ ਅਵਤਾਰ ਲੈਂਦੇ ਹਨ।[4] ਵਿਸ਼ਨੂੰ ਪੁਰਾਣ ਅਨੁਸਾਰ ਵਿਸ਼ਨੂੰ ਆਪਣੀ ਇੱਛਾ ਦੇ ਕਾਰਣ ਮਨੁੱਖ ਰੂਪ ਵਿਚ ਅਵਤਾਰ ਧਾਰਣ ਕਰਦੇ ਹਨ।[5]

---

1. ਵਿਸ਼ਨੂੰ ਪੁਰਾਣ II 5/7/9
2. ਉਹੀ II 4/13-20
3. (I) ਬ੍ਰਹਮੰਡ ਪੁਰਾਣ 3/71/241
   (II) ਮਤਸਯ ਪੁਰਾਣ 47/12
4. ਮਤਸਯ ਪੁਰਾਣ 154/180,81
5. ਵਿਸ਼ਨੂੰ ਪੁਰਾਣ II 4/20/52

ਅਵਤਾਰਾਂ ਦੀ ਕਲਪਨਾ ਬਹੁਤ ਪੁਰਾਣੀ ਹੈ, ਸ਼ਾਇਦ ਬੁਧ ਤੋਂ ਵੀ ਪੁਰਾਣੀ।[1] ਅਵਤਾਰ ਸੰਬੰਧੀ ਭਾਵਨਾ ਦਾ ਉਦਭਵ ਰਿਗ ਵੇਦ ਵਿਚੋਂ ਵੀ ਮਿਲ ਜਾਂਦਾ ਹੈ[2] ਉਦਾਹਰਣ ਰੂਪ ਵਿਚ ਰਿਗ ਵੇਦ ਦੇ ਪੰਜਵੇਂ ਮੰਡਲ ਵਿਚ ਅਗਨੀ ਦੀ ਏਕਤਾ ਵਰੁਣ ਮਿਤ੍ਰ ਅਤੇ ਅਰਯਮਨ ਨਾਲ ਸਥਾਪਿਤ ਕੀਤੀ ਗਈ ਹੈ।[3] ਮਹਾਂਭਾਰਤ ਵਿੱਚ ਕੂਰਮ, ਮਛ(ਮਤਸਯ) ਵਰਾਹ, ਨਰਸਿੰਘ, ਵਾਮਨ, ਪਰਸ਼ੂਰਾਮ, ਰਾਮ, ਕ੍ਰਿਸ਼ਨ ਅਤੇ ਕਲਕੀ ਵਿਸ਼ਨੂੰ ਦੇ ਅਵਤਾਰ ਆਖੇ ਗਏ ਹਨ। ਹਜ਼ਾਰੀ ਪ੍ਰਸ਼ਾਦ ਦ੍ਵਿਵੇਦੀ ਦੀ ਅਨੁਸਾਰ, 'ਪੰਚਦੇਵ ਉਪਾਸਨਾ ਵਿੱਚ ਨਰ ਸਿੰਘ ਅਤੇ ਵਰਾਹ ਦੀ ਪੂਜਾ ਪ੍ਰਚਲਤ ਸੀ।' ਬਾਨ ਭਟ ਦੀ ਕਾਦੰਬਰੀ ਵਿਚ ਨਰ ਸਿੰਘ ਦੀ ਵੰਦਨਾ ਹੈ। ਅਨੇਕ ਵਰਾਹ ਮੂਰਤੀਆਂ ਵੀ ਕਾਦੰਬਰੀ ਕਾਲ ਦੀਆਂ ਮਿਲਦੀਆਂ ਹਨ।[4]

ਉਂਜ ਅਵਤਾਰਾਂ ਦੀ ਕਲਪਨਾ ਤਿੰਨੇ ਪ੍ਰਧਾਨ ਦੇਵਤਿਆਂ, ਅਰਥਾਤ, ਬ੍ਰਹਮਾ ਵਿਸ਼ਨੂੰ ਅਤੇ ਸ਼ਿਵ ਮਹੇਸ਼ ਨਾਲ ਪ੍ਰਚਲਤ ਹੈ। ਆਦਿ ਗ੍ਰੰਥ ਵਿਚ ਪ੍ਰਕਾਰ ਵਿਸ਼ਨੂੰ ਦੇ ਕਥਿਤ ਅਵਤਾਰਾਂ ਅਤੇ ਰੂਪਾਂ ਦੀਆਂ ਮਿਥ ਕਥਾਵਾਂ ਦਾ ਜ਼ਿਕਰ ਹੀ ਆਇਆ ਹੈ। ਗੁਰਬਾਣੀ ਵਿੱਚ ਵਰਤੇ ਗਏ ਪ੍ਰਭੂ ਸੰਕੇਤਕ ਨਾਮ ਵੀ ਬਹੁਤੇ ਵਿਸ਼ਨੂੰ ਅਵਤਾਰਾਂ ਵਿਚੋਂ ਹਨ।

10 ਅਵਤਾਰਾਂ ਦੇ ਆਧਾਰ ਵਿਸ਼ਨੂੰ ਹਨ। ਅਵਤਾਰ ਰੂਪ ਵਿਚ ਵਿਸ਼ਨੂੰ ਲੋੜ ਅਨੁਸਾਰ ਜਲਚਰ (ਮਤਸਯ ਅਤੇ ਕੂਰਮ ਰੂਪ ਵਿੱਚ) ਥਲਚਰ(ਵਰਾਹ) ਅਰਧ ਥਲਚਰ (ਨਰ ਸਿੰਘ) ਅਤੇ ਮਨੁੱਖ ਰੂਪ ਵਿਚ (ਵਾਮਨ, ਪਰਸ਼ੂਰਾਮ, ਰਾਮ, ਕ੍ਰਿਸ਼ਨ, ਬੁਧ ਅਤੇ ਕਲਕੀ) ਧਰਤ ਉਤੇ ਅਵਤਰਿਤ ਹੋਏ। ਭਾਵੇਂ ਇਹ ਸਾਰੇ ਅਵਤਾਰ ਵਿਸ਼ਨੂੰ ਦੇ ਹੀ ਹਨ ਪਰ ਸਾਰਿਆਂ ਦੀ ਮਰਿਆਦਾ ਸਮਾਨ ਨਹੀਂ। ਕਿਸੇ ਅਵਤਾਰ ਵਿੱਚ ਵਿਸ਼ਨੂੰ ਦੀਆਂ ਚਾਰ ਕਲਾਵਾਂ, ਕਿਸੇ ਵਿਚ ਅੱਠ ਹਨ, ਪਰ ਕ੍ਰਿਸ਼ਨ ਵਿਚ 16 ਕਲਾਵਾਂ ਹਨ, ਅਰਥਾਤ ਕ੍ਰਿਸ਼ਨ ਪੂਰਣ ਕਲਾ ਸੰਪੰਨ ਅਵਤਾਰ ਕਿਹੇ ਜਾਂਦੇ ਹਨ।

ਉਂਜ ਵਿਸ਼ਨੂੰ ਦੇ ਅਵਤਾਰਾਂ ਦੀ ਸੰਖਿਆ ਅਨੰਤ ਆਖੀ ਗਈ ਹੈ ਪਰ ਆਮ ਪ੍ਰਚਲਤ ਵਿਸ਼ਵਾਸ਼ ਅਨੁਸਾਰ ਵਿਸ਼ਨੂੰ ਦੇ ਦਸ ਅਵਤਾਰ ਹੀ ਮੁੱਖ ਹਨ। ਪੁਰਾਣਾਂ ਵਿਚ ਸੰਖਿਆ ਅਤੇ ਅਵਤਾਰ ਨਾਵਾਂ ਵਿਚ ਭਿੰਨਤਾ ਹੈ।

---

1. ਹਜ਼ਾਰੀ ਪ੍ਰਸ਼ਾਦ ਦ੍ਵਿਵੇਦੀ ਜੀ, 'ਮਧਕਾਲੀਨ ਧਰਮ ਸਾਧਨਾ', ਸਾਹਿਤ ਭਵਨ, ਇਲਾਹਾਬਾਦ, ਪੰਨਾ 42
2. D.R.Bhandarkar, 'Some Aspects of Ancient Hindu Polity', P.58
3. ਰਿਗਵੇਦ—5,3,1,2, ਪੁਰੋਹਿਤ ਸ਼ਿਵੇਸ਼ਵਰੀ ਨਾਰਾਇਣ ਰਾਏ, ਪੌਰਾਣਿਕ ਧਰਮ ਏਵੰ ਸਮਾਜ, ਪੰਨਾ 21
4. ਹਜ਼ਾਰੀ ਪ੍ਰਸ਼ਾਦ ਦੇਵਦੀ, 'ਮਧਕਾਲੀਨ ਧਰਮ ਸਾਧਨਾ', ਪੰਨਾ 42

## ਗੁਰੂ ਨਾਨਕ ਕਾਵਿ ਵਿੱਚ ਅਵਤਾਰਾਂ ਦੇ ਸੰਕੇਤ ਤੇ ਰੂਪਾਂ ਦਾ ਨਿਰਣਾ

ਗੁਰੂ ਨਾਨਕ ਬਾਣੀ ਵਿਚ, ਮਾਰੂ ਰਾਗ ਦੇ ਅੰਤਰਗਤ, ਦਸ ਅਵਤਾਰਾਂ ਦਾ ਸੰਕੇਤ ਆਇਆ ਹੈ।[1] ਇਨ੍ਹਾਂ ਦਾ ਪ੍ਰਗਟਾਵ, ਸ੍ਰਿਸ਼ਟੀ ਦੇ ਬਾਕੀ ਅੰਗਾਂ, ਉਪਅੰਗਾਂ ਵਾਂਗ, 'ਸੁੰਨ' ਵਿਚੋਂ ਹੋਇਆ ਹੈ ਤੇ ਪ੍ਰਭੂ ਦੇ ਹੁਕਮਿ ਅੰਦਰ ਹੋਇਆ ਹੈ। ਇਨ੍ਹਾਂ ਦੀ ਵਿਸ਼ੇਸ਼ ਤੇ ਵਿਸ਼ਿਸ਼ਟ ਹਸਤੀ ਦਾ ਵਿਚਾਰ ਨਾਨਕ ਬਾਣੀ ਵਿਚ ਨਹੀਂ ਮਿਲਦਾ।

ਇਹ ਅਵਤਾਰ ਵਿਸ਼ਨੂੰ ਦੇ ਹੀ ਮੰਨੇ ਜਾਣੇ ਚਾਹੀਦੇ ਹਨ। ਸਿੱਖ ਧਰਮ ਵਿਚ ਮਨੌਤ ਇਹੀ ਹੈ ਕਿ ਗੁਰਮਤ ਵਿੱਚ ਬ੍ਰਹਮਾ ਅਤੇ ਸ਼ਿਵ ਨਾਲ ਇਤਨਾ ਸੰਬੰਧ ਨਹੀਂ ਜਿਤਨਾ ਵਿਸ਼ਨੂੰ ਨਾਲ ਹੈ। ਇਵੇਂ ਹੀ ਇਨ੍ਹਾਂ ਦੇ ਅਵਤਾਰਾਂ ਦਾ ਸਮਾਚਾਰ ਵੀ ਹੈ।

ਨਾਨਕ ਬਾਣੀ ਵਿੱਚ ਜਿਨ੍ਹਾਂ ਅਵਤਾਰਾਂ ਦੇ ਨਾਂ ਆਏ ਹਨ ਜਾਂ ਅਵਤਾਰਾਂ ਦੀਆਂ ਸੂਤਰ ਅਤੇ ਸੰਕੇਤ ਰੂਪ ਵਿਚ ਕਥਾਵਾਂ ਆਈਆਂ ਹਨ, ਉਹ ਸਭ ਵਿਸ਼ਨੂੰ ਦੇ ਅਵਤਾਰਾਂ ਦੇ ਅੰਤਰਗਤ ਹੀ ਆਉਂਦੇ ਹਨ। ਇਨ੍ਹਾਂ ਵਿੱਚ, ਮਛ, ਕਛ, ਵਾਮਨ, ਨਰ ਸਿੰਘ, ਰਾਮ, ਕ੍ਰਿਸ਼ਨ ਆਦਿ ਅਵਤਾਰਾਂ ਦੇ ਨਾਂ ਵਿਸ਼ੇਸ਼ ਵਰਨਣ ਯੋਗ ਹਨ। ਵਿਸ਼ਨੂੰ ਤੋਂ ਇਲਾਵਾ, ਬ੍ਰਹਮਾ ਅਤੇ ਸ਼ਿਵ ਨਾਲ ਸੰਬੰਧਿਤ ਅਵਤਾਰਾਂ ਦਾ ਜ਼ਿਕਰ ਨਹੀਂ ਮਿਲਦਾ।

### ਮਤਸਯ (ਮਛ)

ਵਿਸ਼ਨੂੰ ਦੇ ਦਸ ਅਵਤਾਰਾਂ ਵਿਚੋਂ ਇਹ ਪ੍ਰਥਮ ਹੈ। ਵਿਸ਼ਨੂੰ ਨੇ ਇਹ ਅਵਤਾਰ ਉਦੋਂ ਲਿਆ ਜਦੋਂ ਮਕਰ ਅਸੁਰ ਵੇਦਾਂ ਦਾ ਹਰਨ ਕਰ ਕੇ ਲੈ ਗਿਆ। ਵੇਦਾਂ ਦਾ ਹਰਨ, ਅਨਾਚਾਰ ਫੈਲਾਉਣ ਵਾਲਾ ਤੇ ਪੀੜਤ ਕਰਨ ਵਾਲਾ ਸੀ। ਸੋ ਬ੍ਰਹਮਾ ਨੇ ਵਿਸ਼ਨੂੰ ਦੀ ਸ਼ਰਨ ਵਿਚ ਆ ਕੇ ਵੇਦਾਂ ਦੀ ਰੱਖਿਆ ਦੀ ਪ੍ਰਾਰਥਨਾ ਕੀਤੀ ਤਾਂ ਵਿਸ਼ਨੂੰ ਨੇ ਮਤਸਯ ਅਵਤਾਰ ਲੈ ਕੇ ਮਕਰ ਅਸੁਰ ਨੂੰ ਮਾਰਿਆ ਅਤੇ ਵੇਦ ਬ੍ਰਹਮਾ ਨੂੰ ਵਾਪਸ ਦਿੱਤੇ। ਮਤਸਯ ਪੁਰਾਣ ਵਿੱਚ ਇਸਦੀ ਕਥਾ ਬੜੇ ਵਿਸਤਾਰ ਵਿੱਚ ਮਿਲਦੀ ਹੈ ਜਿਸ ਵਿਚ ਇਸਦੀ ਉਤਪਤੀ, ਪ੍ਰਲੈਕਾਲ ਸਮੇਂ ਇਸਦੀ ਪ੍ਰਾਪਤੀ, ਜਿਵੇਂ ਕਿ ਮੰਨੂ ਨੂੰ ਵਰਦਾਨ, ਆਦਿ ਨੂੰ ਬਿਆਨ ਕੀਤਾ ਗਿਆ ਹੈ।[2]

---

1. ਸੁੰਨਹੁ ਉਪਜੇ ਦਸ ਅਵਤਾਰਾ
   ਸ੍ਰਿਸਟਿ ਉਪਾਇ ਕੀਆ ਪਾਸਾਰਾ — ਮਾਰੂ ਰਾਗ (ਸੋਲਹੇ) ਪੰਨਾ 1038

   ਹੁਕਮਿ ਉਪਾਏ ਦਸ ਅਵਤਾਰਾ
   ਦੇਵ ਦਾਨਵ ਅਗਣਤ ਅਪਾਰਾ
   ਮਾਨੈ ਹੁਕਮੁ ਸੁ ਦਰਗਹ ਪੈਝੈ
   ਸਾਚਿ ਮਿਲਾਇ ਸਮਾਇਦਾ — ਉਹੀ ਪੰਨਾ 1037
2. ਜੋਨ ਡੋਸਨ, (i) 'ਹਿੰਦੂ ਮਿਥਿਹਾਸ ਕੋਸ਼', ਪੰਨਾ 53, ਭਾਸ਼ਾ ਵਿਭਾਗ, ਪਟਿਆਲਾ 1963
   (ii) ਮਤਸਯ ਪੁਰਾਣ 1-2,290

ਕੂਰਮ (ਕੱਛ)

ਜਦੋਂ ਪ੍ਰਿਥਵੀ ਰਸਾਤਲ ਨੂੰ ਜਾ ਰਹੀ ਸੀ ਤਾਂ ਵਿਸ਼ਨੂੰ ਨੇ ਕੂਰਮ ਅਵਤਾਰ ਧਾਰਿਆ। ਜਿਸ ਦੀ ਪਿੱਠ ਦਾ ਘੇਰਾ ਇਕ ਲਖ ਯੋਜਨ ਸੀ। ਦੁਰਵਾਸਾ ਰਿਸ਼ੀ ਦੇ ਸਰਾਪ ਨਾਲ ਜਦੋਂ ਲਛਮੀ ਸਮੁੰਦਰ ਵਿਚ ਗੁੰਮ ਹੋ ਗਈ ਤਾਂ ਸਮੁੰਦਰ ਮੰਥਨ ਸਮੇਂ, ਵਿਸ਼ਨੂੰ ਨੇ ਕੂਰਮ ਅਵਤਾਰ ਵਿਚ ਮੰਦਰਾਚਲ ਦੀ ਮੰਥਨੀ ਨੂੰ ਪਿੱਠ ਦਾ ਸਹਾਰਾ ਦੇ ਕੇ ਥੱਲੇ ਜਾਣ ਤੋਂ ਬਚਾਇਆ ਅਤੇ ਸਮੁੰਦਰ ਵਿਚੋਂ ਲਛਮੀ ਸਮੇਤ ਚੌਦਾਂ ਰਤਨ ਕੱਢਣ ਵਿੱਚ ਸਹਾਇਤਾ ਕੀਤੀ।[1]

ਗੁਰੂ ਨਾਨਕ ਬਾਣੀ ਵਿੱਚ ਸੈਂਕੜੇ ਪ੍ਰਭੂ ਦੀ ਉਸਤਤ ਤੇ ਸ਼ਕਤੀਮਾਨ ਪ੍ਰਤਿਭਾ ਦੇ ਅੰਤਰਗਤ ਮੱਛ ਕੱਛ ਦਾ ਵਰਨਣ ਆਇਆ ਹੈ।[2] ਪ੍ਰਭੂ ਸ੍ਰਿਸ਼ਟੀ ਦਾ ਸਿਰਜਕ ਹੈ, ਪਉਣ, ਪਾਣੀ, ਬੈਸੰਤਰ, ਦਿਨਸ, ਰਾਤ, ਸਭ ਤਤਾਂ ਦਾ ਜਿਵੇਂ ਉਹ ਮਾਲਕ ਹੈ ਉਵੇਂ ਹੀ ਮੱਛ ਕੱਛ ਦਾ ਖਾਲਕ ਤੇ ਮਾਲਕ ਵੀ ਹੈ। ਮੱਛ ਕੱਛ ਦੇ ਪਦਾਂ ਤੋਂ ਅਵਤਾਰ ਦੀ ਮਨੌਤ ਪ੍ਰਗਟ ਨਹੀਂ ਹੁੰਦੀ। ਇਸ ਨਿੱਕੇ ਜਿਹੇ ਨਾਂ ਸੰਕੇਤ ਤੋਂ ਇਲਾਵਾ ਮਤਸਯ ਜਾਂ ਕੂਰਮ ਬਾਰੇ ਆਦਿ ਗ੍ਰੰਥ ਵਿੱਚ ਮਿਥ ਕਥਾਵਾਂ ਦਾ ਕੋਈ ਵਰਨਣ ਨਹੀਂ। ਖੀਰ ਸਾਗਰ ਮੰਥਨ ਦੀ ਮਿਥ ਕਥਾ ਆਈ ਹੈ।[3] ਇਸ ਮਿੱਥ ਕਥਾ ਦੀ ਪਿਸ਼ਟ ਭੂਮੀ ਵਿਚ ਬੇਸ਼ਕ ਕੂਰਮ ਹੈ ਪਰ ਗੁਰੂ ਨਾਨਕ ਦੇਵ ਜੀ ਨੇ ਇਸ ਕਥਾ ਵਿੱਚ ਵੀ ਕੂਰਮ ਦਾ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿੱਚ ਜ਼ਿਕਰ ਨਹੀਂ ਕੀਤਾ। ਇਸ ਮਿੱਥ ਕਥਾ ਦੇ ਅੰਤਰਗਤ ਕੇਵਲ ਦੇਵਤੇ ਅਤੇ ਦੈਂਤਾਂ ਦਾ ਵਰਨਣ ਹੀ ਕੀਤਾ ਗਿਆ ਹੈ। ਇਸੇ ਤਰ੍ਹਾਂ ਮਤਸਯ ਅਵਤਾਰ 'ਬ੍ਰਹਮਾ ਬੇਦ ਬਿਪਤ' ਦੀ ਮਿੱਥ ਕੱਥਾ ਵਿੱਚ ਪਿਸ਼ਟ ਭੂਮੀ ਵਿੱਚ ਵਿਚਰਿਆ ਹੈ। ਇਸ ਮਿਥ ਕਥਾ ਕਥਾ ਵਿੱਚ ਵੀ ਬ੍ਰਹਮਾ ਦੇ ਹੰਕਾਰ ਵਿਕਾਰ ਤੇ ਗੁਰੂ ਮਹਿਮਾ ਤੇ ਹੀ ਬਲ ਦਿਤਾ ਗਿਆ ਹੈ।[4] ਮੱਛ ਦਾ ਨਾਮ ਇਸ ਕਥਾ ਵਿਚ ਵੀ ਨਹੀਂ ਆਇਆ।

---

1. ਜੌਨ ਡੌਸਨ, 'ਹਿੰਦੂ ਮਿਥਿਹਾਸ ਕੋਸ਼', ਪੰਨਾ 54

2. ਆਪੇ ਭਵਰੁ ਫੁਲੁ ਫਲੁ ਤਰਵਰੁ। ਆਪੇ ਜਲੁ ਥਲੁ ਸਾਗਰੁ ਸਰਵਰੁ
ਆਪੇ ਮਛੁ ਕਛੁ ਕਰਣੀਕਰੁ ਤੇਰਾ ਰੂਪੁ ਨ ਲਖਣਾ ਜਾਈ ਹੇ। ਮਾਰੂ ਰਾਗੁ(ਸੋਲਹੇ)ਪੰ:10

3. (I) ਪਾਣੀ ਵਿਚਹੁ ਰਤਨ ਉਪੰਨੇ ਮੇਰੁ ਕੀਆ ਮਾਧਾਣੀ॥ ਮਾਝ ਰਾਗੁ(ਵਾਰ)ਪੰਨਾ 150

(II) ਰਤਨ ਉਪਾਇ ਧਰੇ ਖੀਰੁ ਮਥਿਆ ਹੋਰਿ ਭਖਲਾਏ ਜਿ ਅਸੀ ਕੀਆ
ਕਹੈ ਨਾਨਕੁ ਛਪੈ ਕਿਉ ਛਪਿਆ ਏਕੀ ਏਕੀ ਵੰਡਿ ਦੀਆ
ਆਸਾ ਰਾਗੁ, (ਪਦੇ), ਪੰਨਾ 350-51

4. ਬ੍ਰਹਮੈ ਗਰਬੁ ਕੀਆ ਨਹੀ ਜਾਨਿਆ
ਬੇਦ ਕੀ ਬਿਪਤਿ ਪੜੀ ਪਛੁਤਾਨਿਆ
ਜਹ ਪ੍ਰਭ ਸਿਮਰੇ ਤਹੀ ਮਨੁ ਮਾਨਿਆ॥ ੧ ॥
ਐਸਾ ਗਰਬੁ ਬੁਰਾ ਸੰਸਾਰੈ।
ਜਿਸੁ ਗੁਰੁ ਮਿਲੈ ਤਿਸੁ ਗਰਬੁ ਨਿਵਾਰੈ। ਗਉੜੀ ਰਾਗੁ (ਅਸ਼ਟਪਦੀਆਂ), ਪੰਨਾ 224

## ਵਰਾਹ

ਵਰਾਹ ਵਿਸ਼ਨੂੰ ਦਾ ਤੀਜਾ ਅਵਤਾਰ ਹੈ, ਜਿਹੜਾ ਦੈਂਤ ਹਰਨਾਖਸ਼(ਹਿਰਨਯਾਖਸ਼) ਜੋ ਕਿ ਹਿਰਨਯਕਸ਼ਿਪ ਦਾ ਭਰਾ ਸੀ, ਨੂੰ ਮਾਰਨ ਲਈ ਪੈਦਾ ਹੋਇਆ। ਜ਼ਾਲਮ ਹਰਨਾਖਸ਼ ਪ੍ਰਿਥਵੀ ਨੂੰ ਲੈ ਕੇ ਪਤਾਲ ਵਿਚ ਚਲਾ ਗਿਆ। ਉਸ ਸਮੇਂ ਵਿਸ਼ਨੂੰ ਨੇ ਵਰਾਹ ਦਾ ਰੂਪ ਧਾਰ ਕੇ ਪ੍ਰਿਥਵੀ ਨੂੰ ਆਪਣੇ ਇਕੋ ਦੰਦ ਨਾਲ ਹੀ ਸਾਗਰ ਵਿਚੋਂ ਬਾਹਰ ਕੱਢ ਲਿਆਂਦਾ ਅਤੇ ਪਿਛੋਂ ਦੈਂਤ ਦਾ ਵਧ ਕੀਤਾ। ਵਿਸ਼ਨੂੰ ਦਾ ਇਹ ਅਵਤਾਰ ਆਕਾਰ ਵਿਚ 40 ਮੀਲ ਚੌੜਾ, ਚਾਰ ਹਜ਼ਾਰ ਮੀਲ ਉੱਚਾ, ਕਾਲੇ ਰੰਗ ਦਾ ਅਤੇ ਬੱਦਲਾਂ ਵਰਗੀ ਗਰਜ ਵਾਲਾ ਦੇਵ ਰੂਪ ਸੀ।[1]

ਵਿਸ਼ਨੂੰ ਦੇ ਇਸ ਬਨਚਰ ਅਵਤਾਰ ਬਾਰੇ ਗੁਰੂ ਨਾਨਕ ਬਾਣੀ ਵਿਚ ਨਾ ਸੰਕੇਤ ਹਨ ਅਤੇ ਨਾ ਹੀ ਸਿਖ ਰਚਨਾਵਾਂ ਦੇ ਅੰਤਰਗਤ ਕਿਤੇ ਜ਼ਿਕਰ ਕੀਤਾ ਗਿਆ ਹੈ।

## ਨਰ ਸਿੰਘ

ਨਰ ਸਿੰਘ ਅਵਤਾਰ ਦੀ ਕਥਾ ਪੰਜਾਬ ਵਿਚ ਲੋਕ ਕਥਾ ਬਣ ਗਈ ਹੈ। ਹਰਨਾਖਸ਼ (ਹਿਰਣਯਕਸ਼ਿਪ) ਆਪਣੀ ਤਪੱਸਿਆ ਦੇ ਫਲ ਵਜੋਂ, ਬ੍ਰਹਮਾ ਵਲੋਂ ਮਿਲੇ ਵਰ ਨਾਲ ਅਜੀ ਹੋ ਗਿਆ ਸੀ ਅਤੇ ਦੇਵਤੇ, ਪਸ਼ੂਆਂ ਅਤੇ ਮਨੁਖਾਂ ਆਦਿ ਤੋਂ ਮਾਰਿਆ ਨਹੀਂ ਜਾ ਸਕਦਾ ਸੀ। ਪਰ ਭਾਵੀ ਬੜੀ ਪ੍ਰਬਲ ਹੈ। ਓਸੇ ਦਾ ਆਪਣਾ ਪੁੱਤਰ ਪ੍ਰਹਿਲਾਦ ਵਿਸ਼ਨੂੰ ਦਾ ਅਨਿੰਨ ਭਗਤ ਬਣ ਕੇ ਉਭਰਿਆ। ਹਰਨਾਖਸ਼ ਦੇ ਪ੍ਰਹਿਲਾਦ ਨੂੰ ਮਾਰਨ ਦੇ ਸਾਰੇ ਜਤਨ ਅਸਫਲ ਰਹੇ। ਅੰਤ ਪ੍ਰਹਿਲਾਦ ਨੂੰ ਇਕ ਥਮ ਨਾਲ ਬੰਨ੍ਹਿਆ ਗਿਆ ਜਿਸ ਵਿਚੋਂ ਵਿਸ਼ਨੂੰ ਪ੍ਰਗਟ ਹੋਏ। ਵਿਸ਼ਨੂੰ ਦਾ ਇਹ ਰੂਪ ਅੱਧੇ ਮਨੁੱਖ ਤੇ ਅੱਧੇ ਸ਼ੇਰ ਵਾਲਾ ਸੀ। ਉਨ੍ਹਾਂ ਨੇ ਇਸ ਨਰ ਸਿੰਘ ਰੂਪ ਵਿਚ ਆਪਣੇ ਤੇਜ਼ ਨਾਖੁਨਾਂ ਨਾਲ ਦੈਂਤ ਹਰਨਾਖਸ਼ ਦਾ ਸੰਘਾਰ ਕੀਤਾ ਅਤੇ ਵਿਸ਼ਨੂੰ ਦੀ ਸੱਤਾ ਅਤੇ ਪ੍ਰਭੂਤਾ ਨੂੰ ਪੁਨਰ ਸਥਾਪਿਤ ਕੀਤਾ।[2]

ਨਰ ਸਿੰਘ ਰੂਪ ਵਿਚ ਵਿਸ਼ਨੂੰ ਅਵਤਰਿਤ ਹੁੰਦੇ ਹਨ ਤੇ ਪ੍ਰਹਿਲਾਦ ਉਧਾਰ ਕਰਦੇ ਹਨ। ਪ੍ਰਹਿਲਾਦ ਵੀ ਦੈਂਤ ਕੁਲ ਦਾ ਜੀਵ ਹੈ। ਉਸਦਾ ਪਿਤਾ ਹਰਨਾਖਸ਼ ਵੀ ਦੈਂਤ ਕੁੱਲ ਦਾ ਜੀਵ ਹੈ, ਪਰ ਜਿੱਥੇ ਹਰਨਾਖਸ਼ ਦੁਰਮਤ ਮਾਰਗੀ ਹੈ, ਦੁਰਾਚਾਰੀ ਹੈ, ਉਥੇ ਪ੍ਰਹਿਲਾਦ ਸੁਮਾਰਗੀ, ਗੁਰਮੁਖ ਤੇ ਸਦਾਚਾਰੀ ਹੈ। ਉਸ ਦੀ ਰੱਖਿਆ ਕਰਨੀ ਬਣਦੀ ਹੀ ਹੈ। ਪ੍ਰਹਿਲਾਦ ਦੀ ਪੁਰਾਣ ਕਥਾ ਨੂੰ ਗੁਰੂ ਨਾਨਕ ਤੋਂ

---

1. ਜੋਨ ਡੌਸਨ, 'ਹਿੰਦੂ ਮਿਥਿਹਾਸ ਕੋਸ਼', ਪੰਨਾ 55
2. ਉਹੀ ਪੰਨਾ 55

ਇਲਾਵਾ, ਗੁਰੂ ਅਮਰਦਾਸ ਅਤੇ ਗੁਰੂ ਰਾਮ ਦਾਸ[1] ਨੇ ਵੀ ਬਿਆਨਿਆ ਹੈ। ਗੁਰੂ ਅਮਰਦਾਸ ਨੇ ਇਹ ਕਥਾ ਵਧੇਰੇ ਵਿਸਥਾਰ ਨਾਲ ਪੇਸ਼ ਕੀਤੀ ਹੈ।[2] ਗੁਰੂ ਨਾਨਕ ਕਾਵਿ ਵਿੱਚ ਇਸ ਅਵਤਾਰ ਦਾ ਸਪਸ਼ਟ ਸੰਕੇਤ ਆਇਆ ਹੈ। ਹਰਣਾਖਸ਼ ਦੇ ਦੁਰਾਚਾਰ, ਪ੍ਰਹਿਲਾਦ ਦੀ ਭਗਤੀ, ਹਰਣਾਖਸ਼ ਦਾ ਗਰਬ ਪਰਿਹਾਰ, ਨਖਾਂ ਨਾਲ ਉਸ ਦਾ ਨਾਸ਼ ਅਤੇ ਪ੍ਰਹਿਲਾਦ ਦਾ ਉਧਾਰ ਇਤਿਆਦਿ ਕਥਾ ਦੇ ਅੰਗਾਂ ਵਿਚ ਅਵਤਾਰ ਦਾ ਸੰਕੇਤ ਸਪਸ਼ਟ ਰੂਪ ਵਿਚ ਉਘੜਿਆ ਹੈ।[3] ਪਰ ਪ੍ਰਭੂ ਨਾਰਾਇਣ ਆਪ ਇਸ ਵਿਚ ਹੈ। ਨਾਨਕ ਕਾਵਿ ਵਿਚ ਭਾਵੇਂ ਅਵਤਾਰ ਵਾਦ ਦੇ ਸੰਕਲਪ ਨੂੰ ਪ੍ਰਵਾਨ ਨਹੀਂ ਕੀਤਾ ਗਿਆ, ਸਗੋਂ ਅਵਤਾਰ ਵਾਦ ਦਾ ਸਪਸ਼ਟ ਖੰਡਣ ਕੀਤਾ ਗਿਆ ਹੈ, ਪਰ ਜਿਥੇ ਪ੍ਰਭੂ ਅਵਤਾਰ ਧਾਰ ਕੇ ਭਗਤਾਂ ਦੀ ਸਹਾਇਤਾ ਕਰਦਾ ਦਿਖਾਇਆ ਗਿਆ ਹੈ ਉਥੇ ਗੁਰੂ ਸਾਹਿਬ ਨੇ ਅਵਤਾਰ ਦੀ ਹੋਂਦ ਨੂੰ ਵੰਗਾਰਣ ਦਾ ਯਤਨ ਵੀ ਨਹੀਂ ਕੀਤਾ।[4]

<u>ਵਾਮਨ ਅਵਤਾਰ</u>

ਹਿੰਦੂ ਗ੍ਰੰਥਾਂ ਵਿਚ ਵਿਸ਼ਨੂੰ ਕਸ਼ਯਪ ਤੇ ਅਦਿਤੀ ਦਾ ਪੁੱਤਰ ਮੰਨਿਆ ਗਿਆ ਹੈ।[5] ਜਿਸਦੀ ਪਤਨੀ ਦਾ ਨਾਂ ਕੀਰਤੀ ਸੀ। ਤ੍ਰੇਤਾ ਜੁਗ ਵਿਚ ਜਦੋਂ ਦੈਂਤ ਪਰ ਦਿਆਲੂ ਰਾਜੇ ਬਲ ਨੇ ਤਿੰਨਾਂ ਲੋਕਾਂ ਉਤੇ ਰਾਜ ਸਤਾ ਸਥਾਪਿਤ ਕਰ ਲਈ ਤਾਂ ਦੇਵਤਾ ਲੋਕ ਆਪਣੀ ਸ਼ਕਤੀ ਗੌਰਵ ਅਤੇ ਅਧਿਕਾਰ ਤੋਂ ਸੱਖਣੇ ਹੋ ਗਏ। ਇੰਦ੍ਰ ਦੀ ਪ੍ਰਾਰਥਨਾ ਉਤੇ ਵਿਸ਼ਨੂੰ ਨੇ ਬੌਣੇ ਬ੍ਰਾਹਮਣ ਦੇ ਰੂਪ ਵਿਚ, ਰਾਜਾ ਬਲ ਦੇ ਰਾਜ ਪਸਾਰੇ ਅਤੇ ਗੌਰਵ ਨੂੰ ਘਟਾਉਣ ਲਈ, ਉਸਦੇ ਯੱਗ ਮੰਡਪ ਵਿਚ ਪ੍ਰਵੇਸ਼ ਪ੍ਰਾਪਤ ਕੀਤਾ। ਆਪ ਨੇ 'ਢਾਈ ਕਦਮਾਂ' ਭੂਮੀ ਦੀ ਯਾਚਨਾ ਕੀਤੀ। ਬਲਿ ਦੇ 'ਹਾਂ' ਕਹਿਣ ਉਤੇ ਵਾਮਨ ਅਵਤਾਰ ਨੇ ਵਿਰਾਟ ਰੂਪ ਧਾਰਣ ਕੀਤਾ ਅਤੇ ਪਹਿਲੇ ਦੋ ਕਦਮਾਂ ਵਿਚ ਪ੍ਰਿਥਵੀ ਅਤੇ ਸਵਰਗ ਮਿਣ ਲਏ। ਬਾਕੀ ਦੇ ਅੱਧੇ ਪੱਗ ਵਿਚ ਉਹ ਬਲਿ ਨੂੰ ਪਤਾਲ ਵਿਚ ਲੈ ਗਏ ਅਤੇ ਉਥੇ ਸੁਤਲ ਨਾਂ ਦੇ ਪਾਤਾਲ ਵਿਚ ਉਸਨੂੰ ਸਥਾਪਿਤ ਕਰ ਦਿੱਤਾ। ਇੰਦ੍ਰ ਨੂੰ ਉਸਦਾ ਤ੍ਰਿਭਵਣ ਵਾਪਸ ਮਿਲ ਗਿਆ। ਇਸ ਕਥਾ ਵਿਚ ਕਿ ਕਿਤੇ ਢਾਈ ਕਦਮਾਂ ਦੀ ਥਾਂ ਤਿੰਨ ਕਦਮਾਂ ਦਾ ਜ਼ਿਕਰ ਵੀ ਆਉਂਦਾ ਹੈ।[6] ਗੁਰੂ ਸਾਹਿਬ ਨੇ ਢਾਈ ਕਰੋ ਅਰਥਾਤ ਢਾਈ ਕਦਮਾਂ ਦਾ ਹੀ ਜ਼ਿਕਰ ਕੀਤਾ ਹੈ।[6]

---

1. ਆਦਿ ਗ੍ਰੰਥ, ਪੰਨਾ [illegible]84
2. (i) ਆਦਿ ਗ੍ਰੰਥ, ਪੰਨਾ 1154-55
   (ii) ਉਹੀ ਪੰਨਾ 1133
3. (i) ਦੁਰਮਤਿ ਹਰਣਾਖਸੁ ਦੁਰਾਚਾਰੀ। ਪ੍ਰਭੁ ਨਾਰਾਇਣੁ ਗਰਬ ਪ੍ਰਹਾਰੀ
   ਪ੍ਰਹਲਾਦ ਉਧਾਰੇ ਕਿਰਪਾ ਧਾਰੀ। ਗਉੜੀ ਰਾਗੁ, (ਅਸਟਪਦੀਆਂ) ਪੰਨਾ 224
   (ii) ਹਰਣਾਖਸੁ ਨੈ ਨਖਹੁ ਬਿਦਾਰਾ ਉਹੀ ਪੰਨਾ 224
4. ਰਤਨ ਸਿੰਘ ਜੱਗੀ (ਡਾ:) ਦਸਮ ਗ੍ਰੰਥ ਦਾ ਪੌਰਾਣਿਕ ਅਧਿਐਨ, ਮਾਰਚ, 1965, 1 ਸੰਸਕਰਣ, ਨਿਊ ਬੁਕ ਕੰਪਨੀ, ਜਲੰਧਰ, ਪੰਨਾ 153
5. ਪ੍ਰਾਚੀਨ ਚਰਿਤ੍ਰ ਕੋਸ਼, ਪੰਨਾ 825-26
6. ਜੋਨ ਡੋਸਨ, 'ਹਿੰਦੂ ਮਿਥਿਹਾਸ ਕੋਸ਼', ਪੰਨਾ 55-56

ਵਿਸ਼ਨੂੰ ਦੇ ਦੋ ਜਲਚਰ, ਇਕ ਥਲਚਰ ਅਤੇ ਇਕ ਅਰਧ ਥਲਚਰ ਅਵਤਾਰਾਂ ਤੋਂ ਪਿਛੋਂ ਇਹ ਪਹਿਲਾ ਅਵਤਾਰ ਹੈ ਜਿਸ ਦਾ ਰੂਪ ਮਨੁੱਖ ਵਾਲਾ ਹੈ ਪਰ ਅਵਿਕਸਤ ਮਨੁੱਖ ਵਾਲੇ ਰੂਪ ਵਿਚ ਹੀ ਹੈ। ਇਹ ਬੌਣਾ ਹੈ। ਇਸ ਅਵਤਾਰ ਵਿਚ ਵਿਸ਼ਨੂੰ ਨੇ ਪ੍ਰਹਿਲਾਦ ਕੁੱਲ ਦੇ ਦੈਂਤ ਰਾਜੇ ਬਲਿ ਨੂੰ ਛਲਕੇ ਢਾਈ ਕਦਮਾਂ ਦੀ ਧਰਤੀ ਦੇ ਦਾਨ ਦੇ ਬਹਾਨੇ ਉਸਦਾ ਸਾਰਾ ਵੈਭਵ ਖੋਹ ਲਿਆ ਅਤੇ ਉਸਨੂੰ ਪਾਤਾਲ ਵਿਚ ਧਕੇਲ ਦਿੱਤਾ। ਗੁਰੂ ਨਾਨਕ ਬਾਣੀ ਵਿਚ ਇਸ ਅਵਤਾਰ ਦਾ ਨਾਮੋਲੇਖ ਹੋਰ ਕਿਤੇ ਨਹੀਂ ਮਿਲਿਆ ਪਰ ਦੋ ਥਾਵਾਂ ਉੱਤੇ ਬੀਜ ਰੂਪ ਵਿਚ ਅੰਕਿਤ ਵਾਮਨ ਬਲਿ ਵਾਲੀ ਕਥਾ[1] ਵਿੱਚ ਇਸ ਨੂੰ ਸਪਸ਼ਟ ਰੂਪ ਵਿਚ ਵਿਸ਼ਨੂੰ ਦੇ ਅਵਤਾਰਾਂ ਦੇ ਅੰਤਰਗਤ ਹੀ ਰੱਖ ਲਿਆ ਗਿਆ ਹੈ।

ਉਪਰੋਕਤ ਕਥਾ ਵਿਚੋਂ ਵੀ ਗੁਰੂ ਨਾਨਕ ਨੇ ਅਵਤਾਰ ਪ੍ਰਤੀ ਨਿਸ਼ਠਾ ਦਾ ਪ੍ਰਗਟਾਵਾ ਨਹੀਂ ਕੀਤਾ। ਵਾਮਨ ਅਵਤਾਰ ਨੇ ਬਲਿ ਨੂੰ ਬਹਾਨੇ ਨਾਲ ਛਲਿਆ ਹੈ। ਬਲਿ ਦਾ ਛਲੇ ਜਾਣ ਦਾ ਕਾਰਣ ਉਸਦਾ ਮਾਇਆ ਹੰਕਾਰ ਅਤੇ ਗੁਰੂ ਹੁਕਮ ਤੋਂ ਬਾਹਿਰ ਹੋ ਕੇ ਚਲਣਾ ਹੈ। ਇਸ ਤੋਂ ਅਵਤਾਰ ਦੀ ਵਡਿਆਈ ਦਾ ਪ੍ਰਗਟਾ ਨਹੀਂ ਹੁੰਦਾ।

<u>ਪਰਸ਼ੂਰਾਮ।</u>

ਪਰਸ਼ੂਰਾਮ ਅਤੇ ਰਾਮ ਅਵਤਾਰ ਸਮਕਾਲੀ ਵੀ ਹਨ। ਪਰਸੁਰਾਮ ਮਹਾਂਰਿਸ਼ੀ ਜਮਦਗਨੀ ਦਾ ਪੰਜਵਾਂ ਪੁਤਰ ਸੀ। ਇਸਨੂੰ ਛੇਵਾਂ ਵਿਸ਼ਨੂੰ ਅਵਤਾਰ ਆਖਿਆ ਜਾਂਦਾ ਹੈ। ਇਸਨੇ ਇੱਕੀ ਵਾਰ ਖਤਰੀਆਂ ਦਾ ਨਾਸ਼ ਕੀਤਾ। ਰਾਮ ਨੇ ਜਦੋਂ ਸੀਤਾ ਨੂੰ ਜਿਤਣ ਲਈ ਸ਼ਿਵਜੀ ਦਾ ਧਨੁਸ਼ ਤੋੜਿਆ ਤਾਂ ਇਹ ਬੜਾ ਗੁੱਸੇ ਵਿੱਚ ਆਇਆ। ਇਹ ਘਟਨਾ ਕਾਫੀ ਲੋਕ ਪ੍ਰਿਯ ਹੈ। ਮਹਾਂਭਾਰਤ ਵਿੱਚ ਇਸਨੂੰ ਅਰਜਨ ਨੂੰ ਧਨੁਰ ਵਿਦਿਆ ਸਿਖਾਉਣ ਵਾਲਾ ਮੰਨਿਆ ਗਿਆ ਹੈ। ਇਸਨੂੰ ਅਨੇਕ ਅਸਤ੍ਰ-ਸ਼ਸਤ੍ਰਾਂ ਦੀ ਜਾਣਕਾਰੀ ਪ੍ਰਾਪਤ ਸੀ।

ਇਕ ਵਾਰੀ ਜਮਦਗਨੀ ਰਿਸ਼ੀ ਆਪਣੀ ਪਤਨੀ ਰੇਣਕਾ ਨਾਲ ਗੁੱਸੇ ਹੋ ਗਏ ਅਤੇ ਪਰਸੁਰਾਮ ਨੂੰ ਹੁਕਮ ਦਿੱਤਾ ਕਿ ਉਹ ਆਪਣੀ ਮਾਂ ਨੂੰ ਵੱਢ ਦੇਵੇ। ਪਰਸ਼ੂਰਾਮ ਨੇ ਪਿੱਤਾ ਦੀ ਆਗਿਆ ਦਾ ਤੁਰੰਤ ਪਾਲਣ ਕੀਤਾ। ਪਿਤਾ ਨੇ ਇਸ ਉਤੇ ਉਸਨੂੰ 'ਤੂੰ ਅਜਿੱਤ ਹੋ ਅਤੇ ਕੇਵਲ ਸਵ ਇੱਛਾ ਅਨੁਸਾਰ ਹੀ ਮਰ ਸਕਦਾ ਹੈਂ' ਦਾ ਵਰਦਾਨ ਦਿੱਤਾ।

ਇਸਦੇ ਕਹਿਣ ਉਤੇ ਜਮਦਗਨੀ ਨੇ ਰੇਣਕਾ ਨੂੰ ਮੁੜ ਜੀਵਤ ਕਰ ਦਿੱਤਾ। ਮਹਾਂਭਾਰਤ ਅਤੇ ਪੁਰਾਣਾਂ ਵਿਚ ਪਰਸੂਰਾਮ ਨੂੰ 'ਚਿਰੰਜੀਵ' ਦੇ ਵਰਦਾਨ ਦਾ ਜ਼ਿਕਰ ਹੈ। ਇਹੀ ਕਾਰਣ ਹੈ ਕਿ

---

1. (i) ਕਰਉ ਅਢਾਈ ਧਰਤੀ ਮਾਗੀ ਬਾਵਨ ਰੂਪਿ ਬਹਾਨੈ।
ਕਿਉ ਪਇਆਲਿ ਜਾਇ ਕਿਉ ਛਲੀਐ ਜੇ ਬਲਿ ਰੂਪੁ ਪਛਾਣੈ।
ਪ੍ਰਭਾਤੀ ਰਾਗੁ,(ਅਸ਼ਟਪਦੀਆਂ),ਪੰਨਾ 1344

(ii) ਬਲਿ ਰਾਜਾ ਮਾਇਆ ਹੰਕਾਰੀ। ਜਗਨ ਕਰੈ ਬਹੁ ਭਾਰ ਅਫਾਰੀ
ਬਿਨੁ ਗੁਰ ਪੂਛੇ ਜਾਇ ਪਇਆਰੀ।
ਗਉੜੀ ਰਾਗੁ,(ਅਸ਼ਟਪਦੀਆਂ),ਪੰਨਾ 224

ਇਹ ਤ੍ਰੇਤਾ ਅਤੇ ਦੁਆਪਰ ਨਾਲ ਜੋੜੀਆਂ ਪੁਰਾਣ ਕਥਾਵਾਂ ਵਿਚ ਮੰਨਿਆ ਹੋਇਆ ਹੈ।[1]

ਵਿਸ਼ਨੂੰ ਦੇ ਅਵਤਾਰਾਂ ਵਿਚ ਇਸ ਖਤ੍ਰੀ ਕੁਲ ਦੇ ਵਿਰੋਧੀ ਨੂੰ ਵੀ ਅਵਤਾਰ ਮੰਨ ਲਿਆ ਗਿਆ ਹੈ। ਗੁਰੂ ਨਾਨਕ ਨੇ ਇਸ ਨਾਲ ਜੁੜੀ ਅਵਤਾਰ ਭਾਵਨਾ ਦਾ ਕੋਈ ਸੰਕੇਤ ਨਹੀਂ ਕੀਤਾ। ਰਾਮਕਲੀ ਰਾਗ ਦੇ ਸ਼ਲੋਕਾਂ ਵਿਚ ਅਜੈ, ਇੰਦ੍ਰ, ਰਾਮ, ਰਾਵਣ, ਪਾਂਡਵ, ਜਨਮੇਜਾ, ਬਾਲੀ ਆਦਿ ਵਿਅਕਤੀਆਂ ਦੇ ਬਿਪਤਾਵਾਂ ਅਤੇ ਗਤਿਆਂ ਵਿਚੋਂ ਲੰਘਣ ਦਾ ਵਰਨਣ ਹੈ। ਪਰਸੂਰਾਮ ਵੀ ਉਪਰੋਕਤ ਵਿਅਕਤੀਆਂ ਵਿਚੋਂ ਇਕ ਹੈ। ਇਸ ਨੂੰ ਰੋਣਾ ਪਇਆ।[2] ਸਪਸ਼ਟ ਹੈ ਕਿ ਗੁਰੂ ਨਾਨਕ ਇਸ ਅਵਤਾਰ ਵਿਚ ਕੋਈ ਵਡਿੱਤਣ ਵਾਲੀ ਗੱਲ ਨਹੀਂ ਵੇਖਦੇ। ਨਾਨਕ ਬਾਣੀ ਵਿਚ ਕੋਈ ਸਪਸ਼ਟ ਸੰਕੇਤ ਉਪਲਬਧ ਨਹੀਂ ਹੁੰਦਾ ਜਿਸਤੋਂ ਪਰਸੂਰਾਮ ਨੂੰ ਅਵਤਾਰ ਆਖਿਆ ਗਿਆ ਹੋਵੇ। ਪੁਰਾਣ ਪਾਤਰ ਸਹਸਬਾਹੂ ਜਿਸਦਾ ਨਾਸ਼ ਪਰਸੂਰਾਮ ਹਥੀਂ ਹੋਇਆ, ਦਾ ਬਾਣੀ ਵਿਚ ਨਾਂ ਜ਼ਰੂਰ ਦਰਜ ਹੈ।[3]

## ਰਾਮ (ਰਾਮ ਚੰਦਰ)

ਪ੍ਰਾਚੀਨ ਪਰੰਪਰਾ ਅਨੁਸਾਰ ਇਕ ਆਦਰਸ਼ ਪੁੱਤਰ, ਆਦਰਸ਼ ਪਤੀ ਅਤੇ ਆਦਰਸ਼ ਰਾਜਾ, ਇਨ੍ਹਾਂ ਤਿੰਨਾਂ ਆਦਰਸ਼ਾਂ ਦਾ ਅਨੂਠਾ ਸੰਗਮ ਰਾਮ ਦੇ ਪੁਰਾਣ- ਚਰਿਤ੍ਰ ਵਿੱਚ ਮਿਲਦਾ ਹੈ। ਵਾਲਮੀਕੀ ਰਾਮਾਇਣ ਨੇ ਅਹਿੰਸਾ, ਦਇਆ, ਅਧਿਐਨ, ਸੁਸ਼ੀਲਤਾ, ਇੰਦਰੀ ਦਮਨ ਆਦਿ ਵਰਗੇ ਗੁਣਾਂ ਨਾਲ ਸੰਪੰਨ ਕਰਕੇ ਆਦਰਸ਼ ਵਿਅਕਤੀ ਰਾਮ ਰਾਹੀਂ ਭਾਰਤੀ ਜਨ ਜੀਵਨ ਨੂੰ ਪ੍ਰਭਾਵਿਤ ਕੀਤਾ ਹੈ। ਰਾਮ ਅਯੁਧਿਆ ਦੇ ਰਾਜਾ ਦਸਰਥ ਦੇ ਚਾਰ ਪੁੱਤਰਾਂ ਵਿਚੋਂ ਜੇਠਾ ਪੁੱਤਰ ਸੀ। ਰਾਮ ਨੇ ਰਿਸ਼ੀਆਂ ਦੇ ਸੁੱਖ ਲਈ ਰਾਖਸ਼ਸਾਂ ਤੇ ਰਾਖਸ਼ਣੀਆਂ ਨੂੰ ਮਾਰਿਆ, ਪਿਤਾ ਦੀ ਆਗਿਆ ਅਨੁਸਾਰ ਚੌਦਾਂ ਵਰਸ਼ਾਂ ਦਾ ਬਨਬਾਸ ਕੱਟਿਆ, ਲੰਕਾ ਨਰੇਸ਼ ਰਾਵਣ ਨਾਲ ਯੁੱਧ ਕੀਤਾ ਤੇ ਦੈਂਤਾਂ ਦਾ ਨਾਸ ਕੀਤਾ।

ਰਾਮ ਵਿਸ਼ਨੂੰ ਦੇ ਅਵਤਾਰ ਆਖੇ ਜਾਂਦੇ ਹਨ, ਇਹੋ ਅਵਤਾਰ ਤ੍ਰੇਤਾ ਯੁੱਗ ਦੇ ਅੰਤ ਤੇ ਹੋਇਆ। ਇਸ ਅਵਤਾਰ ਦਾ ਕਾਰਣ ਰਾਖਸ਼ਸ ਰਾਵਣ ਦਾ ਵਿਨਾਸ਼ ਮੰਨਿਆ ਗਿਆ ਹੈ। ਰਾਵਣ ਨੇ ਬ੍ਰਹਮਾ ਦੀ ਉਗਰ ਭਗਤੀ ਉਪਰੰਤ ਵਰਦਾਨ ਦੀ ਪ੍ਰਾਪਤੀ ਪਿਛੋਂ ਦੇਵਤਿਆਂ ਨੂੰ ਆਪਣੇ ਅਤਿਆਚਾਰਾਂ ਨਾਲ ਹੀ ਤੰਗ ਕਰ ਰੱਖਿਆ ਸੀ। ਏਸੇ ਲਈ ਵਿਸ਼ਨੂੰ ਨੇ ਰੂਪ ਵਿਚ ਪ੍ਰਗਟ ਹੋ ਕੇ, ਪੁੱਤਰ ਪ੍ਰਾਪਤੀ

---

1. (I) ਜੋਨ ਡੌਸਨ, 'ਹਿੰਦੂ ਮਿਥਿਹਾਸ ਕੋਸ਼', ਪੰਨਾ 56
   (II) ਪ੍ਰਾਚੀਨ ਚਰਿਤ੍ਰ ਕੋਸ਼, ਪੰਨਾ 388- 94
2. ਸਹੰਸਰ ਦਾਨ ਦੇ ਇੰਦ੍ਰ ਰੋਆਇਆ। ਪਰਸਰਾਮ ਰੋਵੈ ਘਰਿ ਆਇਆ।
   ਰਾਮਕਲੀ ਵਾਰ (ਸ਼ਲੋਕ), ਪੰਨਾ 953
3. ਸਹਸਬਾਹੁ ਮਧੁਕੀਟ ਮਹਖਾਸਾ
   ਹਰਣਾਖਸੁ ਲੇ ਨਖਹੁ ਬਿਧਾਸਾ, ਗਉੜੀ ਰਾਗੁ (ਅਸ਼ਟਪਦੀਆਂ) ਪੰਨਾ 224

ਹਿਤ ਕੀਤੇ ਯੱਗ ਵਿਚ ਆ ਕੇ, ਦਸ਼ਰਥ ਨੂੰ ਅੰਮ੍ਰਿਤ ਪ੍ਰਦਾਨ ਕੀਤਾ ਤਾਂ ਜੋ ਪੁਤਰ ਜਨਮ ਲਈ ਉਹ ਇਸ ਅੰਮ੍ਰਿਤ ਨੂੰ ਰਾਣੀਆਂ ਨੂੰ ਪਿਲਾ ਸਕੇ।[1]

ਨਾਨਕ ਬਾਣੀ ਵਿੱਚ ਵਿਸ਼ਨੂੰ ਦੇ ਰਾਮ ਅਤੇ ਕ੍ਰਿਸ਼ਨ ਅਵਤਾਰਾਂ ਦਾ ਵਰਨਣ ਅਨੇਕ ਸਥਲਾਂ ਤੇ ਹੋਇਆ ਹੈ। ਰਾਮ ਪਦ ਪ੍ਰਭੂ ਵਾਸਤੇ ਅਨੇਕ ਬਾਰੀ ਵਰਤਿਆ ਗਿਆ ਹੈ। ਇਸੇ ਤਰ੍ਹਾਂ ਕ੍ਰਿਸ਼ਨ ਦੇ ਕਈ ਨਾਵਾਂ ਨੂੰ ਪ੍ਰਭੂ ਲਈ ਵਰਤ ਲਿਆ ਗਿਆ ਹੈ। ਪਰਮਾਤਮਾ ਵਾਚੀ ਰਾਮ ਅਤੇ ਕ੍ਰਿਸ਼ਨ ਦੇ [illegible] ਨਾਂ ਅਵਤਾਰ ਰਾਮ ਅਤੇ ਕ੍ਰਿਸ਼ਨ ਤੋਂ ਬਿਲਕੁਲ ਨਿਖੜਵੇਂ ਰੂਪ ਵਿਚ ਵਰਤੇ ਗਏ ਹਨ। ਭੁਲੇਖੇ ਦੀ ਸੰਭਾਵਨਾ ਬਿਲਕੁਲ ਨਹੀਂ।

ਰਾਮ ਰਾਜਾ ਹੈ, ਦਸ ਅਵਤਾਰਾਂ ਵਿੱਚ ਸ਼ਾਮਿਲ ਹੈ। ਉਸਦਾ ਅਵਤਾਰ ਦੈਂਤਾਂ ਦੇ ਨਾਸ਼ ਹਿਤ ਹੋਇਆ ਹੈ।[2] ਇਨ੍ਹਾਂ ਦੈਂਤਾਂ ਵਿੱਚ ਲੰਕਾ ਨਰੇਸ਼ ਦੈਂਤ ਰਾਜਾ ਰਾਵਣ ਮੁੱਖ ਹੈ। ਰਾਮ ਅਵਤਾਰ ਨਾਲ ਸੰਬੰਧਿਤ, ਬੀਜ ਰੂਪ, ਸੰਕੇਤ ਰੂਪ ਅਤੇ ਪਾਤਰਾਂ ਦੇ ਦ੍ਰਿਸ਼ਟਾਂਤਾਂ ਸੰਕੇਤਾਂ ਵਾਲੀਆਂ ਕਈ ਮਿੱਥ ਕਥਾਵਾਂ ਹਨ, ਜਿਨ੍ਹਾਂ ਦਾ ਸੰਕੇਤ ਗੁਰੂ ਨਾਨਕ ਬਾਣੀ ਵਿਚ ਹੋਇਆ ਹੈ। ਇਹ ਮਿੱਥ ਕਥਾਵਾਂ ਅਵਤਾਰ ਦਾ ਸੰਕੇਤ ਵੀ ਕਰਦੀਆਂ ਹਨ ਅਤੇ ਅਵਤਾਰ ਵਾਦ ਦਾ ਬਲਵਾਨ ਰੂਪ ਵਿਚ ਖੰਡਨ ਵੀ ਕਰਦੀਆਂ ਹਨ। ਮਾਨਵਤਾ ਦੇ ਉਧਾਰ ਹਿਤ ਦੈਂਤਾਂ ਦਾ ਸੰਘਾਰ ਕਰਨ ਵੇਲੇ ਅਵਤਾਰ ਭਾਵਨਾ ਦੀ ਪ੍ਰਸੰਸਾ ਹੈ। ਪਰ ਬਾਕੀ ਪ੍ਰਸੰਗਾਂ ਵਿਚ ਇਨ੍ਹਾਂ ਦੀ ਵਡਿਆਈ ਦਾ ਤੇ ਅਵਤਾਰ ਪਨ ਦਾ ਪ੍ਰਤਿਪਾਦਨ ਨਹੀਂ ਸਗੋਂ ਇਨ੍ਹਾਂ ਦੇ ਵੀਰ ਹੋ ਕੇ ਕਮਜ਼ੋਰ ਪਹਿਲੂ ਨੂੰ ਪ੍ਰਗਟ ਕਰਨ ਵਾਲੇ ਪ੍ਰਸੰਗ ਆਏ ਹਨ। ਰਾਮ ਦੈਂਤਾਂ ਦਾ ਨਾਸ਼ ਕਰਦਾ ਹੈ।[3] ਉਸ ਨੇ ਯੁਕਤੀ ਨਾਲ ਰਾਵਣ ਨੂੰ ਵੀ ਮਾਰਿਆ ਹੈ। ਰਾਵਣ ਮੁਗਧ ਅਤੇ ਅਚੇਤ ਦੈਂਤ ਹੈ। ਲੰਕਾ ਵੀ ਲੁਟਾ ਬੈਠਾ, ਸਿਰ ਵੀ ਕਟਾ ਬੈਠਾ।[4]

---

1. ਜੋ. ਡੌਸਨ (I) ਹਿੰਦੂ ਮਿਥਿਹਾਸ ਕੋਸ਼, ਪੰਨਾ 56
   (II) ਪ੍ਰਾਚੀਨ ਚਰਿਤ੍ਰ ਕੋਸ਼, ਪੰਨਾ 725-41
2. ਦਸ ਅਵਤਾਰੀ ਰਾਮੁ ਰਾਜਾ ਆਇਆ
   ਦੈਤਾਂ ਮਾਰੇ ਧਾਇ ਹੁਕਮ ਸਬਾਇਆ, ਮਲਾਰ ਰਾਗੁ (ਵਾਰ), ਪੰਨਾ 1279
3. ——ਉਹੀ—— ਪੰਨਾ 1278
4. (I) ਭੂਲੇ ਰਾਵਣੁ ਮੁਗਧੁ ਅਚੇਤਿ। ਲੂਟੀ ਲੰਕਾ ਸੀਸ ਸਮੇਤਿ
   ਗਉੜੀ ਰਾਗੁ(ਅਸ਼ਟਪਦੀਆਂ), ਪੰਨਾ 224
   (II) ਰਾਮਚੰਦਿ ਮਾਰਿਓ ਅਹਿ ਰਾਵਣੁ।
   ਭੇਦੁ ਬਭੀਖਣ ਗੁਰਮੁਖਿ ਪਰਚਾਇਣੁ
   ਗੁਰਮੁਖਿ ਸਾਇਰਿ ਪਾਹਣ ਤਾਰੇ। ਗੁਰਮੁਖਿ ਕੋਟਿ ਤੇਤੀਸ ਉਧਾਰੇ
   ਰਾਮਕਲੀ ਰਾਗੁ(ਸਿਧ ਗੋਸ਼ਟਿ), ਪੰਨਾ 942

ਰਾਮ ਦਾ ਜ਼ਿਕਰ ਕਾਫ਼ੀ ਥਾਂ ਹੋਇਆ ਹੈ।[1] ਰਾਮ ਵਿਭੀਖਣ ਤੇ ਹਨੂਮਾਨ ਤੋਂ ਬਿਨਾਂ ਬੇਵਸ ਵਿਖਾਇਆ ਹੈ।[2] ਸੀਤਾ ਅਤੇ ਲਛਮਣ ਦਾ ਵਿਛੋੜਾ ਉਸ ਲਈ ਅਸਹਿ ਹੈ।[3] ਜੇ ਰਾਮ ਨੇ ਰਾਵਣ ਦਾ ਸਿਰ ਕਟ ਵੀ ਦਿੱਤਾ ਉਹ ਵੱਡਾ ਕਿਵੇਂ ਹੋ ਗਿਆ ? ਰਾਵਨ ਦੀ ਮੂਰਖਤਾ ਤੇ ਗਿਆਨ ਹੀਨਤਾ ਹੀ ਉਸਦੇ ਵਿਨਾਸ਼ ਦਾ ਕਾਰਣ ਬਣੀ। ਮੂਰਖ ਅਚੇਤ ਵਿਅਕਤੀ ਨੂੰ ਮਾਰ ਲੈਣ ਵਿਚ ਕਿਹੜੀ ਵਡਿਆਈ ਹੈ।[4]

ਰਾਮ ਅਵਤਾਰ ਨਾਲੋਂ, ਰਾਮ ਯੋਧੇ ਦੇ ਰੂਪ ਵਿਚ ਵਧੇਰੇ ਉਘਾੜਿਆ ਹੈ। ਜਪੁ ਵਿੱਚ ਗਿਆਨ ਖੰਡ ਦੇ ਅੰਤਰਗਤ ਇਸ ਦਾ ਸਪਸ਼ਟ ਸੰਕੇਤ ਮਿਲਦਾ ਹੈ।

'ਤਿਥੈ ਜੋਧ ਮਹਾਬਲ ਸੂਰ
ਤਿਨ ਮਹਿ ਰਾਮੁ ਰਹਿਆ ਭਰਪੂਰ।[5]

<u>ਕ੍ਰਿਸ਼ਨ</u>

ਕ੍ਰਿਸ਼ਨ ਵਾਸੁਦੇਵ ਦੀ ਪਤਨੀ ਦੇਵਕੀ ਦੀ ਕੁਖੋਂ, ਮਥਰਾ ਵਿਖੇ, ਕੰਸ ਦੀ ਕਾਰਾਗਾਰ ਵਿਚ ਪੈਦਾ ਹੋਏ ਸਨ। ਕੰਸ ਨੂੰ ਇਸ ਗੱਲ ਦੀ ਆਕਾਸ਼ਬਾਣੀ ਹੋਈ ਸੀ ਕਿ ਉਸਦੀ ਮੌਤ ਦੇਵਕੀ ਦੇ ਪੁੱਤਰਾਂ ਹਥੋਂ ਹੋਣੀ ਹੈ। ਉਸ ਨੇ ਆਪਣੇ ਆਪ ਨੂੰ ਸੁਰੱਖਿਅਤ ਰਖਣ ਲਈ ਦੇਵਕੀ ਦੇ ਹਰ ਨਵਜਾਤ ਸ਼ਿਸ਼ੂ ਨੂੰ ਮਰਵਾਉਣਾ ਸ਼ੁਰੂ ਕਰ ਦਿੱਤਾ ਤੇ ਸਤ ਬਾਲਕ ਮਰਵਾਏ ਗਏ। ਅਠਵਾਂ ਕ੍ਰਿਸ਼ਨ ਸੀ ਜਿਸਨੂੰ ਦੇਵਕੀ ਤੇ ਵਾਸੁਦੇਵ ਨੇ ਗੋਕਲ ਦੇ ਨੰਦ ਗੁਆਲੇ ਕੋਲ ਪਹੁੰਚਾ ਦਿੱਤਾ। ਐਥੇ ਹੀ ਕ੍ਰਿਸ਼ਨ ਦਾ ਬਚਪਨ ਬੀਤਿਆ। ਪੁਰਾਣਾਂ ਵਿੱਚ ਕ੍ਰਿਸ਼ਨ ਦੀਆਂ ਬਾਲ ਲੀਲਾਵਾਂ ਦਰਜ ਹਨ। [redacted]। ਇਹ ਰਚਨਾਵਾਂ ਭਾਰਤੀ ਸਾਹਿਤ ਵਿਚ ਬੜੀਆਂ ਲੋਕ ਪ੍ਰਿਯ ਹਨ। ਏਸੇ ਤਰ੍ਹਾਂ ਰਾਧਾ ਅਰਥਾਤ ਗੋਪੀਆਂ ਤੇ ਕ੍ਰਿਸ਼ਨ ਦੇ ਪਰਸਪਰ ਸੰਬੰਧਾਂ ਨੂੰ ਅਧਿਆਤਮਕ ਸ਼ਿੰਗਾਰ ਅਤੇ ਉਜਵੱਲ ਰਸ ਦੇ ਰੂਪ ਵਿਚ ਚਿਤ੍ਰਿਤ ਕੀਤਾ ਗਿਆ ਹੈ।

---

1. ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ ਰਵਾਲ, ਆਸਾ ਰਾਗੁ(ਵਾਰ)ਪੰਨਾ 464
2. ਮਨ ਮਹਿ ਝੂਰੈ ਰਾਮਚੰਦੁ ਸੀਤਾ ਲਛਮਣ ਜੋਗੁ
ਹਣਵੰਤਰੁ ਆਰਾਧਿਆ ਆਇਆ ਕਰਿ ਸੰਜੋਗੁ।
ਸ਼ਲੋਕ ਵਾਰਾਂ ਤੇ ਵਧੀਕ, ਪੰਨਾ 1412
3. ਰੋਵੈ ਰਾਮੁ ਨਿਕਾਲਾ ਭਇਆ। ਸੀਤਾ ਲਖਮਣੁ ਵਿਛੁੜਿ ਗਇਆ
ਰਾਮਕਲੀ ਰਾਗੁ(ਸ਼ਲੋਕ), ਪੰਨਾ 953-54
4. ਸੰਧੁਲੈ ਦਹਸਿਰ ਮੂੰਡੁ ਕਟਾਇਆ
ਰਾਵਣੁ ਮਾਰਿ ਕਿਆ ਵਡਾ ਭਇਆ। ਆਸਾ ਰਾਗੁ (ਪਦੇ), ਪੰਨਾ 350
5. ਜਪੁ, ਪਉੜੀ 37, ਪੰਨਾ 8

ਆਪ ਨਾਲ ਅਨੇਕ ਮਿਥ ਕਥਾਵਾਂ ਸੰਬੰਧਿਤ ਹਨ। ਜਿਵੇਂ ਜਸ਼ੋਧਾ ਮਾਂ ਨੂੰ ਮੂੰਹ ਵਿਚੋਂ ਵਿਸ਼ਵ ਰੂਪ ਦਰਸ਼ਨ ਦਿੱਤੇ। ਤ੍ਰਿਣਾਵਰਤ, ਬਕਾਸੁਰ, ਵਤਾਸੁਰ ਆਦਿ ਨੂੰ ਮਾਰਿਆ। ਕਾਲੀ ਨੱਥਿਆ। ਧੇਨੁਕਾ, ਪੂਤਨਾ, ਅਰਿਸ਼ਟ ਅਤੇ ਕੇਸ਼ਿ ਆਦਿ ਅਸੁਰਾਂ ਦਾ ਨਾਸ਼ ਕੀਤਾ। ਗੋਵਰਧਨ ਨੂੰ ਚੀਚੀ ਉਤੇ ਧਾਰਣ ਕੀਤਾ। ਜਰਾਸੰਧ ਅਤੇ ਕੰਸ ਵਰਗਿਆਂ ਨੂੰ ਮ੍ਰਿਤੂ ਧਾਮ ਪਹੁੰਚਾਇਆ।

ਮਹਾਂ ਭਾਰਤ ਦੇ ਯੁੱਧ ਵਿੱਚ ਅਰਜਨ ਦਾ ਰਥਵਾਨ ਬਣੇ ਤੇ ਆਪਣੇ ਗੀਤਾ ਰਾਹੀਂ ਅਰਜਨ ਨੂੰ ਧਰਮ ਯੁੱਧ ਲਈ ਪ੍ਰੇਰਿਆ। ਦ੍ਰੋਪਦੀ ਦੀ ਸੰਕਟ ਕਾਲ ਸਮੇਂ ਸਹਾਇਤਾ ਕੀਤੀ। ਪਾਂਡਵਾਂ ਨੂੰ ਉਨ੍ਹਾਂ ਦਾ ਖੁੱਸਿਆ ਰਾਜ ਦਿਲਵਾਇਆ।[1] ਕ੍ਰਿਸ਼ਨ ਨੂੰ ਹਿੰਦੂ ਧਿਰਤੀ 16 ਕਲਾਂ ਸੰਪੰਨ, ਅਰਥਾਤ ਪੂਰਣ ਅਵਤਾਰ ਮੰਨਦੀ ਹੈ।[2] ਆਪ ਦੀ ਮ੍ਰਿਤੂ ਜਰਾ ਨਾਮਕ ਸ਼ਿਕਾਰੀ ਦੇ ਤੀਰ ਦੁਆਰਾ ਹੋਈ।

ਗੁਰੂ ਨਾਨਕ ਦੇਵ ਦੀ ਰਚਨਾ ਵਿਚ ਕ੍ਰਿਸ਼ਨ ਅਵਤਾਰ ਦੇ ਸੰਕੇਤ ਮਿਥ ਕਥਾਵਾਂ, ਪ੍ਰਸੰਗਾਂ ਅਤੇ ਪੁਰਾਣ ਵਿਅਕਤੀਆਂ ਦੇ ਨਾਵਾਂ ਤੋਂ ਮਿਲਦੇ ਹਨ। ਜਰਾਸੰਧ, ਕਾਲਜਮੁਨ, ਕੇਸੁ ਚਾਂਡੂਰੁ, ਆਦਿ ਦੈਂਤਾਂ ਦਾ ਵਰਨਣ[3], ਕੰਸ ਨੂੰ ਮਾਰਨਾ[4] ਕ੍ਰਿਸ਼ਨ ਦਾ ਕਾਲੀ ਨਾਗ ਨੂੰ ਨਥਣਾ[5], ਪਾਂਡਵ ਅਤੇ ਸਵਾਮੀ ਕ੍ਰਿਸ਼ਨ[6], ਕ੍ਰਿਸ਼ਨ ਦਾ ਗੋਵਰਧਨ ਧਾਰਣ ਕਰਨਾ[7] ਅਤੇ ਕੁਝ ਹੋਰ ਮਿਥ ਸੰਕੇਤਾਂ ਵਿੱਚ ਕ੍ਰਿਸ਼ਨ ਅਵਤਾਰ ਨਾਲ ਸੰਬੰਧਿਤ ਵਰਨਣ ਆਏ ਹਨ। ਨਾਨਕ ਬਾਣੀ ਵਿਚ ਕ੍ਰਿਸ਼ਨ ਨਾਲ ਸੰਬੰਧਿਤ ਅਨੇਕ ਨਾਵਾਂ ਨੂੰ ਪ੍ਰਭੂ ਨਾਵਾਂ ਦੇ ਰੂਪ ਵਿਚ ਵਰਤ ਲਿਆ ਗਿਆ ਹੈ। ਉਹ ਨਾਂ ਵਿਅਕਤੀ ਵਿਸ਼ੇਸ਼ ਦੇ ਨਾ ਹੋ ਕੇ ਪਰਮਾਤਮਾ ਦੇ ਹਨ।

ਸਪਸ਼ਟ ਹੈ ਕਿ ਵਿਸ਼ਨੂੰ ਦੇ ਅਵਤਾਰਾਂ ਵਿਚੋਂ ਸਭ ਨਾਲੋਂ ਵੱਧ ਸੰਕੇਤ ਨਾਨਕ ਬਾਣੀ ਵਿਚ ਕ੍ਰਿਸ਼ਨ ਅਵਤਾਰ ਦੇ ਹੀ ਆਏ ਹਨ। ਇਸ ਦੀ ਪ੍ਰਸ਼ੰਸਾ ਭਗਤ ਸੰਪਾਦਕ ਵਜੋਂ ਕੀਤੀ ਹੈ। ਵੈਸੇ ਕੰਸ ਨੂੰ ਮਾਰ ਦੇਣਾ ਜਾਂ ਕਾਲੀ ਨਾਗ ਨੂੰ ਨਥ ਦੇਣਾ ਵੀ ਪ੍ਰਭੂ ਦੀ ਦਿੱਤੀ ਹੋਈ ਸ਼ਕਤੀ ਦਾ ਹੀ ਇਕ ਅੰਗ ਹੈ। ਇਸ ਵਿਚ ਕ੍ਰਿਸ਼ਨ ਦੀ ਕੋਈ ਵਡਿਆਈ ਨਹੀਂ। ਕ੍ਰਿਸ਼ਨ ਦੇ ਕਾਰਨਾਮੇ ਵੀ ਇਕ ਵੀਰ ਯੋਧੇ ਨਾਇਕ ਵਜੋਂ ਵਧੇਰੇ ਉਘੜੇ ਹਨ।

---

1. (I) ਜੋਨ ਡੋਸਨ, 'ਹਿੰਦੂ ਮਿਥਿਹਾਸ ਕੋਸ਼', ਪੰਨਾ 56
   (II) 'ਪ੍ਰਾਚੀਨ ਚਰਿਤ੍ਰ ਕੋਸ਼', ਪੰਨਾ 158-164
2. ਡਾ: ਸੰਪੂਰਨਾ ਨੰਦ, ਹਿੰਦੂ ਦੇਵ ਪਰਿਵਾਰ ਕਾ ਵਿਕਾਸ, ਪੰਨਾ 157
3. ਗਉੜੀ ਰਾਗੁ, (ਅਸ਼ਟਪਦੀਆਂ), ਪੰਨਾ 225
4. ਆਸਾ ਰਾਗੁ (ਪਟੀ), ਪੰਨਾ 350
5. ——ਉਹੀ—— ਪੰਨਾ 350
6. ਰਾਮਕਲੀ ਰਾਗੁ, (ਸ਼ਲੋਕ), ਪੰਨਾ 754
7. ਮਾਰੂ ਰਾਗੁ, (ਸੋਲਹੇ), ਪੰਨਾ 1041

ਬੁੱਧ

ਬੁੱਧ ਨੂੰ ਵਿਸ਼ਨੂ ਦੇ ਅਵਤਾਰ ਵਜੋਂ 'ਅਵਤਾਰ ਸ਼੍ਰੇਣੀ' ਵਿੱਚ ਸ਼ਾਮਿਲ ਕੀਤੇ ਜਾਣਾ ਨਿਰਸੰਦੇਹ ਹਿੰਦੂ ਬਿਰਤੀ ਦਾ ਵਿਰੋਧੀਆਂ ਨੂੰ ਆਪਣੇ ਆਪ ਵਿਚ ਸਮੋ ਲੈਣ ਦੀ ਸ਼ਕਤੀ ਦਾ ਚਮਤਕਾਰ ਹੈ। ਮਹਾਤਮਾ ਬੁੱਧ ਬੇਸ਼ਕ ਪਿਛੋਂ ਜਾ ਕੇ ਖੁਦ ਅਨੇਕ ਮਿਥ ਕਥਾਵਾਂ ਦੇ ਨਾਇਕ ਬਣ ਗਏ, ਜਿਵੇਂ ਕਿ ਹਰ ਅਦੁਤੀ ਘਟਨਾ ਅਤੇ ਵਿਅਕਤੀ ਨੂੰ ਪੁਰਾਣ ਮੁਖੀ ਬਣਾਉਣ ਦੀ ਭਾਰਤੀ ਰੁਚੀ ਹੈ, ਪਰ ਆਪਣੇ ਜੀਵਨ ਵਿਚ ਉਨ੍ਹਾਂ ਨੇ ਮਿਥ ਪਰੰਪਰਾ ਉਤੇ ਆਧਾਰਿਤ ਜੀਵਨ ਸੇਧ ਨੂੰ ਤੁਛ ਤੇ ਨੀਵਾਂ ਹੀ ਆਖਿਆ। ਸਾਦਗੀ ਅਤੇ ਸੱਚ ਵਾਲੇ ਜੀਵਨ ਆਦਰਸ਼ ਦੀ ਸੇਧ ਦਿਤੀ। ਬੁੱਧ ਦਾ ਨਾ ਦੇਵਤਿਆਂ, ਨਾ ਅਵਤਾਰਾਂ ਅਤੇ ਨਾ ਹੀ ਸੁਰਗਾਂ ਨਰਕਾਂ ਵਿਚ ਵਿਸ਼ਵਾਸ਼ ਸੀ।

ਨਾਨਕ ਬਾਣੀ ਵਿੱਚ ਆਖਿਆ ਗਿਆ ਹੈ, 'ਬੁੱਧ ਅਨੇਕ ਹਨ'[1] ਬੁੱਧ ਦਾ ਅਵਤਾਰ ਵਜੋਂ ਬਾਣੀ ਵਿੱਚ ਕੋਈ ਸੰਕੇਤ ਨਹੀਂ ਆਇਆ।

ਕਲਕੀ

ਕਲਕੀ ਵਿਸ਼ਨੂੰ ਦਾ ਦਸਵਾਂ ਅਤੇ ਆਖਰੀ ਅਵਤਾਰ ਹੈ। ਇਸ ਦਾ ਨਾਂ ਪਹਿਲਾਂ ਹੀ ਕਲਪਿਤ ਕਰ ਲਿਆ ਗਿਆ ਹੋਇਆ ਹੈ। ਇਹ ਹਾਲੇ ਹੋਣਾ ਹੈ। ਇਹ ਕਲਯੁਗ ਦੇ ਆਖਰੀ ਵਿੱਚ, ਅਧਰਮੀਆਂ ਦਾ ਨਾਸ਼ ਕਰਨ ਲਈ, ਜਗਤ ਦੀ ਪੁਨਰ ਸੁਰਜੀਤੀ ਅਤੇ ਧਰਮ ਦੀ ਪੁਨਰ ਸਥਾਪਨਾ ਲਈ ਆਵੇਗਾ। ਇਹ ਚਿੱਟੇ ਘੋੜੇ ਉਤੇ ਸੁਆਰ ਹੋਵੇਗਾ, ਅਤੇ ਇਸਦੇ ਹੱਥ ਵਿਚ ਚਮਕਦੀ ਤਲਵਾਰ ਹੋਵੇਗੀ। ਉਦੋਂ ਤੱਕ ਲੋਕ ਅਤਿ ਦੀ ਘੋਰ ਵਿਨਾਸ਼ਕਾਰੀ ਆਚਰਣਹੀਨਤਾ ਤੱਕ ਪੁੱਜ ਚੁੱਕੇ ਹੋਣਗੇ।[2]

ਕਲਕੀ ਬਾਰੇ ਨਾਨਕ ਬਾਣੀ ਵਿੱਚ ਕੋਈ ਨਾਂ ਸੰਕੇਤ ਜਾਂ ਕਥਾ ਸੰਕੇਤ ਨਹੀਂ ਆਇਆ। ਕੇਵਲ ਦਸ ਅਵਤਾਰਾਂ ਦੇ ਅੰਤਰਗਤ ਹੀ ਇਸਨੂੰ ਰੱਖ ਲਿਆ ਗਿਆ ਮੰਨਿਆ ਜਾ ਸਕਦਾ ਹੈ।

ਸਮੁਚੇ ਤੌਰ ਤੇ ਅਵਤਾਰ ਦੇ ਮਿਥ ਸੰਕਲਪ ਨੂੰ ਗੁਰੂ ਨਾਨਕ ਬਾਣੀ ਵਿੱਚ ਮਾਨਤਾ ਪ੍ਰਾਪਤ ਨਹੀਂ ਹੋਈ। ਭਗਤਾਂ ਦੀ ਰੱਖਿਆ ਲਈ ਪ੍ਰਭੂ ਦੇ ਅਵਤਾਰ ਧਾਰਣ ਦੀ ਪ੍ਰਸ਼ੰਸਾ ਵਿਚ ਵੀ ਵਿਸ਼ਨੂੰ ਦੀ ਥਾਂ ਪਰਮਾਤਮਾ ਆਪ ਹੀ ਹੈ। ਕੋਈ ਦੇਵਤਾ ਵਿਸ਼ੇਸ਼ ਨਹੀਂ। ਭਗਤਾਂ ਦੀ ਰੱਖਿਆ ਵਾਲੀ ਬਿਰਤੀ ਦਾ ਵੀ ਸਾਰੇ ਅਵਤਾਰਾਂ ਵਿੱਚ ਜ਼ਿਕਰ ਨਹੀਂ। ਇਨ੍ਹਾਂ ਵਿਚੋਂ ਮਤਸਯ, ਕੂਰਮ, ਵਰਾਹ, ਪਰਸੁਰਾਮ, ਬੁਧ ਕਲਕੀ ਆਦਿ ਅਵਤਾਰਾਂ ਦਾ ਸੰਕੇਤ ਨਾਂ ਮਾਤ੍ਰ ਹੈ। ਨਰਸਿੰਘ ਅਵਤਾਰ ਦੀ ਪ੍ਰਸ਼ੰਸਾ

---

1. 'ਆਖਹਿ ਕੇਤੇ ਕੀਤੇ ਬੁਧ' ਜਪੁ, ਪਉੜੀ 26, ਪੰਨਾ 8

2. (i) ਹਿੰਦੂ ਮਿਥਿਹਾਸ ਕੋਸ਼, ਪੰਨਾ 57

(ii) ਪ੍ਰਾਚੀਨ ਚਰਿਤ੍ਰ ਕੋਸ਼, ਪੰਨਾ 123

ਵਧੇਰੇ ਹੈ। ਵਾਮਨ ਅਵਤਾਰ ਦਾ ਸੰਕੇਤ ਵੀ ਕੇਵਲ ਬਲਿ ਰਾਜੇ ਦੇ ਪ੍ਰਸੰਗ ਵਿੱਚ ਹੋਇਆ ਹੈ। ਸਭ ਨਾਲੋਂ ਵੱਧ ਜ਼ਿਕਰ ਰਾਮ ਅਤੇ ਕ੍ਰਿਸ਼ਨ ਅਵਤਾਰਾਂ ਦਾ ਹੈ। ਪਰ ਅਵਤਾਰ ਵਾਦ ਦੇ ਖੰਡਨ ਦੀ ਬਿਰਤੀ ਵਿੱਚ ਹੀ ਇਨ੍ਹਾਂ ਦੋਹਾਂ ਅਵਤਾਰਾਂ ਨੂੰ ਔਖੇ ਵੇਖਿਆ ਗਿਆ ਹੈ, ਵਿਸ਼ੇਸ਼ ਕਰਕੇ ਰਾਮ ਨੂੰ।

ਗੁਰੂ ਨਾਨਕ ਦੇਵ ਦੇ ਸਮਕਾਲੀ ਸਮਾਜ ਵਿੱਚ ਅਵਤਾਰਾਂ ਦੀਆਂ ਰਾਸਾਂ ਤੇ ਝਾਕੀਆਂ ਕਰਕੇ, ਧਰਮ ਦੇ ਨਾਂ ਉਤੇ ਲੋਕਾਂ ਨੂੰ ਕੁਰਾਹੇ ਪਾਇਆ ਜਾ ਰਿਹਾ ਸੀ।[1] ਅਵਤਾਰਾਂ ਦੀਆਂ ਮੂਰਤੀਆਂ ਰਾਹੀਂ ਬ੍ਰਾਹਮਣ ਲੋਕਾਂ ਨੂੰ ਮੰਦਰਾਂ ਦੇ ਅੰਦਰ ਲੁਟ ਰਿਹਾ ਸੀ ਅਤੇ ਬਾਹਰ ਰਾਸ ਧਾਰੀਏ। ਮੂਰਤੀ ਪੂਜਾ ਦਾ ਆਡੰਬਰ ਮਨੁੱਖ ਨੂੰ ਸ਼ਕਤੀ ਵਰਧਕ ਬਣਾਉਣ ਦੀ ਥਾਂ ਨਿਤਾਣਾ ਤੇ ਭਰਮ ਗ੍ਰਸਤ ਬਣਾ ਰਿਹਾ ਸੀ। ਅਨੇਕ ਦੇਵਤੇ, ਅਨੇਕ ਅਵਤਾਰ, ਸੰਪਰਦਾਇਕ ਰੁਚੀਆਂ ਨੂੰ ਫੈਲਾਉਣ ਵਿੱਚ ਮਦਦ ਦੇ ਰਹੇ ਸਨ। ਭਾਰਤ ਦੀ ਅਖੰਡਤਾ ਨੂੰ ਢਾਹ ਲਾਈ ਜਾ ਰਹੀ ਸੀ। ਦੇਵਤਿਆਂ ਅਤੇ ਅਵਤਾਰਾਂ ਦੀ ਓਟ ਵਿੱਚ ਪੇਟ ਪੂਜਾ ਅਰਥਾਤ ਉਦਰ ਪੂਰਤੀ ਨੂੰ ਮੁੱਖ ਰਖਿਆ ਹੋਇਆ ਸੀ। ਲੋਕਾਂ ਵਿਚ ਅੰਧ ਵਿਸ਼ਵਾਸ਼ ਫੈਲਾਉਣ ਦੀ ਥਾਂ ਨਵ ਚੇਤਨਾ ਤੇ ਧਰਮ ਦੇ ਸ਼ੁੱਧ ਸੰਕਲਪ ਨੂੰ ਅਪਨਾਉਣ ਦੀ ਅਤੇ ਸਮਝਣ ਦੀ ਲੋੜ ਸੀ। ਇਹੀ ਗੁਰੂ ਨਾਨਕ ਦਾ ਸੰਕਲਪ ਸੀ। ਇਸ ਨਵ ਚੇਤਨਾ ਵਿਚ ਅਵਤਾਰ ਦੇ ਸੰਕਲਪ ਦੀ ਕੋਈ ਥਾਂ ਨਹੀਂ। ਪਰਮਾਤਮਾ ਨਿਰਗੁਣ ਸਰੂਪ ਹੈ। ਅਕਾਲ ਤੇ ਅਜੂਨੀ ਹੈ ਉਹ ਅਦ੍ਵੈਤ ਤੇ ਅਖੰਡ ਹੈ। ਜਲਚਰ, ਥਲ ਚਰ, ਅਰਧ ਧਨਚਰ ਦੇ ਰੂਪ ਵਿਚ ਉਹ ਕਲਪਿਆ ਹੀ ਨਹੀਂ ਜਾ ਸਕਦਾ। ਉਸਦਾ ਮਾਨਵ ਨਾਲ ਸਿਧਾ ਸੰਬੰਧ ਹੈ। ਉਸਨੂੰ ਵਿਚੋਲੇ ਦੀ ਲੋੜ ਨਹੀਂ। ਦੈਤਾਂ ਦਾ ਵੀ ਉਹ ਨਾਸ ਖੁਦ ਹੀ ਕਰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਇਹਨਾਂ ਮਿਥ ਜਗਤ ਦੇ ਕਥਿਤ ਅਵਤਾਰਾਂ ਨੂੰ 'ਦਿਵ' ਰੂਪ ਵਿਚ ਨਹੀਂ ਵੇਖਿਆ ਇਨ੍ਹਾਂ ਦੇ ਸ਼ਕਤੀਪਰਕ ਕੰਮਾਂ ਨੂੰ ਸਾਹਮਣੇ ਰੱਖ ਕੇ ਯੋਧੇ ਦੇ ਰੂਪ ਵਜੋਂ ਵਧੇਰੇ ਅਪਣਾਇਆ ਹੈ। ਇਹ ਇਤਿਹਾਸ ਦੇ ਕਿਸੇ ਖੰਡ ਦੇ ਰਾਜੇ ਹੋ ਸਕਦੇ ਹਨ। 'ਦਸ ਅਵਤਾਰੀ ਰਾਮ ਰਾਜਾ' ਦਾ ਸੰਕੇਤ ਵੀ ਇਸ ਗੱਲ ਦੀ ਗਵਾਹੀ ਭਰਦਾ ਹੈ। ਕ੍ਰਿਸ਼ਨ ਮਥੁਰਾ ਦੇ ਰਾਜੇ ਸਨ। ਬੁੱਧ ਵੀ ਰਾਜ ਪੁਤਰ ਸੀ, ਭਾਵੇਂ ਗੁਰੂ ਨਾਨਕ ਦੇਵ ਜੀ ਨੇ ਕਿਸ ਦੇ ਰਾਜੇ ਦੇ ਰੂਪ ਵਿੱਚ ਅਵਤਾਰ ਭਾਵਨਾ ਦੇ ਸੰਕੇਤ ਨਹੀਂ ਦਿਤੇ ਪਰ ਗੁਰਮਤ ਵਿੱਚ ਪਿੱਛੋਂ ਜਾ ਕੇ ਇਹ ਧਾਰਣਾ ਜ਼ਰੂਰ [illegible] ਤੋਰ

---

1. (i) ਫੇਰੀਆਂ ਨਾਚਣ ਪੂਰਹਿ ਤਾਲ।
ਆਪ ਪਛਾੜਹਿ ਧਰਤੀ ਨਾਲਿ
ਗਾਵਨਿ ਗੋਪੀਆਂ ਗਾਵਨਿ ਕਾਨ੍ਹ।
ਗਾਵਨਿ ਸੀਤਾ ਰਾਜੇ ਰਾਮੁ। ਆਸਾ ਰਾਗੁ (ਵਾਰ), ਪੰਨਾ 465

(ii) ਕੇਤੀਆ ਕੰਨ੍ਹ ਕਹਾਣੀਆਂ ਕੇਤੇ ਬੇਦ ਬੀਚਾਰ।
ਕੇਤੇ ਨਚਹਿ ਮੰਗਤੇ ਗਿੜਿ ਮੁੜਿ ਪੂਰਹਿ ਤਾਲ।
ਬਾਜਾਰੀ ਬਾਜਾਰ ਮਹਿ ਆਇ ਕਢਹਿ ਬਾਜਾਰ। ਆਸ ਰਾਗੁ (ਵਾਰ), ਪੰਨਾ 464

ਪਕੜ ਰਹੀ ਜਾਪਦੀ ਹੈ। ਗੁਰੂ ਸਾਹਿਬਾਨ ਵਿਚ 'ਅਵਤਾਰਾਂ' ਨੂੰ 'ਰਾਜੇ' ਮੰਨਣ ਦੀ ਰੁਚੀ ਜ਼ਰੂਰ ਪ੍ਰਗਟ ਹੋਈ ਹੈ।[1] ਦੇਵਤੇ ਅਤੇ ਅਵਤਾਰਾਂ ਦੇ ਮਿਥ ਚਰਿਤ੍ਰ ਅਤਿਮਾਨਵੀ ਰੂਪ ਧਾਰਣ ਕਰ ਗਏ ਸਨ। ਇਹ ਪੁਰਾਣਕ ਚਰਿਤ੍ਰ ਜਾਂ ਨਾਂ ਜਨ-ਜੀਵਨ ਵਿੱਚ ਬੜੀ ਪਕੜ ਰੱਖਦੇ ਸਨ।

ਗੁਰੂ ਨਾਨਕ ਬਾਣੀ ਦੀ ਵਖਰਤਾ ਇਸ ਗੱਲ ਵਿਚ ਹੈ ਕਿ ਜਿਥੇ ਮੱਧ ਯੁੱਗ ਦੇ ਹੋਰ ਸੰਤ ਅਤੇ ਭਗਤ, ਇਨ੍ਹਾਂ ਪੁਰਾਣਾਂ ਦੇ ਵਿਅਕਤੀਆਂ ਨਾਲ ਭਾਵੁਕ ਸਾਂਝ ਨੂੰ ਵੱਖ ਨਹੀਂ ਕਰ ਸਕੇ ਉਥੇ ਗੁਰੂ ਨਾਨਕ ਨੇ ਇਨ੍ਹਾਂ ਨਾਲ ਭਾਵੁਕ ਸਾਂਝ ਪਾਈ ਹੀ ਨਹੀਂ। ਵੱਖ ਵੱਖ ਉਪਾਸ਼ਕਾਂ ਤੇ ਸੰਪਰਦਾਵਾਂ ਨਾਲ ਜੁੜੇ ਚਰਿਤ੍ਰਾਂ ਦੇ ਨਾਂ ਪਰਮ ਪਰਾਤਪਰ ਦੇ ਨਾਂ ਬੋਧ ਵਜੋਂ ਵਰਤੇ ਗਏ ਹਨ, ਪਰ ਨਾਲ ਨਾਲ ਲੋਕਾਂ ਨੂੰ ਚੇਤੰਨ ਕਰਨ ਵਾਸਤੇ ਕਥਾਵਾਂ ਜਾਂ ਕਿੱਸਿਆਂ ਰਾਹੀਂ ਇਨ੍ਹਾਂ ਮਿਥ ਚਰਿਤ੍ਰਾਂ ਦਾ ਮਿਥਕ ਰੂਪ ਵੀ ਪ੍ਰਗਟ ਕੀਤਾ ਹੈ, ਤਾਂ ਕਿ ਇਹ ਮਹਿਸੂਸ ਹੋ ਸਕੇ ਕਿ ਇਹ ਨਾਂ ਤੇ ਇਨ੍ਹਾਂ ਦੀਆਂ ਲੀਲਾਵਾਂ ਜਾਂ ਸ਼ਕਤੀ ਚਮਤਕਾਰਾਂ ਨਾਲ ਗੁਰੂ ਨਾਨਕ ਦੀ ਹਮਦਰਦੀ ਨਹੀਂ।[2] ਸਗੋਂ ਇਨ੍ਹਾਂ ਨਾਵਾਂ ਤੋਂ ਭਾਵ ਕੇਵਲ ਨਿਰਗੁਣ ਰੂਪ ਪਰਮ ਪਰਾਤਪਰ ਸ਼ਕਤੀ ਹੀ ਹੈ। ਇਸ ਗੱਲ ਨੂੰ ਬਾਰ ਬਾਰ ਨਿਸਚੇਆਤਮਕ ਵਿਤਾਵਨੀ ਵਜੋਂ 'ਪ੍ਰਭੂ ਇੱਕੋ ਹੈ', 'ਅਜੂਨੀ ਹੈ' ਆਦਿ ਵਾਕਾਂ ਰਾਹੀਂ ਦੁਹਰਾਇਆ ਹੈ।[3]

---

1. ਜੁਗਹਿ ਜੁਗਹਿ ਕੇ ਰਾਜੇ ਕੀਏ, ਗਾਵਹਿ ਕਰ ਅਵਤਾਰੀ,
ਤਿਨ ਭੀ ਅੰਤ ਨ ਪਾਇਆ ਤਾ ਕਾ ਕਿਆ ਕਰ ਆਖ ਵੀਚਾਰੀ
ਮ: ੩, ਆਸਾ ਰਾਗੁ (ਅਸ਼ਟਪਦੀਆਂ), ਪੰਨਾ 423

2. (i) ਮਨ ਮਹਿ ਝੂਰੇ ਰਾਮ ਚੰਦੁ ਸੀਤਾ ਲਛਮਣ ਜੋਗੁ,
ਸਲੋਕ ਵਾਰਾਂ ਤੇ ਵਧੀਕ, ਪੰਨਾ 1412

(ii) ਜੋਗ ਉਪਾਇ ਜੁਗਤਿ ਹਥਿ ਕੀਨੀ ਕਾਲੀ ਨਥਿ ਕਿਆ ਵੱਡਾ ਹੋਇਆ
ਆਸਾ ਰਾਗੁ (ਪਦੇ), ਪੰਨਾ 350

(iii) ਸੰਖੁਲੇ ਚਉਸਿਰ ਮੁੰਡੁ ਕਟਾਇਆ ਰਾਵਣੁ ਮਾਰ ਕਿਆ ਵੱਡਾ ਭਇਆ।
ਆਸਾ ਰਾਗੁ (ਪਦੇ), ਪੰਨਾ 350

3. (i) ਸਾਹਿਬੁ ਮੇਰਾ ਏਕੋ ਹੈ। ਏਕੋ ਹੈ ਭਾਈ ਏਕੋ ਹੈ
—— ਉਹੀ —— ਪੰਨਾ 350

(ii) ਸਰਬੀ ਸਾਚਾ ਏਕੁ ਹੈ ਦੂਜਾ ਨਾਹੀ ਕੋਇ।
ਧਨਾਸਰੀ ਰਾਗੁ (ਪਦੇ), ਪੰਨਾ 660

(iii) ਅਲਖ ਅਪਾਰ ਅਗੰਮ ਅਗੋਚਰ ਨਾ ਤਿਸੁ ਕਾਲੁ ਨਾ ਕਰਮਾ,
ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸੁ ਭਾਉ ਨਾ ਭਰਮਾ
ਸੋਰਠਿ ਰਾਗੁ (ਪਦੇ), ਪੰਨਾ 597

ਹੇਠ ਲਿਖੇ ਕੁਝ ਮਿਥ ਪਾਤਰਾਂ ਦੇ ਨਾਂ ਪ੍ਰਭੂ ਦੇ ਨਾਂ ਬੋਧ ਦੇ ਵਿਸ਼ੇਸ਼ ਰੂਪ ਵਿਚ ਸੂਚਕ ਹਨ:

| | |
|---|---|
| ਜਗਦੀਸ਼: | ਬਿਨੁ ਜਗਦੀਸ ਕਹਾ ਸੁਖੁ ਪਾਵਉ[1] |
| ਮੁਰਾਰੀ: | ਗੁਰਮਤ ਜਾਣਿਆ ਰਿਦੈ ਮੁਰਾਰੀ[2] |
| ਮੋਹਨ: | ਮੋਹਨਿ ਮੋਹਿ ਲੀਆ ਮਨੁ ਮੋਰਾ। ਬੰਧਨ ਖੋਲਿ ਨਿਰਾਰੀ[3] |
| ਵਾਸਦੇਉ: | ਰਵੈ ਵਾਸੁਦੇਉ ਪਰਮੇਸੁਰ ਵੇਖਣ ਕਉ ਜਿਨਿ ਵੇਸੁ ਕੀਆ[4] |
| ਮਧੁ ਸੂਦਨ: | ਮਿਹਰਵਾਨ ਮਧੁ ਸੂਦਨ ਮਾਧੌ ਐਸੀ ਸਕਤਿ ਤੁਮਾਰੀ[5] |
| ਰਾਮ: | ਜੁਗਿ ਜੁਗਿ ਦਾਤਾ ਪ੍ਰਭੁ ਰਾਮੁ ਹਮਾਰਾ[6] |
| ਸ੍ਰੀ ਰੰਗ: | ਸ੍ਰੀ ਰੰਗ ਰਾਤੀ ਫਿਰੈ ਮਾਤੀ ਉਦਕ ਗੰਗਾ ਵਾਣੀ[7] |
| ਸ੍ਰੀ ਧਰ: | ਕਰਣ ਕਾਰਣ ਸਮਰਥ ਸ੍ਰੀ ਧਰ ਆਪਿ ਕਾਰਜੁ ਸਾਰਏ[8] |
| ਨਾਰਾਇਣ: | ਆਸਣਿ ਬੈਸਣਿ ਥਿਰੁ ਨਾਰਾਇਣੁ<br>ਤਿਸੁ ਮਨੁ ਰਾਤਾ ਵੀਚਾਰੇ[9] |

---

1. ਗਉੜੀ (ਅਸ਼ਟਪਦੀਆਂ), ਪੰਨਾ 225
2. ———ਉਹੀ ———, ਪੰਨਾ 225
3. ਤੁਖਾਰੀ ਰਾਗੁ (ਛੰਤ), ਪੰਨਾ 11 2
4. ਆਸਾ ਰਾਗੁ, ਪੰਨਾ 434
5. ਬਸੰਤ ਰਾਗੁ (ਅਸ਼ਟਪਦੀਆਂ), ਪੰਨਾ 1190
6. ਗਉੜੀ ਰਾਗੁ (ਅਸ਼ਟਪਦੀਆਂ), ਪੰਨਾ 228
7. ਵਡਹੰਸ ਰਾਗੁ, ਪੰਨਾ 567
8. ਆਸਾ ਰਾਗੁ (ਛੰਤ) ਪੰਨਾ 436
9. ———ਉਹੀ ———, ਪੰਨਾ 436

ਜਗੰਨਾਥ: ਚੀਨਹੁ ਆਪੁ ਜਪਹੁ ਜਗਦੀਸਰੁ
ਹਰਿ ਜਗੰਨਾਥ ਮਨਿ ਭਾਣੀਆ[10]

ਠਾਕੁਰ: ਆਪਨੇ ਠਾਕੁਰ ਕੀ ਹਉ ਚੇਰੀ
ਚਰਨ ਗਹੇ ਜਗ ਜੀਵਨ ਪ੍ਰਭ ਕੇ ਹਉਮੈ ਮਾਰਿ ਨਿਬੇਰੀ[11]

ਨਿਰੰਜਨ ਅਕਲ ਨਿਰੰਜਨ ਸਿਉ ਮਨੁ ਮਾਨਿਆ
ਬਿਸਰੀ ਲਾਜ ਲੁਕਾਨੀ[12]

ਅਲਖ: ਗੁਪਤਿ ਕਰਨ ਕਰਨ ਪਰਿ ਅਲਖ ਤਾ ਕਾ ਧਾਮ ਗੁਰ ਪ੍ਰੀਤਿ ਵਾਣੀ

---

10. ਮਾਰੂ ਮਹਲਾ (ਸੋਲਹੇ), ਪੰਨਾ 1041
11. ਸਾਰੰਗ ਮਹਲਾ, ਪੰਨਾ 1197
12. ——ਉਹੀ ——, ਪੰਨਾ 1197
13. ਮਾਰੂ ਰਾਗ, ਪੰਨਾ 992

## (ਬ) ਪ੍ਰਸਿਧ ਮਿਥਿਹਾਸਕ ਇਸਤ੍ਰੀਆਂ

ਇਸਤ੍ਰੀ ਅਤੇ ਮਰਦ, ਵਿਸ਼ਵ ਪਸਾਰੇ ਵਿਚਲੀ ਵਿਚਿਤ੍ਰਤਾ ਦਾ ਬੀਜ ਹਨ। ਮਿਥ ਦੇ ਅੰਤਰਗਤ ਮਰਦ ਅਤੇ ਇਸਤ੍ਰੀ ਦੀ ਸਾਂਝ ਨੂੰ ਆਦਿ ਕਾਲ ਤੋਂ ਪ੍ਰਗਟਾਵਾ ਮਿਲਿਆ ਹੈ। ਆਦਮ ਨਾਲ ਹਵਾ ਦਾ ਸੰਬੰਧ ਧਰਤੀ ਉਤੇ ਉਦੇ ਹੋਣ ਤੋਂ ਵੀ ਪਹਿਲੇ ਦਾ ਹੈ। ਦੇਵ ਨਾਲ ਦੇਵੀ, ਅਵਤਾਰ ਨਾਲ ਉਸਦੀ ਪਤਨੀ, ਮਨੁੱਖ ਨਾਲ ਉਸਦੀ ਅਰਧੰਗਨੀ, ਇਹ ਸਾਂਝ ਪਰੰਪਰਾਗਤ ਹੈ। ਅੰਤ੍ਰਿਕਸ਼ ਦੇ ਵਾਸੀਕ ਗੰਧਰਵ ਅਤੇ ਅਪਸਰਾਵਾਂ ਵੀ ਇਸ ਸਾਂਝ ਵਿਚ ਬੰਨ੍ਹੇ ਹੋਏ ਹਨ। ਜਗਤ ਵਿਚ ਜੀਵ ਵਿਕਾਸ ਵਿਚ ਨਰ ਅਤੇ ਮਾਦਾ ਦੀ ਸਾਂਝ ਹੈ। ਮਾਦਾ ਅਤੇ ਨਰ ਅਨਿਖੜ ਹਨ। ਇਹ ਪ੍ਰਕਿਰਤੀ ਦਾ ਨੇਮ ਹੈ।

ਮਿਥ ਸੰਸਾਰ ਵਿੱਚ ਕੁਝ ਇਸਤ੍ਰੀਆਂ ਪਤਨੀਆਂ ਵਜੋਂ ਪ੍ਰਸਿਧ ਹਨ, ਕੁਝ ਪਤਨੀ ਆਦਰਸ਼ ਤੋਂ ਥਿੜਕਣ ਕਰਕੇ, ਕੁਝ ਆਪਣੇ ਸ਼ਕਤੀ ਪ੍ਰਦਰਸ਼ਨ ਕਰਕੇ, ਕੁਝ ਪ੍ਰੇਮ ਕ੍ਰੀੜਾ ਕਰਕੇ ਅਤੇ ਕੁਝ ਕਾਮ ਕ੍ਰੀੜਾ ਕਰਕੇ ਤੇ ਕਾਮ ਉਨਮਾਦ ਕਰਕੇ। ਨਾਨਕ ਬਾਣੀ ਵਿੱਚ ਜਿਨ੍ਹਾਂ ਪਾਰਲੌਕਿਕ ਤੇ ਲੌਕਿਕ ਮਿਥਿਹਾਸਕ ਇਸਤ੍ਰੀਆਂ ਦੇ ਹਵਾਲੇ ਆਏ ਹਨ ਉਨ੍ਹਾਂ ਦਾ ਸੰਖੇਪ ਵਰਨਣ ਕਰਨਾ ਇਥੇ ਲੋੜ ਹੈ। ਇਨ੍ਹਾਂ ਦਾ ਵਰਨਣ ਪ੍ਰਸੰਗਿਕ ਹੈ। ਲਛਮੀ ਆਦਿ ਦੇਵੀਆਂ, ਸੀਤਾ, ਅਹਿੱਲਿਆ, ਗੋਪੀਆਂ ਚੰਦ੍ਰਾਵਲੀ ਅਤੇ [illegible] ਆਦਿ ਲੌਕਿਕ ਇਸਤ੍ਰੀਆਂ ਦੇ ਨਾਂ ਸੰਕੇਤ ਜਾਂ ਕਥਾ ਸੰਕੇਤ ਬਾਣੀ ਵਿਚ ਦਰਜ ਹੋਏ ਹਨ।

### ਲਛਮੀ

ਦੇਵਤਿਆਂ ਅਤੇ ਅਸੁਰਾਂ ਨੇ ਸਮੁੰਦਰ ਮੰਥਨ ਕੀਤਾ ਤਾਂ ਲਛਮੀ ਆਪਣੀ ਪੂਰਣ ਸੁੰਦਰਤਾ ਨਾਲ ਹੱਥਾਂ ਵਿਚ ਕੰਵਲ ਲੈ ਕੇ ਪ੍ਰਗਟ ਹੋਈ। ਲਛਮੀ ਨੂੰ ਖੀਰ ਸਾਗਰ ਉਤੇ ਵਿਸ਼੍ਰਾਮ ਕਰ ਰਹੇ ਵਿਸ਼ਨੂੰ ਦੇ ਵਕਸ਼ਸਥਲ ਨਾਲ ਜੁੜੀ ਹੋਈ ਵਿਖਾਇਆ ਜਾਂਦਾ ਹੈ। ਭ੍ਰਿਗੂ ਰਿਸ਼ੀ ਨੇ ਇਸ ਸਬੰਧ ਦਾ ਵਰਦਾਨ ਵਿਸ਼ਨੂੰ ਨੂੰ ਦਿੱਤਾ ਸੀ। ਵਿਸ਼ਨੂੰ ਦੀ ਪਤਨੀ ਵਜੋਂ ਲਛਮੀ ਨੇ ਵਿਸ਼ਨੂੰ ਦੇ ਵੱਖ ਵੱਖ ਅਵਤਾਰਾਂ ਸਮੇਂ ਵੱਖ ਵੱਖ ਅਵਤਾਰ ਵੀ ਧਾਰੇ ਜਿਵੇਂ ਰਾਮ ਅਵਤਾਰ ਸਮੇਂ ਸੀਤਾ ਅਤੇ ਕ੍ਰਿਸ਼ਨ ਅਵਤਾਰ ਸਮੇਂ ਰਾਧਾ। ਪੁਰਾਣਾਂ ਵਿੱਚ ਲਛਮੀ ਨੂੰ 'ਸ਼੍ਰੀ' ਕਿਸਮਤ ਦੀ ਦੇਵੀ ਅਤੇ ਧਨ ਦੀ ਦੇਵੀ ਵੀ ਮੰਨਿਆ ਗਿਆ ਹੈ। ਬਾਲਮੀਕ ਰਾਮਾਇਣ ਵਿੱਚ ਇਸਦੇ ਸਰੂਪ ਵਰਣਣ ਵਿੱਚ ਇਸ ਨੂੰ ਸ਼ੁਭ ਵਸਤ੍ਰ ਧਾਰਣੀ, ਤਰੁਣੀ, ਮੁਕਟ ਧਾਰਣੀ, ਕੁੰਚਿਤ ਕੇਸ਼ਾਂ ਅਤੇ ਚਤੁਰ ਹਸਤਾਂ ਆਦਿ ਨਾਵਾਂ ਨਾਲ ਪੁਕਾਰਿਆ ਗਿਆ ਹੈ।[1]

ਲਛਮੀ ਦਾ ਹਿੰਦੂ ਸਮਾਜ ਵਿਚ ਸੰਕਲਪ ਦੇਵੀ ਵਾਲਾ ਹੈ।

---

1. ਪ੍ਰਾਚੀਨ ਚਰਿਤ੍ਰ ਕੋਸ਼, ਪੰਨਾ 780-81
   ਹਿੰਦੂ ਮਿਥਿਹਾਸ ਕੋਸ਼, ਪੰਨਾ 505-6

ਗੁਰੂ ਨਾਨਕ ਦੇਵ ਜੀ ਨੇ ਆਪਣੇ ਕਾਵਿ ਵਿੱਚ 'ਸਾਇਰ ਕੀ ਪੁਤਰੀ'[1] ਅਤੇ 'ਸ੍ਰੀ' ਸ਼ਬਦਾਂ ਵਿਚ ਲਛਮੀ ਦੇ ਸੰਕੇਤ ਦਿਤੇ ਹਨ। ਸਾਇਰ ਕੀ ਪੁਤਰੀ ਵਿੱਚ ਇਸ ਨੂੰ ਮਾਇਆ ਦਾ ਪ੍ਰਤੀਕ ਬਣਾ ਕੇ ਵਰਤਿਆ ਗਿਆ ਹੈ ਕਿਉਂਕਿ ਇਹ ਸਮੁੰਦਰ ਵਿਚੋਂ ਨਿਕਲੇ ਰਤਨਾਂ ਦਾ ਇਕ ਹਿੱਸਾ ਹੈ। 'ਸ੍ਰੀ' ਦੇ ਨਾਲ 'ਸ੍ਰੀ ਧਰ'[2] ਅਰਥਾਤ ਲਛਮੀ ਦਾ ਪਤੀ ਵਿਸ਼ਨੂੰ ਨਾਂ ਪਰਮਾਤਮਾ ਦਾ ਸੂਚਕ ਹੈ। ਲਛਮੀ ਦੇਵੀ ਹੈ । ਦੇਵੀ ਸਿਧਾਂਤ ਦਾ ਗੁਰੂ ਨਾਨਕ ਕਾਵਿ ਵਿੱਚ ਸਮਰਥਨ ਨਹੀਂ ਹੋਇਆ। ਲਛਮੀ ਮਾਇਆ ਦਾ ਪ੍ਰਤੀਕ ਹੈ ਅਤੇ ਮਾਇਆ ਤਿਆਗਣ ਯੋਗ ਹੈ।

ਪਾਰਬਤੀ

ਪਾਰਬਤੀ ਨੂੰ ਸ਼ਿਵ ਦੀ ਸਾਥਣ ਅਤੇ ਸ਼ਕਤੀ ਮੰਨਿਆ ਗਿਆ ਹੈ। ਮਿਥਿਹਾਸ ਵਿਚ ਇਹ ਵੀ ਦੇਵੀ ਪਦ ਦੀ ਅਧਿਕਾਰੀ ਹੈ। ਗੁਰੂ ਨਾਨਕ ਨੇ 'ਪਾਰਬਤੀ ਮਾਈ'[3] ਸੰਕੇਤ ਦਿੱਤਾ ਹੈ ਜਿਹੜਾ ਪਾਰਬਤੀ ਦੇਵੀ ਦਾ ਬੋਧਕ ਨਾ ਹੋ ਕੇ ਸਮੁੱਚੇ ਵਿਸ਼ਵ ਦੀ ਸ਼ਕਤੀ ਅਰਥਾਤ ਗੁਰ ਪਰਮਾਤਮਾ ਦਾ ਬੋਧਕ ਹੈ।

ਲੌਕਿਕ

ਸੀਤਾ

ਸੀਤਾ ਜਨਕ ਦੀ ਭੂਮੀ ਤੋਂ ਜਨਮੀ ਪੁਤਰੀ ਅਤੇ ਰਾਮ ਦੀ ਪਤਨੀ ਹੈ। ਬਾਲਮੀਕੀ ਰਾਮਾਇਣ ਵਿੱਚ ਸੀਤਾ ਰਾਹੀਂ ਇਕ ਆਦਰਸ਼ ਇਸਤ੍ਰੀ ਤੇ ਪਤਨੀ ਦੇ ਸਰੂਪ ਦਾ ਚਿਤ੍ਰਣ ਹੋਇਆ ਹੈ। ਇਹ ਭਾਰਤੀ ਇਸਤ੍ਰੀ ਜਾਤੀ ਦੇ ਇਸਤ੍ਰੀਤਵ ਅਤੇ ਪਤੀਬ੍ਰਤਾ ਦੀ ਪ੍ਰਤਿਮਾ ਬਣੀ ਹੈ। ਰਾਮ ਨੇ ਸੀਤਾ ਨੂੰ ਸ਼ਿਵ ਧਨੁਸ਼ ਤੋੜ ਕੇ ਸਵੰਬਰ ਵਿਚੋਂ ਜਿਤਿਆ। ਜਦੋਂ ਦਸਰਥ ਦੀ ਆਗਿਆ ਦਾ ਪਾਲਣ ਕਰਦਾ ਰਾਮ 14 ਵਰ੍ਹੇ ਲਈ ਬਨਵਾਸ ਨੂੰ ਗਿਆ ਤਾਂ ਇਹ ਵੀ ਨਾਲ ਨਾਲ ਰਹੀ। ਬਨਵਾਸ ਦੇ ਆਖਰੀ ਵਰ੍ਹੇ ਲੰਕਾ ਨਰੇਸ਼ ਰਾਵਨ/ਸੀਤਾ ਨੂੰ ਧੋਖੇ ਨਾਲ ਉਠਾ ਕੇ ਲੈ ਗਿਆ ਅਤੇ ਰਾਵਨ ਦੇ ਯੁੱਧ ਉਪਰੰਤ ਜਦੋਂ ਇਸਦਾ ਪਤੀ ਨਾਲ ਪੁਨਰ ਮਿਲਾਪ ਹੋਇਆ ਤਾਂ ਇਸ ਨੂੰ ਅਗਨੀ ਪ੍ਰੀਖਿਆ ਵਿਚੋਂ ਲੰਘਣਾ ਪਿਆ। ਰਾਮ ਅਯੁਧਿਆ ਪਰਤੇ। ਫਿਰ ਇਕ ਵਾਰੀ ਲੋਕ ਅਪਵਾਦ ਕਾਰਣ ਸੀਤਾ ਨੂੰ ਬਨਵਾਸ ਮਿਲ ਗਿਆ। ਬਾਲਮੀਕ ਦੀ ਕੁਟੀਆ ਵਿਚ ਕੁਝ ਵਰ੍ਹੇ ਬਿਤਾਉਣ ਉਪਰੰਤ, ਜਦੋਂ ਇਹ ਅਸ਼ਮੇਧ ਯਗ ਪਿਛੋਂ ਵਾਪਸ

---

1. ਸਾਇਰ ਕੀ ਪੁਤ੍ਰੀ ਪਰਹਰਿ ਤਿਆਗੀ ਚਰਣ ਤਲੈ ਵੀਚਾਰੇ। ਆਸਾ ਰਾਗੁ, ਪੰਨਾ 437
2. ਸ੍ਰੀ ਧਰ ਨਾਥ ਮੇਰਾ ਮਨੁ ਲੀਨਾ ਪ੍ਰਭੁ ਜਾਣੈ ਪੀਰ ਪਰਾਈ।
   ਸਾਰੰਗ ਰਾਗੁ(ਅਸ਼ਟਪਦੀਆਂ), ਪੰਨਾ 1232
3. ਗੁਰ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ
   ਜਪੁ, ਪਉੜੀ 5, ਪੰਨਾ 2

ਪਰਤੀ ਤਾਂ ਫਿਰ ਅਪਵਾਦ ਗ੍ਰਸਤ ਹੋਣਾਂ ਲਈ ਸਤੀਪਣ ਦਾ ਪ੍ਰਮਾਣ ਦੇਣ ਲਈ ਇਸ ਨੇ ਧਰਤੀ ਮਾਂ ਨੂੰ ਆਪਣੀ ਗੋਦ ਵਿਚ ਸਮਾ ਲੈਣ ਦੀ ਪ੍ਰਾਰਥਨਾ ਕੀਤੀ ਜੋ ਪੂਰੀ ਹੋਈ। ਸੀਤਾ ਨੂੰ ਲਛਮੀ ਦਾ ਅਵਤਾਰ ਵੀ ਆਖਿਆ ਜਾਂਦਾ ਹੈ।[1]

ਗੁਰੂ ਸਾਹਿਬ ਨੇ ਆਪਣੀ ਕਾਵਿ ਰਚਨਾ ਵਿੱਚ ਸੀਤਾ ਦਾ ਜ਼ਿਕਰ ਰਾਮ ਦੇ ਪ੍ਰਸੰਗ ਵਿਚ ਕੀਤਾ ਹੈ। ਸੀਤਾ ਦਾ ਰਾਵਣ ਦੁਆਰਾ ਹਰਣ, ਰਾਮ ਦਾ ਸੀਤਾ ਦੇ ਵਿਛੋੜੇ ਵਿੱਚ ਝੁਰਨਾ ਅਤੇ ਹਨੂਮਾਨ ਦੀ ਮਦਦ ਨਾਲ ਲੰਕਾ ਨਰੇਸ਼ ਨੂੰ ਮਾਰ ਕੇ ਸੀਤਾ ਨਾਲ ਪੁਨਰ ਮਿਲਾਪ, ਇਸ ਪ੍ਰਸੰਗ ਦਾ ਹਿੱਸਾ ਹਨ।[2]

ਸੀਤਾ ਦਾ ਭਾਰਤੀ ਇਸਤ੍ਰੀ ਵਾਲਾ ਜੋ ਆਦਰਸ਼ ਹੈ ਉਸ ਬਾਰੇ ਸੰਕੇਤ ਜਾਂ ਪ੍ਰਸੰਗ ਨਹੀਂ ਦਿਤਾ ਗਿਆ। ਸੀਤਾ ਕਿਵੇਂ ਜਨਮੀ, ਕਿਸਦੀ ਪੁਤਰੀ ਸੀ? ਕੀ ਇਹ ਲਛਮੀ ਦਾ ਅਵਤਾਰ ਹੈ ਤੇ ਦੇਵੀ ਹੈ ਇਤਿਆਦਿ ਗੱਲਾਂ ਦਾ ਵੀ ਕੋਈ ਸੰਕੇਤ ਨਹੀਂ। ਸਿਰਫ ਰਾਮ ਪਤਨੀ ਵਜੋਂ ਸੰਕੇਤ ਹੀ ਦਿੱਤਾ ਗਿਆ ਹੈ। ਸੀਤਾ ਨੂੰ ਦੇਵੀ ਮੰਨਣ ਵਾਲੀ ਮਨੌਤ ਨੂੰ ਨਾਨਕ ਬਾਣੀ ਵਿਚ ਸਮਰਥਨ ਨਹੀਂ ਮਿਲਿਆ।

### ਅਹਲਿਆ

ਅਹਲਿਆ ਗੌਤਮ ਰਿਸ਼ੀ ਦੀ ਪਤਨੀ ਸੀ। ਇਸ ਨੂੰ ਬ੍ਰਹਮ ਮਾਨਸਪੁਤਰੀ ਆਖਿਆ ਗਿਆ ਹੈ। ਬ੍ਰਹਮ ਦੇਵ ਨੇ ਇਸ ਨੂੰ ਅਤਿ ਦਾ ਸੁੰਦਰ ਬਣਾਇਆ ਸੀ। ਇੰਦਰ, ਅਗਨੀ, ਦੇਵ, ਦਾਨਵ ਅਤੇ ਹੋਰ ਗੰਧਰਬ ਵੀ ਇਸਦੀ ਸੁੰਦਰਤਾ ਤੋਂ ਮੋਹਿਤ ਸਨ। ਗੌਤਮ ਨੇ ਪ੍ਰਿਥਵੀ ਪ੍ਰਦਖਣਾ ਦੇ ਮੁਕਾਬਲੇ ਵਿੱਚ ਅਰਧ ਪ੍ਰਸੂਤ ਧੇਨੂੰ ਦੀ ਪ੍ਰਦਖਣਾ ਕਰਕੇ ਅਹਲਿਆ ਨੂੰ ਜਿਤ ਲਿਆ।

ਇੰਦਰ ਨੇ ਗੌਤਮ ਰਿਸ਼ੀ ਦੀ ਗੈਰ ਮੌਜੂਦਗੀ ਵਿੱਚ ਗੌਤਮ ਸਰੂਪ ਵਿਚ ਅਹਲਿਆ ਨਾਲ ਸੰਭੋਗ ਕੀਤਾ। ਇਸ ਮੰਦ ਕਰਮ ਕਾਰਣ ਇੰਦਰ ਨੂੰ ਰਿਸ਼ੀ ਸਰਾਪ ਨਾਲ ਸਹਸ ਭਗ ਹੋਣਾ ਪਿਆ। ਅਹਲਿਆ ਨੂੰ ਸਿਲਾ ਹੋਣ ਦਾ ਸਰਾਪ ਮਿਲਿਆ। ਪਰ ਜਦੋਂ ਅਹਲਿਆ ਨੇ ਆਪਣੇ ਨਿਰਅਪਰਾਧੀ ਹੋਣ ਦੀ ਗੱਲ ਕਹੀ ਤਾਂ ਗੌਤਮ ਨੇ ਸਰਾਪ ਟਾਲਣ ਦੇ ਉਪਾ ਵੀ ਕੀਤੇ। ਤ੍ਰੇਤੇ ਯੁੱਗ ਵਿਚ ਰਾਮ ਚੰਦ੍ਰ ਦੀ ਛੁਹ ਨਾਲ

---

1. (i) ਜੋਨ ਡੌਸਨ, 'ਹਿੰਦੂ ਮਿਥਿਹਾਸ ਕੋਸ਼', ਪੰਨਾ 127-29
   (ii) 'ਪ੍ਰਾਚੀਨ ਚਰਿਤ੍ਰ ਕੋਸ਼', ਪੰਨਾ 1042-44

2. (i) ਰਾਮੁ ਝੁਰੈ ਦਲ ਮੇਲਵੈ ਅੰਤਰਿ ਬਲੁ ਅਧਿਕਾਰ।
   ਬੰਤਰ ਕੀ ਸੈਨਾ ਸੇਵੀਐ ਮਨਿ ਤਨਿ ਜੁਝੁ ਅਪਾਰੁ।
   ਤਾ ਨੈ ਗਇਆ ਦਹਸਿਰੋ ਲਛਮਣੁ ਮੂਓ ਸਰਾਪਿ। ਸਲੋਕ ਵਾਰਾਂ ਤੇ ਵਧੀਕ, ਪੰਨਾ 141
   (ii) ਰੋਵੈ ਰਾਮੁ ਨਿਕਾਲਾ ਭਇਆ। ਸੀਤਾ ਲਖਮਣੁ ਵਿਛੁੜਿ ਗਇਆ।
   ਰਾਮਕਲੀ ਰਾਗੁ (ਸ਼ਲੋਕ), ਪੰਨਾ 953-54
   (iii) ਰੋਵੈ ਦਹਸਿਰੁ ਲੰਕ ਗਵਾਇ ਜਿਨਿ ਸੀਤਾ ਆਦੀ ਡਉਰੂ ਵਾਇ
   ਰਾਮਕਲੀ ਰਾਗੁ (ਸ਼ਲੋਕ), ਪੰਨਾ 954

[illegible] ਤੋਂ ਮੁੜ ਮਾਨਵ ਜੀਵਨ ਵਿਚ ਆਉਣ ਦਾ ਵਾਹਦਾ ਦਿੱਤਾ।[1]

ਅਹਲਿਆ ਨੂੰ ਨਾਨਕ ਬਾਣੀ ਵਿੱਚ ਗੋਤਮ ਰਿਸ਼ੀ ਦੀ ਪਤਨੀ ਹੀ ਲਿਖਿਆ ਗਿਆ ਹੈ। ਨਾਨਕ [illegible] ਦੇਵ ਜੀ ਅਹਲਿਆ ਨੂੰ ਇਸ ਮੰਦ ਕਰਮ ਦਾ ਭਾਗੀ ਨਹੀਂ ਮਿਥਦੇ। ਰਿਸ਼ੀ ਦੇ ਸਰਾਪ ਦਾ ਭਾਗੀ ਵੀ ਇੰਦਰ ਹੀ ਦੱਸਿਆ ਹੈ।[2] ਪੁਰਾਣ ਕਥਾ ਦੇ ਤੱਥਾਂ ਵਿੱਚ ਬਹੁਤੀ ਤਬਦੀਲੀ ਨਹੀਂ। ਕੀ ਇਹ ਮਿਥ ਪਾਤਰ ਵਿਸ਼ੇਸ਼ ਇਸਤ੍ਰੀ ਹੈ ਜਾਂ ਇਤਿਹਾਸਕ ਇਸਤ੍ਰੀ, ਇਸ ਬਾਰੇ ਨਾਨਕ ਬਾਣੀ ਨੇ ਕੋਈ ਨਿਰਣਾ ਨਹੀਂ ਕੀਤਾ।

ਚੰਦ੍ਰਾਵਲ। ਇਹ ਕ੍ਰਿਸ਼ਨ ਦੀ ਇਕ ਪਿਆਰੀ ਪਤਨੀ ਮੰਨੀ ਜਾਂਦੀ ਹੈ।

ਗੋਪੀਆਂ: ਗੁਆਲਿਆਂ ਦੀਆਂ ਕੁਆਰੀਆਂ ਅਤੇ ਵਿਆਹੀਆਂ ਹੋਈਆਂ ਇਸਤ੍ਰੀਆਂ ਜਿਨ੍ਹਾਂ ਨਾਲ ਕ੍ਰਿਸ਼ਨ ਰਾਸ ਲੀਲਾ ਰਚਾਂਦੇ ਰਹੇ।

ਜਸੋਧਾ

ਨੰਦ ਗੁਆਲੇ ਦੀ ਪਤਨੀ ਅਤੇ ਕ੍ਰਿਸ਼ਨ ਦੀ ਪਾਲਕ ਮਾਂ। ਕ੍ਰਿਸ਼ਨ ਬਾਲ ਲੀਲਾ ਦੇ ਪ੍ਰਸੰਗ ਵਿੱਚ ਜਸੋਧਾ ਨਾਲ ਕਈ ਮਿਥ ਕਥਾਵਾਂ ਸੰਬੰਧਿਤ ਹਨ। ਜਸੋਧਾ ਨੇ ਆਪਣੇ ਇਸ ਬੱਚੇ ਲਈ ਆਪਣਾ ਪੂਰਣ ਪਿਆਰ ਨਿਛਾਵਰ ਕੀਤਾ। ਗੁਰੂ ਨਾਨਕ ਨੇ ਇਨ੍ਹਾਂ ਤਿੰਨਾ ਦਾ ਆਪਣੀ ਬਾਣੀ ਵਿਚ ਸੰਕੇਤ ਦਿੱਤਾ ਹੈ।

ਚੰਦ੍ਰਾਵਲ, ਗੋਪੀਆਂ ਅਤੇ ਜਸੋਧਾ ਕ੍ਰਮਵਾਰ ਪਤਨੀ, ਪ੍ਰੇਮਿਕਾ ਅਤੇ ਮਾਂ ਹਨ। ਪਤਨੀ ਪ੍ਰੇਮਿਕਾ ਅਤੇ ਮਾਂ ਦੇ ਪ੍ਰਸੰਗ ਵਿਚ ਹੀ ਤਿੰਨਾ ਦਾ ਵਰਣਨ ਹੈ। ਚੰਦ੍ਰਾਵਲ ਵੀ ਗੋਪੀ ਹੈ ਜਿਸਨੂੰ ਕ੍ਰਿਸ਼ਨ ਨੇ ਬਲ ਨਾਲ ਛਲ ਕੇ ਜਿੱਤਿਆ ਹੈ।[3] ਗੋਪੀਆਂ ਨਾਲ ਰਾਸ ਲੀਲਾਵਾਂ ਰਚਾਈਆਂ ਗਈਆਂ ਹਨ। ਗੋਪੀ ਦੇ ਪਿਆਰ ਹਿਤ ਇੰਦਰ ਦੇ ਅਖਾੜੇ ਵਿਚੋਂ ਪਾਰਜਾਤ ਬਿਰਛ ਲਿਆਂਦਾ ਗਿਆ ਹੈ।[4] ਇਹ ਸਾਰੇ ਹਵਾਲੇ ਇਸਤ੍ਰੀ ਮੋਹ ਦੇ ਸੰਕੇਤ ਹਨ। ਰੂਪ ਸੁੰਦਰਤਾ ਹੀ ਚੰਦ੍ਰਾਵਲ ਨੂੰ ਕ੍ਰਿਸ਼ਨ ਦੇ ਮੋਹ ਨਾਲ ਜੋੜਦੀ ਹੈ। ਗੋਪੀਆਂ ਦਾ ਪਿਆਰ ਮੋਹ ਦੀ ਉਪਜ ਦਿਸਦਾ ਹੈ। ਜਸੋਧਾ ਦਾ ਮਮਤਾ ਮੋਹ ਵੀ ਆਚਰਣਗਤ ਕਰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਜਸੋਧਾ ਦੇ ਮੋਹ ਨੂੰ ਮਨੁੱਖ ਦੇ ਮਮਤਾ ਮੋਹ ਦੇ ਪ੍ਰਸੰਗ ਵਿਚ

---

1. (I) ਪ੍ਰਾਚੀਨ ਚਰਿਤ੍ਰ ਕੋਸ਼', ਪੰਨਾ 52- 53
   (II) ਜੋਨ ਡੌਸਨ, 'ਹਿੰਦੂ ਮਿਥਿਹਾਸ ਕੋਸ਼', ਪੰਨਾ 19
2. ਗੋਤਮੁ ਤਪਾ, ਅਹਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰੁ ਲੁਭਾਇਆ
   ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ। ਪ੍ਰਭਾਤੀ ਮਹਲੁ, ਪੰਨਾ 1343
3. [illegible] ਜੁਗ ਮਹਿ ਜੋਰਿ ਛਲੀ ਚੰਦ੍ਰਾਵਲਿ ਕਾਨ੍ਹੁ ਕ੍ਰਿਸਨੁ ਜਾਦਮੁ ਭਇਆ।
   ਆਸਾ ਮਹਲੁ (ਵਾਰ), ਪੰਨਾ 470
4. ਪਾਰਜਾਤੁ ਗੋਪੀ ਲੈ ਆਇਆ ਬਿੰਦ੍ਰਾਬਨ ਮਹਿ ਰੰਗੁ ਕੀਆ।
   ——ਉਹੀ ——, ਪੰਨਾ 470

ਰਖਣੇ ਹਲ ਕੀਤੀ ਹੈ।[1]

ਸੋ ਉਪਰੋਕਤ ਪਾਰਲੌਕਿਕ ਅਤੇ ਲੌਕਿਕ ਇਸਤ੍ਰੀਆਂ ਦਾ ਵਰਨਣ ਵਿਸ਼ੇ ਦੇ ਪ੍ਰਸੰਗ ਵਿਚ ਹੀ ਆਇਆ ਹੈ। ਇਨ੍ਹਾਂ ਦੇ ਸੁਭਾਅ, ਰੂਪ, ਦੇਸ਼, ਜਾਤ, ਪਾਤ, ਵਿਸ਼ੇਸ਼ ਕਾਰਨਾਮਿਆਂ ਜਾਂ ਇਨ੍ਹਾਂ ਦੀਆਂ ਮਿਥ ਸੋਰ ਦੁਆਰਾ ਸਿਰਜੀਆਂ ਸ਼ਕਤੀਆਂ ਦਾ ਵਰਨਣ ਨਹੀਂ ਹੈ। ਸਮੁਚੇ ਤੌਰ ਤੇ ਨਾਨਕ ਬਾਣੀ ਵਿਚ ਇਸਤ੍ਰੀ ਨੂੰ ਐਸੀ ਮਾਨਤਾ ਮਿਲੀ ਹੈ। ਪਰਮਾਤਮਾ ਸਰਬ ਸ਼ਕਤੀਮਾਨ ਹੈ, ਕੇਵਲ ਉਹੀ ਪੁਰਖ ਹੈ ਬਾਕੀ ਸਭ ਨਾਰਾਂ ਹਨ। ਇਸਤ੍ਰੀ ਦੀ ਸਿਰਜਨ ਸ਼ਕਤੀ ਦੀ ਮਹੱਤਤਾ ਨੂੰ ਪ੍ਰਗਟਾਇਆ ਹੈ।[2] ਪਰ ਜਿਥੇ ਇਸਤ੍ਰੀ ਦਾ ਸਰੂਪ ਵਿਕ੍ਰਿਤ ਕਰਕੇ ਉਸਨੂੰ ਦੇਵਤੇ ਦੀ ਸ਼ਕਤੀ ਵਜੋਂ ਦੇਵੀ ਰੂਪ ਵਿਚ ਅਪਣਾਉਣ ਦੀ ਮਨੁਖੀ ਲਾਲਸਾ ਨੂੰ ਦੇਖਦੇ ਹਨ, ਉਥੇ ਬੜੇ ਜ਼ੋਰ ਦਾਰ ਸ਼ਬਦਾਂ ਵਿੱਚ ਇਸਦਾ ਖੰਡਣ ਕਰਦੇ ਹਨ। ਇਸਤ੍ਰੀ ਮਾਂ ਦੇ ਰੂਪ ਵਿਚ ਦੇਵੀ ਹੋ ਸਕਦੀ ਹੈ, ਪਰ ਇਸਤ੍ਰੀ ਸ਼ਕਤੀ ਸੰਕਲਪ ਵਜੋਂ ਪਾਰਲੌਕਿਕ ਅਦਿੱਖ ਸਾਮਰਥ ਸ਼ਕਤੀ ਦੇ ਰੂਪ ਵਿਚ ਦੇਵੀ ਨਹੀਂ। ਉਹ ਦੇਵੀ ਚੇਰੀ ਹੈ, ਉਸਦੀ ਸੇਵਾ ਜਾਂ ਉਸ ਪ੍ਰਤੀ ਸ਼ਰਧਾ ਜਾਂ ਪੂਜਾ ਨਿਰਾਰਥਕ ਕਰਮ ਹੈ।[3]

<u>ਅਪਸਰਾਵਾਂ</u>

ਮਿਥਿਹਾਸ ਵਿਚ ਅਪਸਰਾਵਾਂ ਦੇ ਨਾਂ ਅਤੇ ਪ੍ਰਸੰਗ ਆਏ ਹਨ। ਮਿਥ ਜਗਤ ਦੇ, ਇਹ, ਅਲੌਕਿਕ ਪਸਾਰੇ ਦਾ ਅੰਗ ਹਨ। ਦੇਵਤੇ ਦੇਵ ਲੋਕ ਦੇ ਵਾਸੀ ਹਨ, ਮਾਨਵ ਪ੍ਰਿਥਵੀ ਦੇ, ਅਸੁਰ ਅਤੇ ਨਾਗ ਪਾਤਾਲ ਦੇ, ਪਰ ਅਪਸਰਾਵਾਂ ਨੂੰ ਸਵਰਗ ਅਤੇ ਪ੍ਰਿਥਵੀ ਦੇ ਵਿਚਕਾਰ ਸਥਿਤ ਅੰਤ੍ਰਿਕਸ਼ ਦੀਆਂ ਵਸਨੀਕ ਆਖਿਆ ਗਿਆ ਹੈ।[4]

---

1. ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਵਿਸਰਿ ਗਇਆ ਧਿਆਨੁ।
ਹਥੋ ਹਥਿ ਨਚਾਈਐ ਵਣਜਾਰਿਆ ਮਿਤ੍ਰਾ ਜਿਉ ਜਸੁਦਾ ਘਰਿ ਕਾਨ੍ਹੁ।
ਸਿਰੀ ਰਾਗੁ (ਪਹਰੇ), ਪੰਨਾ 75

2. ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ। ਸੋ ਕਿਉ ਮੰਦਾ ਆਖੀਐ ਜਿਤ ਜੰਮਹਿ
ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ।ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ।
ਆਸਾ ਰਾਗੁ(ਵਾਰ),ਪੰਨਾ473

3. (I) ਦੇਵੀ ਕੀ ਸੇਵਾ ਕਰਹਿ ਠਾਕੁਰੁ ਨਹੀ ਦੀਸੈ।
ਗਉੜੀ ਰਾਗੁ([illegible]) (ਛੰਤ) ਪੰਨਾ 229

(II) ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ
ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ
ਸੋਰਠਿ ਰਾਗ,(ਅਸਟਪਦੀਆਂ), ਪੰਨਾ 637

4. N.G.Tavaker, 'The Gandharvas, The Apsaras, The Yakshas and the Kinner', P.1

ਅਪਸਰਾਵਾਂ ਇੰਦ੍ਰ ਦੇ ਅਖਾੜੇ ਦੀ ਰੌਣਕ ਹਨ। ਆਪਣੀ ਅਲੌਕਿਕ ਸੁੰਦਰਤਾ ਦੇ ਸ਼ਸਤ੍ਰ ਨਾਲ ਇਹ ਇੰਦ੍ਰ ਦੇ ਹੁਕਮ ਦੀਆਂ ਬੱਧੀਆਂ, ਰਿਸ਼ੀਆਂ ਦੇ ਤਪ ਭੰਗ ਕਰਦੀਆਂ ਹਨ। ਆਪਣੇ ਸ਼ਕਤੀ ਸ਼ਾਲੀ ਅਸਤ੍ਰ ਵਜ੍ਰ ਤੋਂ ਵਧੇਰੇ ਅਪਸਰਾ ਦੀ ਸੁੰਦਰਤਾ ਦੇ ਸੂਖਮ ਸ਼ਸਤ੍ਰ ਰਾਹੀਂ ਇੰਦ੍ਰ ਆਪਣੇ ਸਵਾਰਥ ਦੀ ਪੂਰਤੀ ਕਰਦਾ ਹੈ। ਅਪਸਰਾਵਾਂ ਦਾ ਚਰਿਤ੍ਰ ਬਲਵਾਨ ਨਹੀਂ। ਇਹ ਸੁੰਦਰਤਾ ਦਾ ਸਿਖਰਲਾ ਮਾਪਦੰਡ ਤਾਂ ਹੋ ਸਕਦੀਆਂ ਹਨ ਪਰ ਨਾਰੀ ਚਰਿਤ੍ਰ ਦੀ ਸਿਖਰ ਨਹੀਂ। ਇਨ੍ਹਾਂ ਅਪਸਰਾਵਾਂ ਵਿੱਚ ਉਰਵਸ਼ੀ, ਮੇਨਕਾ ਆਦਿ ਦੇ ਨਾਂ ਵਧੇਰੇ ਪ੍ਰਸਿਧ ਹਨ। ਬਾਨ ਭਟ ਦੀ ਰਚਨਾ ਕਾਦੰਬਰੀ ਵਿੱਚ ਅਪਸਰਾਵਾਂ ਦੇ ਨਾਂ, ਥਾਂ, ਉਨ੍ਹਾਂ ਦੇ [illegible] ਨਾਲ ਸੰਬੰਧ ਅਤੇ ਉਨ੍ਹਾਂ ਦੀਆਂ 14 ਕੁਲਾਂ ਦਾ ਵਰਣਨ ਮਿਲਦਾ ਹੈ। ਗੁਰੂ ਨਾਨਕ ਬਾਣੀ ਵਿੱਚ ਅਪਸਰਾਵਾਂ ਦੇ ਸੰਕੇਤ ਮਿਲਦੇ ਹਨ। ਆਪ ਨੂੰ ਇਨ੍ਹਾਂ ਮਿਥ ਜਗਤ ਦੇ ਪਾਤਰਾਂ ਦਾ ਚੰਗੇਰੀ ਗਿਆਨ ਹੈ। ਉਨ੍ਹਾਂ ਨੂੰ ਪਤਾ ਸੀ ਕਿ ਬੇਸ਼ਕ ਇਹ ਅਪਸਰਾਵਾਂ ਇੰਦ੍ਰ ਦਾ ਸੂਖਮ ਸ਼ਸਤ੍ਰ ਹਨ ਇਹ ਸ਼ਕਤੀਸ਼ਾਲੀ ਵੀ ਹਨ, ਪਾਰਲੌਕਿਕ ਅਤੇ ਸੁੰਦਰਤਾ ਦੀ ਸਿਖਰ ਹਨ ਪਰ ਨਾਰੀ ਚਰਿਤ੍ਰ ਦੀ ਬਲਵਾਨਤਾ ਇਨ੍ਹਾਂ ਵਿਚ ਨਹੀਂ ਹੈ। ਮਾਝ ਰਾਗ ਦੇ ਸ਼ਲੋਕਾਂ ਵਿੱਚ ਗੁਰੂ ਨਾਨਕ ਨੇ ਸ਼ਬਦ ਅਪਸਰਾਵਾਂ ਦੀ ਥਾਂ 'ਸੁਰਗੈ ਦੀਆਂ ਮੋਹਣੀਆਂ ਇਸਤ੍ਰੀਆਂ'[1] ਵਰਤਿਆ ਹੈ। ਗੁਰੂ ਨਾਨਕ ਨੂੰ ਸੁਰਗੇ ਦੀਆਂ ਮੋਹਣੀਆਂ ਇਸਤ੍ਰੀਆਂ, ਅਰਥਾਤ ਅਪਸਰਾਵਾਂ ਦੇ ਜਿ ਵਾਲਾ ਰੋਲ ਅਤੇ ਕਾਮ ਉਨਮਾਦ ਵਾਲਾ ਜੀਵਨ ਪਸੰਦ ਨਹੀਂ। ਆਤਮਕ ਜਗਤ ਆਧਿਆਤਮਕ ਸਿਖਰਤਾ ਉਤੇ ਆਧਾਰਿਤ ਹੈ, ਕਾਮ ਉਨਮਾਦ ਉਤੇ ਨਹੀਂ। ਅਪਸਰਾਵਾਂ ਵਿਲਾਸਤਾ ਦਾ ਅੰਗ ਹਨ। ਇਨ੍ਹਾਂ ਦੇ ਸੰਗ ਵਿਚ ਆਤਮਕ ਅਤੇ ਆਧਿਆਤਮਕ ਵਿਘਣ ਹੀ ਆਵੇਗੀ। ਸੋ ਗੁਰੂ ਨਾਨਕ ਕਾਵਿ ਚਿਤ੍ਰਨ ਵਿੱਚ ਇਨ੍ਹਾਂ ਮਿਥ ਪਾਤਰਾਂ ਨੂੰ ਕੋਈ ਖਾਸ ਮਹੱਤਤਾ ਨਹੀਂ ਮਿਲੀ। ਇਨ੍ਹਾਂ ਦੀ ਹੋਂਦ ਜਾਂ ਅਣਹੋਂਦ ਬਾਰੇ ਉਨ੍ਹਾਂ ਕੋਈ ਵਿਸ਼ਵਾਸ਼ ਸੰਕੇਤ ਨਹੀਂ ਦਿੱਤਾ।

---

1. ਸੁਰਗੈ ਦੀਆ ਮੋਹਣੀਆ ਇਸਤ੍ਰੀਆ ਹੋਵਨਿ ਨਾਨਕ ਸਭ ਜਾਉ।
ਭੀ ਤੂੰ ਹੈ ਸਾਲਾਹਣਾ ਆਖਣ ਲਹੈ ਨ ਚਾਉ।

ਮਾਝ ਰਾਗੁ, (ਵਾਰ) ਪੰਨਾ 142

## (ਚ) ਮਿਥਿਹਾਸਕ ਰਾਜੇ, ਰਿਸ਼ੀ, ਸੰਤ ਭਗਤ

ਹਿੰਦੂ ਮਿਥ ਸੰਸਾਰ ਵਿੱਚ, ਅਨੇਕ ਰਾਜਿਆਂ, ਰਿਸ਼ੀਆਂ, ਮੁਨੀਆਂ, ਵੀਰ ਨਾਇਕਾਂ ਤੇ ਭਗਤਾਂ ਦੇ ਦੁਆਲੇ ਮਿਥ ਕਹਾਣੀਆਂ ਉਸਰੀਆਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਪੁਰਾਣ ਗ੍ਰੰਥਾਂ ਵਿੱਚ ਇਨ੍ਹਾਂ ਦਾ ਬੜਾ ਰੁਮਾਂਚਕ ਵਰਨਣ ਮਿਲਦਾ ਹੈ। ਕਈ ਵਾਰੀ ਇਤਿਹਾਸਕ ਸ਼ਖਸੀਅਤਾਂ ਦੁਆਲੇ ਲੋਕ ਬਿਰਤੀ ਅਜਿਹੇ ਲੌਕਿਕ ਤੇ ਪਾਰਲੌਕਿਕ ਜਗਤ ਦੇ, ਅਜੰਡੇ ਜੋੜ ਦਿੰਦੀ ਹੈ ਕਿ ਉਨ੍ਹਾਂ ਦਾ ਇਤਿਹਾਸਕ ਚਿਹਰਾ ਲੁਪਤ ਹੋ ਜਾਂਦਾ ਹੈ ਅਤੇ ਕੇਵਲ ਮਿਥਿਹਾਸਕ ਰੂਪ ਤੇ ਮੁਹਾਂਦਰਾ ਹੀ ਪਾਠਕਾਂ ਸਾਹਮਣੇ ਉਘੜਦਾ ਹੈ। ਅੱਜ ਇਨ੍ਹਾਂ ਪੁਰਾਣ ਵਿਅਕਤੀਆਂ ਨੂੰ ਇਤਿਹਾਸਕ ਸ਼ਖਸੀਅਤਾਂ ਵਜੋਂ ਨਿਖੇੜਨਾ ਔਖਾ ਹੋ ਗਿਆ ਹੈ। ਅੱਜ ਇਨ੍ਹਾਂ ਦੀ ਮਹੱਤਤਾ ਪ੍ਰਤੀਕਕ ਹੈ। ਇਨ੍ਹਾਂ ਦੇ ਪ੍ਰਤੀਕ ਕਾਵਿ ਤੇ ਹੋਰ ਸਭ ਸਾਹਿੱਤਕ ਰਚਨਾਵਾਂ ਦਾ ਭਾਗ ਬਣਦੇ ਹਨ। ਇਨ੍ਹਾਂ ਦੇ ਚਿਹਰੇ ਮੁਹਰੇ ਅਤੇ ਕਿਰਦਾਰ ਇੱਕ ਵਿਸ਼ੇਸ਼ ਭਾਂਤ ਦੀ ਭਾਵਨਾ ਦਾ ਸੰਚਾਰ ਕਰਨ ਵਾਲੇ ਹੁੰਦੇ ਹਨ ਤੇ ਹੌਲੀ ਹੌਲੀ ਇਸ ਭਾਵਨਾ ਦਾ ਰੰਗ ਪੱਕਾ ਹੋ ਜਾਂਦਾ ਹੈ। ਕਵੀ ਇਨ੍ਹਾਂ ਨੂੰ ਆਪਣੀ ਰਚਨਾ ਦਾ ਭਾਗ ਬਣਾ ਕੇ ਆਪਣੀ ਵਿਚਾਰਧਾਰਾ ਪੇਸ਼ ਕਰਦੇ ਹਨ।

ਗੁਰੂ ਨਾਨਕ ਦੇਵ ਜੀ ਨੇ ਵੀ ਆਪਣੀ ਬਾਣੀ ਵਿਚ ਮਿਥਿਹਾਸ ਦੇ ਕੁਝ ਰਾਜਿਆਂ, ਰਿਸ਼ੀਆਂ, ਤਪੱਸਵੀਆਂ ਤੇ ਭਗਤਾਂ ਆਦਿ ਦਾ ਵਰਨਣ ਕੀਤਾ ਹੈ, ਜਿਨ੍ਹਾਂ ਦਾ ਵੇਰਵਾ ਅਗਲੇ ਪੰਨਿਆਂ ਤੇ ਹੈ।

### ਹਰੀ ਚੰਦ

ਇਹ ਤ੍ਰਿਸ਼ੰਕੂ ਰਾਜੇ ਦਾ ਪੁੱਤਰ ਸੀ। ਇਸ ਦੀ ਮਾਂ ਸਤਯਵਤੀ ਸੀ। ਪਤਨੀ ਤਾਰਾਮਤੀ ਤੇ ਪੁੱਤਰ ਰੋਹਿਤ ਸਨ। ਰਾਜਾ ਹਰੀ ਚੰਦ ਆਪਣੀ ਧਰਮਕਤਾ ਅਤੇ ਨਿਆਂਇ ਲਈ ਪ੍ਰਸਿੱਧ ਹੈ। ਇਸੇ ਕਰਕੇ ਇਸ ਨੇ ਇੰਦਰ ਦੇ ਸਵਰਗ ਦੇ ਪੱਦ ਨੂੰ ਪ੍ਰਾਪਤ ਕਰ ਲਿਆ ਸੀ। ਆਪਣੇ ਪਿਤਾ ਤ੍ਰਿਸ਼ੰਕੂ ਦੀ ਤਰ੍ਹਾਂ ਇਸ ਦਾ ਪਹਿਲਾ ਪ੍ਰੋਹਿਤ ਵਿਸ਼ਵਾਮਿਤ੍ਰ ਸੀ। ਪਰ ਇਕ ਵਾਰੀ ਰਾਜਸੂਯ ਯੱਗ ਵਿਚ ਦੇਵ ਰਾਜ ਵਸ਼ਿਸ਼ਟ ਪ੍ਰੋਹਿਤ ਦੇ ਕਹਿਣ ਤੇ ਇਸ ਨੇ ਵਿਸ਼ਵਾਮਿਤ੍ਰ ਦਾ ਅਪਮਾਨ ਕੀਤਾ। ਸਿੱਟੇ ਵਜੋਂ ਵਿਸ਼ਵਾਮਿਤ੍ਰ ਕ੍ਰੋਧਿਤ ਹੋਏ ਅਤੇ ਉਨ੍ਹਾਂ ਨੇ ਰਾਜਾ ਹਰੀ ਚੰਦ ਤੋਂ ਦਕਸ਼ਣਾ ਦੀ ਪੂਰਤੀ ਹਿੱਤ ਰਾਜ ਪਾਟ ਲੈ ਲਿਆ। ਦਕਸ਼ਣਾ ਦੀ ਹੀ ਪੂਰਤੀ ਹਿੱਤ ਰਾਜਾ ਹਰੀ ਚੰਦ ਆਪ, ਪਤਨੀ ਤਾਰਾ ਤੇ ਪੁੱਤਰ ਰੋਹਿਤ ਸਮੇਤ ਵਿਕ ਗਏ। ਹਰੀ ਚੰਦਰ ਸ਼ਮਸ਼ਾਨ ਅਧਿਕਾਰੀ ਚੰਡਾਲ ਕੋਲ ਵਿਕਿਆ। ਵਿਸ਼ਵਾਮਿਤ੍ਰ ਦੇ ਮਾਇਆ ਛੱਲ ਨਾਲ ਰੋਹਿਤ ਨੂੰ ਸੱਪ ਨੇ ਡੰਗ ਲਿਆ ਤਾਂ ਤਾਰਾ ਸ਼ਮਸ਼ਾਨ ਭੂਮੀ ਵਿਚ ਰੋਹਿਤ ਨੂੰ ਲੈ ਕੇ ਆਈ। ਸ਼ੋਕ ਆਤੁਰ [illegible] ਤਾਰਾ ਅਤੇ ਹਰੀ ਚੰਦ ਨੇ ਅਗਨੀ ਪ੍ਰਵੇਸ਼ ਲਈ ਜਦੋਂ ਵਿਆਕੁਲਤਾ ਪ੍ਰਗਟ ਕੀਤੀ ਤਾਂ ਵਿਸ਼ਵਾਮਿਤ੍ਰ ਤੇ ਦੇਵਤੇ ਪ੍ਰਗਟ ਹੋਏ। ਉਨ੍ਹਾਂ ਹਰੀ ਚੰਦਰ ਨੂੰ ਮੁੜ ਸ਼ਾਸਨ ਸੱਤਾ ਬਖਸ਼ੀ। ਜਦੋਂ ਹਰੀ ਚੰਦਰ ਸਵਰਗ ਲੋਕ ਨੂੰ ਜਾਣ ਲੱਗਾ ਤਾਂ ਨਾਲ ਆਪਣੇ ਮਿੱਤ੍ਰਾਂ, ਪਰਜਾ ਤੇ ਅਨੁਯਾਈਆਂ ਨੂੰ ਵੀ ਲੈ ਗਿਆ। ਪਰ ਕਿਸੇ ਅਭਿਮਾਨ ਵੱਸ ਇਸਦੀ ਨਗਰੀ 'ਹਰਚੰਦੌਰੀ' ਅੱਧ ਵਿਚਾਲੇ ਹੀ ਲਟਕ ਰਹੀ ਹੈ।

330342

ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿੱਚ ਕੇਵਲ ਇਕ ਸੂਤਰ ਰੂਪ ਸੰਕੇਤ ਰਾਹੀਂ ਹਰੀ ਚੰਦ ਦਾ ਬਿਆਨ ਕੀਤਾ ਹੈ। ਇਹ ਸੰਕੇਤ ਉਸਦੇ ਜੀਵਨ ਦੀ ਪ੍ਰਸਿਧ ਦਾਨ ਵਾਲੀ ਘਟਨਾ ਵਲ ਹੈ। ਇਸ ਤੋਂ ਇਲਾਵਾ ਉਸ ਦੇ ਜੀਵਨ ਦੇ ਕਿਸੇ ਪਹਿਲੂ ਨੂੰ ਨਹੀਂ ਵਰਤਿਆ ਗਿਆ। ਕਿਸੇ ਹੋਰ ਪਾਤਰ ਦਾ ਨਾਂ ਦੇਣਾ ਵੀ ਬੇਲੋੜਾ ਸਮਝਿਆ ਗਿਆ ਹੈ।

ਇਸ ਮਿੱਥ ਸੰਕੇਤ ਵਿਚ ਵੀ ਦਾਨ ਤੋਂ ਮਿਲੇ ਅਹੰਕਾਰ ਦੇ ਕਾਰਣ, ਉਸਦੇ ਮਾੜੇ ਸਿੱਟੇ ਅਤੇ ਪ੍ਰਭੂ ਦੇ ਭਾਣੇ ਅਤੇ ਰਜ਼ਾ ਨੂੰ ਸਮਝਣ ਲਈ ਗੁਰੂ ਦੀ ਲੋੜ ਆਦਿ ਵਿਚਾਰਾਂ ਨੂੰ ਪ੍ਰਗਟ ਕੀਤਾ ਗਿਆ ਹੈ। ਇਹ ਮਿਥ ਕਥਾ ਵੀ ਪ੍ਰਤੀਕਿ ਹੈ। ਕਥਾ ਵਿੱਚ ਉਸ ਦੇ ਦੁੱਖਾਂ ਅਤੇ ਅੰਤਲੇ ਸੁੱਖਾਂ ਦਾ ਸੰਕੇਤ ਵੀ ਮਿਲਦਾ ਹੈ।[1]

## ਜਨਮੇਜਾ

ਵੈਸੇ ਕਈ ਜਨਮੇਜਾ ਨਾਂ ਦੇ ਵਿਅਕਤੀਆਂ ਦਾ ਜ਼ਿਕਰ ਪੁਰਾਣਾਂ ਵਿੱਚ ਆਉਂਦਾ ਹੈ। ਜਨਮੇਜਾ, ਰਾਜਾ ਪਰੀਕਸ਼ਿਤ ਦਾ ਪੁੱਤਰ ਸੀ। ਜਨਮੇਜਾ ਦਾ ਅਰਥ ਹੈ, 'ਲੋਕਾਂ ਉਤੇ ਧਾਕ ਜਮਾਉਣ ਵਾਲਾ'। ਅਰਜਨ-ਅਭਿਮਨਯੂ-ਪਰੀਕਸ਼ਿਤ - ਜਨਮੇਜਾ ਦੀ ਵੰਸ਼ ਲੜੀ ਵਿੱਚ ਇਹ ਅਰਜਨ ਦਾ ਪੜਪੋਤ੍ਰਾ ਬਣਦਾ ਹੈ। ਇਹ ਪਿਛੋਂ ਜਾ ਕੇ ਹਸਤਨਾਪੁਰ ਦਾ ਰਾਜਾ ਬਣਿਆ। ਤਕਸ਼ਕ ਦੇ ਡੰਗਣ ਨਾਲ ਇਸਦੇ ਪਿਤਾ ਪਰੀਕਸ਼ਿਤ ਦੀ ਮ੍ਰਿਤੂ ਹੋ ਗਈ। ਜਿਸ ਕਰਕੇ ਜਨਮੇਜੇ ਨੇ ਇੱਕ ਵੱਡਾ ਭਾਰੀ ਸਪਾਂ ਦਾ ਯੱਗ ਕੀਤਾ ਅਤੇ ਇਸ ਤਰ੍ਹਾਂ ਤਾਂਤ੍ਰਿਕ ਜਾਤੀ ਦੇ ਸੱਪਾਂ ਨੂੰ ਜਿੱਤ ਲਿਆ।

ਜਨਮੇਜਾ ਨੇ ਇੱਕ ਵਾਰੀ ਮਹਾਂਭਾਰਤ ਦੀ ਕਥਾ ਸੁਣਦਿਆਂ ਰਿਸ਼ੀ ਵਿਆਸ ਨੂੰ ਪੁਛਿਆ ਕਿ ਕੌਰਵ ਤੇ ਪਾਂਡਵ ਇਤਨੇ ਬੁਧੀਮਾਨ ਹੋ ਕੇ ਜੂਆ ਕਿਉਂ ਖੇਡੇ? ਇਤਨੇ ਉਨ੍ਹਾਂ ਦੇ ਸਲਾਹਕਾਰ ਤੇ ਸ਼ੁਭਚਿੰਤਕ ਸਨ ਜਿਵੇਂ ਵਿਦੁਰ, ਦ੍ਰੋਣਾਚਾਰੀਆ, ਭੀਸ਼ਮ ਪਿਤਾਮਾ ਆਦਿ ਫਿਰ ਵੀ ਇਹ ਘਟਨਾ ਘਟੀ ਤਾਂ ਕਿਉਂ? ਬਿਆਸ ਕਹਿਣ ਲੱਗੇ 'ਸਭ ਕੁਝ ਭਾਣੇ ਅੰਦਰ ਹੁੰਦਾ ਹੈ।' ਜਨਮੇਜਾ ਭਾਣੇ ਦੀ ਗਤੀ ਨੂੰ ਸਮਝਣ ਤੋਂ ਅਸਮਰਥ ਰਿਹਾ ਤਾਂ ਬਿਆਸ ਨੇ ਆਖਿਆ, 'ਤੇਰੇ ਉਤੇ ਵੀ ਭਾਣੇ ਅੰਦਰ ਬਿਪਤਾ ਵਾਪਰਨੀ ਹੈ, ਬਚਾ ਕਰ ਸਕਦਾ ਹੈ ਤਾਂ ਕਰ ਲੈ।' ਉਹ ਬਿਪਤਾ ਇਸ ਪ੍ਰਕਾਰ ਹੋਵੇਗੀ। ਤੂੰ ਘੋੜੇ ਉਤੇ ਉਤਰ ਦਿਸ਼ਾ ਵੱਲ ਸ਼ਿਕਾਰ ਖੇਡਣ ਜਾਵੇਂਗਾ। ਥੱਕ ਕੇ ਜਦੋਂ ਸਵੇਂਗਾ ਤਾਂ ਘੋੜੀ ਕਿਸੇ ਘੋੜੇ ਨਾਲ ਸੰਗਮ ਕਰੇਗੀ। ਜਿਸ ਤੋਂ ਕਾਲੇ ਕੰਨਾਂ ਵਾਲਾ ਵਛੇਰਾ, ਪੈਦਾ ਹੋਵੇਗਾ। ਫਿਰ ਜਦੋਂ ਅਸ਼ਵਮੇਧ ਯੱਗ ਸਮੇਂ ਉਸ ਘੋੜੇ ਨੂੰ ਛਡੇਂਗਾ ਤਾਂ ਸ਼ਿਕਾਰ ਕਰਦੇ ਨੂੰ ਇਕ ਸੁੰਦਰ ਤੇ ਚੰਚਲ ਇਸਤ੍ਰੀ ਮਿਲੇਗੀ ਜਿਸ ਨਾਲ ਵਿਆਹ ਕਰ ਲੈਂਗਾ

---

1. ਹਰੀਚੰਦੁ ਦਾਨੁ ਕਰੈ ਜਸੁ ਲੇਵੈ।
ਬਿਨੁ ਗੁਰ ਅੰਤੁ ਨ ਪਾਇ ਅਭੇਵੈ।
ਆਪਿ ਭੁਲਾਇ ਆਪੇ ਮਤਿ ਦੇਵੈ। ਗਉੜੀ ਰਾਗੁ (ਅਸ਼ਟਪਦੀਆਂ), ਪੰਨਾ 224

ਪਰ ਜੇ ਉਹ ਇਤਨੇ ਬਾਰੀਕ ਕਪੜਿਆਂ ਵਿੱਚ ਸ਼ਿੰਗਾਰ ਕਰਕੇ ਆਵੇਗੀ ਕਿ ਉਸਦੇ ਸਰੀਰ ਦਾ ਨੰਗੇਜ ਪ੍ਰਗਟ ਹੋਵੇਗਾ ਤੇ ਯੱਗ ਵਿਚ ਬੈਠੇ ਬ੍ਰਾਹਮਣ ਇਸ ਤੇ ਹਸਣਗੇ। ਤੂੰ ਉਨ੍ਹਾਂ ਨੂੰ ਕਤਲ ਕਰਵਾਏਂਗਾ ਤੇ ਬ੍ਰਾਹਮਣ ਹੱਤਿਆ ਕਰਕੇ ਤੂੰ ਕੋਹੜੀ ਹੋ ਜਾਵੇਂਗਾ। ਭਾਵੇਂ ਇੰਜ ਹੀ ਹੋਇਆ ਤੇ ਰਾਜਾ ਕੁਝ ਵੀ ਨਾ ਕਰ ਸਕਿਆ। ਮਹਾਂਭਾਰਤ ਵਿਚੋਂ ਕਥਾ ਸੁਣਨ ਨਾਲ ਕੋਹੜ ਘੱਟ ਤਾਂ ਗਿਆ ਪਰ ਸ਼ੰਕਾ ਗ੍ਰਸਤ ਹੋਣ ਕਾਰਨ ਅੰਗੂਠਾ ਕੋਹੜੀ ਹੀ ਰਹਿ ਗਿਆ। ਗੁਰੂ ਦੀ ਸਿਖਿਆ ਉਤੇ ਸ਼ੰਕਾ ਕਰਨ ਤੇ ਉਸਨੂੰ ਦੁਖਾਂ ਦਾ ਭਾਗੀ ਬਣਨਾ ਪਿਆ।

ਗੁਰੂ ਨਾਨਕ ਬਾਣੀ ਵਿੱਚ ਰਾਜਾ ਜਨਮੇਜਾ ਦੀ ਮਿਥ ਕਥਾ ਦੋ ਵਾਰੀ ਗਉੜੀ ਰਾਗ ਅਤੇ ਪਰਭਾਤੀ ਰਾਗ (ਦਖਣੀ) ਵਿਚ ਆਈ ਹੈ।[1] ਗਉੜੀ ਰਾਗ ਵਿਚਲੀ ਤੁਕਾਂ ਵਿਚ ਜਨਮੇਜਾ ਦੀ ਗਲਤੀ ਤੇ ਪਛਤਾਵੇ ਦਾ ਜ਼ਿਕਰ ਹੀ ਕੀਤਾ ਗਿਆ ਹੈ। ਇਸ ਵਿੱਚ ਹੋਰ ਨਾਂ ਨਹੀਂ ਦਿਤੇ। ਉਹੀ ਘਟਨਾ ਹੈ ਜਿਸ ਦਾ ਸਪੱਸ਼ਟ ਪ੍ਰਗਟਾਵਾ ਪਰਭਾਤੀ ਰਾਗ ਵਿੱਚ ਦਿਤੀ ਗਈ ਇਸ ਮਿਥ ਕਥਾ ਵਿੱਚ ਹੋਇਆ ਹੈ।[2] ਇਸ ਵਿੱਚ ਰਾਜਾ ਜਨਮੇਜਾ ਨੂੰ ਵਿਆਸ ਦੁਆਰਾ ਕਥਾ ਦਾ ਸੁਣਾਇਆ ਜਾਣਾ, ਪ੍ਰਭੂ ਦੇ ਭਾਣੇ ਦੀ ਗੱਲ ਦੱਸਣਾ ਜੱਗ ਅਤੇ ਜਗ ਵਿਚ ਜਨਮੇਜੇ ਹਥੋਂ ਪੰਡਤਾਂ ਦਾ ਕਤਲ ਸ਼ਾਮਲ ਹੈ। ਸਰਪ ਜਗ ਦਾ ਸੰਕੇਤ ਨਹੀਂ ਮਿਲਿਆ। ਇਸ ਜਨਮੇਜੇ ਦੀ ਵਿਸ਼ੇਸ਼ਤਾ ਨੂੰ ਵੀ ਬਾਣੀ ਵਿੱਚ ਸਵੀਕਾਰ ਨਹੀਂ ਕੀਤਾ ਗਿਆ, ਸਗੋਂ ਉਸਦੇ ਗੌਰਵ ਅਤੇ ਅਭਿਮਾਨ ਵਾਲੇ ਪੱਖ ਨੂੰ ਹੀ ਕਾਂਬ ਦਾ ਭਾਗ ਬਣਾਇਆ ਗਿਆ ਹੈ।

<u>ਪਾਂਡਵ</u>

ਇਹ ਮਹਾਂ ਭਾਰਤ ਦੇ ਮਹਾਨ ਯੋਧੇ ਤੇ ਕੁਲ ਪੰਜ ਭਰਾ ਸਨ। ਇਹ ਪਾਂਡੂ ਰਾਜਾ ਦੇ ਪੁੱਤਰ ਕਥਿਤ ਕੀਤੇ ਜਾਂਦੇ ਹਨ। ਪਰ ਇਨ੍ਹਾਂ ਨੂੰ ਪਾਂਡੂ ਪਤਨੀਆਂ ਕੁੰਤੀ ਤੇ ਮਾਦ੍ਰੀ ਨੇ ਪਾਂਡੂ ਦੀ ਆਗਿਆ ਨਾਲ ਵਾਯੂ ਅਤੇ ਇੰਦਰ ਨਾਲ ਸੰਭੋਗ ਕਰਕੇ, ਯੁਧਿਸ਼ਟਰ, ਭੀਮ ਅਤੇ ਅਰਜਨ(ਕੁੰਤੀ ਨੇ) ਅਤੇ ਅਸ਼ਵਨੀ ਕੁਮਾਰ ਨਾਲ ਸੰਭੋਗ ਕਰਕੇ ਨਕੁਲ ਅਤੇ ਸਹਿਦੇਵ (ਮਾਦ੍ਰੀ ਨੇ) ਜਨਮ ਦਿਤਾ। ਇਸ ਤਰ੍ਹਾਂ ਦੇ ਸੰਭੋਗ ਦੀ ਇਸ ਕਰਕੇ ਲੋੜ ਪਈ ਕਿਉਂਕਿ ਪਾਂਡੂ ਰਾਜਾ ਨੂੰ ਕਿਸੇ ਰਿਖੀ ਦਾ ਸਰਾਪ ਸੀ ਕਿ ਉਹ ਜਦੋਂ ਵੀ ਆਪਣੀ ਇਸਤ੍ਰੀ ਨਾਲ ਸੰਭੋਗ ਕਰੇਗਾ, ਉਸ ਦੀ ਮੌਤ ਹੋ ਜਾਵੇਗੀ।

ਪਾਂਡੂ ਰਾਜਾ ਦਾ ਵੱਡਾ ਭਰਾ ਧ੍ਰਿਤਰਾਸ਼ਟਰ ਸੀ ਜਿਸਦੇ 100 ਪੁਤਰ ਹੋਏ। ਧ੍ਰਿਤਰਾਸ਼ਟਰ ਦੀ ਔਲਾਦ ਕੌਰਵ ਅਖਵਾਈ। ਇਨਾਂ ਦਾ ਪਿਛੋਂ ਪਾਂਡੂ ਭਰਾਵਾਂ ਨਾਲ ਵੈਰ ਵਿਰੋਧ ਰਹਿਆ। ਪਾਂਡੂ

---

1. ਜਨਮੇਜੀ ਗੁਰ ਗੁਰਸਬਦੁ ਨ ਜਾਣਿਆ, ਕਿਉਂ ਸੁਖੁ ਪਾਵੈ ਭਰਮਿ ਭੁਲਾਣਿਆ।
   ਇਕ ਤਿਲੁ ਭੂਲੇ ਬਹੁਰਿ ਪਛੁਤਾਣਿਆ। ਆਦਿ ਗ੍ਰੰਥ, ਪੰਨਾ 225
2. ਰਾਜਾ ਜਨਮੇਜਾ ਦੇ ਮਤੀਂ ਬਿਆਸਿ ਪੜ੍ਹਾਇਆ
   ਤਿਨ੍ਹਿ ਕਰਿ ਜਗ ਅਠਾਰਹ ਘਾਏ, ਕਿਰਤੁ ਨ ਚਲੈ ਚਲਾਇਆ। ਆਦਿ ਗ੍ਰੰਥ ਪੰਨਾ 1344

ਭਰਾ ਦ੍ਰੋਪਦੀ ਨਾਲ ਵਿਆਹੇ ਗਏ ਜਿਸ ਨੂੰ ਉਹ ਪਿਛੋਂ ਕੌਰਵਾਂ ਨਾਲ ਜੂਏ ਵਿੱਚ ਹਾਰ ਗਏ। ਦੁਰਜੋਧਨ (ਕੌਰਵ ਭਰਾਵਾਂ ਚੋਂ )ਨੇ ਭਰੀ ਸਭਾ ਵਿਚ ਦ੍ਰੋਪਦੀ ਨੂੰ ਆਪਣੇ ਪੱਟਾਂ ਤੇ ਬੈਠਣ ਲਈ ਕਿਹਾ ਤੇ ਭਰੀ ਸਭਾ ਵਿਚ ਪੰਜੂ ਭਰਾਵਾਂ ਸਾਹਮਣੇ ਉਸਦੇ ਕਪੜੇ ਉਤਾਰਨ ਦੀ ਕੋਸ਼ਿਸ਼ ਕੀਤੀ। ਮਹਾਂ ਭਾਰਤ ਦਾ ਯੁੱਧ ਛਿੜਿਆ। ਕ੍ਰਿਸ਼ਨ ਦੀ ਸਹਾਇਤਾ ਨਾਲ ਪਾਂਡਵਾਂ ਦੀ ਜਿਤ ਹੋਈ।

ਨਾਨਕ ਬਾਣੀ ਵਿੱਚ ਪਾਂਡਵਾਂ ਦੀਆਂ ਦੁਖਦ, ਘਟਨਾਵਾਂ ਵਿਚੋਂ ਇਕ ਦਾ ਸੰਕੇਤ ਹੈ। ਪਾਂਡਵਾਂ ਭਰਾਵਾਂ ਨੂੰ ਵੀ ਮਜ਼ਦੂਰ ਬਣਕੇ ਤੰਗੀ ਦੇ ਦਿਨ ਕਟਣੇ ਪਏ ਭਾਵੇਂ ਮਿਥ ਕਥਾਵਾਂ ਅਨੁਸਾਰ ਕ੍ਰਿਸ਼ਨ ਉਨ੍ਹਾਂ ਦੇ ਸੰਗੀ ਸਾਥੀ ਸਨ, ਹਮਦਰਦ ਸਨ। ਇਹ ਮਿਥ ਸੰਕੇਤ ਵੀ ਪ੍ਰਸੰਗਕ ਹੈ ਤੇ ਗੁਰਬਾਣੀ ਵਿਚ ਭਾਣਾ ਮੰਨਣ ਦੇ ਸੰਕੇਤ ਵਜੋਂ ਆਇਆ ਹੈ।

## ਦੁਰਜੋਧਨ

ਇਹ ਧ੍ਰਿਤਰਾਸ਼ਟਰ ਤੇ ਗੰਧਾਰੀ ਦੇ ਸੌ ਪੁਤਰਾਂ ਵਿਚੋਂ ਜੇਠਾ ਪੁਤਰ ਸੀ। ਵਿਆਸ ਦੀ ਰਚਨਾ ਮਹਾਂਭਾਰਤ ਵਿੱਚ ਦੁਰਜੋਧਨ ਨੂੰ ਖਲ ਨਾਇਕ ਦੇ ਰੂਪ ਵਿਚ ਪਾਪੀ, ਘੰਮੰਡੀ, ਲੋਭੀ, ਮੂੜ੍ਹ ਅਤੇ ਹੰਕਾਰੀ ਵਿਅਕਤੀ ਵਜੋਂ ਚਿਤਰਿਆ ਗਿਆ ਹੈ। ਇਸ ਵਿੱਚ ਗੁਣ ਵੀ ਕਾਫੀ ਸਨ ਜਿਵੇਂ ਭਾਰੀ ਯੋਧਾ, ਚੰਗਾ ਸ਼ਾਸਕ, ਚੰਗਾ ਸੰਘੀ ਅਤੇ ਮਿਤ੍ਰ ਹੋਣਾ ਪਰ ਆਪਣੇ ਸੁਭਾਅ ਵਿੱਚ ਕਠੋਰਤਾ ਅਤੇ ਵਿਨਾਸ਼ ਪ੍ਰਵਿਰਤੀ ਹੋਣ ਕਾਰਣ ਇਸ ਦਾ ਰੂਪ ਅਸੁਰਾਂ ਵਾਲਾ ਹੀ ਉਘੜਿਆ ਹੈ। ਇਹ ਪਾਂਡਵ ਭਰਾਵਾਂ ਨਾਲ ਮਿਲਕੇ ਖੇਡਿਆ, ਵੱਡਾ ਹੋਇਆ ਤੇ ਸਿਖਿਆ ਪ੍ਰਾਪਤ ਕੀਤੀ। ਰਾਜ ਗੱਦੀ ਪਿਛੇ ਦੁਸ਼ਮਣੀ ਪੈ ਗਈ, ਪਾਂਡਵਾਂ ਨੂੰ ਬਨਵਾਸ ਜਾਣਾ ਪੈ ਗਿਆ। ਸ਼ਕੁਨੀ ਦੀ ਚਾਲ ਸਦਕਾ ਜੂਏ ਵਿੱਚ ਸਭ ਕੁਝ ਹਾਰਨਾ ਪਿਆ, ਬਨਵਾਸ ਸਮੇਂ ਵੀ ਇਸ ਨੇ ਉਨ੍ਹਾਂ ਨੂੰ ਮਾਰ ਦੇਣ ਦੀ ਚਾਲ ਚਲੀ- ਅਖੀਰ ਮਹਾਂਭਾਰਤ ਦਾ ਯੁੱਧ ਹੋਇਆ ਜਿਸ ਵਿਚ ਕ੍ਰਿਸ਼ਨ ਅਰਜਨ ਦੇ ਰਥਵਾਨ ਬਣੇ ਤੇ ਉਨ੍ਹਾਂ ਦੀ ਸਾਰੀ ਸੈਨਾ ਦੁਰਜੋਧਨ ਨਾਲ ਹੋ ਕੇ ਲੜੀ। ਪਰ ਅੰਤ ਜਿੱਤ ਪਾਂਡਵ ਭਰਾਵਾਂ ਦੀ ਹੋਈਆਂ ਦੁਰਜੋਧਨ ਗਦਾਯੁਧ ਵਿਚ ਭੀਮ ਹਥੋਂ ਮਾਰਿਆ ਗਿਆ।

ਗੁਰੂ ਨਾਨਕ ਦੇਵ ਜੀ ਨੇ ਦੁਰਜੋਧਨ ਦਾ ਕੇਵਲ ਇਕ ਥਾਂ ਤੇ ਹੀ ਸੰਕੇਤ ਦਿਤਾ ਹੈ। ਮਹਾਂਭਾਰਤ ਦੇ ਯੁਧ ਦਾ ਇਹ ਨਾਇਕ ਆਪਣੇ ਅਭਿਮਾਨ ਅਤੇ ਲੋਭਵੱਸ ਸਰਵਨਾਸ਼ ਕਰਾ ਬੈਠਾ। ਖੁਦ ਵੀ ਗਦਾਯੁਧ ਵਿੱਚ ਭੀਮ ਹਥੋਂ ਮਾਰਿਆ ਗਿਆ। ਗੁਰੂ ਨਾਨਕ ਦੇਵ ਜੀ ਨੇ ਉਸ ਦੇ ਨਾਸ਼ ਦਾ ਵਰਨਣ ਹੀ ਕੀਤਾ ਹੈ।[1] ਮਹਾਂਭਾਰਤ ਵਿੱਚ ਉਸ ਨਾਲ ਸਬੰਧਤ ਕਿਸੇ ਹੋਰ ਘਟਨਾ ਦਾ ਵਰਨਣ ਨਹੀਂ ਕੀਤਾ। ਇਹ ਜ਼ਿਕਰ ਵੀ ਕਰਮ ਅਤੇ ਪ੍ਰਭੂ ਦੇ ਭਾਣੇ ਨੂੰ ਨਾ ਸਮਝਣ ਦੇ ਪ੍ਰਸੰਗ ਵਿੱਚ ਹੀ ਕੀਤਾ ਗਿਆ ਹੈ।

---

1. ਬੂਡਾ ਦੁਰਜੋਧਨੁ ਪਤਿ ਖੋਈ। ਰਾਮ ਨ ਜਾਨਿਆ ਕਰਤਾ ਸੋਈ।
ਜੋਨ ਕਉ ਦੂਖਿ ਪਚੈ ਦੁਖੁ ਹੋਈ।

ਗਉੜੀ ਰਾਗੁ(ਅਸਟਪਦੀਆਂ),ਪੰਨਾ 225

## ਪ੍ਰਹਿਲਾਦ

ਇਹ ਵਿਸ਼ਨੂੰ ਭਗਤ ਸੀ ਜਿਸ ਦਾ ਜਨਮ ਅਸੁਰਵੰਸ਼ੀ ਰਾਜਾ ਹਿਰਣਯਕਸ਼ਿਪੁ ਦੇ ਘਰ ਹੋਇਆ। ਇਸ ਦੀ ਮਾਂ ਦਾ ਨਾਂ ਕਿਯਾਧੂ ਸੀ। ਇਹ ਵੀ ਕਿਹਾ ਜਾਂਦਾ ਹੈ ਕਿ ਇਹ ਪਹਿਲੇ ਜਨਮ ਵਿੱਚ ਬ੍ਰਾਹਮਣ ਪੁਤਰ ਸੀ। ਇਸ ਦੀ ਵਿਸ਼ਨੂੰ ਭਗਤੀ ਹਿਰਣਯਕਸ਼ਿਪੁ ਨੂੰ ਚੰਗੀ ਨਹੀਂ ਸੀ ਲਗਦੀ। ਵਿਸ਼ਨੂੰ ਪੁਰਾਣ ਅਨੁਸਾਰ ਹਿਰਣਯਕਸ਼ਿਪੁ ਨੇ ਪ੍ਰਹਿਲਾਦ ਨੂੰ ਮਾਰਨ ਦੇ ਅਨੇਕ ਯਤਨ ਕੀਤੇ। ਸੱਪਾਂ ਤੋਂ ਡੰਗਵਾਇਆ, ਪਹਾੜ ਤੋਂ ਡੇਗਿਆ, ਡੂੰਘੇ ਟੋਇਆਂ ਤੇ ਪਾਣੀ ਵਿਚ ਸੁਟਿਆ, ਜ਼ਹਿਰ ਦੇਣ, ਅੱਗ ਵਿਚ ਸਾੜਨ ਅਤੇ ਸ਼ਸਤ੍ਰਾਂ ਦੁਆਰਾ ਮਾਰਨ ਦੀ ਕੋਸ਼ਿਸ਼ ਵੀ ਕੀਤੀ। ਥੰਮ ਪਾੜ ਕੇ ਜਦੋਂ ਨਰ ਸਿੰਘ ਰੂਪ ਵਿਚ ਵਿਸ਼ਨੂੰ ਪ੍ਰਗਟ ਹੋਏ ਤਾਂ ਆਪਣੇ ਭਗਤ ਪ੍ਰਹਿਲਾਦ ਨੂੰ, ਹਿਰਣਯਕਸ਼ਿਪੁ ਨੂੰ ਮਾਰਕੇ, ਉਸਦੇ ਜ਼ੁਲਮਾਂ ਤੋਂ ਬਚਾਇਆ ਅਤੇ ਪ੍ਰਹਿਲਾਦ ਨੂੰ ਰਾਜ ਦਿਤਾ। ਪਿਤਾ ਦੀ ਅਤਿ ਦੀ ਕਠੋਰਤਾ ਤੇ ਵੀ ਇਸ ਨੇ ਆਪਣੀ ਸੁਭਾਵਕ ਪਿਤ੍ਰ ਭਗਤੀ ਕਾਰਣ ਹੀ ਨਰ ਸਿੰਘ ਕੋਲੋਂ ਪਿਤਾ ਦਾ ਉਧਾਰ ਕਰਨ ਦਾ ਬਚਨ ਲੈ ਲਿਆ।

ਗੁਰੂ ਨਾਨਕ ਦੇਵ ਜੀ ਨੇ ਪ੍ਰਹਿਲਾਦ ਬਾਰੇ ਇਕੋ ਪ੍ਰਸੰਗ ਵਿੱਚ ਦੋ ਥਾਂਈਂ ਸੰਕੇਤ ਕੀਤਾ ਹੈ। ਇੱਕ ਵਿੱਚ ਹਰਣਾਖਸ਼ ਦੇ ਨਾਲ ਪ੍ਰਹਿਲਾਦ ਦਾ ਸਪੱਸ਼ਟ ਰੂਪ ਵਿਚ ਨਾਂ ਦਿਤਾ ਹੈ। ਦੂਜੀ ਥਾਂ ਤੇ ਨਾਂ ਨਹੀਂ ਪਰ ਕਥਾ ਦਾ ਸਬੰਧ, ਪ੍ਰਹਿਲਾਦ ਉਧਾਰ ਨਾਲ ਹੀ ਹੈ। ਪ੍ਰਹਿਲਾਦ ਹਰਣਾਖਸ਼ ਦਾ ਪੁਤਰ ਹੈ ਪਰ ਦੈਂਤ ਹੋ ਕੇ ਵੀ ਇਹ 'ਗੁਰਮੁਖ' ਹੈ। ਸਦ ਬਿਰਤੀਆਂ ਦਾ ਧਾਰਨੀ ਹੈ। ਪ੍ਰਹਿਲਾਦ ਦੀ ਮਿਥ ਕਥਾ ਵਿੱਚ ਵੀ ਪੁਰਾਣਾਂ ਨਾਲੋਂ ਭਿੰਨਤਾ ਦੇ ਅੰਸ਼ ਸ਼ਾਮਲ ਨਹੀਂ। ਪ੍ਰਹਿਲਾਦ ਗੁਰਮਤਿ ਕਾਵਿ ਦਾ ਹਰਮਨ ਪਿਆਰਾ ਪਾਤਰ ਹੈ। ਇਸ ਪਾਤਰ ਨੂੰ ਭਗਤੀ ਭਾਵਨਾ ਵਿਚ ਵਿਚਰਣ ਕਰਕੇ ਨਾਨਕ ਬਾਣੀ ਵਿਚ ਤੇ ਗੁਰਮਤਿ ਕਾਵਿ ਵਿਚ ਸਮੁੱਚੇ ਰੂਪ ਵਿਚ ਮਾਨਤਾ ਮਿਲੀ ਹੈ।

## ਬਲਿਰਾਜਾ

ਬਲਿਰਾਜਾ ਨੂੰ ਪਛਾੜਨ ਵਾਸਤੇ ਵਿਸ਼ਨੂੰ ਨੂੰ ਵਾਮਨ ਅਵਤਾਰ ਧਾਰਨਾ ਪਿਆ ਸੀ। ਇਹ ਵਿਰੋਚਨ ਅਤੇ ਮਾਂ ਦੇਵੀ ਦਾ ਪੁਤਰ ਸੀ ਅਤੇ ਪ੍ਰਹਿਲਾਦ ਭਗਤ ਦਾ ਪੋਤਰਾ ਸੀ। ਬਲਿ ਦੈਂਤਾਂ ਦਾ ਰਾਜਾ ਸੀ ਪਰ ਦੈਂਤ ਹੁੰਦੇ ਹੋਏ ਵੀ ਇਹ ਆਪਣੇ ਦਾਦਾ ਦੀ ਤਰ੍ਹਾਂ ਅਤਿਅੰਤ ਆਦਰਸ਼ਪੁਰਸ਼, ਸਤਿਆਸ਼ੀਲ ਅਤੇ ਪਰਮ ਵਿਸ਼ਨੂੰ ਭਗਤ ਸੀ। ਇਕ ਵਾਰੀ ਦੈਂਤਾਂ ਦੇ ਗੁਰੂ ਸ਼ੁਕਰ ਆਚਾਰੀਆ ਨੇ ਇਸਨੂੰ ਦੇਵਾਂ ਉਪਰ ਆਕਰਮਣ ਕਰਨ ਲਈ ਪ੍ਰੇਰਿਆ। ਬਲਿ ਦੇ ਸਵਰਗ ਉਪਰ ਹਮਲੇ ਨੇ ਦੇਵਾਂ ਨੂੰ ਨਠਾ ਦਿਤਾ। ਦੇਵਾਂ ਨੂੰ ਪਰਾਜਿਤ ਕਰਨ ਉਪਰੰਤ ਬਲਿ ਨੇ ਸਵਰਗ ਦਾ ਰਾਜ ਪਦ ਆਪਣੇ ਦਾਦਾ ਪ੍ਰਹਿਲਾਦ ਨੂੰ ਦਿਤਾ। ਇਸਨੇ ਦੇਵਤਿਆਂ ਨਾਲ ਮਿਲਕੇ ਸਮੁੰਦਰ ਮੰਥਨ ਵੀ ਕੀਤਾ। ਜਿਸ ਸਮੇਂ ਇਸ

ਦਾ ਪ੍ਰਤਾਪ ਬਹੁਤ ਵੱਧ ਗਿਆ ਤਾਂ ਇਸ ਦੇ ਰਾਜ ਦੀ ਵਿਵਸਥਾ ਹੌਲੀ ਹੌਲੀ ਗਿਰਾਵਟ ਵੱਲ ਜਾਣੀ ਸ਼ੁਰੂ ਹੋ ਗਈ। ਇਹ ਚਿੰਤਿਤ ਹੋ ਕੇ ਪ੍ਰਹਿਲਾਦ ਕੋਲ ਗਿਆ। ਪ੍ਰਹਿਲਾਦ ਨੇ ਦਸਿਆ ਕਿ ਭਗਵਾਨ ਵਿਸ਼ਨੂੰ ਵਾਮਨ ਅਵਤਾਰ ਵਿੱਚ ਆ ਰਹੇ ਹਨ। ਇਸ ਲਈ ਤੇਰਾ ਰਾਜ ਰਸਾਤਲ ਨੂੰ ਜਾ ਰਿਹਾ ਹੈ। ਪ੍ਰਹਿਲਾਦ ਦੀ ਗੱਲ ਸੁਣਕੇ ਇਸ ਨੇ ਆਖਿਆ, ਉਸ ਹਰੀ ਤੋਂ ਸਾਡੇ ਰਾਖਸ਼ਸ ਬਲਵਾਨ ਹਨ। ਬਲਿ ਦੀ ਇਸ ਹੰਕਾਰ ਭਾਵਨਾਂ ਨੂੰ ਵੇਖਕੇ ਪ੍ਰਹਿਲਾਦ ਨੇ ਸਰਾਪ ਦਿਤਾ," ਤੇਰਾ ਰਾਜ ਨਸ਼ਟ ਭ੍ਰਸ਼ਟ ਹੋ ਜਾਵੇਗਾ।" ਨਰਬਦਾ ਨਦੀ ਦੇ ਤੱਟ ਤੇ ਜਦੋਂ ਇਸ ਦਾ ਅੰਤਮ ਅਸ਼ਵਮੇਧ ਯਗ ਚਲ ਰਿਹਾ ਸੀ ਤਾਂ ਛੋਟੇ ਬ੍ਰਾਹਮਣ ਦੇ ਭੇਸ ਵਿਚ ਵਿਸ਼ਨੂੰ ਪਧਾਰੇ। ਵਾਮਨ ਨੂੰ ਬਲਿ ਨੇ ਕੁਝ ਮੰਗਣ ਵਾਸਤੇ ਆਖਿਆ। ਉਸ ਨੇ ਤਿੰਨ ਪੱਗ (ਕਿਤੇ ਢਾਈ ਵੀ ਲਿਖਿਆ ਹੈ) ਧਰਤੀ ਮੰਗੀ। ਸ਼ੁਕਰਾਚਾਰੀਆਂ ਨੇ ਤੁਰੰਤ ਤਾੜਨਾ ਕੀਤੀ ਕਿ ਇਹ ਵਾਮਨ ਖੁਦ ਵਿਸ਼ਨੂੰ ਹੈ। ਇਸ ਨੂੰ ਕੁਝ ਨਾ ਦੇਵੀਂ ਪਰ ਬਲਿ ਨੇ ਗੁਰੂ ਦੀ ਭਵਿਖਬਾਣੀ ਦੀ ਪਰਵਾਹ ਨ ਕਰਦੇ ਹੋਏ ਵਾਮਨ ਨੂੰ ਹਾਂ ਕਰ ਦਿਤੀ। ਹੁਣ ਬਲਿ ਨੂੰ ਸ਼ੁਕਰ ਵਲੋਂ ਵੀ ਸਰਾਪ ਮਿਲ ਗਿਆ ਕਿ ਤੇਰਾ ਇਹ ਰਾਜ ਪਾਟ ਤੇ ਸੁੱਖ ਚੈਨ ਸਭ ਨਸ਼ਟ ਭ੍ਰਸ਼ਟ ਹੋ ਜਾਵੇ। ਤਦ ਉਪਰੰਤ ਵਾਮਨ ਰੂਪ ਵਿਚ ਵਿਸ਼ਨੂੰ ਨੇ ਵਿਰਾਟ ਰੂਪ ਧਾਰ ਕੇ ਬਲਿ ਦਾ ਰਾਜ ਦੋ ਕਦਮਾਂ ਵਿਚ ਸਾਂਭ ਲਿਆ ਤੇ ਤੀਜੇ ਕਦਮ ਵਿਚ ਉਸਨੂੰ ਪਤਾਲ ਵਿੱਚ ਲੈ ਗਿਆ। ਜਿਥੇ ਉਸਨੂੰ ਪਾਤਾਲ ਦਾ ਰਾਜਾ ਥਾਪ ਦਿਤਾ। ਇਸ ਦੀ ਵਿਸ਼ਨੂੰ ਭਗਤੀ, ਬਚਨਾਂ ਦਾ ਪੱਕਾ ਹੋਣਾ ਤੇ ਅਪਾਰ ਸ਼ਰਧਾ ਵਾਲੇ ਗੁਣ ਪ੍ਰਸੰਸਾ ਯੋਗ ਹਨ। ਪਰ ਇਸ ਦੀ ਆਪਣੇ ਗੁਰੂ ਸ਼ੁਕਰਾਚਾਰੀਆਂ ਦੇ ਬਚਨਾਂ ਦੀ ਉਲੰਘਣਾ ਕਰਨੀ ਤੇ ਅਹੰਕਾਰ ਦੀ ਭਾਵਨਾਂ ਵਿਚ ਆ ਜਾਣਾ ਇਸ ਦੇ ਪਤਨ ਦੇ ਕਾਰਣ ਬਣ ਗਏ।

ਨਾਨਕ ਬਾਣੀ ਵਿਚ ਬਲਿਰਾਜਾ ਨਾਲ ਸਬੰਧਤ ਮਿਥ ਕਥਾ ਦੋ ਥਾਵਾਂ ਤੇ ਆਈ ਹੈ। ਬਲਿ ਰਾਜਾ ਭਾਵੇਂ ਦੈਂਤ ਕੁਲ ਨਾਲ ਸਬੰਧਤ ਹੈ, ਫਿਰ ਵੀ ਗੁਰੂ ਨਾਨਕ ਨੇ ਆਪਣੀ ਰਚਨਾ ਵਿਚ ਇਸ ਨੂੰ ਰਾਖਸ਼ਸ ਜਾਂ ਦੈਂਤ ਲਿਖਣ ਦੀ ਥਾਂ ਰਾਜਾ ਲਿਖਿਆ ਹੈ। ਕਾਰਣ ਸਪੱਸ਼ਟ ਹੈ ਉਹ ਬਲਿ ਦੈਂਤ ਹੋ ਕੇ ਵੀ ਦਿਆਲੂ ਤੇ ਭਗਤ ਹੈ ਜਿਵੇਂ ਉਸ ਦਾ ਦਾਦਾ ਪ੍ਰਹਿਲਾਦ ਹੈ । ਪਰ ਹੰਕਾਰ ਚਾਹੇ ਦੇਵ ਅੰਦਰ ਹੋਵੇ ਯਾ ਦੈਂਤ ਅੰਦਰ, ਚਾਹੇ ਕਿਸੀ ਮੁਨੀ ਅੰਦਰ ਹੋਵੇ ਜਾਂ ਰਾਜੇ ਵਿਚ, ਮੂਲ ਰੂਪ ਵਿਚ ਇਹ ਮਾੜਾ ਹੈ। ਹੰਕਾਰ ਵਿਨਾਸ਼ ਦਾ ਬੀਜ ਹੈ। ਬਲਿ ਰਾਜੇ ਨੂੰ ਵੀ ਮਾਇਆ ਦਾ ਹੰਕਾਰ ਹੈ, ਆਪਣੇ ਰਾਜ ਵੈਭਵ ਅਤੇ ਦਾਨ ਤੇ ਯਗ ਦਾ ਹੰਕਾਰ ਹੈ। ਇਸ ਦਾਨ ਤੇ ਯੱਗ

ਦੇ ਹੰਕਾਰ ਵਿਚ ਉਹ ਆਪਣੇ ਗੁਰੂ ਦੀ ਸਿੱਖਿਆ ਨੂੰ ਵੀ ਅਣਗੌਲਿਆ ਕਰ ਦਿੰਦਾ ਹੈ। ਨਤੀਜੇ ਵਜੋਂ ਪਾਤਾਲ ਵਿਚ ਜਾ ਪੈਂਦਾ ਹੈ। ਇਸ ਮਿਥ ਕਥਾ ਰਾਹੀਂ ਬਲਿ ਦੀਆਂ ਵਿਨਾਸ਼ਕਾਰੀ ਬਿਰਤੀਆਂ ਦਾ ਵਰਨਣ ਹੋਇਆ ਹੈ। ਸੂਤਰ ਰੂਪ ਵਿਚ ਬਾਣੀ ਇਸ ਮਿਥ ਕਥਾ 'ਚੋਂ ਪ੍ਰਗਟਾਂ ਵਾਲੀ ਇਸ ਪ੍ਰਸਿੱਧ ਘਟਨਾ ਦੇ ਸਾਰੇ ਅੰਸ਼ ਲੱਭ ਪੈਂਦੇ ਹਨ। ਜੋ ਇਸ ਕਥਾ ਦਾ ਆਧਾਰ ਹਨ। ਗੁਰੂ ਸਾਹਿਬ ਨੇ ਹੋਰ ਪਾਤਰਾਂ ਦੇ ਨਾਵਾਂ ਦਾ ਵਰਨਣ ਕਰਨਾ ਬਿਅਰਥ ਸਮਝਿਆ ਹੈ ।

## ਲਛਮਣ

ਇਹ ਰਾਮਾਇਣ ਦੇ ਨਾਇਕ ਸ੍ਰੀ ਰਾਮ ਦਾ ਭਰਾ ਸੀ। ਇਸ ਦੀ ਮਾਂ ਸੁਮਿਤ੍ਰਾ ਸੀ ਜੋ ਲਕਸ਼ਮੀ ਸੰਪਨ ਤੇ ਸੁਖ ਲੋਚਣ ਵਾਲੀ ਸੀ। ਇਸ ਲਈ ਗੁਰੂ ਵਸਿਸ਼ਟ ਨੇ ਇਸ ਦਾ ਨਾਂ ਲਛਮਣ ਰੱਖਿਆ ਸੀ।ਇਸ ਦਾ ਵਿਆਹ ਵੀ ਜਨਕ ਕੰਨਿਆ ਉਰਮਿਲਾ ਨਾਲ ਹੋਇਆ। ਆਪਣੇ ਵੱਡੇ ਭਰਾ ਰਾਮ ਨਾਲ ਇਸ ਦਾ ਗੂੜ੍ਹਾ ਸਨੇਹ ਤੇ ਉਸ ਪ੍ਰਤੀ ਅਪਾਰ ਸ਼ਰਧਾ ਸੀ। 14 ਸਾਲਾਂ ਦੇ ਬਨਵਾਸ ਸਮੇਂ ਇਸ ਨੇ ਕਦਮ ਕਦਮ ਤੇ ਆਪਣੇ ਭਾਈ ਰਾਮ ਦੀ ਮਦਦ ਕੀਤੀ ਸੀ। ਚਿਤ੍ਰ ਕੂਟ ਤੇ ਪੰਚਵਟੀ ਸਥਾਨਾਂ ਤੇ ਇਸ ਨੇ ਆਪਣੇ ਭਾਬੀ ਭਰਾ ਲਈ ਰਖਿਆ ਅਤੇ ਭੋਜਨ ਦੀ ਨਿਸ਼ਕਾਮ ਸੇਵਾ ਕੀਤੀ। ਜਦੋਂ ਸੀਤਾ ਨੂੰ ਰਾਵਣ ਉਠਾ ਕੇ ਲੈ ਗਿਆ ਤਾਂ ਰਾਵਣ ਨਾਲ ਹੋਏ ਯੁਧ ਵਿਚ ਇਹ ਲੜਿਆ, ਮੂਰਛਿਤ ਹੋਇਆ, ਸੰਜੀਵਨੀ ਬੂਟੀ ਨਾਲ ਹੋਸ਼ ਵਿਚ ਆਇਆ ਤੇ ਫਿਰ ਲੜ ਕੇ ਜਿੱਤ ਪ੍ਰਾਪਤ ਕੀਤੀ । ਇਹ ਵੀ ਆਖਿਆ ਜਾਂਦਾ ਹੈ ਕਿ ਇਸ ਦੇ ਮੂਰਛਿਤ ਹੋਣ ਦਾ ਕਾਰਣ ਭੀਲਣੀ ਦੇ ਜੂਠੇ ਬੇਰ ਖਾਣ ਤੋਂ ਸੰਕੋਚ ਕਰਨਾ ਸੀ।

ਗੁਰੂ ਨਾਨਕ ਕਾਵਿ ਵਿਚ ਲਛਮਣ ਦਾ ਸੰਕੇਤ ਰਾਵਣ ਨਾਲ ਰਾਮ ਦੇ ਯੁਧ ਦੇ ਅੰਤਰਗਤ ਹੀ ਵਾਰੀ ਆਇਆ ਹੈ।[1] ਦੋਨਾਂ ਵਿਚ ਰਾਮ ਲਛਮਣ ਦੇ ਮੂਰਛਿਤ ਹੋਣ ਤੇ ਸੀਤਾ ਦੇ ਵਿਛੋੜੇ ਵਿਚ ਝੂਰਦੇ ਦਰਸਾਏ ਹਨ। ਇਨ੍ਹਾਂ ਸੰਕੇਤਾਂ ਵਿਚ ਲਛਮਣ ਦੀ ਗੂੜ੍ਹੀ ਭਾਵਨਾ ਅਰਥਾਤ ਰਾਮ ਨਾਲ ਮੋਹ ਅਤੇ ਇਕ ਬੱਲਸ਼ਾਲੀ ਯੋਧੇ ਵਜੋਂ ਸੰਕੇਤ ਮਿਲ ਜਾਂਦੇ ਹਨ। ਆਪ ਨੇ ਲਛਮਣ ਦੇ ਮੂਰਛਿਤ ਹੋਣ ਦੇ ਕਾਰਣ ਨੂੰ ਵੀ ਬਿਆਨਿਆ ਹੈ। ਇਹ ਬਿਆਨ ਉਹੀ ਹੈ ਜਿਸ ਦਾ ਜ਼ਿਕਰ ਮਿਥ ਕਥਾ ਵਿੱਚ ਹੁੰਦਾ ਹੈ ਅਰਥਾਤ ਲੱਛਮਣ ਦਾ ਭੀਲਣੀ ਦੇ ਦਿਤੇ ਬੇਰ ਖਾਣ ਤੋਂ ਸੰਕੋਚ। ਲਛਮਣ ਦੀ ਕਿਸੇ ਵਿੱਲਖਣ ਵਿਸ਼ੇਸ਼ਤਾ ਦਾ ਜ਼ਿਕਰ ਨਾਨਕ ਬਾਣੀ ਵਿਚ ਨਹੀਂ ਹੋਇਆ। ਇਸ ਪਾਤਰ ਦਾ ਹਵਾਲਾ ਵੀ ਕੇਵਲ ਪ੍ਰਸੰਗਕ ਹੈ।

---

1. (i) ਸੀਤਾ ਲੈ ਗਿਆ ਦਹਸਿਰੋ, ਲਛਮਣੁ ਮੂਓ ਸਰਾਪ। ਸਲੋਕ ਵਾਰਾਂ ਤੇ ਵਧੀਕ, ਪੰਨਾ 1412
   (ii) ਮਨ ਮਹਿ ਝੂਰੈ ਰਾਮ ਚੰਦੁ, ਸੀਤਾ ਲਛਮਣ ਜੋਗੁ। ——ਉਹੀ—— ਪੰਨਾ 1412

ਹਨੂਮਾਨ

ਇਹ ਸੁਮੇਰੂ ਰਾਜਾ ਕੇਸਰਿਕ ਨਾਮਕ ਵਾਨਰਰਾਜਾ ਅਤੇ ਗੌਤਮ ਕੰਨਿਆਂ ਅੰਜਨਾਂ ਦਾ ਪੁੱਤਰ ਸੀ। ਇਹ ਵਾਯੂ ਦੇਵਤਾ ਦੇ ਅੰਸ਼ ਤੋਂ ਹੀ ਅੰਜਨਾਂ ਨੂੰ ਪੈਦਾ ਹੋਇਆ ਸੀ। ਪੁਰਾਣਾਂ ਵਿਚ ਇਸ ਨਾਲ ਕਈ ਚਮਤਕਾਰੀ ਕਥਾਵਾਂ ਜੁੜੀਆਂ ਹੋਈਆਂ ਮਿਲਦੀਆਂ ਹਨ। ਪਰ ਵਧੇਰੇ ਕਰਕੇ ਰਾਮ ਦਾ ਸੇਵੀ ਤੇ ਭਗਤ ਹੋਣ ਦੇ ਨਾਤੇ ਜਿਹੜੀ ਪ੍ਰਸਿਧੀ ਇਸ ਨੂੰ ਮਿਲੀ ਉਹ ਹੀ ਲੋਕ ਸਿਮ੍ਰਤੀ ਵਿਚ ਵਸੀ ਹੋਈ ਹੈ। ਇਸ ਦੀ ਭੇਟ ਸੁਗ੍ਰੀਵ ਦਾ ਮੰਤਰੀ ਹੋਣ ਦੇ ਨਾਤੇ ਰਾਮ ਨਾਲ ਹੋਈ ਸੀ। ਇਕ ਕੁਸ਼ਲ ਵਿਅਕਤੀ, ਨਿਪੁੰਨ ਯੋਧੇ ਅਤੇ ਦੂਤ ਵਜੋਂ ਇਸ ਨੇ ਰਾਮ ਦੀ ਮਦਦ ਕੀਤੀ। ਸਮੁੰਦਰ ਲੰਘ ਕੇ ਲੰਕਾ ਸਥਿਤ ਅਸ਼ੋਕ ਵਣ ਵਿਚ ਸੀਤਾ ਨੂੰ ਜਾ ਕੇ ਮਿਲਿਆ ਅਤੇ ਉਸ ਦੀ ਖਬਰ ਰਾਮ ਨੂੰ ਪਹੁੰਚਾਈ। ਲੰਕਾ ਵਿਚ ਆਪਣੀ ਪੂਛਲ ਦੀ ਅਗਨੀ ਨਾਲ ਲੰਕਾ ਨੂੰ ਦਹਿਣ ਕੀਤਾ ਪਰ ਸੀਤਾ ਨੂੰ ਸੁਰਖਿਅਤ ਥਾਂ ਤੇ ਪੁਚਾ ਦਿਤਾ। ਸਮੁੰਦਰ ਤੇ ਪੁਲ ਬਣਾ ਕੇ ਲੰਕਾ ਤੇ ਚੜ੍ਹਾਈ ਕਰਨ ਦਾ ਮਾਰਗ ਬਣਾਇਆ। ਵਾਨਰ ਸੈਨਾ ਦੇ ਸੈਨਾ ਪ੍ਰਮੁਖ ਵਜੋਂ ਦੈਤਾਂ ਦਾ ਘੋਰ ਵਿਰੋਧ ਕੀਤਾ। ਜਦੋਂ ਲਛਮਣ ਮੂਰਛਿਤ ਹੋਇਆ ਤਾਂ ਉਸ ਲਈ ਸੰਜੀਵਨੀ ਬੂਟੀ ਲਿਆਂਦਾ। ਪ੍ਰਾਚੀਨ ਸਾਹਿਤ ਵਿੱਚ ਇਸ ਨੂੰ ਬ੍ਰਹਮਚਾਰੀ ਤੇ ਚਿਰੰਜੀਵ ਮੰਨਿਆ ਗਿਆ ਹੈ।

ਹਨੂਮਾਨ ਕੌਣ ਸੀ, ਕਿਸ ਦਾ ਪੁਤਰ ਸੀ? ਇਤਿਆਦਿ ਗੱਲਾਂ ਦਾ ਵਰਨਣ ਨਾਨਕ ਕਾਵਿ ਵਿਚ ਨਹੀਂ ਹੋਇਆ। ਗੁਰੂ ਸਾਹਿਬ ਨੇ ਹਨੂਮਾਨ ਨੂੰ ਬੰਦਰ ਸੈਨਾ ਦਾ ਮੁਖੀ ਤੇ ਜੋਧਾ ਹੀ ਬਿਆਨ ਕੀਤਾ ਹੈ ਜਿਸ ਨੇ ਰਾਮ ਚੰਦਰ ਦੀ ਰਾਵਣ ਵਿਰੁੱਧ ਯੁਧ ਵਿਚ ਸਹਾਇਤਾ ਕੀਤੀ ਤੇ ਸੇਵਾ ਕੀਤੀ।[1] ਇਸਨੇ ਲਛਮਣ ਲਈ ਸੰਜੀਵਨੀ ਬੂਟੀ ਲਿਆਂਦੀ। ਸਮੁੰਦਰ ਉਤੇ ਰਾਮ ਕਿਰਪਾ ਨਾਲ ਪੁਲ ਬੰਨਿਆ। ਉਸ ਹਨੂਮਾਨ ਦੇ ਬਲ ਤੇ ਪ੍ਰਭੂ ਭਗਤੀ ਦੀ ਭਾਵਨਾ ਦੀ ਪ੍ਰਸੰਸਾ ਹੀ ਹੋਈ ਦ੍ਰਿਸ਼ਟੀਗੋਚਰ ਹੁੰਦੀ ਹੈ। ਕਿਉਂਕਿ ਉਸ ਅੰਦਰ ਬਲ ਦਾ ਅਭਿਮਾਨ ਨਹੀਂ। ਸਗੋਂ ਬਲ ਸਵਾਰਥ ਦੀ ਥਾਂ ਪਰਮਾਰਥ ਵਿਚ ਕੰਮ ਆਇਆ ਹੈ।

ਗੌਤਮ

ਗੌਤਮ ਪ੍ਰਸਿਧ ਰਿਸ਼ੀ ਹੋਏ ਹਨ। ਇਹ ਭਾਰੀ ਵਿਦਵਾਨ ਵੀ ਸਨ। ਬ੍ਰਹਮ ਦੇਵ ਦੀ ਮਾਨਸ ਕੰਨਿਆ ਅਹੱਲਿਆ ਇਨ੍ਹਾਂ ਦੀ ਅਤਿ ਸੁੰਦਰ ਪਤਨੀ ਸੀ। ਇੰਦਰ ਉਸ ਦੇ ਰੂਪ ਉਤੇ ਮੋਹਿਤ

---

1. (i) ਬੰਦਰ ਕੀ ਸੈਨਾ ਸੇਵੀਐ, ਮਨਿ ਤਨਿ ਜੁਝੁ ਅਪਾਰੁ। ਸਲੋਕ ਵਾਰਾਂ ਤੇ ਵਧੀਕ, ਪੰਨਾ 1412
(ii) ਹਣਵੰਤਰੁ ਆਰਾਧਿਆ ਆਇਆ ਕਰਿ ਸੰਜੋਗੁ। —— ਉਹੀ —— , ਪੰਨਾ 1412

ਸੀ। ਇਕ ਵਾਰੀ ਗੌਤਮ ਦੀ ਗੈਰ ਹਾਜ਼ਰੀ ਵਿਚ ਇੰਦਰ ਨੇ ਅਹਲਿਆ ਨਾਲ ਸੰਭੋਗ ਕੀਤਾ। ਗੌਤਮ ਨੂੰ ਪਤਾ ਚਲਣ ਉਤੇ ਇੰਦਰ ਤੇ ਅਹਲਿਆ ਦੋਵੇਂ ਸਰਾਪ ਦੇ ਭਾਗੀ ਬਣੇ। ਗੌਤਮ ਨੇ ਸਠ ਹਜ਼ਾਰ ਸਾਲ ਤਕ ਤੱਪ ਸਾਧਨਾ ਕੀਤੀ। ਤਪੱਸਿਆ ਤੋਂ ਪ੍ਰਭਾਵਿਤ ਹੋ ਕੇ ਖੁਦ ਧਰਮ[illegible] ਉਥੇ ਪੁਜਿਆ ਤੇ ਗੌਤਮ ਨੂੰ ਭਗਤੀ ਉਪਾਸਨਾ ਅਤੇ ਮਾਤਾ ਪਿਤਾ ਦੀ ਪੂਜਾ ਕਰਨ ਦਾ ਉਪਦੇਸ਼ ਦਿਤਾ। ਗੌਤਮ ਅਤੇ ਭਾਗੀਰਥ ਨੇ ਤਪੱਸਿਆ ਕਰਕੇ ਸ਼ੰਕਰ ਤੋਂ ਗੰਗਾ ਮੰਗੀ ਸੀ।

ਗੁਰੂ ਨਾਨਕ ਦੁਆਰਾ ਗੌਤਮ ਤਪੱਸਵੀ ਦਾ ਪ੍ਰਸੰਗ ਅਹਲਿਆ - ਇੰਦਰ ਦੀ ਕਥਾ ਦੇ ਅੰਤਰਗਤ ਹੀ ਆਇਆ ਹੈ। ਗੌਤਮ ਬਾਰੇ ਵਿਸ਼ੇਸ਼ ਵਿਸਤਾਰ ਨਹੀਂ ਮਿਲਦਾ। ਇਹ ਤਪਸਵੀ ਹੈ ਤੇ ਅਹਲਿਆ ਦਾ ਪਤੀ ਹੈ। ਇੰਦਰ ਨੂੰ ਉਸਦੇ ਮੰਦ ਕਰਮ ਕਰਕੇ ਸਰਾਪ ਦੇਂਦਾ ਹੈ।[1] ਇਤਨਾ ਕੁ ਸੰਕੇਤ ਹੀ ਨਾਨਕ ਬਾਣੀ ਵਿਚ ਉਪਲਬਧ ਹੈ। ਇਸ ਨਾਲ ਸਬੰਧਿਤ ਕਥਾ ਵਿਸਤਾਰ ਨਹੀਂ ਦਿਤਾ ਗਿਆ।

ਵਿਆਸ

ਵਿਆਸ ਅਰਥਾਤ ਬਿਆਸ ਬਾਰੇ ਪ੍ਰਾਚੀਨ ਧਰਮ ਗ੍ਰੰਥਾਂ ਵਿਚ ਅਥਾਹ ਸਾਮਗਰੀ ਭਰੀ ਪਈ ਹੈ। ਇਸ ਨੂੰ ਵੈਦਿਕ ਸੰਹਿਤਾਵਾਂ ਦਾ ਪ੍ਰਥਕ ਕਰਣਕਰਤਾ, ਮਹਾਂਭਾਰਤ ਪੁਰਾਣ ਆਦਿ ਗ੍ਰੰਥਾਂ ਦਾ ਰਚਣਹਾਰਾ ਅਤੇ ਵੈਦਿਕ ਸੰਸਕ੍ਰਿਤੀ ਨੂੰ ਪਸਾਰਣ ਵਾਲਾ ਮੰਨਿਆ ਜਾਂਦਾ ਹੈ। ਹਿੰਦੂ ਬਿਰਤੀ ਸਾਰੀਆਂ ਪ੍ਰਾਚੀਨ ਧਾਰਮਿਕ ਪੁਸਤਕਾਂ ਨਾਲ ਵਿਆਸ ਨੂੰ ਇਸ ਤਰ੍ਹਾਂ ਸੰਬੰਧਿਤ ਕਰ ਦੇਂਦੀ ਹੈ ਕਿ ਵਿਆਸ ਕਲਪਨਾ ਦਾ ਪਾਤਰ ਹੀ ਬਣ ਕੇ ਰਹਿ ਜਾਂਦਾ ਹੈ। ਇਸ ਨੂੰ ਕੌਰਵ ਪਾਂਡਵਾਂ ਦਾ ਪਿਤਾ-ਮਾਂ, ਪਾਂਡਵਾਂ ਦਾ ਹਿਤ ਚਿੰਤਕ, ਭਾਰਤ ਯੁਧ ਵਿਚ ਧ੍ਰਿਤਰਾਸ਼ਟਰ ਨੂੰ ਦ੍ਰਿਸ਼ਟੀ ਪ੍ਰਦਾਨ ਕਰਨ ਵਾਲਾ ਅਤੇ ਕਈ ਸ਼ਾਖਾਵਾਂ ਦਾ ਸੰਸਥਾਪਕ ਮੰਨਿਆ ਜਾਂਦਾ ਹੈ। ਪੁਰਾਣਾਂ ਵਿਚ ਅਠਾਈ ਵਿਆਸਾਂ ਦੀ ਕਲਪਨਾ ਕੀਤੀ ਗਈ ਹੈ। ਵਿਸ਼ਨੂੰ ਪੁਰਾਣ ਵਿਚ ਇਨ੍ਹਾਂ ਅਠਾਈ ਵਿਆਸਾਂ ਦੇ ਨਾਂ ਵੀ ਦਿਤੇ ਗਏ ਹਨ।

ਗੁਰੂ ਨਾਨਕ ਕਾਵਿ ਵਿਚ ਵਿਆਸ ਦਾ ਸੰਕੇਤ ਆਇਆ ਹੈ। ਇਸ ਸੰਕੇਤ ਵਿਚ ਉਸ ਦੇ ਗ੍ਰੰਥਕਾਰ ਹੋਣ ਦੀ ਤੇ ਗਿਆਨੀ ਹੋਣ ਦੀ ਸੂਚਨਾ ਮਿਲਦੀ ਹੈ। ਉਥੇ ਵੀ ਗੁਰੂ ਦੀ ਮਹੱਤਤਾ ਨੂੰ ਪ੍ਰਗਟ ਕਰਨ ਲਈ ਉਸ ਦੀ ਗਵਾਹੀ ਦੇਵਣ ਦਾ ਉਪਦੇਸ਼ ਹੋਇਆ ਹੈ। ਇਸ ਤੋਂ ਬਿਨਾਂ ਹੋਰ ਕੋਈ ਸੰਕੇਤ ਨਹੀਂ।[2]

---

1. ਗੌਤਮੁ ਤਪਾ ਅਹਿਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰੁ ਲੁਭਾਇਆ
   ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ। ਪ੍ਰਭਾਤੀ ਰਾਗੁ, ਪੰਨਾ 134
2. ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ
   ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ ਸਿਰੀ ਰਾਗੁ, ਪੰਨਾ 59

## ਨਾਰਦ

ਪੁਰਾਣਾਂ ਵਿਚ ਨਾਰਦ ਦਾ ਚਿਤ੍ਰਣ ਇਕ ਧਾਰਮਿਕ ਦੇਵ ਰਿਸ਼ੀ ਦੀ ਥਾਂ ਹਾਸਯ ਜਨਕ ਵਿਅਕਤੀ ਦੇ ਰੂਪ ਵਿਚ ਵਧੇਰੇ ਕੀਤਾ ਗਿਆ ਹੈ। ਇੰਦਰ ਦੇ ਦਿਤੇ ਹੋਏ ਚਿਟੇ ਮਿਰ੍ਹ ਅਤੇ ਸੂਤ ਵਸਤ੍ਰ ਨਾਲ ਸੱਜਿਆ ਹੋਇਆ, ਕੰਨਾਂ ਵਿੱਚ ਸੋਨੇ ਦੇ ਕੁੰਡਲ ਸੋਹਿਆਂ ਤੇ ਵੀਣਾ ਅਤੇ ਸਿਰ ਉਤੇ ਬੋਦੀ। ਨਾਰਦ ਦਾ ਚਿਤ੍ਰ ਝੱਟ ਹੀ ਪਹਿਚਾਣਿਆ ਜਾਂਦਾ ਹੈ। ਪੰਜਾਬੀ ਜਗਤ ਵਿੱਚ ਇਹ ਦੇਵਤਿਆਂ, ਰਿਸ਼ੀਆਂ, ਰਾਜਿਆਂ ਆਦਿ ਨੂੰ ਭੜਕਾਉਣ ਤੇ ਬੁਝਾਉਣ ਵਾਲੇ ਪ੍ਰਾਣੀ ਵਜੋਂ ਵਧੇਰੇ ਚੰਗੀ ਤਰ੍ਹਾਂ ਜਾਣਿਆਂ ਜਾਂਦਾ ਹੈ। ਪਰ ਅਸਲ ਵਿਚ ਇਹ ਤਤ ਗਿਆਨੀ, ਇੱਕ ਵਸ਼ਿਸ਼ਟ ਸੰਗੀਤਕਾਰ ਅਤੇ ਰਾਜਨੀਤੀ ਵਿਚ ਨਿਪੁੰਨ ਵਿਅਕਤੀ ਸੀ। ਨਾਰਦ ਨੂੰ ਵਿਸ਼ਨੂੰ ਦਾ ਤੀਜਾ ਅਵਤਾਰ ਮੰਨਣ ਦੀ ਅਤੇ ਬ੍ਰਹਮਾ ਜੀ ਦਾ ਮਾਨਸ ਪੁੱਤਰ ਮੰਨਣ ਦੀ ਧਾਰਣਾ ਵੀ ਮਿਲਦੀ ਹੈ। ਇਹ ਨਰਨਰਾਇਣ ਦਾ ਉਪਾਸ਼ਕ ਸੀ।

ਗੁਰੂ ਨਾਨਕ ਕਾਵਿ ਵਿਚ ਨਾਰਦ ਦਾ ਨਾਂ ਕਈ ਥਾਈਂ ਆਇਆ ਹੈ। ਬਾਣੀ ਵਿਚ ਨਾਰਦ ਦੇ ਬ੍ਰਹਮਾ ਦਾ ਮਾਨਸ ਪੁੱਤਰ ਜਾਂ ਵਿਸ਼ਨੂੰ ਦਾ ਤੀਜਾ ਅਵਤਾਰ ਹੋਣ ਦੇ ਕੋਈ ਸੰਕੇਤ ਉਪਲਬਧ ਨਹੀਂ ਹਨ। ਕਿਸੇ ਹੋਰ ਮਿਥ ਕਥਾ ਦਾ ਵਰਨਣ ਵੀ ਨਹੀਂ ਮਿਲਦਾ। 'ਨਾਰਦ' ਨੂੰ ਮਨੁੱਖ ਦੀ ਚੰਚਲ ਬਿਰਤੀ ਦਾ ਪ੍ਰਤੀਕ ਬਣਾ ਕੇ ਹੀ ਪੇਸ਼ ਕੀਤਾ ਹੈ।[1] ਨਾਰਦ ਦਾ ਗ੍ਰੰਥਕਰਤਾ (ਪੰਚਰਾਤ੍ਰ ਗ੍ਰੰਥ) ਵਜੋਂ ਵੀ ਵਰਨਣ ਹੋਇਆ ਮਿਲਦਾ ਹੈ।[2] ਨਾਰਦ ਵਿਸ਼ੇਸ਼ ਤਾਂ ਹੀ ਹੈ ਜੇ ਇਹ ਭਗਤੀ ਭਾਵਨਾ ਵਿਚ ਰੁਝਦਾ ਹੈ। ਨਹੀਂ ਤਾਂ ਇਸ ਦੀ ਕੋਈ ਮਾਨਤਾ ਨਾਨਕ ਬਾਣੀ ਨੂੰ ਪ੍ਰਵਾਨ ਨਹੀਂ ਹੈ।[3]

---

1. (I) ਧਰਤੀ ਦੇਗ ਮਿਲੈ ਇਕ ਵੇਰ ਭਾਗ ਤੇਰਾ ਭੰਡਾਰੀ
ਨਾਸਬੂਰ ਹੋਵੈ ਫਿਰਿ ਮੰਗੈ ਨਾਰਦੁ ਕਰੇ ਖੁਆਰੀ।

ਬਸੰਤ ਰਾਗੁ (ਅਸ਼ਟਪਦੀਆਂ), ਪੰਨਾ 1191

(II) ਤਾਲ ਮਦੀਰੇ ਘਟਿ ਕੇ ਘਾਟ, ਦੋਲਕ ਦੁਨੀਆਂ ਵਾਜਹਿ ਵਾਜ
ਨਾਰਦੁ ਨਾਚੈ ਕਲਿ ਕਾ ਭਾਉ। ਜਤੀ ਸਤੀ ਕਹ ਰਾਖਹਿ ਪਾਉ।

ਆਸਾ ਰਾਗੁ(ਪਦੇ), ਪੰਨਾ 349

2. ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ। ਨਾਰਦਿ ਕਹਿਆ ਸਿ ਪੂਜ ਕਰਾਂਹੀ।
ਅੰਧੇ ਗੁੰਗੇ ਅੰਧ ਅੰਧਾਰੁ। ਪਾਥਰੁ ਲੇ ਪੂਜਹਿ ਮੁਗਧ ਗਵਾਰ।
ਓਹਿ ਜਾ ਆਪਿ ਡੁਬੇ ਤੁਮ ਕਹਾ ਤਾਰਣਹਾਰੁ।

ਬਿਹਾਗੜਾ ਰਾਗੁ(ਵਾਰ), ਪੰਨਾ 556

3. ਨਾਰਦ ਸਾਰਦ ਸੇਵਕ ਤੇਰੇ। ਤ੍ਰਿਭਵਣਿ ਸੇਵਕ ਵਡਹੁ ਵਡੇਰੇ।

ਮਾਰੂ ਰਾਗੁ(ਪਦੇ), ਪੰਨਾ 1028

**ਵਾਸੁਦੇਵ:**

ਵਾਸੁਦੇਵ ਯਾਦਵ ਰਾਜਾ ਤੇ ਕ੍ਰਿਸ਼ਨ ਜੀ ਦੇ ਪਿਤਾ ਸਨ। ਮਥਰਾ ਦੇ ਰਾਜਾ ਉਗ੍ਰਸੈਨ ਦੇ ਮੰਤ੍ਰੀ ਸਨ। ਪਾਂਡੂ ਪਤਨੀ ਕੁੰਤੀ ਇਨ੍ਹਾਂ ਦੀ ਭੈਣ ਸੀ। ਉਗ੍ਰਸੈਨ ਦੀ ਧੀ ਦੇਵਕੀ ਨਾਲ ਇਨ੍ਹਾਂ ਦਾ ਵਿਆਹ ਹੋਇਆ। ਵਾਸੁਦੇਵ ਤੇ ਦੇਵਕੀ ਨੂੰ ਕੰਸ ਦੀ ਕਰੋਪੀ ਅਧੀਨ ਕਈ ਵਰ੍ਹੇ ਕਾਰਾਵਾਸ ਦਾ ਜੀਵਨ ਬਿਤਾਉਣਾ ਪਿਆ। ਕ੍ਰਿਸ਼ਨ ਨੂੰ ਇਹ ਬਚਾ ਕੇ ਗੋਕੁਲ ਦੇ ਨੰਦ ਗੋਪ ਦੇ ਘਰ ਲੈ ਗਏ। ਭਾਗਵਤ ਅਨੁਸਾਰ ਖ਼ੁਦ ਕ੍ਰਿਸ਼ਨ ਨੇ ਕੰਸ ਨੂੰ ਮਾਰਕੇ ਕਾਰਾਗਾਰ ਤੋਂ ਇਨ੍ਹਾਂ ਨੂੰ ਮੁਕਤ ਕਰਵਾਇਆ ਸੀ।

ਨਾਨਕਬਾਣੀ ਦੇ ਕਰਤੇ ਵਲੋਂ ਵਾਸੁਦੇਵ ਸ਼ਬਦ ਦੀ ਵਰਤੋਂ ਕ੍ਰਿਸ਼ਨ ਦੇ ਪਿਤਾ ਵਜੋਂ ਨਹੀਂ ਕੀਤੀ ਗਈ ਸਗੋਂ ਇਹ ਪਦ ਪਰਮ ਪਰਾਤਪਰ ਦਾ ਸੂਚਕ ਬਣਿਆ ਹੈ।[1] ਇਸ ਤੋਂ ਇਲਾਵਾ ਹੋਰ ਕੋਈ ਮਿਥ ਸੰਕੇਤ ਵਾਸੁਦੇਵ ਨਾਲ ਸੰਬੰਧਿਤ ਬਾਣੀ ਵਿਚ ਦਰਜ ਨਹੀਂ।

**ਵਿਭੀਖਣ:**

ਇਹ ਰਾਵਣ ਦਾ ਭਰਾ ਸੀ। ਰਾਮਾਇਣ ਵਿੱਚ ਇਸਨੂੰ ਧਾਰਮਿਕ ਬਿਰਤੀਆਂ ਦਾ ਮਾਲਕ ਆਖਿਆ ਗਿਆ ਹੈ। ਇਹ ਆਪਣੇ ਸੁਭਾਵ ਵਿਰੋਧੀ ਭਰਾ ਰਾਵਣ ਨੂੰ ਛੱਡ ਕੇ ਰਾਮ ਸ਼ਰਣ ਆ ਗਿਆ ਸੀ। ਰਾਵਣ ਕੋਲ ਹੁੰਦਿਆਂ ਹੋਇਆਂ ਵੀ ਇਸ ਨੇ ਸੀਤਾ ਨੂੰ ਛੱਡ ਦੇਣ ਅਤੇ ਰਾਮ ਨਾਲ ਲੜਾਈ ਨਾਂਹ ਕਰਨ ਦੀ ਸਲਾਹ ਦਿੱਤੀ ਸੀ। ਰਾਮ ਦੀ ਸੈਨਾ ਲਈ ਇਸ ਦਾ ਸਾਥ ਬੜਾ ਲਾਹੇਵੰਦ ਸਾਬਿਤ ਹੋਇਆ ਕਿਉਂਕਿ ਇਹ ਰਾਵਣ ਤੇ ਉਸ ਦੀ ਸੈਨਾ ਸ਼ਕਤੀ ਦੇ ਗੁਝੇ ਭੇਦਾਂ ਤੋਂ ਜਾਣੂ ਸੀ। ਰਾਵਣ ਦੀ ਹਾਰ ਤੇ ਮ੍ਰਿਤੂ ਉਪਰੰਤ ਇਸ ਨੂੰ ਲੰਕਾ ਦਾ ਰਾਜਾ ਸਥਾਪਿਤ ਕੀਤਾ ਗਿਆ। ਇਸਨੂੰ ਰਾਮ ਦਾ ਆਸ਼ੀਰਵਾਦ ਹਾਸਿਲ ਸੀ। ਇਹ ਵੀ ਕਿਹਾ ਜਾਂਦਾ ਹੈ ਕਿ ਇਸ ਨੇ ਬ੍ਰਹਮਾ ਦੀ ਘੋਰ ਤਪੱਸਿਆ ਕੀਤੀ ਸੀ ਜਿਸ ਤੋਂ ਖ਼ੁਸ਼ ਹੋ ਕੇ ਬ੍ਰਹਮਾ ਨੇ ਇਸ ਨੂੰ ਅਮਰਤਵ ਤੇ ਬ੍ਰਹਮ ਅਸਤ੍ਰ ਪ੍ਰਦਾਨ ਕੀਤੇ।

---

1. (i) ਵਡਾ ਵਾਸੁਦੇਉ ਪਰਮੇਸਰੁ ਵੇਖਣ ਕਉ ਜਿਨਿ ਵੇਸੁ ਕੀਆ।
ਵੇਖੈ ਚਾਖੈ ਸਭੁ ਕਿਛੁ ਜਾਣੈ ਅੰਤਰਿ ਬਾਹਰਿ ਰਵਿ ਰਹਿਆ।

ਆਸਾ ਰਾਗੁ (ਪੱਟੀ) ਪੰਨਾ 434

(ii) ਏਕ ਕ੍ਰਿਸਨੰ ਤ ਸਰਬ ਦੇਵਾ ਦੇਵ ਦੇਵਾ ਤ ਆਤਮਾਹ।
ਆਤਮੰ ਸ੍ਰੀ ਬਾਸਦੇਵਸ੍ਯ ਜੇ ਕੋਈ ਜਾਨਸਿ ਭੇਵ।
ਨਾਨਕਤਾ ਕੋ ਦਾਸੁ ਹੈ ਸੋਈ ਨਿਰੰਜਨ ਦੇਵ।

ਸਲੋਕ ਸਹਸਕ੍ਰਿਤੀ, ਪੰਨਾ 1353.

ਰਾਮਕਲੀ ਰਾਗ (ਸਿਧ ਗੋਸਟਿ)[1] ਵਿਚ, ਗੁਰੂ ਨਾਨਕ ਦੇਵ ਜੀ ਨੇ ਵਿਭੀਖਣ ਦਾ ਨਾਂ ਸੰਕੇਤ ਵੀ ਦਿਤਾ ਹੈ। ਰਾਮ ਚੰਦਰ ਰਾਵਣ ਨੂੰ ਵਿਭੀਖਣ ਦੁਆਰਾ ਦਿੱਤੇ ਭੇਦ ਕਾਰਣ ਹੀ ਮਾਰ ਸਕੇ। ਵਿਭੀਖਣ ਵੀ ਦੈਂਤ ਜਾਂ ਰਾਖਸ਼ ਹੈ ਕੇ ਸਤ ਬਿਰਤੀਆਂ ਦਾ ਧਾਰਨੀ ਹੈ। ਗੁਰੂ ਨਾਨਕ ਕਾਵਿ ਵਿੱਚ ਵਿਭੀਖਣ ਬਾਰੇ ਹੋਰ ਕੋਈ ਮਿਥ ਕਥਾ ਜਾਂ ਸੰਕੇਤ ਉਪਲਬਧ ਨਹੀ।

ਸਨਕ ਸਨੰਦਨ:

ਬ੍ਰਹਮਾ ਦੇ ਚਾਰ ਮਾਨਸ ਪੁਤਰ ਹੋਏ: ਸਨਕ, ਸਨਤ ਕੁਮਾਰ, ਸਨੰਦ ਅਤੇ ਸਨਾਤਨ। ਸਨਕ ਨੂੰ ਸਾਖਸ਼ਾਤ ਵਿਸ਼ਨੂੰ ਦਾ ਅਵਤਾਰ ਮੰਨਿਆ ਜਾਂਦਾ ਹੈ। ਬ੍ਰਹਮਾ ਦੇ ਇਹ ਚਾਰੇ ਹੀ ਪੁੱਤਰ ਕੁਮਾਰ ਰੂਪ ਵਿਚ ਉਤਪੰਨ ਹੋਏ ਅਤੇ ਬਾਲਕ ਸਮਾਨ ਹੀ ਦਿਖਦੇ ਸਨ। ਇਸ ਲਈ ਇਨ੍ਹਾਂ ਨੂੰ ਕੁਮਾਰ ਆਖਿਆ ਜਾਂਦਾ ਹੈ। ਇਨ੍ਹਾਂ ਵਿਚੋਂ ਸਨਤ ਕੁਮਾਰ ਵਧੇਰੇ ਪ੍ਰਸਿਧ ਹੋਏ।

ਨਾਨਕਬਾਣੀ ਵਿੱਚ ਬ੍ਰਹਮਾ ਦੇ ਇਨ੍ਹਾਂ ਮਾਨਸ ਪੁਤਰਾਂ ਦੇ ਭਾਵੇਂ ਚਾਰੇ ਨਾਂ ਨਹੀਂ ਮਿਲਦੇ, ਪਰ ਭੈਰਉ ਰਾਗ ਅਤੇ ਸਾਰੰਗ ਰਾਗ ਵਿਚ[2], ਉਨ੍ਹਾਂ ਦੇ ਨਾਂ ਵਰਨਣ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਸਾਰੇ ਭਰਾਵਾਂ ਦੇ ਨਾਂ ਹੀ ਦੱਸੇ ਜਾ ਰਹੇ ਹਨ। ਇਨ੍ਹਾਂ ਨਾਲ ਸੰਬੰਧਿਤ ਮਿਥ ਕਥਾਵਾਂ ਦਾ ਕੋਈ ਪ੍ਰਸੰਗ ਨਾਨਕ ਬਾਣੀ ਵਿੱਚ ਨਹੀਂ ਆਇਆ। ਗੁਰੂ ਸਾਹਿਬ ਅਨੁਸਾਰ ਇਨ੍ਹਾਂ ਦੀ ਵਡਿਆਈ ਵੀ ਇਸੇ ਹੀ ਗੱਲ ਵਿੱਚ ਹੈ ਕਿ ਇਹ ਭਗਤੀ ਭਾਵਨਾ ਵਿੱਚ ਰਤੇ ਹੋਏ ਹਨ। ਇਨ੍ਹਾਂ ਦੀ ਇਸੇ ਭਗਤੀ ਭਾਵਨਾ ਕਰਕੇ ਤੇ ਗੁਰੂ ਦੀ ਮਿਹਰ ਦੀ ਨਜ਼ਰ ਨਾਲ, ਪ੍ਰਭੂ ਨਾਲ ਸੰਬੰਧ ਜੁੜਿਆ ਹੋਇਆ ਹੈ ਜਿਵੇਂ ਹੋਰਨਾਂ ਤਪੱਸਵੀਆਂ ਮੁਨੀਆਂ ਆਦਿ ਦਾ ਹੈ।

ਧ੍ਰੁਵ/ ਧ੍ਰੂਅ

ਧ੍ਰੁਵ ਦਾ ਸ਼ਾਬਦਿਕ ਅਰਥ ਹੈ ਸਥਿਰ ਰਹਿਣਾ, ਖੜੇ ਰਹਿਣਾ। ਧ੍ਰੂਤਾਰਾ( Pol- Star ) ਵੀ ਹੈ। ਮਿਥ ਕਥਾਵਾਂ ਅਨੁਸਾਰ ਧ੍ਰੂਅ ਉਤਾਨਪਾਦ ਰਾਜਾ ਦੀ ਪਤਨੀ ਸੁਨੀਤੀ ਦਾ ਪੁਤਰ ਸੀ। ਸੁਰੁਚਿ ਇਸ ਦੀ ਮਤ੍ਰੇਈ ਮਾਂ ਸੀ। ਆਪਣੀ ਮਤ੍ਰੇਈ ਮਾਂ ਦੇ ਵਰਤਾਰੇ ਤੋਂ ਤੰਗ ਆ ਕੇ ਇਸ ਨੇ ਬਚਪਨ ਵਿਚ ਹੀ,

---

1. ਰਾਮਚੰਦਿ ਮਾਰਿਓ ਅਹਿ ਰਾਵਣੁ। ਭੇਦੁ ਬਭੀਖਣ ਗੁਰਮੁਖਿ ਪਰਚਾਇਣੁ।
ਆਦਿ ਗ੍ਰੰਥ, ਪੰਨਾ 942 .

2. (i ਸਨਕ ਸਨੰਦਨ ਤਪਸੀ ਜਨ ਕੇਤੇ ਗੁਰ ਪਰਸਾਦੀ ਪਾਰਿ ਪਰੇ।
ਆਦਿ ਗ੍ਰੰਥ, ਪੰਨਾ 1124.

(ii) ਸਨਕ ਸਨਾਦਿ ਬ੍ਰਹਮਾਦਿ ਇੰਦ੍ਰਾਦਿਕ ਭਗਤਿ ਰਤੇ ਬਨਿਆਈ।
ਆਦਿ ਗ੍ਰੰਥ, ਪੰਨਾ 1197-98.

ਮਾਂ ਦੀ ਪ੍ਰੇਰਣਾ ਤੇ ਨਾਰਦਮੁਨੀ ਦੇ ਮੰਤ੍ਰ ਉਪਦੇਸ਼ ਸਦਕਾ, ਘੋਰ ਤਪੱਸਿਆ ਕਰਕੇ ਵਿਸ਼ਨੂੰ ਦੇ ਸਾਖਸ਼ਾਤ ਦਰਸ਼ਨ ਕੀਤੇ। ਵਿਸ਼ਨੂੰ ਨੇ ਇਸਦੀਆਂ ਸਾਰੀਆਂ ਕਾਮਨਾਵਾਂ ਪੂਰੀਆਂ ਕੀਤੀਆਂ। ਪਿਛੋਂ ਰਾਜਾ ਉਤਾਨਪਾਦ ਨੇ ਇਸਨੂੰ ਰਾਜ ਸਿੰਘਾਸਨ ਦਿੱਤਾ ਜਿਸ ਉਤੇ ਇਸ ਨੇ 36 ਹਜ਼ਾਰ ਵਰ੍ਹੇ ਰਾਜ ਕੀਤਾ।[1]

ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਵਿੱਚ ਧ੍ਰੂਅ ਦਾ ਸੰਕੇਤ ਦਿੱਤਾ ਹੈ, ਕਥਾ ਨਹੀਂ ਦਿੱਤੀ। ਆਪ ਅਨੁਸਾਰ ਧ੍ਰੂਅ ਵਰਗੇ ਤਪੱਸਵੀ ਅਤੇ ਰਾਜੇ ਅਨੇਕ ਹੋਏ ਹਨ।

ਗੋਰਖ:

ਜੋਗੀਆਂ ਦਾ ਆਚਾਰਯ ਜਿਸਦੀ ਜੋਗਮਤ ਵਿੱਚ ਬੜੀ ਮਾਨਤਾ ਹੈ। ਇਸ ਦਾ ਜਨਮ ਗੋਰਖਪੁਰ ਨਗਰ ਵਿੱਚ ਹੋਇਆ ਮੰਨਿਆ ਜਾਂਦਾ ਹੈ। ਗੋਰਖ ਦੀ ਨੌ ਨਾਥਾਂ ਵਿੱਚ ਗਿਣਤੀ ਹੈ। ਜੋਗੀਆਂ ਦੇ ਕਨਪਟਾ ਪੰਥ ਦਾ ਬਾਨੀ ਇਹੋ ਗੋਰਖ ਹੀ ਆਖਿਆ ਜਾਂਦਾ ਹੈ।

ਗੁਰੂ ਨਾਨਕ ਦੇਵ ਜੀ ਨੇ 'ਗੋਰਖਪਦ' ਇਤਿਹਾਸਕ ਵਿਅਕਤੀ ਵਾਸਤੇ ਵੀ ਵਰਤਿਆ ਹੈ ਤੇ ਪਾਰਬ੍ਰਹਮ ਦਾ ਨਾਂ ਬੋਧ ਕਰਾਉਣ ਵਾਲੇ ਦੇ ਰੂਪ ਵਿਚ ਵੀ। ਸਿਧ ਗੋਸ਼ਟ ਵਿਚ ਗੋਸ਼ਟ ਸਮੇਂ ਲੁਹਾਰੀਪਾ ਨੂੰ ਇਸਦਾ ਚੇਲਾ ਕਰਕੇ ਲਿਖਿਆ ਗਿਆ ਹੈ।[2] ਗੁਰਮਤ ਵਿਚ ਗੋਰਖ ਉਹ ਹੈ ਜਿਸਨੇ ਧਰਤੀ ਦਾ ਭਾਰ ਉਠਾ ਰਖਿਆ ਹੈ। ਉਹ ਪਰਮ ਪਰਾਤਪਰ ਤੋਂ ਸਿਵਾ ਹੋਰ ਕੋਈ ਨਹੀਂ ਹੋ ਸਕਦਾ।[3] ਇਸ ਪਰਮ ਪਰਾਤਪਰ ਗੋਰਖ[4] ਦਾ ਵਿਸਤਾਰ ਇਉਂ ਹੈ। 'ਸ਼ਰੀਰ ਉਪਰ ਦਸਮ ਦੁਆਰ, ਉਸ ਪੁਰ ਵਸਣ ਵਾਲਾ ਪਰਮਾਤਮਾ, ਫਿਰ ਉਸਦਾ ਗੁਰੂ ਜੋ ਅਗਮ ਰੂਪ ਹੈ(ਪਾਰ ਬ੍ਰਹਮ) ਉਸ ਵਿਚ ਨਿਵਾਸ ਕਰਤਾ ਸਤਿਗੁਰੂ।ਗੋਰਖ ਤੋਂ ਇਲਾਵਾ ਹੋਰ ਜੋਗੀਆਂ ਦੇ ਨਾਵਾਂ ਵਿਚ ਭਰਥਰੀ ਹਰੀ, ਮਛਿੰਦਰ, ਲੋਹਾਰੀਪਾ ਅਤੇ ਚਰਪਟ ਆਦਿ ਦਾ ਨਾਂ ਦਾ ਵਰਣਨ ਹੋਇਆ ਹੈ। ਜੋ ਇਤਿਹਾਸਕ ਵਿਅਕਤੀ ਸਨ। ਲੋਕ ਬਿਰਤੀ ਇਨ੍ਹਾਂ ਨੂੰ ਰਿਧੀਆਂ ਸਿਧੀਆਂ ਤੇ ਹੋਰ ਕਰਾਮਾਤਾਂ ਦੇ ਮਾਲਿਕ ਮੰਨਦੀ ਸੀ। ਇਨ੍ਹਾਂ ਦੁਆਲੇ ਲੋਕ ਕਥਾਵਾਂ ਦਾ ਨਿਰਮਾਣ ਹੋਇਆ। ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਸੰਬੰਧੀ ਰਿਧੀਆਂ ਸਿਧੀਆਂ ਜਾਂ ਕਰਾਮਾਤੀ ਸ਼ਕਤੀ ਦੀਆਂ ਮਨੌਤਾਂ ਮੰਨਣ ਦੀ ਥਾਂ ਸਗੋਂ ਕਰਾਮਾਤਾਂ ਆਦਿ ਦਾ ਖੰਡਨ ਕੀਤਾ ਹੈ। 'ਰਿਧਿ ਸਿਧਿ ਅਵਰਾ ਸਾਦ' ਆਖਿਆ ਹੈ। ਇਨ੍ਹਾਂ ਨੂੰ ਸਿਖ ਸ਼ਖਸੀਅਤਾਂ ਕਹਿਣ ਦਾ ਪ੍ਰਸ਼ਨ ਹੀ ਨਹੀਂ ਉਠਦਾ ਕਿਉਂਕਿ ਕੁਝ ਨਾਲ ਤਾਂ ਆਪ ਦੀ ਇਛਾ ਨਾਲ ਹੋਈ ਚਰਚਾ ਵਾਰਤਾ ਦੇ ਪ੍ਰਮਾਣ ਵੀ ਆਪ ਦੀ ਬਾਣੀ ਦੇ ਰਹੀ ਹੈ।

---

1. ਮਹਾਨ ਕੋਸ਼, ਪੰਨਾ 505
2. 'ਗੋਰਖ ਪੂਤ ਲੁਹਾਰੀਪਾ ਬੋਲੈ', ਸਿਧ ਗੋਸਟਿ, ਪੰਨਾ 939
3. 'ਗੋਰਖੁ ਸੋ ਜਿਨਿ ਗੋਇ ਉਠਾਲੀ', ਰਾਮਕਲੀ ਰਾਗ, ਪੰਨਾ 877
4. 'ਉਪਰਿ ਗਗਨੁ ਗਗਨ ਪਰਿ ਗੋਰਖੁ ਤਾ ਕਾ ਅਗਮੁ ਗੁਰੂ ਪੁਨਿ ਵਾਸੀ', ਮਾਰੂ ਰਾਗੁ, ਪੰਨਾ 992

## (ਕ) ਭਾਰਤੀ ਮਿਥਿਹਾਸ ਦੀਆਂ ਅਸੁਰ ਪ੍ਰਕਿਰਤੀਆਂ

ਮਿਥ ਜਗਤ ਵਿਚ ਸੁਰ ਅਤੇ ਅਸੁਰ ਦੇ ਆਪਸੀ ਵਿਰੋਧ ਦਾ ਨਿਰੰਤਰ ਪ੍ਰਗਟਾਵਾ ਮਿਲਦਾ ਹੈ। ਜਿਵੇਂ ਈਸਾਈ ਅਤੇ ਮੁਸਲਮ ਧਰਮਾਂ ਵਿਚ ਪੈਗੰਬਰ ਅਤੇ ਸ਼ੈਤਾਨ ਦੇ ਵਿਰੋਧ ਦਾ। ਪੈਗੰਬਰ ਤੇ ਸ਼ੈਤਾਨ ਦਾ ਵਿਰੋਧ ਨੂਰੀ ਤੇ ਨਾਰੀ ਦਾ ਵਿਰੋਧ ਹੈ, ਜਿਸ ਵਿਚ ਵਿਕਾਸ ਦੀ ਸੰਭਾਵਨਾ ਨਹੀਂ ਪਰ ਹਿੰਦੂ ਮਿਥ ਜਗਤ ਵਿਚ ਕਦੇ ਅਜਿਹਾ ਵੀ ਸਮਾਂ ਸੀ 'ਜਦੋਂ ਸੁਰ ਅਤੇ ਅਸੁਰ ਦੀ ਆਪਸੀ ਵਿਰੋਧ ਦੀ ਭਾਵਨਾ ਘੱਟ ਸੀ।'[1] ਵੇਦਾਂ ਵਿੱਚ ਕਈ ਥਾਵਾਂ ਤੇ ਅਸੁਰ ਸ਼ਬਦ ਚੰਗੇ ਅਰਥਾਂ ਵਿਚ ਵੀ ਆਇਆ ਹੈ। ਕੁਝ ਮੰਤ੍ਰਾਂ ਵਿੱਚ ਇੰਦ੍ਰ ਦੇ ਅਸੁਰਤਵ ਦੀ ਪ੍ਰਸੰਸਾ ਕੀਤੀ ਗਈ ਹੈ।[2] ਦੇਵਤਿਆਂ ਦਾ ਅਤੇ ਅਸੁਰਾਂ ਦਾ ਆਰੰਭ ਬਿੰਦੂ ਵੀ ਇਕੋ ਰਿਸ਼ੀ ਹੈ। ਮਹਾਂ ਰਿਸ਼ੀ ਕਸ਼ਯਪ ਦੀ ਪਤਨੀ ਅਦਿਤੀ ਤੋਂ ਦੇਵਾਂ ਦਾ ਜਨਮ ਹੋਇਆ। ਉਨ੍ਹਾਂ ਦੀ ਦਿੱਤੀ ਅਤੇ ਦਨੁ ਨਾਂ ਦੀ ਪਤਨੀ ਤੋਂ ਦੈਤਾਂ ਅਤੇ ਦਾਨਵਾਂ ਦਾ ਅਤੇ ਮਨੁ ਨਾਂ ਦੀ ਪਤਨੀ ਤੋਂ ਮਾਨਵ ਅਰਥਾਤ ਮਨੁੱਖਾਂ ਦਾ ਜਨਮ ਹੋਇਆ।[3]

ਕਦੇ ਦੇਵਤੇ, ਅਸੁਰ ਅਤੇ ਮਨੁੱਖ ਇਕ ਦੂਜੇ ਤੋਂ ਦੂਰ ਨਹੀਂ ਸਨ। ਇਨ੍ਹਾਂ ਦੇ ਆਪਸੀ ਸੰਬੰਧਾਂ ਵਿੱਚ ਰਿਸ਼ਤੇ ਨਾਤੇ ਇਕ ਕੜੀ ਦਾ ਕੰਮ ਦੇਂਦੇ ਸਨ। ਕ੍ਰਿਸ਼ਨ ਦੇ ਪੋਤਰੇ ਦਾ ਵਿਆਹ ਬਾਣਾਸੁਰ ਦੀ ਪੁਤ੍ਰੀ ਨਾਲ ਹੋਇਆ ਸੀ। ਦੇਵ ਰਾਜ ਇੰਦ੍ਰ ਦੀ ਕੰਨਿਆ ਜਯੰਤੀ ਨਾਲ ਅਸੁਰ ਗੁਰੂ ਸ਼ੁਕਰਾਚਾਰੀਆ ਦਾ ਵਿਆਹ ਹੋਇਆ ਸੀ। ਪੁਰਾਣਾਂ ਵਿਚ ਹੌਲੀ ਹੌਲੀ ਵਖਰਤਾ ਦੀ ਬਿਰਤੀ ਬੜੀ ਪ੍ਰਬਲ ਰੂਪ ਵਿਚ ਉਘੜੀ ਹੈ। ਆਪਸੀ ਸੰਬੰਧਾਂ ਵਿਚ ਖਿਚੋਤਾਣ, ਆਪਣੇ ਵੈਭਵ ਨੂੰ ਸਥਾਪਿਤ ਕਰਨ ਲਈ ਸੰਘਰਸ਼, ਸਮੁੰਦਰ ਮੰਥਨ ਅਤੇ ਅੰਮ੍ਰਿਤ ਦੀ ਖੋਹਾਂ ਖੁਹਾਈ ਆਦਿ ਨੇ, ਅਸੁਰਾਂ ਤੋਂ ਸੁਰਾਂ ਨੂੰ ਨਿਰ ਸੰਬੰਧਿਤ ਕਰ ਦਿੱਤਾ। ਦੈਂਤ ਸਮੂਹੇ ਰੂਪ ਵਿਚ ਅਸੁਰੀ ਬਿਰਤੀ ਦਾ ਲਖਾਇਕ ਬਣ ਗਏ ਅਤੇ ਇਹ ਸੰਕਲਪ ਹੌਲੀ ਹੌਲੀ ਦ੍ਰਿੜ ਹੋ ਗਿਆ। ਇਸ ਬਿਰਤੀ ਤੇ ਅਸੁਰੀ ਸ਼ਕਤੀ ਦਾ ਵਿਨਾਸ਼ ਕਰਨ ਲਈ, ਰਾਮ ਅਵਤਾਰ ਧਾਰਦੇ ਹਨ ਤਾਂ ਰਾਵਨ ਨੂੰ ਸਪਰਿਵਾਰ ਉਪਰੰਤ ਮਾਰ ਦੇਂਦੇ ਹਨ। ਕ੍ਰਿਸ਼ਨ ਅਵਤਾਰ ਵਿੱਚ ਵਿਸ਼ਨੂੰ ਜੀ ਮਹਾਰਾਜ ਹੱਥੋਂ ਕੰਸ, ਕੇਸ਼ਿ, ਕਾਲਜਮੁਨ, ਚਾਣੂਰ, ਜਰਾਸੰਧ ਅਤੇ ਹੋਰ ਅਨੇਕ ਦੈਂਤ ਮਾਰੇ ਜਾਂਦੇ ਹਨ। ਪਰਸ਼ੁਰਾਮ ਸਹਸਬਾਹੂ ਨੂੰ ਮ੍ਰਿਤੂ ਧਾਮ ਪਹੁੰਚਾਉਂਦੇ ਹਨ। ਨਰ ਸਿੰਘ ਅਵਤਾਰ ਰਾਹੀਂ ਹਰਨਾਖਸ਼ ਦਾ ਨਾਸ਼ ਹੁੰਦਾ ਹੈ। ਵਾਮਨ ਅਵਤਾਰ ਵਿੱਚ ਵੀ ਦੈਂਤ ਰਾਜ ਬਲੀ, ਵਿਸ਼ਨੂੰ ਮਹਾਰਾਜ ਹਥੋਂ ਪਤਾਲ ਲੋਕ ਦੇ ਵਾਸੀ ਬਣਦੇ ਹਨ। ਸੋ ਦੇਵ ਅਤੇ ਦੈਂਤ ਵਿਰੋਧ ਦਾ ਚੱਕਰ ਅਮੁਕਵਾਂ ਚੱਕਰ ਹੈ। ਅਸੁਰੀ ਬਿਰਤੀਆਂ ਨੂੰ ਮੁਕਾਉਣ ਲਈ ਕਲਕੀ ਨੇ ਹਾਲੇ ਅਵਤਾਰ ਧਾਰਨ ਕਰਨਾ ਹੈ।

---

1. ਡਾ: ਸੰਪੂਰਨਾਨੰਦ, 'ਹਿੰਦੂ ਦੇਵ ਪਰਿਵਾਰ ਕਾ ਵਿਕਾਸ', ਪੰਨਾ 8
2. ਉਹੀ, ਪੰਨਾ, 8
3. ਉਹੀ, ਪੰਨਾ 8

ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਰਾਵਣ, ਹਰਨਾਖਸ਼, ਕੰਸ, ਕਾਲਨੇਮ, ਕੇਸ਼ੀ, ਕਾਲਜਾਮਨ, ਚਾਣੂਰ, ਸਕੰਧ, ਰਕਤਬੀਜ, ਮਹਜ ਧਸ਼ੂ, ਮਧੁਕੀਟ, ਮਹਿਖਾਸੁਰ ਆਦਿ, ਦੈਂਤਾਂ ਦੇ ਨਾਂ ਆਏ ਹਨ। ਕੁਝ ਕੁ ਦੇ ਨਾਂ ਮਿਥ ਕਥਾਵਾਂ ਦੇ ਅੰਤਰਗਤ ਆਏ ਹਨ ਤੇ ਕੁਝ ਕੁ ਦਾ ਕੇਵਲ ਪ੍ਰਸੰਗ ਦੇ ਅੰਤਰਗਤ ਨਾਂ ਵਰਨਣ ਹੀ ਹੋਇਆ ਹੈ। ਇਨ੍ਹਾਂ ਕਥਾਵਾਂ ਅਤੇ ਨਾਂ-ਸੰਕੇਤਾਂ ਵਿਚ ਪਰਮਾਤਮਾ ਦੀ 'ਅਸੁਰ ਸੰਘਾਰਕ ਬਿਰਤੀ' ਦੀ ਪ੍ਰਸੰਸਾ ਹੋਈ ਹੈ। ਇਨ੍ਹਾਂ ਸੰਕੇਤਾਂ ਰਾਹੀਂ ਪ੍ਰਸੰਗਾਂ ਵਿਚ ਗਹਿਰਾਈ, ਵਿਆਖਿਆ ਅਤੇ ਸੰਜਮ ਦਾ ਖੂਬਸੂਰਤ ਸੁਮੇਲ ਭਰਿਆ ਗਿਆ ਹੈ। ਦੈਂਤ ਪ੍ਰਸੰਗਾਂ ਦੀ ਵਿਆਖਿਆ ਇਉਂ ਹੈ।

ਹਿਰਣਯਕਸ਼ਿਪ/ਹਰਨਾਖਸ਼:

ਹਿਰਣਯਾਕਸ਼ ਤੇ ਹਿਰਣਯਕਸ਼ਿਪ ਵਿਚ ਅੰਤਰ ਹੈ। ਹਿਰਣਯਾਕਸ਼ ਉਹ ਦੈਂਤ ਸੀ ਜਿਹੜਾ ਪ੍ਰਿਥਵੀ ਨੂੰ ਸਾਗਰ ਵਿਚ ਲਿਜਾ ਕੇ ਛੁਪ ਗਿਆ ਸੀ ਅਤੇ ਪ੍ਰਿਥਵੀ ਦਾ ਉਧਾਰ ਕਰਨ ਲਈ ਵਿਸ਼ਨੂੰ ਨੂੰ ਵਰਾਹ ਅਵਤਾਰ ਧਾਰਨ ਕਰਨਾ ਪਿਆ ਸੀ।

ਸਾਡਾ ਸੰਬੰਧ ਹਿਰਣਯਕਸ਼ਿਪ ਨਾਲ ਹੈ ਜਿਸਨੂੰ ਨਾਨਕ ਬਾਣੀ ਵਿਚ 'ਹਰਨਾਖਸ਼' ਲਿਖਿਆ ਗਿਆ ਹੈ। ਹਰਨਾਖਸ਼ ਨੇ ਵਰਾਹ ਹੱਥੋਂ ਮਾਰੇ ਗਏ ਆਪਣੇ ਭਰਾ ਹਿਰਣਯਾਕਸ਼ ਦਾ ਬਦਲਾ ਲੈਣ ਲਈ ਸੌ ਸਾਲ ਤਕ ਭਗਤੀ ਕਰਕੇ ਅਵਧਯ ਹੋਣ ਦਾ ਵਰ ਪ੍ਰਾਪਤ ਕਰ ਲਿਆ। ਪਰ ਇਹਦੇ ਆਪਣੇ ਪੁਤਰ ਪ੍ਰਹਿਲਾਦ ਦਾ ਝੁਕਾਅ ਵਿਸ਼ਨੂੰ ਵੱਲ ਸੀ ਜਿਸ ਤੋਂ ਗੁੱਸੇ ਹੋ ਕੇ ਇਹਨੇ ਪ੍ਰਹਿਲਾਦ ਨੂੰ ਕਸ਼ਟ ਦਿੱਤੇ ਅਤੇ ਮਰ-ਵਾਉਣ ਦੀ ਕੋਸ਼ਿਸ਼ ਕੀਤੀ। ਵਿਸ਼ਨੂੰ ਆਪਣੇ ਭਗਤ ਦੀ ਰੱਖਿਆ ਹਿਤ ਅਤੇ ਆਪਣੀ ਸਰਬ ਉੱਚਤਾ ਸਥਾਪਤ ਕਰਨ ਹਿਤ, ਨਰ ਸਿੰਘ ਰੂਪ ਵਿਚ ਥੰਮ ਪਾੜ ਕੇ ਪ੍ਰਗਟ ਹੋਏ ਅਤੇ ਹਿਰਣਯਕਸ਼ਿਪ ਨੂੰ ਬ੍ਰਹਮਾ ਰਾਹੀਂ ਮਿਲੇ ਵਰਦਾਨਾਂ ਨੂੰ ਬਿਨਾ ਭੰਗ ਕੀਤੇ ਆਪਣੇ ਨਖਾਂ ਨਾਲ ਮਾਰ ਦਿੱਤਾ।

ਹਿਰਣਯਕਸ਼ਿਪ ਨੂੰ ਦੈਂਤ ਕੁੱਲ ਦਾ ਆਦਿ ਪੁਰਖ ਮੰਨਿਆ ਜਾਂਦਾ ਹੈ। ਪੁਰਾਣਾਂ ਦਾ ਇਹ ਸੁਵਿਖਿਆਤ ਦੈਂਤ ਹੈ। ਇਸੇ ਹੀ ਕੁੱਲ ਵਿੱਚ ਪ੍ਰਹਿਲਾਦ ਅਤੇ ਬਲਿ ਵਰਗੇ ਦੈਂਤ ਪਰ ਦਿਆਲੂ ਰਾਜੇ ਪੈਦਾ ਹੋਏ।[1]

ਗੁਰੂ ਨਾਨਕ ਸਾਹਿਬ ਅਨੁਸਾਰ, ਭਾਵੇਂ ਪ੍ਰਹਿਲਾਦ ਵੀ ਦੈਂਤ ਪੁਤਰ ਹੈ ਪਰ ਉਸ ਵਿਚ ਭਗਤੀ ਭਾਵਨਾ ਪ੍ਰਬਲ ਹੈ। ਹਰਨਾਖਸ਼, ਦੁਰਾਚਾਰ ਵਾਲਾ ਵਿਅਕਤੀ ਹੈ। ਦੁਰਾਚਾਰ ਦਾ ਨਾਸ਼ ਹੁੰਦਾ ਹੈ,

---

1. (ੳ) ਪ੍ਰਾਚੀਨ ਚਰਿਤ੍ਰ ਕੋਸ਼, ਪੰਨਾ 1110-1111
   (ਅ) ਹਿੰਦੂ ਮਿਥਿਹਾਸ ਕੋਸ਼, ਪੰਨਾ 16

ਦੁਰਾਚਾਰੀ ਨੂੰ ਵੀ ਵਿਨਾਸ਼ ਹੋਣਾ ਪਵੇਗਾ। ਪ੍ਰਭੂ ਨੂੰ ਨਰ ਸਿੰਘ ਰੂਪ ਵਿਚ ਇਸਦਾ ਗਰਬ ਪ੍ਰਹਾਰਨ ਲਈ ਅਵਤਰਿਤ ਹੋਣਾ ਪਿਆ।[1] ਐਸੇ ਗਰਬ ਪ੍ਰਹਾਰਨ ਤੇ ਦੁਰਾਚਾਰ ਦੇ ਨਾਸ਼ ਦੇ ਪ੍ਰਸੰਗ ਵਿੱਚ ਅਵਤਾਰ ਧਾਰਨਾ ਦੀ ਪ੍ਰਤੀਤਿ ਹੁੰਦੀ ਹੈ, ਪਰ ਵਿਸ਼ਨੂੰ, ਦੇਵ ਨਹੀਂ, ਪ੍ਰਭੂ ਖੁਦ ਦੇਵ ਹੈ। ਉਹ ਨਿਰਾਕਾਰ ਤੋਂ ਸਾਕਾਰ ਹੋਇਆ ਹੈ।

**ਰਾਵਣ :**

ਰਾਵਣ (ਦਸ਼ਗ੍ਰੀਵ) ਦਸ ਸਿਰਾਂ ਵਾਲਾ, ਜਿਹੜਾ ਕਿ ਲੰਕਾ ਦਾ ਪ੍ਰਸਿੱਧ ਸਮਰਾਟ ਸੀ; ਅਤੇ ਰਾਮਾਇਣ ਮਹਾਂ ਕਾਵਿ ਦਾ ਖਲਨਾਇਕ। ਬ੍ਰਹਮਾ ਦੀ ਭਗਤੀ ਉਪਰੰਤ ਮਿਲੇ ਵਰ ਨਾਲ ਇਹ ਸ਼ਕਤੀ ਸੰਪੰਨ ਹੋ ਗਿਆ ਤੇ ਦੇਵਤਿਆਂ ਅਤੇ ਰਾਜਿਆਂ ਦੀ ਸ਼ਕਤੀ ਸਮਰੱਥਾ ਦੇ ਮੌਤ ਤੋਂ ਮੁਕਤ ਹੋ ਗਿਆ। ਦੇਵਤੇ ਇਸ ਦਾ ਪਾਣੀ ਭਰਦੇ ਸਨ। ਇਸਦੇ ਦਸ ਸਿਰ, ਵੀਹ ਬਾਹਵਾਂ, ਤਾਂਬੇ ਰੰਗੀਆਂ ਅੱਖਾਂ, ਪਹਾੜ ਵਰਗੀ ਸ਼ਕਲ, ਚੰਦਰਮਾ ਜਿਹਾ ਮੂੰਹ, ਇਕ ਭਿਅੰਕਰ ਤਸਵੀਰ ਬਣਾਉਂਦੇ ਹਨ। ਕਾਲ ਇਸਦੇ ਵੱਸ ਸੀ। ਆਪਣੇ ਜੀਵਨ ਕਾਲ ਵਿਚ ਹੋਈਆਂ ਲੜਾਈਆਂ ਵਿੱਚ ਇਸਨੇ ਕੇਵਲ ਕਾਰਤਵੀਰਜ ਅਤੇ ਰਾਮ ਕੋਲੋਂ ਹੀ ਹਾਰ ਖਾਧੀ।

**ਕਾਲਨੇਮੀ :**

ਲੰਕਾ ਦਾ ਇਕ ਰਾਖਸ਼- ਜਿਸਨੂੰ ਰਾਵਣ ਨੇ ਗੰਧ-ਮਾਦਨ ਪਰਬਤ ਉਤੇ, ਰਿਸ਼ੀ ਰੂਪ ਵਿਚ, ਹਨੂਮਾਨ ਦੇ ਰਾਹ ਵਿੱਚ ਰੁਕਾਵਟ ਪਾਉਣ ਦੇ ਆਸ਼ੇ ਨਾਲ ਭੇਜਿਆ ਤਾਂ ਜੋ ਸੰਜੀਵਨੀ ਬੂਟੀ ਸਮੇਂ ਸਿਰ ਨਾ ਪੁੱਜ ਸਕੇ। ਪਰ ਹਨੂਮਾਨ ਨੂੰ ਇਕ ਅਪਸਰਾ ਨੇ ਚੌਕੰਨਾ ਕਰ ਦਿੱਤਾ ਜਿਸ ਕਰਕੇ ਹਨੂਮਾਨ ਨੇ ਉਸਨੂੰ ਵੱਢ ਦਿੱਤਾ।[2]

ਇਕ ਹੋਰ ਕਥਾ ਵਿੱਚ ਇਸ ਨੂੰ ਵਿਰੋਚਨ ਦਾ ਪੁੱਤਰ, ਅਤੇ ਹਿਰਨਕਸ਼ਿਪੂ ਦਾ ਪੋਤਰਾ ਆਖਿਆ ਗਿਆ ਹੈ। ਜਿਸਨੂੰ ਵਿਸ਼ਨੂੰ ਨੇ ਮਾਰ ਦਿੱਤਾ ਸੀ, ਪਰ ਮਗਰੋਂ ਫਿਰ ਇਸ ਨੇ ਕੰਸ ਦੇ ਰੂਪ ਵਿਚ ਜਨਮ ਲਿਆ।

---

1. (ੳ) ਦੁਸਟੁ ਹਰਣਾਖਸੁ ਦੁਰਾਚਾਰੀ।
ਪ੍ਰਭੁ ਨਾਰਾਇਣੁ ਗਰਬ ਪ੍ਰਹਾਰੀ।
ਪ੍ਰਹਲਾਦ ਉਧਾਰੇ ਕਿਰਪਾ ਧਾਰੀ। ਗਉੜੀ ਮਹਲਾ (ਅਸ਼ਟਪਦੀਆਂ), ਪੰਨਾ 224
(ਅ) ਹਰਣਾਖਸੁ ਨਖਹ ਬਿਦਾਰਿਆ, ਉਹੀ ਪੰਨਾ 224

2. (ੳ) ਪ੍ਰਾਚੀਨ ਚਰਿਤ੍ਰ ਕੋਸ਼, ਪੰਨਾ 138-39
(ਅ) ਹਿੰਦੂ ਮਿਥਿਹਾਸ ਕੋਸ਼, ਪੰਨਾ 185-86

ਗੁਰੂ ਨਾਨਕਬਾਣੀ ਵਿਚ ਰਾਵਣ ਨਾਲ ਸੰਬੰਧਿਤ ਮਿੱਥ ਕਥਾਵਾਂ ਦੇ ਬੀਜ ਰੂਪ ਹੀ ਦਰਜ ਹੋਏ ਹਨ। ਇਨ੍ਹਾਂ ਦਾ ਸੰਬੰਧ ਵਧੇਰੇ ਕਰਕੇ ਰਾਵਣ ਨਾਲ ਯੁੱਧ ਤੇ ਯੁੱਧ ਵਿਚ ਹਨੂਮਾਨ ਦੀ ਸਹਾਇਤਾ ਨਾਲ ਰਾਵਣ ਦਾ ਰਾਮ ਦੁਆਰਾ ਮਾਰਿਆ ਜਾਣਾ ਹੀ ਸ਼ਾਮਲ ਹੈ। ਰਾਵਣ ਦੇ ਨਾਲ ਹੋਰ ਮਿੱਥ ਕਥਾਵਾਂ ਦਾ ਵਰਨਣ ਨਹੀਂ ਹੋਇਆ।

ਰਾਵਣ ਮੁਗਧ ਅਤੇ ਅਚੇਤ ਹੈ। ਵਿਦਵਾਨ ਹੋ ਕੇ ਵੀ ਜਦੋਂ ਮਨੁੱਖ ਅੰਦਰ, ਹਉਮੈ, ਸ਼ਕਤੀ ਦਾ ਅਭਿਮਾਨ, ਕਾਮ ਲਾਲਸਾ, ਪਸ਼ੂਵੀ ਵਾਸਨਾ ਜਿਹੇ ਨੀਚ ਬਿਰਤੀ ਦੇ ਲਖਾਇਕ ਅਵਗੁਣ ਪ੍ਰਧਾਨ ਹੋ ਜਾਣ ਤਾਂ ਕਿਸੇ ਰਾਹੀਂ ਉਸਦਾ ਵਿਨਾਸ਼ ਹੋਣਾ ਜ਼ਰੂਰੀ ਬਣ ਜਾਂਦਾ ਹੈ। ਗਰਬ ਤਾਂ ਦੇਵਤਿਆਂ ਤੇ ਅਵਤਾਰਾਂ ਨੂੰ ਵੀ ਮਾਰਦਾ ਹੈ। ਪ੍ਰਭੂ ਦੇ ਸਥਾਪਿਤ ਵਿਧਾਨ ਵਿੱਚ 'ਗਰਬ ਭਾਵਨਾ' ਦੀ ਕੋਈ ਥਾਂ ਨਹੀਂ। ਰਾਮ ਦੀ ਰਾਵਣ ਉਤੇ ਚੜ੍ਹਾਈ, ਹਨੂਮਾਨ ਦੀ ਮਦਦ, ਦੈਂਤ ਦਾ ਨਾਸ਼, ਲੰਕਾ ਦੀ ਤਬਾਹੀ, ਸਭ ਭਾਣੇ ਦਾ ਅੰਗ ਹਨ। ਰਾਮ ਦੀ ਵਿਸ਼ੇਸ਼ਤਾ ਏਸੇ ਕਰਕੇ ਹੈ ਕਿਉਂਕਿ ਉਹ ਸਤ ਬਿਰਤੀ ਦਾ ਲਖਾਇਕ ਹੈ, ਪ੍ਰਭੂ ਸੰਤਾਂ ਦਾ ਅਨੁਯਾਈ ਹੈ ਅਤੇ ਏਸ ਪ੍ਰਭੂ ਸੰਤਾਂ ਦੀ ਸਥਾਪਤੀ ਲਈ ਅਸੁਰ ਸੰਘਾਰਣ ਵਿੱਚ ਤਤਪਰ ਹੁੰਦਾ ਹੈ।[1] ਸਤਿਗੁਰ ਦੀ ਰਜ਼ਾ ਵਿਚ ਚਲਣਾ ਵਿਕਾਸ ਹੈ, ਪ੍ਰਭ ਦੀ ਰਜ਼ਾ ਤੋਂ ਵਿਰੁਧ ਚਲਣਾ ਵਿਨਾਸ਼ ਹੈ।

ਗੁਰੂ ਨਾਨਕਬਾਣੀ ਵਿਚ ਕਾਲ ਨੇਮ ਦਾ ਨਾਂ ਸੰਕੇਤ ਹੀ ਆਇਆ ਹੈ। ਕੋਈ ਹੋਰ ਸੰਕੇਤ ਨਹੀਂ ਦਿੱਤਾ ਗਿਆ ਜਿਸ ਤੋਂ ਇਹ ਸਪਸ਼ਟ ਹੋ ਸਕੇ ਕਿ ਕਾਲਨੇਮ ਕਿਹੜਾ ਸੀ। ਪਰ ਕਿਉਂਕਿ ਦੋਨੋ ਹੀ ਰਾਕਸ਼ਸ ਸਨ, ਅਤੇ ਦੈਂਤ ਰਕਤਬੀਜ ਇਤਿਆਦਿ ਦਾ ਨਾਸ ਹੋਣਾ ਜ਼ਰੂਰੀ ਹੈ। ਹੰਕਾਰ ਦਾ, ਸ਼ੁਭ ਕੰਮ ਵਿਚ ਵਿਘਨ ਪਾਉਣ ਵਾਲੇ ਦਾ ਵਿਨਾਸ਼ ਕਾਦਰੀ ਦੀ ਖੇਡ ਹੈ।[2]

ਸਹਸਬਾਹੁ(ਕਾਰਤਵੀਰਜ) ਇਸਦਾ ਅਸਲ ਨਾਮ ਕਾਰਤਵੀਰਜ(ਅਰਜਨ) ਹੈ। ਦੱਤਾਤ੍ਰੇਯ ਦੀ ਇਕ ਹਜ਼ਾਰ ਸਾਲ ਸੇਵਾ ਉਪਰੰਤ ਇਸਨੂੰ ਚਾਰ ਵਰ ਪ੍ਰਾਪਤ ਹੋਏ।(1) ਸਹਸਬਾਹੁ (2) ਅਧਰਮ ਨਿਵ੍ਰਿਤੀ (3) ਪ੍ਰਿਥਵੀ ਪਾਲਣ(4) ਯੁਧ ਮ੍ਰਿਤੂ। ਇਸਨੇ 85000 ਸਾਲ ਤੱਕ ਸ਼ਾਂਤੀ ਤੇ ਖੁਸ਼ਹਾਲੀ ਨਾਲ ਰਾਜ ਕੀਤਾ ਪਰ ਫਿਰ ਇਸਨੇ ਦੇਵਤਿਆਂ ਅਤੇ ਮਨੁੱਖਾਂ ਉਤੇ ਅਤਿਆਚਾਰ ਕਰਨੇ ਸ਼ੁਰੂ ਕਰ ਦਿੱਤੇ।

---

1. (I) ਭੂਲੋ ਰਾਵਣ ਮੁਗਧੁ ਅਚੇਤਿ। ਲੂਟੀ ਲੰਕਾ ਸੀਸ ਸਮੇਤਿ।
   ਗਰਬ ਗਇਆ ਬਿਨੁ ਸਤਿਗੁਰ ਹੇਤਿ।
   ਗਉੜੀ ਰਾਗੁ, (ਅਸ਼ਟਪਦੀਆਂ), ਪੰਨਾ 224

   (II) ਹਣਵੰਤਰੁ ਆਰਾਧਿਆ ਆਇਆ ਕਰ ਸੰਜੋਗ।
   ਭੂਲਾ ਦੈਤੁ ਨ ਸਮਝਈ ਤਿਨਿ ਪ੍ਰਭ ਕੀਏ ਕਾਮ।
   ਨਾਨਕ ਵੇਪਰਵਾਹੁ ਸੋ ਕਿਰਤੁ ਨ ਮਿਟਈ ਰਾਮ।
   ਸ਼ਲੋਕ ਵਾਰਾਂ ਤੇ ਵਧੀਕ, ਪੰਨਾ 1412

2. ਰਕਤ ਬੀਜੁ ਕਾਲੁਨੇਮ ਬਿਦਾਰੇ। ਦੈਤ ਸੰਘਾਰਿ ਸੰਤ ਨਿਸਤਾਰੇ।
   ਗਉੜੀ ਰਾਗ,(ਅਸ਼ਟਪਦੀਆਂ),ਪੰਨਾ 224

ਦੇਵਤਿਆਂ ਨੇ ਵਿਸ਼ਨੂੰ ਦੀ ਸ਼ਰਨ ਲਈ ਅਤੇ ਇਸ ਤਰ੍ਹਾਂ ਪਰਸੂਰਾਮ ਅਵਤਾਰ ਦਾ ਜਨਮ ਹੋਇਆ।

ਇਕ ਵਾਰੀ ਇਹ ਪਰਸੂਰਾਮ ਦੇ ਪਿਤਾ ਜਮਦਗਨੀ ਦੇ ਆਸ਼ਰਮ ਵਿਚ ਗਿਆ। ਜਮਦਗਨੀ ਤੇ ਉਸਦੀ ਪਤਨੀ ਨੇ ਪੂਰਾ ਪੂਰਾ ਅਤਿਥੀ ਸਤਿਕਾਰ ਕੀਤਾ, ਪਰ ਮੁੜਦੀ ਵਾਰੀ ਇਹ ਉਨ੍ਹਾਂ ਕੋਲੋਂ ਕਾਮਧੇਨ ਗਊ ਖੋਹ ਕੇ ਲੈ ਆਇਆ। ਇਸਦੇ ਇਸ ਮੰਦ ਕਰਮ ਤੋਂ ਕ੍ਰੋਧਿਤ ਹੋ ਕੇ ਪਰਸੂਰਾਮ ਨੇ ਇਸ ਉਤੇ ਹਮਲਾ ਕੀਤਾ। ਇਸਦੀਆਂ ਹਜ਼ਾਰ ਬਾਹਵਾਂ ਵੱਢ ਦਿਤੀਆਂ ਅਤੇ ਸ਼ੰਕਰ ਕੋਲੋਂ ਮਿਲੇ ਆਦਭੁਤ ਧਨ ਨਾਲ ਪਰਸੂਰਾਮ ਨੇ ਕਾਰਤਵੀਰਜ ਦਾ ਸੰਘਾਰ ਕੀਤਾ।[1]

ਗੁਰੂ ਨਾਨਕ ਦੇਵ ਜੀ ਨੇ ਇਸਦੇ ਸੰਘਾਰ ਦਾ ਹੀ ਵਰਨਣ ਕੀਤਾ। ਹੋਰ ਕੋਈ ਵੀ ਮਿਥ ਕਥਾ ਦਾ ਜ਼ਿਕਰ ਦਰਜ ਨਹੀਂ ਕੀਤਾ। ਸਹਸ ਬਾਹਵਾਂ ਦਾ ਹੰਕਾਰ ਜਾਂ ਸ਼ਕਤੀ ਵਰਧਕ ਹੋਣਾ ਨਿਰੋਲ ਕਥਨ ਹੈ। ਜਦੋਂ ਕਥਨ ਪ੍ਰਧਾਨ ਹੁੰਦਾ ਹੈ ਦੁਰਮਤ ਹਾਵੀ ਹੋ ਜਾਂਦੀ ਹੈ ਤੇ ਗੁਰਮਤ ਦੀ ਸੋਝੀ ਨਹੀਂ ਰਹਿੰਦੀ। ਤਾਂਹੀ ਸਹਸ ਬਾਹੂ ਜਾਂ ਵਰ ਸ਼ਕਤੀ ਵਿਚੋਂ ਵੀ ਸੰਘਾਰ ਹਿਤ ਕੋਈ ਨਾ ਕੋਈ ਵਸੀਲਾ ਲਭ ਲੈਂਦੀ ਹੈ। ਹੰਕਾਰ ਦਾ ਨਾਸ਼ ਅਵੱਸ਼ ਹੈ।[2]

<u>ਕੰਸ।</u>

ਕੰਸ ਕ੍ਰਿਸ਼ਨ ਦਾ ਸੰਬੰਧੀ ਸੀ। ਇਹ ਉਗਰਸੈਨ ਦਾ ਪੁਤਰ ਸੀ ਪਰ ਉਗਰਸੈਨ ਦੀ ਪਤਨੀ ਨੂੰ ਦ੍ਰੁਮਲ ਨਾਮਕ ਦੈਂਤ ਤੋਂ ਪੈਦਾ ਹੋਇਆ ਸੀ। ਇਸਨੇ ਮਥੁਰਾ ਨਰੇਸ਼ ਬਣਨ ਉਪਰੰਤ ਪਿਤਾ ਨੂੰ ਕੈਦ ਕੀਤਾ। ਭੈਣ ਦੇਵਕੀ ਨੂੰ ਕੈਦ ਕੀਤਾ ਤਾਂ ਜੋ ਉਸਦੀ ਕੁਖੋਂ ਜੰਮਣ ਵਾਲਾ ਬਾਲਕ ਉਸਦਾ ਸੰਘਾਰ ਨਾ ਕਰ ਸਕੇ। ਦੇਵਕੀ ਦੇ ਸਾਰੇ ਬੱਚੇ ਮਰਵਾਏ ਜਾਂਦੇ ਰਹੇ, ਪਰ ਕ੍ਰਿਸ਼ਨ ਬਚ ਨਿਕਲੇ। ਕ੍ਰਿਸ਼ਨ ਨੂੰ ਮਾਰਨ ਦੇ ਅਨੇਕ ਯਤਨ ਅਸਫਲ ਰਹੇ। ਅੰਤ ਵਿਚ ਕੁਸ਼ਤੀਆਂ ਦਾ ਮੈਦਾਨ ਬੰਨ੍ਹਿਆ ਗਿਆ ਜਿਥੇ ਕ੍ਰਿਸ਼ਨ ਤੇ ਬਲਰਾਮ ਨੇ ਕੰਸ ਦੇ ਦੈਂਤਾਂ, ਪਹਿਲਵਾਨਾਂ, ਅੰਗ ਰਖਿਅਕਾਂ, ਮਾਤਹਤਾਂ ਤੇ ਖੁਦ ਕੰਸ ਨੂੰ ਕੇਸਾਂ ਤੋਂ ਪਕੜ ਕੇ ਘਸੀਟ ਕੇ ਮਾਰ ਦਿੱਤਾ।[3]

---

1. (I) ਪ੍ਰਾਚੀਨ ਚਰਿਤ੍ਰ ਕੋਸ਼, ਪੰਨਾ 136-37
   (II) ਹਿੰਦੂ ਮਿਥਿਹਾਸ ਕੋਸ਼, ਪੰਨਾ 183-84
2. ਸਹਸ ਬਾਹੁ ਮਧੁਕੀਟ ਮਹਿਖਾਸਾ ਹਰਣਾਖਸੁ ਲੇ ਨਖਹੁ ਬਿਧਾਸਾ,
   ਗਉੜੀ ਰਾਗੁ (ਅਸ਼ਟਪਦੀਆਂ) ਪੰਨਾ 224
3. (I) ਹਰਿਵੰਸ਼ ਪੁਰਾਣ, ਪ੍ਰਥਮ ਖੰਡ,
   (II) ਵਿਸ਼ਨੂੰ ਪੁਰਾਣ, II-5/18/85-91
   (III) ਪ੍ਰਾਚੀਨ ਚਰਿਤ੍ਰ ਕੋਸ਼, ਪੰਨਾ 106-07

ਕੇਸ਼ਿ

ਪੁਰਾਣਾਂ ਅਨੁਸਾਰ ਇਹ ਘੋੜੇ ਦੇ ਰੂਪ ਵਿਚ ਕ੍ਰਿਸ਼ਨ ਨੂੰ ਮਾਰਨ ਵਾਸਤੇ ਭੇਜਿਆ ਗਿਆ ਸੀ ਪਰ ਕ੍ਰਿਸ਼ਨ ਨੇ ਉਸਦੇ ਖੁਲ੍ਹੇ ਮੂੰਹ ਵਿੱਚ ਹੱਥ ਪਾ ਕੇ ਤੇ ਫਿਰ ਹੱਥ ਵਧਾ ਕੇ ਉਸਨੂੰ ਮਾਰ ਦਿੱਤਾ। ਮਹਾਂਭਾਰਤ ਵਿਚ ਕੇਸ਼ਿ ਨਾਂ ਦੇ ਇਕ ਦੈਂਤ ਨੇ, ਇੰਦ੍ਰ ਨਾਲ ਯੁੱਧ ਕਰਦੇ ਉਸ ਕੋਲੋਂ ਹਾਰ ਖਾਧੀ ਸੀ।[1]

(ਕਾਲਯਵਨ) ਕਾਲਜਮਨ

ਗਾਰਗੀ ਅਤੇ ਗੋਪਾਲੀ ਦਾ ਪੁਤਰ ਸੀ। ਗਾਰਗੀ ਯਦੂ ਮਰਕਜ਼ ਵਿਚ ਰਹਿੰਦਾ ਸੀ ਪਰ ਉਸਦੇ ਸਾਲੇ ਨੇ ਉਸਨੂੰ ਨਿਪੁੰਸਕ ਆਖਕੇ ਕ੍ਰੋਧਤ ਕੀਤਾ। ਉਪਰੰਤ ਇਸਨੇ ਇਹ ਤਪਸਿਆ ਕੀਤੀ ਅਤੇ ਸ਼ੰਕਰ ਦੇ ਵਰ ਨਾਲ ਗੁਆਲਨ ਇਸਤ੍ਰੀ ਗੋਪਾਲੀ (ਗੋਪਾਲੀ ਨਾਂ ਦੀ ਅਪਸਰਾ) ਦੇ ਸੰਜੋਗ ਦੁਆਰਾ ਕਾਲਜਮਨ ਨੂੰ ਜਨਮ ਦਿਤਾ। ਕਾਲਜਮਨ ਵੱਡਾ ਹੋ ਕੇ ਅਤਿਅੰਤ ਜੋਧਾ ਬਣਿਆ ਅਤੇ ਜਰਾਸੰਧ ਨਾਲ ਮਿਲਕੇ ਕ੍ਰਿਸ਼ਨ ਉਤੇ ਹਮਲੇ ਦੀ ਤਿਆਰੀ ਵਿੱਚ ਰੁਝ ਗਿਆ। ਕ੍ਰਿਸ਼ਨ ਨੇ ਯੁੱਧ ਨੀਤੀ ਦਾ ਸਹਾਰਾ ਲੈ ਕੇ, ਮਥਰਾ ਦੀ ਥਾਂ ਦੁਆਰਕਾ ਡੇਰਾ ਲਾ ਲਿਆ।

ਇਕ ਵਾਰੀ ਕ੍ਰਿਸ਼ਨ ਨਿਰਸ਼ਸਤ੍ਰ ਰੂਪ ਵਿਚ ਜਦੋਂ ਮਥਰਾ ਦੇ ਬਾਹਰ ਘੁੰਮਿਆ ਤਾਂ ਕਾਲਜਮਨ ਨੇ ਉਸਦਾ ਪਿੱਛਾ ਕੀਤਾ। ਕ੍ਰਿਸ਼ਨ ਇਕ ਗੁਫਾ ਵਿਚ ਜਾ ਛੁਪਿਆ। ਉਥੇ ਮੁਚਕੰਦ ਸੁੱਤਾ ਪਿਆ ਸੀ। ਕ੍ਰਿਸ਼ਨ ਨੇ ਆਪਣੇ ਵਸਤ੍ਰ ਉਸ ਉਤੇ ਪਾ ਦਿਤੇ ਅਤੇ ਆਪ ਉਹਲੇ ਹੋ ਗਿਆ। ਕਾਲਜਮਨ ਨੇ ਸੁੱਤੇ ਪਏ ਮੁਚਕੰਦ ਨੂੰ ਕ੍ਰਿਸ਼ਨ ਸਮਝਕੇ ਲਤ ਮਾਰੀ। ਮੁਚਕੰਦ ਕ੍ਰੋਧ ਵਿਚ ਆਇਆ, ਜਾਗਿਆ ਤੇ ਕਾਲਜਮਨ ਨੂੰ ਅੱਖਾਂ ਦੀ ਅੱਗ ਨਾਲ ਹੀ ਭਸਮ ਕਰ ਦਿੱਤਾ।[2]

ਚਾਣੂਰ(ਚਣੂਰ) ਕੰਸ ਦੀ ਸਭਾ ਦਾ ਇਕ ਦੈਂਤ ਇਹ ਪਹਿਲਵਾਨ ਸੀ, ਜਿਸਨੂੰ ਕ੍ਰਿਸ਼ਨ ਨੇ ਮੱਲ ਯੁੱਧ ਵਿਚ ਮਾਰ ਦਿੱਤਾ।[3]

---

1. (I) ਹਰਿਵੰਸ਼ ਪੁਰਾਣ ਵਿਸ਼ਨੂੰ ਪਰਵ I, [illegible] 52/1-27
   (II) ਹਿੰਦੂ ਮਿਥਿਹਾਸ ਕੋਸ਼, ਪੰਨਾ 212
2. (I) ਹਰਿਵੰਸ਼ ਪੁਰਾਣ, ਵਿਸ਼ਨੂ ਪਰਵ–I-61/1-70
   (II) ਪ੍ਰਾਚੀਨ ਚਰਿਤ੍ਰ ਕੋਸ਼, ਪੰਨਾ 139-40
   (III) ਹਿੰਦੂ ਮਿਥਿਹਾਸ ਕੋਸ਼, ਪੰਨਾ 186
3. (I) ਹਰਿਵੰਸ਼ ਪੁਰਾਣ, ਵਿਸ਼ਨੂੰ ਪਰਵ I-57/8-42
   (II) ਹਿੰਦੂ ਮਿਥਿਹਾਸ ਕੋਸ਼, ਪੰਨਾ 248

ਜਰਾਸੰਧ

ਇਹ ਬ੍ਰਿਹਦ੍ਰਥ ਰਾਜਾ ਦੀਆਂ ਦੋ ਪਤਨੀਆਂ(ਦੋ ਜੋੜੀਆਂ ਭੈਣਾਂ) ਤੋਂ ਦੋ ਟੁਕੜਿਆਂ ਵਿਚ ਪੈਦਾ ਹੋਇਆ। ਕਿਉਂਕਿ ਬ੍ਰਿਹਦ੍ਰਥ ਨੂੰ ਪੁਤਰ ਪ੍ਰਾਪਤੀ ਲਈ ਚੰਡ ਕੌਸ਼ਿਕ ਕੋਲੋਂ ਜਿਹੜਾ ਅੰਬ ਫਲ ਪ੍ਰਾਪਤ ਹੋਇਆ ਸੀ, ਉਹ ਉਸਨੇ ਦੋਨਾਂ ਪਤਨੀਆਂ ਵਿਚ ਅੱਧਾ ਅੱਧਾ ਵੰਡ ਦਿੱਤਾ ਸੀ। ਜਰਾ ਨਾਮਕ ਰਾਖਸ਼ਸ਼ੀ ਨੇ ਇਸਨੂੰ ਜੋੜਿਆ, ਇਸ ਲਈ ਇਸ ਦਾ ਨਾਂ ਜਰਾਸੰਧ ਪ੍ਰਸਿਧ ਹੋਇਆ। ਇਹ ਕੰਸ ਦਾ ਸਹੁਰਾ ਸੀ ਤੇ ਉਹਨੂੰ ਰਾਜ ਦਿਲਾਉਣ ਵਿਚ ਇਸਨੇ ਮਦਦ ਕੀਤੀ ਸੀ। ਇਸਨੇ ਕ੍ਰਿਸ਼ਨ ਉਤੇ ਕਈ ਹਮਲੇ ਕੀਤੇ। ਅਖੀਰ ਵਿਚ ਇਹ ਭੀਮ ਹੱਥੋਂ ਮਾਰਿਆ ਗਿਆ। ਇਸਨੂੰ ਮਾਰਨ ਦਾ ਭੇਤ ਕ੍ਰਿਸ਼ਨ ਨੇ ਹੀ ਭੀਮ ਨੂੰ ਦੱਸਿਆ ਸੀ।[1]

ਉਪਰੋਕਤ ਰਾਖਸ਼ਸਾਂ ਜਾਂ ਦੈਂਤਾਂ ਦੀਆਂ ਮਿਥ ਕਥਾਵਾਂ ਕ੍ਰਿਸ਼ਨ ਅਵਤਾਰ ਨਾਲ ਸੰਬੰਧਿਤ ਹਨ। ਕ੍ਰਿਸ਼ਨ ਵਿਸ਼ਨੂੰ ਦੇ ਅਵਤਾਰ ਮੰਨੇ ਗਏ ਹਨ, ਜਿਨ੍ਹਾਂ ਨੇ ਧਰਮ ਸਥਾਪਤੀ ਲਈ ਅਵਤਾਰ ਧਾਰਿਆ। ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਸਾਰੇ ਦੈਂਤਾਂ ਦੇ ਸੰਕੇਤ ਹੀ ਦਿੱਤੇ ਹਨ। ਕਥਾਵਾਂ ਦਾ ਨਿਰੂਪਨ ਨਹੀਂ ਕੀਤਾ।ਵੈਸੇ ਵੀ ਇਸ ਕਾਵਿ ਜੁਗਤੀ ਵਿੱਚ ਕਥਾਵਾਂ ਦੇ ਸੰਕੇਤ ਪ੍ਰਸੰਗ ਵਿਚ ਸਪਸ਼ਟਤਾ ਤੇ ਨਿਖਾਰ ਲਿਆਉਣ ਲਈ ਸਟੀਕ ਰੂਪ ਵਿਚ ਵਰਤੇ ਗਏ ਹਨ। ਸ਼ਬਦ ਵਿਸਤਾਰ ਵਿਚ ਸੰਜਮ ਹੈ ਤੇ ਕਾਵਿ ਖੂਬਸੂਰਤੀ ਹੈ।

ਇਨ੍ਹਾਂ ਪੰਜ ਦੈਤ ਸੰਘਾਰ ਸੰਕੇਤਾਂ ਵਿਚ ਵੀ ਗੁਰੂ ਨਾਨਕ ਨੇ ਗਰਬ ਭਾਵਨਾ ਦੀ ਨਿੰਦਾ ਕੀਤੀ ਹੈ। ਗੁਰੂ ਤੋਂ ਬਿਨਾ ਗਰਬ ਮਿਟਦਾ ਨਹੀਂ ਨਾ ਬਾਹੂ ਬਲ ਕੰਮ ਆਉਂਦੀ ਹੈ, ਨਾ ਬੁਧੀ ਬਲ। ਬਾਹੂ ਬਲ ਤੇ ਬੁਧੀ ਬਲ, ਹੋਮੈ ਵਿਚ ਲੈ ਜਾਂਦਾ ਹੈ। ਹਉਮੈ ਆਚਰਣਕ ਗਿਰਾਵਟ ਵੱਲ ਲੈ ਤੁਰਦੀ ਹੈ। ਮਨੁੱਖ ਦੀ ਪਤ ਪ੍ਰਭੂ ਦੀ ਸ਼ਰਨ ਵਿਚ ਜਾ ਕੇ ਹੀ ਰਹਿ ਸਕਦੀ ਹੈ।

ਮਧੂ,ਕੈਟਭ(ਮਧੁਕੀਟ)

ਪੁਰਾਣਾਂ ਵਿਚ ਇਨ੍ਹਾਂ ਦੇ ਜਨਮ ਅਤੇ ਮਰਨ ਸੰਬੰਧੀ ਵੱਖ ਵੱਖ ਪ੍ਰਸੰਗ ਹਨ। ਮਹਾਂਭਾਰਤ ਅਨੁਸਾਰ ਇਨ੍ਹਾਂ ਦੈਂਤਾਂ ਦੀ ਉਤਪਤੀ ਭਗਵਾਨ ਵਿਸ਼ਨੂੰ ਦੇ ਕੰਨ ਦੀ ਮੈਲ ਤੋਂ ਹੋਈ ਸੀ। ਮਧੂ ਅਤੇ

---

1. (I) ਹਰਿਵੰਸ਼ ਪੁਰਾਣ ਵਿਸ਼ਨੂ ਪਰਵ 1-59-60
(II) ਪ੍ਰਾਚੀਨ ਚਰਿਤ੍ਰ ਕੋਸ਼, ਪੰਨਾ 228-30
(III) ਹਿੰਦੂ ਮਿਥਿਹਾਸ ਕੋਸ਼, ਪੰਨਾ 261

2. (I) ਜਰਾਸੰਧਿ ਕਾਲਜਮੁਨ ਸੰਘਾਰੇ। ਗਉੜੀ ਮਹਲਾ,(ਅਸਟਪਦੀਆਂ),ਪੰਨਾ 224
(II) ਕੰਸ ਕੇਸ ਚਾਣੂਰ ਨ ਕੋਈ।
ਰਾਮੁ ਨ ਚੀਨਿਆ ਅਪਨੀ ਪਤਿ ਖੋਈ। ਉਹੀ ਪੰਨਾ 225

ਕੈਟਭ ਦੈਂਤਾਂ ਦਾ ਹੀ ਵਰਨਣ ਮਹਾਂਭਾਰਤ ਵਿੱਚ ਹੈ। ਇਹ ਵੀ ਲਿਖਿਆ ਹੈ ਕਿ ਭਗਵਾਨ ਵਿਸ਼ਨੂੰ ਨੇ ਨਾਭੀ ਕੰਵਲ ਉਤੋਂ ਪਈਆਂ ਦੋ ਬੂੰਦਾਂ ਜੋ ਰਜੋ ਗੁਣ ਅਤੇ ਤਮੋ ਗੁਣ ਦੀਆਂ ਪ੍ਰਤੀਕ ਸਨ, ਵੇਖ ਭਗਵਤ ਪ੍ਰੇਰਨਾ ਅਨੁਸਾਰ ਤੱਕਿਆ। ਉਨ੍ਹਾਂ ਵਿਚੋਂ ਇਕ ਬੂੰਦ ਮਧੂ ਅਤੇ ਦੂਜੀ ਕੈਟਭ ਬਣ ਗਈ। ਫਿਰ ਜਦੋਂ ਇਹ ਲੋਕਾਂ ਦਾ ਨਾਸ਼ ਕਰਨ ਲਗੇ ਤਾਂ ਵਿਸ਼ਨੂੰ ਨੇ ਇਨ੍ਹਾਂ ਨੂੰ ਮਾਰ ਦਿੱਤਾ। ਇਹ ਬ੍ਰਹਮਾ ਨੂੰ ਵੀ ਮਾਰਨ ਨੂੰ ਪਏ ਸਨ। ਇਨ੍ਹਾਂ ਦੀ ਮਿਝ(ਮੇਦ) ਤੋਂ ਪ੍ਰਿਥਵੀ ਬਣੀ। ਇਸੇ ਲਈ ਪ੍ਰਿਥਵੀ ਨੂੰ ਮੇਦਨੀ ਨਾਮ ਪ੍ਰਾਪਤ ਹੋਇਆ।[1]

ਨਾਨਕ ਬਾਣੀ ਵਿਚ ਦੈਂਤਾਂ ਅਤੇ ਮਧੁਕੈਟ, ਇਨ੍ਹਾਂ ਦੈਂਤਾਂ ਦੇ ਸੂਚਕ ਹਨ। 'ਰਾਖਸ਼' ਦੇ ਪ੍ਰਗਿ ਨਹੀਂ ਨਾ ਹੀ ਬੀਜ ਰੂਪ ਕਥਾ ਦਿੱਤੀ ਗਈ ਹੈ।[2] ਸਪਸ਼ਟ ਹੈ ਕਿ ਜਦੋਂ ਆਸੁਰੀ ਬਿਰਤੀਆਂ ਦੀ ਪ੍ਰਬਲਤਾ ਕਾਰਣ ਮਨੁੱਖ ਭਗਵਤ ਪ੍ਰੇਰਨਾ ਨੂੰ ਭੁਲਾ ਕੇ ਕੇਵਲ 'ਨਿੱਜ ਕਰਮ' ਤੇ ਆਧਾਰਿਤ ਹੋ ਜਾਂਦਾ ਹੈ ਤਾਂ ਪ੍ਰਭੂ ਦੀ ਹਸਤੀ ਸਕ੍ਰਿਆ ਹੁੰਦੀ ਹੈ ਤੇ ਰਾਖਸ਼ ਦਾ ਨਾਸ ਕਰਦੀ ਹੈ। ਇਹ ਨਾਂ ਵੀ, ਪ੍ਰਗਿ ਵਿੱਚ, ਕਹਿਰਾਣੀ ਤੇ ਵਿਆਖਿਆ ਕਰਨ ਵਿੱਚ ਸਹਾਇਕ ਹੁੰਦੇ ਹਨ।

<u>ਮਹਿਖਾਸੁਰ</u>

ਮਹਿਖਾਸੁਰ, ਮਖਾਸੁਰ ਅਤੇ ਰੰਭਾ ਦਾ ਪੁੱਤਰ ਸੀ। ਇਸਦਾ ਪਿਤਾ ਸ਼ੰਕਰ ਭਗਤ ਸੀ। ਉਸਨੇ ਤਪੱਸਿਆ ਕਰਕੇ ਸ਼ੰਕਰ ਕੋਲੋਂ ਵਰ ਮੰਗਿਆ 'ਤੂੰ ਮੇਰਾ ਪੁੱਤਰ ਬਣ।' ਇਸ ਤਰ੍ਹਾਂ ਸ਼ੰਕਰ ਅੰਸ਼ ਲੈ ਕੇ ਮਹਿਖਾਸੁਰ ਪੈਦਾ ਹੋਇਆ। ਫੇਰ ਇਸਨੇ ਬ੍ਰਹਮ ਦੇਵ ਤੋਂ ਵਰਦਾਨ ਲੈ ਕੇ ਤਿੰਨਾਂ ਲੋਕਾਂ ਨੂੰ ਦੁਖ ਦੇਣਾ ਸ਼ੁਰੂ ਕਰ ਦਿੱਤਾ। ਦੇਵਤਿਆਂ ਦਾ ਰਾਜ ਵੀ ਖੋਹ ਲਿਆ। ਦੇਵਤਿਆਂ ਤੇ ਰਾਖਸ਼ਸਾਂ ਦੇ ਯੁਧ ਵਿਚ ਇਹ ਦੇਵੀ ਦੇ ਅਠਾਰਾਂ ਹੱਥਾਂ ਰਾਹੀਂ ਮਾਰਿਆ ਗਿਆ।[3] ਗੁਰੂ ਗੋਬਿੰਦ ਸਿੰਘ ਰਚਿਤ ਚੰਡੀ ਦੀ ਵਾਰ ਵਿੱਚ ਇਸਦਾ ਵਰਨਣ ਮਿਲਦਾ ਹੈ।

<u>ਰਕਤ ਬੀਜ:</u>

ਇਹ ਅਸੁਰ ਸੁੰਭ ਨਿਸੁੰਭ ਦੇ ਨਾਲ ਮਿਲਕੇ ਚਮੁੰਡਾ ਦੇਵੀ ਨਾਲ ਲੜਿਆ ਸੀ। ਇਸਨੂੰ ਸ਼ਿਵ ਦਾ ਵਰਦਾਨ ਸੀ ਕਿ ਜਦੋਂ ਵੀ ਇਹ ਘਾਇਲ ਹੋਵੇਗਾ ਤਾਂ ਜਿਹੜੀਆਂ ਖ਼ੂਨ ਦੀਆਂ ਬੂੰਦਾਂ ਧਰਤੀ ਤੇ ਡਿੱਗਣਗੀਆਂ, ਉਨ੍ਹਾਂ ਵਿਚੋਂ ਬਿਲਕੁਲ ਇਸ ਵਰਗੇ ਰਾਖਸ਼ਸਾਂ ਦਾ ਨਿਰਮਾਣ ਹੋਵੇਗਾ। ਇਸਨੇ ਦੇਵੀ ਨਾਲ

---

1. ਪ੍ਰਾਚੀਨ ਚਰਿਤ੍ਰ ਕੋਸ਼, ਪੰਨਾ 603-04
2. (ੳ) ਸਹਸਬਾਹੁ ਮਧੁਕੀਟ ਮਹਖਾਸਾ, ਹਰਣਾਖਸੁ ਲੇ ਨਖਹੁ ਬਿਧਾਸਾ।
ਗਉੜੀ ਰਾਗ(ਅਸਟਪਦੀਆਂ)ਪੰਨਾ 224
(ਅ) ਦੇਵੀ ਭਾਗਵਤ ਪੁਰਾਣ ਅਧਿਆਏ 45 ਅਤੇ 55 ਉਤੇ ਮਹਿਖਾਸੁਰ ਦੀ ਕਥਾ ਆਈ ਹੈ।
3. (ੳ) ਹਿੰਦੂ ਮਿਥਿਹਾਸ ਕੋਸ਼, ਪੰਨਾ 427
(ਅ) ਪ੍ਰਾਚੀਨ ਚਰਿਤ੍ਰ ਕੋਸ਼, ਪੰਨਾ 632

ਯੁੱਧ ਵਿਚ ਚਾਮੁੰਡਾ ਦੇਵੀ ਨੂੰ ਆਖਿਆ ਕਿ ਉਹ 'ਸੁੰਭ ਨਿਸੁੰਭ ਦੀ ਪਤਨੀ ਬਣ ਜਾਵੇ ਨਹੀਂ ਤਾਂ ਉਸਦੀ ਹਾਰ ਅਵੱਸ਼ ਹੋਵੇਗੀ। ਦੇਵੀ ਨੇ ਅਤਿਅੰਤ ਭਯੰਕਰ ਰੂਪ ਧਾਰਣ ਕਰਕੇ ਇਸ ਦੀ ਖ਼ੂਨ ਦੀ ਬੂੰਦ ਡਿਗਣ ਦਿਤੇ ਤੋਂ ਬਿਨਾ ਉਸਨੂੰ ਤੇ ਉਸਦੇ ਸਾਥੀਆਂ ਨੂੰ ਚਬਾਇਆ ਤੇ ਮਾਰ ਦਿੱਤਾ।[1]

ਗੁਰੂ ਨਾਨਕ ਨੇ ਮਹਿਖਾਸੁਰ(ਮਹਿਖਾ) ਅਤੇ ਰਕਤਬੀਜ ਦੇ ਬਿਨਾਸ਼ ਦਾ ਸੰਕੇਤ ਹੀ ਦਿੱਤਾ ਹੈ। ਇਹ ਵੀ ਕਰਮ ਭਾਵਨਾ ਦੀ ਵਿਆਖਿਆ ਦੇ ਅੰਤਰਗਤ ਹੀ ਆਇਆ ਹੈ। ਰਕਤ ਬੀਜ ਨੂੰ ਆਪਣੇ ਵਰਗੇ ਹੋਰ ਰਾਖਸ਼ ਪੈਦਾ ਕਰ ਦੇਣ ਦਾ ਅਹੰਕਾਰ ਹੈ, ਮਹਿਖਾਸੁਰ ਨੂੰ ਆਪਣੇ ਸਰੀਰ ਵਿਚਲੇ 'ਹੈਂਕੜ ਬਲ' ਦਾ। ਹਰਤੀ ਅਗਿਆਨ ਤੋਂ ਸੱਖਣੇ, ਗੁਰਮਤ ਦੇ ਵਿਰੋਧੀ, ਕੁਰੂਪ ਤੇ ਹੰਕਾਰੀ ਦਾ ਵਿਨਾਸ਼ ਹੁੰਦਾ ਹੈ ਚਾਹੇ ਉਹ ਕਿਸੇ ਵੀ ਬਲ ਸ਼ਕਤੀ ਨਾਲ ਵਰੋਸਾਇਆ ਹੋਇਆ ਹੋਵੇ।[2]

ਗੁਰਬਾਣੀ ਵਿਚ ਆਸੁਰੀ ਸ਼ਕਤੀਆਂ ਸ਼ਕਤੀ ਭਾਵਨਾ ਦੇ ਵਿਰੋਧ ਵਿਚ ਚਲਦੀਆਂ ਤੇ ਵਿਚਰਦੀਆਂ ਹਨ। ਇਹ ਵਿਰੋਧ ਸਥਾਪਿਤ ਸਦਾਚਾਰਕ ਅਤੇ ਅਧਿਆਤਮਿਕ ਕੀਮਤਾਂ ਦੀ ਪੁਰਤਾ ਨੂੰ ਝੁਠਿਆਉਂਦਾ ਹੈ। ਗੁਰੂ ਕਾਵਿ ਵਿੱਚ ਸਦਾਚਾਰ ਵਿਰੋਧੀ ਅਤੇ ਸ਼ਕਤੀ ਭਾਵਨਾ ਵਿਰੋਧੀ ਧਿਰਾਂ ਨੂੰ ਕੋਈ ਥਾਂ ਨਹੀਂ ਮਿਲੀ।

ਉਪਰੋਕਤ ਦੈਂਤ ਸੰਘਾਰ ਦੇ ਪ੍ਰਸੰਗ ਜਾਂ ਸੰਕੇਤ ਵੇਰਵੇ ਤੋਂ ਸੱਖਣੇ ਹਨ। ਵੇਰਵਾ ਜਾਂ ਵਿਸਤਾਰ, ਕਲਪ ਦਾ ਅਤੇ ਪ੍ਰਬੰਧਾਤਮਕ ਰਚਨਾਵਾਂ ਦਾ ਅੰਗ ਹੈ। ਵਿਚਾਰਾਂ ਅਤੇ ਭਾਵਾਂ ਨੂੰ ਗੁਰੂ ਕਾਵਿ ਵਿਚ ਬਿੰਬਾਂ ਦੇ ਆਸਰੇ ਸਹਿਜਤਾਈ ਨਾਲ ਉਸਾਰ ਕੇ ਕਾਵਿ ਜੁਗਤੀ ਵਿਚ ਬੰਧਾ ਗਿਆ ਹੈ। ਅਸੁਰ ਅਤੇ ਦੈਂਤ ਸਚ ਅਤੇ ਖ਼ੈਰ ਸਥਾਪਤੀ ਦੀਆਂ ਵਿਰੋਧੀ ਸ਼ਕਤੀਆਂ ਦੇ ਪ੍ਰਤੀਕ ਹਨ। ਇਨ੍ਹਾਂ ਦੀ ਹੋਂਦ ਸੱਚ ਜਾਂ ਕੇਵਲ ਕਲਪਨਾ ਮਾਤ੍ਰ, ਗੁਰੂ ਨਾਨਕ ਨੂੰ ਇਸ ਨਾਲ ਕੋਈ ਸਰੋਕਾਰ ਨਹੀਂ। ਆਪਣੀ ਕਾਵਿ ਜੁਗਤੀ ਵਿਚ ਉਹ ਇਨ੍ਹਾਂ ਨੂੰ ਸਮੋ ਲੈਣ ਤਕ ਹੀ ਆਪਣੇ ਆਪ ਨੂੰ ਸੀਮਿਤ ਰੱਖਦੇ ਹਨ। ਜਨ ਜੀਵਨ ਵਿਚ ਇਹ ਤਾਂ ਇਕ ਵਿਸ਼ੇਸ਼ ਭਾਂਤ ਦੀ ਭਾਵਨਾ ਦਾ ਸੰਚਾਰ ਕਰਨ ਵਿਚ ਸਹਾਇਕ ਹੋ ਸਕਦੇ ਹਨ। ਇਹ ਕੇਵਲ ਮਿਥ ਜਗਤ ਦਾ ਹਿੱਸਾ ਹਨ ਤੇ ਨਾਨਕ ਦੀ ਕਾਵਿ ਜੁਗਤੀ ਦਾ ਅੰਗ ਬਣ ਸਕਣ ਵਿਚ ਇਹ ਸਫਲ ਰਹੇ ਹਨ। ਉਂਜ ਇਹ ਮਿਥਿਹਾਸਕ ਪਾਤਰ ਗੁਰਾਂ ਦੇ ਨਿੱਜੀ ਵਿਸ਼ਵਾਸ਼ ਦਾ ਹਿੱਸਾ ਨਹੀਂ ਸਮਝੇ ਜਾਣੇ ਚਾਹੀਦੇ ਤੇ ਨਾ ਹੀ ਗੁਰਬਾਣੀ ਵਿਚੋਂ ਕੋਈ ਅਜੇਹਾ ਸੰਕੇਤ ਮਿਲਦਾ ਹੈ।

---

1. (ੳ) ਪ੍ਰਾਚੀਨ ਚਰਿਤ੍ਰ ਕੋਸ਼, ਪੰਨਾ 711
   (ਅ) ਹਿੰਦੂ ਮਿਥਿਹਾਸ ਕੋਸ਼, ਪੰਨਾ 475
2. (ੳ) ਰਕਤਬੀਜ ਕਾਲੂਨੇਮੁ ਬਿਦਾਰੇ। ਗਉੜੀ ਰਾਗ(ਅਸ਼ਟਪਦੀਆਂ)ਪੰਨਾ 224
   (ਅ) ਦੇਵੀ ਭਾਗਵਤ ਪੁਰਾਣ ਵਿਚੋਂ ਅਧਿਆਇ ਅੰਕ 63 ਵਿਚ ਰਕਤਬੀਜ ਦੀ ਕਥਾ ਦਰਜ ਹੈ।

## (ਖ) ਅਭਾਰਤੀ ਮਿਥਿਹਾਸਕ ਸ਼ਖਸੀਅਤਾਂ

ਅਸਾਂ ਭਾਰਤੀ ਪਦ ਦੇ ਨਾਲ ਅਭਾਰਤੀ ਪਦ ਦੀ ਵਰਤੋਂ ਵੀ ਕੀਤੀ ਹੈ। ਜਿਥੇ ਭਾਰਤੀ ਪਦ ਦੇ ਅੰਤਰਗਤ ਅਕਸਰ ਹਿੰਦੂ ਜਗਤ ਨਾਲ ਸਬੰਧਤ ਮਿਥ ਸਾਮਗਰੀ ਦਾ ਅਧਿਐਨ ਕੀਤਾ ਹੈ, ਉਥੇ ਅਭਾਰਤੀ ਪਦ ਦੇ ਅੰਤਰਗਤ ਮੁੱਖ ਰੂਪ ਵਿੱਚ ਇਸਲਾਮ ਦਾ ਅਧਿਐਨ ਸ਼ਾਮਲ ਹੈ।

ਇਸਲਾਮ ਦਾ ਜਨਮ ਅਰਬ ਦੀ ਧਰਤੀ ਤੇ ਹੋਇਆ, ਪਰ ਇਸ ਅੰਦਰ ਯਹੂਦੀ ਤੇ ਇਸਾਈ ਅਤੇ ਪਾਰਸੀ ਮਨੌਤਾਂ ਦੀ ਭਰਮਾਰ ਵੀ ਹੈ। ਇਸਲਾਮ ਨੇ ਇਨ੍ਹਾਂ ਮਾਨਯਤਾਵਾਂ ਨੂੰ ਆਪਣੇ ਆਪ ਵਿਚ ਜਜ਼ਬ ਕਰ ਲਿਆ। ਇਨ੍ਹਾਂ ਦਾ ਮੁਹਾਂਦਰਾ ਇਸਲਾਮੀ ਹੀ ਬਣ ਗਿਆ ਹੈ। ਭਾਰਤ ਵਿਚ ਪ੍ਰਵੇਸ਼ ਉਪਰੰਤ ਹਿੰਦੂ ਅਤੇ ਮੁਸਲਿਮ ਸੰਸਕ੍ਰਿਤੀ ਦੇ ਆਦਾਨ ਪ੍ਰਦਾਨ ਸਦਕਾ ਮੁਸਲਿਮ ਜਗਤ ਦੇ ਮਿਥ ਪਸਾਰੇ ਵਿੱਚ ਵੀ ਕਾਫੀ ਗੱਲਾਂ ਆ ਸ਼ਾਮਲ ਹੋਈਆਂ ਹਨ। ਪੀਰਾਂ ਫਕੀਰਾਂ ਦੀਆਂ ਮਨੌਤਾਂ ਅਤੇ ਉਨ੍ਹਾਂ ਨਾਲ ਸੰਬੰਧਿਤ ਕਰਾਮਾਤਾਂ ਵਿੱਚ ਭਾਰਤੀ ਮਿਥ ਸੰਰਚਨਾ ਦਾ ਕਾਫੀ ਹਿੱਸਾ ਹੈ।

### ਇਸਲਾਮ

ਮੁਸਲਿਮ ਧਰਮ ਦਾ ਆਧਾਰ ਕੁਰਾਨ ਦੀ ਸਿੱਖਿਆ, ਹਜ਼ਰਤ ਮੁਹੰਮਦ ਸਾਹਿਬ ਦੇ ਜੀਵਨ ਕਾਲ ਦੀਆਂ ਰਵਾਇਤਾਂ ਅਤੇ ਮੁਢਲੇ ਧਾਰਮਿਕ ਇਸਲਾਮੀ ਚਿੰਤਕਾਂ ਦੀਆਂ ਪਾਈਆਂ ਲੀਹਾਂ ਹਨ[1] ਅਤੇ ਲੋਕਿਕ ਅਤੇ ਮੌਖਿਕ ਪਰੰਪਰਾਵਾਂ, ਅਰਥਾਤ ਮਿਥ ਜਗਤ, ਹਰ ਧਰਮ ਦੀ ਤਰ੍ਹਾਂ, ਇਸ ਧਰਮ ਦਾ ਵੀ ਅੰਗ ਹਨ।

ਅਰਬ ਦੇ ਅਤਿ ਪਛੜੇ ਇਲਾਕੇ ਵਿੱਚ, ਕਿਰਤੀਆਂ ਅਤੇ ਕਬੀਲਿਆਂ ਵਿੱਚ ਵੰਡੇ ਬੁਤਪ੍ਰਸਤ, ਖੂਨ ਖੁਆਰ ਅਰਬਾਂ ਨੂੰ ਇਕ ਅੱਲਾ ਦੀ ਜ਼ਾਤ ਉਤੇ ਵਿਸ਼ਵਾਸ਼ ਜਮਾਉਣ ਲਈ ਪ੍ਰੇਰਨਾ ਉਸ ਕਾਲ ਦੀ ਵੱਡੀ ਪ੍ਰਾਪਤੀ ਸੀ। ਹਜ਼ਰਤ ਮੁਹੰਮਦ, ਸਾਹਿਬ ਅਤੇ ਉਨ੍ਹਾਂ ਦੇ ਖਲੀਫਿਆਂ ਨੇ ਇਸ ਆਸ਼ੇ ਲਈ ਤਲਵਾਰ ਅਤੇ ਮਿੱਠੀ ਜ਼ੁਬਾਨ, ਦੋਹਾਂ ਤੋਂ ਕੰਮ ਲਿਆ।

ਇਸਲਾਮ ਨੇ ਇਕ ਰਾਜਨੀਤਕ ਤਾਕਤ ਵਜੋਂ, ਧਾਰਮਿਕ ਪ੍ਰਭਾਵ ਵਜੋਂ, ਸਮਾਜਕ ਰਹਿਣੀ ਬਹਿਣੀ, ਰੋਜ਼ ਆਚਾਰ ਵਜੋਂ ਅਤੇ ਚਿੰਤਨ ਤੇ ਸਭਿਆਚਾਰ ਦੇ ਪੱਖ ਤੋਂ, ਭਾਰਤ ਉਤੇ ਡੂੰਘੀ ਛਾਪ ਲਾਈ ਹੈ। ਇਹ ਛਾਪ ਸਿੱਧੇ ਅਤੇ ਅਸਿੱਧੇ ਦੋਹਾਂ ਰੂਪਾਂ ਵਾਲੀ ਹੈ।[2]

---

1. A.M.A.Shushtery,'Out lines of Islamic Culture'- Philosophical and Theological aspects, Vol.II,P.344

2. M.A.Karandikar,'Islam in India- Transition to Modernity P.31

ਇਸਲਾਮ ਦੇ ਭਾਰਤ ਵਿਚ ਪ੍ਰਵੇਸ਼, ਪਰਸਾਰ ਤੇ ਸੱਤਾ ਸਥਾਪਤੀ ਨੂੰ ਪੰਜ ਸੌ ਸਾਲ ਦੇ ਦੋ ਕਾਲਾਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲਾ ਕਾਲ ਅਠਵੀਂ ਸਦੀ ਤੋਂ ਤੇਰ੍ਹਵੀਂ ਸਦੀ ਤੱਕ ਦਾ ਹੈ ਅਤੇ ਦੂਜਾ 13ਵੀਂ ਸਦੀ ਤੋਂ 18ਵੀਂ ਸਦੀ ਦੇ ਅੰਤ ਤਕ ਦਾ ਹੈ। ਪਹਿਲੇ ਕਾਲ ਵਿੱਚ ਇਸਲਾਮ, ਦੱਖਣ ਵਿੱਚ ਚੁਪ ਚਾਪ ਪਰ ਸਿੰਧ ਵਿਚ ਤਾਕਤ ਨਾਲ ਪ੍ਰਵੇਸ਼ ਕਰਕੇ ਪਸਰਨਾ ਸ਼ੁਰੂ ਹੋਇਆ। ਉੱਤਰੀ ਭਾਰਤ ਵਿੱਚ ਮੁਹੰਮਦ ਬਿਨ ਕਾਸਿਮ 712 ਈ. ਵਿੱਚ ਮਕਰਾਨ ਅਤੇ ਬਲੋਚਸਤਾਨ ਦੇ ਰਸਤੇ ਸਿੰਧ ਉੱਤੇ ਆ ਕਾਬਜ਼ ਹੋਇਆ ਤੇ ਫੇਰ ਇਹ ਹਮਲਿਆਂ ਦੀ ਲੜੀ ਜਾਰੀ ਹੋ ਗਈ।[1] ਦੂਜੇ ਕਾਲ ਵਿੱਚ ਇਸ ਨੇ ਸਾਰੇ ਭਾਰਤ ਵਿੱਚ ਰਾਜਸੱਤਾ ਸਥਾਪਿਤ ਕਰ ਲਈ।

ਭਾਰਤ ਵਿੱਚ ਮੁਸਲਿਮ ਰਾਜਨੀਤਕ ਘਟਨਾ ਚੱਕਰ, ਸਥਾਪਤੀ ਤੇ ਅਸਥਾਪਤੀ ਦੀ ਲੰਮੀ ਕੜੀ ਵਿੱਚ ਕਈ ਰਾਜੇ ਗਿਣਾਏ ਜਾ ਸਕਦੇ ਹਨ। ਕੁਤਬੁਦੀਨ ਐਬਕ ਤੋਂ ਲੈ ਕੇ ਕੈਕੂਬਾਦ ਤੱਕ ਗੁਲਾਮ ਵੰਸ਼ ਦੇ 10 ਰਾਜੇ, ਜਲਾਲੁਦੀਨ ਫ਼ਿਰੋਜ਼ ਖਿਲਜੀ ਤੋਂ ਲੈ ਮੁਬਾਰਕ ਖਿਲਜੀ ਤੱਕ ਖਿਲਜੀ ਵੰਸ਼ ਦੇ ਤਿੰਨ ਰਾਜੇ, ਗਯਾਸੁਦੀਨ ਤੁਗਲਕ ਤੋਂ ਲੈ ਕੇ ਮੁਹੰਮਦ ਸ਼ਾਹ ਤੁਗਲਕ ਤੱਕ, ਤੁਗਲਕਵੰਸ਼ ਦੇ 8 ਰਾਜੇ, ਦੌਲਤ ਖਾਂ ਲੋਧੀ ਉਪਰੰਤ ਸੱਯਦ ਵੰਸ਼ ਦੇ 4 ਰਾਜੇ, ਉਪਰੰਤ ਫਿਰ ਲੋਧੀ ਵੰਸ਼ ਦੇ ਬਹਿਲੋਲ ਖਾਂ ਲੋਧੀ ਤੋਂ ਇਬਰਾਹੀਮ ਲੋਧੀ ਤਕ ਤਿੰਨ ਰਾਜੇ। ਮੁਗਲਵੰਸ਼ ਦੇ ਬਾਬਰ ਤੇ ਹਮਾਯੂੰ, ਵਿਚੋਂ ਸ਼ੇਰ ਸ਼ਾਹ ਸੂਰੀ, ਸਲੀਮ ਅਤੇ ਮੁਹੰਮਦ ਆਦਿਲ ਤੇ ਫੇਰ ਮੁਗਲਵੰਸ਼ ਦੇ ਅਕਬਰ ਤੋਂ ਬਹਾਦੁਰ ਸ਼ਾਹ ਜ਼ਫ਼ਰ, ਬਾਰਾਂ ਰਾਜਿਆਂ ਨੇ ਭਾਰਤ ਦੀ ਹੋਣੀ ਵਿਚ ਹਿੱਸਾ ਪਾਇਆ।[2]

ਉਪਰੋਕਤ ਰਾਜਿਆਂ ਤੋਂ ਇਲਾਵਾ, ਅਨੇਕ ਸੂਫ਼ੀ ਸਿਧਕ ਚਿੰਤਕਾਂ ਵਿਚ ਅਲੀ ਬਿਨ ਉਸਮਾਨ ਔਲ ਹੁਜਵੀਰੀ, ਸ਼ੇਖ ਇਸਮਾਈਲ ਬੁਖਾਰੀ, ਫ਼ਰੀਦ-ਉਦੀਨ ਅਤਾਰ, ਖਵਾਜਾ ਮੁਈਨੁਦੀਨ ਚਿਸ਼ਤੀ, ਬਾਬਾ ਫ਼ਰੀਦ, ਜਲਾਲੁਦੀਨ ਤਬਰੇਜ਼ੀ ਇਤਿਆਦਿ ਸ਼ਾਮਲ ਹਨ। ਜਿਨ੍ਹਾਂ ਲੋਕਾਂ ਨੇ ਸਥਾਨਕ ਭਾਸ਼ਾਵਾਂ ਵਿੱਚ ਮੁਹਾਰਤ ਹਾਸਲ ਕੀਤੀ ਅਤੇ ਆਪਣੀ ਸ਼ਖਸੀਅਤ ਦੇ ਪ੍ਰਭਾਵਸ਼ਾਲੀ ਸਿੱਖਿਆ ਨਾਲ ਇਸਲਾਮ ਧਰਮ ਦਾ ਪਰਸਾਰ ਕੀਤਾ।

ਇਸਲਾਮ ਨੇ ਜਿਥੇ ਇਕ ਪਰਮਾਤਮਾ (ਤੌਹੀਦ) ਦਾ ਸਿਧਾਂਤ ਪ੍ਰਚਾਰਿਆ ਉਥੇ ਮਨੁੱਖ ਨੂੰ ਹੂਰੀਆਂ ਤੋਂ ਉਚਾ ਵੀ ਆਖਿਆ। ਸਾਰੇ ਮਨੁੱਖਾਂ ਦੀ ਬਰਾਬਰੀ, ਭਰਾਤ੍ਰੀ ਭਾਵਨਾ ਅਤੇ ਪ੍ਰਹੇਜ਼ਗਾਰੀ ਦਾ ਸਿਧਾਂਤ ਦਿੱਤਾ।

---

1. Tara Chand(Dr.)Influence of Islam on Indian culture
2. 'ਮਹਾਨ ਕੋਸ਼ ਪੰਨਾ 731- 32 Introduction-xiv.

ਹਰ ਧਰਮ ਦੀ ਤਰ੍ਹਾਂ ਇਸਲਾਮ ਦਾ ਆਪਣਾ ਮਿਥ ਜਗਤ ਹੈ ਅਤੇ ਇਸ ਵਿਚ ਅਨੁਸ਼ਠਾਨ ਅਨੁਸ਼ਠਾਨ ਗਤ ਸਾਮਗ੍ਰੀ ਦੀ ਭਰਮਾਰ ਹੈ। ਫਰਿਸ਼ਤੇ ਅਤੇ ਸ਼ੈਤਾਨ ਦੀ ਧਾਰਣਾ, ਬਹਿਸ਼ਤ ਅਤੇ ਜਹੰਨਮ ਉਤੇ ਵਿਸ਼ਵਾਸ਼, ਪੁਲਸੇ-ਸਿਰਾਤ, ਜਿੰਨ ਭੂਤ ਅਤੇ ਅਨੁਸ਼ਠਾਨ ਗਤ ਸਾਮਗ੍ਰੀ ਦੇ ਅੰਤਰਗਤ, ਮੱਕੇ ਅਤੇ ਕਾਬੇ ਦੀ ਯਾਤ੍ਰਾ (ਹੱਜ) ਪੁੰਨ ਦਾਨ (ਜ਼ਕਾਤ) ਨਮਾਜ਼ , ਰੋਜ਼ਾ ਆਦਿ ਲੋਕਾਂ ਦੀ ਚੇਤਨਾ ਵਿੱਚ ਡੂੰਘੇ ਸਮਾਏ ਹੋਏ ਹਨ। ਇਨ੍ਹਾਂ ਵਿਸ਼ਵਾਸਾਂ ਅਤੇ ਮਨੌਤਾਂ ਦੁਆਲੇ ਹੀ ਮਿਥ ਉਸਾਰੀ ਹੈ। ਅਨੁਸ਼ਠਾਨਾਂ ਨੂੰ ਪ੍ਰਗਟ ਰੂਪ ਵਿਚ ਪਰੰਪਰਾਗਤ ਲੀਹਾਂ ਉਤੇ ਚਲਕੇ ਸਿਰੇ ਚਾੜ੍ਹਨਾ ਧਰਮ ਤੇ ਸਵਾਬ ਦਾ ਕੰਮ ਸਮਝਿਆ ਜਾਂਦਾ ਹੈ।

ਗੁਰੂ ਨਾਨਕ ਦੇਵ ਜੀ ਦੇ ਜਨਮ ਤਕ ਇਸਲਾਮ ਦਾ ਪ੍ਰਭਾਵ ਕਾਫੀ ਵਧੇਰੇ ਵਾਲਾ ਹੋ ਗਿਆ ਸੀ। ਬ੍ਰਾਹਮਣ, ਖਤ੍ਰੀ ਵੈਸ਼ ਅਤੇ ਸ਼ੂਦਰ, ਸਵਾਰਥ ਡਰ ਜਾਂ ਹੋਰ ਕਈ ਕਾਰਣਾਂ ਕਰਕੇ ਇਸਲਾਮ ਅੱਗੇ ਗੋਡੇ ਟੇਕ ਰਹੇ ਸਨ ਅਤੇ ਉਸ ਧਰਮ ਵਿੱਚ ਸ਼ਾਮਲ ਹੋ ਰਹੇ ਸਨ। ਇਸ ਤੱਥ ਦੀ ਗਵਾਹੀ ਗੁਰੂ ਨਾਨਕ ਕਾਵਿ ਵਿਚੋਂ ਮਿਲਦੀ ਹੈ।

ਕਲਿ ਪਰਵਾਣੁ ਕਤੇਬ ਕੁਰਾਣੁ ਪੋਥੀ ਪੰਡਿਤ ਰਹੇ ਪੁਰਾਣ ।
ਨਾਨਕ ਨਾਉ ਭਇਆ ਰਹਮਾਣੁ ਕਰਿ ਕਰਤਾ ਤੂ ਏਕੋ ਜਾਣੁ[1]।
ਆਦਿ ਪੁਰਖ ਕਉ ਅਲਹੁ ਕਹੀਐ ਸੇਖਾਂ ਆਈ ਵਾਰੀ।
ਦੇਵਲ ਦੇਵਤਿਆਂ ਕਰੁ ਲਾਗਾ ਐਸੀ ਕੀਰਤਿ ਚਾਲੀ।
ਕੂਜਾ ਬਾਂਗ ਨਿਵਾਜ ਮੁਸਲਾ, ਨੀਲ ਰੂਪ ਬਨਵਾਰੀ।
ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ।[2]

ਗੁਰੂ ਨਾਨਕ ਨੇ ਇਸਲਾਮਕ ਅਕੀਦਿਆਂ ਪ੍ਰਤਿ ਕ੍ਰਿਤਿਕ ਵਿਚਾਰ ਪੇਸ਼ ਕੀਤੇ ਹਨ, ਇਸ ਕਰਕੇ ਗੁਰੂ ਨਾਨਕ ਬਾਣੀ ਵਿੱਚ ਧਰਮ ਦੇ ਤਾਤਵਿਕ ਪੱਖ ਨੂੰ ਦ੍ਰਿੜ ਕਰਾਉਣ ਦੇ ਲਈ ਕਈ ਹਵਾਲੇ ਮਿਲਦੇ ਹਨ, ਅਤੇ ਇਨ੍ਹਾਂ ਵਿਚ ਇਸਲਾਮ ਵਿਚ ਉਸਰੀ ਮਿੱਥ ਅਤੇ ਅਨੁਸ਼ਠਾਨਗਤ ਸਾਮਗ੍ਰੀ ਦੀ ਵਰਤੋਂ ਭੀ ਹੋਈ ਹੈ।

**ਗੁਰੂ ਨਾਨਕ ਤੇ ਇਸਲਾਮਕ ਵਿਚਾਰਧਾਰਾ**

ਗੁਰੂ ਨਾਨਕ ਚਿੰਤਨ ਆਤਮਕ ਅਨੁਭਵ ਆਧਾਰਿਤ ਚਿੰਤਨ ਹੈ। ਗੁਰੂ ਨਾਨਕ ਦੇਵ ਦਾ

---

1. ਰਾਮਕਲੀ ਮਹਲਾ (ਅਸ਼ਟਪਦੀਆਂ), ਪੰਨਾ 903
2. ਬਸੰਤ ਮਹਲਾ, (ਅਸ਼ਟਪਦੀਆਂ), ਪੰਨਾ 1191

ਸਮਕਾਲੀਨ ਧਾਰਮਿਕ ਵਾਤਾਵਰਣ ਹਿੰਦੂ ਧਰਮ ਤੇ ਮੁਸਲਿਮ ਧਰਮ ਨਾਲ ਓਤ ਪ੍ਰੋਤ ਸੀ। ਬਹੁਤੇ ਵਿਚਾਰਵਾਨ ਇਸ ਗੱਲ ਤੋਂ ਇਹ ਸਿੱਟਾ ਕੱਢ ਲੈਂਦੇ ਹਨ ਕਿ ਗੁਰੂ ਨਾਨਕ ਚਿੰਤਨ ਉੱਤੇ ਹਿੰਦੂ ਅਤੇ ਮੁਸਲਿਮ ਧਰਮ ਦਾ ਡੂੰਘਾ ਪ੍ਰਭਾਵ ਪਿਆ।[1] ਕੁਝ ਵਿਦਵਾਨ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚੋਂ ਮਿਲਦੇ, ਇਕ ਪਰਮਾਤਮਾ ਉੱਤੇ ਵਿਸ਼ਵਾਸ, ਬੁੱਤ ਪੂਜਾ ਦਾ ਨਿਸ਼ੇਧ, ਬਹੁ ਦੇਵ ਵਾਦ ਦਾ ਖੰਡਨ, ਸਹਿਜ ਦਾ ਸਿਧਾਂਤ ਇਤਿਆਦਿ ਵਿਚਾਰਾਂ ਅਤੇ ਵਰਣ ਆਸ਼੍ਰਮ ਰਹਿਤ ਸਮਾਜਿਕ ਮਰਿਆਦਾ, ਗ੍ਰਹਿਸਤ ਆਸ਼੍ਰਮ ਦੀ ਪ੍ਰਧਾਨਤਾ ਅਤੇ ਮਨੁੱਖਾਂ ਦੀ ਸਮਾਨਤਾ ਆਦਿ ਵਿਸ਼ਿਆਂ ਬਾਰੇ ਸਮੱਗਰੀ ਨੂੰ ਪ੍ਰਮਾਣ ਵਜੋਂ ਪੇਸ਼ ਕਰਕੇ ਉਨ੍ਹਾਂ ਨੂੰ ਇਸਲਾਮ ਤੋਂ ਪ੍ਰਭਾਵਿਤ ਹੋਇਆ ਸੁਧਾਰਵਾਦੀ ਚਿੰਤਕ ਮੰਨ ਲੈਂਦੇ ਹਨ। ਗੁਰੂ ਨਾਨਕ ਨੂੰ ਨਿਰੋਲ ਸੁਧਾਰਵਾਦੀ ਚਿੰਤਕ ਨਹੀਂ ਆਖਿਆ ਜਾ ਸਕਦਾ। ਉਹ ਧਰਮ ਸੰਸਥਾਪਕ ਵੀ ਸਨ।[2] ਆਪ ਪੁਰਾਤਨ ਧਰਮ ਮਤ, ਅਵਲੰਬੀ ਨਹੀਂ ਸਨ, ਜਿਹੜੇ ਧਰਮ ਪੁਸਤਕਾਂ ਨੂੰ ਆਧਾਰ ਬਣਾ ਕੇ ਕੁਝ ਮਨੌਤਾਂ ਤੇ ਵਿਚਾਰਾਂ ਦੀ ਪ੍ਰੋੜਤਾ ਕਰਦੇ ਸਨ ਅਤੇ ਕੁਝ ਕੁ ਨੂੰ ਨਕਾਰਦੇ ਹਨ। ਉਨ੍ਹਾਂ ਦਾ ਚਿੰਤਨ ਨਿਰੋਲ ਨਿਜੀ ਅਨੁਭਵ ਉੱਤੇ ਆਧਾਰਿਤ ਹੈ। ਜਨਮ ਸਾਖੀ ਪਰੰਪਰਾ ਵਿੱਚ 'ਨਾ ਕੋ ਹਿੰਦੂ ਹੈ ਨ ਕੋ ਮੁਸਲਮਾਨ ਹੈ'[3] ਜਾਂ ਭਾਈ ਗੁਰਦਾਸ ਅਨੁਸਾਰ 'ਸੁਭ ਅਮਲਾਂ ਬਾਝਹੁ ਦੋਨੋ ਰੋਈ'[4] ਵਾਲੇ ਹਵਾਲੇ ਇਸ ਦਾ ਪ੍ਰਮਾਣ ਹਨ। ਉਨ੍ਹਾਂ ਦੀਆਂ ਨਜ਼ਰਾਂ ਵਿੱਚ ਦੋਹਾਂ ਧਰਮਾਂ ਦੇ ਅਨੁਯਾਈ ਸੱਚ ਮਾਰਗ ਤੋਂ ਖਿਸਕ ਗਏ ਸਨ। ਗੁਰੂ ਨਾਨਕ ਨੇ ਆਤਮਿਕ ਅਧਿ[illegible] ਚੇਤਨਾ ਨੂੰ ਸਮਕਾਲੀ ਸਮਾਜ ਵਿਚ ਪ੍ਰਵਿਸ਼ਟ ਕੀਤਾ ਅਤੇ ਧਾਰਮਿਕ ਸਮਾਜਿਕ ਜਗਤ ਨੂੰ ਸਬਲਤਾ ਬਖਸ਼ੀ।

ਆਪ ਨੇ ਪੈਗੰਬਰ ਹੋਣ ਦਾ ਦਾਅਵਾ ਨਹੀਂ ਕੀਤਾ। ਗੁਰੂ ਸਾਹਿਬ ਆਪਣੇ ਆਪ ਨੂੰ ਢਾਡੀ, ਸ਼ਾਇਰ, ਨੀਚ ਅਜਾਤ, ਤੇਰਾ ਬੰਦਾ, ਪ੍ਰਭੂ ਦੀ ਸਿਫਤ ਸਲਾਹ, ਵਿੱਚ ਜੁੜਿਆ ਸਾਧਾਰਣ ਵਿਅਕਤੀ ਕਹਿੰਦੇ ਹਨ। ਉਨ੍ਹਾਂ ਦੀ ਰਚਨਾ 'ਖਸਮ ਕੀ ਬਾਣੀ' ਜ਼ਰੂਰ ਹੈ।

---

1. (i) Tara Chand(Dr.) 'Influence of Islam on Indian culture'
   (ii) P.172-73
   (iii) Trilochan Singh 'Guru Nanak's Religion ...' / ਸ਼ੇਰ ਸਿੰਘ ਨੇ 'ਫਿਲਾਸਫੀ ਆਫ਼ ਸਿਖਇਜ਼ਮ' ਪੰਨਾ 103 ਉੱਤੇ ਇਸੀ ਪ੍ਰਕਾਰ ਦੀ ਗੱਲ ਕੀਤੀ ਹੈ।
2. ਕੀਤਾ ਆਪਣਾ ਪੰਥ ਨਿਰਾਲਾ, ਭਾਈ ਗੁਰਦਾਸ ਵਾਰ ਪਹਿਲੀ, ਪਉੜੀ ਨੰ 31
3. ਡਾਕਟਰ ਰਤਨ ਨਾ[illegible], ਸਿਧੋ ਕੀ ਕਾਰ ਤਿਆਰੀ, ਪੁਰਾਤਨ ਜਨਮ ਸਾਖੀ ਪੰਨਾ 43 ਭਾਈ ਵੀਰ ਸਿੰਘ (ਸੰਪਾ:)
   ਭਾਈ ਸੰਤੋਖ ਸਿੰਘ, 'ਗੁਰ ਜਾਪ ਹੈ ਕੇ ਨਵੀ ਰੀਤ ਸੀ ਚਲਾਈ ਹੈ' ਗੁਰ ਪ੍ਰਤਾਪ ਸੂਰਜ ਗ੍ਰੰਥ ਰੁਤ 3 ਅਧਿਆਏ ੬
4. ਭਾਈ ਗੁਰਦਾਸ, ਵਾਰ ਪਹਿਲੀ ਪਉੜੀ 33

ਇਸਲਾਮ ਬਹੁਦੇਵ ਵਾਦ ਤੋਂ ਮੁਕਤ ਹੈ। ਇਸਲਾਮ ਵਿਚ ਸਿਧਾਂਤਕ ਪੱਖੋਂ,ਬੁੱਤ ਪੂਜਾ ਦੀ ਕੋਈ ਥਾਂ ਨਹੀਂ। ਅੱਲਾ ਇਕ ਹੈ,ਉਸਦਾ ਸਾਨੀ ਕੋਈ ਨਹੀਂ। ਨਾਸ਼ਮਾਨ ਵਿਅਕਤੀ ਨੂੰ ਅੱਲਾ ਵਾਲੇ ਰੁਤਬਾ ਨਾਲ ਅਰੋਪਿਆ ਹੀ ਨਹੀਂ ਜਾ ਸਕਦਾ। ਇਹ ਸ਼ਿਰਕ ਆਖਿਆ ਜਾਵੇਗਾ। ਇਸਲਾਮ, ਜਿਸ ਦਾ ਆਧਾਰ ਕੁਰਾਨ ਹੈ ਤੇ ਜਿਸਦੇ ਸੰਸਥਾਪਕ ਹਜ਼ਰਤ ਮੁਹੰਮਦ ਹਨ, ਵਿਰੋਂ ਦੇਵਤੇ ਅਤੇ ਦੇਵੀਆਂ ਦੇ ਮਿਥ ਆਡੰਬਰ ਨੂੰ ਤੋੜਕੇ, ਇਕੋ ਅੱਲਾ ਦੀ ਤਾਸੀਰ ਨੂੰ ਉਸਾਰਿਆ ਹੈ।

ਇਸਲਾਮ ਵਿਚ ਮਿੱਥ ਦੇ ਅੰਤਰਗਤ, ਪੁਲ ਏ ਸਿਰਾਤ, ਬਹਿਸ਼ਤ, ਜਹੰਨਮ,ਫਰਿਸ਼ਤੇ, ਸ਼ੈਤਾਨ, ਪੀਰ ਪੈਗੰਬਰ, ਜਿੰਨ ਸ੍ਰਿਸ਼ਟੀ ਉਤਪਤੀ ਇਤਿਆਦਿ ਅਤੇ ਅਨੁਸ਼ਠਾਨਾਂ ਵਿਚ ਨਮਾਜ਼, ਰੋਜ਼ਾ, ਹੱਜ, ਜ਼ਕਾਤ, ਸੁੰਨਤ, ਕਲਮਾ, ਮਸੀਤ, ਮਸਲਾ ਹਲਾਲ, ਹਰਾਮ ਕਬਰ ਇਤਿਆਦਿ ਬਾਰੇ ਗੁਰੂ ਨਾਨਕ ਬਾਣੀ ਵਿੱਚ ਵਿਚਾਰ ਪ੍ਰਗਟਾਏ ਗਏ ਹਨ। ਇਸਲਾਮੀ ਮਿਥ ਕਥਾਵਾਂ ਨੂੰ ਨਾਨਕ ਬਾਣੀ ਵਿਚ ਦਰਜ ਨਹੀਂ ਕੀਤਾ ਗਿਆ। ਉਪਰੋਕਤ ਮਿਥ ਅੰਸ਼ਾਂ ਦੀ ਵਰਤੋਂ ਵੀ ਪ੍ਰਤੀਕ ਹੈ ਤੇ ਉਹ ਵੀ ਵਾਧੂ ਵਿਸਤਾਰ ਤੋਂ ਰਹਿਤ ਹੈ।

ਅਤਾਂਹਤੀ ਪਾਰਲੌਕਿਕ ਸ਼ਖਸੀਅਤਾਂ ਦਾ ਵਿਖਿਆਨ ਇਸ ਪ੍ਰਕਾਰ ਹੈ:

ਫਰਿਸ਼ਤਾ/ਫਰਿਸ਼ਤਹ

ਫਰਿਸ਼ਤਹ ਦਾ ਅਰਥ 'ਭੇਜਿਆ ਹੋਇਆ' ਹੈ। ਇਸ ਦਾ ਮੂਲ ਫਰਸਤਾਦਨ (ਭੇਜਣਾ) ਹੈ।[1] ਅਰਬੀ ਭਾਸ਼ਾ ਵਿਚ 'ਮਲਕ' ਆਖਦੇ ਹਨ। ਇਸਲਾਮ ਵਿਚਾਰਧਾਰਾ ਅਨੁਸਾਰ ਫਰਿਸ਼ਤੇ ਖੁਦਾ ਦੇ ਨੂਰ ਤੋਂ ਪੈਦਾ ਹੋਏ।[2] ਉਹ ਭੁੱਖ ਤ੍ਰੇਹ ਅਤੇ ਪਾਪ ਤੋਂ ਰਹਿਤ ਹਨ ਅਤੇ ਵੱਡੀ ਸ਼ਕਤੀ ਰਖਦੇ ਹਨ।

ਕਈ ਥਾਵਾਂ ਤੇ ਇਨ੍ਹਾਂ ਦੀ ਗਿਣਤੀ ਸਵਾ ਲੱਖ, ਅਤੇ ਕਿਤੇ ਅੱਸੀ ਹਜ਼ਾਰ ਹੈ। ਕੁਰਾਨ ਵਿਚ ਚਾਰ ਮੁੱਖੀ ਫਰਿਸ਼ਤੇ ਲਿਖੇ ਹਨ।[3]

1. ਜਿਬਰਾਈਲ: ਇਹ ਖੁਦਾ ਦਾ ਪੈਗਾਮ ਪੈਗੰਬਰ ਕੋਲ ਲੈ ਜਾਂਦਾ ਹੈ। ਇਸਨੇ ਹਜ਼ਰਤ ਮੁਹੰਮਦ ਸਾਹਿਬ ਨੂੰ ਖੁਦਾ ਕੋਲੋਂ ਸਮੇਂ ਸਮੇਂ ਸਿਰ ਆਇਤਾਂ ਲਿਆ ਕੇ ਦਿੱਤੀਆਂ। ਇਸ ਦਾ ਨਾਂ ਰੂਹਲਕੁਦਸ ਭੀ ਲਿਖਿਆ ਹੈ।

2. ਮੀਕਾਈਲ: ਜੀਵਾਂ ਨੂੰ ਰਿਜ਼ਕ ਪਹੁੰਚਾਉਂਦਾ ਤੇ ਰਖਿਆ ਕਰਦਾ ਹੈ।

3. ਇਸਰਾਫੀਲ: ਇਹ ਕਿਆਮਤ ਦੇ ਸਮੇਂ ਤੁਰ੍ਹੀ ਵਜਾਉਂਦਾ ਹੈ। ਇਸਦੇ ਬਜਾਇਕੇ ਨਾਲ ਕਿਆਮਤ ਆਵੇਗੀ ਅਤੇ ਕਬਰਾਂ ਵਿਚੋਂ ਮੁਰਦੇ ਜਾਗ ਉਠਣਗੇ।

4. ਇਜ਼ਰਾਈਲ ਯਾ ਅਜ਼ਰਾਈਲ: ਇਹ ਮੌਤ ਦਾ ਫਰਿਸ਼ਤਾ ਹੈ। ਇਸ ਨੂੰ ਮਲਕੁਲ ਮੌਤ ਵੀ ਆਖਦੇ ਹਨ।

---

1. ਕਾਨ੍ਹ ਸਿੰਘ ਨਾਭਾ, 'ਮਹਾਨ ਕੋਸ਼', ਪੰਨਾ 607
2. ——ਉਹੀ——, ਪੰਨਾ 607
3. ——ਉਹੀ——, ਪੰਨਾ 607

ਉਪਰੋਕਤ ਚਾਰ ਮੁਖੀ ਫਰਿ਼ਸ਼ਤਿਆਂ ਤੋਂ ਇਲਾਵਾ ਕਿਰਾਮਨ ਅਤੇ ਕਾਤਬੀਨ ਹਨ। ਇਹ ਮਨੁਖ ਦੇ ਮਾੜੇ ਅਤੇ ਚੰਗੇ, ਕੰਮ ਉਸਦੇ ਸ਼ੁਭ ਅਸ਼ੁਭ ਕਰਮ ਲਿਖਣ ਲਈ ਹਾਜ਼ਰ ਰਹਿੰਦੇ ਹਨ। ਦੋ ਹੋਰ ਫਰਿਸ਼ਤੇ ਮੁਨਕਰ, ਨਕੀਰ ਮਰੇ ਹੋਏ ਆਦਮੀ ਨੂੰ ਕਬਰਾਂ ਵਿਚ ਜਾ ਕੇ ਪੁਛਦੇ ਅਤੇ ਸਜ਼ਾਵਾਂ ਦੇਂਦੇ ਹਨ। ਅੱਠ ਫਰਿਸ਼ਤੇ ਖੁਦਾ ਦਾ ਸਿੰਘਾਸਨ ਉਠਾਉਣ ਵਾਲੇ ਹਨ। ਮਾਲਿਕ ਫਰਿਸ਼ਤੇ ਅਧੀਨ 10 ਫਰਿਸ਼ਤੇ ਹਨ ਜਿਨ੍ਹਾਂ ਦਾ ਮੁਖੀ ਰਿਜ਼ਵਾਨ ਹੈ।[1]

ਇਹ ਫਰਿਸ਼ਤੇ ਆਪਣੀ ਸੱਤਾ ਅਤੇ ਸ਼ੁਹਰਤ ਵਿਚ ਪੈਗੰਬਰ ਤੋਂ ਹੇਠਾਂ ਮੰਨੇ ਗਏ ਹਨ। ਕਿਉਂਕਿ ਅੱਲਾ ਦੇ ਨੂਰ ਤੋਂ ਉਤਪੰਨ ਹੋਣ ਤੇ ਵੀ, ਅੱਲਾ ਨੇ ਇਨ੍ਹਾਂ ਨੂੰ ਆਦਮ ਅੱਗੇ ਸਿਰ ਝੁਕਾਉਣ ਲਈ ਹੁਕਮ ਕੀਤਾ ਸੀ[2] ਇਨ੍ਹਾਂ ਫਰਿਸ਼ਤਿਆਂ ਦਾ ਦਰਜਾ ਪੈਗੰਬਰ ਤੋਂ ਬੇਸ਼ਕ ਉਚਾ ਨਹੀਂ ਪਰ ਮਨੁਖ ਤੋਂ ਅਵੱਸ਼ ਹੀ ਉਚਾ ਹੈ। ਕੁਰਾਨ ਵਿੱਚ ਲਿਖਿਆ ਹੈ: ' ਜਿਹੜਾ ਮਨੁੱਖ ਅੱਲਾ ਦਾ ਦੁਸ਼ਮਨ ਹੈ, ਉਸਦੇ ਫਰਿਸ਼ਤਿਆਂ ਅਤੇ ਉਸਦੇ ਰਸੂਲਾਂ ਦਾ, ਅਤੇ ਜਿਬਰਾਈਲ ਦਾ ਅਤੇ ਮੀਕਾਈਲ ਦਾ ਤਾਂ ਅੱਲਾ ਵੀ ਅਜਿਹੇ ਕਾਫ਼ਰਾਂ ਦਾ ਦੁਸ਼ਮਨ ਹੈ।[3]

ਫਰਿਸ਼ਤੇ ਦਾ ਮਿਥ ਸੰਕੇਤ ਨਾਨਕ ਬਾਣੀ ਵਿਚ ਵੀ ਆਇਆ ਹੈ। ਆਪ ਨੇ ਮਲਕ ਤੇ ਫਰਿਸ਼ਤਾ ਦੋਵੇਂ ਸ਼ਬਦ ਵਰਤੇ ਹਨ। ਮਲਕ ਦਾ ਬਹੁ ਵਚਨ 'ਮਲਾਇਕ' ਦੀ ਵਰਤੋਂ ਭੀ ਹੋਈ ਹੈ। ਫਰਿਸ਼ਤੇ ਦਾ ਜ਼ਿਕਰ ਕਰਦੇ ਹੋਏ ਅਜ਼ਰਾਈਲ ਫਰਿਸ਼ਤੇ ਦਾ ਹੀ ਵਰਣਨ ਕੀਤਾ ਗਿਆ ਹੈ। ਮਲਕ ਦੀ ਵਰਤੋਂ ਵੀ ਫਰਿਸ਼ਤੇ ਦੇ ਸੰਬਧ ਸੰਕੇਤ ਵਾਲੇ ਰੂਪ ਨੂੰ ਸਾਦਿਕ ਅਤੇ ਸਾਦਿਕਾ ਪੁਰਸ਼ਾਂ ਦੇ ਰੂਪਾਂ ਨੂੰ ਬਿਆਨ ਕਰਦੇ ਸਮੇਂ ਹੋਈ ਹੈ।[4] ਕੁਰਾਨ ਅਨੁਸਾਰ ਅਜ਼ਰਾਈਲ ਮੌਤ ਦਾ ਫਰਿਸ਼ਤਾ। ਗੁਰੂ ਨਾਨਕ ਦੇਵ ਜੀ ਨੇ ਵੀ ਅਜ਼ਰਾਈਲ ਦੀ ਵਰਤੋਂ ਮੌਤ ਨਾਲ ਸੰਬੰਧਿਤ ਵਿਸ਼ੇ ਦੇ ਪ੍ਰਸੰਗ ਵਿੱਚ ਹੀ ਕੀਤੀ ਹੈ।[5]

ਬਾਣੀ ਵਿਚ ਕੇਵਲ ਇਜ਼ਰਾਈਲ ਦਾ ਹੀ ਵਰਣਨ ਆਇਆ ਹੈ ਬਾਕੀ ਫਰਿਸ਼ਤਿਆਂ ਦਾ ਨਹੀਂ। ਇਨ੍ਹਾਂ ਦੇ ਲੱਛਣ, ਕਰਮ, ਜਾਂ ਵਿਸ਼ੇਸ਼ਤਾਵਾਂ ਆਦਿ ਦਾ ਜ਼ਿਕਰ ਗੁਰੂ ਨਾਨਕ ਕਾਵਿ ਵਿਚ ਨਹੀਂ ਹੋਇਆ। ਇਜ਼ਰਾਈਲ ਦਾ ਜ਼ਿਕਰ ਵੀ ਮੌਤ ਦੇ ਸੰਦਰਭ ਵਿਚ ਹੀ ਹੋਇਆ ਹੈ। ਗੁਰੂ ਨਾਨਕ ਮਿਥ - ਸੰਕੇਤ ਦੇਣ ਸਮੇਂ ਵਾਧੂ ਵਿਸਤਾਰ ਵਿਚ ਪੈਣਾ ਜ਼ਰੂਰੀ ਨਹੀਂ ਸਮਝਦੇ। ਇਸਲਾਮੀ

---

1. ਕਾਨ੍ਹ ਸਿੰਘ ਨਾਭਾ, 'ਮਹਾਨ ਕੋਸ਼', ਪੰਨਾ 607
2. Dictionary of Islam, P.15
3. ਪਹਿਲਾ ਪਾਰਾ- ਸੂਰੇ ਬਕਰ, ਪੰਨਾ 34
4. ਸਿਦਕੁ ਸਬੂਰੀ ਸਾਦਿਕਾ ਸਬਰੁ ਤੋਸਾ ਮਲਾਇਕਾਂ
   ਦੀਦਾਰੁ ਪੂਰੇ ਪਾਇਸਾ ਥਾਉ ਨਾਹੀ ਖਾਇਕਾ। ਸਿਰੀ ਰਾਗੁ (ਸ਼ਲੋਕ), ਪੰਨਾ 83
5. ਮਮ ਸਰ ਮੂਇ ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ।
   ਤਿਲੰਗ ਰਾਗੁ, ਪੰਨਾ 721

ਸਿੱਖ ਅਤੇ ਧਰਮ ਇਤਿਆਦਿ ਦੋਆਂ ਮਨੌਤਾਂ ਦਾ ਖੰਡਣ ਮੰਡਣ ਕਰਨਾ ਉਨ੍ਹਾਂ ਦਾ ਸੁਭਾ ਨਹੀਂ। ਜਿਹੜੀ ਵਸਤੂ ਸਿੱਧੇ ਰੂਪ ਵਿਚ ਵਿਅਕਤੀ ਦੇ ਜੀਵਨ ਕਾਰਜ ਨੂੰ ਪ੍ਰਭਾਵਿਤ ਨਹੀਂ ਕਰਦੀਆਂ, ਉਸ ਦੀ ਅਧਿਕਤੋ ਦਾ ਕਾਰਣ ਨਹੀਂ ਬਣਦੀ, ਉਸ ਦੇ ਵਾਦ ਵਿਵਾਦ ਵਿਚ ਪੈਣਾ ਉਨ੍ਹਾਂ ਦੇ ਸਿੱਖ-ਪ੍ਰੇਮ ਪ੍ਰਸੰਗ ਦਾ ਹਿੱਸਾ ਨਹੀਂ ਬਣੀ।

ਮੌਤ ਕੁਦਰਤ ਦਾ ਅਟੱਲ ਨੇਮ ਹੈ। ਸਿਰਜਨ ਤੇ ਵਿਨਾਸ਼ਨ ਪ੍ਰਕ੍ਰਿਆ ਸਦਾ ਕਾਇਮ ਰਹਿੰਦੀ ਹੈ। ਸਿਰਜਨ-ਬਿਨਸਨ ਪ੍ਰਕ੍ਰਿਆ ਪ੍ਰਭੂ ਦੇ ਭਾਣੇ ਅਨੁਸਾਰ ਹੋ ਰਹੀ ਹੈ ਤੇ ਇਜ਼ਰਾਈਲ ਉਸ ਭਾਣੇ ਦਾ ਹੀ ਇਕ ਅੰਗ ਹੈ। ਪ੍ਰਭੂ ਦੀ ਰਜ਼ਾ ਤੋਂ ਬਿਨਾ ਉਸਦੀ ਵੀ ਹੋਂਦ ਜਾਪਦੀ ਨਹੀਂ। ਜਿਹੜੇ, ਅੰਬਰ ਵਿਚ ਵਿਚਰਣ ਵਾਲੇ ਫਰਿਸ਼ਤੇ ਉਸ ਪਰਮ ਪਰਤਪਰ ਦੇ ਭਾਣੇ ਅੰਦਰ ਹੀ ਚਲ ਰਹੇ ਹਨ।

ਸ਼ੈਤਾਨ:

ਸ਼ੈਤਾਨ ਦਾ ਸੰਕਲਪ ਇਸਲਾਮੀ ਧਰਮ ਮਤ ਦਾ ਮਹੱਤਵ ਪੂਰਣ ਅੰਗ ਹੈ। ਈਸਾਈਆਂ ਤੇ ਯਹੂਦੀਆਂ ਵਿਚ ਵੀ ਸ਼ੈਤਾਨ ਦਾ ਸੰਕਲਪ ਮਿਲਦਾ ਹੈ।[1] ਸ਼ੈਤਾਨ ਦੀ ਸਿਰਜਨਾ ਅਗਨੀ ਤਤੂ ਤੋਂ ਹੋਈ।[2] ਪਰ ਇਹ ਖੁਦਾ ਦੀ ਹੁਕਮ ਅਦੂਲੀ ਦੇ ਕਾਰਣ ਤ੍ਰਿਸਕ੍ਰਿਤ ਜਿੰਨਾਂ ਦੀ ਕੋਟੀ ਵਿਚ ਗਿਣਿਆ ਜਾਣ ਲੱਗ ਪਿਆ। ਕੁਰਾਨ ਵਿੱਚ ਸ਼ੈਤਾਨ ਸ਼ਬਦ 52 ਵਾਰੀ ਆਇਆ ਹੈ ਤੇ ਇਬਲੀਸ 9 ਵਾਰ।[3] ਕੁਰਾਨ ਵਿਚ ਆਉਂਦਾ ਹੈ, 'ਜਦੋਂ ਅਸੀਂ ਫਰਿਸ਼ਤਿਆਂ ਨੂੰ ਹੁਕਮ ਦਿੱਤਾ ਕਿ ਆਦਮ ਅੱਗੇ ਸਿਰ ਝੁਕਾਓ ਤਾਂ ਇਬਲੀਸ(ਜਿਹੜਾ ਜਿੰਨਾਂ ਦੀ ਜਾਤੀ ਵਿਚੋਂ ਸੀ) ਦੇ ਸਿਵਾ ਸਾਰਿਆਂ ਨੇ ਸਿਰ ਝੁਕਾਇਆ ਪਰ ਇਹ ਆਪਣੇ ਪਰਵਰਦਗਾਰ ਦਾ ਹੁਕਮ ਮੰਨਣ ਤੋਂ ਭੱਜ ਗਿਆ, ਇਹ ਸ਼ੈਤਾਨ ਹੈ।'[4] ਸ਼ੈਤਾਨ ਨੂੰ ਮਨੁੱਖ ਦੀ ਆਦਿਕਾਲੀਨ ਦੁਸ਼ਮਨ ਸਮਝਿਆ ਗਿਆ। ਪਰਮਾਤਮਾ ਨੇ ਇਸਨੂੰ ਜ਼ਮੀਨ ਤੇ ਆਸਮਾਨ ਸਿਰਜਨ ਲੱਗਿਆਂ ਵੀ ਨਹੀਂ ਬੁਲਾਇਆ। ਪਵਿੱਤ੍ਰ ਕੌਮ ਏਹੋ ਬਦੀ ਤੋਂ ਦੂਰ ਰਹਿਣਾ ਹੀ ਚੰਗਾ ਹੈ। ਭਾਵੇਂ ਇਸ ਉਤੇ ਵੀ ਮੌਤ ਦਾ ਹੁਕਮ ਨਾਜ਼ਲ ਹੋਇਆ ਪਰ ਇਸਨੇ ਕਿਆਮਤ ਦੇ ਦਿਨ ਤੱਕ ਅੱਲ੍ਹਾ ਤੋਂ ਉਮਰ ਮੰਗ ਲਈ। ਇਹ ਅਜ਼ਾਜ਼ੀਲ, ਮਨੁੱਖ ਨੂੰ ਪੈਗੰਬਰ ਤੇ ਖੁਦਾ ਦੇ ਵਿਰੁਧ ਭੜਕਾਉਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਬਾਣੀ ਵਿਚ ਸ਼ੈਤਾਨ ਸ਼ਬਦ ਦੀ ਵਰਤੋਂ ਕੀਤੀ ਹੈ।

---

1. A.S.Tritton,Islam Beliefs and Practices,P.48
2. ਮਹਾਨ ਕੋਸ਼, ਪੰਨਾ 172
3. Dictionary of Islam,P.84
4. ਕੁਰਾਨ, ਸੂਰਾ ਕਹਫ ਰੁਕੂ 7/47

ਬਾਬਰ ਵਾਣੀ ਦੇ ਸ਼ਬਦਾਂ ਵਿੱਚ ਜ਼ਾਲਮਾਂ ਦੇ ਨਾਲ ਹੀ ਸ਼ੈਤਾਨ ਦੀ ਵਰਤੋਂ ਹੋਈ ਹੈ।[1] ਇਬਲੀਸ ਜਾਂ ਅਜ਼ਾਜ਼ੀਲ ਦੇ ਨਾਂ ਨਹੀਂ ਲਿਖੇ ਗਏ ਅਤੇ ਨਾ ਹੀ ਕੋਈ ਮਿਥ ਕਥਾ ਦਾ ਹਵਾਲਾ ਦਿੱਤਾ ਗਿਆ ਹੈ। ਸ੍ਰੀ ਰਾਗ ਪਹਿਰਿਆਂ ਵਿੱਚ ਰੋਜ਼ਿਆਂ ਅਤੇ ਨਮਾਜ਼ ਦੇ ਅਨੁਸ਼ਠਾਨਗਤ ਪ੍ਰਕਰਣ ਵਿੱਚ ਸ਼ੈਤਾਨ ਦਾ ਜ਼ਿਕਰ ਆਇਆ ਹੈ। ਇਹ ਵਰਤੋਂ ਹਰਿਹਤੇ ਪਦ ਤੋਂ ਕਿਹੇ ਕੁਰਾਨ ਵਾਲੇ ਜਿਨ-ਸ਼ੈਤਾਨ ਇਬਲੀਸ ਜਾਂ ਅਜ਼ਾਜ਼ੀਲ ਦੇ ਮਿਥ ਆਡੰਬਰ ਦੀ ਥਾਂ ਮਿਥ-ਅਰਥ ਦੇ ਪ੍ਰਤੀਕ ਵਜੋਂ ਹੋਈ ਹੈ ਜੋ ਮਨਮੁੱਖੀ ਨੀਚ ਪ੍ਰਕਿਰਤੀ ਅਤੇ ਅਹੰ ਨੂੰ ਪ੍ਰਗਟਾਉਂਦੀ ਹੈ। ਖ਼ੁਦਾ ਦੀ ਇਨਾਇਤ ਦੀ ਨਜ਼ਰ ਉਨ੍ਹਾਂ ਉਤੇ ਹੁੰਦੀ ਹੈ ਜਿਹੜੇ ਇਕਾਗਰ ਭਾਵਨਾ ਨਾਲ ਉਸਦੇ ਸਿਮਰਣ ਵਿਚ ਜੁੜਦੇ ਹਨ। ਰੋਜ਼ੇ ਅਤੇ ਨਮਾਜ਼ਾਂ ਦੇ ਅਡੰਬਰ ਵਿਧਾਨ ਵਿੱਚ ਫਸਿਆ ਮਨੁੱਖ ਅਭਿਮਾਨ ਦੀ ਗਾਰ ਵਿਚ ਡਿੱਗ ਪੈਂਦਾ ਹੈ। ਅਭਿਮਾਨ ਦਾ ਹੀ ਦੂਜਾ ਨਾਂ ਸ਼ੈਤਾਨ ਹੈ। ਇਸ ਸ਼ੈਤਾਨੀਅਤ ਦਾ ਘੇਰਿਆ ਮਨੁੱਖ ਨਰਕਾਂ ਤੋਂ ਹੇਠਾਂ ਹੋ ਜਾਂਦਾ ਹੈ। 'ਨਫ਼ਸੇ ਅਮਾਰਾ' ਹੀ ਸ਼ੈਤਾਨ ਹੈ। ਰੋਜ਼ਿਆਂ ਤੇ ਨਮਾਜ਼ਾਂ ਦੇ ਪਸਾਰੇ ਨਾਲੋਂ ਨਾਮ ਸਿਮਰਣ ਵੱਡੀ ਚੀਜ਼ ਹੈ।

ਗੁਰੂ ਨਾਨਕ ਬਾਣੀ ਨੂੰ ਸ਼ੈਤਾਨ ਦਾ ਮਿਥ ਸੰਕਲਪ ਪ੍ਰਵਾਨ ਨਹੀਂ। ਪ੍ਰਭੂ ਦਾ ਸਾਨੀ ਸ਼ੈਤਾਨ ਨਹੀਂ ਹੋ ਸਕਦਾ। ਬਦੀ ਨੂੰ ਸਿਰਜਣ ਵਾਲਾ ਪ੍ਰਭੂ ਹੋ ਹੀ ਨਹੀਂ ਸਕਦਾ। ਬਦੀ ਮਾਇਆ ਦੀ ਖੇਡ ਹੈ ਤੇ ਮਨੁੱਖ ਦਾ ਸੁਭਾਵਕ ਪ੍ਰਵਿਰਤੀ। ਇਸਦੀ ਦਲਦਲ ਵਿੱਚ ਜਕੜਿਆ ਮਨੁੱਖ ਪੱਥ-ਭ੍ਰਸ਼ਟ ਹੋ ਜਾਂਦਾ ਹੈ। ਕੇਵਲ ਵਾਹਿਗੁਰੂ ਦੀ ਕ੍ਰਿਪਾ ਹੀ ਸਿੱਧੇ ਮਾਰਗ ਤੇ ਤੋਰਦੀ ਹੈ, ਸ਼ੈਤਾਨ ਦਾ ਇਸ ਵਿੱਚ ਕੋਈ ਦੋਸ਼ ਨਹੀਂ। ਹਿੰਦੂ ਧਰਮ ਵਿਚ ਸ਼ੈਤਾਨ ਨਾਲੋਂ ਮਨੁਖ ਦੀਆਂ ਮੰਦ ਵਿਦ੍ਰੋਹਾਤਮਕ ਬਿਰਤੀਆਂ ਉਤੇ ਹੀ ਜ਼ੋਰ ਦਿੱਤਾ ਗਿਆ ਹੈ।

<u>ਜਿੰਨ:</u>

ਜਿੰਨਾਂ, ਭੂਤਾਂ ਅਤੇ ਪ੍ਰੇਤਾਂ ਉਤੇ ਵਿਸ਼ਵਾਸ ਬਹੁਤੇ ਧਰਮਾਂ ਦਾ ਹਿੱਸਾ ਹੈ। ਪੁਰਾਣਾਂ ਵਿਚ ਮ੍ਰਿਤ ਪ੍ਰਾਣੀ ਨੂੰ ਪ੍ਰੇਤ ਆਖਿਆ ਗਿਆ ਹੈ। ਅਰਬ ਲੋਕਾਂ ਅਨੁਸਾਰ ਜਿੰਨਾਂ ਦੇ ਚਾਰ 'ਗਰੁਪ' ਹਨ। ਤੇ ਹਰੇਕ ਗਰੁੱਪ ਵਿਚ [illegible],6 ਸੌ ਹਜ਼ਾਰ ਜਿਨ ਹਨ।[2] ਜਿੰਨਾਂ ਦੀ ਧਰਤੀ ਉਤੇ ਹੋਂਦ ਮਨੁਖ ਤੋਂ ਪਹਿਲਾਂ ਦੀ ਹੈ ਕਿਉਂਕਿ ਪਹਿਲਾਂ ਪਹਿਲ ਇਬਲੀਸ ਨੂੰ ਬਹਿਸ਼ਤ ਬਾਗ ਵਿਚੋਂ ਕੱਢ ਦਿੱਤਾ ਗਿਆ ਸੀ। ਜਿਨ ਅਗਨੀ ਵਿਚੋਂ ਸਿਰਜੇ ਗਏ। ਇਨ੍ਹਾਂ ਦਾ ਮੁਖੀ ਅਜ਼ਾਜ਼ੀਲ ਇਬਲੀਸ ਹੈ। ਜਦੋਂ ਅੱਲਾ ਦੁਆਰਾ ਸਿਰਜੇ ਗਏ ਪੈਗੰਬਰ ਆਦਮ ਅਗੇ ਇਬਲੀਸ ਨੇ ਸਿਜਦਾ ਕਰਨ ਤੋਂ ਇਨਕਾਰ ਕਰ ਦਿੱਤਾ ਤਾਂ ਉਸਨੂੰ ਸ਼ੈਤਾਨ ਅਤੇ ਜਿਨ ਦੀ ਉਪਾਧੀ ਮਿਲੀ।

---

1. ਅਗਦੁ ਪੜੈ ਸ਼ੈਤਾਨ ਵੇ ਲਾਲੋ, ਤਿਲੰਗ ਰਾਗੁ, ਪੰਨਾ 722

2. 'The Mythology of All races'(Devils Demons, Gods & Evil Spirits)Vol.V, Page 353

ਜਿੰਨ ਧਰਤੀ ਦੀਆਂ ਬੇਆਬਾਦ , ਉਜਾੜ ਤੇ ਸੁੰਨੀਆਂ ਥਾਵਾਂ ਉਤੇ ਵਾਸਾ ਕਰਦੇ ਹਨ। ਮਨੁੱਖ ਇਨ੍ਹਾਂ ਨੂੰ ਘੱਟ ਹੀ ਵੇਖ ਸਕਦਾ ਹੈ ਪਰ ਪਸ਼ੂ ਇਨ੍ਹਾਂ ਨੂੰ ਅਨੁਭਵ ਕਰ ਸਕਦੇ ਹਨ, ਅਜਿਹੀ ਲੋਕਾਂ ਵਿਚ ਮਨੌਤ ਹੈ। 'ਇਨ੍ਹਾਂ ਵਿਚ ਅੱਖ ਝਮਕਣ ਜਿੰਨੇ ਸਮੇਂ ਵਿਚ ਸ਼ਕਲ ਬਦਲਣ ਦੀ ਸਮਰਥਾ ਹੈ।[1]

ਈਸਾਈ ਧਰਮ ਤੇ ਇਸਲਾਮ ਵਿੱਚ ਜਿੰਨ੍ਹਾਂ ਦੀ ਹੋਂਦ ਉਤੇ ਵਿਸ਼ਵਾਸ਼ ਕੀਤਾ ਜਾਂਦਾ ਹੈ। ਮਿੱਥ ਚੇਤਨਾ ਦੇ ਦੌਰ ਪੁਰਾਣੇ ਕਾਲ ਦੀ ਇਸ ਵਿਸ਼ਵਾਸ਼ ਧਾਰਣਾ ਨੂੰ ਬਹੁਤੇ ਧਰਮਾਂ ਵਿੱਚ ਅਪਣਾਇਆ ਜਾਣਾ, ਇਸ ਗੱਲ ਦਾ ਸੂਚਕ ਹੈ ਕਿ ਮਿਥ ਸਿਰਜਨ ਪ੍ਰਕਿਰਿਆ ਤੇ ਮਿਥ ਚੇਤਨਾ ਨੇ ਧਰਮ ਪਸਾਰੇ ਵਿਚ ਆਪਣਾ ਦਾਅਵਾ ਸਦ ਕਾਇਮ ਰੱਖਿਆ ਹੈ।

ਗੁਰੂ ਨਾਨਕ ਦੇਵ ਜੀ ਨੇ ਜਿੰਨਾਂ, ਜਿੰਨੂਰਾ, ਜਿੰਨੂਰੀ ਸ਼ਬਦਾਂ ਦੀ ਵਰਤੋਂ ਕੀਤੀ ਹੈ। ਨਾਨਕ ਬਾਣੀ ਵਿਚ ਮਨੁਖ ਨੂੰ ਭੈ ਤੇ ਭਉ ਤੋਂ ਮੁਕਤ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਜਿੰਨ ਭੂਤ ਨਿਕੂਈਆਂ ਚੀਜ਼ਾਂ ਹਨ। ਇਨ੍ਹਾਂ ਵਹਿਮਾਂ ਵਿੱਚ ਫਸਕੇ ਮਨੁੱਖ ਨੂੰ ਆਪਣੇ ਆਤਮਕ ਬਲ ਨੂੰ ਕਮਜ਼ੋਰ ਨਹੀਂ ਕਰਨਾ ਚਾਹੀਦਾ। ਮਨੁੱਖ ਪ੍ਰਕਿਰਤੀ ਦਾ ਸਰਦਾਰ ਹੈ। ਨਾਲੇ ਸਾਰੀ ਪ੍ਰਕਿਰਤੀ ਵਿੱਚ 'ਸਰਬ ਜੋਤ' ਪਸਰ ਰਹੀ ਹੈ ਚਾਹੇ ਉਹ ਆਬਾਦ ਥਾਂ ਹੈ ਚਾਹੇ ਬੇਆਬਾਦ। ਜੋਤ ਤੇ ਜਿੰਨ ਦਾ ਇਕ ਥਾਂ ਵਾਸਾ ਨਹੀਂ ਹੋ ਸਕਦਾ। ਮਨੁੱਖ ਦੀ ਪਰਿਕਲਪਨਾ ਦੇ ਇਸ ਅੰਗ ਅੰਦਰ ਪਿਛਲਾ ਸਦੀਆਂ ਦਾ ਵਹਿਮ ਤੇ ਡਰ ਹੈ, ਜਿਹੜਾ ਮੁਕਣਾ ਚਾਹੀਦਾ ਹੈ।

ਗੁਰੂ ਨਾਨਕ ਬਾਣੀ ਵਿੱਚ ਜਿੰਨ ਪ੍ਰਤੀ ਤ੍ਰਿਸਕਾਰ ਦੀ ਭਾਵਨਾ, ਪ੍ਰਬਲ ਰੂਪ ਵਿਚ, ਉਘੜੀ ਹੈ। ਏਸ ਕਲਯੁਗ ਵਿਚ ਮਾਇਆ ਧਾਰੀ ਮਨੁੱਖ ਹੀ ਜਿਨ ਹੈ ਜਿਸਦਾ ਸਰਦਾਰ ਜਾਂ ਮਾਲਕ ਧਨ ਦੌਲਤ ਹੈ। ਅਜਿਹੇ ਵਿਅਕਤੀਆਂ ਦੀ ਨਸਲ ਹੀ ਮਾਇਆ ਮੋਹ ਦੇ ਘੇਰੇ ਵਿਚ ਫਸੀ ਜਿੰਨਾਂ ਵਾਲੀ ਨੀਚ ਬਿਰਤੀ ਤੋਂ ਉਚੀ ਨਹੀਂ। ਜਿਨ ਮਾਇਆ ਦੀ ਵਿਕ੍ਰਤ ਬਿਰਤੀ ਦਾ ਪ੍ਰਤੀਕ ਬਣਿਆ ਹੈ।[2] ਗੁਰੂ ਨਾਨਕ ਬਾਣੀ ਵਿਚ ਇਸ ਮਿੱਥ ਚੇਤਨਾ ਨੂੰ ਕੋਈ ਥਾਂ ਨਹੀਂ ਮਿਲੀ।

ਪੈਗੰਬਰ:

ਪੈਗ਼ਾਮ(ਸੁਨੇਹਾ) ਬਰ( ਲੈ ਜਾਣ ਵਾਲਾ) ਜੋ ਈਸ਼ਵਰ ਦਾ ਸੰਦੇਸ਼ਾ ਲੋਕਾਂ ਪਾਸ ਲਿਆਵੇ, ਅਜਿਹਾ ਧਰਮ ਆਚਾਰਯ, ਪੈਗੰਬਰ ਜਾਂ ਨਬੀ ਕਹਿਲਾਉਂਦਾ ਹੈ।[3] ਇਸਲਾਮੀ ਵਿਚਾਰਧਾਰਾ ਅਨੁਸਾਰ

---

1. 'The Mythology of All races'(Devils, Demons, Gods & Evil Spirits) Vol. V, P.353
2. ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ
   ਪੁਤੁ ਜਿਨੂਰਾ ਧੀਅ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ    ਬਿਹਾਗੜਾ ਰਾਗੁ (ਵਾਰ) ਪੰਨਾ 556
3. 'ਮਹਾਨ ਕੋਸ਼', ਪੰਨਾ 587

ਅੱਲਾ ਪੈਗ਼ੰਬਰ ਨੂੰ ਧਰਤੀ ਤੇ ਭੇਜਦਾ ਹੈ। ਪੈਗ਼ੰਬਰ ਨੂੰ ਧਰਤੀ ਉਤੇ ਭੇਜਣ ਸਮੇਂ ਪੂਰਣ ਸਮਰੱਥਾਵਾਨ ਤੇ ਸ਼ਕਤੀ ਸੰਪੰਨ ਬਣਾ ਕੇ ਭੇਜਿਆ ਜਾਂਦਾ ਹੈ। ਪ੍ਰਭੂ ਦੀ ਰਜ਼ਾ ਨੂੰ ਇਹ ਮਨੁੱਖਾਂ ਤੱਕ ਪਹੁੰਚਾਉਂਦਾ ਹੈ। ਬਿਨਾ ਈਸ਼ਵਰ ਦੀ ਆਗਿਆ ਤੋਂ ਇਹ ਉਸਦਾ ਕੋਈ ਫੁਰਮਾਣ ਵੀ ਨਹੀਂ ਲਿਆ ਸਕਦਾ। 'ਮੁਸਲਮਾਨਾਂ' ਦਾ ਵਿਸ਼ਵਾਸ ਹੈ ਕਿ ਪੈਗ਼ੰਬਰ ਪਾਪ ਨਹੀਂ ਕਰਦੇ।[1] ਜਿਸ ਸਮਾਜ ਵਿਚ ਪੈਗ਼ੰਬਰ ਆਉਂਦਾ ਹੈ, ਉਸ ਸਮਾਜ ਦਾ ਕਿਰਦਾਰ ਕਿਆ ਨਾਲ ਹੁੰਦਾ ਹੈ। ਆਪਣੇ ਸਮਾਜ ਨੂੰ ਮੁਖਾਤਿਬ ਕਰਨ ਲਈ ਇਹ ਉਸੇ ਸਮਾਜ ਦੀ ਸਮਕਾਲੀ ਭਾਸ਼ਾ ਵਿਚ ਗੱਲ ਕਰਦਾ ਹੈ।

ਪੈਗ਼ੰਬਰ ਨੂੰ ਸ਼ੈਤਾਨ ਦਾ ਦੂਜਾ ਅਨੁਰੂਪ ਹੁੰਦਾ ਹੈ। ਸ਼ੈਤਾਨ ਦਾ ਪੈਗ਼ੰਬਰ ਦੇ ਮਾਰਗ ਨਾਲ ਮੁੱਢ ਕਦੀਮ ਦਾ ਵਿਰੋਧ ਹੈ। ਪੈਗ਼ੰਬਰ ਮਨੁੱਖੀ ਜਾਮੇ ਵਿਚ ਅੱਲਾ ਦਾ ਵਿਸ਼ੇਸ਼ ਪਾਤਰ ਹੈ। ਸ਼ੈਤਾਨ, ਨੂਰੀ ਤਤ ਦਾ ਬਣਿਆ ਹੋਣ ਕਾਰਣ, ਪੈਗ਼ੰਬਰ ਦੀ ਵਿਸ਼ੇਸ਼ਤਾ ਨੂੰ ਕਿਸੇ ਵੀ ਕਾਲ ਵਿਚ ਸਵੀਕਾਰਣ ਲਈ ਤਿਆਰ ਨਹੀਂ ਹੁੰਦਾ।

ਉਂਜ ਤਾਂ ਪੈਗ਼ੰਬਰਾਂ ਦੀ ਗਿਣਤੀ 124000 ਤੱਕ ਜਾ ਪੁਜਦੀ ਹੈ,[2] ਪਰ 'ਕੁਰਾਨ' ਵਿਚ 28 ਪੈਗ਼ੰਬਰਾਂ ਦਾ ਜ਼ਿਕਰ ਆਇਆ ਹੈ।[3] ਇਨ੍ਹਾਂ ਵਿਚ ਆਦਮ, ਨੂਹ, ਇਬਰਾਹੀਮ, ਮੂਸਾ, ਈਸਾ, ਜੇਕੂਬ, ਯੂਸਫ, ਡੇਵਿਡ, ਮਸੀਹ ਆਦਿ ਗਿਣਾਏ ਜਾ ਸਕਦੇ ਹਨ।

ਪੈਗ਼ੰਬਰ ਦੋ ਕੋਟੀਆਂ ਵਿਚ ਵੰਡੇ ਗਏ ਹਨ। ਇਕ ਉਹ ਹਨ ਜਿਨ੍ਹਾਂ ਨੇ ਨਵੀਆਂ ਧਾਰਮਿਕ, ਸਮਾਜਕ ਅਤੇ ਵਿਧਾਨਕ ਢੰਗਾਂ ਦਾ ਪ੍ਰਚਲਨ ਕੀਤਾ। ਇਨ੍ਹਾਂ ਵਿੱਚ ਆਦਮ, ਨੂਹ, ਇਬਰਾਹੀਮ, ਮੂਸਾ, ਮਸੀਹ ਅਤੇ ਮੁਹੰਮਦ ਸ਼ਾਮਲ ਹਨ। ਦੂਜੀ ਕੋਟੀ ਵਿਚ ਉਹ ਪੈਗ਼ੰਬਰ ਆਉਂਦੇ ਹਨ ਜਿਨ੍ਹਾਂ ਆਪਣੇ ਪੂਰਵਵਰਤੀ ਪੈਗ਼ੰਬਰਾਂ ਦੀ ਸਿਖਿਆ ਦਾ ਪਰਚਾਰ ਕੀਤਾ।[4]

ਇਹ ਵਿਸ਼ਵਾਸ ਵੀ ਪ੍ਰਚਲਤ ਹੈ ਕਿ ਪੈਗ਼ੰਬਰਾਂ ਨੂੰ ਪਰਮਾਤਮਾ ਵਲੋਂ 104 ਧਰਮ ਗ੍ਰੰਥ(ਕਤੇਬਾਂ) ਦਿੱਤੇ ਗਏ। ਇਹ ਬਾਣੀ ਆਦੇਸ਼ ਦੁਆਰਾ ਪ੍ਰਾਪਤ ਹੋਈ।[5] ਹਜ਼ਰਤ ਮੁਹੰਮਦ ਨੂੰ ਕੁਰਾਨ

---

1. (i) A.S.Tritton, Islam Belief & Practice, P. 48
   (ii) Maulana Mohammad Ali S Chand & Co.Delhi, The Religion of Isl Page, 232
2. ਉਹੀ ਪੰਨਾ 49
3. ਉਹੀ ਪੰਨਾ 49
4. ਉਹੀ ਪੰਨਾ 49
5. ਉਹੀ ਪੰਨਾ 49

ਹਜ਼ਰਤ ਮੁਹੰਮਦ ਨੂੰ ਕੁਰਾਨ ਸ਼ਰੀਫ਼ ਪ੍ਰਾਪਤ ਹੋਇਆ। ਹਜ਼ਰਤ ਮੁਹੰਮਦ ਪੈਗੰਬਰਾਂ ਦੀ ਸਿਖਰ ( seal ) ਹਨ ਜਿਨ੍ਹਾਂ ਤੋਂ ਪਿਛੋਂ ਕੋਈ ਨਬੀ ਨਹੀਂ ਆਵੇਗਾ ਕਿਉਂਕਿ ਅੱਲਾ ਵਲੋਂ ਮਨੁੱਖ ਨੂੰ ਪੂਰਣ ਧਰਮ ਪ੍ਰਾਪਤ ਕਰ ਦਿੱਤਾ ਗਿਆ ਹੈ।[1]

ਮਿੱਥ ਚੇਤਨਾ ਨੇ ਪੈਗੰਬਰ ਜੋ ਸਹਿਨਸ਼ੀਲ, ਦ੍ਰਿੜ੍ਹ ਨਿਸ਼ਚੇ ਵਾਲੇ ਅਤੇ ਵਿਪਰੀਤ ਹਾਲਤ ਵਿਚ ਧੈਰਯ ਦੇਣ ਵਾਲੇ ਹੁੰਦੇ ਹਨ, ਨੂੰ ਵੀ ਮਿੱਥ ਪੁਰਸ਼ ਬਣਾ ਕੇ ਰੱਖ ਦਿੱਤਾ ਹੈ। ਇਹ ਬਿਰਤੀ ਹਰ ਧਰਮ ਦੇ ਹਰ ਮਹਾਂਪੁਰਖ ਜਿਨ੍ਹਾਂ ਕੋਲ ਸਤਯ ਵਸਤੂ ਅਤੇ ਸ਼ਰਧਾਲੂਆਂ ਲਈ ਉਪਦੇਸ਼ ਸੀ, ਪ੍ਰਤੀ ਕੰਮ ਕਰਦੀ ਹੈ। ਸਾਰੇ ਪੈਗੰਬਰ, ਕਾਲ ਅਤੇ ਸਮੇਂ ਦੇ ਅੰਤਰਗਤ ਵਿਚਰੇ ਹਨ। ਮੁਢਲੇ ਰੂਪ ਵਿੱਚ ਇਹ ਇਤਿਹਾਸਕ ਪੁਰਸ਼ ਸਨ, ਪਰ ਸਮੇਂ ਤੇ ਪ੍ਰਸਥਿਤੀਆਂ ਨੇ ਕੁਝ ਤਕ ਇਨ੍ਹਾਂ ਦੁਆਲੇ ਇਤਨਾ ਵੱਡਾ ਪਸਾਰਾ ਖਲਾਰ ਲਿਆ ਹੈ ਕਿ ਅਜੋਕੀ ਭਰਮ ਮੁਕਤ ਬਿਰਤੀ ਵੀ ਇਸ ਪਸਾਰੇ ਤੇ ਖਲਾਰੇ ਤੋਂ ਉਪਰ ਵੇਖਣ ਦੀ ਹਿੰਮਤ ਨਹੀਂ ਰਖਦੀ।

ਗੁਰੂ ਨਾਨਕ ਦੇਵ ਨੇ ਆਪਣੀ ਬਾਣੀ ਵਿਚ ਪੈਗੰਬਰ ਸ਼ਬਦ ਦੀ ਵਰਤੋਂ ਕੀਤੀ ਹੈ। ਹਜ਼ਰਤ ਮੁਹੰਮਦ ਬਾਰੇ ਵੀ ਸੰਕੇਤ ਆਇਆ ਹੈ। ਪਰ ਜਿਥੇ ਇਸਲਾਮ ਧਰਮ ਤੇ ਮੁਸਲਿਮ ਭਾਵਨਾ ਨੇ ਪੈਗੰਬਰ ਤੇ ਵਿਸ਼ੇਸ਼ ਕਰ ਹਜ਼ਰਤ ਮੁਹੰਮਦ ਸਾਹਿਬ ਦੁਆਲੇ ਮਿਥ ਚੇਤਨਾ ਦੇ ਅੰਤਰਗਤ ਅਨੇਕ ਪਾਰਲੌਕਿਕ ਅਤੇ ਕਰਾਮਾਤੀ ਚੀਜ਼ਾਂ ਦਾ ਪਸਾਰਾ ਪਾਇਆ ਹੈ, ਉਥੇ ਗੁਰੂ ਨਾਨਕ ਨੇ ਕੇਵਲ ਪੈਗੰਬਰ ਸ਼ਬਦ ਵਰਤਣ ਤਕ ਹੀ ਆਪਣੇ ਆਪ ਨੂੰ ਸੀਮਿਤ ਰੱਖਿਆ ਹੈ ਅਤੇ ਮਿੱਥ-ਪੁਰਸ਼ ਬਣੇ ਪੈਗੰਬਰ ਦੀਆਂ ਲਕਬਾਂ ਨੂੰ ਨਜ਼ਰ ਅੰਦਾਜ਼ ਕਰ ਦਿੱਤਾ ਹੈ। ਆਪ ਅਨੁਸਾਰ ਪੈਗੰਬਰ ਦੀ ਵਿਸ਼ੇਸ਼ਤਾ ਪਾਰਲੌਕਿਕ ਸ਼ਕਤੀਆਂ ਜਾਂ ਕਰਾਮਾਤਾਂ ਕਰਕੇ ਨਹੀਂ ਸਗੋਂ, 'ਸੰਸਾਰ ਮੋਹ ਮਾਇਆ ਤੋਂ ਵਿਰਕਤ ਹੋਏ ਵਿਅਕਤੀਆਂ ਅਤੇ ਪ੍ਰਭੂ ਧਿਆਨ ਵਿਚ ਜੁੜੇ ਹੋਣ ਕਾਰਣ ਹੈ।'[2] ਹਜ਼ਰਤ ਮੁਹੰਮਦ ਵੀ ਪੈਗੰਬਰ ਹਨ। ਜੇ ਹਜ਼ਰਤ ਦੇ ਮਤ ਅਵਲੰਬੀ ਉਨ੍ਹਾਂ ਨੂੰ 'ਪੈਗੰਬਰ' ਆਖ ਲੈਂਦੇ ਹਨ ਤਾਂ ਗੁਰੂ ਨਾਨਕ ਦੇਵ ਨੂੰ ਕੋਈ ਇਤਰਾਜ਼ ਨਹੀਂ। ਪਰ ਹਜ਼ਰਤ ਮੁਹੰਮਦ ਨੂੰ ਪੈਗੰਬਰ ਨਬੀ ਦੀ ਸਿਖਰ ਆਖਣ ਦਾ ਸਮਰਥਨ ਆਪ ਨੇ ਨਹੀਂ ਕੀਤਾ। ਅੱਲਾ ਦੇ ਹਜ਼ੂਰ ਆਸਾਮੀਆਂ ਦੀ ਗਵਾਹੀ ਭਰਨ ਦਾ ਜਿਥੋਂ ਤਕ ਸੰਬੰਧ ਹੈ ਆਪ ਨੇ ਸਪਸ਼ਟ ਕਿਹਾ ਹੈ ਕਿ ਗੁਰ ਪੀਰ ਝੂਠੀ ਗਵਾਹੀ ਨਹੀਂ ਭਰ ਸਕਦੇ।[3]

---

1. A.S. Tritton, Islam Beliefs and Practices, Page 49-50
2. ਪੀਰ ਪੈਗੰਬਰ ਸਾਲਕ ਸਾਦਕ ਸੁਹਦੇ ਅਉਰੁ ਸ਼ਹੀਦ।
   ਸ਼ੇਖ ਮਸਾਇਕ ਕਾਜੀ ਮੁਲਾ ਦਰਿ ਦਰਵੇਸ ਰਸੀਦ।
   ਬਰਕਤਿ ਤਿਨ ਕਉ ਅਗਲੀ ਪੜਦੇ ਰਹਨਿ ਦਰੂਦ। ਸਿਰੀ ਰਾਗੁ (ਪਦੇ), ਪੰਨਾ 53
3. ਗੁਰ ਪੀਰ ਹਾਮਾ ਤਾ ਭਰੇ
   ਜਾ ਮੁਰਦਾਰ ਨ ਖਾਇ। ਰਾਗ ਮਾਝ (ਵਾਰ), ਪੰਨਾ

ਗੁਰੂ ਨਾਨਕ ਬਾਣੀ ਵਿੱਚ ਕੁਝ ਤੁਕਾਂ ਐਸੀਆਂ ਆਈਆਂ ਹਨ ਜਿਨ੍ਹਾਂ ਨੂੰ ਦੇਖਕੇ ਇਉਂ ਲਗਦਾ ਹੈ ਕਿ ਜਿਵੇਂ ਉਹ ਪੈਗੰਬਰੀ ਉਕਤੀ ਵਿਧੀ ਦੀ ਲੀਕ ਉਤੇ ਚਲ ਰਹੇ ਹੋਣ। ਆਪ ਲਿਖਦੇ ਹਨ:

ਜੈਸੀ ਮੈ ਆਵੈ ਖਸਮ ਕੀ ਬਾਣੀ
ਤੈਸੜਾ ਕਰੀ ਗਿਆਨੁ ਵੇ ਲਾਲੋ[12]

'ਪੈਗੰਬਰ ਨੂੰ ਵੀ ਅੱਲਾ ਵਲੋਂ ਪ੍ਰਮਾਣ ਪ੍ਰਾਪਤ ਹੁੰਦਾ ਹੈ ਤੇ ਉਸਦੀ ਆਗਿਆ ਤੋਂ ਬਿਨਾ ਇਹ ਕੋਈ ਵੀ ਪ੍ਰਮਾਣ ਲੋਕਾਂ ਤੱਕ ਨਹੀਂ ਪਹੁੰਚਾ ਸਕਦੇ। ਹਜ਼ਰਤ ਮੁਹੰਮਦ ਨੂੰ ਜਿਬਰਾਈਲ ਫ਼ਰਿਸ਼ਤੇ ਨੇ ਅੱਲਾ ਕੋਲੋਂ ਆਇਤਾਂ ਲਿਆ ਕੇ ਦਿਤੀਆਂ। ਸਾਧਾਰਣ ਦ੍ਰਿਸ਼ਟੀ ਨੂੰ ਦੋਹਾਂ ਵਿੱਚ ਸਾਂਝ ਅਵਸ਼ ਪ੍ਰਤੀਤ ਹੁੰਦੀ ਹੈ ਸਿਵਾਏ ਇਸ ਗੱਲ ਦੇ ਕਿ ਇਕ ਪਾਸੇ ਬਾਣੀ ਦਾ ਆਵੇਸ਼ ਸਿੱਧਾ ਹੈ, ਦੂਜੇ ਪਾਸੇ ਬਾਣੀ ਪਹੁੰਚਾਉਣ ਵਾਲਾ ਕੋਈ ਮਧਅੰਤਰ ਹੈ। ਪਰ ਪੈਗੰਬਰ ਤੇ ਗੁਰੂ ਉਪਰ ਉਤਰਦੀ ਬਾਣੀ ਦਾ ਭਾਵ ਇਹ ਨਹੀਂ ਕਿ ਦੋਨੋਂ ਇਕੋ ਉਕਤੀ ਵਿਧੀ ਤੇ ਚਲ ਰਹੇ ਹਨ। ਪੈਗੰਬਰ ਦੀ ਧਾਰਣਾ ਵਿੱਚ ਗਤੀਆਤਮਕਤਾ ਨਹੀਂ ਤੇ ਉਸਦੀ ਦਰਸ਼ਨ ਧਾਰਾ ਵਿੱਚ ਗਤੀਆਤਮਕਤਾ ਹੈ। ਪੈਗੰਬਰ ਅਤੇ ਅੱਲਾ ਦੇ ਰਿਸ਼ਤੇ ਵਿੱਚ ਸਥਿਰਤਾ ਹੈ। ਪੈਗੰਬਰ ਅੱਲਾ ਦੀ ਪਦਵੀ ਤੱਕ ਨਹੀਂ ਪੁੱਜ ਸਕਦਾ, ਉਸ ਵਿੱਚ ਇਕ ਗੁਰਤਾ ਦੀ ਸਿਖਰ ਤੱਕ ਪੁੱਜਣ ਦੀ ਘਾਟ ਹੈ। ਪੈਗੰਬਰ ਦਾ ਲੋਕਾਂ ਤੱਕ ਪਹੁੰਚਾਇਆ ਸੰਦੇਸ਼, ਖੁਦਾ ਦਾ ਸੰਦੇਸ਼ ਜ਼ਰੂਰ ਹੈ, ਪਰ ਇਹ ਬੰਦੇ ਤਕ ਪੁੱਜ ਕੇ ਮੁੱਕ ਜਾਂਦਾ ਹੈ। ਪਰ ਗੁਰੂ ਦੀ 'ਬਾਣੀ ਦੀ ਧਾਰਾ' ਕਰਤਾ ਪੁਰਖ ਤੋਂ ਕ੍ਰਿਤੀ ਪੁਰਖ ਵੱਲ ਅਤੇ ਕ੍ਰਿਤੀ ਪੁਰਖ ਤੋਂ ਕਰਤਾ ਪੁਰਖ ਵੱਲ ਵੀ ਹੋ ਸਕਦੀ ਹੈ।[2]

'ਗੁਰੂ ਨਾਨਕ ਬਾਣੀ ਵਿੱਚ ਕ੍ਰਿਤੀ ਪੁਰਖ ਦੀ ਧਾਰਮਿਕ ਅਵਸਥਾ ਨੂੰ ਪਰਮਾਤਮਾ ਵੱਲ ਮੋੜ ਦੇਣ ਦੀ ਪ੍ਰਭਾਵਸ਼ਾਲੀ ਸਮਰਥਾ ਵੀ ਹੈ। ਇਹ ਇਲਾਹੀ ਬਾਣੀ ਦੀ ਉਲੀਕਣਾ ਨਹੀਂ; ਭਾਣੇ ਦੀ ਗਤੀ ਨੂੰ ਰੋਕਣ ਦਾ ਉਪਰਾਲਾ ਨਹੀਂ; ਸਗੋਂ ਆਤਮਾ ਦੀ ਪਰਮਾਤਮਾ ਪ੍ਰਤੀ ਸੰਵੇਦਨਸ਼ੀਲਤਾ ਦਾ ਪ੍ਰਮਾਣ ਹੈ। ਪੈਗੰਬਰ, ਕਿਆਮਤ ਤੱਕ ਚੁੱਪ ਰਹਿਣ ਲਈ ਜ਼ੋਰ ਦੇਂਦਾ ਹੈ, ਗੁਰੂ ਇਕ ਦਮ ਤਤਪਰ ਹੈ ਕਿ ਮਨੁਖ ਦੀ ਕਸ਼ਟਸ਼ੀਲ ਹਾਲਤ ਨੂੰ ਪ੍ਰਗਟ ਕੀਤਾ ਜਾਵੇ।[3]

ਏਤੀ ਮਾਰ ਪਈ ਕੁਰਲਾਣੈ ਤੈਂ ਕੀ ਦਰਦੁ ਨਾ ਆਇਆ

'ਗੁਰੂ ਸੰਕਲਪਣਾ' ਦੀਆਂ ਜੜ੍ਹਾਂ ਭਾਰਤੀ ਭੂਮੀ ਵਿੱਚ ਹਨ।' ਗੁਰੂ ਨਾਨਕ ਕਾਵਿ ਵਿਚ ਬਾਣੀ ਆਵੇਸ਼ ਦੇ ਅੰਤਰਗਤ ਕਥਿਤ ਸ਼ਬਦ ਇਸ ਗੱਲ ਦੇ ਸੂਚਕ ਨਹੀਂ ਕਿ

---

ਰਾਗ ਤਿਲੰਗ ਪੰਨਾ 722

ਹਰਿਭਜਨ ਸਿੰਘ(ਡਾ:), 'ਗੁਰੂ ਨਾਨਕ ਦਾ ਸੰਦੇਸ਼', ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1970, ਪੰਨਾ 2:

ਉਹੀ ,ਪੰਨਾ 3

ਗੁਰੂ ਸਾਮੀ ਪੈਗੰਬਰ ਦੀ ਅਨੁਕ੍ਰਿਤੀ ਹੈ। ਬੇਸ਼ਕ ਗੁਰੂ ਨਾਨਕ ਨੇ 'ਪੈਗੰਬਰ' ਦਾ ਵਿਰੋਧ ਨਹੀਂ ਕੀਤਾ ਕਿਉਂਕਿ ਪੈਗੰਬਰ ਮੁਢਲੇ ਰੂਪ ਵਿੱਚ ਅਲਾ ਦਾ ਭਾਣਾ ਜਾਂ ਸੰਦੇਸ਼ ਲੋਕਾਂ ਨੂੰ ਪਹੁੰਚਾਉਂਦਾ ਹੈ। ਪਰ ਜਿਥੇ ਪੈਗੰਬਰ ਵਿਸ਼ੇਸ਼ ਬਣ ਜਾਂਦਾ ਹੈ ਜਾਂ ਉਸਦੇ ਪੈਰੋਕਾਰ ਉਸ ਨਾਲ ਅਦਭੁਤ ਚਮਤਕਾਰੀ ਗੱਲਾਂ ਦਾ ਆਡੰਬਰ ਜੋੜ ਦੇਂਦੇ ਹਨ ਗੁਰੂ ਨਾਨਕ ਬਾਣੀ ਉਸ ਵਿਸ਼ੇਸ਼ ਦੇ ਸੰਕਲਪ ਨੂੰ ਮੁਕਾਉਣ ਲਈ 'ਕੇਤੇ' ਦੀ ਧੁਨੀ ਉਚਾਰਣ ਤੋਂ ਪਿਛੇ ਭੀ ਨਹੀਂ ਹਟਦੀ।

### ਮੁੱਢ

ਪੀਰ ਪਰੰਪਰਾ ਭਾਰਤ ਵਿੱਚ ਇਸਲਾਮ ਦੇ ਫੈਲਣ ਉਪਰੰਤ ਹੀ ਉਪਜੀ ਹੈ ਤੇ ਜ਼ੋਰ ਪਕੜਦੀ ਹੈ। ਮੁਢਲੇ ਰੂਪ ਵਿਚ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਤੇ ਉਨ੍ਹਾਂ ਦੇ ਪਰਿਵਾਰ ਦੇ ਜੀਆਂ ਨੂੰ ਹੀ ਪੀਰੀ ਦਾ ਦਰਜਾ ਦਿੱਤਾ ਗਿਆ ਸੀ। ਹਜ਼ਰਤ ਸਾਹਿਬ, ਹਜ਼ਰਤ ਅਲੀ, ਫ਼ਾਤਿਮਾ ਹਸਨ ਅਤੇ ਹੁਸੈਨ ਨੂੰ ਪੰਜ ਪੀਰਾਂ ਦੀ ਕੋਟੀ ਵਿੱਚ ਗਿਣਿਆ ਜਾਂਦਾ ਸੀ। ਮਗਰੋਂ ਇਹ ਸ਼ਬਦ ਪਵਿਤ੍ਰ [illegible] ਜ਼ੁਹਦ ਤੇ ਤਪ ਕਰਨ ਵਾਲੇ, ਸ਼ੁਭਕਰਨੀਆਂ ਵਾਲੇ ਮਹਾਂਪੁਰਸ਼ਾਂ ਅਤੇ ਪ੍ਰਹੇਜ਼ਗਾਰਾਂ ਲਈ ਵੀ ਵਰਤਿਆ ਜਾਣ ਲੱਗ ਪਿਆ। ਪੀਰਾਂ ਦੀ ਗਿਣਤੀ ਵਿੱਚ ਲੋਕ ਸ਼ਰਧਾ ਤੇ ਜਾਣਕਾਰੀ ਨੇ ਕਈ ਨਾਂ ਜੋੜੇ। ਆਰ. ਸੀ. ਟੈਂਪਲ ਲਿਖਦਾ ਹੈ, 'ਲੋਕ ਜਿਨਾਂ ਮਹਾਂਪੁਰਸ਼ਾਂ ਤੋਂ ਜਾਣੂ ਹੋਵੇ ਤੇ ਉਹ ਉਸਦੇ ਸਤਿਕਾਰ ਤੇ ਸ਼ਰਧਾ ਦੇ ਪਾਤਰ, ਪੰਜ ਪੀਰ ਗਿਣੇ ਜਾਂਦੇ ਹਨ।[1]

ਸ਼ਾਹ ਸ਼ਮਸ਼ੀ, ਤਬਰੇਜ਼, ਮਖ਼ਦੂਮ, ਸ਼ਾਹ ਰੁਕਨ, ਆਲਮ ਹਜ਼ਰਤ, ਬਾਬਾ ਸ਼ੇਖ ਕਾਦਿਰ, ਹਬੀਬ, ਖਵਾਜਾ ਹਸਨ ਬਾਸਰੀ, ਸ਼ਾਹ ਮੁਕੀਮ, ਇਤਿਆਦਿ ਪੀਰਾਂ ਵਿੱਚ ਗਿਣਾਏ ਜਾ ਸਕਦੇ ਹਨ। ਅਣਵੰਡੇ ਪੰਜਾਬ ਵਿੱਚ ਪੀਰਾਂ ਦਾ ਦਰਜਾ, ਆਮ ਜਨਤਾ ਵਿੱਚ ਮਾਨਤਾ ਤੇ ਸ਼ਰਧਾ ਦੇ ਪੱਖੋਂ ਕਾਫ਼ੀ ਉਚਾ ਤੇ ਬਲਵਾਨ ਰਿਹਾ ਹੈ। ਪੀਰਾਂ ਨੂੰ ਕਈ ਵਾਰੀ ਹਿੰਦੂ ਵੀ ਪੂਜਦੇ ਰਹੇ ਹਨ। ਪੀਰਾਂ ਦੇ ਮਕਬਰਿਆਂ ਤੇ ਜ਼ਿਆਰਤ ਕਰਨਾ, ਉਰਸ ਮਨਾਉਣਾ ਤੇ ਕਈ ਤਰ੍ਹਾਂ ਦੀਆਂ ਭੇਟਾਂ ਚਾੜ੍ਹਨੀਆਂ ਆਮ ਰਵਾਜ ਸੀ।

ਪੀਰਾਂ ਵਾਂਗ ਸਾਲਕ ਅਤੇ ਸਾਦਿਕ ਪੁਰਸ਼ ਵੀ ਰੱਬ ਦੇ ਰਾਹ ਤੇ ਚੱਲਣ ਵਾਲੇ, ਸਿਦਕੀ, ਪ੍ਰਹੇਜ਼ਗਾਰ ਤੇ ਸੰਤ ਰੂਪੀ ਵਿਅਕਤੀ ਹਨ। ਪੀਰਾਂ ਵਾਂਗ ਇਹ ਵੀ ਸਾਦਗੀ ਤੇ ਨਿਮਰਤਾ ਦੇ ਪੁੰਜ ਆਖੇ ਗਏ ਹਨ। ਅਸਲ ਵਿੱਚ ਪੀਰਾਂ ਤੇ ਸਾਲਕਾਂ ਤੇ ਸਾਦਿਕਾਂ ਵਿੱਚ ਲਕੀਰ ਖਿਚੀ ਹੀ ਨਹੀਂ ਜਾ ਸਕਦੀ। ਕੇਵਲ ਨਾਮ ਭੇਦ ਹੈ, ਵਸਤੂ ਭੇਦ ਨਹੀਂ। ਪੀਰ ਵੀ ਸਾਦਿਕ ਸਾਲਕ ਹਨ ਤੇ ਸਾਦਿਕ ਸਾਲਕ ਪੀਰ ਵੀ ਹਨ।

---

1. Legends of Panjab, P. 457

ਇਨ੍ਹਾਂ ਪੀਰਾਂ, ਸਾਲਿਕਾਂ ਤੇ ਸਾਧਿਕਾਂ ਦੁਆਲੇ ਵੀ ਲੋਕ ਬਿਰਤੀ ਅਨੇਕ ਪ੍ਰਕਾਰ ਦੀਆਂ ਕਰਾਮਾਤੀ ਗੱਲਾਂ ਤੇ ਅਲੌਕਿਕ ਘਟਨਾਵਾਂ ਨੂੰ ਜੋੜਦੀ ਰਹਿੰਦੀ ਹੈ ਤੇ ਇਸ ਤਰ੍ਹਾਂ ਹੌਲੇ ਹੌਲੇ ਇਹ ਪੁਰਖ ਇਤਿਹਾਸਕ ਵਿਅਕਤੀ ਤੇ ਪੰਜਭੂਤਕ ਸਰੀਰ ਰੱਖਦੇ ਹੋਏ ਵੀ ਅਲੌਕਿਕ ਬਣ ਜਾਂਦੇ ਹਨ। ਇਨ੍ਹਾਂ ਦੀ ਸ਼ਕਤੀ ਤੇ ਚਮਤਕਾਰਾਂ ਦੀਆਂ ਕਥਾਵਾਂ ਆਮ ਲੋਕਾਂ ਨੂੰ ਟੁੰਬਦੀਆਂ ਹਨ ਤੇ ਕਈ ਵਾਰੀ ਆਤਮਿਕ ਬਲ ਦਾ ਸਾਧਨ ਵੀ ਬਣ ਸਕਦੀਆਂ ਹਨ। ਪਰ ਬਹੁਤੇ ਲੋਕਾਂ ਨੂੰ ਇਹਨਾਂ ਦੀ ਅਲੌਕਿਕ ਸੰਸਾਰ ਦੀ ਪ੍ਰਣਾਲੀ ਹੀ ਖਿੱਚ ਪਾਉਂਦੀ ਹੈ। ਸਾਦਗੀ ਪ੍ਰਭੂ ਬੰਦਗੀ, ਨਾਮ ਵਿੱਚ ਲਿਵਲੀਨਤਾ, ਤੇ ਨਿਮਰਤਾ ਵਾਲਾ ਜੀਵਨ ਅੱਖੋਂ ਓਹਲੇ ਹੀ ਕਰ ਦਿੱਤਾ ਜਾਂਦਾ ਹੈ। ਆਮ ਮਨੁੱਖ ਅਚੇਤ ਰੂਪ ਵਿਚ ਅਨਿਸ਼ਚੇ ਦੇ ਸੰਦਰਭ ਵਿੱਚ ਇਨ੍ਹਾਂ ਪੀਰਾਂ ਫ਼ਕੀਰਾਂ ਦੀ ਸ਼ਖਸੀਅਤ ਵਿੱਚੋਂ ਨਿਸਤਾਰੇ ਦੀ ਭਾਲ ਵਿਚ ਲੱਗਾ ਰਹਿੰਦਾ ਹੈ।

ਗੁਰੂ ਨਾਨਕ ਨੇ ਆਪਣੀ ਕਾਵਿ ਰਚਨਾ ਵਿੱਚ ਪੀਰ, ਫ਼ਕੀਰ, ਸਾਲਿਕ ਸਾਧਿਕ ਇਤਿਆਦਿ ਦਾ ਉਲੇਖ ਅਕਸਰ ਇਕੋ ਪੰਗਤੀ ਵਿੱਚ ਕਰਨ ਦਾ ਯਤਨ ਕੀਤਾ ਹੈ। ਸ੍ਰੀ ਰਾਗ ਦੇ ਪਦਿਆਂ ਵਿੱਚ ਅਤੇ ਆਸਾ ਰਾਗ ਦੇ ਪਦਿਆਂ[1] ਵਿਚ ਇਹੋ ਬਿਰਤੀ ਵੇਖਣ ਵਿਚ ਆਈ ਹੈ। ਜਿਸ ਤੋਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਕੁਝ ਘਟ ਵਧ ਮਾਤ੍ਰਾ ਵਿੱਚ ਇਹ ਸਾਰੇ ਧਾਰਮਿਕ ਬਿਰਤੀਆਂ ਦੇ ਮਾਲਿਕ ਭਗਤੀ ਭਾਵਨਾ ਵਾਲੇ ਵਿਅਕਤੀ ਇਕੋ ਲੜੀ ਵਿਚ ਪਰੋਏ ਜਾ ਸਕਦੇ ਹਨ, ਗੁਰਬਤ, ਬੰਦਗੀ, ਪ੍ਰਭੂ ਪਿਆਰ ਇਨ੍ਹਾਂ ਦਾ ਜੀਵਨ ਆਦਰਸ਼ ਹੈ। ਸਭ ਮਨੁੱਖਤਾ ਦੇ ਭਲੇ ਲਈ ਇਨ੍ਹਾਂ ਆਪੇ ਦਾ ਤਿਆਗ ਕੀਤਾ। ਗੁਰੂ ਨਾਨਕ ਯੁੱਗ ਵਿੱਚ ਪੀਰਾਂ ਅਤੇ ਫ਼ਕੀਰਾਂ ਦੀ ਕਾਫ਼ੀ ਮਾਨਤਾ ਸੀ ਜਿਸਦਾ ਕਾਰਣ ਉਨ੍ਹਾਂ ਦੀ ਉੱਚੀ ਸ਼ਖਸੀਅਤ, ਪ੍ਰਭੂ ਪ੍ਰੇਮ ਤੇ ਮਨੁਖ ਸਨੇਹ ਸੀ। ਜਨਮ ਸਾਖੀ ਪਰੰਪਰਾ ਵਿੱਚ ਗੁਰੂ ਨਾਨਕ ਨੂੰ ਕਈ ਪੀਰਾਂ, ਫ਼ਕੀਰਾਂ ਸੂਫ਼ੀ ਸਾਧਕਾਂ ਅਤੇ ਚਿੰਤਕਾਂ ਨਾਲ ਮਿਲਾਇਆ ਤੇ ਵਾਰਤਾਲਾਪ ਕਰਦਿਆਂ ਦੱਸਿਆ ਗਿਆ ਹੈ। ਪੰਡਤਾਂ, ਜੋਗੀਆਂ ਅਤੇ ਕਾਜ਼ੀਆਂ ਨਾਲ ਭੇਟਾਂ ਦੇ ਉਲਟ, ਪੀਰਾਂ, ਫ਼ਕੀਰਾਂ ਨਾਲ ਭੇਟਾਂ ਸਮੇਂ ਵਾਤਾਵਰਣ ਬੜਾ ਸੁਖਾਵਾਂ, ਮਿਲਣਸਾ... ਅਤੇ ਇਕ ਦੂਜੇ ਨੂੰ ਸਮਝਣ ਵਾਲਾ ਹੈ।

ਮੁਸਲਿਮ ਜਨ ਬਿਰਤੀ ਇਨ੍ਹਾਂ ਨੂੰ ਕਰਾਮਾ...
ਨਜ਼ਰ ਅਨੁਸਾਰ ਇਨ੍ਹਾਂ ਦੀ ਕਰਾਮਾਤ ਵਿਸ਼ੇਸ਼ ਚ...
ਕਾਰਨ ਨਹੀਂ ਸਗੋਂ ਪ੍ਰਭੂ ਮਿਲਾਪ ਦੀ ਉਨ੍ਹ...

---

1. (i) ਸਿਰੀ ਰਾਗੁ (ਪਦੇ), ਪੰ...
   (ii) ਆਸਾ ਰਾਗੁ (ਪਦੇ), ਪੰਨਾ...
2. ਬਰਕਤਿ ਤਿਨ ਕਉ ਅਗਲੀ ਪ...
   ਸਿਰੀ ਰਾ...

ਉਪਰ ਗੁਰੂ ਨਾਨਕ ਦਾ ਕੋਈ ਵਿਵਾਦ ਨਹੀਂ।[1] ਗੁਰੂ ਨਾਨਕ ਇਨ੍ਹਾਂ ਵਿਅਕਤੀਆਂ ਨੂੰ ਇਨ੍ਹਾਂ ਦੀ ਸਹਿਜ ਬਿਰਤੀ ਕਾਰਣ ਚੰਗੀ ਨਿਗਾਹ ਨਾਲ ਵੇਖਦੇ ਹਨ।[2] ਸਾਦਿਕ ਪੁਰਖ ਸਿਦਕ ਤੇ ਸਬਰ ਨਾਲ ਫਰਿਸ਼ਤਿਆਂ ਵਾਲੇ ਤੋਸ਼ੇ ਦਾ ਆਹਾਰ ਕਰਕੇ ਪੂਰਨ ਉਚ ਆਤਮਿਕ ਅਵਸਥਾ ਤੱਕ ਪੁੱਜ ਜਾਂਦੇ ਹਨ।[3] ਸੋ ਨਾਨਕ ਬਾਣੀ ਵਿਚ ਪੀਰਾਂ ਫ਼ਕੀਰਾਂ ਇਤਿਆਦਿ ਦਾ ਇਸ ਪੱਖੋਂ ਵਿਰੋਧ ਨਹੀਂ ਹੋਇਆ।

---

1. ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰ ਸੁਣਿਆ ਧਾਇਆ
   ਕੋਈ ਮੁਗਲ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ।
   ਆਸਾ ਰਾਗੁ (ਅਸ਼ਟਪਦੀਆਂ) ਪੰਨਾ 417-1
2. ਪੀਰ ਪੈਕੰਬਰ ਸਾਲਿਕ ਸਾਦਿਕ
   ਛੋਡੀ ਦੁਨੀਆ ਥਾਇ ਪਏ। ਆਸਾ ਰਾਗੁ (ਪਦੇ), ਪੰਨਾ 358
3. ਸਿਦਕੁ ਸਬੂਰੀ ਸਾਦਿਕਾ ਸਬਰ ਤੋਸਾ ਮਲਾਇਕਾਂ
   ਦੀਦਾਰੁ ਪੂਰੇ ਪਾਇਸਾ ਥਾਉ ਨਾਹੀ ਖਾਇਕਾ। ਸਿਰੀ ਰਾਗੁ (ਸ਼ਲੋਕ) ਪੰਨਾ 83

## ਮਿਥਿਹਾਸਕ ਸਥਾਨ

(ੳ) ਭਾਰਤੀ ਲੌਕਿਕ ਸਥਾਨ

(ਅ) ਅਭਾਰਤੀ ਲੌਕਿਕ ਸਥਾਨ

(ੲ) ਭਾਰਤੀ ਪਾਰਲੌਕਿਕ ਸਥਾਨ

(ਸ) ਅਭਾਰਤੀ ਪਾਰਲੌਕਿਕ ਸਥਾਨ

## (ੲ) ਭਾਰਤੀ ਤੀਰਥ ਸਥਾਨ

ਵੈਦਿਕ ਗ੍ਰੰਥਾਂ ਵਿਚ ਤੀਰਥ ਸ਼ਬਦ ਦਾ ਅਰਥ 'ਮਾਰਗ' ਹੈ।[1] ਪਰ ਨਵੀਂ ਧਾਰਨੀ. ਤੀਰਥ ਸ਼ਬਦ ਤੋਂ ਭਾਵ ਪਵਿੱਤ੍ਰ ਧਾਰਮਿਕ ਸਥਾਨ ਵੀ ਹੈ'।[2] ਗੰਗਾ ਦੀ ਥਾਂ ਤੀਰਥਾਂ ਨੂੰ ਵਧੇਰੇ ਮਹਤਵ ਸ਼ੀਲ ਮੰਨਣ ਦੀ ਰੁਚੀ ਮਹਾਂਭਾਰਤ ਅਤੇ ਪੁਰਾਣਾਂ ਵਿਚ ਹੀ ਮਿਲਦੀ ਹੈ।[3]

ਪਵਿੱਤ੍ਰ ਕਹੇ ਜਾਣ ਵਾਲੇ ਧਾਮਾਂ ਦੀ ਖਿਚ ਹਰ ਧਰਮ ਵਿੱਚ ਕਾਇਮ ਹੈ। ਇਸਲਾਮ ਵਿੱਚ ਮੱਕਾ, ਈਸਾਈਆਂ ਲਈ ਜੇਰੂਸਲੇਮ, ਸਿੱਖਾਂ ਲਈ ਸ੍ਰੀ ਅੰਮ੍ਰਿਤਸਰ ਇਤਿਆਦਿ ਅਤੇ ਹਿੰਦੂਆਂ ਵਿਚ ਪ੍ਰਯਾਗ, ਕਾਂਸ਼ੀ, ਹਰਿਦੁਆਰ ਅਤੇ ਕੁਰੂਕਸ਼ੇਤਰ ਆਦਿ ਤੀਰਥ ਹਨ। 'ਵੱਡੀਆਂ ਵੱਡੀਆਂ ਨਦੀਆਂ, ਪਰਬਤ ਅਤੇ ਵਨਾਂ ਵਿੱਚ' ਦੇਵਤਿਆਂ ਅਤੇ ਪਰਮਾਤਮਾ ਦਾ ਵਾਸਾ ਮੰਨ ਕੇ ਲੋਕ ਬਿਰਤੀ ਇਨ੍ਹਾਂ ਨੂੰ ਪਵਿੱਤ੍ਰ ਆਖਦੀ ਰਹੀ ਹੈ'।[4] ਕਈ ਵਾਰ ਇਨ੍ਹਾਂ ਥਾਵਾਂ ਵਿਚਲੀ ਸ਼ਾਂਤੀ ਰੂਪ ਸੁੰਦਰਤਾ, ਅਤੇ ਵਿਸ਼ਾਲਤਾ ਤੀਰਥਾਂ ਦਾ ਨਿਰਮਾਣ ਕਰਨ ਵਿੱਚ ਸਹਾਈ ਹੁੰਦੀ ਰਹੀ ਹੈ। ਪ੍ਰਾਚੀਨ ਕਾਲ ਵਿੱਚ ਇਨ੍ਹਾਂ ਤੀਰਥਾਂ ਨੇ ਭਾਰਤੀ ਮਨਾਂ ਵਿਚ ਸਹਿਹੋਂਦ, ਏਕਤਾ, ਸਹਿਨਸ਼ੀਲਤਾ, ਨਿਰਮਲਤਾ ਅਤੇ ਸੱਚ ਵਰਗੇ ਗੁਣਾਂ ਦਾ ਪ੍ਰਸਾਰ ਕੀਤਾ। ਪਰ ਸਮਾਂ ਪੈਣ ਨਾਲ ਇਨ੍ਹਾਂ ਹੀ ਤੀਰਥਾਂ ਉਪਰ ਪਾਪ ਕਰਮ, ਪਾਖੰਡ, ਸੰਪਰਦਾਇਕਤਾ ਅਤੇ ਲੁੱਟ ਖਸੁੱਟ ਵੀ ਵੱਧੇ ਹਨ। ਤੀਰਥਾਂ ਨਾਲ ਦੇਵੀ, ਦੇਵਤਿਆਂ ਦੀਆਂ ਕਈ ਕਥਾਵਾਂ ਜੁੜੀਆਂ ਜੁੜੀਆਂ ਹੋਈਆਂ ਅਤੇ ਤੀਰਥਾਂ ਦੇ ਮਹਾਤਮ ਲਿਖਾਏ ਜਾਣ ਲੱਗੇ। ਨਦੀਆਂ ਦਾ ਅਤੇ ਖਿੱਤੂ ਪਰਬਤਾਂ ਦੀ ਵਾਂ ਦੇਵਤਿਆਂ ਨਾਲ ਸੰਬੰਧਿਤ ਕੀਤਾ ਗਿਆ। ਕੈਲਾਸ਼ ਪਰਬਤ ਉੱਤੇ ਸ਼ਿਵਜੀ ਦਾ ਵਾਸਾ ਮੰਨਿਆ ਗਿਆ। ਕਥਿਤ ਅਠਾਹਠ ਤੀਰਥ ਦੇਵੀ ਦੁਆਰਾ ਬਣੇ ਦਸੇ ਜਾਣ ਲੱਗੇ। ਮਤਸਯ ਪੁਰਾਣ ਅਨੁਸਾਰ ਇਨ੍ਹਾਂ ਤੀਰਥਾਂ ਦੀ ਗਿਣਤੀ ਕਰੋੜਾਂ ਵਿੱਚ ਦਸੀ ਜਾਂਦੀ ਹੈ।[5] ਮਿਥ ਸੋਚ ਨੇ ਇਨ੍ਹਾਂ ਤੀਰਥਾਂ ਨੂੰ ਦੇਵਤਿਆਂ, ਅਸੁਰਾਂ, ਅਵਤਾਰਾਂ ਤੇ ਮਨੁੱਖਾਂ

---

1. P.V.Kane, 'History of Dharamsastra', Vol.IV, P.554
2. —— ਉਹੀ, ਪੰਨਾ 554
3. —— ਉਹੀ, ਪੰਨਾ 554
4. —— ਉਹੀ, ਪੰਨਾ 552
5. ਮਤਸਯ ਪੁਰਾਣ, 106/23

ਨਾਲ ਸੰਬੰਧਿਤ ਕੀਤਾ।[1]

ਤੀਰਥ ਯਾਤ੍ਰਾ ਦੇ ਉਦੇਸ਼ਾਂ ਵਿੱਚ ਪਾਪਾਂ ਦਾ ਨਾਸ਼ ਕਰਨਾ, ਸਵਰਗ ਅਤੇ ਮੁਕਤੀ ਦਾ ਲਾਭ ਪ੍ਰਾਪਤ ਕਰਨਾ ਸ਼ਾਮਲ ਹੈ।[2] ਤੀਰਥਾਂ ਉਤੇ ਕੀਤੇ ਜਾਣ ਵਾਲੇ ਕਰਮਾਂ ਬਾਰੇ ਵੀ ਪੁਰਾਣਾਂ ਵਿਚ ਚਰਚਾ ਹੋਈ ਹੈ। ਇਨ੍ਹਾਂ ਕਰਮਾਂ ਵਿਚ, ਸਦਾਚਾਰ ਦਾ ਪਾਲਣ, ਤਪੱਸਿਆ, ਸ਼ਰਾਧ, ਦਾਨ, ਸੰਗ, ਮੁੰਡਨ, ਕੰਨਿਆਦਾਨ ਅਤੇ ਆਤਮ ਹੱਤਿਆ ਸ਼ਾਮਲ ਹਨ।[3]

ਸਪਸ਼ਟ ਹੈ, ਸਵਰਗ ਅਤੇ ਮੁਕਤੀ ਪ੍ਰਾਪਤੀ ਦੀ ਲਾਲਸਾ, ਪਾਪਾਂ ਦਾ ਨਾਸ਼ ਜਾਂ ਆਤਮ ਹੱਤਿਆ ਕਰਨ ਦਾ ਕਰਮ, ਮਿੱਥ ਚੇਤਨਾ ਦੀ ਦੇਣ ਹੈ। ਤੀਰਥਾਂ ਦੀ ਪਵਿੱਤ੍ਰਤਾ ਦ੍ਰਿੜ ਕਰਾਉਣ ਲਈ ਹਰ ਤੀਰਥ ਨੂੰ ਕਿਸੇ ਦੇਵ, ਦੇਵੀ ਜਾਂ ਰਿਸ਼ੀ ਨਾਲ ਜੋੜਿਆ ਜਾਣਾ ਵੀ ਇਸੇ ਮਿਥ ਚੇਤਨਾ ਦੇ ਅੰਤਰਗਤ ਆਉਂਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਆਪਣੀ ਰਚਨਾ ਵਿੱਚ ਕੁਝ ਤੀਰਥਾਂ ਨਦੀਆਂ ਆਦਿ ਦੇ ਸੰਕੇਤ ਦਿੱਤੇ ਹਨ ਜਿਨ੍ਹਾਂ ਦਾ ਸੰਖੇਪ ਵੇਰਵਾ ਦਿੱਤਾ ਜਾ ਰਿਹਾ ਹੈ। ਇਨ੍ਹਾਂ ਵਿਚ ਗੰਗਾ, ਗੰਗਾ ਸਾਗਰ, ਤ੍ਰਿਵੇਣੀ ਸੰਗਮ (ਪ੍ਰਯਾਗ) ਵਾਰਾਨਸੀ (ਕਾਂਸ਼ੀ) ਕੇਦਾਰਾ, ਗੋਮਤੀ, ਕਾਂਤੀ, ਜਮੁਨਾ, ਦੁਆਰਕਾ ਪੁਰੀ, ਮਥਰਾ ਅਤੇ ਗੋਕਲ ਸ਼ਾਮਲ ਹਨ। ਇਥੇ ਇਨ੍ਹਾਂ ਤੀਰਥਾਂ ਦਾ ਵੇਰਵਾ ਇਕਠਾ ਦੇਣਾ ਹੀ ਠੀਕ ਸਮਝਿਆ ਗਿਆ ਹੈ ਕਿਉਂਕਿ ਨਾਨਕ ਬਾਣੀ ਵਿੱਚ ਅਧਾਰ ਇੰਜ ਹੀ ਹੋਇਆ ਹੈ।

<u>ਗੰਗਾ</u>

ਪੁਰਾਣਕ ਆਖਿਆਨਾਂ ਅਨੁਸਾਰ ਇਹ ਨਦੀ ਰਾਜਾ ਭਗੀਰਥ ਦੇ ਤਪ ਨਾਲ ਸੁਰਗ ਤੋਂ ਲਿਆਂਦੀ ਗਈ ਤਾਂ ਜੋ ਰਾਜਾ ਸਾਗਰ ਦੇ ਕਪਲ ਰਿਸ਼ੀ ਦੀ ਕ੍ਰੋਧ ਅਗਨੀ ਨਾਲ ਭਸਮ ਹੋਏ ਸੱਠ ਹਜ਼ਾਰ ਪੁਤਰਾਂ ਨੂੰ ਪਵਿਤ੍ਰ ਕਰਕੇ ਜਿਵਾਇਆ ਜਾ ਸਕੇ। ਇਹ ਸੁਰਗੀ ਨਦੀ ਵਿਸ਼ਨੂੰ ਦੇ ਪੈਰ ਦੇ ਅੰਗੂਠੇ ਤੋਂ ਨਿਕਲਦੀ ਹੈ। ਜਦੋਂ ਇਹ ਪ੍ਰਿਥਵੀ ਤੇ ਲਿਆਏ ਜਾਣ ਕਾਰਣ ਗੁੱਸੇ ਹੋਈ ਤਾਂ ਧਰਤੀ ਨੂੰ ਇਸਦੇ ਕਹਿਰ ਤੋਂ ਬਚਾਉਣ ਵਾਸਤੇ ਸ਼ਿਵਜੀ ਨੇ ਆਪਣੇ ਮੱਥੇ ਨਾਲ ਰੋਕ ਕੇ ਇਸਦੇ ਵਹਿਣ ਨੂੰ ਆਪਣੀ ਜਟਾਂ ਵਿੱਚ ਠਲ ਲਿਆ। ਇਸੇ ਲਈ ਸ਼ਿਵ ਜੀ ਨੂੰ ਗੰਗਾ ਧਰ ਵੀ ਆਖਦੇ ਹਨ। ਪੁਰਾਣਾਂ ਵਿੱਚ ਹੋਰ ਵੀ ਕਈ ਕਥਾਵਾਂ ਪ੍ਰਚਲਤ ਹਨ। ਦੇਵੀ ਦੇ ਰੂਪ ਵਿੱਚ ਗੰਗਾ ਨੂੰ ਹਿਮਵੰਤ ਤੇ ਮੇਨਾ ਦੀ

---

1. ਬ੍ਰਹਮ ਪੁਰਾਣ ਅਨੁਸਾਰ ਚਾਰ ਤਰ੍ਹਾਂ ਦੇ ਤੀਰਥ ਹਨ: (1) ਦੇਵ (ਦੇਵਾਂ ਨਾਲ ਸੰਬੰਧਿਤ) (2) ਅਸੁਰ (ਅਸੁਰਾਂ ਨਾਲ ਸੰਬੰਧਿਤ), (3) ਆਰਸ਼ (ਰਿਸ਼ੀਆਂ [illegible] ਦੀ ਨਿਰਤ), (4) ਮਾਨੁਸ਼ (ਰਾਜਿਆਂ ਰਾਹੀਂ ਬਣੇ)।
2. ਸਿਧੇਸ਼ਵਰੀ ਨਾਰਾਇਣ ਰਾਏ, ਪੌਰਾਣਿਕ ਧਰਮ ਏਵੰ ਸਮਾਜ, ਪੰਨਾ 124-25.
3. ਉਹੀ, ਪੰਨਾ 127-34.

ਪੁਤਰੀ ਅਤੇ ਉਮਾ ਦੀ ਭੈਣ ਆਖਿਆ ਜਾਂਦਾ ਹੈ। ਇਸਨੇ ਰਾਜੇ ਸ਼ਾਂਤਨੂ ਦੀ ਪਤਨੀ ਬਣਕੇ ਭੀਸ਼ਮ ਨਾਂ ਦੇ ਇਕ ਪੁੱਤਰ ਨੂੰ ਵੀ ਜਨਮ ਦਿੱਤਾ। ਭਾਰਤ ਦੀਆਂ ਸਾਰੀਆਂ ਪਵਿੱਤਰ ਨਦੀਆਂ ਵਿਚੋਂ ਇਹ ਨਦੀ ਸੱਭ ਪਵਿੱਤਰ ਮੰਨੀ ਜਾਂਦੀ ਹੈ। ਇਸੇ ਦੇ ਕੰਢੇ, ਕਨਖਲ, ਹਰਿਦੁਆਰ, ਪ੍ਰਯਾਗ ਅਤੇ ਕਾਸ਼ੀ ਵਰਗੇ, ਮਹਾਨ ਗਿਣੇ ਜਾਣ ਵਾਲੇ ਤੀਰਥ ਪ੍ਰਸਿੱਧ ਹਨ। ਇਸ ਦੇ ਦਰਸ਼ਨ ਕਰਨ ਨਾਲ, ਨਰਕ ਦੀ ਥਾਂ ਸੁਰਗ ਮਿਲਦਾ ਹੈ। ਦੁਸ਼ਟ ਪਾਪੀ ਅਤੇ ਨਿਕਰਮੀ ਮਨੁੱਖ ਵੀ ਇਸਦੇ ਦਰਸ਼ਨ ਅਤੇ ਇਸ ਵਿਚ ਇਸ਼ਨਾਨ ਕਰਨ ਨਾਲ ਪਵਿੱਤਰ ਹੋ ਜਾਂਦਾ ਹੈ। ਕਈ ਤਰ੍ਹਾਂ ਦੇ ਸੰਸਕਾਰ ਕਰਮ ਕਰਨ ਦੀ ਪ੍ਰਥਾ ਇਸ ਨਦੀ ਨਾਲ ਜੁੜੀ ਹੋਈ ਹੈ।[1]

ਗੰਗਾ ਸਾਗਰ

ਗੰਗਾ ਦਾ ਮੁਹਾਣਾ ਇਥੇ ਵਿਸ਼ਨੂੰ ਦਾ ਪਵਿੱਤਰ ਤੀਰਥ ਹੈ। ਪੁਰਾਣਾਂ ਅਨੁਸਾਰ ਇਥੇ ਕਪਿਲ ਰਿਸ਼ੀ ਨੇ ਸਾਗਰ ਦੇ ਪੁਤਰਾਂ ਨੂੰ ਭਸਮ ਕੀਤਾ ਸੀ।

ਤ੍ਰਿਵੇਣੀ ਸੰਗਮ/ਪ੍ਰਯਾਗ

ਪ੍ਰਯਾਗ(ਅਜੋਕਾ ਅਲਾਹਾਬਾਦ)ਪ੍ਰਸਿੱਧ ਹਿੰਦੂ ਤੀਰਥ ਹੈ ਅਤੇ ਇਹ ਗੰਗਾ ਦੇ ਕਿਨਾਰੇ ਵਸਿਆ ਹੋਇਆ ਹੈ। ਇਥੇ ਗੰਗਾ, ਜਮਨਾ ਅਤੇ ਅਪ੍ਰਗਟ ਰੂਪ ਵਿਚ, ਇਨ੍ਹਾਂ ਦੇ ਥਲੇ ਵਗਦੀ ਸਰਸਵਤੀ ਦਾ ਸੰਗਮ ਹੁੰਦਾ ਮੰਨਿਆ ਜਾਂਦਾ ਹੈ। ਇਸੇ ਲਈ ਇਸ ਨੂੰ ਤ੍ਰਿਵੇਣੀ-ਸੰਗਮ ਤੀਰਥ ਦਾ ਨਾਂ ਵੀ ਦਿੱਤਾ ਗਿਆ ਹੈ। ਪੁਰਾਣ ਆਖਿਆਨ ਅਨੁਸਾਰ ਇਸ ਥਾਂ ਉਤੇ ਜੱਗ ਕੀਤਾ ਗਿਆ ਸੀ। ਕੂਰਮ ਪੁਰਾਣ ਅਨੁਸਾਰ ਇਹ ਪ੍ਰਜਾਪਤੀ ਦੀ ਪਵਿੱਤਰ ਥਾਂ ਹੈ। ਜਿਹੜੇ ਲੋਕ ਇਥੇ ਇਸ਼ਨਾਨ ਕਰਦੇ ਹਨ ਸੁਰਗਾਂ ਨੂੰ ਜਾਂਦੇ ਹਨ ਅਤੇ ਜਿਨ੍ਹਾਂ ਦੀ ਇਥੇ ਮ੍ਰਿਤੂ ਹੁੰਦੀ ਹੈ ਉਹ ਪੁਨਰ ਜਨਮ ਵਿਚ ਨਹੀਂ ਆਉਂਦੇ। ਜਦੋਂ ਰੁਦਰ ਕਲਪ ਦੇ ਅੰਤ ਉਤੇ ਸ੍ਰਿਸ਼ਟੀ ਵਿਨਾਸ਼ ਕਰਦੇ ਹਨ ਤਾਂ ਪ੍ਰਯਾਗ ਦਾ ਨਾਸ਼ ਨਹੀਂ ਕਰਦੇ। ਬ੍ਰਹਮਾ, ਵਿਸ਼ਨੂ ਅਤੇ ਸ਼ਿਵਜੀ ਪ੍ਰਯਾਗ ਵਿਚ ਵਿਚਰਦੇ ਹਨ। ਪ੍ਰਯਾਗ ਜਾ ਕੇ ਸ਼ਰਾਧ, ਦਾਨ ਅਤੇ ਇਸ਼ਨਾਨ ਦਾ ਬੜਾ ਮਹੱਤਵ ਲਿਖਿਆ ਹੈ। ਇਹ ਯਾਤ੍ਰਾ ਅਤੇ ਦਾਨ ਪੁੰਨ ਮੋਕਸ਼ ਪ੍ਰਾਪਤੀ ਦੇ ਲਕਸ਼ ਨੂੰ ਪੂਰਾ ਕਰਨ ਵਾਲਾ ਹੈ। 'ਪ੍ਰਯਾਗ ਪ੍ਰਯਾਣ ਤੇ ਪੈਰ ਪੈਰ ਉਤੇ ਅਸ਼ਵਮੇਧ ਯੱਗ ਦਾ ਫਲ ਮਿਲਦਾ ਹੈ।'[2]

ਪ੍ਰਯਾਗ ਵਿਚ ਆਤਮਘਾਤ ਦੀ ਪਰੰਪਰਾ ਵੀ ਬੜੀ ਸਨਮਾਨ ਰਹੀ ਹੈ। ਕੂਰਮ ਪੁਰਾਣ (1.38/3.12) ਚਾਰ ਪ੍ਰਕਾਰ ਦੇ ਆਤਮ ਬਲੀਦਾਨ ਦਾ ਜ਼ਿਕਰ ਕਰਦਾ ਹੈ ਅਤੇ ਸਹਸ ਵਰ੍ਹਿਆਂ ਤਕ ਸੁਰਗ ਵਿੱਚ ਵਾਸਾ ਅਤੇ ਅਮੋਲਕ ਵਸਤੂਆਂ ਦੀ ਪ੍ਰਾਪਤੀ ਦਾ ਬਚਨ ਦੇਂਦਾ ਹੈ। ਆਤਮ ਬਲੀਦਾਨ ਦੇ ਚਾਰ ਰੂਪ ਹਨ (ੳ) ਪਾਥੀਆਂ ਦੀ ਮੱਠੀ ਮੱਠੀ ਅੱਗ ਵਿਚ ਆਪਣੇ ਆਪ ਨੂੰ ਸਾੜਨਾ, (ਅ) ਸੰਗਮ ਵਾਲੀ ਥਾਂ ਜਲ ਪ੍ਰਵੇਸ਼ ਨਾਲ ਸਰੀਰਨਾਸ਼, (ੲ) ਗੰਗਾ ਦੇ ਪਾਣੀ ਵਿਚ ਲੱਤਾਂ ਉਪਰ ਅਤੇ ਸਿਰ ਥੱਲੇ ਕਰਕੇ ਲਟਕਣਾ ਤੇ ਪਾਣੀ ਪੀਣਾ, ਅਤੇ(ਸ) ਆਪਣੀ ਤਵਚਾ ਅਤੇ ਮਾਸ ਨੂੰ ਆਪ ਕੱਟ ਕੇ ਪੰਛੀਆਂ ਅਤੇ ਜੀਵਾਂ ਨੂੰ ਅਰਪਣ

1. ਨਾਰਦ ਪੁਰਾਣ 'ਗੰਗਾ ਮਹਾਤਮ' II-29
2. ਮਤਸਯ ਪੁਰਾਣ 105/6
3. P.V.Kane, 'History of Dharmasastra', Vol.IV, Page 607

ਇਹ ਆਤਮ ਬਲੀਦਾਨ ਦੀ ਪ੍ਰਥਾ ਪ੍ਰਯਾਗ ਤੋਂ ਹੋਰ ਤੀਰਥਾਂ ਉਤੇ ਵੀ ਪ੍ਰਜੀ- ਪੇਹਵਾ (ਜ਼ਿਲਾ ਕਰਨਾਲ), ਨਰਮਦਾ ਅਤੇ ਕਾਵੇਰੀ ਦੇ ਸੰਗਮ ਉਤੇ ਵੀ ਇਹ ਪ੍ਰਥਾ ਚੱਲੀ। ਹੌਲੀ ਹੌਲੀ ਇਸਦੇ ਵਿਰੋਧ ਵਿਚ ਵੀ ਆਵਾਜ਼ਾਂ ਉਠੀਆਂ ਤੇ ਇਹ ਪ੍ਰਥਾ ਘਟ ਹੋਈ। ਇਨ੍ਹਾਂ ਤੀਰਥਾਂ ਉਤੇ ਸਿਰ ਦੇ ਵਾਲ- ਪਾਪ ਦੀ ਜੜ੍ਹ ਸਮਝਕੇ ਕਟਾਉਣ ਦੀ ਪ੍ਰਥਾ ਵੀ ਕਾਇਮ ਰਹੀ। ਵਿਆਹਿਤ ਤੇ ਵਿਧਵਾ ਔਰਤਾਂ ਆਪਣੇ ਕੇਸ ਕਟਵਾ ਕੇ ਵੇਣੀ ਬਣਾ ਕੇ ਸੰਗਮ ਦੀ ਭੇਟਾ ਕਰ ਦੇਂਦੀਆਂ ਸਨ। ਅਜਿਹੇ ਕਰਮ ਨੂੰ ਪੁੰਨ ਕਰਮ ਗਿਣਿਆ ਜਾਂਦਾ ਸੀ।[1]

ਵਾਰਾਨਸੀ /ਕਾਸ਼ੀ (ਅਜੋਕਾ ਬਨਾਰਸ)

ਪੁਰਾਣਾਂ ਵਿੱਚ ਕਾਸ਼ੀ ਲਈ ਤਿੰਨ ਨਾਂ ਵਰਤੇ ਗਏ ਮਿਲਦੇ ਹਨ:- (ੳ) ਕਾਸ਼ੀ, (ਅ) ਵਾਰਾਨਸੀ, (ੲ) ਅਵੀਮੁਕਤਾ। ਕਾਸ਼ੀ ਅਤਿ- ਪ੍ਰਾਚੀਨ ਭਾਰਤੀ ਪਵਿੱਤ੍ਰ ਤੀਰਥ ਹੈ ਤੇ ਸਦੀਆਂ ਤੋਂ ਸ਼ਰਧਾਵਾਨ ਹਿੰਦੂ ਪਰਾਣੀਆਂ ਦੇ ਹਿਰਦੇ ਨੂੰ ਆਕਰਸ਼ਿਤ ਕਰਦਾ ਰਿਹਾ ਹੈ। ਮਤਸਯ ਪੁਰਾਣ, ਅਨੁਸਾਰ, 'ਵਾਰਾਨਸੀ ਹਰ ਪ੍ਰਾਣੀ ਲਈ ਮੋਕਸ਼ ਸਿੱਧੀ ਦੀ ਥਾਂ ਹੈ। ਬੇਸ਼ਕ ਮੋਕਸ਼ ਪ੍ਰਯਾਗ ਵਿੱਚ ਵੀ ਪ੍ਰਾਪਤ ਹੋ ਜਾਵੇਗਾ ਪਰ ਇਹ ਥਾਂ ਪ੍ਰਯਾਗ ਨਾਲੋਂ ਵੀ ਵਧ ਮਹੱਤਵਪੂਰਣ ਹੈ, ਇਹ ਸਭ ਤੀਰਥਾਂ ਨਾਲੋਂ ਉਤਮ ਹੈ। ਮਨੁੱਖ ਦੇ ਪਿਛਲੇ ਹਜ਼ਾਰਾਂ ਜਨਮਾਂ ਦੇ ਪਾਪ ਇਸ ਵਿੱਚ ਪ੍ਰਵੇਸ਼ਣ ਹੁੰਦਿਆਂ ਹੀ ਨਸ਼ਟ ਹੋ ਜਾਂਦੇ ਹਨ। ਏਥੇ, ਬ੍ਰਾਹਮਣ, ਖਤ੍ਰੀ, ਵੈਸ਼, ਸ਼ੂਦਰ, ਮਲੇਛ, ਜੀਵ ਜੰਤੂ ਇਸ ਪਵਿੱਤ੍ਰ ਸਥਾਨ ਉਤੇ ਮ੍ਰਿਤੂ ਸਮੇਂ ਖੁਸ਼ੀ ਤੇ ਸੁੱਖ ਦੀ ਲੋਅ ਨੂੰ ਨਸੀਬ ਹੁੰਦੇ ਹਨ।[2]

ਬਨਾਰਸ ਵਿਚ ਅਣਗਿਣਤ ਮੰਦਰ ਹਨ। ਮੁਸਲਿਮ ਸ਼ਾਸਕਾਂ ਦੀ ਕ੍ਰੋਧੀ ਸਦਕਾ ਕਈ ਮੰਦਰ ਢਾ ਕੇ ਮਸਜਦਾਂ ਉਸਾਰੀਆਂ ਗਈਆਂ।

ਪੁਰਾਤਨ ਹਿੰਦੂ, ਸ਼ਰਧਾ ਦੇ ਬਧੇ ਹੋਏ, ਆਪਣੀ ਬਿਰਧ ਆਯੂ ਵਿਚ ਕਾਸ਼ੀ ਪੁੱਜ ਕੇ ਸੁਆਸ ਤਿਆਗਣ ਨੂੰ ਪਹਿਲ ਦੇਂਦੇ ਸਨ। ਏਥੋਂ ਦਾ ਗੰਗਾ ਕਿਨਾਰੇ ਉਸਰਿਆ ਮਨੀਕਰਨਿਕਾ ਘਾਟ ਦੀ ਸ਼ਮਸ਼ਾਨ ਭੂਮੀ ਪਵਿੱਤ੍ਰ ਆਖੀ ਗਈ ਹੈ। ਹਿੰਦੂ ਵਿਸ਼ਵਾਸ਼ ਅਨੁਸਾਰ ਕਾਸ਼ੀ ਪਾਪ ਹਰਣ ਵਾਲਾ ਸਭ ਤੋਂ ਵੱਡਾ ਤੀਰਥ ਹੈ। ਇਹ ਭਾਰਤ ਦੀ ਵਿਦਿਆ ਦੀ ਟਕਸਾਲ ਅਤੇ ਮਹਾਂ ਤੀਰਥ ਕਰਕੇ ਵੀ ਮਸ਼ਹੂਰ ਹੈ।

---

1. P.V.Kane, 'History of Dharmasastra', Vol.IV, P.609
2. (i) ਮਤਸਯ ਪੁਰਾਣ, 180/57
   (ii) ਨਾਰਦ ਪੁਰਾਣ, 'ਕਾਸ਼ੀ ਮਹਾਤਮ', II- 31.

ਕੇਦਾਰ

ਕਈ ਕੇਦਾਰ ਤੀਰਥਾਂ ਦਾ ਜ਼ਿਕਰ ਆਉਂਦਾ ਹੈ। ਜਿਵੇਂ 1. ਕੇਦਾਰ ਨਾਥ, 2. ਤੁੰਗਨਾ ਨਾਥ, 3. ਰੁਦ੍ਰਨਾਥ, 4. ਮਧਿਆਮੇ ਸਵਰਾ ਅਤੇ ਕਲਪੇਸ਼ਵਰਾਂ। "ਇਹ ਰਿਆਸਤ ਗੜ੍ਹਵਾਲ ਵਿਚ ਰੁਦ੍ਰ ਹਿਮਾਲੇ ਦੀ ਪਰਬਤੀ ਧਾਰਾ ਵਿੱਚ ਮਹਾਂ ਪੰਥ ਦੀ ਚੋਟੀ ਤੋਂ ਇਕ ਟਿੱਲੇ ਉਤੇ ਹੈ। ਇਥੇ ਸ਼ਿਵ ਮੰਦਰ ਹੈ, ਜਿਸ ਵਿੱਚ ਝੋਟੇ ਦੀ ਸ਼ਕਲ ਦਾ ਮਹਾਦੇਵ ਹੈ।"[1]

ਬਨਾਰਸ ਵਿਚ ਵੀ ਸ਼ਿਵ ਦੇ 8 ਤੀਰਥਾਂ ਵਿਚੋਂ ਇਕ ਦਾ ਨਾਂ ਕੇਦਾਰ ਹੈ।

ਗੋਕਲ

ਕ੍ਰਿਸ਼ਨ ਜੀ ਦੇ ਗੋਕਲ ਦਾ ਅਸਥਾਨ ਵ੍ਰਿੰਦਾਵਨ (ਬਿੰਦ੍ਰਾਬਨ)[2] ਜਮੁਨਾ ਨਦੀ ਦੇ ਕਿਨਾਰੇ, ਜਿਸ ਬਨ ਵਿਚ ਕ੍ਰਿਸ਼ਨ ਨੇ ਰਾਧਾ (ਰਾਧਿਕਾ) ਨਾਲ ਕ੍ਰੀੜਾ ਕੀਤੀ।

ਕਾਂਚੀ

ਕਾਂਚੀ (ਆਧੁਨਿਕ ਕਾਂਜੀਵਰਮ) ਇਹ ਮਦਰਾਸ ਦੇ ਚੇਂਗਲਪਟ ਜ਼ਿਲ੍ਹੇ ਵਿਚ ਹੈ। ਪੁਰਾਣੇ ਸਮੇਂ ਵਿੱਚ ਏਥੇ ਪੱਲਵਾਂ ਅਤੇ ਚੋਲ ਦੀ ਰਾਜਧਾਨੀ ਰਹੀ ਹੈ। ਇਹ ਹਿੰਦੂਆਂ ਦੀਆਂ ਸਤਪੁਰੀਆਂ ਵਿਚੋਂ ਇਕ ਪੁਰੀ ਹੈ।[3]

ਕਹਿੰਦੇ ਹਨ ਕਿ ਇਥੇ ਮਹਾਰਾਜਾ ਅਸ਼ੋਕ ਨੇ 100 ਫੁੱਟ ਲੰਮਾ ਸਤੂਪ ਬਣਵਾਇਆ ਸੀ।[4] ਬ੍ਰਹਮਾਂਡ ਪੁਰਾਣ ਅਨੁਸਾਰ:- 'ਕਾਸ਼ੀ ਅਤੇ ਕਾਂਚੀ ਦੇ ਸ਼ਹਿਰ ਨੂੰ 'ਸ਼ਿਵ' ਦੇ ਦੋ ਨੇਤ੍ਰ ਹਨ। ਭਾਵੇਂ ਇਹ ਵੈਸ਼ਨਵ ਖੇਤ੍ਰ ਵਜੋਂ ਪ੍ਰਸਿਧ ਹੈ, ਇਸ ਵਿੱਚ ਸ਼ਿਵ ਦਾ ਅਸਤਿਤਵ ਵੀ ਹੈ।"[5]

ਕਾਂਚੀ ਵਿੱਚ ਅਨੇਕ ਮੰਦਰ ਹਨ ਜਿਨ੍ਹਾਂ ਵਿਚੋਂ ਵਿਸ਼ਨੂੰ ਦਾ ਬੈਕੁੰਠ ਅਤੇ ਸ਼ਿਵ ਦਾ ਕੈਲਾਸ਼ਨਾਥ ਮੰਦਰ ਉੱਤਮ ਹਨ।

ਯਮੁਨਾ/ਜਮਨਾ

ਇਹ ਭਾਰਤ ਦੀ ਇਕ ਪ੍ਰਸਿਧ ਨਦੀ ਹੈ ਜਿਸਨੂੰ ਗੰਗਾ ਦੀ ਤਰ੍ਹਾਂ ਹੀ ਪਵਿਤ੍ਰ ਮੰਨਿਆ ਜਾਂਦਾ ਹੈ। ਪੁਰਾਣਾਂ ਨੇ ਇਸ ਨੂੰ ਸੂਰਜ ਦੀ ਪੁਤਰੀ ਆਖਿਆ ਹੈ।[6] ਇਹ ਟੇਹਰੀ ਦੇ ਇਲਾਕੇ ਹਿਮਾਲਯ ਤੋਂ 10850 ਫੁਟ ਦੀ ਉਚਾਈ ਤੋਂ ਨਿਕਲ ਕੇ ਪ੍ਰਯਾਗ ਦੇ ਸਥਾਨ ਤੇ ਗੰਗਾ ਵਿਚ ਜਾ ਸ਼ਾਮਿਲ ਹੁੰਦੀ ਹੈ। ਹਿੰਦੂ ਧਰਮ ਵਿਚ ਇਹ ਵਿਸ਼ਵਾਸ ਹੈ ਕਿ ਯਮੁਨਾ ਵਿੱਚ ਇਸ਼ਨਾਨ

---

1. ਮਹਾਨ ਕੋਸ਼, ਪੰਨਾ 260
2. ਮਹਾਨ ਕੋਸ਼, ਪੰਨਾ 260
3. ਮਹਾਨ ਕੋਸ਼, ਪੰਨਾ 256
4. P.V.Kane, History of Dharmasastra, P.711
5. ਬ੍ਰਹਮਾਂਡ ਪੁਰਾਣ, 4.19/15
6. ਮਹਾਨ ਕੋਸ਼, ਪੰਨਾ 380

ਕਰਨ ਤੋਂ ਜਮਦੰਡ ਨਹੀਂ ਮਿਲਦਾ। ਕ੍ਰਿਸ਼ਨ ਦੀਆਂ ਬਾਲ ਲੀਲਾਵਾਂ ਜੋ ਅਕਸਰ ਇਸਦੇ ਕਿਨਾਰੇ ਹੋਈਆਂ ਨੇ ਵੀ ਇਸਨੂੰ ਪ੍ਰਸਿਧਤਾ ਪ੍ਰਦਾਨ ਕੀਤੀ ਹੈ।

## ਦਵਾਰਕਾ ਪੁਰੀ/ ਪੁਰੀ ਦੁਆਰਕਾ

ਵਿਸ਼ਨੂੰ ਪੁਰਾਣ ਵਿਚ ਦਰਜ ਹੈ ਕਿ ਦੁਆਰਕਾ ਦਾ ਦਰਸ਼ਨ ਕਰਨ ਤੇ ਸਭ ਪਾਪਾਂ ਦਾ ਨਾਸ਼ ਹੋ ਜਾਂਦਾ ਹੈ।[1] ਵਿਸ਼ਨੂੰ ਪੁਰਾਣ ਵਿਚ ਆਉਂਦਾ ਹੈ ਕਿ ਕ੍ਰਿਸ਼ਨ ਜੀ ਨੇ ਆਖਿਆ, 'ਮੇਰੇ ਇਥੋਂ ਜਾਂਦੇ ਸਾਰ ਹੀ ਸਮੁੰਦਰ ਦੁਆਰਕਾ ਨੂੰ ਆਪਣੇ ਜਲ ਵਿਚ ਵਿਲੀਨ ਕਰ ਲਵੇਗਾ, ਪ੍ਰੰਤੂ ਸਿਰਫ ਭਵਨ ਹੀ ਬਾਕੀ ਬਚ ਰਹੇਗਾ ਜਿਸ ਵਿੱਚ ਭਗਤਾਂ ਦੇ ਹਿਤਾਰਥ ਪ੍ਰਭੂ ਸਦਾ ਨਿਵਾਸ ਕਰਦੇ ਹਨ।[2] ਇਸ ਤਰ੍ਹਾਂ ਨਾਲ ਦੁਆਰਕਾ ਦੀ ਮਹਾਨਤਾ ਨੂੰ ਸੁਦ੍ਰਿੜ ਕਰ ਦਿੱਤਾ ਗਿਆ ਹੈ।

ਯੁਧ ਨੀਤੀ ਅਨੁਸਾਰ ਚਲਦਿਆਂ ਜਰਾਸੰਧ ਤੇ ਉਸਦੇ ਸਾਥੀਆਂ ਤੋਂ ਬਚਣ ਲਈ ਕ੍ਰਿਸ਼ਨ ਨੇ ਮਥੁਰਾ ਛੱਡ ਕੇ ਦੁਆਰਕਾ ਪੁਰੀ (ਦਵਾਰਕਾ ਪੁਰੀ) ਨੂੰ ਆਪਣੀ ਨਗਰੀ ਬਣਾ ਲਿਆ ਸੀ। ਇਸਦੀ ਗਿਣਤੀ ਹਿੰਦੂਆਂ ਦੀਆਂ ਪਵਿਤ੍ਰ ਸਤਪੁਰੀਆਂ ਵਿੱਚ ਕੀਤੀ ਜਾਂਦੀ ਹੈ। ਕਾਫੀ ਸਮੇਂ ਤਕ ਇਹ ਯਾਦਵਾਂ ਦੀ ਰਾਜਧਾਨੀ ਰਹੀ। ਆਖਿਆ ਜਾਂਦਾ ਹੈ ਕਿ ਕ੍ਰਿਸ਼ਨ ਦੇ ਦੇਹਾਂਤ ਪਿਛੋਂ ਸਤਵੇਂ ਦਿਨ ਸਮੁੰਦਰ ਨੇ ਇਸ ਨਗਰੀ ਨੂੰ ਆਪਣੇ ਵਿਚ ਲੈ ਕਰ ਲਿਆ ਸੀ। ਹੁਣ ਫਿਰ ਆਬਾਦੀ ਵੱਸੀ ਹੈ।

## ਮਥੁਰਾ

ਮਥੁਰਾ ਕ੍ਰਿਸ਼ਨ ਜੀ ਦੀ ਪਿਆਰ- ਕ੍ਰੀੜਾ , ਯੁੱਧਾਂ ਅਤੇ ਜਿੱਤਾਂ ਦੀਆਂ ਯਾਦਾਂ ਵਜੋਂ ਪ੍ਰਸਿਧ ਤੀਰਥ ਹੈ। ਇਥੇ ਹੀ ਕੰਸ ਨੂੰ ਮਾਰ ਕੇ ਉਗਰਸੇਨ ਨੂੰ ਰਾਜ ਗੱਦੀ ਸੌਂਪੀ ਗਈ। ਕਈ ਦੈਂਤਾਂ ਦਾ ਵਿਨਾਸ਼ ਵੀ ਏਥੇ ਹੀ ਕੀਤਾ ਗਿਆ। ਪਦਮ ਪੁਰਾਣ ਅਨੁਸਾਰ ਯਮੁਨਾ ਮਥੁਰਾ ਦੀ ਛੂਹ ਨਾਲ ਪੁੰਨੀ ਹੋ ਜਾਂਦੀ ਹੈ। ਵਿਸ਼ਨੂੰ ਭਗਵਾਨ ਦੇ ਕ੍ਰਿਸ਼ਨ ਅਵਤਾਰ ਦੇ ਜਨਮ ਹੋਣ ਦੀ ਥਾਂ ਕਾਰਣ ਇਹ ਅਤਿ ਪਵਿਤ੍ਰ ਥਾਂ ਹੈ। 'ਮਥੁਰਾ', 'ਮੁਕਤੀ' ਦੀ ਪ੍ਰਸਿਧ ਖੇਤਰ ਹੈ।[3]

## ਗੋਕਲ

ਇਹ ਮਥੁਰਾ ਦੇ ਦੱਖਣ ਵਾਲੇ ਪਾਸੇ ਜਮਨਾ ਦੇ ਕਿਨਾਰੇ ਇਕ ਪਵਿਤ੍ਰ ਪਿੰਡ ਹੈ। ਇਥੇ ਕ੍ਰਿਸ਼ਨ ਗਊਆਂ ਚਾਰਦੇ ਰਹੇ। ਏਥੇ ਹੀ ਗੋਪ ਨੰਦ ਦਾ ਨਿਵਾਸ ਸੀ।

## ਲੰਕਾ

ਲੰਕਾ ਰਾਵਣ ਦੀ ਸੋਨ ਨਗਰੀ ਸੀ। ਰਾਵਣ ਦੀ ਇਹ ਨਗਰੀ ਉਸਦੇ ਅਭਿਮਾਨ ਕਾਰਣ ਹਨੂਮਾਨ ਦੀ ਨਾਲੀ ਪੂੰਛ ਨਾਲ ਸੜ ਕੇ ਸੁਆਹ ਹੋ ਗਈ।

---

1. ਵਿਸ਼ਨੂੰ ਪੁਰਾਣ , II-5/38/11
2. ਉਹੀ , II-5/37/36
3. ਪਦਮ ਪੁਰਾਣ, II-29/46-47

ਗੁਰੂ ਨਾਨਕ ਦੇਵ ਜੀ ਨੇ ਨੈਣਾਂ ਬਾਰੇ ਮਾਇਆ ਦੇ ਪਸਾਰੇ ਤੇ ਉਸਦੇ ਨਿਰਾਰਥਕ ਅੰਤ ਦੇ ਸੰਬੰਧ ਵਿਚ ਵੀ ਗੱਲ ਕੀਤੀ ਹੈ।[1]

---

1. ਜੈਹਿਨ ਨੈਣਾਂ ਸੈਹਿਨ ਮਾੜੀ ਸੰਪੈ ਕਿਸੈ ਨ ਕੇਰੀ।

ਗਉੜੀ ਰਾਗੁ (ਪਦੇ), ਪੰਨਾ 155

(ਖ) **ਭਾਰਤੀ ਪਾਰਲੌਕਿਕ ਸਥਾਨ**

ਮਿਥ ਕਥਾਵਾਂ ਵਿੱਚ ਵਿਅਕਤੀ ਵਿਸ਼ੇਸ਼ ਚਮਤਕਾਰੀ ਸ਼ਖਸ਼ੀਅਤਾਂ ਦੇ ਮਾਲਿਕ ਬਣ ਜਾਂਦੇ ਹਨ। ਇਨ੍ਹਾਂ ਦਾ ਸੰਬੰਧ ਇਸ ਲੋਕ ਤੋਂ ਇਲਾਵਾ ਹੋਰ ਅਨੇਕ ਲੋਕਾਂ ਨਾਲ ਵੀ ਹੁੰਦਾ ਹੈ ਜਿਵੇਂ ਦੇਵਤੇ ਦੇਵ ਲੋਕ ਦੇ ਵਾਸੀ ਹਨ, ਅਵਤਾਰ, ਲੋਕ ਦੇ ਦੇਵ ਲੋਕ ਦੇ, ਅਪਸਰਾਵਾਂ ਤੇ ਗੰਧਰਬ ਕਿੰਪੁਰਸ਼ੀ ਪਰ ਇਹਨਾਂ ਸਭ ਦੇ ਪਹੁੰਚ ਵਿੱਚ ਸਾਰੇ ਲੋਕ ਹਨ। ਕਿਤੇ ਕਿਤੇ ਭਾਵੇਂ ਕਿਸੇ ਦਾ ਕਿਸੇ ਪੁਰੀ ਵਿੱਚ ਪ੍ਰਵੇਸ਼ ਵਿਵਰਜਤ ਹੋਵੇ ਪਰ ਅਕਸਰ ਆਪਣੀਆਂ ਅਲੌਕਿਕ ਸ਼ਖਸ਼ੀਅਤਾਂ ਦੇ ਚਮਤਕਾਰੀ ਗੁਣਾਂ ਨਾਲ ਇਹ ਹਰ ਥਾਂ ਤੇ ਵਿਚਰ ਸਕਦੇ ਹਨ।

ਏਸੇ ਤਰ੍ਹਾਂ ਕੁਝ ਸਥਾਨਾਂ ਨੂੰ ਵੀ ਮਿਥ ਦੀ ਅਲੌਕਿਕ ਬਿਰਤੀ ਲੌਕਿਕ ਹੋ ਕੇ ਵੀ ਲੌਕਿਕ ਨਹੀਂ ਰਹਿਣ ਦੇਂਦੀ। ਇਹ ਸਥਾਨ ਲੌਕਿਕ ਵੀ ਹਨ, ਪਾਰਲੌਕਿਕ ਵੀ। ਹਰ ਕੋਈ ਤ੍ਰਿਸ਼ੰਕੂ ਵਿਚ ਲਟਕ ਸਕਦਾ ਹੈ। ਧਰਤੀ ਲੌਕਿਕ ਹੈ ਪਰ ਇਹ ਦਿਵ ਤੇ ਅਲੌਕਿਕ ਵੀ ਹੈ। ਸੁਰਗ ਉੱਪਰ ਵਿਸ਼ਨੂੰ ਬੈਕੁੰਠ ਦਾ ਅਜੀਬ ਠਾਠ ਹੈ। ਨਰਕ ਉੱਪਰ ਵੀ ਤੇ ਪਾਤਾਲ ਵਿੱਚ ਵੀ ਹੈ। ਤੀਰਥ ਸਥਾਨ ਭਾਵੇਂ ਇਸ ਧਰਤੀ ਉਤੇ ਹੀ ਹਨ ਪਰ ਇਨ੍ਹਾਂ ਦੇ ਨਿਰਮਾਣ ਵਿੱਚ ਪਾਰਲੌਕਿਕ ਤੇ ਲੌਕਿਕ ਵਚਿਤ੍ਰਤਾ ਵਾਲੀਆਂ ਸ਼ਖਸ਼ੀਅਤਾਂ ਦਾ ਵੀ ਹੱਥ ਹੈ। ਨਦੀਆਂ ਵੀ ਪਵਿੱਤ੍ਰ ਹਨ, ਕੁਝ ਦੇਵਤਿਆਂ ਕਰਕੇ ਅਤੇ ਕੁਝ ਸੁਰਗਾਂ ਵਿਚੋਂ ਨਿਕਲਣ ਕਰਕੇ।

ਮਿਥ ਸੰਸਾਰ ਅੰਦਰ ਪਦਾਰਥਕ ਤੱਤਾਂ ਨੂੰ ਚਮਤਕਾਰੀ ਬਿਰਤੀ ਨਾਲ ਓਤ ਪ੍ਰੋਤ ਕਰਨ ਦੀ ਵਿਲੱਖਣ ਪ੍ਰਵਿਰਤੀ ਹੈ, ਜੋ ਇਨਾਂ ਸਥਾਨਾਂ ਦੇ ਅਗੇ ਹੋਣੇ ਅਧਿਐਨ ਵਿਚੋਂ ਪ੍ਰਗਟ ਹੋਵੇਗੀ।

**ਨਰਕ**

ਪੁਰਾਣਕਾਰਾਂ ਨੇ ਪਾਪੀ ਜੀਵਾਂ ਲਈ ਨਰਕ ਦੀ ਕਲਪਨਾ ਕੀਤੀ ਹੈ। ਨਰਕ ਦੇ ਸਮਾਨਾਂਤਰ, ਇਸਲਾਮ ਵਿੱਚ ਦੋਜ਼ਖ਼ ਅਤੇ ਈਸਾਈ ਧਰਮ ਵਿੱਚ 'ਹੈਲ' ਦੀ ਮਨੌਤ ਹੈ। ਨਰਕ ਦੀ ਕਲਪਨਾ, ਇਹ ਵਿਚਾਰ ਲੈ ਕੇ ਤੁਰਦੀ ਹੈ ਕਿ ਜਦੋਂ ਕੋਈ ਵਿਅਕਤੀ ਆਪਣੇ ਧਰਮ ਪੱਥ ਤੋਂ ਭ੍ਰਿਸ਼ਟ ਹੋ ਜਾਂਦਾ ਹੈ ਤਾਂ ਪਾਪੀ ਬਣਦਾ ਹੈ। ਪਾਪੀ ਨੂੰ ਪਾਪ ਕਰਮਾਂ ਦਾ ਫਲ ਭੋਗਣ ਲਈ ਮ੍ਰਿਤੂ ਉਪਰੰਤ ਨਰਕਾਂ ਦਾ ਵਾਸੀ ਬਣਨਾ ਪਵੇਗਾ ਤੇ ਧਰਮ ਰਾਜ ਦੇ ਦਿੱਤੇ ਹੋਏ ਦੰਡ ਸਹਿਣੇ ਪੈਣਗੇ। ਮਾਰਕੰਡੇ ਪੁਰਾਣ[1], ਅਗਨੀ ਪੁਰਾਣ, ਬ੍ਰਹਮ ਪੁਰਾਣ ਅਤੇ ਨਾਰਦ ਪੁਰਾਣ[2] ਇਤਿਆਦਿ ਵਿਚ ਨਰਕ ਦਾ ਡਰਾਉਣਾ

---

1. ਮਾਰਕੰਡੇ ਪੁਰਾਣ, 1/14/1-96
2. ਨਾਰਦ ਪੁਰਾਣ, ਧਮ ਮਾਰਗ ਨਿਰੂਪਣ II-3/1-35

ਚਿਤ੍ਰ ਉਲੀਕਿਆ ਮਿਲਦਾ ਹੈ। ਮਹਾਂਭਾਰਤ ਅਤੇ ਨਾਰਦਪੁਰਾਣ ਵਿਚ ਵੀ ਨਰਕਾਂ ਦਾ ਵੇਰਵਾ ਮਿਲਦਾ ਹੈ। ਨਰਕਾਂ ਦੀ ਧਾਰਣਾ ਨੂੰ ਆਵਾਗਵਣ ਚੱਕਰ ਵਿਚ ਫਸੇ, ਪ੍ਰਾਣੀ ਨੂੰ ਚੰਗੇ ਮੰਦੇ ਫਲ ਭੋਗਣ ਦੇ ਵਿਚਾਰ ਨੇ ਵੀ ਬੱਲ ਦਿੱਤਾ ਹੈ।

ਨਰਕਾਂ ਦੀਆਂ ਸਜ਼ਾਵਾਂ ਬਾਰੇ ਨਾਰਦ ਪੁਰਾਣ ਵਿਚ ਲਿਖਿਆ ਹੈ ਕਿ 'ਨਰਕਾਂ ਵਿਚ ਭੈੜੀਆਂ ਸਜ਼ਾਵਾਂ ਸਹਿਣੀਆਂ ਪੈਂਦੀਆਂ ਹਨ।[1] ਕੀੜਿਆਂ ਉਤੇ ਸੌਣਾ, ਕੀੜੀਆਂ, ਬਿਛੂਆਂ ਅਤੇ ਸੱਪਾਂ ਤੋਂ ਡਸਾਉਣਾ, ਮੱਛੀਆਂ ਖੌਲਦਾ ਤੇਲ ਤੇ ਲੋਹਾ ਜਲ ਪੀਣ ਨੂੰ ਤੇ ਨਿਰਾ [illegible] ਖਾਣ ਨੂੰ ਮਿਲਣਾ। ਸੜਦੇ ਬਲਦੇ ਪਾਣੀ ਵਿਚ ਨਹਾਉਣਾ, ਅੱਗ ਸਮਾਨ ਗਰਮ ਚਾਦਰਾਂ ਉਤੇ ਲੇਟਣ ਲਈ ਮਜਬੂਰ ਹੋਣਾ। ਇਸ ਤੋਂ ਇਲਾਵਾ ਪਾਪੀਆਂ ਦੀਆਂ ਜੀਭਾਂ ਨੂੰ ਜਮਦੂਤਾਂ ਦੁਆਰਾ ਚਿਮਟਿਆਂ ਨਾਲ ਖਿੱਚਿਆ ਜਾਣਾ, ਪੁਠਾ ਲਟਕਾ ਛੱਡਣਾ। ਕਈ ਨਰਕਾਂ ਵਿਚ ਪਸ, ਰਕ੍ਤ ਮਿਝ ਨੇ ਤੇ ਹੋਰ ਦੁਰਗੰਧਿਤ ਪਦਾਰਥ ਖਾਣ ਵਾਸਤੇ ਦਿੱਤੇ ਜਾਂਦੇ ਹਨ। ਇਨ੍ਹਾਂ ਸਜ਼ਾਵਾਂ ਦਾ ਸਮਾਂ ਹਜ਼ਾਰਾਂ ਸਾਲਾਂ ਤੱਕ ਚਲਦਾ ਹੈ ਤੇ ਪਾਪੀਆਂ ਨੂੰ ਮਿਲਣ ਵਾਲੀਆਂ ਸਜ਼ਾਵਾਂ ਦੀ ਗਿਣਤੀ ਇਤਨੀ ਜ਼ਿਆਦਾ ਹੈ ਕਿ ਕੇਵਲ ਭਗਵਾਨ ਵਿਸ਼ਨੂੰ ਹੀ ਇਹ ਗਿਣਤੀ ਗਿਣ ਸਕਦੇ ਹਨ।[2]

ਨਾਨਕ ਬਾਣੀ ਵਿਚ ਨਰਕ ਪਾਪੀ ਜੀਵਾਂ ਦੇ ਸਜ਼ਾਵਾਂ ਭੋਗਣ ਦੀ ਥਾਂ ਹੈ। ਧਰਮ ਰਾਜ ਦੇ ਲੇਖੇ ਉਪਰੰਤ ਪਾਪੀ ਜੀਵਾਂ ਲਈ ਨਰਕ ਦੀ ਕਲਪਨਾ ਪੁਰਾਣ ਕਾਰਾਂ ਦੀ ਕਲਪਨਾ ਦਾ ਵਿਸ਼ੇਸ਼ ਅੰਗ ਹੈ ਅਤੇ ਇਹ ਇਥੇ ਭੀ ਹੈ। ਨਾਨਕ ਬਾਣੀ ਵਿਚ ਨਰਕ ਅਤੇ ਸੁਰਗ ਹੁਕਮ ਦੀ ਖੇਡ ਦਸੇ ਗਏ ਹਨ। ਇਹ ਨਰਕ ਸਾਕਤ ਜੀਵਾਂ ਵਾਸਤੇ ਹਨ। ਬੇਸ਼ਕ ਨਰਕ ਖੂਹ ਹੈ[3], ਅੱਗ ਦੀ ਲਪਟਾਂ ਅਤੇ ਸੂਰਜੀ ਤਪਸ਼ ਹੈ, ਖੰਡੇ ਧਾਰ ਅਤੇ ਭੀੜੀ ਗਲੀ ਵਿਚੋਂ ਦੀ ਲੰਘਣਾ ਪੈਂਦਾ ਹੈ। ਤਿਲਾਂ ਵਾਂਗ ਬੇਸ਼ਕ ਪੀੜਿਆ ਵੀ ਜਾਂਦਾ ਹੋਵੇ[5] ਪਰ ਗੁਰਮੁਖ ਨਿਸਚਿੰਤ ਹਨ ਕਿਉਂਕਿ ਸੱਚਾ ਪ੍ਰਭੂ ਨਰਕ ਨਿਵਾਰਕ ਵਾਲਾ ਹੈ। ਨਾਨਕ ਬਾਣੀ ਵਿੱਚ ਨਰਕ ਦਾ ਸੰਤਾਪ ਚਿਤ੍ਰ ਨਹੀਂ, ਨਰਕ ਦੀ ਭਾਵਨਾ ਨੂੰ ਖਤਮ ਕੀਤਾ ਗਿਆ ਹੈ।

---

1. ਨਾਰਦ ਪੁਰਾਣ 1-15/1-133
2. ਉਹੀ 1-328
3. ਨਰਕ ਕੂਪ ਮਹਿ ਗੋਤੇ ਖਾਵੈ ਜਿਉ ਜਲ ਤੇ ਬਾਹਰਿ ਮੀਨਾ ਹੇ
   ਮਾਰੂ ਰਾਗ (ਸੋਲਹੇ), ਪੰਨਾ 1028
4. ਸੂਰਜ ਤਪੈ ਅਗਨਿ ਬਿਖੁ ਝਾਲਾ। ਅਪਤੁ ਪਸੂ ਮਨਮੁਖੁ ਬੇਤਾਲਾ।
   ਮਾਰੂ ਰਾਗੁ (ਸੋਲਹੇ), ਪੰਨਾ 1029
5. (i) ਖੰਡੇ ਧਾਰ ਗਲੀ ਅਤਿ ਭੀੜੀ। ਲੇਖਾ ਲੀਜੈ ਤਿਲ ਜਿਉ ਪੀੜੀ- ਉਹੀ, ਪੰਨਾ 1029
   (ii) ਮਾਤ ਪਿਤਾ ਕਲਤ੍ਰ ਸੁਤ ਬੇਲੀ ਨਾਹੀ ਬਿਨੁ ਹਰਿ ਰਸ ਮੁਕਤਿ ਨ ਕੀਨਾ ਹੇ।
   ਉਹੀ ਪੰਨਾ 1028
   (iii) ਹਉ ਵਿਚਿ ਨਰਕਿ ਸੁਰਗਿ ਅਵਤਾਰੁ।
   ਆਸਾ ਰਾਗੁ (ਵਾਰ), ਪੰਨਾ 466
   (i) ਚਉਰਾਸੀਹ ਨਰਕ ਸਾਕਤੁ ਭੋਗਾਈਐ ਜੈਸਾ ਕੀਚੈ ਤੈਸੋ ਪਾਈਐ।
   ਸਤਿਗੁਰ ਬਾਝਹੁ ਮੁਕਤਿ ਨ ਹੋਈ ਕਿਰਤਿ ਬਾਧਾ ਗ੍ਰਸਿ ਦੀਨਾ ਹੇ।
   ਮਾਰੂ ਰਾਗੁ (ਸੋਲਹੇ), ਪੰਨਾ 1028

## ਵੈਤਰਣੀ ਨਦੀ

ਇਸਲਾਮ ਦੇ ਪੁਲ-ਸਿਰਾਤ ਦੀ ਤਰ੍ਹਾਂ ਹੀ ਪੁਰਾਣਾਂ ਵਿੱਚ ਵੈਤਰਣੀ ਨਦੀ ਦੀ ਕਲਪਨਾ ਕੀਤੀ ਹੋਈ ਹੈ। ਵੈਤਰਣੀ ਨਦੀ ਨੂੰ ਯਮ ਰਾਜ ਦੇ ਦੁਆਰ ਉੱਤੇ ਸਥਿਤ ਮੰਨਿਆ ਜਾਂਦਾ ਹੈ। ਗਰੁੜ ਪੁਰਾਣ ਅਨੁਸਾਰ, 'ਵੈਤਰਣੀ ਨਦੀ ਬੜੀ ਭੈਦਾਇਕ ਹੈ', ਇਹ ਸੌ ਯੋਜਨ ਦੇ ਵਿਸਤਾਰ ਵਾਲੀ ਹੈ। ਇਸ ਵਿਚੋਂ ਬਹੁਤ ਦੁਰਗੰਧ ਆਉਂਦੀ ਹੈ। ਇਸਨੂੰ ਪਾਰ ਕਰਨਾ ਬਹੁਤ ਕਠਿਨ ਹੈ। ਪਾਪੀ ਤਾਂ ਇਸਨੂੰ ਵੇਖਦੇ ਸਾਰ ਹੀ ਕੰਬਣ ਲਗ ਜਾਂਦੇ ਹਨ। ਇਸ ਨਦੀ ਵਿਚ ਸ਼ਵਾਦ, ਖੂਨ, ਪਾਣੀ ਅਤੇ ਮਾਸ ਦਾ ਚਿਕੜ ਭਰਿਆ ਹੋਇਆ ਹੈ। ਇਸ ਵਿਚ ਹਿੰਸਕ ਜਲਜੀਵਾਂ ਦੀ ਭਰਮਾਰ ਹੈ। ਉਥੇ 12 ਸੂਰਜ ਜਿਵੇਂ ਪਰਲੋ ਦੇ ਅੰਤ ਉੱਤੇ ਤਪਿਆ ਕਰਦੇ ਹਨ, ਉਵੇਂ ਹੀ ਸਾੜਦੇ ਹਨ। ਪਾਪੀ ਲੋਕ ਵਿਚ ਡਿਗਦੇ ਰੋਈ, ਕੁਰਲਾਂਦੇ ਤੇ ਵਿਰਲਾਪ ਕਰਦੇ ਹਨ'[1] ਇਸ ਮਹਾਂ ਨਦੀ ਵੈਤਰਣੀ ਨਦੀ ਤੋਂ ਨਿਸਤਾਰਾ ਪਾਉਣ ਲਈ, ਵੈਤਰਣੀ ਗਊ ਦਾ ਦਾਨ ਕਰਨਾ ਚਾਹੀਦਾ ਹੈ। ਗਊ ਦੇ ਸਿੰਗਾਂ ਨੂੰ ਸੋਨਾ ਲੱਗਿਆ ਹੋਵੇ ਤੇ ਖੁਰਾਂ ਨੂੰ ਚਾਂਦੀ। ਉਸ ਨੂੰ ਚੋਣ ਲਈ ਕਾਂਸੀ ਦਾ ਇਕ ਬਰਤਨ ਵੀ ਦਾਨ ਦੇਣਾ ਚਾਹੀਦਾ ਹੈ।[2] ਇਸ ਤਰ੍ਹਾਂ ਕਰਨ ਨਾਲ ਉਹ ਮਹਾਂ ਨਦੀ ਸੁਖ ਦੇਣ ਵਾਲੀ ਹੋ ਜਾਂਦੀ ਹੈ ਤੇ ਮਨੁੱਖ ਅੰਦਰ ਉਸਦਾ ਭੈ ਨਹੀਂ ਰਹਿੰਦਾ।[3]

ਬਾਣੀ ਵਿਚ ਵੈਤਰਣੀ ਨਦੀ ਦਾ ਸਪਸ਼ਟ ਸੰਕੇਤ ਨਹੀਂ, ਪਰ ਉਸ ਨਾਲ ਮਿਲਦੇ ਜੁਲਦੇ ਸੰਕੇਤ ਜ਼ਰੂਰ ਆਏ ਹਨ। ਵੈਸੇ ਵੈਤਰਣੀ ਨਦੀ ਦੇ ਮਿੱਥ ਸੰਕਲਪ ਨੂੰ ਨਾਨਕ ਬਾਣੀ ਵਿਚ ਅਪਣਾਇਆ ਨਹੀਂ ਗਿਆ। ਨਾ ਹੀ ਪੁਰਾਣਾਂ ਵਾਂਗ ਵੈਤਰਣੀ ਨਦੀ ਤੋਂ ਪਾਰ ਹੋਣ ਲਈ ਗਊ ਦਾਨ ਦੀ ਗਲ ਕੀਤੀ ਹੈ। ਨਰਕ ਦੇ ਪ੍ਰਸੰਗ ਵਿੱਚ ਵੀ 'ਨਾਮ ਤੇ ਗੁਰੂ ਦੀ ਮਹੱਤਤਾ ਨੂੰ ਹੀ ਮੁੱਖ ਰੱਖਿਆ ਗਿਆ ਹੈ। ਹਉਂ ਦੀ ਭਾਵਨਾ ਨਰਕ ਨੂੰ ਜਨਮ ਦੇਂਦੀ ਹੈ। 'ਹਉਂ' ਸਚ ਤੇ ਗੁਰੂ ਤੋਂ ਦੂਰੀ ਕਾਰਨ ਆਉਂਦੀ ਹੈ। 84 ਲੱਖ ਜੂਨਾਂ ਹੀ ਨਰਕ ਹਨ ਜਿਨ੍ਹਾਂ ਨੂੰ ਮਨਮੁੱਖ ਅਤੇ ਸਾਕਤ ਭੋਗਦਾ ਹੈ। ਸਤਿਗੁਰੂ ਤੋਂ ਬਿਨਾ ਮਨੁੱਖ ਕਾਲ-ਭਯ ਤੋਂ ਮੁਕਤ ਹੋ ਹੀ ਨਹੀਂ ਸਕਦਾ। ਦਾਨ ਨਰਕ ਤੋਂ ਮੁਕਤੀ ਦਾ ਸਾਧਨ ਨਹੀਂ।

---

1. 'ਗਰੁੜ ਪੁਰਾਣ', II-35/2,7
2. ਉਹੀ , II-35/24-25
3. ਉਹੀ , II-35/36

## ਸਵਰਗ

ਸਵਰਗ ਦੀ ਕਲਪਨਾ ਵੀ ਬੜੀ ਵਿਚਿਤ੍ਰ ਹੈ। ਇੰਦਰ ਦੇਵਤੇ ਦੀ ਇਹ ਨਗਰੀ, ਅਪਸਰਾਵਾਂ ਗੰਧਰਬਾਂ ਤੇ ਦੇਵਤਿਆਂ ਦਾ ਸਥਾਨ ਹੈ। ਇਹ ਇੰਦਰ ਦਾ ਰਾਜ ਦਰਬਾਰ ਵੀ ਹੈ। ਇਵੇਂ ਹੀ ਇੰਦਰ ਦੀ ਸਵਰਗ ਪੁਰੀ ਹੈ, ਜਿਸਦੀ ਕਾਮਨਾ ਆਮ ਹਿੰਦੂ ਬਿਰਤੀ ਕਰਦੀ ਹੈ। ਇਸ ਬਿਰਤੀ ਅੰਦਰ ਸਵਰਗ ਪ੍ਰਾਪਤੀ ਦੇ ਸੁਖ ਸਮਾਨ, ਤੇ ਅਦਭੁਤ ਪਦਾਰਥਾਂ ਦੀ ਕਾਮਨਾ ਛੁਪੀ ਹੋਈ ਹੈ। ਇਥੇ ਕਾਮਧੇਨ ਗਊ ਹੈ, ਕਲਪ ਬ੍ਰਿਛ ਹੈ। ਅੰਮ੍ਰਿਤ ਦੀਆਂ ਨਦੀਆਂ ਵਹਿ ਰਹੀਆਂ ਹਨ। ਅਸੁਰ ਇਸ ਨਗਰੀ ਨੂੰ ਹਮੇਸ਼ਾਂ ਪੋਹਣ ਦੀ ਲਾਲਸਾ ਵਿੱਚ ਰਹਿੰਦੇ ਹਨ। ਵਿਸ਼ਨੂੰ ਦੀ ਪੁਰੀ 'ਬੈਕੁੰਠ' ਵੀ ਸਵਰਗ ਹੀ ਆਖ ਲਈ ਜਾਂਦੀ ਹੈ।[1]

ਸਵਰਗ ਐਸ਼ੋਇਸ਼ਰਤ ਦਾ ਪ੍ਰਤੀਕ ਹੈ ਪਰ ਇਸ ਦੀ ਪ੍ਰਾਪਤੀ ਵਸਤੂ ਤਤ ਨਾਲ ਹੋਈ ਹੈ। ਸਵਰਗ ਦਾ ਭੋਗ, ਵਸਤੂ ਬਹੁਲਤਾ, ਵਿਲਾਸੀ ਵਸਤੂਆਂ ਤੇ ਐਸ਼ਵਰਜ ਦਾ ਪ੍ਰਤੀਕ ਹੈ।[2] ਪਰ ਇਸਦਾ ਸੰਬੰਧ ਇੰਦ੍ਰਿਆਤਮਕ ਜਗਤ ਨਾਲ ਨਹੀਂ ਇਹ ਅਦ੍ਰਿਸ਼ ਅਤੇ ਪਾਰਲੌਕਿਕ ਹੈ। ਕਰਮ ਕਾਂਡ ਕਰਨ ਵਾਲੇ ਨੂੰ ਮਰਨ ਉਪਰੰਤ ਹਿੰਦੂ ਸਵਰਗ ਦਾ ਲਾਲਚ ਦੇਂਦੇ ਹਨ ਤੇ ਮੁਸਲਮਾਨ ਬਹਿਸ਼ਤ ਦਾ। ਨਾਨਕ ਬਾਣੀ ਵਿਲਾਸਤਾ, ਵਸਤੂ ਬਹੁਲਤਾ ਤੇ ਆਦਰਸ਼ ਹੀਣ ਕਰਮਾਂ ਦੀ ਸਮਰਥਕ ਨਹੀਂ। ਇਹ 'ਹਉਮੈ' ਹਨ। ਅਜਿਹੇ ਲੋਕ ਲਈ ਨਾਨਕ ਬਾਣੀ ਵਿੱਚ ਕੋਈ ਸਾਂਝ ਨਹੀਂ। ਗੁਰੂ ਨਾਨਕ ਦੇਵ ਜੀ ਦੇ ਵਿਚਾਰਾਂ ਅਨੁਸਾਰ ਵਸਤੂ ਤੇ ਐਸ਼ਵਰਜ ਦੀ ਬਹੁਲਤਾ ਨਾਲੋਂ ਮਾਨਸਿਕ ਟਿਕਾਉ ਅਤੇ ਆਤਮਿਕ ਉਚਾਈ ਦੀ ਬਹੁਲਤਾ ਲੋੜੀਂਦੀ ਹੈ। ਗੁਰੂ ਨਾਨਕ ਨੇ ਬੈਕੁੰਠ ਨੂੰ ਵਿਸ਼ਨੂੰ ਦੀ ਪੁਰੀ ਨਾਲੋਂ ਤੋੜ ਲਿਆ ਹੈ।[3] ਸਵਰਗ ਦੀ ਥਾਂ ਦਰਗਾਹ ਮਾਨਸਿਕ ਤੇ ਆਤਮਿਕ ਉਚਾਈ ਦਾ ਪ੍ਰਤੀਕ ਬਣਿਆ ਹੈ। ਇਕ ਸਹਿਜ ਅਵਸਥਾ ਵਿੱਚ ਵਿਚਰਣ ਦਾ ਪ੍ਰਤੀਕ ਹੈ। ਦਰਗਾਹ ਨਾਮ ਪ੍ਰਭੂ ਨਿਕਟਤਾ ਦਾ ਹੈ।[4] ਹਜ਼ੂਰੀ ਵਿਚ ਧਿਆਨ ਟਿਕਾਉਣ ਦਾ ਹੈ। ਗੁਰੂ ਨਾਨਕ ਵਿਚ ਨਾਂ ਸਵਰਗ ਤੇ ਨਾ ਹੀ ਵਿਸ਼ਨੂੰ ਪੁਰੀ ਬੈਕੁੰਠ ਦੀ ਲਾਲਸਾ ਨੂੰ ਪ੍ਰਗਟਾਵਾ ਮਿਲਿਆ ਹੈ।

---

1. P.Thomas,'Incredible India',P.6
2. (I) ਹਥੁ ਵਿਚਿ ਨਰਕਿ ਸੁਰਗਿ ਅਵਤਾਰ। ਆਸਾ ਰਾਗੁ( ਵਾਰ), ਪੰਨਾ 466
   (II) ਸੁਖਦੇ ਦਾਖਾਂ ਮੇਵਿਆਂ ਇਸਕੀਆਂ ਹੋਵਨਿ ਨਾਨਕ ਸਭੇ ਜਾਹੂ, ਮਾਝ ਰਾਗੁ(ਵਾਰ), ਪੰਨਾ 142
3. ਹਰ ਦਰਸਨ ਬਾਂ ਪ੍ਰੀਤਮ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ, ਆਸਾ ਰਾਗੁ( ਮ੧ ),ਪੰਨਾ 360
4. ਦਰਗਹ ਨਾਮ ਹਜੂਰਿ ਗੁਰਮੁਖਿ ਜਾਣਸੀ। ਉਹੀ (ਅਸ਼ਟਪਦੀਆਂ), ਪੰਨਾ 422

(ੲ) **ਪਰਾਕਰਤੀ ਲੌਕਿਕ ਸਥਾਨ**

**ਕਬਰ:**

ਮ੍ਰਿਤ ਪ੍ਰਾਣੀ ਨੂੰ ਸੁਰੱਖਿਅਤ ਰੂਪ ਵਿੱਚ ਸੰਭਾਲ ਕੇ ਰੱਖਣ ਦੀ ਬਿਰਤੀ ਵਿੱਚ, ਮਿਥ ਚਿੰਤਨ ਦੀ ਇਹ ਧਾਰਾ ਕੰਮ ਕਰਦੀ ਪ੍ਰਤੀਤ ਹੁੰਦੀ ਹੈ ਕਿ ਰੂਹ ਨੇ ਸਰੀਰ ਦਾ ਸਾਥ ਕੁਝ ਦੇਰ ਲਈ ਛੱਡਿਆ ਹੈ, ਜਦ ਰੂਹ ਮੁੜ ਪਰਤ ਆਵੇਗੀ ਤਾਂ ਇਹ ਵਿਅਕਤੀ ਜਾਗ ਉਠੇਗਾ। ਪਰ ਕਬਰ ਦਾ ਸੰਕਲਪ ਕਿਆਮਤ ਦੇ ਦਿਨ [illegible] ਨਾਲ ਤੇ ਉਸ ਦਿਨ ਹੋਣ ਵਾਲੇ ਇਨਸਾਫ਼ ਨਾਲ ਸੰਬੰਧਿਤ ਹੈ। ਇਸਲਾਮ ਵਿੱਚ ਬਰਜ਼ਖ ਦਾ ਸੰਕਲਪ ਵੀ ਕਬਰ ਨਾਲ ਸੰਬੰਧਿਤ ਹੈ। ਬਰਜ਼ਖ ਮੌਤ ਤੋਂ ਸ਼ੁਰੂ ਕਰਕੇ ਕਿਆਮਤ ਵਾਲੇ ਦਿਨ ਤੱਕ ਦੀ ਅਵਸਥਾ ਨੂੰ ਪ੍ਰਗਟਾਉਂਦਾ ਹੈ। 'ਅੱਲਾ' ਦੇ ਹੁਕਮ ਨਾਲ ਆਦਮੀ ਮਰਦਾ ਹੈ ਤੇ ਉਸ ਲਈ ਇਕ ਕਬਰ ਨਿਸ਼ਚਿਤ ਕਰ ਦਿੱਤੀ ਜਾਂਦੀ ਹੈ।[1] ਬਰਜ਼ਖ ਦੀ ਅਵਸਥਾ ਵਿੱਚ ਵਿਚਰਦਿਆਂ ਮਨੁੱਖ ਅਜ਼ਾਬ-ਅਲ-ਕਬਰ ਦਾ ਭਾਗੀ ਬਣਦਾ ਹੈ।[2] ਬਰਜ਼ਖ ਦੀ ਅਵਧੀ ਵੀ ਸਭ ਲਈ ਇਕੋ ਜਿਹੀ ਹੈ, ਚਾਹੇ ਉਹ ਕਾਫ਼ਿਰ ਹੈ ਜਾਂ ਮੋਮਨ, ਅਰਥਾਤ ਅਪਵਿੱਤ੍ਰ ਹੈ ਜਾਂ ਪਵਿੱਤ੍ਰ। ਪਰ ਪਵਿੱਤ੍ਰ ਆਦਮੀਆਂ ਨੂੰ ਇਹ ਅਵਧੀ ਦੁਖਦੀ ਨਹੀਂ, ਅਪਵਿੱਤ੍ਰ ਤੇ ਪਾਪੀਆਂ ਨੂੰ ਇਹ ਮੁਕਦੀ ਹੀ ਨਜ਼ਰ ਨਹੀਂ ਆਉਂਦੀ।

ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਕਬਰ ਦੇ ਮਿੱਥ ਸੰਕਲਪ ਨੂੰ ਸਵੀਕਾਰਿਆ ਨਹੀਂ ਗਿਆ। ਗੁਰੂ ਸਾਹਿਬ ਇਸ ਗਲ ਤੋਂ ਭਲੀ ਭਾਂਤ ਪਰਿਚਿਤ ਸਨ ਕਿ ਅਜਿਹੀਆਂ ਮਨੌਤਾਂ ਦੇ ਪਿੱਛੇ ਭੂਗੋਲਿਕ ਅਤੇ ਸਮਾਜਕ ਆਲੇ ਦੁਆਲੇ ਦਾ ਬੜਾ ਵੱਡਾ ਹਿੱਸਾ ਹੁੰਦਾ ਹੈ, ਪਿਛੋਂ ਜਾ ਕੇ ਇਹ ਧਰਮ ਦੇ ਘੇਰੇ ਵਿੱਚ ਆ ਕੇ ਪਕਿਆਈ ਪਕੜ ਜਾਂਦੀਆਂ ਹਨ ਤੇ ਪੂਰੀ ਕਟੜਤਾ ਵਿੱਚ ਵਿਚਰਣ ਲੱਗ ਪੈਂਦੀਆਂ ਹਨ। ਈਸਾਈਆਂ ਵਿੱਚ ਵੀ ਕਬਰ ਦੀ ਮਨੌਤ ਹੈ। ਹਿੰਦੂ ਦਾਹ ਸੰਸਕਾਰ ਵਿਚ ਵਿਸ਼ਵਾਸ਼ ਰਖਦੇ ਹਨ। ਅਸਲ ਵਿੱਚ ਮ੍ਰਿਤ ਪ੍ਰਾਣੀ ਨੂੰ ਦਬਾਉਣਾ ਜਾਂ ਜਲਾਉਣਾ, ਸੰਬੰਧਿਤ ਵਿਅਕਤੀ ਨੂੰ ਸਮੇਟਣ ਦੀ ਕ੍ਰਿਆ ਦਾ ਇਕ ਅੰਗ ਹੈ। ਪੰਜ ਭੂਤਕ ਸਰੀਰ ਮਿੱਟੀ ਹੈ। ਸਾੜਣ ਪਿਛੋਂ ਵੀ ਮਿੱਟੀ ਹੈ, ਦਬਾਉਣ ਪਿਛੋਂ ਵੀ ਮਿੱਟੀ ਹੈ। ਜਿਸਨੂੰ ਆਤਮਾ ਜਾਂ ਰੂਹ ਆਖਿਆ ਜਾਂਦਾ ਹੈ ਉਹ ਮਰਨ ਉਪਰੰਤ ਸਰੀਰ ਦਾ ਸੰਗ ਤਿਆਗ ਦੇਂਦੀ ਹੈ। ਗੁਰੂ ਨਾਨਕ ਦੇਵ ਨੇ ਇਸ ਮਨੌਤ ਦਾ ਖੰਡਣ ਕੀਤਾ ਹੈ ਕਿ ਮੁਸਲਮਾਨ ਨੂੰ ਜਲਾ ਦੇਣਾ ਉਸ ਦੇ ਅੰਗ ਅੰਗ ਨੂੰ ਨਿਖੇੜ ਦੇਣਾ ਤੇ ਭਸਮ ਕਰ ਦੇਣਾ ਹੈ ਜਿਹੜਾ ਕਿਆਮਤ ਦੇ ਦਿਨ ਉਠ ਨਹੀਂ ਸਕੇਗਾ ਤੇ ਇਸ ਪ੍ਰਾਣੀ ਨੂੰ ਨਵ ਜੀਵਨ ਲਈ ਸਰੀਰ ਦੀ ਪ੍ਰਾਪਤੀ ਨਹੀਂ

---

1. Maulana Mohammad Ali, 'The Religion of Islam, P.267
2. ਉਹੀ, ਪੰਨਾ 267

ਹੋ ਸਕੇਗੀ। ਅਸਲ ਵਿੱਚ ਮੁੜ ਪੁਰਾਣੇ ਸਰੀਰ ਦੀ ਪ੍ਰਾਪਤੀ ਵਾਲੀ ਮਨੌਤ ਦਾ ਸਮਰਥਨ ਕੁਰਾਨ ਵਿਚ ਵੀ ਨਹੀਂ ਹੁੰਦਾ। ਸਰੀਰ ਤਾਂ ਸਗੋਂ ਨਵੇਂ ਸਿਰੇ ਤੋਂ ਸਿਰਜਿਆ ਜਾਵੇਗਾ।[1]

ਗੁਰੂ ਨਾਨਕ ਨੇ ਆਪਣੀ ਬਾਣੀ ਵਿੱਚ ਕਬਰ ਦੇ ਸੰਕਲਪ ਨੂੰ ਇਉਂ ਖੰਡਿਤ ਕੀਤਾ ਹੈ: 'ਮੁਸਲਿਮ ਕਬਰਾਂ ਦੀ ਮਿੱਟੀ ਨਾਲ ਘੁਮਿਆਰ ਭਾਂਡੇ ਤੇ ਇੱਟਾਂ ਘੜਣ ਲਈ,' ਪੇੜੇ ਬਣਾ ਰਿਹਾ ਹੈ। ਇਹ ਮਿੱਟੀ ਸੜਦੀ ਹੋਈ ਤੇ ਰੋਂਦੀ ਹੋਈ ਪੁਕਾਰਾਂ ਕਰਦੀ ਹੈ। ਝੜ ਝੜ ਕੇ ਅੰਗਿਆਰਾਂ ਵਿੱਚ ਡਿਗਦੀ ਹੈ। ਪ੍ਰਭੂ ਦੇ ਭਾਣੇ ਨੂੰ ਉਹ ਖੁਦ ਹੀ ਸਮਝ ਸਕਦਾ ਹੈ।[2] ਸੋ ਗੁਰੂ ਨਾਨਕ ਕਾਵਿ ਵਿੱਚ ਸਿੱਧਾ ਕਬਰ ਦਾ ਮਿਥ ਸੰਕਲਪ ਨਹੀਂ ਹੈ।

## ਮਸੀਤ

ਮਸੀਤ ਦਾ ਸੰਕਲਪ ਖੁਦਾ ਦੀ ਬੰਦਗੀ ਲਈ ਇਕਾਂਤ ਸਥਾਨ, ਧਰਮ ਮਾਰਗੀਆਂ ਦਾ ਮਿਲ ਬੈਠਣਾ ਤੇ ਵਿਚਾਰ ਚਰਚਾ ਕਰਨੀ ਆਦਿ ਦੀ ਲੋੜ ਵਿਚੋਂ ਉਪਜਿਆ ਹੈ। ਹਰ ਧਰਮ ਵਿੱਚ ਅਜਿਹੇ ਧਰਮ ਸਥਾਨਾਂ ਦੀ ਲੋੜ ਰਹੀ ਹੈ। ਈਸਾਈਆਂ ਵਿੱਚ ਗਿਰਜੇ, ਹਿੰਦੂਆਂ ਵਿੱਚ ਮੰਦਰ, ਠਾਕਰ ਦੁਆਰੇ ਅਤੇ ਸਿੱਖਾਂ ਵਿਚ ਗੁਰਦੁਆਰੇ। ਪਰ ਜਦੋਂ ਅਜਿਹੇ ਧਰਮ ਸਥਾਨਾਂ ਨੂੰ ਆਰਥਿਕ ਪੂਰਤੀ ਦੇ ਸਾਧਨ ਤਕ ਹੀ ਸੀਮਿਤ ਕਰ ਦਿੱਤਾ ਜਾਵੇ ਤਾਂ 'ਖੁਦਾ ਦਾ ਘਰ' ਨਾ ਰਹਿਕੇ 'ਲੁਟ ਦਾ ਘਰ' ਬਣ ਜਾਂਦੇ ਹਨ। ਗੁਰੂ ਸਾਹਿਬ ਨੇ ਮਸੀਤ ਜਾਂ ਮਸਜਿਦ ਦੀ ਲੋੜ ਨੂੰ ਨਿੰਦਿਆ ਨਹੀਂ, ਸਗੋਂ ਸਮਕਾਲੀ ਸਮਾਜ ਵਿੱਚ, ਮੁੱਲਾਂ ਦੀ ਭੁੱਖ ਲਾਲਸਾ ਦੀ ਨਿੰਦਿਆ ਦੇ ਪ੍ਰਸੰਗ ਵਿੱਚ ਗੱਲ ਕੀਤੀ ਹੈ:

ਭੁਖੇ ਮੁੱਲਾ ਘਰੇ ਮਸੀਤ।

---

1. There is nothing in Holy Quran to show the body which the soul left at death will be restored to it. On the other hand, there are clear statements to show that it will be a new creation altogether.'
Maulana Mohammad Ali, 'The Religion of Islam' P.267

2. (i) ਮਿਟੀ, ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ।
ਘੜਿ ਭਾਂਡੇ ਇਟਾਂ ਕੀਆ ਜਲਦੀ ਕਰੇ ਪੁਕਾਰ।
ਜਲਿ ਜਲਿ ਰੋਵੈ ਬਪੁੜੀ ਝੜਿ ਝੜਿ ਪਵਹਿ ਅੰਗਿਆਰ।
ਨਾਨਕ ਜਿਨਿ ਕਰਤੈ ਕਾਰਣੁ ਕੀਆ ਸੋ ਜਾਣੈ ਕਰਤਾਰ।
ਆਸਾ ਰਾਗੁ(ਵਾਰ), ਪੰਨਾ 466

(ii) ਝਿਲਮਿਲ ਝਿਮੀਆਰ ਦੁਨੀਆ ਫਾਨੀ
ਕਾਲੂਬਿ ਅਕਲ ਮਨ ਗੋਰ ਨਾ ਮਾਨੀ।
ਮਲਾਰ ਰਾਗੁ( ਵਾਰ), ਪੰਨਾ 1291

<u>ਮੱਕਾ ਕਾਬਾ/ਹੱਜ</u>

ਮੁਸਲਮਾਨਾਂ ਵਿੱਚ 'ਕਾਬਾ' ਦੀ ਯਾਤ੍ਰਾ ਨੂੰ ਹੱਜ ਆਖਿਆ ਜਾਂਦਾ ਹੈ। ਇਹ ਹੱਜ ਕਿਰਿਆ ਇਸਲਾਮ ਦਾ ਇਕ ਪ੍ਰਮੁਖ ਅੰਗ ਹੈ। ਕਾਬਾ, ਇਸਲਾਮ ਦਾ ਪਰਮ ਮੰਦਰ ਹੈ ਜਿਸਨੂੰ ਆਪਣੇ ਕਿਬਲਾ ਵਜੋਂ ਮੁਹੰਮਦ ਸਾਹਿਬ ਨੇ ਕੁਰਾਨ ਵਿਚ ਮਾਨਤਾ ਬਖਸ਼ੀ ਹੈ। 'ਕਾਬਾ' ਦੀ ਮਹਾਨਤਾ ਅਤੇ ਯਾਤ੍ਰਾ ਦਾ ਵਿਸ਼ਵਾਸ ਹਜ਼ਰਤ ਮੁਹੰਮਦ ਤੋਂ ਪਹਿਲਾਂ ਵੀ ਸੀ ਪਰ ਇਸਲਾਮ ਦੇ ਵਿਵਹਾਰਕ ਨਿਯਮਾਂ ਵਿੱਚ ਸ਼ਰੀਅਤ ਦੇ ਅੰਤਰਗਤ ਇਸਨੂੰ ਮੁਹੰਮਦ ਸਾਹਿਬ ਦੇ ਕਾਲ ਵਿੱਚ ਹੀ ਅਪਣਾਇਆ ਗਿਆ। ਭਾਈ ਕਾਨ੍ਹ ਸਿੰਘ ਨਾਭਾ ਨੇ ਹਜ ਪੱਧਤੀ ਦਾ ਸਵਿਸਤਾਰ ਵਰਨਣ ਦਿੱਤਾ ਹੈ ਜੋ ਇਸ ਪ੍ਰਕਾਰ ਹੈ:-

'ਜਦ ਮੱਕਾ ਇਕ ਪੜਾਉ ਰਹਿ ਜਾਵੇ ਤਦ ਯਾਤ੍ਰੀ ਇਸ਼ਨਾਨ ਕਰਕੇ 'ਏਹਰਾਮ' ਬੰਨ੍ਹੇ ਅਰਥਾਤ ਪਹਿਲੇ ਬਸਤ੍ਰ ਉਤਾਰ ਕੇ ਕੇਵਲ ਦੋ ਚਾਦਰੇ ਰੱਖੇ। ਇਕ ਤੇੜ ਅਤੇ ਦੂਜਾ ਸਰੀਰ ਉਤੇ, ਜੁਤੀ ਤਿਆਗੇ, ਤਲਬੀਯਾ ਗਾਉਂਦਾ ਮੱਕੇ ਪੁੱਜੇ। ਕਾਬੇ ਪੁੱਜ ਕੇ ਇਸ਼ਨਾਨ ਕਰੇ ਅਤੇ ਸੰਗੇ ਅਸਵਦ ਨੂੰ ਚੁੰਮੇ, ਸਤ ਤਵਾਫ਼ (ਪਰਿਕਰਮਾ) ਕਾਬੇ ਦੀਆਂ ਕਰੇ, ਤਿੰਨ ਤੇਜ਼ ਤੇਜ਼ ਚਾਰ ਹੌਲੀ ਹੌਲੀ। ਕਾਬੇ ਨੂੰ ਆਪਣੇ ਸੀਨੇ ਹੱਥ ਰੱਖੇ। ਕਾਲੇ ਪੱਥਰ ਨੂੰ ਚੁੰਮੇ ਫੇਰ ਇਬਰਾਹੀਮ ਦੇ ਮੁਕਾਮ ਉਤੇ ਜਾਵੇ ਅਤੇ ਉਥੇ ਪ੍ਰਾਰਥਨਾ ਕਰੇ। ਉਥੋਂ ਹਟ ਕੇ ਪਹਾੜੀ ਸਫ਼ਾ ਮਰੂਹ ਉਪਰ ਜਾ ਕੇ ਕਾਬੇ ਵੱਲ ਮੂੰਹ ਕਰਕੇ ਪ੍ਰਾਰਥਨਾ ਕਰੇ। ਫੇਰ ਮਰਵਾ ਚੋਟੀ ਤੇ ਜਾ ਕੇ ਪ੍ਰਾਰਥਨਾ ਕਰੇ। ਫੇਰ ਕਾਬੇ ਵਿਚ ਆਕੇ ਖੁਤਬਾ ਸੁਣੇ। ਫੇਰ ਮਕਾਮ ਮਿਨਾ ਤੇ ਜਾ ਕੇ ਰਾਤ ਵਿਸ਼੍ਰਾਮ ਕਰੇ। ਉਥੋਂ ਪਹਾੜੀ ਅਰਫ਼ਾਤ ਜਾਵੇ, ਉਥੇ ਪ੍ਰਾਰਥਨਾ ਕਰੇ ਅਤੇ ਖੁਤਬਾ ਸੁਣੇ। ਇਥੋਂ ਮੁਜ਼ਦਲਿਫ਼ਾ ਮੁਕਾਮ ਪੁਰ ਜਾਕੇ ਸੰਝ ਦੀ ਨਮਾਜ਼ ਪੜ੍ਹੇ।'

'ਇਹ ਸਾਰਾ ਵਿਧਾਨ ਨੌਵੀਂ ਤਿਥੀ ਤੱਕ ਸਮਾਪਤ ਕਰਕੇ ਦਸਵੀਂ ਜੋ ਨਹਰ ਕੁਰਬਾਨੀ ਦਾ ਦਿਨ ਹੈ, ਉਸ ਦਿਨ ਮੁਜ਼ਦਲਿਫ਼ਾ ਮਕਾਮ ਪੁਰ ਨਮਾਜ਼ ਪੜ੍ਹੇ। ਸ਼ੈਤਾਨ ਦੇ (ਥੰਮ) ਪਾਸ ਜਾ ਕੇ ਸਤ ਪੱਥਰ ਸੁਟੇ, ਮਿਨਾ ਮੁੜਕੇ ਕੁਰਬਾਨੀ ਦੇਵੇ, ਬਕਰਾ, ਦੁੰਬਾ, ਵਾ ਅਥਵਾ ਉਠ ਨੂੰ ਕਾਬੇ ਵਲ ਸਿਰ ਕਰਕੇ ਲਿਟਾਵੇ। ਪਸ਼ੂ ਦੇ ਸੱਜੇ ਪਾਸੇ ਖੜਾ ਹੋ ਕੇ 'ਅੱਲਾਹੂ ਅਕਬਰ' ਕਹਿੰਦੇ ਗਲ ਉਤੇ ਛੁਰੀ ਚਲਾਵੇ। ਇਸ ਪਿਛੋਂ ਹਾਜੀ ਇਹਰਾਮ ਤਿਆਗ ਕੇ ਮਨ ਭਾਉਂਦੇ ਕਪੜੇ ਪਹਿਣੇ। ਮੱਕੇ ਤੋਂ ਤੁਰਨ ਵੇਲੇ ਕਾਬੇ ਦੀ ਫੇਰ ਪ੍ਰਕਰਮਾ ਕਰੇ ਅਤੇ ਸ਼ੈਤਾਨ ਦੇ ਥੰਮ ਤੇ ਸੱਤ ਵਟੀਆਂ ਸੁਟੇ ਅਤੇ ਜ਼ਮ ਜ਼ਮ ਖੂਹ ਦਾ ਪਾਣੀ ਪੀਵੇ।[1]

ਵਹਾਬੀ ਲੋਕਾਂ ਨੂੰ ਛੱਡ ਕੇ ਬਹੁਤੇ ਮੁਸਲਮਾਨ ਮੱਕੇ ਦੀ ਯਾਤ੍ਰਾ ਪਿਛੋਂ ਹਜ਼ਰਤ ਮੁਹੰਮਦ ਦੀ ਕਬਰ ਦੀ ਯਾਤ੍ਰਾ ਲਈ ਮਦੀਨੇ ਜਾਂਦੇ ਹਨ। ਅਤੇ ਇਸ ਬਿਨ ਹੱਜ ਪੂਰਣ ਨਹੀਂ ਸਮਝਦੇ। ਹੱਜ ਕਰਨ ਵਾਲਾ ਹਾਜੀ ਆਖਿਆ ਜਾਂਦਾ ਹੈ।

---

1. 'ਮਹਾਨ ਕੋਸ਼', ਪੰਨਾ 1[illegible]5

ਅਸੀਂ ਹਜ ਦੇ ਅੰਤਰਗਤ ਮੱਕਾ ਸਥਿਤ ਕਾਬਾ ਅਤੇ ਮਦੀਨੇ ਦਾ ਜ਼ਿਕਰ ਕੀਤਾ ਹੈ ਜੋ ਮੁਸਲਮਾਨਾਂ ਵਿੱਚ ਅਤਿ ਪਵਿੱਤ੍ਰ ਸਥਾਨ ਗਿਣੇ ਗਏ ਹਨ। ਮੱਕਾ ਅਰਬ ਦਾ ਪ੍ਰਸਿੱਧ ਨਗਰ ਹੈ ਜੋ ਹਜ਼ਰਤ ਮੁਹੰਮਦ ਦਾ ਜਨਮ ਸਥਾਨ ਹੈ, ਭਾਈ ਕਾਨ੍ਹ ਸਿੰਘ ਮਿਸ਼ਕਾਤ ਦੇ ਹਵਾਲੇ ਨਾਲ ਲਿਖਦੇ ਹਨ ਕਿ 'ਹਜ਼ਰਤ ਮੁਹੰਮਦ ਨੇ ਆਖਿਆ ਸੀ ਕਿ ਮੱਕਾ ਆਦਮੀ ਨੇ ਨਹੀਂ ਕਿੰਤੂ ਖ਼ੁਦਾ ਨੇ ਪਵਿੱਤ੍ਰ ਬਣਾਇਆ ਹੈ। ਮੇਰੀ ਉੱਮਤ ਹਮੇਸ਼ਾ ਏਥੇ ਰਹਿਤ ਕਰੇਗੀ ਅਤੇ ਇਸ ਨਗਰ ਦਾ ਸਨਮਾਨ ਕਰਨ ਨਾਲ ਅਗਲੀ ਦੁਨੀਆਂ ਵਿੱਚ ਵੀ ਸੁਖੀ ਹੋਵੇਗੀ।[1] ਮੱਕਾ ਇਸ ਵਾਸਤੇ ਪਵਿੱਤ੍ਰ ਹੈ ਕਿਉਂਕਿ ਇਸ ਵਿੱਚ ਕਾਬਾ ਸਥਿਤ ਹੈ। ਇਸਲਾਮੀ ਧਰਮ ਪੁਸਤਕਾਂ ਅਨੁਸਾਰ ਕਾਬਾ ਨੂੰ ਪਹਿਲਾਂ 'ਹਜ਼ਰਤ ਆਦਮ ਨੇ ਬਣਵਾਇਆ।[2] ਨੂਹ ਵਾਲੇ ਤੂਫ਼ਾਨ ਵਿੱਚ ਇਹ ਢਹਿ ਗਿਆ ਤੇ ਮੁੜ ਇਬਰਾਹੀਮ ਅਤੇ ਉਸਦੇ ਪੁੱਤਰ ਇਸਮਾਈਲ ਨੇ ਉਸਾਰਿਆ। ਮੁੜ ਕਈ ਵਾਰੀ ਡਿੱਗਾ ਅਤੇ ਬਣਿਆ।[3] ਪਹਿਲਾਂ ਏਥੇ ਅਨੇਕ ਬੁਤਾਂ ਦੀ ਪੂਜਾ ਹੁੰਦੀ ਸੀ, ਜਿਨ੍ਹਾਂ ਨੂੰ ਖ਼ਤਮ ਕਰਨ ਦਾ ਸਿਹਰਾ ਹਜ਼ਰਤ ਮੁਹੰਮਦ ਦੇ ਸਿਰ ਹੈ। ਹੁਣ ਵਾਲੀ ਸੂਰਤ ਵਿਚ ਇਹ ਸੰਨ 1040 ਵਿਚ ਰੂਮ ਦੇ ਉਸਮਾਨੀ ਬਾਦਸ਼ਾਹ ਸੁਲਤਾਨ ਮੁਰਾਦ ਚੌਥੇ ਨੇ ਬਣਵਾਇਆ। ਇਸਦੇ ਦੱਖਣ ਪੂਰਬ ਵੱਲ ਦੇ ਕੋਨੇ ਵਿਚ ਪੰਜ ਫੁੱਟ ਉੱਚਾ ਸੰਗੇ ਅਸਵਦ ਹੈ ਅਤੇ ਹਾਜੀ ਇਸਨੂੰ ਮੁਕੱਦਸ ਤੇ ਸਤਿਕਾਰ ਭੇਟਾ ਕਰਦੇ ਹਨ। ਦੱਖਣ ਵਾਲੇ ਕੋਨੇ ਵਿਚ ਰੁਕਨਲਯਮਾਨ ਹੈ ਇਸਨੂੰ ਹਾਜੀ ਸੱਜੇ ਹੱਥ ਨਾਲ ਛੂਹਦੇ ਹਨ। ਕਾਬੇ ਨੂੰ ਪੈਗੰਬਰ ਦੀ ਦਰਗਾਹੀ ਧਾਂ ਮੰਨਿਆ ਜਾਂਦਾ ਹੈ ਤੇ ਪੂਰਣ ਸਤਿਕਾਰ ਦਿੱਤਾ ਜਾਂਦਾ ਹੈ। ਇਹ ਵੀ ਖ਼ਿਆਲ ਹੈ ਕਿ ਜਬਰਾਈਲ ਫ਼ਰਿਸ਼ਤੇ ਨੇ ਇਸਨੂੰ ਬਹਿਸ਼ਤ ਤੋਂ ਲਿਆਂਦਾ ਅਤੇ ਇਬਰਾਹੀਮ ਨੂੰ ਹੁਣ ਵਾਲੀ ਥਾਂ ਟਿਕਾਉਣ ਲਈ ਆਖਿਆ।[4] ਏਥੇ ਜ਼ਮ ਜ਼ਮ ਖੂਹ ਵੀ ਹੈ ਜੋ ਧਰਤੀ ਵਿਚੋਂ ਜਿਸੇ ਦਾਰ ਉਦੋਂ ਫੁੱਟ ਨਿਕਲਿਆ ਜਦੋਂ ਇਸਮਾਈਲ ਤੇ ਉਸਦੀ ਮਾਂ ਪਿਆਸੇ ਤੜਫ਼ ਰਹੇ ਸਨ।[6]

---

1. ਮਹਾਨ ਕੋਸ਼, ਪੰਨਾ 703
2. E. Royston Pike, 'Mohammed Prophet of Religion of Islam Page 19
3. ਉਹੀ, ਪੰਨਾ 19
4. Ibid, p.19
5. ਉਹੀ, ਪੰਨਾ 19

ਮਦੀਨਾ

ਅਰਬ ਦਾ ਹੀ ਪ੍ਰਸਿਧ ਨਗਰ ਜਿਥੇ ਹਜ਼ਰਤ ਮੁਹੰਮਦ ਸਾਹਿਬ ਦਾ ਵਿਸਾਲ ਹੋਇਆ। ਏਥੇ ਉਨ੍ਹਾਂ ਦੀ ਕਬਰ ਹੈ। ਹਜ਼ਰਤ ਮੁਹੰਮਦ ਸਾਹਿਬ ਆਖਿਆ ਕਰਦੇ ਸਨ 'ਮਦੀਨੇ ਦੀ ਰੱਖਿਆ ਫਰਿਸ਼ਤੇ ਕਰਦੇ ਹਨ'। ਨਬੀ ਦੀ ਮਸੀਤ ਪ੍ਰਸਿਧ ਇਮਾਰਤ ਹੈ।

ਧਰਮ ਪੁਰਸ਼ਾਂ ਨਾਲ ਸੰਬੰਧਿਤ ਸਥਾਨ ਵੀ ਉਤਨੇ ਹੀ ਪਵਿੱਤ੍ਰ ਬਣ ਜਾਂਦੇ ਹਨ ਜਿਤਨੇ ਧਰਮ ਪੁਰਸ਼। ਉਸ ਧਰਤੀ ਨੂੰ ਵਰੋਸਾਈ ਧਰਤੀ ਆਖਿਆ ਜਾਣ ਲੱਗ ਪੈਂਦਾ ਹੈ। ਹਿੰਦੂਆਂ ਵਿੱਚ ਤੀਰਥ ਤੇ ਉਨ੍ਹਾਂ ਦੀ ਯਾਤਰਾ ਪਵਿੱਤ੍ਰ ਮੰਨੀ ਜਾਂਦੀ ਹੈ। ਤੀਰਥਾਂ ਨਾਲ ਦੇਵਤਿਆਂ ਦਾ ਸੰਬੰਧ ਸਥਾਪਿਤ ਕੀਤਾ ਜਾਂਦਾ ਹੈ। ਸਿੱਖਾਂ ਵਿਚ ਸ੍ਰੀ ਅੰਮ੍ਰਿਤਸਰ, ਪੰਜਾ ਸਾਹਿਬ, ਨਨਕਾਣਾ ਸਾਹਿਬ, ਹਜ਼ੂਰ ਸਾਹਿਬ, ਅਨੰਦਪੁਰ ਸਾਹਿਬ ਤੇ ਹੋਰ ਅਨੇਕ ਗੁਰਦਵਾਰੇ ਸਤਿਗੁਰ ਦੀਆਂ ਯਾਦਾਂ ਨਾਲ ਏਥੇ ਜੁੜੇ ਹਨ ਤੇ ਯਾਤ੍ਰਾ ਕੀਤੀ ਜਾਂਦੀ ਹੈ। ਮੁਸਲਮਾਨਾਂ ਲਈ ਮੱਕਾ ਅਤੇ ਮਦੀਨਾ ਜ਼ਿਆਰਤ ਦੀਆਂ ਮੁੱਖ ਥਾਵਾਂ ਹਨ।

ਪਵਿੱਤ੍ਰ ਕਥਿਤ ਕੀਤੀਆਂ ਥਾਵਾਂ ਧਰਮ ਕਟੜਤਾ ਦੀ ਵਲੱਗਣ ਵਿੱਚ ਆ ਕੇ ਤੇ ਸਮੇਂ ਦੇ ਬੀਤਨ ਨਾਲ ਅਡੰਬਰ ਦਾ ਰੂਪ ਧਾਰਣ ਕਰਨ ਲੱਗ ਜਾਂਦੀਆਂ ਹਨ। ਵਿਸ਼ਵਾਸ਼ ਮਾਨਤਾ ਕਈ ਪ੍ਰਕਾਰ ਦੀਆਂ ਅਦਭੁਤ ਅਤੇ ਪਾਰਲੌਕਿਕ ਗੱਲਾਂ ਦਾ ਸਿਰਜਣ ਕਰਕੇ ਇਨ੍ਹਾਂ ਨਾਲ ਜੋੜ ਦੇਂਦੀ ਹੈ ਤੇ ਇਸ ਤਰ੍ਹਾਂ ਇਤਨੇ ਵੱਡੇ ਪਸਾਰੇ ਨਾਲ ਮਨੁੱਖ ਅਚੇਤ ਰੂਪ ਵਿੱਚ ਜਕੜਿਆ ਜਾਂਦਾ ਹੈ।

ਗੁਰੂ ਨਾਨਕ ਬਾਰੇ ਇਹ ਪ੍ਰਸਿਧ ਹੈ ਕਿ ਉਨ੍ਹਾਂ ਮੱਕੇ ਦੀ ਯਾਤ੍ਰਾ ਕੀਤੀ। ਉਨ੍ਹਾਂ ਨੇ ਸਿਧਾਂਤਕ ਰੂਪ ਵਿੱਚ ਵੀ ਤੇ ਨਿੱਜੀ ਅਨੁਭਵ ਨਾਲ ਵੀ ਇਸ ਹੱਜ ਦੀ ਅਨੁਸ਼ਠਾਨਕ ਕਿਰਿਆ ਨੂੰ ਸਮਝਿਆ ਤੇ ਦੇਖਿਆ। ਉਨ੍ਹਾਂ ਦੀ ਬਾਣੀ ਵਿੱਚ ਤੀਰਥ ਸਥਾਨਾਂ ਦੀ ਯਾਤ੍ਰਾ ਕਰਨਾ, ਉਥੇ ਬਾਰੇ ਗਿਆਨ ਪ੍ਰਾਪਤ ਕਰਨਾ ਇਤਿਆਦਿ ਨੂੰ ਮਾਨਤਾ ਨਹੀਂ ਆਖਿਆ ਗਿਆ। ਕੇਵਲ ਅਨੁਸ਼ਠਾਨਾਂ ਦਾ ਅਡੰਬਰ, ਇਨ੍ਹਾਂ ਵਿਚਲੀ ਜੜ੍ਹਤਾ, ਕਠੋਰਤਾ ਤੇ ਅਲੌਕਿਕ ਭਾਵਨਾ ਨੂੰ ਉਨ੍ਹਾਂ ਵਲੋਂ ਪ੍ਰਵਾਨਗੀ ਪ੍ਰਾਪਤ ਹੀ ਨਹੀਂ ਹੋਈ। ਹੱਜ ਵਿਚ ਵੀ ਸ਼ੈਤਾਨ ਦੇ ਥੰਮ ਉਤੇ ਸਤ ਪੱਥਰ ਸੁਟਣਾ, ਸੰਗੇ ਅਸਵਦ ਨੂੰ ਚੁੰਮਣਾ, ਪਸ਼ੂ ਬਲੀ ਦੇਣਾ ਇਤਿਆਦਿ ਮਨੌਤਾਂ ਨਿਰੋਲ ਅਨੁਸ਼ਠਾਨ ਜੜ੍ਹਤਾ ਦਾ ਪ੍ਰਗਟਾਵਾ ਕਰਦੀਆਂ ਹਨ। ਹੱਜ ਕਰਨ ਵਾਲਾ, 'ਹਾਜੀ' ਕਿਹਾ ਜਾਂਦਾ ਸੀ। ਮਨੋਵਿਗਿਆਨਕ ਰੂਪ ਵਿਚ ਉਹ 'ਹਾਜੀ' ਬਣਕੇ ਸਾਧਾਰਣ ਪ੍ਰਾਣੀਆਂ ਤੋਂ ਵੱਖ ਧਾਰਮਿਕ ਪੁਰਸ਼ ਮੰਨਿਆ ਜਾਣ ਲਗ ਪੈਂਦਾ ਸੀ। ਹਾਲਾਂ ਕਿ ਧਰਮ ਭਾਵਨਾ ਦਾ ਭਾਂਵੇਂ ਉਸ ਵਿਚ ਸੰਚਾਰ ਹੋਇਆ ਹੋਵੇ ਜਾਂ ਨਾਹ। ਹੱਜ ਜਨ ਸਾਧਾਰਣ ਤੇ ਗਰੀਬ ਜਨਤਾ ਦੀ ਵਿੱਤ ਤੇ ਸਮਰਥਾ ਤੋਂ ਬਾਹਰ ਦੀ ਗੱਲ ਵੀ ਸੀ। ਸੋ ਸਮਾਜਕ ਭਿੰਨਤਾ ਤੇ ਵਖਰਤਾ ਨੂੰ ਜਨਮ ਦੇਣ ਵਾਲੀ ਇਸ ਪ੍ਰਥਾ ਨੂੰ ਨਾਨਕ ਬਾਣੀ ਵਿੱਚ

ਵਿਚ ਪ੍ਰਾਪਤੀ ਨਹੀਂ ਮਿਲੀ। ਇਸ ਪਾਤ੍ਰਾਂ ਜ਼ਰੀਆ ਨਾਲੋਂ ਅੰਤ੍ਰਿਕ ਸਵਛਤਾ ਤੇ ਸਚੀ 'ਕਰਨੀ' ਉਤੇ ਹੀ ਜ਼ੋਰ ਦਿੱਤਾ ਗਿਆ ਹੈ। ਨਾਥਾਂ ਪਾਤ੍ਰਾਂ ਨੂੰ 'ਕਰਣੀ' ਆਖ ਕੇ ਗੁਰੂ ਨਾਨਕ ਬਾਣੀ, ਸਿੱਧ ਚੇਤਨਾ ਤੇ ਅਹਿੰਬਰ ਚੇਤਨਾ ਤੋਂ ਭਿੰਨ ਰੂਪ ਵਿਚਰਦੀ ਹੈ।

(ਸ) ਅਗਾਂ ਰਹੀ ਪਾਰਲੌਕਿਕ ਸਥਾਨ

## ਜਹਨਮ/ਦੋਜ਼ਖ

ਕੁਰਾਨ ਵਿੱਚ ਜਹੱਨਮ ਸ਼ਬਦ ਤੀਹ ਵਾਰੀ ਤੋਂ ਉਪਰ ਹੀ ਵਰਤਿਆ ਗਿਆ ਹੈ। ਸਤ ਜਹਨਮ ਗਿਣਾਏ ਗਏ ਹਨ। ਜਿਹੜਾ ਸ਼ੈਤਾਨ ਦਾ ਅਨੁਯਾਈ ਹੈ ਉਸਨੂੰ ਜਹਨਮ ਦੀ ਅੱਗ ਵਿਚ ਸੜਨਾ ਪੈਣਾ ਹੈ।[1]

'ਜ਼ੱਕੂਮ ਦਾ ਦਰਖਤ ਪਾਪੀਆਂ ਦਾ ਖਾਣਾ ਹੋਵੇਗਾ ਅਤੇ ਜਿਵੇਂ ਪਿਘਲਿਆ ਹੋਇਆ ਤਾਂਬਾ ਉਬਲਦਾ ਹੈ ਇਵੇਂ ਹੀ ਪਾਪੀ ਉਬਲੇਗਾ। ਫਰਿਸ਼ਤੇ ਬੌਨਾ ਦੀ ਆਗਿਆ ਨਾਲ ਪਾਪੀ ਨੂੰ ਘਸੀਟ ਕੇ ਨਰਕਾਂ ਵਿੱਚ ਲੈ ਜਾਣਗੇ ਅਤੇ ਉਸ ਉਪਰ ਉਬਲਦਾ ਉਬਲਦਾ ਪਾਣੀ ਪਾਉਣਗੇ'।[2]

ਦੋਜ਼ਖ ਵਿੱਚ ਬੜੀ ਤੇਜ਼ ਅੱਗ ਬਲਦੀ ਹੈ। ਜਿਹੜੀ ਆਮ ਅੱਗ ਨਾਲੋਂ 69 ਗੁਣਾਂ ਵੱਧ ਤੇਜ਼ ਹੈ। ਇਹ ਇਕ ਹਜ਼ਾਰ ਸਾਲ ਤੱਕ ਬਲਦੀ ਹੈ ਤੇ ਲਾਲ ਹੁੰਦੀ ਹੈ। ਉਪਰੰਤ ਇਕ ਹਜ਼ਾਰ ਸਾਲ ਹੋਰ ਬਲਦੀ ਹੈ ਤੇ ਸੁਫੈਦ ਹੋ ਜਾਂਦੀ ਹੈ। ਪਿਛੋਂ ਇਕ ਹਜ਼ਾਰ ਸਾਲ ਤਕ ਹੋਰ ਬਲਕੇ ਉਪਰੰਤ ਕਾਲੀ ਹੋ ਜਾਂਦੀ ਹੈ। ਸੋ ਦੋਜ਼ਖੀ ਅੱਗ ਕਾਲੀ ਤੇ ਗਾੜ੍ਹੀ ਹੈ ਤੇ ਇਸ ਵਿਚ ਰੋਸ਼ਨੀ ਨਹੀਂ।

ਕੁਰਾਨ ਸ਼ਰੀਫ ਅਨੁਸਾਰ ਸਭ ਨੂੰ ਦੋਜ਼ਖ ਵਿਚੋਂ ਲੰਘਣਾ ਪੈਣਾ ਹੈ, ਪਰ ਜਿਹੜੇ ਪਾਪੀ ਨਹੀਂ ਉਨ੍ਹਾਂ ਨੂੰ ਇਹ ਅੱਗ ਠੰਢੀ ਤੇ ਖੁਸ਼ਗਵਾਰ ਲੱਗੇਗੀ। ਪੁਲ ਸਿਰਾਤ ਤੋਂ ਤਾਂ ਉਹ ਅਚੇਤ ਹੀ ਲੰਘ ਜਾਣਗੇ "ਅਤੇ ਤੁਹਾਡੇ ਵਿਚੋਂ ਕੋਈ ਨਹੀਂ ਜਿਹੜਾ ਦੋਜ਼ਖ ਵਿਚੋਂ ਹੋ ਕੇ ਨਾ ਗੁਜ਼ਰੇ, ਇਹ ਦਾਅਵਾ ਪਰਵਰਦਗਾਰ ਉਤੇ ਲਾਜ਼ਮ ਹੋ ਚੁੱਕਾ ਹੈ। ਫਿਰ ਅਸੀਂ ਪ੍ਰਹੇਜ਼ਗਾਰ ਨੂੰ ਬਚਾ ਲਵਾਂਗੇ ਤੇ ਬੇਹੁਕਮੀਆਂ ਨੂੰ ਉਸ ਵਿਚ ਪਿਆ ਰਹਿਣ ਦਿਆਂਗੇ।"[3]

ਗੁਰੂ ਨਾਨਕ ਬਾਣੀ ਵਿਚ ਇਸ ਮਿੱਥ ਸੰਕੇਤ ਨੂੰ ਪਾਰਲੌਕਿਕ ਜਗਤ ਦੇ ਇਕ ਭਿਆਨਕ ਸਥਾਨ ਵਜੋਂ ਮੰਨਣ ਦੀ ਥਾਂ ਮੌਤ ਦੀ ਘਟਨਤਾ ਪ੍ਰਤੀਰੂਪ ਵਜੋਂ ਪੇਸ਼ ਕੀਤਾ ਗਿਆ ਹੈ। ਦੋਜ਼ਖ ਦੇ ਮਿੱਥ ਸੰਕਲਪ ਨੂੰ ਮਨੁੱਖੀ ਚੇਤਨਤਾ ਨੂੰ ਸੁਚੇਤ ਕਰਨ ਲਈ ਪ੍ਰਤੀਕ ਵਜੋਂ ਪਛਾਣਿਆ ਹੈ।[4] ਇਮਾਨ ਰਹਿਤ, ਅਮਲੋਂ ਸੱਖਣਾ ਅਤੇ ਝੂਠਾ ਜੀਵਨ ਆਪਣੇ ਆਪ ਦੋਜ਼ਖ ਸਮਾਨ ਹੈ ਅਤੇ ਸੱਚਾ ਜੀਵਨ ਬਹਿਸ਼ਤ ਹੈ।

---

1. Dict. of Islam, P.72
2. ਕੁਰਾਨ 'ਸੂਰੇ ਦੁਖਾਨ', ਪਾਰਾ 25 ਰੁਕੂ 3 ਆਇਤ ਨੰਬਰ 43-47
3. Dict. of Islam, P.72
4. (i) ਬਧੇ ਨੋ ਪਾਇਦਿਨ ਗੁਨਹਗਾਰ ਮੁਹਿ ਕਾਲੈ ਦੋਜਕਿ ਚਾਲਿਆ। ਆਸਾ ਮਹਲਾ (ਵਾਰ) ਪੰਨਾ 463
   (ii) ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ। ਆਸਾ ਮਹਲਾ (ਵਾਰ), ਪੰਨਾ 471

ਗੁਰੂ ਨਾਨਕ ਨੇ ਦੋਜ਼ਖ ਬਾਰੇ ਸੰਕੇਤ ਜ਼ਰੂਰ ਕੀਤੇ ਹਨ ਪਰ ਦੋਜ਼ਖੀ ਚਿਤ੍ਰ ਦਾ ਭਰਪੂਰ ਰੂਪ ਸਿਰਜਨ ਤੋਂ ਸੰਕੋਚ ਕੀਤਾ ਹੈ। ਦੋਜ਼ਖੀ ਕੈਦਾਰ, ਜਾਂ ਦੋਜ਼ਖੀ ਸਜ਼ਾਵਾਂ ਦੀ ਵਿਆਖਿਆ ਤੇ ਜ਼ਿਕਰ ਵੀ ਨਹੀਂ। ਬਹਿਸ਼ਤ ਅਤੇ ਦੋਜ਼ਖ ਦੇ ਮਿਥ ਸੰਕੇਤ ਪ੍ਰਤੀਕਿਕ ਹਨ। ਇਹ ਪ੍ਰਭੂ ਦੇ ਨਾਂ ਦੀ ਮਹਿਮਾ ਉਸ ਦੇ ਹੁਕਮ ਦੀ ਵਡਿਆਈ, ਇਮਾਨ ਵਾਲਾ ਸੱਚਾ ਅਤੇ ਅਮਲੀ ਜੀਵਨ ਵਰਗੇ ਸਦਾਚਾਰਕ ਗੁਣਾਂ ਦੀ ਮਹਿਮਾ ਦੇ ਪ੍ਰਸੰਗ ਵਿੱਚ ਆਏ ਹਨ। ਜੋ ਇਨ੍ਹਾਂ ਮਿਥ ਸੰਕੇਤਾਂ ਦੀ ਸਾਰਥਿਕਤਾ ਜਾਂ ਨਿਰਾਰਥਕਤਾ ਨੂੰ ਪ੍ਰਸੰਗ ਤੋਂ ਤੋੜ ਕਰਕੇ ਵਿਚਾਰਿਆ ਹੀ ਨਹੀਂ ਜਾ ਸਕਦਾ। ਦੋਜ਼ਖ ਦੀ ਭਾਵਨਾ ਦੇ ਪਿਛੋਕੜ ਵਿੱਚ ਮਨੁੱਖੀ ਪਵਿੱਤਰਤਾ ਉਤੇ ਜ਼ੋਰ ਦੇਣ ਦੀ ਭਾਵਨਾ ਹੀ ਕੰਮ ਕਰਦੀ ਨਜ਼ਰ ਆਉਂਦੀ ਹੈ।

<u>ਪੁਲ- ਏ- ਸਿਰਾਤ</u>

ਸਿਰਾਤ ਪੁਲ ਦਾ ਖਿਆਲ ਮੁਸਲਮਾਨਾਂ ਨੇ ਪਾਰਸੀਆਂ ਤੋਂ ਲਿਆ ਹੈ ਜਿਨ੍ਹਾਂ ਨੇ 'ਚਿਨਵਤ ਪੇਰੇਤੂ' ਨਾਮਕ ਪੁਲ ਪਰਲੋਕ ਵਿੱਚ ਮੰਨਿਆ ਹੈ।[1] ਯਹੂਦੀ ਭੀ ਨਰਕ ਦਾ ਪੁਲ ਮੰਨਦੇ ਹਨ ਜਿਹੜਾ ਧਾਗੇ ਨਾਲੋਂ ਬਰੀਕ ਹੈ ਤੇ ਜਿਸ ਉਤੋਂ ਕਾਫ਼ਰਾਂ ਨੂੰ ਲੰਘਣਾ ਪੈਂਦਾ ਹੈ।[2] ਮੁਸਲਮਾਨਾਂ ਅਨੁਸਾਰ ਸਿਰਾਤ ਪੁਲ ਦੋਜ਼ਖ ਧਰਤੀ ਉਤੇ ਅਜਿਹਾ ਪੁਲ ਹੈ ਜਿਹੜਾ ਵਾਲ ਨਾਲੋਂ ਬਾਰੀਕ, ਤਲਵਾਰ ਦੀ ਧਾਰ ਨਾਲੋਂ ਤਿਖਾ ਹੈ ਅਤੇ ਦੋਨਾਂ ਪਾਸੇ ਤਿੱਖੇ ਕੰਡੇ ਹਨ। ਨੇਕ ਕਰਮ ਕਰਨ ਵਾਲੇ ਇਲਾਹੀ ਰੋਸ਼ਨੀ ਵਾਲੀ ਤੇਜ਼ ਰਫ਼ਤਾਰ ਨਾਲ ਇਸ ਪੁਲ ਉਤੋਂ ਅਡੋਲਤਾ ਹੀ ਲੰਘ ਜਾਂਦੇ ਹਨ, ਪਰ ਝੂਠਿਆਂ ਦਾ ਪੈਰ ਤਿਲਕ ਜਾਂਦਾ ਹੈ ਤੇ ਉਹ ਦੋਜ਼ਖੀ ਅੱਗ ਵਿੱਚ ਡਿੱਗ ਪੈਂਦੇ ਹਨ।[3] ਕੁਰਾਨ ਮਜੀਦ ਵਿਚ 38 ਵਾਰੀ ਸਿਰਾਤ ਸ਼ਬਦ ਆਇਆ ਹੈ ਪਰ ਉਥੇ 'ਸਿਰਾਤੁਲ ਮੁਸਤਕੀਮ' ਅਰਥਾਤ ਧਰਮ ਦੇ 'ਸਚਿਆਰ ਪੰਥ' ਲਈ ਵਰਤਿਆ ਗਿਆ ਹੈ।[4] ਮੁਸਲਿਮ ਹਦੀਸਾਂ ਅਤੇ ਹੋਰ ਰਚਨਾਵਾਂ ਵਿੱਚ ਦੋਜ਼ਖ ਦੇ ਸੀਨੇ ਤੇ ਜੰਨਤ ਵਾਲੇ ਰਾਹ ਲਈ ਪੁਲ ਸਿਰਾਤ ਵਰਤਿਆ ਗਿਆ ਹੈ।[5]

ਆਦਿ ਗ੍ਰੰਥ ਵਿਚ ਦਰਜ ਸ਼ੇਖ ਫਰੀਦ ਦੀ ਬਾਣੀ ਵਿਚ ਪੁਲ ਸਿਰਾਤ (ਪੁਰਸਲਾਤ) ਸ਼ਬਦ ਵਰਤਿਆ ਗਿਆ ਹੈ।[6] ਗੁਰੂ ਨਾਨਕ ਬਾਣੀ ਵਿੱਚ ਪੁਲ ਸਿਰਾਤ ਸ਼ਬਦ ਦੀ ਵਰਤੋਂ ਨਹੀਂ ਹੋਈ, ਪਰ ਭਾਵਰਥੀ ਵਿਚ ਪੁਲ ਸਿਰਾਤ ਨਾਲ ਸਬੰਧ ਸਪਸ਼ਟ ਰੂਪ ਨਾਲ ਜੁੜਿਆ ਮਿਲਦਾ ਹੈ।

---

1. ਮਹਾਨ ਕੋਸ਼, ਪੰਨਾ 150
2. Dict. of Islam, P. 595
3. ਉਹੀ, ਪੰਨਾ 595
4. ਉਹੀ, ਪੰਨਾ 595
5. ਉਹੀ, ਪੰਨਾ 595
6. ਵਾਲ੍ਹਹੁ ਨਿਕੀ ਪੁਰਸਲਾਤ ਕੰਨੀ ਨਾ ਸੁਣੀਆਇ। ਆਦਿ ਗ੍ਰੰਥ ਪੰਨਾ 1377

ਇਥੇ ਸਿਰਾਤ ਪੁਲ ਦਾ ਮਿਥ ਸੰਕੇਤ 'ਰਾਹਿ ਭੀੜੈ ਅਗੈ ਜਾਵਣਾ'[1] ਪੰਕਤੀ ਵਿਚ ਆਇਆ ਹੈ। ਧਰਮ ਮਾਰਗ ਭਿਆਨਕ ਤੇ ਕਠਨ ਮਾਰਗ ਹੈ। ਸੰਤ ਆਪਣੇ ਆਪ ਵਿਚ ਮਨਮੁੱਖਾਂ ਜਾਂ ਧਰਮ ਤੋਂ ਬੇਮੁੱਖ ਆਦਮੀਆਂ ਲਈ ਭਿਆਨਕ ਚੀਜ਼ ਹੈ। ਸੰਤ ਉਪਰੰਤ ਵੀ ਅਜਿਹੇ ਧਰਮ ਬੇਮੁੱਖਤਾ ਵਾਲੇ ਵਿਅਕਤੀ ਭਉ ਮੁਕਤ ਨਹੀਂ ਹੋ ਸਕਦੇ। ਜਿਸ ਰਾਹ ਨੂੰ ਭੀੜਾ ਆਖਿਆ ਗਿਆ ਹੈ ਉਸ ਤੋਂ ਭੀੜ ਹੋਣੇ ਹੀ ਉਨ੍ਹਾਂ ਨੂੰ ਗੁਜ਼ਰਨਾ ਪਵੇਗਾ। ਨਿਰਵਾਸਤ, ਮਨੁੱਖ ਦੋਜ਼ਖੀ ਮੁਸ਼ਕਲਾਂ ਵਿਚੋਂ ਭਉ ਮੁਕਤ ਹੋਕੇ ਨਹੀਂ ਲੰਘ ਸਕਦਾ।[2] ਮਨੁੱਖ ਦਾ ਜਨਮ ਆਦਰਸ਼ ਤੋਂ ਸੱਖਣਾ ਨਹੀਂ। ਸ਼ੁੱਧ ਅਮਲ ਤੇ ਸੱਚੇ ਕਰਮ, ਇਸ ਜੀਵਨ ਦਾ ਜ਼ਰੂਰੀ ਅੰਗ ਹਨ। ਜਿਨ੍ਹਾਂ ਤੋਂ ਅਵੇਸਲੇ ਹੋਣਾ ਜੀਵਨ ਆਦਰਸ਼ ਤੋਂ ਭਟਕਣਾ ਹੈ। ਸੰਤ ਉਪਰੰਤ, ਜੀਵਨ ਆਦਰਸ਼ ਤੋਂ ਭਟਕੇ ਮਨੁੱਖ ਲਈ ਸਜ਼ਾਵਾਂ ਦਾ ਭਾਗੀ ਬਣਨਾ ਲਾਜ਼ਮੀ ਸ਼ਰਤ ਹੈ। ਪੁਲ ਸਿਰਾਤ ਤੋਂ ਪਾਰ ਜਾਣ ਦਾ ਕਠਨ ਕੰਮ ਵੀ ਸਜ਼ਾ ਦਾ ਇਕ ਹਿੱਸਾ ਹੈ। ਇਸ ਤਰ੍ਹਾਂ ਹੀ ਇਕ ਪੁਰੀ ਮਨੌਤ ਲੋਕ ਚੇਤਨਾ ਦਾ ਅੰਗ ਬਣ ਗਈ ਅਤੇ ਮਨੁੱਖ ਹੌਲੇ ਇਕ ਖਾਸ ਤਰ੍ਹਾਂ ਦੇ ਸਮਾਜਕ ਢੰਗ ਅਦਾ ਕਰਾਉਣ ਲਈ ਇਸ ਖ਼ਿਆਲੇ ਇਕ ਮਿਥਕ ਸੰਸਾਰ ਦੀ ਸਿਰਜਣਾ ਕੀਤੀ ਗਈ।

ਗੁਰੂ ਨਾਨਕ ਕਾਵਿ ਵਿਚ ਸੰਤ ਉਪਰੰਤ ਅਦ੍ਰਿਸ਼ ਸੰਸਾਰ ਦੇ ਇਸ ਰੂਪ ਦਾ ਸੰਕੇਤ ਮਨੁੱਖ ਦੀ ਧਾਰਮਿਕ ਅਤੇ ਸਦਾਚਾਰਕ ਜ਼ਿੰਦਗੀ ਦੀ ਸ੍ਰੇਸ਼ਟਤਾ ਨੂੰ ਵਿਕਾਸ ਦੇਣ ਲਈ ਆਇਆ ਹੈ।

ਗੁਰੂ ਨਾਨਕ ਬਾਣੀ ਵਿਚ ਇਸ ਮਨੌਤ ਦੇ ਪੰਕਤ ਮੰਤਵ ਵਿੱਚ ਪੇਸ਼ ਕੀਤਾ ਇਸ ਦਾ ਮਨੁੱਖ ਦੇ ਸਦਾਚਾਰ ਤੇ ਧਰਮ ਸੰਸਾਰ ਨਾਲ ਸੰਬੰਧਤ ਜੋੜਣ ਦੀ ਸਿਰਜਣਾ ਹੈ। ਪਿਛੇ 'ਨਰਕ' ਪ੍ਰਤੀ ਵਿਚਾਰ ਕਰਦਿਆਂ ਵੀ ਇਹ ਗੱਲ ਸਪਸ਼ਟ ਕੀਤੀ ਗਈ ਹੈ ਕਿ ਗੁਰੂ ਨਾਨਕ ਕਾਵਿ ਵਿਚ ਅਜਿਹੇ ਮਿਥ ਸੰਕਲਪ ਤੇ ਮਨੌਤਾਂ ਨੂੰ ਪ੍ਰਵਾਨ ਨਹੀਂ ਕੀਤਾ ਗਿਆ।

ਬਹਿਸ਼ਤ:

ਬਹਿਸ਼ਤ ਫ਼ਾਰਸੀ ਭਾਸ਼ਾ ਦਾ ਪਦ ਹੈ। ਹਦੀਸਾਂ ਵਿੱਚ ਇਸ ਦੀ ਵਰਤੋਂ ਹੋਈ ਹੈ। ਕੁਰਾਨ ਮਜੀਦ ਵਿਚ 'ਜੰਨਤ' ਵਰਤਿਆ ਗਿਆ ਹੈ। ਹਰ ਮੋਮਨ ਲਈ ਬਹਿਸ਼ਤ ਰਾਖਵਾਂ ਹੈ। ਉਸ ਬਹਿਸ਼ਤ ਵਿਚੋਂ ਅੱਜ ਤੱਕ ਕੋਈ ਬਾਹਰ ਨਹੀਂ ਕੱਢਿਆ ਗਿਆ। ਬਹਿਸ਼ਤਾਂ ਦੀ ਸੂਚੀ ਵਿਚ ਨਾਲੀ ਸਾਰੇ ਬਹਿਸ਼ਤ ਗਿਣਾਏ ਜਾਂਦੇ ਹਨ।[3] ਬਹਿਸ਼ਤ ਦਾ ਸਭ ਨਾਲੋਂ ਉਚਾ ਭਾਗ ਜਿਉਂ ਹੈ ਜਿਵੇਂ ਰੇਤ ਥਲ

---

1. [illegible], ਪੰਨਾ 47।

2. ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ।
ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ। ਕਰਿ ਅਉਗਣ ਪਛੋਤਾਵਣਾ।
ਆਸਾ ਰਾਗ (ਵਾਰ), ਪੰਨਾ 471

3. ਜਨਤੁਲ ਖੁਲਦ ਦਾਰਸਲਾਮ, ਦਾਰੁਲਕਰਾਰ, ਜਨਤੁਲ ਅਦਨ, ਜਨਤੁਲ ਮਵਾ, ਇਲਯੂਨ, ਜਨਤੁਲਫਿਰਦੌਸ(

ਵਿਚ ਪਈ ਸੋਨੇ ਦੀ ਮੁੰਦਰੀ। ਕੁਰਾਨ ਅਨੁਸਾਰ ਜੰਨਤ ਦੇ ਦਸ ਦਰਵਾਜ਼ੇ ਹਨ। ਮਿਹਰ ਵਾਲਾ ਦਰ ਕਦੀ ਬੰਦ ਨਹੀਂ ਹੁੰਦਾ। ਉਥੇ ਹੂਰਾਂ ਫ਼ਰਿਸ਼ਤੇ ਪ੍ਰਹੇਜ਼ਗਾਰ ਨੂੰ ਜੀ ਆਇਆਂ ਆਖਦੇ ਹਨ। ਪਰ ਇਹ ਬਹਿਸ਼ਤ ਉਨ੍ਹਾਂ ਲੋਕਾਂ ਲਈ ਹੈ ਜਿਹੜੇ ਬਹਿਸ਼ਤ ਲਈ ਨੀਅਤ ਰੱਖਦੇ ਹਨ; ਨਾ ਵੱਡਾ ਬਣਨ ਦਾ ਵਿਚਾਰ ਰੱਖਦੇ ਹਨ ਨ ਕਲਾ ਕਲੇਸ਼ ਵਿੱਚ ਪੈਂਦੇ ਹਨ।

'ਬਹਿਸ਼ਤ ਵਿਚ ਮਿੱਠੇ ਪਾਣੀ ਦੀਆਂ ਨਹਿਰਾਂ ਹਨ ਜਿਨ੍ਹਾਂ ਵਿਚ ਬਦਬੂ ਨਹੀਂ ਹੁੰਦੀ; ਦੁੱਧ ਦੀਆਂ ਨਹਿਰਾਂ ਹਨ ਜਿਨ੍ਹਾਂ ਦਾ ਸੁਆਦ ਨਹੀਂ ਬਦਲਿਆ; ਅਤੇ ਸ਼ਰਾਬ ਦੀਆਂ ਨਹਿਰਾਂ ਹਨ ਜਿਹੜੀਆਂ ਪੀਣ ਵਾਲਿਆਂ ਨੂੰ ਬੜਾ ਅਨੰਦ ਦੇਂਦੀਆਂ ਹਨ ਅਤੇ ਸਾਫ਼ ਸ਼ਹਿਦ ਦੀਆਂ ਨਹਿਰਾਂ ਹਨ; ਅਤੇ ਹਰ ਤਰ੍ਹਾਂ ਦੇ ਮੇਵੇ ਹੋਣਗੇ ਤੇ ਪਰਵਰਦਗਾਰ ਵਲੋਂ ਖਿਮਾ ਹੋਵੇਗੀ। ਪ੍ਰਹੇਜ਼ਗਾਰ ਅਮਨ ਦੀ ਥਾਂ ਟਿਕੇ ਹੋਣਗੇ, ਬਹਿਸ਼ਤ ਬਾਗ਼ ਅਤੇ ਤਾਲਾਬਾਂ ਵਾਲੇ ਚਸ਼ਮਿਆਂ ਵਿਚ ਆਰਾਮ ਕਰਨਗੇ ਤੇ ਪਾਣੀ ਪੀਣਗੇ। ਮਹੀਨ ਮਜ਼ਬੂਤ ਰੇਸ਼ਮ ਦੀਆਂ ਪੁਸ਼ਾਕਾਂ ਪਹਿਨ ਕੇ ਬੈਠਣਗੇ। ਵੱਡੀਆਂ ਵੱਡੀਆਂ ਅੱਖਾਂ ਵਾਲੀਆਂ ਹੂਰਾਂ ਨਾਲ ਉਨ੍ਹਾਂ ਦਾ ਅਸੀਂ ਵਿਆਹ ਕਰਾਂਦਿਆਂਗੇ। ਪਹਿਲੀ ਮੌਤ ਤੋਂ ਸਿਵਾਏ ਉਨ੍ਹਾਂ ਨੂੰ ਮੁੜ ਮੌਤ ਚੱਖਣੀ ਨਹੀਂ ਪਏਗੀ।'[1]

ਬਹਿਸ਼ਤ ਦੇ ਇਸ ਐਸ਼-ਇਸ਼ਰਤ ਵਾਲੇ ਰੰਗੀਨ ਚਿਤ੍ਰ ਵਿੱਚ ਵਸਤੂ ਤੇ ਵੈਭਵ ਦੀ ਬਹੁਲਤਾ ਨੂੰ ਪ੍ਰਤੀਕਾਤਮਕ ਅਰਥ ਵੀ ਦਿੱਤੇ ਜਾਂਦੇ ਹਨ। 'ਪਰ ਬਹੁਤੇ ਮੁਸਲਿਮ ਵਿਦਵਾਨ, ਜਿਨ੍ਹਾਂ ਵਿਚ ਸ਼ੀਆ, ਸੁੰਨੀ ਅਤੇ ਵਹਾਬੀ ਵੀ ਸ਼ਾਮਲ ਹਨ, ਇਸਦੇ ਵਸਤੂ ਸੱਚ ਨੂੰ ਹੀ ਸੱਚ ਮੰਨਦੇ ਹਨ[2]।

ਬਹਿਸ਼ਤ ਅਰਥਾਤ ਸੁਵਰਗ ਦਾ ਸਿਧਾਂਤ ਸੰਕਲਪ ਹਰ ਧਰਮ ਵਿੱਚ ਉਪਲਬਧ ਹੈ। ਜੀਵਨ ਕੜੀ ਦੀ ਲੜੀ ਨੂੰ ਅਟੁੱਟ ਰੂਪ ਵਿਚ ਕਾਇਮ ਰੱਖਣ ਲਈ ਮਾਨਵ ਜਿਗਿਆਸਾ ਨੇ ਆਵਾਗਵਨ, ਰੋਜ਼-ਏ-ਕਿਆਮਤ, ਬਹਿਸ਼ਤ, ਪੈਰਾਡਾਈਜ਼ ਆਦਿ ਦੇ ਸੰਕਲਪਾਂ ਨੂੰ ਜਨਮ ਦਿੱਤਾ ਹੈ। ਬਹਿਸ਼ਤ ਵੀ ਮ੍ਰਿਤੂ ਉਪਰੰਤ ਜੀਵਨ ਦੇ ਕਾਇਮ ਹੋਣ ਦੇ ਵਿਸ਼ਵਾਸ ਨੂੰ ਦ੍ਰਿੜ ਕਰਾਉਣ ਵਾਲਾ ਇਕ ਸੰਕਲਪ ਹੈ। ਕੁਰਾਨ ਅਨੁਸਾਰ ਮ੍ਰਿਤੂ ਜੀਵਨ ਕੜੀ ਦਾ ਅੰਤ ਨਹੀਂ ਸਗੋਂ ਜੀਵਨ ਦੀ ਹੋਰ ਵਿਸ਼ਾਲਤਾ ਤੇ ਅਪਾਰਤਾ ਦਾ ਦਰ ਹੈ।[3]

---

1. ਕੁਰਾਨ ਸ਼ਰੀਫ਼, ਸੂਰੇ ਮੁਹੰਮਦ, ਪਾਰਾ 26, ਰਕੂਹ 2, ਆਇਤ ਨੰਬਰ 12-15

2. (i) Dict. of Islam, P.480
   (ii) An Nasafi says, 'The resurrection is a reality, the balance is a reality, The book is reality, The Bridge is a reality. Paradise is a reality and Hell is reality -- for both of them are created and Presently existing, will endure and not pass away and their inhabitants will not pass away."
   Arthur Jeffery 'A reader on Islam, P.349.

3. Maulana Muhammad Ali, 'The Religion of Islam, P.264.

ਜੰਨਤ ਜਾਂ ਬਹਿਸ਼ਤ ਸੰਬੰਧੀ ਸੰਕਲਪ ਦੇ ਪਿਛੇ, ਹਜ਼ਰਤ ਮੁਹੰਮਦ ਦੀ ਸਮਕਾਲੀਨ ਜੀਵਨ ਵਿਵਸਥਾ ਅਤੇ ਪ੍ਰਕ੍ਰਿਤਕ ਧਰਤੀ ਪਰਮਾਂ ਦਾ ਸੰਗ ਵੀ ਹੈ। ਬਹਿਸ਼ਤ ਵਿੱਚ ਮਿਲਣ ਵਾਲੀਆਂ ਖਜੂਰਾਂ, ਹੂਰਾਂ ਤੇ ਸ਼ਰਾਬ ਅਰਬ ਧਰਤੀ ਤੇ ਅਪ੍ਰਾਪਤ ਲੋਕਾਂ ਦੀਆਂ ਜਾਣੀਆਂ ਪਹਿਚਾਣੀਆਂ ਵਸਤੂਆਂ ਸਨ। ਸਧਾਰਨ ਮਨੁੱਖ ਅੰਦਰ ਇੰਦ੍ਰਿਆਤਮਕ ਤ੍ਰਿਪਤੀ ਦੀ ਲਾਲਸਾ ਜਾਣੀ ਪਹਿਚਾਣੀ ਲਾਲਸਾ ਹੈ। ਇਸ ਲਾਲਸਾ ਨੂੰ ਜੀਵਨ ਨੂੰ ਚੰਗੇਰਾ ਭਰਪੂਰ ਲਈ ਵਰਤ ਲਿਆ ਜਾਵੇ ਤਾਂ ਕੀ ਹਰਜ ਹੈ। ਬਹਿਸ਼ਤ ਦੇ ਭੌਤਿਕ ਪਸਾਰੇ ਵਿੱਚ ਉਨ੍ਹਾਂ ਹੀ ਵਸਤੂਆਂ ਦਾ ਜ਼ਿਕਰ ਹੈ ਜਿਹੜੀਆਂ ਅਰਬ ਲੋਕਾਂ ਲਈ ਖਿੱਚ ਦਾ ਕਾਰਣ ਸਨ। ਹਜ਼ਰਤ ਮੁਹੰਮਦ ਨੇ ਆਪਣੇ ਪੈਰੋਕਾਰਾਂ ਨੂੰ ਇਸ ਵਸਤੂ ਬਹੁਲਤਾ ਦੀ ਪ੍ਰਾਪਤੀ ਦੇ ਪਸਾਰੇ ਰਾਹੀਂ ਅੱਲਾ ਉਤੇ ਵਿਸ਼ਵਾਸ਼ ਜਮਾਉਣ ਦਾ ਕਾਰਜ ਸਾਧਿਆ। ਅਧਿਆਤਮਕ ਰਾਹ ਤੇ ਤੁਰ ਪੈਣ ਵਾਲਾ ਪ੍ਰਾਣੀ ਹੌਲੀ ਹੌਲੀ ਇਸ ਸਾਰੇ ਰਹਸ ਨੂੰ ਸਮਝਣ ਲੱਗ ਪੈਂਦਾ ਹੈ, ਉਪਰੰਤ ਉਸਦੇ ਮਾਨਸਿਕ ਧਰਾਤਲ ਤੋਂ ਇਹ ਵਸਤੂਆਂ ਤਿਲਕਦੀਆਂ ਹਨ ਤੇ ਸ਼ੁੱਧ ਭਾਵਨਾਵਾਂ ਵਿਕਾਸ ਹੁੰਦਾ ਹੈ। ਉਸ ਪਾਰਲੌਕਿਕ ਜੀਵਨ ਦੀ ਉਚ ਅਵਸਥਾ ਦਾ ਆਧਾਰ ਇਸ ਜੀਵਨ ਨੂੰ ਮੰਨਦਾ ਹੋਇਆ, ਜਿਗਿਆਸੂ ਆਤਮਿਕ ਉਜਾਸਵਤਾ ਵਲ ਵਧਦਾ ਹੈ।

ਗੁਰੂ ਨਾਨਕ ਕਾਵਿ ਵਿੱਚ ਬਹਿਸ਼ਤ(ਭਿਸਤ) ਦਾ ਜ਼ਿਕਰ ਮਿਲਦਾ ਹੈ। ਬਹਿਸ਼ਤ ਦੇ ਅੰਤਰਗਤ ਕੁਰਾਨ ਜਾਂ ਹਦੀਸਾਂ ਵਿਚ ਪਦਾਰਥਕ ਰੁਤਬਾ ਜਾਂ ਐਸ਼ੋ-ਇਸ਼ਰਤ ਦੇ ਸਾਮਾਨ ਵਾਲਾ ਜਿਹੜਾ ਰੂਪ ਉਸਾਰਿਆ ਹੈ, ਗੁਰੂ ਨਾਨਕ ਉਸ ਨਾਲ ਸਹਿਮਤ ਨਹੀਂ। ਉਨ੍ਹਾਂ ਅਨੁਸਾਰ ਨੇਕ ਅਮਲ, ਸੱਚਾ ਜੀਵਨ ਅਤੇ ਪ੍ਰਭੂ ਦੀ ਹਜ਼ੂਰੀ ਵਿਚ ਨਿਸਚਾ ਹੀ ਬਹਿਸ਼ਤ ਹੈ।[1] ਬਹਿਸ਼ਤ ਦਾ ਵਿਰੋਧ ਨਹੀਂ ਪਰ ਅਜੇਹੇ ਬਹਿਸ਼ਤ ਦਾ ਸੰਕਲਪ ਜਿਸ ਵਿੱਚ ਮਨੁੱਖ ਲਈ ਹਰ ਤਰ੍ਹਾਂ ਦੇ ਐਸ਼ੋ-ਆਰਾਮ ਹੋਣ, ਨਾਨਕ ਕਾਵਿ ਵਿਚ ਨਹੀਂ ਆਇਆ। ਨੇਕ ਕਰਮਾਂ[2] ਤੋਂ ਸੱਖਣਾ ਅਤੇ ਗਾਲ੍ਹੜੀ ਵਿਅਕਤੀ[3] ਬਹਿਸ਼ਤ ਵਿਚ ਨਹੀਂ ਜਾ ਸਕਦਾ। ਬਹਿਸ਼ਤ ਦਾ ਦਰ ਨੇਕ ਵਿਅਕਤੀਆਂ ਵਾਸਤੇ ਹੀ ਖੁਲ੍ਹਦਾ ਹੈ। ਬਹਿਸ਼ਤ ਆਤਮਿਕ ਉੱਚਤਾ, ਪਵਿੱਤਰਤਾ ਅਤੇ ਸਬਰ ਸੰਤੋਖ ਵਾਲੀ ਅਵਸਥਾ ਦਾ ਨਾਮ ਹੈ।

ਇਸਲਾਮ ਅਨੁਸਾਰ ਬਹਿਸ਼ਤ ਅਤੇ ਦੋਜ਼ਖ ਦੀ ਸਿਰਜਣਾ ਅੱਲਾ ਨੇ ਖੁਦ ਕੀਤੀ ਹੈ।[4] ਅੱਲਾ ਦੀ ਸਿਰਜਣਾ ਅੰਤ ਹੈ। ਪ੍ਰਕਿਰਤੀ ਦੇ ਸਾਰੀ ਚੀਜ਼ਾਂ ਵਾਂਗ ਬਹਿਸ਼ਤ ਅਤੇ ਦੋਜ਼ਖ ਦੀ ਪੁਨਰ-ਸਿਰਜਣ ਪ੍ਰਕ੍ਰਿਆ

---

1. ਅਮਲੁ ਕਰਿ ਧਰਤੀ ਬੀਜੁ ਸਬਦੋ, ਕਰਿ ਸਚ ਕੀ ਆਬ ਨਿਤ ਦੇਹਿ ਪਾਣੀ।
   ਹੋਇ ਕਿਰਸਾਣੁ ਈਮਾਨੁ ਜੰਮਾਇ ਲੈ ਭਿਸਤ ਦੋਜਕੁ ਮੂੜੇ ਏਵ ਜਾਣੀ।
   ਸਿਰੀ ਰਾਗ, ਪੰਨਾ 23-24
2. ਕਰਣੀ ਬਾਝਹੁ ਭਿਸਤਿ ਨ ਪਾਇ, ਰਾਮਕਲੀ ਰਾਗੁ(ਸ਼ਲੋਕ), ਪੰਨਾ 952
3. ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ, ਮਾਝਰਾਗੁ(ਵਾਰ), ਪੰਨਾ 141
4. (i) M. Abdul Haq Ansari (Dr.) 'Islam Faith and Practices, Theology and Ethics.
   (ii) Arthur Jeffery 'A reader on Islam', Page 349

ਵਿਚ ਆਉਂਦੇ ਹਨ। ਬਹਿਸ਼ਤ ਅਤੇ ਦੋਜ਼ਖ ਕਿਉਂਕਿ ਮ੍ਰਿਤੂ ਉਪਰੰਤ ਜੀਵਨ ਦੀ ਸਾਰਥਕਤਾ ਅਤੇ ਨਿਰਾਰਥਕਤਾ ਨੂੰ ਉਘਾੜਦੇ ਹਨ, ਜੋ ਮਨੁੱਖੀ ਸਦਾਚਾਰ ਦੀ ਸ੍ਰੇਸ਼ਟਤਾ ਦੇ ਨੁਕਤੇ ਤੋਂ ਵੀ ਇਨ੍ਹਾਂ ਦੇ ਅਸਤਿਤਵ ਵਿਚ ਵਿਸ਼ਵਾਸ ਗੁਰੂ ਨਾਨਕ ਕਾਵਿ ਵਿਚਾਰ ਧਾਰਾ ਨਾਲ ਟੱਕਰ ਵਿਚ ਨਹੀਂ ਆਉਂਦਾ।

ਬਹਿਸ਼ਤਾਂ ਦੀ ਕਿਸਮ ਦੀ, ਦੁੱਧ ਦੀਆਂ ਨਹਿਰਾਂ, ਚਸ਼ਮੇ ਤੇ ਬਾਗਾਂ, ਸ਼ਰਾਬ ਤੇ ਹੂਰਾਂ ਇਤਿਆਦਿ ਦੇ ਵਿਸਤਾਰ ਵਿੱਚ ਗੁਰੂ ਨਾਨਕ ਦੇਵ ਨਹੀਂ ਗਏ। ਅਜਿਹੀਆਂ ਵਸਤੂਆਂ ਬਹਿਸ਼ਤ ਦਾ ਕੇਵਲ ਬਾਹਰਲਾ ਮਾਤਰ ਪੇਸ਼ ਕਰਦੀਆਂ ਹਨ।

# ਮਿਥਿਹਾਸਕ ਕਥਾਵਾਂ

(ੳ) ਮਿਥਿਆਰਥਕ ਕਥਾਵਾਂ

(ਅ) ਮਹਿਮਾਰਥਕ ਕਥਾਵਾਂ

(ੲ) ਖੰਡਣਾਰਥਕ ਕਥਾਵਾਂ

(ਸ) ਭਾਵਾਂ ਮੰਨਣਾਰਥਕ ਕਥਾਵਾਂ

(ਹ) ਕਥਾਵਾਂ ਦੇ ਸੰਕੇਤ

ਗੁਰੂ ਨਾਨਕ ਬਾਣੀ ਆਦਿ ਗ੍ਰੰਥ ਵਿੱਚ ਦਰਜ ਹੈ। ਆਦਿ ਗ੍ਰੰਥ ਪ੍ਰਬੰਧਾਤਮਕ ਰਚਨਾਵਾਂ ਦਾ ਸੰਗ੍ਰਹਿ ਨਹੀਂ ਹੈ।[1] ਗੁਰੂ ਨਾਨਕ ਬਾਣੀ ਵੀ ਪ੍ਰਬੰਧਾਤਮਕ ਰਚਨਾਵਾਂ ਤੇ ਆਧਾਰਤਿ ਨਹੀਂ। ਇਹ ਮੁਕਤੇ ਰੂਪ ਵਿੱਚ ਵਿਚਾਰਾਤਮਕ ਅਤੇ ਅਨੁਭਵਾਤਮਕ ਸਾਮਗ੍ਰੀ ਦਾ ਵਿਸ਼ਾਲ ਸਾਗਰ ਹੈ। ਇਸ ਵਿੱਚ ਆਪਣੇ ਸਮੇਂ ਦੀ ਦ੍ਰਿਦਰਤਾ, ਆਚਾਰ ਹੀਣਤਾ, ਨਿਪਟ ਅੰਧਕਾਰ, ਰਾਜਨੀਤਕ, ਧਾਰਮਿਕ ਅਤੇ ਸਮਾਜਕ ਅਧੋਗਤੀ ਨੂੰ ਸਾਹਮਣੇ ਰੱਖਕੇ ਮਾਨਵ ਕਲਿਆਣ ਤੇ ਆਚਰਨਕ ਸ੍ਰੇਸ਼ਟਤਾ ਲਈ ਲੋੜੀਂਦੀ ਸਾਮਗ੍ਰੀ ਹੈ।

ਮਿੱਥ ਸੰਸਾਰ ਦੇ ਘੇਰੇ ਵਿਚ ਮਿਥ ਪਾਤਰਾਂ, ਮਿਥ ਕਥਾਵਾਂ, ਮਨੌਤਾਂ, ਪ੍ਰਤੀਕਾਂ, ਅਨੁਸ਼ਠਾਨ ਕ੍ਰਿਆਵਾਂ ਅਤੇ ਮਿਥ ਭਾਵਨਾ ਰਾਹੀ ਭਰਮਜਾਲ ਤੋੜਨ ਵਿੱਚ ਸਹਾਇਤਾ ਲਈ ਹੈ। ਮਿਥ ਕਥਾਵਾਂ ਸਾਹਿਤਕ ਸਮਗਰੀ ਤੇ ਧਰਮ ਕਾਵਿ ਦਾ ਅੰਗ ਬਣਦੀਆਂ ਹਨ। ਜਿਨ੍ਹਾਂ ਦੀ ਵਰਤੋਂ ਆਂਤ੍ਰਿਕ ਅਨੁਭੂਤੀ ਨੂੰ ਪ੍ਰਗਟਾਉਣ ਲਈ, ਆਪਣੇ ਬਿਆਨ ਨੂੰ ਸਰਸ ਬਣਾਉਣ ਲਈ ਤੇ ਕੁਝ ਵਿਚਾਰਾਂ ਦੇ ਮੰਡਨਾਰਥ ਤੇ ਖੰਡਨਾਰਥ ਹੁੰਦੀ ਹੈ, ਪਰ ਇਹ ਜ਼ਰੂਰੀ ਨਹੀਂ ਕਿ ਮਿਥ ਕਥਾਵਾਂ ਦੀ ਵਰਤੋਂ ਵਿੱਚ, ਇਨ੍ਹਾਂ ਕਵੀਆਂ ਦਾ ਮਿਥ ਵਿਹਾਰਾਂ ਤੇ ਮਨੌਤਾਂ ਵਿੱਚ ਯਕੀਨ ਵੀ ਸ਼ਾਮਿਲ ਹੋਵੇ।

ਨਾਨਕ ਬਾਣੀ ਵਿੱਚ ਮਿਥ ਕਥਾਵਾਂ ਦਾ ਵਿਸਤਾਰ ਨਹੀਂ, ਸਿਰਫ਼ ਪ੍ਰਸੰਗ ਆਏ ਹਨ। ਮਿਥ ਕਥਾਵਾਂ ਨੂੰ ਬਾਣੀ ਦਾ ਅੰਗ ਬਣਾਉਂਦੇ ਸਮੇਂ ਗੁਰੂ ਸਾਹਿਬ ਨੇ ਮਿਥ ਕਥਾਵਾਂ ਦੀ ਵਰਤੋਂ ਵਿੱਚ ਮਿਥ ਕਥਾਵਾਂ ਦੇ ਬੀਜ ਰੂਪ, ਸੰਕੇਤ ਰੂਪ ਅਤੇ ਪਾਤਰਾਂ ਦੇ ਕੇਵਲ ਨਾਂ ਵਰਨਣ ਤੱਕ ਹੀ ਆਪਣੇ ਆਪ ਨੂੰ ਸੀਮਿਤ ਰੱਖਿਆ ਹੈ। ਇਨ੍ਹਾਂ ਮਿਥ ਕਥਾਵਾਂ ਨੂੰ ਬਾਣੀ ਦੀ ਪ੍ਰੇਰਣਾ ਸਰੋਤ ਨਹੀਂ ਬਣਾਇਆ। ਮਿਥ ਕਥਾਵਾਂ ਦੇ ਵਰਨਣ ਦਾ ਲੋਭ ਨਹੀਂ। ਵਿਸਤਾਰ ਤਾਂ ਉਕਾ ਹੀ ਅਲੋਪ ਹੈ। ਮਿਥ ਮਨੌਤਾਂ ਦਾ ਖੰਡਨ ਵੀ ਆਮ ਹੋਇਆ ਹੈ। ਇਹ ਸਾਰੀ ਸਮਗਰੀ ਪ੍ਰਸੰਗਿਕ ਵਰਤੋਂ ਦੀ ਸੂਚਕ ਹੈ। ਪ੍ਰਸੰਗ ਤੋਂ ਬਾਹਰ ਇਸ ਸਮਗਰੀ ਦੀ ਕੋਈ ਕੀਮਤ ਨਹੀਂ।

ਜਿਥੇ ਮਿਥ ਅਨੁਸ਼ਠਾਨਾਂ ਦੀ ਸਮਗਰੀ ਦਾ ਵਰਨਣ ਹੋਇਆ ਹੈ, ਉਥੇ ਉਨ੍ਹਾਂ ਨਾਲ ਜੁੜੀਆਂ ਮਿਥ ਕਥਾਵਾਂ ਦਾ ਪਸਾਰਾ ਤਿਆਗ ਦਿਤਾ ਹੈ। ਕੇਵਲ ਅਨੁਸ਼ਠਾਨ ਕਰਮ ਨੂੰ ਹੀ ਆਪਣੇ ਵਿਚਾਰ ਦਾ ਵਿਸ਼ਾ ਬਣਾਇਆ ਹੈ। ਬੜੀ ਸਪਸ਼ਟ ਗੱਲ ਹੈ, ਜੇ ਅਨੁਸ਼ਠਾਨ ਦੀ ਨਿਰਾਰਥਕਤਾ ਦੇ ਸਾਰਿਆਂ ਪਹਿਲੂਆਂ ਨੂੰ ਨਿਰਵਾਸਤੂ ਸੋਚ ਦੇ ਰੂਪ ਵਿੱਚ ਪ੍ਰਗਟ ਕਰ ਦਿੱਤਾ ਜਾਵੇ ਤਾਂ ਮਿਥ ਕਥਾਵਾਂ ਦੀ ਸਾਰਥਕਤਾ ਉਂਜ ਹੀ ਮੁਕ ਜਾਂਦੀ ਹੈ। ਸੋ ਇਸ ਪ੍ਰਕਾਰ ਜਿਥੇ ਸਿਧੇ ਰੂਪ ਵਿੱਚ ਮਿਥ ਕਥਾਵਾਂ ਦੇ ਪ੍ਰਸੰਗ ਦੇ ਕੇ ਉਨ੍ਹਾਂ ਨੇ ਮਿਥ ਮਤ ਦੇ ਸਿਰਜੇ ਅਡੰਬਰ ਦਾ ਖੰਡਣ ਕੀਤਾ ਹੈ ਉਥੇ ਅਸਿਧੇ ਰੂਪ ਵਿੱਚ ਅਨੁਸ਼ਠਾਨਾਂ ਦੀ ਸਮਗਰੀ ਦੀ ਨਿਰਾਰਥਕਤਾ ਪ੍ਰਗਟ ਕਰਕੇ ਵੀ ਇਨ੍ਹਾਂ ਮਿਥ ਕਥਾਵਾਂ ਵਿਚਲੇ ਪਸਾਰੇ ਦੇ ਅਡੰਬਰ ਨੂੰ ਮੁਕਾਇਆ ਹੈ।

---

1. ਰਤਨ ਸਿੰਘ ਜੱਗੀ (ਡਾ.) ਦਸਮ ਗ੍ਰੰਥ ਦਾ ਪੌਰਾਣਿਕ ਅਧਿਐਨ-ਪੰਨਾ 48

ਨਾਨਕ ਬਾਣੀ ਦਾ ਇਕ ਵਿਸ਼ੇਸ਼ ਅੰਗ ਹੈ ਇਨ੍ਹਾਂ ਮਿਥ ਕਥਾਵਾਂ ਦੀ ਪੇਸ਼ਕਾਰੀ। ਮਿਥ ਕਥਾ ? ਨੂੰ ਬਾਣੀ ਦਾ ਅੰਗ ਬਣਾਉਂਦੇ ਸਮੇਂ ਇਕੋ 'ਸ਼ਬਦ' ਵਿੱਚ ਬਹੁਤ ਸਾਰੀਆਂ ਮਿਥ ਕਥਾਵਾਂ ਦੀ ਲੜੀ-ਬੰਧ ਜੜਤ, ਪੇਸ਼ਕਾਰੀ ਦੀ ਸੰਤੁਲਿਤ ਤੇ ਸੁਹਜਾਤਮਕ ਬਿਰਤੀ ਦੀ ਲਖਾਇਕ ਹੈ। ਆਪ ਦੇ ਗਉੜੀ ਰਾਗ(ਅਸ਼ਟਪਦੀਆਂ) ਤੇ[1] ਰਾਮਕਲੀ ਰਾਗ(ਸ਼ਲੋਕਾਂ)[2] ਵਿਚ ਇਸ ਪੇਸ਼ਕਾਰੀ ਦੀ ਕੁਸ਼ਲਤਾ ਦੇਖੀ ਜਾ ਸਕਦੀ ਹੈ। ਗਉੜੀ ਰਾਗ(ਅਸ਼ਟਪਦੀਆਂ) ਵਿੱਚ ਸੌ ਤੋਂ ਉਪਰ ਮਿਥ ਕਥਾਵਾਂ ਬੀਜ ਰੂਪ ਵਿਚ ਆਈਆਂ ਹਨ। ਇਨ੍ਹਾਂ ਮਿਥ ਕਥਾਵਾਂ ਤੋਂ ਇਲਾਵਾ, ਕਈ ਮਿਥਿਹਾਸਕ ਹੋਰਾਂ ਦਾ ਵਰਨਣ ਵੀ ਦਰਜ ਹੈ।

ਇਸੇ ਤਰ੍ਹਾਂ ਰਾਮਕਲੀ ਰਾਗ ਵਿਚ ਹਰ ਇੱਕ ਚਰਣ ਵਿੱਚ ਨਵੀਂ ਮਿਥ ਕਥਾ ਦਾ ਸੰਕੇਤ ਆਇਆ ਹੈ। ਇੰਦਰ, ਪਰਸਰਾਮ, ਅਜੈ, ਰਾਮ, ਰਾਵਣ, ਪਾਂਡਵ, ਜਨਮੇਜਾ, ਗੋਪੀ ਚੰਦ ਅਤੇ ਬਾਲੀ ਆਦਿ ਕਈ ਮਿਥ ਪਾਤਰਾਂ ਦੇ ਜੀਵਨ ਦੀਆਂ ਉਨ੍ਹਾਂ ਘਟਨਾਵਾਂ ਵੱਲ ਸੰਕੇਤ ਹੈ ਜਿਨਾਂ ਕਾਰਣ ਉਨ੍ਹਾਂ ਨੂੰ ਅਨੇਕ ਦੁਖਾਂ ਦਾ ਸਾਹਮਣਾ ਕਰਨਾ ਪਿਆ। ਸੰਕੇਤ ਪਿਛੋਂ ਸੰਕੇਤ ਉਭਰਦਾ ਹੈ— ਨਾਲ ਨਾਲ ਵਿਚਾਰ ਨੂੰ ਬਲ ਮਿਲਦਾ ਹੈ। 'ਦੈਵੇ' ਸ਼ਬਦ ਦੀ ਤਾਨ ਹਰ ਮਿਥ ਸੰਕੇਤ ਵਿੱਚ ਕਾਇਮ ਰਹਿੰਦੀ ਹੈ। ਵਿਸ਼ੇ ਦੇ ਪ੍ਰਸੰਗ ਤੋਂ ਗੱਲ ਬਾਹਰ ਤੁਰ ਹੀ ਨਹੀਂ ਸਕਦੀ। ਗੁਰੂ ਨਾਨਕ ਕਾਵਿ ਵਿਚ ਮਿਥ ਨਿਰੂਪਣ ਦਾ ਚਮਤਕਾਰੀ ਪ੍ਰਗਟਾਵਾ ਏਨ੍ਹੂੰ ਛੱਡ ਹੋਰ ਕਿਥੇ ਵੇਖਿਆ ਜਾ ਸਕਦਾ ਹੈ ? ਚੇਤੰਨ ਕਲਾਕਾਰ ਵਿਸ਼ੇ ਨਿਰੂਪਣ ਤੋਂ ਬਾਹਰ ਕਦੇ ਨਹੀਂ ਜਾਵੇਗਾ, ਪਰ ਵਿਸ਼ੇ ਦੀ ਪ੍ਰਪਕਤਾ ਲਈ ਠੋਸ ਸਮਗਰੀ ਦਾ ਭਰਪੂਰ ਪ੍ਰਯੋਗ ਵੀ ਕਰਦਾ ਚਲਾ ਜਾਂਦਾ ਹੈ। ਜੋ ਮਿਥ ਕਥਾਵਾਂ ਚਾਹੇ ਉਹ ਬੀਜ ਰੂਪ ਵਿੱਚ ਹਨ ਤੇ ਚਾਹੇ ਸੰਕੇਤ ਰੂਪ ਜਾਂ ਸਿਰਫ ਪਾਤਰਾਂ ਦੇ ਨਾਂ ਦਰਜ ਕਰ ਦੇਣ ਤੱਕ ਸੀਮਿਤ ਹਨ, ਇਨ੍ਹਾਂ ਦੀ ਵਰਤੋਂ ਪ੍ਰਸੰਗਿਕ ਹੈ, ਸਭਾਵਕ ਹੈ। ਇਨ੍ਹਾਂ ਵਿੱਚ ਵਰਨਣ ਵਿਸਤਾਰ ਨਹੀਂ— ਵਿਚਾਰ ਦੀ ਪ੍ਰਾਥਮਿਕਤਾ ਮੁੱਖ ਚੀਜ਼ ਹੈ— ਮਿੱਥ ਕਥਾ ਸੰਕੁਚ ਰੂਪ ਵਿੱਚ ਹੀ ਵਿਚਰੀ ਹੈ। ਜੀ ਨੇ ਇਤਿਹਾਸ ਜਾਂ ਪੁਰਾਣ ਨਹੀਂ ਸਿਰਜਿਆ, ਬਾਣੀ ਰਚੀ ਹੈ। ਇਹ ਬਾਣੀ ਸ਼ੁਧ ਤੇ ਪਾਵਣ ਹੈ। ਇਸਨੂੰ ਕਥਾਵਾਂ ਦੇ ਅਸਥਾਈ ਆਸਰੇ ਦੀ ਲੋੜ ਨਹੀਂ ਭਾਸਦੀ।

ਇਕ ਹੋਰ ਤਥ ਵਲ ਸੰਕੇਤ ਕਰ ਦੇਣਾ ਵੀ ਜ਼ਰੂਰੀ ਬਣਦਾ ਹੈ। ਗੁਰੂ ਨਾਨਕ ਦੇਵ ਨੇ ਇਨ੍ਹਾਂ ਮਿਥ ਕਥਾਵਾਂ ਨਾਲ ਆਪਣੀ ਭਾਵੁਕ ਸਾਂਝ ਦਾ ਪ੍ਰਗਟਾਵਾ ਨਹੀਂ ਕੀਤਾ। ਇਨ੍ਹਾਂ ਨਾਲ ਭਾਵੁਕ ਸਾਂਝ ਦਾ ਅਰਥ, ਇਨ੍ਹਾਂ ਕਥਾਵਾਂ ਵਿਚਲੇ ਪਾਤਰਾਂ ਦੀਆਂ ਅਲੌਕਿਕ ਸ਼ਕਤੀਆਂ, ਦੇਵਤਾਪਨ ਜਾਂ ਅਵਤਾਰ ਪਨ ਦੀ ਭਾਵਨਾ ਅਤੇ ਇਨ੍ਹਾਂ ਦੀਆਂ ਅਲੌਕਿਕ ਰੌਲਾਂ, ਆਦਿ ਉਤੇ ਵੀ ਪੂਰਨ ਵਿਸ਼ਵਾਸ ਜਾਂ ਸ਼ਰਧਾ ਦਾ ਪ੍ਰਗਟਾਵਾ ਕਰਨਾ ਸੀ। ਜੋ ਕਿ ਗੁਰੂ ਨਾਨਕ ਬਾਣੀ ਵਿਚੋਂ ਬਿਲਕੁਲ ਅਲੋਪ ਹੈ।

---

1. ਗਉੜੀ ਰਾਗੁ, ਅਸ਼ਟਪਦੀਆਂ, ਪੰਨਾ 224-25
2. ਰਾਮਕਲੀ ਰਾਗੁ, ਸਲੋਕ, ਪੰਨਾ 953-54

(ੲ[illegible]) <u>ਮਿਥਿਹਾਸਕ ਹਵਾਲੇ</u>

<u>ਬੇਦ ਬਿਪਤਾ</u>

ਇਸ ਪ੍ਰਸੰਗ ਦੇ ਅੰਤਰਗਤ ਬ੍ਰਹਮਾ ਦੀ 'ਬੇਦ ਬਿਪਤਾ' ਵਾਲੀ ਮਿਥ ਕਥਾ ਵਰਤੀ ਹੈ। ਮਿਥ ਕਥਾ ਦਾ ਵਿਸਥਾਰ ਨਹੀਂ। ਸੰਕੇਤਕ ਤੁਕਾਂ ਹਨ। ਨਿਸ਼ਕਰਸ਼ ਇਹ ਹੈ ਕਿ ਦੇਵਤਿਆਂ ਨਾਲੋਂ ਵੀ ਅਹੰ ਭਾਵਨਾ ਮਾੜੀ ਹੈ। ਪ੍ਰਭੂ ਤੇ ਗੁਰੂ ਦਾ ਸ਼ਰਨ ਤੋਂ ਬਿਨਾ ਗਰਬ ਦਾ ਨਾਸ਼ ਨਹੀਂ ਹੁੰਦਾ।[1]

<u>ਬਾਵਨ ਰੂਪ ਅਵਤਾਰ</u>

ਦੈਂਤ ਨਰੇਸ਼ ਬਲਿ ਦਾ ਮਾਇਆ ਦਾ ਹੰਕਾਰ, ਮਾਇਆ ਦੇ ਹੰਕਾਰ ਦੇ ਅੰਤਰਗਤ ਕੀਤਾ ਗਿਆ ਜੱਗ ਕਰਮ। ਜੱਗ ਕਰਮ ਦਾ ਹੋਰ ਹੰਕਾਰ ਤੇ ਸਿੱਟੇ ਵਜੋਂ ਪਾਤਾਲ ਦਾ ਨਿਵਾਸ। ਦੁਰਾਚਾਰੀਆਂ ਗੁਰੂ ਦੀ ਸਿੱਖਿਆ ਵਲੋਂ ਬੇਪਰਵਾਹੀ ਦਾ ਅੰਤ ਮਾੜਾ ਨਿਕਲਿਆ।[2]

<u>ਨਰ ਸਿੰਘ ਅਵਤਾਰ</u>

ਹਰਨਾਖਸ਼ ਦੁਰਾਚਾਰੀ ਦੈਂਤ ਹੈ। ਦੁਰਮਤ ਵਾਲਾ ਉਸਦਾ ਜੀਵਨ ਹੈ। ਪ੍ਰਭੂ ਭਗਤਾਂ ਦੇ ਉਧਾਰ ਹਿਤ, ਦੁਰਮਤ ਵਾਲਿਆਂ ਦਾ ਗਰਬ ਤੋੜਦਾ ਹੈ। ਪ੍ਰਹਿਲਾਦ ਦੈਂਤ ਪੁਤਰ ਹੈ ਪਰ ਉਸਦਾ ਜੀਵਨ ਗੁਰ ਸਿਖਿਆ ਅਨੁਸਾਰ ਚਲਿਆ ਹੈ। ਪ੍ਰਭੂ ਭਗਤਾਂ ਦੀ ਰੱਖਿਆ ਕਰਦਾ ਹੈ ਤੇ ਦੁਰਮਤ ਦਾ ਨਾਸ ਕਰਦਾ ਹੈ। ਬਿਰਦ ਪਾਲਣਾ ਪ੍ਰਭੂ ਦੀ ਕਿਰਪਾ ਦ੍ਰਿਸ਼ਟੀ ਦਾ ਅੰਗ ਹੈ।[3]

<u>ਰਾਵਣ</u>

ਰਾਵਣ ਮੂਰਖ ਅਤੇ ਅਵੇਸਲ ਦੈਂਤ ਰਾਜਾ ਸੀ। ਹੰਕਾਰ ਕਾਰਣ, ਸੋਨ ਲੰਕਾ ਤੇ ਸਿਰ ਦੋਵੇਂ ਗੁਆ ਬੈਠਾ। ਸਤਿਗੁਰੂ ਦੇ ਹਿਤ ਤੋਂ ਸੱਖਣਾ ਹੋਣ ਕਾਰਨ ਗਰਬ ਦੀ ਪ੍ਰਧਾਨਤਾ ਨੇ ਉਸਦਾ ਸਰਬਨਾਸ਼ ਕਰ ਦਿੱਤਾ। ਗਰਬ ਦੀ ਭਾਵਨਾ ਸਤਿਗੁਰ ਤੋਂ ਬਿਨਾ ਮੁੱਕ ਨਹੀਂ ਸਕਦੀ। ਇਹੋ ਗਰਬ ਦੀ ਭਾਵਨਾ ਵਿਨਾਸ਼ ਦਾ ਕਾਰਣ ਬਣ ਜਾਂਦੀ ਹੈ।[4]

---

1. ਬ੍ਰਹਮੈ ਗਰਬੁ ਕੀਆ ਨਹੀਂ ਜਾਨਿਆ। ਬੇਦ ਕੀ ਬਿਪਤਿ ਪੜੀ ਪਛੁਤਾਨਿਆ
 ਜਹ ਪ੍ਰਭੁ ਸਿਮਰੇ ਤਹੀ ਮਨੁ ਮਾਨਿਆ ॥ ੧ ॥
 ਐਸਾ ਗਰਬੁ ਬੁਰਾ ਸੰਸਾਰੈ। ਜਿਸੁ ਗੁਰੁ ਮਿਲੈ ਤਿਸੁ ਗਰਬੁ ਨਿਵਾਰੈ। ਗਉੜੀ ਮਹਲ, (ਅਸ਼ਟਪਦੀਆਂ) ਪੰਨਾ 224
2. ਬਲਿ ਰਾਜਾ ਮਾਇਆ ਹੰਕਾਰੀ।ਜਗਨ ਕਰੈ ਬਹੁਭਾਰ ਅਫਾਰੀ।
 ਬਿਨੁ ਗੁਰ ਪੂਛੇ ਜਾਇ ਪਇਆਰੀ। ਉਹੀ ਪੰਨਾ 224
3. (I) ਦੁਰਮਤਿ ਹਰਣਾਖਸੁ ਦੁਰਾਚਾਰੀ।ਪ੍ਰਭੁ ਨਾਰਾਇਣੁ ਗਰਬ ਪ੍ਰਹਾਰੀ।
 ਪ੍ਰਹਲਾਦ ਉਧਾਰੇ ਕਿਰਪਾ ਧਾਰੀ। ਉਹੀ ਪੰਨਾ 224
 (II) ਹਰਣਾਖਸ਼ ਨੈ ਨਖਹੁ ਬਿਦਾਰਾ। ਉਹੀ ਪੰਨਾ 224
4. ਭੂਲੋ ਰਾਵਣੁ ਮੁਗਧੁ ਅਚੇਤਿ। ਲੂਟੀ ਲੰਕਾ ਸੀਸ ਸਮੇਤਿ।
 ਗਰਬਿ ਗਇਆ ਬਿਨੁ ਸਤਿਗੁਰ ਹੇਤਿ। ਉਹੀ ਪੰਨਾ 224

<u>ਗੁਰਮੁਖ ਨਿਸਤਾਰਾ</u>

ਸਹਸ ਬਾਹੂ, ਜਰਾ ਸਿੰਧ, ਕਾਲਜਮੁਨ, ਕਾਲਨੇਮ, ਚਾਂਡੂਰ, ਕੰਸ, ਕੇਸ, ਮਧੁ ਕੀਟ, ਮਹਿਖਾਸਾ ਅਤੇ ਰਕਤ ਬੀਜ ਆਦਿ ਦਾ ਸੰਘਾਰ, ਸੱਚੀ ਭਗਤੀ ਕਰਨ ਵਾਲੇ ਗੁਰਮੁਖਾਂ ਦੇ ਨਿਸਤਾਰੇ ਹਿਤ ਹੋਇਆ। ਦੈਤਾਂ ਦਾ ਸ਼ਕਤੀ ਗਰਬ ਉਨ੍ਹਾਂ ਦੇ ਵਿਨਾਸ਼ ਦਾ ਕਾਰਣ ਬਣ ਜਾਂਦਾ ਹੈ। ਉਹ ਭਗਤੀ ਅਭਿਆਸ ਤੋਂ ਖਾਲੀ, ਦੁਰਮਤੀ ਜੀਵ ਹਨ।[1]

<u>ਰਾਜਾ ਹਰੀ ਚੰਦ</u>

ਹਰੀ ਚੰਦ ਦਾਨ ਰਾਹੀਂ ਜਸੁ ਖਟਦਾ ਹੈ। ਪ੍ਰਭੂ ਦਾ ਭੇਤ ਕੇਵਲ ਦਾਨ ਨਾਲ ਹੀ ਨਹੀਂ ਮਿਲ ਜਾਂਦਾ। ਗੁਰੂ ਤੋਂ ਬਿਨਾਂ ਉਸਦਾ ਅੰਤ ਨਹੀਂ ਪਾਇਆ ਜਾ ਸਕਦਾ। ਪ੍ਰਭੂ ਆਪ ਹੀ ਭੁਲਾਉਂਦਾ ਹੈ। ਆਪ ਹੀ ਸੁਮਤ ਬਖਸ਼ਦਾ ਹੈ। ਗੁਰੂ ਦੀ ਸ਼ਰਨ ਪ੍ਰਭੂ ਦੀ ਰਜ਼ਾ ਤੋਂ ਜਾਣੂੰ ਕਰਾਉਂਦੀ ਹੈ।[2]

<u>ਜਨਮੇਜੇ</u> ਨੇ ਗੁਰੂ ਸ਼ਬਦ ਨੂੰ ਮੰਨਣ ਤੋਂ ਨਾਂ ਕਿਉਂ ਕੀਤਾ। ਭਰਮ ਅਧੀਨ ਇਕ ਭਿਲ ਸਮਾਨ ਗਲਤੀ ਦੇ ਕਾਰਣ, ਬ੍ਰਾਹਮਣਾਂ ਨੂੰ ਮਾਰ ਕੇ ਕੋਹੜੀ ਹੋਇਆ ਤੇ ਸਦਾ ਪਛਤਾਵੇ ਵਿੱਚ ਵਿਚਰਣਾ ਪਿਆ। ਗੁਰੂ ਸਿਖਿਆ ਤੇ ਪ੍ਰਭੂ ਦੀ ਰਜ਼ਾ ਅਟੱਲ ਚੀਜ਼ਾਂ ਹਨ। ਕਿਉਂ ਇਸੇ ਗਿਆਨ ਦਾ ਦਾ ਭਾਗ ਹੈ।

<u>ਦੁਰਜੋਧਨ</u>

ਦੁਰਜੋਧਨ ਹਉਮੈ ਦੀ ਭਾਵਨਾ ਹੇਠ ਪ੍ਰਭੂ ਦੇ ਭਾਣੇ ਨੂੰ ਨਾ ਸਮਝ ਸਕਿਆ ਤੇ ਸਰਵਨਾਸ਼ ਕਰਾ ਬੈਠਾ। ਉਸਦੀ ਪਤ [illegible] ਖਤਮ ਹੋਈ। ਪ੍ਰਭੂ ਦੇ ਭਾਣੇ ਦੀ ਸੋਝੀ ਨ

---

1\. (I) ਸਹਸਬਾਹੁ ਮਧੁਕੀਟ ਮਹਖਾਸਾ। ਹਰਣਾਖਸੁ ਲੇ ਨਖਹੁ ਬਿਧਾਸਾ।
ਦੈਤ ਸੰਘਾਰੇ ਬਿਨੁ ਭਗਤਿ ਅਭਿਆਸਾ। ਗਉੜੀ ਰਾਗੁ (ਅਸ਼ਟਪਦੀਆਂ) ਪੰਨਾ 224

(II) ਜਰਾਸੰਧਿ ਕਾਲਜਮੁਨ ਸੰਘਾਰੇ। ਰਕਤਬੀਜੁ ਕਾਲੁਨੇਮ ਬਿਦਾਰੇ।
ਦੈਤ ਸੰਘਾਰਿ ਸੰਤ ਨਿਸਤਾਰੇ। ਗਉੜੀ ਰਾਗੁ (ਅਸ਼ਟਪਦੀਆਂ) ਪੰਨਾ 224

(III) ਕੈਸੁ ਕੇਸੁ ਚਾਂਡੂਰੁ ਨ ਕੋਈ। ਰਾਮੁ ਨ ਚੀਨਿਆ ਅਪਣੀ ਪਤਿ ਖੋਈ
ਬਿਨੁ ਜਗਦੀਸ ਨਾ ਰਾਖੈ ਕੋਈ। — ਉਹੀ — ਪੰਨਾ, 224

2\. ਹਰੀਚੰਦੁ ਦਾਨੁ ਕਰੈ ਜਸੁ ਲੇਵੈ। ਬਿਨੁ ਗੁਰ ਅੰਤੁ ਨ ਪਾਇ ਅਭੇਵੈ
ਆਪਿ ਭੁਲਾਇ ਆਪੇ ਮਤਿ ਦੇਵੈ। — ਉਹੀ — ਪੰਨਾ, 224

3\. ਜਨਮੇਜੈ ਗੁਰ ਸਬਦੁ ਨ ਜਾਣਿਆ। ਕਿਉ ਸੁਖੁ ਪਾਵੈ ਭਰਮਿ ਭੁਲਾਣਿਆ
ਇਕੁ ਤਿਲੁ ਭੂਲੇ ਬਹੁਰਿ ਪਛੁਤਾਣਿਆ। — ਉਹੀ — ਪੰਨਾ, 224

ਰੋਖਣ ਵਾਲੇ ਦੁਖੀ ਹੁੰਦੇ ਹਨ।[1]

ਉਪਰ ਨਿਰਦਿਸ਼ਟ ਮਿੱਥ ਕਥਾਵਾਂ ਵਿਸਤਾਰ ਵਰਨਣ ਤੋਂ ਮੁਕਤ ਹਨ। ਇਹ ਬੀਜ ਰੂਪ ਵਿੱਚ ਹੀ ਪ੍ਰਯੁਕਤ ਕੀਤੀਆਂ ਗਈਆਂ ਹਨ। ਇਨ੍ਹਾਂ ਨੂੰ ਵਰਤੋਂ ਵਿੱਚ ਲਿਆਉਣ ਦਾ ਮੰਤਵ ਕੇਵਲ ਭਾਵ-ਪ੍ਰਕਾਸ਼ਨ ਹੈ। ਕਥਾਵਾਂ ਵਿਚਲੇ ਪਾਤਰਾਂ ਦੇ ਇਤਿਹਾਸਕ ਜਾਂ ਮਿਥਿਹਾਸਕ ਵਿਅਕਤੀ ਹੋਣ ਦੀ ਚਰਚਾ ਨਹੀਂ। ਇਨ੍ਹਾਂ ਕਥਾਵਾਂ ਦੇ ਝੂਠੇ ਜਾਂ ਸੱਚੇ ਹੋਣ ਬਾਰੇ ਵੀ ਕੋਈ ਗਵਾਹੀ ਨਹੀਂ ਭਰੀ। ਮਿਥ ਕਥਾਵਾਂ ਜਿਉਂ ਦੀਆਂ ਤਿਉਂ ਤਾਂ ਨਹੀਂ ਬਿਆਨੀਆਂ ਗਈਆਂ, ਕੇਵਲ ਘਟਨਾਵਾਂ ਦੇ ਨਿਚੋੜ ਨੂੰ ਸੰਕੇਤ ਛੋਹਾਂ ਨਾਲ ਉਸਾਰ ਲਿਆ ਗਿਆ ਹੈ। ਮਿਥ ਕਥਾਵਾਂ ਜਿਸ ਸਵਰੂਪ ਵਿੱਚ ਬਾਣੀ ਵਿਚ ਦਰਜ ਹਨ ਉਥੋਂ ਇਸ ਗੱਲ ਦੀ ਕੋਈ ਸੰਭਾਵਨਾ ਨਹੀਂ ਮਿਲਦੀ ਕਿ ਗੁਰੂ ਨਾਨਕ ਨੇ ਇਨ੍ਹਾਂ ਮਿੱਥ ਕਥਾਵਾਂ ਦੇ ਅਸਲੀ ਢਾਂਚੇ ਨੂੰ ਆਪਣੀ ਮੰਤਵ ਸਿੱਧੀ ਲਈ ਤੋੜਿਆ ਜਾਂ ਮਰੋੜਿਆ ਹੋਵੇਗਾ।

---

1. ਬੂੜਾ ਦੁਰਜੋਧਨੁ ਪਤਿ ਖੋਈ
ਰਾਮੁ ਨ ਜਾਨਿਆ ਕਰਤਾ ਸੋਈ।
ਜਨ ਕਉ ਦੂਖਿ ਪਚੈ ਦੁਖੁ ਹੋਈ। ਗਉੜੀ ਰਾਗੁ(ਅਸ਼ਟਪਦੀਆਂ),ਪੰਨਾ 225

## (ਖ) ਮਹਿਮਾਰਥ ਕਥਾਵਾਂ

ਮਿਥੰਕ-ਸੰਕੇਤਾਂ ਰਾਹੀਂ, ਇੰਦ੍ਰ, ਪਰਸਰਾਮੁ, ਅਜੈ, ਰਾਮ, ਰਾਵਣ, ਪਾਂਡਵ ਭਰਾਵਾਂ, ਜਨਮੇਜਾ ਅਤੇ ਗੋਪੀ ਭਰਥਰੀ ਆਦਿ ਰਾਜਿਆਂ ਦੀਆਂ ਮਿਥ ਕਥਾਵਾਂ ਵਿਚੋਂ ਕੁਝ ਘਟਨਾਵਾਂ ਦੇ ਪ੍ਰਸੰਗਾਂ ਰਾਹੀਂ ਦੁਖ ਪਸਾਰੇ, ਅਤੇ ਦੁੱਖ ਤੋਂ ਨਿਰਲੇਪ ਹੋਣ ਦੇ ਸਾਧਨ ਨਾਮ ਮਹਿਮਾ ਨੂੰ ਪੇਸ਼ ਕੀਤਾ ਗਿਆ ਹੈ। ਨਾਮ ਤੋਂ ਬਿਨਾਂ ਹੋਰ ਕਰਮ ਨਿਰਾਰਥ ਆਖੇ ਗਏ ਹਨ।

<u>ਇੰਦ੍ਰ</u> : ਦੇਵ ਨਰੇਸ਼ ਇੰਦ੍ਰ ਨੂੰ ਹਜ਼ਾਰ ਭਗ- ਚਿੰਨ੍ਹਾਂ ਦਾ, ਗੋਤਮ ਰਿਸ਼ੀ ਤੋਂ ਸਰਾਪ ਰੂਪੀ ਡੰਨ ਮਿਲਿਆ ਤੇ ਸੰਤਾਪ ਤੇ ਪੀੜਾ ਨਾਲ ਵਿਆਕੁਲ ਹੋਇਆ।

<u>ਪਰਸਰਾਮ</u> : ਪਰਸਰਾਮ ਰਾਮ ਦੁਆਰਾ ਆਪਣੇ ਬਲ ਦਾ ਨਾਸ਼ ਹੋਣ ਤੇ ਰੋਇਆ।

<u>ਅਜੈ</u> : ਰਾਜਾ ਅਜੈ ਨੇ (ਦਾਸ਼ਰਥੀ ਰਾਮ ਦਾ ਦਾਦਾ) ਲਿੱਦ ਦਾ ਦਾਨ ਦਿੱਤਾ। ਉਹੀ ਉਸਨੂੰ ਖੁਦ ਖਾਣਾ ਪਿਆ। ਪ੍ਰਭੂ ਦੀ ਦਰਗਾਹ ਵਿੱਚ ਅਜਿਹੀ ਹੀ ਸਜ਼ਾ ਮਿਲਦੀ ਹੈ। ਰਾਜਾ ਅਜੈ ਵੀ ਰੋਇਆ।

<u>ਰਾਮ</u> : ਰਾਮ ਅਵਤਾਰ ਸੀ। ਦਸ਼ਰਥ ਪਿਤਾ ਤੋਂ ਦੇਸ਼ ਨਿਕਾਲਾ ਮਿਲਿਆ ਤੇ ਦੁਖਾਂ ਦਾ ਮੂੰਹ ਵੇਖਣਾ ਪਿਆ। ਸੀਤਾ ਨੂੰ ਰਾਵਣ ਨੇ ਹਰਣ ਕਰ ਲੀਤਾ, ਲਛਮਣ ਯੁੱਧ ਭੂਮੀ ਵਿਚ ਮੂਰਛਿਤ ਹੋਇਆ। ਅਜੇਹੀ ਬਿਪਤਾ ਸਮੇਂ ਰਾਮ ਅਵਤਾਰ ਵੀ ਰੋਣ ਤੋਂ ਰਹਿ ਨਾ ਸਕਿਆ।

<u>ਪਾਂਡਵ</u> : ਪਾਂਡਵ ਭਰਾ ਵੈਰਾਟ ਰਾਜੇ ਦੇ ਮਜ਼ਦੂਰ ਬਣੇ। ਸਵਾਮੀ ਕ੍ਰਿਸ਼ਨ ਉਨ੍ਹਾਂ ਦੇ ਨਿਕਟ ਵਰਤੀ ਸਨ। ਸਹਾਇਕ ਸਨ। ਪਰ ਦੁੱਖ ਸਮੇਂ ਉਹ ਵੀ ਸਹਾਇਕ ਨਾ ਹੋ ਸਕੇ ਤੇ ਪਾਂਡਵਾਂ ਨੂੰ ਵੀ ਰੋਣਾ ਪਿਆ।

<u>ਜਨਮੇਜਾ</u> : 18 ਬ੍ਰਾਹਮਣਾਂ ਦੇ ਘਾਤ ਦਾ ਮਹਾਂਭਾਰਤ ਸੁਣ ਕੇ ਪ੍ਰਾਸ਼ਚਿਤ ਕਰਨ ਵਾਲਾ ਜਨਮੇਜਾ, ਇਕ ਸ਼ੰਕਾ ਦੀ ਭਾਵਨਾ ਕਾਰਣ ਕੋਹੜੀ ਬਣਿਆ ਰਹਿਆ, ਰੋਇਆ ਤੇ ਦੁੱਖਾਂ ਦਾ ਭਾਗੀ ਬਣਿਆ।

ਗੋਪੀ ਭਰਥਰੀ : ਰਾਜ ਵੈਭਵ ਤੋਂ ਵਾਂਜੇ ਹੋਏ, ਜੋਗੀ ਭੇਖ ਵਿੱਚ ਭਿਖਿਆ ਮੰਗਣ ਸਮੇਂ, ਪੀੜ ਮੁਕਤ ਨਹੀਂ ਹੁੰਦੇ ਤੇ

ਹੋਈ ਹਨ।[1]

ਪ੍ਰਭੂ ਦਾ ਨਾਮ ਵੱਡੀ ਚੀਜ਼ ਹੈ। ਕਰਮ ਕਾਂਡਾਂ ਤੇ ਭੇਖਾਂ ਨਾਲ ਮਨ ਦਾ ਸੰਤਾਪ ਤੇ ਪੀੜ ਦੀ ਭਾਵਨਾ ਮੁਕਦੀ ਨਹੀਂ। ਨਾਮ ਹੀ ਕਲਿਆਣਕਾਰੀ ਤੇ ਗੁਣਕਾਰੀ ਪਾਵਣ ਵਸਤੂ ਹੈ। ਉਪਰ ਵਰਨਣ ਕੀਤੀਆਂ ਮਿਥੱ ਕਥਾਵਾਂ ਵਿਚ ਸੂਖਮ ਛੋਹਾਂ ਤੇ ਸੰਕੇਤਾਂ ਰਾਹੀਂ ਵਿਚਾਰ ਕੀਤੀ ਹੈ।

---

1. ਸਹੰਸਰ ਦਾਨ ਦੇ ਇੰਦ੍ਰੁ ਰੋਆਇਆ। ਪਰਸਰਾਮੁ ਰੋਵੈ ਘਰ ਆਇਆ।
ਅਜੈ ਸੁ ਰੋਵੈ ਭੀਖਿਆ ਖਾਇ। ਐਸੀ ਦਰਗਹ ਮਿਲੈ ਸਜਾਇ।
ਰੋਵੈ ਰਾਮੁ ਨਿਕਾਲਾ ਭਇਆ। ਸੀਤਾ ਲਖਮਣੁ ਵਿਛੁੜਿ ਗਇਆ।
ਰੋਵੈ ਦਹਸਿਰੁ ਲੰਕ ਗਵਾਇ। ਜਿਨਿ ਸੀਤਾ ਆਦੀ ਡਉਰੂ ਵਾਇ।
ਰੋਵਹਿ ਪਾਂਡਵ ਭਏ ਮਜੂਰ। ਜਿਨ ਕੈ ਸੁਆਮੀ ਰਹਤ ਹਦੂਰਿ।
ਰੋਵਹਿ ਜਨਮੇਜਾ ਖੁਇ ਗਇਆ। ਏਕੀ ਕਾਰਣਿ ਪਾਪੀ ਭਇਆ।
— — — — — — — — — — — —
ਰੋਵਹਿ ਰਾਜੇ ਕੰਨ ਪੜਾਇ। ਘਰ ਘਰਿ ਮਾਗਹਿ ਭੀਖਿਆ ਜਾਇ।

ਰਾਮਕਲੀ ਵਾਰੁ(ਸ਼ਲੋਕ), ਪੰਨਾ 953-54

(ੲ) **ਅਵਤਾਰ ਕਥਾਵਾਂ**

ਇਸ ਪ੍ਰਸੰਗ ਵਿਚ ਵੀ ਮਿੱਥ ਕਥਾਵਾਂ ਦਾ ਨਿਰੂਪਣ ਬੀਜ ਰੂਪ ਵਿਚ ਹੋਇਆ ਹੈ। ਵਿਸਤਾਰ ਨਹੀਂ ਦਿਤਾ ਗਿਆ।

**ਰਾਵਣ ਵੱਧ**

ਪਰਮਾਤਮਾ ਨੇ ਅਤਿ ਲੋੜੀਂਦੀ ਵਸਤੂ ਹਵਾ ਪੈਦਾ ਕੀਤੀ। ਧਰਤੀ ਨੂੰ ਸਹਾਰਾ ਦਿੱਤਾ। ਜਲ ਤੇ ਅਗਨੀ ਵਰਗੇ ਵਿਰੋਧੀ ਤੱਤਾਂ ਲਈ ਸਹਿਹੋਂਦ ਵਿੱਚ ਵਿਚਰਣ ਦਾ ਉਪਰਾਲਾ ਕੀਤਾ। ਰਾਮ ਅਵਤਾਰ ਵਿੱਚ ਰਾਵਣ ਨੂੰ ਮਾਰਨਾ ਰਾਮ ਦੀ ਕਿਹੜੀ ਕੁ ਵਡਿਆਈ ਵਾਲੀ ਗੱਲ ਹੈ? ਇਸ ਕਰਮ ਵਿੱਚ ਸ਼ਕਤੀ ਦਾ ਪ੍ਰਗਟਾਵਾ ਹੈ। ਰਾਵਣ ਦੀ ਮੂਰਖਤਾ ਹੀ ਉਸ ਦੇ ਨਾਸ਼ ਦਾ ਕਾਰਣ ਹੈ। ਸ਼ਕਤੀ ਸਾਧਾਰਣ ਵਿਅਕਤੀ ਲਈ ਵੀ ਸੰਭਵ ਹੈ, ਇਸ ਕੰਮ ਲਈ ਪ੍ਰਭੂ ਨੂੰ ਅਵਤਾਰ ਧਾਰਣ ਦੀ ਕੀ ਲੋੜ ਹੈ। ਪ੍ਰਭੂ ਤਾਂ ਪਹਿਲਾਂ ਹੀ ਹਰ ਥਾਂ ਵਿਚਰ ਰਿਹਾ ਹੈ।[1]

**ਕਾਲੀ ਨੱਥ**

ਪ੍ਰਭੂ ਨੇ ਜੀਵ ਪੈਦਾ ਕੀਤੇ ਹਨ, ਜੁਗਤੀ ਦਾ ਵਿਧਾਨ ਵੀ ਨਾਲ ਹੀ ਹੋਂਦ ਵਿਚ ਲੈ ਆਂਦਾ। ਕਾਲੀ ਨਾਗ ਨੂੰ ਨੱਥਣਾ ਸਾਧਾਰਣ ਗੱਲ ਹੈ। ਕ੍ਰਿਸ਼ਨ ਅਵਤਾਰ ਰੂਪ ਵਿੱਚ ਕਾਲੀ ਨੱਥ ਨੂੰ ਕਾਬੂ ਕਰਕੇ ਕਿਹੜੀ ਕੁ ਵਡਿਆਈ ਦਾ ਮਾਲਿਕ ਬਣਿਆ। ਪ੍ਰਭੂ ਨੂੰ ਇਸ ਛੋਟੇ ਜਿਹੇ ਕਰਮ ਲਈ ਅਵਤਾਰ ਧਾਰਣ ਦੀ ਕੀ ਲੋੜ ਸੀ।[2]

**ਨਾਭੀ ਕੰਵਲ**

ਵਿਸ਼ਨੂੰ ਵਰਦਾਨ ਵਾਲਾ ਬ੍ਰਹਮਾ ਕਮਲ ਨਾਲ ਵਿਚ ਸ੍ਰਿਸ਼ਟੀ ਦੀ ਭਾਲ ਵਿੱਚ ਤੁਰਿਆ। ਭਾਲ ਵਿਚ ਭਟਕਦਾ ਰਿਹਾ ਪਰ ਸ੍ਰਿਸ਼ਟੀ ਦਾ ਅੰਤ ਨਾ ਪਾ ਸਕਿਆ।[3] ਬ੍ਰਹਮ ਨਾਭੀ ਕੰਵਲ ਦੀ ਮਿਥ ਕਥਾ ਗੁਜਰੀ ਰਾਗ ਪਦਿਆਂ ਵਿੱਚ ਵੀ ਆਈ ਹੈ। ਉਥੇ ਇਹ ਪ੍ਰਸੰਗ ਪ੍ਰਭੂ ਦੇ ਭਾਣੇ ਦੇ ਤੇ

---

1. ਪਵਣੁ ਉਪਾਇ ਧਰੀ ਸਭ ਧਰਤੀ ਜਲ ਅਗਨੀ ਕਾ ਬੰਧੁ ਕੀਆ।
   ਅੰਧੁਲੈ ਦਹਸਿਰਿ ਮੂੰਡੁ ਕਟਾਇਆ ਰਾਵਣੁ ਮਾਰਿ ਕਿਆ ਵੱਡਾ ਭਇਆ।
   ਆਸਾ ਰਾਗੁ (ਪਦੇ), ਪੰਨਾ 350
2. ਜੀਅ ਉਪਾਇ ਜੁਗਤਿ ਹਥਿ ਕੀਨੀ ਕਾਲੀ ਨਥਿ ਕਿਆ ਵੱਡਾ ਭਇਆ।
   — ਉਹੀ — ਪੰਨਾ 350
3. ਨਾਲਿ ਕੁਟੰਬੁ ਸਾਥਿ ਵਰਦਾਤਾ ਬ੍ਰਹਮਾ ਭਾਲਣ ਸ੍ਰਿਸਟਿ ਗਇਆ।
   ਆਗੈ ਅੰਤੁ ਨ ਪਾਇਓ ਤਾ ਕਾ ਕੰਸੁ ਛੇਦਿ ਕਿਆ ਵੱਡਾ ਭਇਆ।
   — ਉਹੀ — ਪੰਨਾ 350

ਸਿਧਾਂਤਤਾ ਦੇ ਅੰਤਰਗਤ ਆਇਆ ਹੈ।[1]

## ਕੰਸ - ਬੱਧ

ਜਿਸ ਪਰਮਾਤਮਾ ਦੀ ਸ੍ਰਿਸ਼ਟੀ ਦਾ ਅੰਤ ਬ੍ਰਹਮਾ ਵੀ ਨਾ ਪਾ ਸਕਿਆ ਉਸ ਬਾਰੇ ਇਹ ਕਹਿਣਾ ਕਿ ਉਸ ਨੇ ਕ੍ਰਿਸ਼ਨ ਰੂਪ ਵਿਚ ਕੰਸ ਨੂੰ ਮਾਰਨ ਲਈ ਅਵਤਾਰ ਧਾਰਿਆ, ਉਸਦੀ ਵਡਿਆਈ ਨਹੀਂ। ਕੰਸ ਮਾਰਨਾ ਛੋਟੀ ਜਿਹੀ ਗੱਲ ਹੈ।

## ਖੀਰ ਸਾਗਰ ਮੰਥਨ

ਪ੍ਰਭੂ ਦੇ ਭਾਣੇ ਭੁਖਾਰਾ ਰਤਨ ਸਮੁੰਦਰ ਵਿੱਚ ਰਖੇ ਹਨ। ਦੇਵਤਿਆਂ ਤੇ ਦੈਂਤਾਂ ਨੇ ਸਮੁੰਦਰ ਰਿੜਕਿਆ, 14 ਰਤਨ ਕੱਢੇ ਤੇ ਉਹਨਾਂ ਤੇ ਅਭਿਮਾਨ ਵਿੱਚ ਕਹਿਣ ਲਗੇ, 'ਅਸੀਂ' ਕੱਢੇ ਹਨ। ਉਨ੍ਹਾਂ ਦੇ ਝਗੜੇ ਦੇ ਨਿਪਟਾਰੇ ਲਈ ਮੋਹਣੀ ਰੂਪ ਵਿਚ ਪ੍ਰਭੂ ਨੇ ਆ ਕੇ ਇਕ ਇਕ ਕਰਕੇ ਰਤਨ ਵੰਡ ਦਿਤੇ। ਰਤਨ ਕੱਢਣ ਵਾਲਾ ਪ੍ਰਭੂ, ਵੰਡਣ ਵਾਲਾ ਪ੍ਰਭੂ। ਦੇਵਤਿਆਂ ਤੇ ਦੈਂਤਾਂ ਦਾ ਕੁਝ ਵੀ ਨਹੀਂ। ਸਿਰਫ ਵਾਦ ਤੇ ਕਲਹਕਲੇਸ਼ ਹੀ ਪ੍ਰਗਟ ਹੁੰਦਾ ਹੈ।[2]

ਪ੍ਰਭੂ ਦੀ ਸ਼ਕਤੀ ਅਸੀਮ ਹੈ, ਉਹ ਵੱਡਾ ਹੈ। ਅਵਤਾਰਾਂ ਤੇ ਦੇਵਤਿਆਂ ਦੀਆਂ ਕਰਣੀਆਂ ਸਾਧਾਰਣ ਕਰਮ ਹਨ। ਇਨ੍ਹਾਂ ਵਾਸਤੇ ਉਸਨੂੰ ਅਵਤਾਰ ਧਾਰਣ ਦੀ ਲੋੜ ਨਹੀਂ। ਅਜਿਹੀਆਂ ਨਿੱਕੀਆਂ ਗੱਲਾਂ ਵਿਚ ਅਵਤਾਰ ਧਾਰਣ ਵਿੱਚ ਉਸਦੀ ਵਡਿਆਈ ਦਾ ਗੌਰਵ ਨਹੀਂ।

ਅਵਤਾਰ ਵਾਦ ਖੰਡਣ ਦੇ ਅੰਤਰਗਤ ਹੀ, ਸਲੋਕ ਵਾਰਾਂ ਤੇ ਵਧੀਕ ਵਿਚ ਵੀ ਰਾਮ ਅਵਤਾਰ ਨਾਲ ਸੰਬੰਧਿਤ ਮਿਥ ਕਥਾਵਾਂ ਦੇ ਸੰਕੇਤ ਆਏ ਹਨ। ਰਾਮ ਅਵਤਾਰੀ ਸ਼ਕਤੀ ਦਾ ਮਾਲਿਕ ਗਿਣਿਆ ਜਾਂਦਾ ਹੈ ਪਰ ਪ੍ਰਭੂ ਦੇ ਭਾਣੇ ਅਗੇ ਰਾਮ ਅੱਗੇ ਉਹੀ ਵੀ ਬੇਵੱਸ ਹੋ ਗਿਆ। ਭਾਵੀ ਅਮਿਟ ਹੈ।

---

1. ਨਾਭਿ ਕਮਲ ਤੇ ਬ੍ਰਹਮਾ ਉਪਜੇ ਬੇਦ ਅਗਿ ਪੜਹਿ ਮੁਖਿ ਕੰਠਿ ਸਵਾਰਿ।
ਤਾ ਕੋ ਅੰਤੁ ਨ ਜਾਈ ਲਖਣਾ ਆਵਤ ਜਾਤ ਰਹੈ ਗੁਬਾਰਿ।

ਗੂਜਰੀ ਰਾਗੁ (ਪਦੇ ), ਪੰਨਾ 489

2. ਰਤਨ ਉਪਾਇ ਧਰੇ ਖੀਰੁ ਮਥਿਆ ਹੋਰਿ ਭਖਲਾਏ ਜਿ ਅਸੀ ਕੀਆ
ਕਹੈ ਨਾਨਕੁ ਛਪੈ ਕਿਉ ਛਪਿਆ ਏਕੀ ਏਕੀ ਵੰਡਿ ਦੀਆ।

ਆਸਾ ਰਾਗੁ (ਪਦੇ), ਪੰਨਾ 350- 51

ਰਾਵਣ ਭੀ ਭੁਲਿਆ ਹੋਇਆ ਸੀ ਪ੍ਰਭੂ ਦੇ ਭਾਣੇ ਨੂੰ ਸਮਝਣ ਤੋਂ ਅਸਮਰਥ ਸੀ।[1] ਇਸ ਮਿਥ ਕਥਾ ਵਿੱਚ, ਲਛਮਣ, ਹਨੂਮਾਨ ਸੀਤਾ ਅਤੇ ਰਾਵਣ ਦੇ ਨਾਂ ਵੀ ਦਰਜ ਹਨ।

---

1. (i) ਰਾਮ ਝੁਰੈ ਦਲ ਮੇਲਵੈ ਅੰਤਰਿ ਬਲੁ ਅਧਿਕਾਰ।
ਬੰਤਰ ਕੀ ਸੈਨਾ ਸੇਵੀਐ ਮਨਿ ਤਨਿ ਜੁਝੁ ਅਪਾਰੁ।
ਸੀਤਾ ਲੈ ਗਇਆ ਦਹਸਿਰੋ ਲਛਮਣੁ ਮੂਓ ਸਰਾਪਿ।
ਨਾਨਕ ਕਰਤਾ ਕਰਣਹਾਰੁ ਕਰਿ ਵੇਖੈ ਥਾਪਿ ਉਥਾਪਿ।

ਸਲੋਕ ਵਾਰਾਂ ਤੇ ਵਧੀਕ, ਪੰਨਾ 1412

(ii) ਮਨ ਮਹਿ ਝੂਰੈ ਰਾਮ ਚੰਦੁ ਸੀਤਾ ਲਛਮਣ ਜੋਗੁ।
ਹਣਵੰਤਰੁ ਆਰਾਧਿਆ ਆਇਆ ਕਰਿ ਸੰਜੋਗੁ।
ਭੂਲਾ ਦੈਤੁ ਨ ਸਮਝਈ ਤਿਨਿ ਪ੍ਰਭ ਕੀਏ ਕਾਮ।
ਨਾਨਕ ਵੇਪਰਵਾਹੁ ਸੋ ਕਿਰਤੁ ਨ ਮਿਟਈ ਰਾਮ।

—ਉਹੀ — ਪੰਨਾ 1412

(ਸ) **ਭਾਣਾ ਮੰਨਣਾਰਥ ਕਥਾਵਾਂ**

ਇਸ ਪ੍ਰਸੰਗ ਵਿਚ ਪਰਭਾਤੀ ਰਾਗ ਦਖਣੀ ਵਿਚ 4 ਮਿਥ ਕਥਾਵਾਂ ਦੀ ਵਰਤੋਂ ਹੋਈ ਹੈ। ਜਿਨ੍ਹਾਂ ਦਾ ਵਰਣਨ ਇਸ ਪ੍ਰਕਾਰ ਹੈ:

**ਗੋਤਮ - ਅਹਿਲਿਆ - ਇੰਦ੍ਰ**

ਗੋਤਮ ਰਿਸ਼ੀ ਦੀ ਪਤਨੀ ਬਹੁਤ ਸੁੰਦਰ ਹੈ। ਕਾਮ ਲੋਭੀ ਇੰਦ੍ਰ ਉਸ ਦੇ ਰੂਪ ਸੁੰਦਰਤਾ ਉਤੇ ਮੋਹਿਤ ਹੋ ਕੇ ਦੁਰਾਚਾਰੀ ਬਣਦਾ ਹੈ। ਗੋਤਮ ਰਿਸ਼ੀ ਦੀ ਸਰਾਪ ਕਾਰਣ ਉਸਦੇ ਸਰੀਰ ਉਤੇ ਹਜ਼ਾਰ ਭਗ ਚਿੰਨ੍ਹ ਉਕਰੇ ਜਾਂਦੇ ਹਨ। ਅਜਿਹੀ ਦੁਰਦਸ਼ਾ ਉਪਰੰਤ ਉਹ ਆਪਣੇ ਕੁਕਰਮ ਦਾ ਪਛਤਾਵਾ ਕਰਦਾ ਹੈ।

ਕੋਈ ਜਾਣ ਕੇ ਨਹੀਂ ਭੁਲਦਾ। ਅਭਿਮਾਨ ਤੇ ਕਾਮ ਦੀ ਅਵਸਥਾ ਵਿੱਚ ਭ੍ਰਿਸ਼ਟ ਬੁੱਧੀ ਹੋਣ ਕਾਰਣ, ਪ੍ਰਭੂ ਦੀ ਰਜ਼ਾ ਅਧੀਨ ਇਹ ਸਭ ਕੁਝ ਹੋ ਜਾਂਦਾ ਹੈ। ਪਰਮਾਤਮਾ ਦੇ ਭਾਣੇ ਅੰਦਰ ਹੀ ਸੱਚ ਤੋਂ ਥਿੜਕਣਾ ਤੇ ਸਚ ਮਾਰਗ ਉਤੇ ਚਲਣਾ ਵਿਆਖਿਆ ਕਿਹਾ ਹੈ।[1]

**ਰਾਜਾ ਹਰਿਸ਼ਚੰਦ੍ਰ**

ਪ੍ਰਿਥਮੀ ਪਤੀ ਰਾਜਾ ਹਰਿਸ਼ਚੰਦ੍ਰ ਪੁੰਨ ਦੇ ਅਭਿਮਾਨ ਵਿੱਚ ਭਾਣੇ ਨੂੰ ਜਾਣ ਨਾ ਸਕਿਆ। ਪੁੰਨ ਦਾਨ ਦੇ ਅਭਿਮਾਨ ਦੇ ਸਿੱਟਿਆਂ ਤੋਂ ਅਣਵਾਕਫੀ ਨੇ ਉਸਨੂੰ ਮੰਡੀ ਵਿਚ ਵਿਕਣ ਤੇ ਮਜਬੂਰ ਕੀਤਾ।

ਪ੍ਰਭੂ ਦੀ ਭਾਣਾ ਸ਼ਕਤੀ ਨੂੰ ਸਮਝਣ ਦੀ ਅਸਮਰਥਾ ਕਾਰਣ ਦੁੱਖਾਂ ਦਾ ਭਾਗੀ ਬਣਨਾ ਪੈਂਦਾ ਹੈ।[2]

**ਬਲਿ ਵਾਮਨ**

ਬਾਵਨ ਰੂਪ ਵਿਚ ਵਿਸ਼ਨੂੰ ਨੇ ਬਹਾਨੇ ਨਾਲ 'ਢਾਈ ਕਦਮ' ਧਰਤੀ ਰਾਜੇ ਕੋਲੋਂ ਮੰਗੀ ਸੀ। ਜੇ ਬਲਿ ਬਾਵਨ ਰੂਪ ਵਿੱਚ ਵਿਸ਼ਨੂੰ ਦੀ ਪਛਾਣ ਕਰ ਸਕਦਾ ਤਾਂ ਕਿਉਂ ਛਲਿਆ ਜਾਂਦਾ ਤੇ ਪਤਾਲ ਦਾ ਵਾਸੀ ਬਣਦਾ।

---

1. ਗੋਤਮੁ ਤਪਾ ਅਹਿਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰੁ ਲੁਭਾਇਆ।
ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ।
ਕੋਈ ਜਾਣਿ ਨਾ ਭੂਲੈ ਭਾਈ। ਸੋ ਭੂਲੈ ਜਿਸੁ ਆਪਿ ਭੁਲਾਏ ਬੂਝੈ ਜਿਸੈ ਬੁਝਾਈ।
5/3 ਪਰਭਾਤੀ ਰਾਗੁ (ਦੱਖਣੀ) ਪੰਨਾ 1343-44

2. ਤਿਨਿ ਹਰੀਚੰਦਿ ਪ੍ਰਿਥਮੀ, ਰਾਜੈ ਕਾਗਦਿ ਕੀਮ ਨ ਪਾਈ।
ਅਉਗਣੁ ਜਾਣੈ ਤ ਪੁੰਨ ਕਰੇ ਕਿਉਂ ਕਿਉਂ ਨੇਖਾਸਿ ਬਿਕਾਈ।
ਪਰਭਾਤੀ ਰਾਗੁ (ਦਖਣੀ), ਪੰਨਾ 1344

ਪ੍ਰਭੂ ਦੀ ਰਜ਼ਾ ਹੋਵੇ ਤਾਂ ਸੱਚ ਨੂੰ ਪਛਾਣਨ ਦੀ ਸੋਝੀ ਆਉਂਦੀ ਹੈ ਨਹੀਂ ਤਾਂ ਅਹੰ ਦਾ ਪਕੜਾ ਮਨੁਖ ਬੁੱਧੀ ਨੂੰ ਉੱਚੀ ਰਖਦਾ ਹੈ।[1]

<u>ਰਾਜਾ ਜਨਮੇਜਾ</u>

ਰਾਜਾ ਜਨਮੇਜਾ ਨੂੰ ਵਿਆਸ ਨੇ ਯੱਗ ਅਤੇ ਬ੍ਰਹਮ ਹੱਤਿਆ ਦੇ ਕਰਮ ਤੋਂ ਰੋਕਿਆ ਸੀ। ਇਸਦੇ ਸਿੱਟਿਆਂ ਤੋਂ ਪਹਿਲਾਂ ਹੀ ਚੇਤੰਨ ਕਰ ਦਿਤਾ ਸੀ। ਫਿਰ ਵੀ ਯੱਗ ਦੇ ਦੁਰਾਨ ਉਸਨੇ 18 ਬ੍ਰਾਹਮਣਾਂ ਨੂੰ ਮਰਵਾ ਦਿੱਤਾ ਤੇ ਪਾਪਾਂ ਦਾ ਭਾਗੀ ਬਣਿਆ।

ਕਰਮਾ ਦੀ ਗਤੀ, ਹੋਣੀ ਟਲਦੀ ਨਹੀਂ। ਸਭ ਕੁਝ ਪਰਮਾਤਮਾ ਦੀ ਰਜ਼ਾ ਵਿਚ ਹੋ ਰਿਹਾ ਹੈ।[2]

---

1. ਕਰਉ ਅਢਾਈ ਧਰਤੀ ਮਾਂਗੀ ਬਾਵਨ ਰੂਪਿ ਬਹਾਨੈ।
ਕਿਉਂ ਪਇਆਲਿ ਜਾਇ, ਕਿਉ ਛਲੀਐ ਜੇ ਬਲਿ ਰੂਪੁ ਪਛਾਨੈ।
ਪ੍ਰਭਾਤੀ ਮਹੁ (ਦਖਣੀ) ਪੰਨਾ 1344

2. ਰਾਜਾ ਜਨਮੇਜਾ ਦੇ ਮਤੀਂ ਬਰਜਿ ਬਿਆਸਿ ਪੜ੍ਹਾਇਆ।
ਤਿਨਿ ਕਰਿ ਜਗ ਅਠਾਰਹ ਘਾਏ ਕਿਰਤੁ ਨ ਚਲੈ ਚਲਾਇਆ।
— ਉਹੀ — ਪੰਨਾ 1344

## (ਚ) ਕਥਾਵਾਂ ਦੇ ਸੰਕੇਤ

ਬੀਜ ਰੂਪ ਵਿੱਚ ਮਿਥ ਕਥਾਵਾਂ ਤੋਂ ਇਲਾਵਾ ਨਾਨਕ ਬਾਣੀ ਵਿੱਚ ਮਿਥ ਕਥਾਵਾਂ ਦੇ ਸੰਕੇਤ ਵੀ ਪ੍ਰਸੰਗ ਵੱਸ ਆਏ ਹਨ। ਇਨ੍ਹਾਂ ਦਾ ਰੂਪ ਹੋਰ ਵੀ ਸੂਖਮ ਹੋ ਗਿਆ ਹੈ। ਕਥਾ ਅੰਸ਼ ਬਿਲਕੁਲ ਲੁਪਤ ਹੋਇਆ ਜਾਪਦਾ ਹੈ, ਫਿਰ ਵੀ, ਮਿਥ ਸੰਸਾਰ ਤੋਂ ਪਰਿਚਤ ਪ੍ਰਾਣੀ ਇਨ੍ਹਾਂ ਪਿਛੇ ਲੁਕੀ ਘਟਨਾਵਾਂ ਦੀ ਸ਼੍ਰਿੰਖਲਾ ਨੂੰ ਸਮਝਣ ਤੋਂ ਅਸਮਰਥ ਨਹੀਂ ਰਹਿੰਦਾ। ਇਹ ਮਿੱਥ ਸੰਕੇਤ ਬੀਜ ਰੂਪ ਵਿੱਚ ਦਰਜ ਮਿੱਥ ਕਥਾਵਾਂ ਵਾਂਗ, ਇਕਸਾਰ ਬਹੁਲਤਾ ਵਾਲੇ ਨਹੀਂ। ਟਾਂਵੇਂ ਟਾਂਵੇਂ ਹਨ ਤੇ ਵੱਖ ਵੱਖ ਵਿਸ਼ਿਆਂ ਦੇ ਪ੍ਰਸੰਗ ਵਿਚ ਆਏ ਹਨ। ਜਸੁਦਾ ਕਾਨ੍ਹ, ਗੋਪੀ ਪਾਰਜਾਤ, ਖੀਰ ਸਾਗਰ ਰਤਨ ਇਤਿਆਦਿ ਇਸ ਦੀਆਂ ਕੁਝ ਮਿਸਾਲਾਂ ਹਨ। ਜਸੋਧਾ ਮਾਂ ਦੀ ਕ੍ਰਿਸ਼ਨ ਨਾਲ ਮੋਹ ਕ੍ਰੀੜਾ ਨੂੰ, ਮਨੁੱਖ ਦੇ ਮੋਹ ਮਮਤਾ ਜਾਲ ਵਿੱਚ ਵਿਚਰਦੇ ਜੀਵਨ ਦੇ ਪ੍ਰਸੰਗ ਵਿਚ ਪੇਸ਼ ਕੀਤਾ ਹੈ।[1] ਗੋਪੀ (ਸਤਯਭਾਮਾ) ਲਈ ਕ੍ਰਿਸ਼ਨ ਪਾਰਜਾਤ ਬ੍ਰਿਛ ਇੰਦਰ ਦੀ ਪੁਰੀ ਚੋਂ ਲੈ ਆਏ। ਪਾਰਜਾਤ ਪਰਮਾਤਮਾ ਦੇ ਨਾਮ ਦੇ ਪ੍ਰਸੰਗ ਵਿੱਚ ਵੀ ਆਇਆ ਹੈ ਤੇ ਕ੍ਰਿਸ਼ਨ ਦੇ ਜੀਵਨ ਦੀਆਂ ਘਟਨਾਵਾਂ ਦੇ ਅੰਤਰਗਤ ਵੀ ਆਇਆ ਹੈ।[2] ਖੀਰ ਸਮੁੰਦਰ ਵਿਚੋਂ ਰਤਨ ਨਿਕਲੇ ਦੀ ਸੰਕੇਤ ਮਈ ਕਥਾ ਬਾਣੀ ਦੀ ਮਹਾਨਤਾ ਦਸਣ ਲਈ ਆਈ ਹੈ।[3] ਦੇਵੀ ਦੇ ਤੀਰਥ ਸਥਾਪਨ ਵਾਲੀ ਘਟਨਾ ਵੱਲ ਵੀ ਮਿਥ ਸੰਕੇਤ ਕੀਤਾ ਹੈ।

ਕ੍ਰਿਸ਼ਨ ਗੋਵਰਧਨ ਧਾਰਣ ਅਤੇ ਰਾਮ ਸੇਤਬੰਧ-ਪੱਥਰ-ਤਾਰਨ ਦੀਆਂ ਮਿਥ ਕਥਾਵਾਂ ਦੇ ਸੰਕੇਤ ਗੁਰਮਤ ਦੀ ਮਹੱਤਤਾ ਦੇ ਅੰਤਰਗਤ ਆਏ ਹਨ।[4]

ਬੀਜ ਰੂਪ ਵਿਚ ਅੰਕਿਤ ਮਿਥ ਕਥਾਵਾਂ ਜਾਂ ਮਿੱਥ ਕਥਾਵਾਂ ਤੇ ਮਿਥ ਪਾਤਰਾਂ ਤੇ ਘਟਨਾਵਾਂ ਦੇ ਸੰਕੇਤ ਵਿਚਾਰਧਾਰਾ ਦੇ ਪ੍ਰਵਾਹ ਦੇ ਅੰਤਰਗਤ ਹੀ ਬੱਝੇ ਗਏ ਹਨ। ਇਨ੍ਹਾਂ ਦੀ ਵਰਤੋਂ ਵਿਸ਼ੇਸ਼ ਰੂਪ ਵਿੱਚ ਉਨ੍ਹਾਂ ਪ੍ਰਸੰਗਾਂ ਵਿੱਚ ਹੋਈ ਹੈ ਜਿਥੇ ਮੰਦ ਭਾਵਨਾਵਾਂ ਦੀ ਨਿਰਾਰਥਕਤਾ ਉਤੇ

---

1. ਦੂਜੈ ਪਹਰੈ ਰੈਣ ਕੈ ਵਣਜਾਰਿਆ ਮਿਤ੍ਰਾ ਵਿਸਰਿ ਗਇਆ ਧਿਆਨੁ।
   ਹਥੋ ਹਥਿ ਨਚਾਈਐ ਮਿਤ੍ਰਾ ਜਿਉ ਜਸੁਦਾ ਘਰਿ ਕਾਨ੍ਹੁ। ਸਿਰੀ ਰਾਗੁ(ਪਹਰੇ)ਪੰਨਾ 75
2. (i) ਪਾਰਜਾਤੁ ਘਰਿ ਆਗਨਿ ਮੇਰੈ ਪੁਹਪ ਪਤ੍ਰ ਤਤੁ ਡਾਲਾ। ਗੂਜਰੀ ਰਾਗੁ (ਅਸ਼ਟਪਦੀਆਂ), ਪੰਨਾ 503
   (ii) ਪਾਰਜਾਤੁ ਗੋਪੀ ਲੈ ਆਇਆ ਬਿੰਦ੍ਰਾਬਨ ਮਹਿ ਰੰਗੁ ਕੀਆ। ਆਸਾ ਰਾਗੁ(ਵਾਰ)ਪੰਨਾ 470
3. ਪਾਣੀ ਵਿਚਹੁ ਰਤਨ ਉਪੰਨੇ ਮੇਰੁ ਕੀਆ ਮਾਧਾਣੀ।
   ਅਠਸਠਿ ਤੀਰਥ ਦੇਵੀ ਥਾਪੇ ਪੁਰਬੀ ਲਗੈ ਬਾਣੀ। ਮਾਝ ਰਾਗੁ(ਵਾਰ)ਪੰਨਾ 150
4. ਗੁਰਮਤਿ ਕ੍ਰਿਸਨਿ ਗੋਵਰਧਨ ਧਾਰੇ।
   ਗੁਰਮਤਿ ਸਾਇਰਿ ਪਾਹਣ ਤਾਰੇ। ਮਾਰੂ ਰਾਗੁ, ਪੰਨਾ 1041

ਚੋਟ ਕਰਨ ਦੀ ਲੋੜ ਭਾਸੀ ਹੈ। ਦੁਰਮਤ, ਕਰਥ, ਮੋਹ, ਕਰਮ ਅਨੁਸ਼ਠਾਨਾਂ ਦਾ ਪ੍ਰਪੰਚ ਇਤਿਆਦਿ ਦੀ ਵਿਪਰੀਤ ਤੇ ਨਿਰਾਰਥਕ ਬਿਰਤੀ ਦਾ ਉਲੇਖ, ਗੁਰਮਤ ਦੀ ਭਾਵਨਾ ਦੇ ਸੰਚਾਰ ਲਈ ਜ਼ਰੂਰੀ ਬਣਦਾ ਹੈ। ਸਿਖ ਕਥਾਵਾਂ ਦੇ ਪ੍ਰਸੰਗ ਤੇ ਸਿੱਖ ਪਾਤਰਾਂ ਦੀਆਂ ਘਟਨਾਵਾਂ ਅਜੇਹੀਆਂ ਬਿਰਤੀਆਂ ਦੀ ਨਿਰਾਰਥਕਤਾ ਨੂੰ ਉਘਾੜਨ ਵਿੱਚ ਸਹਾਈ ਹੁੰਦੀਆਂ ਹਨ। ਅਸੁਰ ਸਿੰਘਾਰ ਦੇ ਪ੍ਰਸੰਗ ਵਿਚ ਕਈ ਦੈਂਤਾਂ ਦੇ ਨਾਸ ਦੀ ਗੱਲ ਗੁਰੂ ਨਾਨਕ ਬਾਣੀ ਵਿੱਚ ਆਈ ਹੈ। ਦੈਂਤਾਂ ਨਾਲ ਉਂਜ ਹੀ ਮੋਹ ਦੀ ਦਾ ਪ੍ਰਗਟਾਵਾ ਪੁਰਾਣਾਂ ਵਿਚ ਵੀ ਨਹੀਂ ਹੋਇਆ। ਗੁਰੂ ਨਾਨਕ ਸਾਮੰਤੀ ਦੀ ਭਾਵਨਾ ਰੱਖਦੇ ਸਨ। ਕਿਸੇ ਦਾ ਦਿਲ ਦੁਖਾਉਣ ਦਾ ਉਨ੍ਹਾਂ ਦਾ ਮੰਤਵ ਨਹੀਂ। ਸੋ ਉਨ੍ਹਾਂ ਆਮ ਕਰਕੇ ਉਨ੍ਹਾਂ ਹੀ ਸਿਖ ਕਥਾਵਾਂ ਦੀ ਚੋਣ ਕੀਤੀ ਹੈ ਉਹੋ ਹੀ ਘਟਨਾਵਾਂ ਮੁੱਖ ਰੱਖੀਆਂ ਜਿਨ੍ਹਾਂ ਦਾ ਵਰਨਣ ਇਨ ਬਿਨ ਉਸ ਧਰਮ ਦੇ ਪੁਰਾਣਕਾਰਾਂ ਨੇ ਕੀਤਾ ਸੀ। ਉਨ੍ਹਾਂ ਪੁਰਾਣ ਕਥਾਵਾਂ ਪ੍ਰਤੀ ਭਾਵਨਾ ਦੀ ਬਿਰਤੀ ਵਿੱਚ ਵੀ ਤਬਦੀਲੀ ਘਟ ਹੀ ਕੀਤੀ ਹੈ।

# ਮਿਥਿਹਾਸਕ ਮਨੌਤਾਂ

(ੳ) ਸ੍ਰਿਸ਼ਟੀ

(ਅ) ਕਾਲ-ਚੱਕਰ

(ੲ) ਆਵਾਗਉਣ

(ਸ) ਪੁੰਨ ਤੇ ਪਾਪ

(ਹ) ਮੁਕਤੀ

(ਕ) ਅੰਮ੍ਰਿਤ

(ਖ) ਮੰਤ੍ਰ, ਜੰਤ੍ਰ, ਤੰਤ੍ਰ, ਕਰਾਮਾਤਾਂ, ਰਿਧੀਆਂ ਸਿਧੀਆਂ

(ਗ) ਜੋਗੀਆਂ, ਤਪੀਆਂ ਤੇ ਸੰਨਿਆਸੀਆਂ ਦੀਆਂ ਮਨੌਤਾਂ

(ਘ) ਅਵਤਾਰੀ ਮਨੌਤਾਂ

(ਙ) ਮਨੌਤਾਂ ਦੀ ਪ੍ਰ ਕਿ ਵਲੋਂ ਵਰਤੋਂ

ਮਿਥਿਹਾਸਕ ਮਨੌਤਾਂ ਜਨ ਸਾਧਾਰਣ ਦੀ ਮਿਥ ਬਿਰਤੀ ਦਾ ਮਹਤਵ ਪੂਰਣ ਅੰਗ ਹਨ। ਜਿਨ੍ਹਾਂ ਵਿੱਚ ਦੁਖ, ਸ੍ਰਿਸ਼ਟੀ ਦੇ ਅਸੀਮ ਪਸਾਰੇ, ਆਕਾਸ਼ਾਂ, ਪਾਤਾਲਾਂ, ਸ੍ਰਿਸ਼ਟੀ ਦੇ ਮੁੱਢ ਦੇ ਸਮੇਂ ਬਾਰੇ ਤੇ ਮੁੱਢ ਤੋਂ ਲੈ ਕੇ ਹੁਣ ਤੱਕ ਦੀ ਅਵਸਥਾ ਅਤੇ ਸਮੇਂ ਤੇ ਕਾਲ ਬਾਰੇ ਅਨੇਕ ਮਿਥ ਮਨੌਤਾਂ ਪ੍ਰਸਾਰਦੀਆਂ ਤੇ ਨਿਖਾਰਦੀਆਂ ਹਨ। ਪਰ ਧਰਮ ਦੇ ਖੇਤਰ ਵਿੱਚ ਪ੍ਰਵੇਸ਼ ਕਰਦੇ ਕਈ ਵਾਰੀ ਇਹ ਆਪਣੇ ਮੁਢਲੇ ਸ੍ਵਰੂਪ ਵਿੱਚ ਨਿਸ਼ਚਿਤ ਵੀ ਹੋ ਜਾਂਦੀਆਂ ਹਨ ਜਿਨ੍ਹਾਂ ਦੀ ਅੱਗੇ ਵਿਆਖਿਆ ਤੇ ਵਿਸਤਾਰ ਦਾ ਕ੍ਰਮ ਜਾਰੀ ਰਹਿੰਦਾ ਹੈ। ਪੁੰਨ ਅਤੇ ਪਾਪ ਕੀ ਹਨ ? ਕਿਹੜੀਆਂ ਗੱਲਾਂ ਕਰਕੇ ਪੁੰਨ ਕਰਮ ਹੁੰਦਾ ਹੈ ਤੇ ਕਿਹੜੇ ਤਤ ਪਾਪ ਕਹਿਲਾਉਂਦੇ ਹਨ, ਜਿਨ੍ਹਾਂ ਦੇ ਫਲਾਂ ਤੇ ਸਜ਼ਾਵਾਂ ਤੇ ਹੋਰ ਅਨੇਕ ਮਨੌਤਾਂ ਦਾ ਸਿਰਜਨ ਹੋਣਾ ਸ਼ੁਰੂ ਹੁੰਦਾ ਹੈ। ਆਵਾਗਉਣ ਤੇ ਮੁਕਤੀ ਮਿਥ ਜਗਤ ਦਾ ਵੀ ਹਿੱਸਾ ਹੈ ਤੇ ਸਿਧਾਂਤਕ ਪੱਧਰ ਉਤੇ ਚਰਚਾ ਦਾ ਵੀ ਵਿਸ਼ਾ ਬਣਦਾ ਹੈ। ਮਿਥ ਜਗਤ ਆਵਾਗਉਣ ਵਿੱਚ ਜੂਨਾਂ ਦੀ ਗਿਣਤੀ ਮਿਣਤੀ ਕਰਦਾ ਹੈ, ਉਨ੍ਹਾਂ ਜੂਨਾਂ ਵਿੱਚ ਪੈ ਕੇ ਮਿਲਣ ਵਾਲੀਆਂ ਸਜ਼ਾਵਾਂ ਦੁਖਾਂ ਤੇ ਮੁਸੀਬਤਾਂ ਦੀ ਕਲਪਨਾ ਕਰਦਾ ਹੈ। ਮੁਕਤੀ ਦਾ ਅਲੌਕਿਕ ਸੰਸਾਰ ਸਿਰਜਿਆ ਜਾਂਦਾ ਹੈ। ਹਰ ਤਰ੍ਹਾਂ ਦੇ ਸੁਖ ਵੈਭਵ ਦਾ ਸੁੰਦਰ ਚਿੱਤ੍ਰ ਵੱਖ ਵੱਖ ਰੰਗਾਂ ਨਾਲ ਸੁਸ਼ੋਭਿਤ ਹੋ ਕੇ ਪਿਆਰਾ ਭਾਗ ਬਣਦਾ ਹੈ। ਸਵਰਗ ਤੇ ਬੈਕੁੰਠ ਵੀ ਇਸੇ ਚਿਤ੍ਰ ਦੇ ਵੱਖ ਵੱਖ ਰੰਗ ਹਨ। ਨਰਕ ਇਸਦਾ ਵਿਪਰੀਤ ਰੂਪ ਹੈ। ਮਿਥ ਮਨੌਤਾਂ ਵਿੱਚ ਅੰਮ੍ਰਿਤ ਦੀ ਕਲਪਨਾ ਕੀਤੀ ਗਈ ਹੈ। ਇਹ ਅੰਮ੍ਰਿਤ ਅਮਰ ਕਰ ਦੇਂਦਾ ਹੈ। ਮਰਨ ਪੀੜਾ ਤੋਂ ਮੁਕਤ ਕਰ ਦੇਂਦਾ ਹੈ। ਇਹ ਸਮੁੰਦਰ ਮੰਥਨ ਵਿਚੋਂ ਨਿਕਲਿਆ ਰਤਨ ਹੈ। ਦੇਵਤੇ ਇਸਦੇ ਭਾਗੀ ਹਨ। ਅਨੇਕ ਤੰਤ੍ਰਾਂ ਮੰਤ੍ਰਾਂ ਜੰਤ੍ਰਾਂ, ਰਿਧੀਆਂ ਸਿਧੀਆਂ ਤੇ ਕਰਾਮਾਤੀ ਸ਼ਕਤੀਆਂ ਦਾ ਵਿਸਤਾਰ ਵੀ ਮਿਥ ਦੇ ਵਚਿਤ੍ਰ ਸੰਸਾਰ ਦੀ ਯਾਤ੍ਰਾ ਵਿਚੋਂ ਲਭਦੇ ਹਨ। ਮਨੌਤਾਂ ਦਾ ਸੋਚ ਮਨੁੱਖ ਦਾ ਸਿਰਜਨ ਸੋਚ ਹੈ, ਕਾਲਪਨਿਕ ਸੋਚ ਹੈ, ਸਿਰਜਕ ਸੋਚ ਹੈ ਅਤੇ ਵਿਗਿਆਨਕ ਸੋਚ ਦਾ ਰੂਪ ਨਹੀਂ।

ਮਨੌਤਾਂ:

ਮਿੱਥ ਜਗਤ ਅਸੀਮ ਕਲਪਨਾ ਦੇ ਪਸਾਰੇ ਵਿੱਚ ਵਿਚਰਦਾ ਹੈ। ਮਨੁੱਖ ਦੀ ਆਦਿਮ ਕਾਲੀਨ ਸੋਚ ਨੇ ਕਈ ਮਿੱਥ ਕਥਾਵਾਂ ਤੇ ਮਿੱਥ ਮਨੌਤਾਂ ਸਿਰਜੀਆਂ ਹਨ। ਧਰਤੀ ਦੀ ਸਿਰਜਨਾ ਬੜੀ ਅਦਭੁਤ ਚੀਜ਼ ਹੈ। ਮਨੁੱਖ ਦੀ ਹੋਂਦ ਦੀ ਜ਼ਾਮਨ ਧਰਤੀ ਹੈ। ਵਿਸ਼ਵ ਪਸਾਰੇ ਵਿਚ ਧਰਤੀ ਦੀ ਅਪਣਤ ਬੜੀ ਵੱਡੀ ਚੀਜ਼ ਹੈ। ਅਜੋਕਾ ਮਨੁੱਖ ਚੰਨ-ਧਰਤੀ ਤੇ ਪੈਰ ਪਸਾਰਨ ਦੇ ਉਦੇਸ਼ ਨਾਲ ਉਪਰ ਉਠਦਾ ਹੈ ਪਰ ਧਰਤ-ਖਿੱਚ ਉਸਨੂੰ ਮੁੜ ਮੁੜ ਅਪਣਤਵ ਦੇ ਇਹਸਾਸ ਬੱਲ ਨਾਲ ਖਿਚ ਲੈਂਦੀ ਹੈ। ਅਜੇਹੀ ਅਦਭੁਤ ਵਸਤੂ ਬਾਰੇ ਆਦਿਮ ਮਨੁੱਖ ਦਾ ਸੋਚਣਾ ਉਸਦੇ ਸੋਚ-ਸੰਸਾਰ ਦੇ ਘੇਰੇ ਦਾ ਆਵੱਸ਼ਕ ਅੰਗ ਹੋ ਸਕਦਾ ਹੈ।

ਇਸ ਸੋਚ ਅਧੀਨ ਉਸ ਨੇ ਨਵੀਂ ਮਿਥ ਕਥਾਵਾਂ ਤੇ ਮਨੌਤਾਂ ਨੂੰ ਸਿਰਜਿਆ ਹੈ ਜਿਨ੍ਹਾਂ ਵਿਚੋਂ ਧੌਲ-ਧਰਾਤਲ ਦੀ ਮਨੌਤ ਦਾ ਜ਼ਿਕਰ ਗੁਰਬਾਣੀ ਕਾਵਿ ਵਿੱਚ ਹੋਇਆ ਹੈ। ਮਿਥ ਜਗਤ ਨੇ ਧੌਲ ਨੂੰ ਧਰਤੀ ਦਾ ਆਸਰਾ, ਕਛੂ ਕੁੰਮੇ ਨੂੰ ਬੈਲ ਦਾ ਆਸਰਾ ਤੇ ਪਾਣੀ ਨੂੰ ਕਛੂ ਕੁੰਮੇ ਦਾ ਆਸਰਾ ਮੰਨ ਕੇ ਧਰਤੀ ਧਰਾਤਲ ਦੀ ਮਿਥ ਸਿਰਜੀ ਹੈ। ਗੁਰੂ ਨਾਨਕ ਕਾਲੀਨ ਸੋਚ ਵਿੱਚ ਇਸ ਮਨੌਤ ਨੂੰ ਧਾਰਮਿਕ ਭਾਵਨਾ ਨਾਲ ਵੇਖਿਆ ਜਾਂਦਾ ਸੀ। ਨਾਨਕ ਬਾਣੀ ਵਿੱਚ ਇਸ ਮਨੌਤ ਦਾ ਖੰਡਨ ਕੀਤਾ ਗਿਆ ਅਤੇ ਅਸਲ ਬੋਧ ਵੀ ਕਰਵਾਏ ਗਏ ਹਨ। ਇਹ ਪੁਰਾਤਨ ਰੂਪ ਮਿੱਥ ਮਨੌਤਾਂ ਨੂੰ ਪ੍ਰਕਿਰਤੀ ਪੂਰਵਕ ਸਮਝਾਉਣ ਦਾ ਉਪਰਾਲਾ ਹਨ। ਇਹ ਯਤਨ ਨਿਰਾ ਪ੍ਰਕਿਰਤੀ ਪੂਰਵਕ ਸਮਝਾਉਣਾ ਹੀ ਨਹੀਂ ਸਗੋਂ ਅਧਿਆਤਮਕ ਰੰਗਣ ਵਿਚ ਪੇਸ਼ ਕਰਨ ਦਾ ਯਤਨ ਵੀ ਹਨ।

ਗੁਰੂ ਸਾਹਿਬ ਨੇ ਲਿਖਿਆ ਹੈ, ਧਰਮ ਧੌਲ ਹੈ, ਦਯਾ ਇਸਦੀ ਜਣਨੀ ਹੈ, ਇਸ ਦਯਾ ਪੁੱਤਰ ਧਰਮ(ਧੌਲ) ਨੇ ਵਿਸ਼ਵ ਪਸਾਰੇ ਵਿਚ ਸੁਵਿਵਸਥਾ, ਇਕਤਾਮਤਾ ਅਤੇ ਇਕਸਾਰਤਾ ਪੈਦਾ ਕਰ ਕੇ ਰੱਖੀ ਹੈ।[1] ਵਿਗਿਆਨੀ ਇਸੇ ਧਰਮ ਨੂੰ ਵਿਗਿਆਨਕ ਬੋਧ ਦੇ ਅਧੀਨ ਸ੍ਰਿਸ਼ਟੀ ਦਾ ਆਕਰਸ਼ਨ ਆਖ ਲੈਂਦੇ ਹਨ।

---

1. ਧੌਲੁ ਧਰਮ ਦਇਆ ਕਾ ਪੂਤੁ। ਸੰਤੋਖੁ ਥਾਪਿ ਰਖਿਆ ਜਿਨਿ ਸੂਤਿ।
ਜੇ ਕੋ ਬੁਝੈ ਹੋਵੈ ਸਚਿਆਰੁ। ਧਵਲੈ ਉਪਰਿ ਕੇਤਾ ਭਾਰੁ।
ਧਰਤੀ ਹੋਰੁ ਪਰੈ ਹੋਰੁ ਹੋਰੁ। ਤਿਸ ਤੇ ਭਾਰੁ ਤਲੈ ਕਵਣੁ ਜੋਰੁ।

ਪਾਉੜੀ 16, ਜਪੁਜੀ, ਪੰਨਾ 3

(੪) <u>ਸ੍ਰਿਸ਼ਟੀ</u>

ਸ੍ਰਿਸ਼ਟੀ ਸੰਬੰਧੀ ਮਿਥ ਚੇਤਨਾ ਨੇ ਹਰ ਧਰਮ ਵਿੱਚ ਅਨੇਕ ਮਿਥ ਕਥਾਵਾਂ ਦਾ ਨਿਰਮਾਣ ਕੀਤਾ ਹੈ। ਈਸਾਈ ਧਰਮ, ਇਸਲਾਮ ਅਤੇ ਹਿੰਦੂ ਗ੍ਰੰਥਾਂ ਵਿਚ ਵੀ ਅਜਿਹੇ ਬਿਆਨ ਦਰਜ ਹਨ। ਅਸਲ ਵਿਚ ਸ੍ਰਿਸ਼ਟੀ ਸੰਬੰਧੀ ਮਿਥ ਚਿੰਤਨ, ਇਤਿਹਾਸ ਦੇ ਜਗਤ ਦਾ ਇਕ ਮਹਤੱਵ ਪੂਰਣ ਅੰਗ ਹੈ। ਸ੍ਰਿਸ਼ਟੀ ਦੇ ਵਿਸ਼ਾਲ ਪਸਾਰੇ, ਧਰਤੀ, ਜਲ ਥਲ, ਪਹਾੜ, ਦਰਿਆ, ਆਸਮਾਨ, ਚੰਨ ਤਾਰੇ, ਸੂਰਜ ਪਸ਼ੂ ਪੰਛੀ, ਅੰਡਜ, ਜੇਰਜ, ਸੇਤਜ, ਉਤਭੁਜ ਅਤੇ ਪ੍ਰਾਣਾਂ ਦੇ ਪਸਾਰੇ, ਸ੍ਰਿਸ਼ਟੀ ਦੇ ਆਰੰਭ, ਇਤਿਆਦ ਨੂੰ ਜਾਣਨ ਦੀ ਲੋਚਾ ਮਨੁੱਖ ਦੀ ਕੁਦਰਤੀ ਲੋਚਾ ਤੇ ਭੁੱਖ ਹੈ। ਪਰ ਇਸ ਅਪਰ ਅਪਾਰ ਪਸਾਰੇ ਦਾ ਗਿਆਨ ਸੀਮਿਤ ਬੌਧਿਕ ਗਿਆਨ ਨਾਲ ਪਾਉਣਾ ਔਖਾ ਹੈ। ਜਿਵੇਂ ਅੱਜ ਵਿਗਿਆਨ ਦੇ ਆਸਰੇ ਨਾਲ ਸ੍ਰਿਸ਼ਟੀ ਨੂੰ ਸਮਝਣ ਦਾ ਯਤਨ ਹੋ ਰਿਹਾ ਹੈ। ਇਵੇਂ ਹੀ ਮਿਥ ਕਥਾਵਾਂ ਅਤੇ ਕਲਪਨਾਂ ਦੇ ਸਹਾਰੇ, ਪ੍ਰਾਚੀਨ ਲੋਕਾਂ ਨੇ, ਆਪਣੇ ਖਿਆਲੇ ਨਾਲ ਸਾਰ ਪਾਉਣ ਦੀ ਕੋਸ਼ਿਸ਼ ਕੀਤੀ। ਪਰ ਇਹ ਮੁਢਲੀ ਕੋਸ਼ਿਸ਼ ਐਸੀ ਸੰਸਕਾਰਾਂ ਤੇ ਮਨ ਦੇ ਸੰਸਾਰ ਦਾ ਹਿੱਸਾ ਬਣੀ ਕਿ ਬਹੁਤ ਸਾਰੀਆਂ ਸੰਸਾਰ ਦੀਆਂ ਜਾਤੀਆਂ ਵਿੱਚ ਵਿਗਿਆਨ ਦੇ ਪਸਾਰੇ ਨਾਲ ਵੀ ਮਿਥ ਬੋਧ ਘਟਿਆ ਨਹੀਂ। ਇਸਦਾ ਕਾਰਣ ਇਹ ਵੀ ਹੋ ਸਕਦਾ ਹੈ ਕਿ ਬਹੁਤ ਮਿਥ ਕਥਾਵਾਂ ਦਾ ਸੰਬੰਧ ਧਰਮ ਦੇ ਸੰਸਾਰ ਨਾਲ ਜੁੜਿਆ ਹੁੰਦਾ ਹੈ ਤੇ ਧਰਮ ਭਾਵਨਾ ਨੂੰ ਸਹਿਜੇ ਹੀ ਪੁੱਟ ਦੇਣਾ ਮੁਸ਼ਕਿਲ ਹੈ।

ਹਿੰਦੂ ਬ੍ਰਾਹਮਣ ਗ੍ਰੰਥਾਂ, ਪੁਰਾਣਾਂ ਵੇਦ ਤੇ ਮਹਾਂਕਾਵਿ ਗ੍ਰੰਥਾਂ ਵਿਚ ਵੀ ਸ੍ਰਿਸ਼ਟੀ ਬਾਰੇ ਅਨੇਕ ਮਿਥ-ਕਥਾਵਾਂ ਦਾ ਨਿਰਮਾਣ ਹੋਇਆ ਹੈ। ਪੁਰਾਣਾਂ ਦੇ ਪੰਜ ਵਿਸ਼ਿਆਂ ਵਿਚੋਂ ਸ੍ਰਿਸ਼ਟੀ ਸੰਬੰਧੀ ਕਥਾਵਾਂ 'ਸਰਗ' ਵਿਸ਼ੇ ਦੇ ਅੰਤਰਗਤ ਰੱਖੀਆਂ ਜਾਂਦੀਆਂ ਹਨ। ਪੁਰਾਣ ਰਚਨ ਹਾਰਿਆਂ ਕੋਲ, ਸਮਕਾਲੀ ਲੋਕ ਮਨੌਤਾਂ, ਅਤੇ ਕਲਪਨਾ ਦਾ ਵੱਡਾ ਸਹਾਰਾ, ਇਨ੍ਹਾਂ ਕਥਾਵਾਂ ਨੂੰ ਸਿਰਜਨ ਵਿੱਚ ਸਮਰਥ ਹੋਇਆ ਹੈ।

ਸ੍ਰਿਸ਼ਟੀ ਰਚਨਾ ਬਾਰੇ ਭਾਈ ਕਾਨ੍ਹ ਸਿੰਘ ਨਾਭਾ ਨੇ ਤੈਤਰੀਯ ਬ੍ਰਾਹਮਣ ਦਾ ਹਵਾਲਾ ਦੇਂਦਿਆਂ ਹੋਇਆਂ ਲਿਖਿਆ ਹੈ, 'ਪ੍ਰਜਾਪਤੀ ਨੇ ਆਪਣੇ ਆਪ ਨੂੰ ਪ੍ਰਗਟ ਕਰਨ ਦੀ ਇੱਛਾ ਨਾਲ ਤਪ ਕੀਤਾ ਤਾਂ ਉਸ ਦੇ ਸਵਾਸ ਵਿਚ ਸ਼ਕਤੀ ਆ ਗਈ। ਉਸ ਨੇ ਆਪਣੇ 'ਅਸੁ'(ਸਵਾਸ) ਨਾਲ ਅਸੁਰ(ਦੈਂਤ) ਉਤਪੰਨ ਕੀਤੇ। ਫਿਰ ਪਿਤਰ ਰਚੇ, ਪਿਤਰਾਂ ਨੂੰ ਉਤਪੰਨ ਕਰਕੇ ਉਸਨੇ ਹੋਰ ਕੁ ਸੋਚਿਆ ਤਾਂ ਆਦਮੀ ਹੋਏ, ਜਦ ਇਹ ਆਦਮੀਆਂ ਨੂੰ ਉਤਪੰਨ ਕਰ ਰਿਹਾ ਸੀ ਤਾਂ ਦਿਨ ਚੜ੍ਹ ਪਿਆ ਜਦ ਇਸਨੇ ਦੇਵਤੇ ਉਤਪੰਨ ਕੀਤੇ। ਸ਼ਤ ਪੱਥ ਬ੍ਰਾਹਮਣ ਵਿੱਚ ਮਨੁੱਖਾਂ ਦੀ ਅਤੇ ਪਸ਼ੂਆਂ ਦੀ ਉਤਪਤੀ ਦਾ ਹਾਲ ਇਉਂ ਲਿਖਿਆ ਹੈ ਕਿ ਪਹਿਲਾਂ ਇੱਕਲਾ ਪ੍ਰਜਾਪਤੀ ਸੀ, ਉਸਨੇ ਅੰਨ ਪੈਦਾ ਕਰਕੇ ਉਨ੍ਹਾਂ ਵਿਚ ਆਪ ਉਤਪੰਨ ਹੋਣ ਦਾ ਯਤਨ ਕੀਤਾ। ਉਸਨੇ ਆਪਣੇ ਪ੍ਰਾਣਾਂ ਤੋਂ ਪਸ਼ੂ, ਆਤਮਾ ਦੇ ਨੇਕ, ਅੱਖ ਦੇ ਘੋੜੇ, ਸਵਾਸ ਦੇ

ਥੰਨ, ਕੰਨ ਵਾਂਗ ਤੀਆਂ, ਅਤੇ ਆਵਾਜ਼ ਦੀਆਂ ਬਹਰੀਆਂ ਬਣਵਾਈਆਂ।[1]

ਪੁਰਾਣਾਂ ਅਨੁਸਾਰ ਭਗਵਾਨ ਵਿਸ਼ਨੂੰ ਨੇ ਕਮਲ ਰੂਪ ਧਾਰੀ ਪ੍ਰਿਥਵੀ ਦਾ ਨਿਰਮਾਣ ਕੀਤਾ ਜਿਥੋਂ ਐਂਡੇ ਰਚਕੇ ਬ੍ਰਹਮਾ ਪੈਦਾ ਹੋਇਆ ਤਾਂ ਸ੍ਰਿਸ਼ਟੀ ਦਾ ਕਾਰਜ ਨਿਰਮਾਣ ਸ਼ੁਰੂ ਹੋਇਆ।[2]

ਹਰਿਵੰਸ਼ ਪੁਰਾਣ ਅਨੁਸਾਰ 'ਭਗਵਾਨ ਨੇ ਪਹਿਲੇ ਜਲ ਦੀ ਰਚਨਾ ਕੀਤੀ ਫਿਰ ਉਸ ਵਿੱਚ ਆਪਣਾ ਬੀਜ ਪਾਇਆ। ਇਹ ਬੀਜ ਹਿਰਣਯ ਵਰਣ ਦਾ 'ਅੰਡਾ' ਹੋ ਗਿਆ। ਉਸ ਅੰਡੇ ਤੋਂ ਸ੍ਵਯੰਭੂ ਕਹੇ ਜਾਣ ਵਾਲੇ ਬ੍ਰਹਮਾ ਜੀ ਦੀ ਉਤਪਤੀ ਹੋਈ। ਇਕ ਵਰ੍ਹਾ ਅੰਡੇ ਵਿੱਚ ਰਹੇ ਕਿ ਬ੍ਰਹਮਾ ਜੀ ਨੇ ਇਸ ਦੇ ਦੋ ਖੰਡ ਕਰ ਦਿੱਤੇ। ਇਕ ਖੰਡ ਤੋਂ ਪ੍ਰਿਥਵੀ ਅਤੇ ਦੂਸਰੇ ਤੋਂ ਦੇਵ ਲੋਕ ਦੀ ਰਚਨਾ ਕੀਤੀ.........।"[3]

ਸ੍ਰਿਸ਼ਟੀ ਸੰਬੰਧੀ ਉਪਰੋਕਤ ਮਿਥ ਕਥਾਵਾਂ ਕਲਪਨਾ ਅਤੇ ਅਤਿਸ਼ਯੋਕਤੀ ਦਾ ਅੰਗ ਹਨ ਪਰ ਇਨ੍ਹਾਂ ਵਿੱਚ ਅਸੀਮ ਨੂੰ ਜਾਣਨ ਦੀ ਲਾਲਸਾ ਜ਼ਰੂਰ ਹੈ।

ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਸ੍ਰਿਸ਼ਟੀ ਕਰਤਾ, ਇਸਦੀ ਉਤਪਤੀ, ਸ੍ਰਿਸ਼ਟੀ ਦੇ ਪਸਾਰੇ, ਇਸਦੇ ਮੁੱਢ ਅਤੇ ਅੰਤ ਅਰਥਾਤ, ਆਰੰਭ, ਵਿਸਤਾਰ ਅਤੇ ਲੈ ਬਾਰੇ ਸੰਕੇਤ ਆਏ ਹਨ।

ਸ੍ਰਿਸ਼ਟੀ ਦੀ ਉਤਪਤੀ ਤੇ ਵਿਕਾਸ।

ਗੁਰੂ ਸਾਹਿਬ ਨੇ ਸ੍ਰਿਸ਼ਟੀ ਦਾ ਕਰਤਾ ਪਰਮਾਤਮਾ ਨੂੰ ਮੰਨਿਆ ਹੈ। ਇਹ ਰਚਨਾ ਨਾ ਹੀ ਪਰਜਾਪਤੀ, ਨਾ ਹੀ ਵਿਸ਼ਨੂੰ ਅਤੇ ਨਾ ਹੀ ਬ੍ਰਹਮਾ ਦੀ ਕਿਰਤ ਹੈ। ਸਗੋਂ ਇਸਦਾ ਕਥਿਤ ਰਚਨਹਾਰ ਬ੍ਰਹਮਾ ਵੀ ਹਰੀ ਨੇ ਬਣਾਇਆ।[4] ਆਪ ਨੇ ਸ੍ਰਿਸ਼ਟੀ ਨੂੰ ਨਿਰੰਕਾਰ ਦੀ ਸੱਚੀ ਕਿਰਤ ਆਖਿਆ ਹੈ। ਸੁਰਿੰਦਰ ਸਿੰਘ ਕੋਹਲੀ(ਡਾ.) (ਸਿੱਖ ਦਰਸ਼ਨ,ਪੰਨਾ 31) ਅਨੁਸਾਰ, ਨਾਨਕ ਬਾਣੀ ਵਿੱਚ ਸ੍ਰਿਸ਼ਟੀ ਰਚਨਾ ਦੇ ਤਿੰਨ ਭਾਰਤੀ ਸਿਧਾਂਤ,(1) ਆਰੰਭਵਾਦ, ਪਰਿਣਾਮਵਾਦ ਅਤੇ ਵਿਵਰਤਵਾਦ ਵਿਚੋਂ ਇਹ ਸਤਕਾਰਜਵਾਦ ਅਰਥਾਤ ਬ੍ਰਹਮ, ਪਰਿਣਾਮਵਾਦ ਦੇ ਅਤਿਅੰਤ ਨੇੜੇ ਹੈ। ਇਹ ਸਿਰਜਨਾ ਪਰਮ ਪਰਾਤਪਰ ਦੀ ਉਦੇਸ਼ਰਥਕ ਸ਼ਕਤੀ ਰਾਹੀਂ ਕਵਾਓ ਤੋਂ ਪਸਾਓ ਵਿਚ ਆਈ ਹੈ।[5] ਇਹ ਕਵਾਓ

---

1. ਮਹਾਨ ਕੋਸ਼, ਪੰਨਾ 187
2. ਉਹੀ ਪੰਨਾ 187
3. ਹਰਿਵੰਸ਼ ਪੁਰਾਣ, ॥ ਹਰਿਵੰਸ਼ ਪਾਰਵ-1-5/35-38
4. ਓਅੰਕਾਰਿ ਬ੍ਰਹਮਾ ਉਤਪਤਿ, ਰਾਮਕਲੀ ਰਾਗੁ(ਦਖਣੀ ਓਅੰਕਾਰ),ਪੰਨਾ 925
5. ਕੀਤਾ ਪਸਾਉ ਏਕੋ ਕਵਾਉ। ਤਿਸ ਤੇ ਹੋਏ ਲਖ ਦਰੀਆਉ।
 - ਕੁਦਰਤਿ ਕਵਣ ਕਹਾ ਵੀਚਾਰੁ। ਵਾਰਿਆ ਨਾ ਜਾਵਾ ਏਕ ਵਾਰ।
 'ਜਪੁ', ਪਉੜੀ, 16, ਪੰਨਾ 3

ਅਤੇ ਪਸਾਰ , ਇਸਲਾਮ ਦੇ ਕੁੰਨ ਫਯਕੂੰਨ ਨਾਲੋਂ ਕੁਝ ਭਿੰਨ ਹੈ। ਕੁੰਨ ਅਤੇ ਫਯਕੂੰਨ ਵਿੱਚ ਇਕ ਦਮ ਹੋ ਜਾਣ ਵਾਲਾ ਚਮਤਕਾਰ ਹੈ। ਪਰ ਇਸ ਵਿੱਚ ਸਹਿਜ ਵਿਕਾਸ ਤੇ ਪਸਾਰਾ ਹੈ।[1] ਮਾਰੂ ਰਾਗ 'ਸੋਲਹੇ'[2] ਵਿੱਚ ਸੁੰਨ ਤੋਂ ਹੋਏ ਪਸਾਰੇ ਦਾ ਬੜਾ ਵਿਸਤ੍ਰਿਤ ਬਿਆਨ ਹੈ। ਸੁੰਨ ਤੋਂ ਪਉਣ ਪਾਣੀ, ਧਰਤੀ ਆਕਾਸ਼ ਪਾਤਾਲ, ਬ੍ਰਹਮਾ, ਬਿਸਨ, ਮਹੇਸ਼, ਖੰਡਾਂ ਬ੍ਰਹਮੰਡਾਂ ਇਤਿਆਦਿ ਸਭ ਦੀ ਉਤਪਤੀ ਹੋਈ ਹੈ।[3] ਇਸ ਤੋਂ ਪਹਿਲਾਂ ਅਰਬਦ ਨਰਬਦ ਧੁੰਧੂਕਾਰਾ ਅਤੇ 'ਕੇਤੇ ਜੁਗ' ਦੀ ਪ੍ਰਭੂ ਦੀ ਤਾੜੀ ਸੀ। ਇਹ ਮਿਥ ਸਿਰਜਣਤਾ ਹੈ ਜਿਸ ਵਿਚ ਸਾਰੇ ਪਸਾਰੇ ਦੇ ਅਲੌਕਿਕ ਤੇ ਅਦਭੁਤ ਚੀਜ਼ਾਂ ਨੂੰ ਕਲਾਵੇ ਵਿਚ ਲੈ ਲਿਆ ਗਿਆ ਹੈ ਤੇ ਜਿਸਦਾ ਸੰਬੰਧ ਵਿਕੋਲਿਤ੍ਰੇ ਰੂਪ ਵਿੱਚ ਵੱਖ ਵੱਖ ਵਿਅਕਤੀਆਂ ਨਾਲ ਜੋੜਨ ਤੋਂ ਗੁਰੇਜ਼ ਕੀਤਾ ਹੈ।

## ਸ੍ਰਿਸ਼ਟੀ ਦੀ ਸੀਮਾ

ਸ੍ਰਿਸ਼ਟੀ ਦੀ ਸੀਮਾ ਸੰਬੰਧੀ ਵੀ ਅਨੇਕ ਕਲਪਨਾਵਾਂ, ਵੱਖ ਵੱਖ ਧਰਮਾਂ ਵਿੱਚ ਮਿਥ ਚੇਤਨਾ ਦੇ ਅੰਤਰਗਤ ਹੋਂਦ ਵਿਚ ਆਈਆਂ ਹਨ। ਇਸਲਾਮ ਚੌਦਾਂ ਖੰਡਾਂ ਦੀ ਗੱਲ ਕਰਦਾ ਹੈ। ਹਿੰਦੂ ਚੌਦਾਂ ਲੋਕ ਜਾਂ ਖੰਡ ਮੰਨਦੇ ਹਨ।[4] ਤਿੰਨ ਲੋਕਾਂ, ਸੁਰਗ ਪ੍ਰਿਥਮੀ ਅਤੇ ਆਕਾਸ਼ ਦੀ ਗੱਲ ਤਾਂ ਆਮ ਪ੍ਰਚਲਤ ਹੈ। ਪ੍ਰਿਥਵੀ ਦੇ ਨੌ ਖੰਡਾਂ ਦਾ ਬਾਣੀ ਵਿਚ ਵਰਨਣ ਆਇਆ ਹੈ। ਇਸ ਸੰਬੰਧੀ ਨਾਨਕਬਾਣੀ ਵਿੱਚ 'ਇਹ ਗਿਣਤੀ ਮਿਣਤੀ ਦੇ ਪਦ, ਵਿਆਖਿਆਤਮਕ ਪਦ ਹਨ ਕਿਸੇ ਵਿਸ਼ਵਾਸ਼ ਦੇ ਧਾਰਨੀ ਨਹੀਂ।[5] ਨਾਨਕ ਬਾਣੀ ਸ੍ਰਿਸ਼ਟੀ ਦੇ ਕਿਸੇ ਭਾਗ ਨੂੰ ਵੀ ਸੀਮਾਬੱਧ ਨਹੀਂ ਕਰਦੀ ਸਗੋਂ ਸ੍ਰਿਸ਼ਟੀ ਦੇ ਪ੍ਰਸੰਗ ਵਿੱਚ ਗੱਲ ਕਰਦਿਆਂ ਪ੍ਰਭ ਦੀ ਰਚਨਾ ਨੂੰ ਅਸੀਮ ਤੇ ਅਨੰਤ ਹੀ ਆਖਿਆ ਹੈ।[6] ਲਖਾਂ ਆਕਾਸ਼ ਹਨ, ਲਖਾਂ ਪਾਤਾਲ ਹਨ।[7] ਜੋ ਅਸੀਮ ਤੇ ਅਨੰਤ ਦੀ ਭਾਵਨਾ, ਮਿਥ ਚੇਤਨਾ ਦੀ ਸੀਮਾ ਵਿਚ ਬਣੀ ਭਾਵਨਾ ਨੂੰ ਬੇਦਰਦੀ ਨਾਲ ਕੱਟਦੀ ਹੈ।[8]

ਇਸ ਤਰ੍ਹਾਂ ਨਾਨਕ ਬਾਣੀ ਵਿਚ ਸ੍ਰਿਸ਼ਟੀ ਨੂੰ ਪਰਮ ਪਰਾਤਪਰ ਨਾਲ ਸਿੱਧੇ ਰੂਪ ਵਿਚ ਸੰਬੰਧਿਤ ਕਰਕੇ, ਮਿਥ ਚੇਤਨਾ ਤੋਂ ਨਿਰਲੇਪ ਹੋਣ ਦੀ ਭਾਵਨਾ ਪ੍ਰਗਟ ਹੋਈ ਹੈ।

---

1. ਸਸੈ ਸਭੁ ਜਗੁ ਸਹਜਿ ਉਪਾਇਆ ਤੀਨੇ ਭਵਨ ਇਕ ਜੋਤੀ। ਰਾਮਕਲੀ ਰਾਗੁ(ਦਖਣੀ ਓਅੰਕਾਰ)ਪੰਨਾ 730
2. ਜਪੁ ਸਾਹਿਬ, ਮਾਰੂ ਰਾਗੁ, ਰਾਮਕਲੀ ਰਾਗੁ(ਦਖਣੀ ਓਅੰਕਾਰ), ਸਿਰੀ ਰਾਗੁ(ਪਹਰੇ) ਅਤੇ ਹੋਰ ਅਨੇਕ ਥਾਵਾਂ ਤੇ ਸ੍ਰਿਸ਼ਟੀ ਬਾਰੇ ਸੰਕੇਤ ਆਏ ਹਨ।
3. ਮਾਰੂ ਰਾਗ,(ਸੋਲਹੇ),ਪੰਨਾ 1035,36,37
4. ਸੁਰਿੰਦਰ ਸਿੰਘ ਕੋਹਲੀ(ਡਾ:), 'ਸਿਖ ਦਰਸ਼ਨ', ਪੰਨਾ 30
5. ਉਹੀ ਪੰਨਾ 30
6. ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ। 'ਜਪੁ' ਪਉੜੀ 22,ਪੰਨਾ 5
7. ਪਾਤਾਲਾ ਪਾਤਾਲ ਲਖ ਆਗਾਸਾ ਆਗਾਸ, ਉਹੀ ਪੰਨਾ 5
8. ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ। ਉਹੀ ਪਉੜੀ 21, ਪੰਨਾ 4

(ਅ) ਕਾਲ-ਵੰਡ

ਪੁਰਾਣ ਸਾਹਿਤ ਵਿੱਚ ਤਿੰਨ ਪ੍ਰਮੁਖ ਕਾਲ ਗਣਨਾ ਪਧਤੀਆਂ ਉਪਲਬਧ ਹਨ:

(1) ਯੁੱਗ ਗਣਨਾ ਪਧਤੀ, ਜਿਹੜੀ ਕ੍ਰਿਤਯੁਗ, ਤ੍ਰੇਤਾ, ਦੁਆਪਰ ਅਤੇ ਕਲਯੁੱਗ ਦੀ ਕਲਪਨਾ ਉਪਰ ਆਧਾਰਿਤ ਹੈ।

(2) ਮਨਵੰਤਰ ਗਣਨਾ ਪਧਤੀ-ਇਸਦੇ ਅੰਤਰਗਤ ਚੌਦਾਂ ਮਨਵੰਤਰਾਂ ਦੀ ਕਲਪਨਾ ਕੀਤੀ ਗਈ ਹੈ।

(3) ਤੀਜੀ ਪਧਤੀ ਸਪਤ ਰਿਸ਼ੀ ਯੁਗ ਦੀ ਧਾਰਣਾ ਸਾਹਮਣੇ ਰੱਖਦੀ ਹੈ। ਇਹ ਆਕਾਸ਼ ਸਥਿਤ ਸਪਤਰਿਸ਼ੀ ਤਾਰਿਆਂ ਦੀ ਸਥਿਤੀ ਉਪਰ ਆਧਾਰਿਤ ਹੈ ਅਤੇ ਖਗੋਲ ਸਾਸਤ੍ਰ ਨਾਲ ਸੰਬੰਧਿਤ ਹੈ।[1]

ਮਨਵੰਤਰ ਗਣਨਾ ਪਧਤੀ ਅਤੇ ਸਪਤਰਿਸ਼ੀ ਗਣਨਾ ਪਧਤੀ ਨੂੰ ਨਾਨਕਬਾਣੀ ਵਿੱਚ ਵਿਸਤਾਰ ਨਹੀਂ ਮਿਲਿਆ। ਆਮ ਕਰਕੇ ਯੁੱਗ ਗਣਨਾ ਪਧਤੀ ਦੇ ਚਾਰ ਯੁੱਗਾਂ ਦਾ ਹੀ ਥਾਂਉਂ ਥਾਂਈਂ ਧਿਆਨ ਆਇਆ ਹੈ ਪਰ ਯੁਗ ਦੀ ਵਰ੍ਹਿਆਂ ਦੀ ਵੰਡ ਦਾ ਨਹੀਂ ਸਗੋਂ ਯੁੱਗਾਂ ਦੇ ਲੱਛਣਾਂ ਦਾ ਹੀ ਹੈ।

ਹਿੰਦੂ ਮਿਥਿਹਾਸਕ ਸ੍ਰੋਤ ਇਹ ਵੰਡ ਕੁਝ ਇਸ ਪ੍ਰਕਾਰ ਕਰਦੀ ਹੈ:

| | | |
|---|---|---|
| 1. | ਕ੍ਰਿਤਯੁੱਗ | 17,28,000 ਵਰ੍ਹੇ |
| 2. | ਤ੍ਰੇਤਾ ਯੁੱਗ | 12,96,000 ਵਰ੍ਹੇ |
| 3. | ਦੁਆਪਰ | 8,64,000 ਵਰ੍ਹੇ |
| 4. | ਕਲਯੁਗ | 4,32,000 ਵਰ੍ਹੇ |

ਉਪਰੋਕਤ ਵੰਡ ਵਿੱਚ ਕ੍ਰਿਤ ਯੁਗ(ਸਤ ਯੁਗ) ਸਭ ਤੋਂ ਵੱਡੀ ਅਵਧੀ ਵਾਲਾ ਹੈ ਪਰ ਕਲਯੁੱਗ ਸਭ ਤੋਂ ਛੋਟੀ ਅਵਧੀ ਵਾਲਾ ਹੈ।

ਸੰਧਿਆ ਤੇ ਸੰਧਿਆਂਸ:

ਯੁੱਗ ਦੇ ਆਰੰਭ ਦਾ ਸਮਾਂ ਸੰਧਿਆ ਅਤੇ ਸਮਾਪਤੀ ਦਾ ਸਮਾਂ ਸੰਧਿਆਂਸ ਕਹਿਲਾਉਂਦਾ ਹੈ ਅਤੇ ਇਨ੍ਹਾਂ ਦੋਹਾਂ ਦਾ ਪ੍ਰਮਾਣ ਹਰੇਕ ਯੁੱਗ ਦਾ ਦਸਵਾਂ ਦਸਵਾਂ ਹਿੱਸਾ ਹੁੰਦਾ ਹੈ।

ਮਹਾਂ ਯੁੱਗ:

ਯੁਗਾਂ ਦੀ ਇਕ ਚੌਕੜੀ ਨੂੰ ਮਹਾਂਯੁੱਗ ਦਾ ਨਾਮ ਦਿੱਤਾ ਗਿਆ ਹੈ। ਦੋ ਹਜ਼ਾਰ ਮਹਾਂ ਯੁੱਗਾਂ

---

1. 'ਪ੍ਰਾਚੀਨ ਚਰਿਤ੍ਰ ਕੋਸ਼', ਪੰਨਾ 1169

ਅਰਥਾਤ ਬ੍ਰਹਮਾ ਦਾ ਇਕ ਦਿਨ ਤੇ ਇਕ ਰਾਤ ਜੋ ਕੁਲ 864,00,00,000 ਵਰ੍ਹੇ ਬਣਦਾ ਹੈ ਕਲਪ ਕਹਿਲਾਉਂਦਾ ਹੈ।[1]

<u>ਯੁੱਗ ਲੱਛਣ</u>

ਚਾਰ ਯੁੱਗ ਹਨ ਤੇ ਚਾਰਾਂ ਦੇ ਹੀ ਵੱਖ ਵੱਖ ਲੱਛਣ, ਜੋ ਇਸ ਪ੍ਰਕਾਰ ਹਨ।

<u>1. ਕ੍ਰਿਤਯੁੱਗ(ਸਤਯੁੱਗ)</u>

ਲੋਕ ਭਲੇ ਕੰਮ ਕਰਦੇ ਸਨ। ਉਨ੍ਹਾਂ ਦੀ ਹਾਨੀ ਨਹੀਂ ਹੁੰਦੀ ਸੀ ਤੇ ਨਾ ਹੀ ਉਨ੍ਹਾਂ ਨੂੰ ਪੁਰਸ਼ਾਰਥ ਕਰਨਾ ਪੈਂਦਾ ਸੀ। ਅਭਿਮਾਨ, ਧੋਖਾ, ਝਗੜਾ, ਈਰਖਾ, ਸਖਤੀ, ਡਰ, ਸਾੜਾ, ਅਤੇ ਵੈਰ ਆਦਿ ਨਹੀਂ ਸਨ। ਹਰਿਕ ਜਾਤੀ ਦੇ ਲੋਕ ਆਪਣੇ ਕਰਤਵ ਨਿਭਾਉਂਦੇ ਸਨ ਤੇ ਧਰਮ ਉਤੇ ਚਲਦੇ ਸਨ।

<u>2. ਤ੍ਰੇਤਾ</u>

ਇਸ ਯੁੱਗ ਵਿਚ ਯੱਗ ਹੋਣ ਲੱਗੇ, ਧਰਮ ਦਾ ਚੌਥਾ ਹਿੱਸਾ ਘੱਟ ਗਿਆ। ਲੋਕ ਸੱਚ ਤਾਂ ਬੋਲਦੇ ਸਨ ਪਰ ਆਪਣੇ ਹਿੱਤਾਂ ਅਤੇ ਨਿੱਜ ਨੇਮਾਂ ਨੂੰ ਸਾਹਮਣੇ ਰੱਖਦੇ। ਬਲੀਦਾਨ ਅਤੇ ਹੋਮ ਪੂਜਣ ਆਦਿ ਕਰਮਾਂ ਦਾ ਪ੍ਰਚਾਰ ਸੀ। ਭਗਤੀ ਵੀ ਕਾਮਨਾ ਹਿਤ ਕੀਤੀ ਜਾਂਦੀ ਸੀ।

<u>3. ਦੁਆਪਰ</u>

ਇਸ ਯੁੱਗ ਵਿਚ ਨੇਕੀ ਅੱਧੀ ਰਹਿ ਗਈ। ਚਾਰ ਵੇਦ ਪ੍ਰਧਾਨ ਹੋਏ। ਰਸਮਾਂ ਤੇ ਅਨੁਸ਼ਠਾਨ ਵਧ ਗਏ। ਭਲਾਈ ਤੋਂ ਦੂਰ ਹੋ ਕੇ ਲੋਕਾਂ ਵਿਚ ਬਿਮਾਰੀਆਂ, ਉਪਾਧੀਆਂ ਅਤੇ ਕਾਮਨਾਵਾਂ ਦਾ ਵਾਧਾ ਹੋਣ ਲੱਗ ਪਿਆ। ਸੰਤਾਪ ਕਾਰਣ ਕਈ ਤੱਪ ਵਿਚ ਲਗ ਗਏ। ਕਈ ਸਵਰਗ ਸੁੱਖਾਂ ਦੀ ਪ੍ਰਾਪਤੀ ਲਈ ਯਗ ਅਤੇ ਪੁੰਨਦਾਨ ਕਰਨ ਲੱਗ ਪਏ।

<u>4. ਕਲਯੁਗ</u>

ਕਲਯੁੱਗ ਵਿਚ ਭਲਾਈ ਕੇਵਲ ਚੌਥਾ ਹਿਸਾ ਹੀ ਰਹਿ ਗਈ। ਵੇਦ ਸ਼ਾਸਤ੍ਰਾਂ ਦੇ ਨੇਮ, ਨੇਕੀ ਦੇ ਕੰਮ ਅਤੇ ਯਗ ਹੋਮ ਵੀ ਮੁੱਕ ਗਏ। ਮੁਸੀਬਤਾਂ, ਰੋਗ, ਕ੍ਰੋਧ, ਸੰਤਾਪ ਆਦਿ ਨੇ ਲੋਕਾਂ ਨੂੰ ਆਪਣੀ ਲਪੇਟ ਵਿਚ ਲੈ ਲਿਆ।

ਹਰ ਯੁਗ ਦੇ ਆਪਣੇ ਵੱਖੋ ਵੱਖ ਧਰਮ ਸਨ, ਸਤਯੁਗ ਵਿਚ ਧਿਆਨ, ਤ੍ਰੇਤਾ ਵਿੱਚ ਯੱਗ, ਦੁਆਪਰ ਵਿਚ ਯਗ ਦਾਨ ਅਤੇ ਪੂਜਨ ਅਤੇ ਕਲਯੁਗ ਵਿਚ ਹਰੀ ਦਾ ਨਾਮ।[2] ਵੱਖ ਵੱਖ ਯੁਗਾਂ ਦੇ ਰੰਗ ਵੀ ਵਖ ਵੱਖ ਸਨ।

---

1. ਉਪਰੋਕਤ ਸਾਰਾ ਵੇਰਵਾ, 'ਪ੍ਰਾਚੀਨ ਚਰਿਤ੍ਰ ਕੋਸ਼'(ਕ੍ਰਿਤ ਸਿਧੇਸ਼ਵਰੀ ਸ਼ਾਸਤ੍ਰੀ ਚਿਤ੍ਰਾਵ) ਪੰਨਾ 1160 ਅਤੇ 'ਮਹਾਨ ਕੋਸ਼'(ਕ੍ਰਿਤ ਭਾਈ ਕਾਨ੍ਹ ਸਿੰਘ ਨਾਭਾ), ਪੰਨਾ 735-36 ਵਿਚੋਂ ਲਿਆ ਗਿਆ ਹੈ।
2. ਉਹੀ, ਮਹਾਨ ਕੋਸ਼ ਪੰਨਾ 601, ਅਤੇ ਪ੍ਰਾਚੀਨ ਚਰਿਤ੍ਰ ਕੋਸ਼ ਵਿਚੋਂ
ਭਾਈ ਗੁਰਦਾਸ ਨੇ ਵੀ ਆਪਣੀ ਪਹਿਲੀ ਵਾਰ ਪਉੜੀ 5,6,7 ਵਿਚ ਕੁਝ ਏਹੀ ਯੁਗਾਂ ਦਾ ਵੇਰਵਾ ਅੰਕਿਤ ਕੀਤਾ ਹੈ।

ਪ੍ਰਲਯ (ਪਰਲੋ)

ਪ੍ਰਲਯ ਦਾ ਭਾਵ ਹੈ ਰੱਬੀ ਤਰ੍ਹਾਂ ਨਾਸ਼ ਹੋਣਾ। ਜੀਵਾਂ ਦੇ ਨਿਤ ਮਰਨ ਦਾ ਨਾਂ ਨਿਤਯ ਪ੍ਰਲਯ ਹੈ। ਉਂਜ ਪ੍ਰਲਯ ਦਾ ਭਾਵ ਸੰਸਾਰ ਦਾ ਲੀਨ ਹੋਣਾ ਹੈ। ਬ੍ਰਹਮਾ ਦੇ ਸੌਣ ਤੇ ਨੈਮਿਤਿਕ ਪ੍ਰਲਯ, ਬ੍ਰਹਮਾ ਦੇ ਮਰਨ ਪੁਰ ਪ੍ਰਾਕ੍ਰਿਤਕ ਪ੍ਰਲਯ। ਕਾਲ ਖੰਡ ਅਤੇ ਯੁਗ ਸੰਬੰਧੀ ਪੁਰਾਣਾਂ ਦੇ ਅਤੇ ਹੋਰ ਵੇਰਵੇ ਸੰਖੇਪ ਵਿੱਚ ਬਿਆਨ ਕੀਤੇ ਹਨ। ਗੁਰੂ ਨਾਨਕ ਬਾਣੀ ਵਿਚ ਵੀ ਚਾਰ ਯੁਗਾਂ ਦਾ ਵਰਨਣ ਬੜੀ ਥਾਈਂ ਆਇਆ ਹੈ। ਉਤਪਤ ਪਰਲੋ ਦੀ ਵਿਚਾਰਧਾਰਾ ਦੇ ਸੰਕੇਤ ਵੀ ਕੀਤੇ ਮਿਲਦੇ ਹਨ।

ਪੁਰਾਣਾਂ ਅਤੇ ਹੋਰ ਗ੍ਰੰਥਾਂ ਦੀ ਤਰ੍ਹਾਂ ਨਾਨਕ ਬਾਣੀ ਵਿਚ ਸਤਿਯੁਗ, ਤ੍ਰੇਤੇ, ਦੁਆਪਰ ਅਤੇ ਕਲਯੁੱਗ ਦੇ ਲੱਛਣ ਵੀ ਕੁਝ ਉਸੇ ਹੀ ਭਾਂਤ ਬਿਆਨੇ ਗਏ ਹਨ ਜਿਵੇਂ ਕਿ ਸਤਿਯੁਗ ਸਤ ਸੰਤੋਖ ਦਾ ਯੁੱਗ ਸੀ, ਤ੍ਰੇਤੇ ਵਿੱਚ ਕੁਝ ਧਰਮ ਦੀ ਹਾਨੀ ਹੋਈ, ਦੁਬਿਧਾ ਆਈ, ਧਰਮ ਦਾ ਚੌਥਾ ਹਿੱਸਾ ਘਟਿਆ। ਦੁਆਪੁਰ ਵਿੱਚ ਅੱਧਾ ਰਹਿ ਗਿਆ। ਕਲਯੁਗ ਵਿੱਚ ਕੂੜ ਪ੍ਰਧਾਨ ਹੋਇਆ ਹੈ।[1] ਸਾਰੇ ਯੁਗਾਂ ਨੂੰ ਰੱਥ ਨਾਲ ਤੁਲਨਾ ਦਿੱਤੀ ਗਈ ਹੈ ਤੇ ਹਰ ਯੁਗ ਵਿਚ ਜਿਹੜੀ ਪ੍ਰਧਾਨ ਬਿਰਤੀ ਹੈ ਉਹ ਰਥ ਚਾਲਕ ਹੈ। ਜਿਵੇਂ ਕਿ ਸਤਯੁਗ ਰੱਥ ਸੰਤੋਖ ਦਾ ਹੈ, ਧਰਮ ਉਸਦਾ ਰਥਵਾਨ ਹੈ, ਤ੍ਰੇਤਾ ਸਤ ਦਾ ਹੈ ਤੇ ਸ਼ਕਤੀ ਰਥਵਾਨ ਹੈ, ਦੁਆਪੁਰ ਤਪ ਦਾ ਹੈ ਅਤੇ ਸਤ ਉਸਦਾ ਰਥਵਾਨ, ਕਲਯੁਗ ਅਗਨੀ ਦਾ ਤੇ ਕੂੜ ਦਾ ਰਥਵਾਨ ਹੈ।[2] ਇਨ੍ਹਾਂ ਯੁਗਾਂ ਵਿੱਚ ਸਰੀਰਕ ਭਾਵਨਾਵਾਂ ਤੇ ਕ੍ਰਿਆਵਾਂ ਦਾ ਹੀ ਵਰਣਨ ਹੈ।

---

1. ਸਤਜੁਗਿ ਸਤੁ ਸੰਤੋਖ ਸਰੀਰਾ। ਸਤਿ ਸਤਿ ਵਰਤੈ ਗਹਿਰ ਗੰਭੀਰਾ।
ਤ੍ਰੇਤੈ ਧਰਮ ਕਲਾ ਇਕ ਚੂਕੀ। ਤੀਨਿ ਚਰਣ ਇਕ ਦੁਬਿਧਾ ਸੂਕੀ।
ਦਇਆ ਦੁਆਪੁਰਿ ਅਧੀ ਹੋਈ। ਗੁਰਮੁਖਿ ਵਿਰਲਾ ਚੀਨੈ ਕੋਈ।
ਕਲੀ ਕਾਲ ਮਹਿ ਇਕ ਕਲ ਰਾਖੀ। ਬਿਨੁ ਗੁਰ ਪੂਰੇ ਕਿਨੈ ਨਾ ਭਾਖੀ।
ਮਾਰੂ ਰਾਗੁ(ਸੋਲਹੇ), ਪੰਨਾ 1023-24

2. ਨਾਨਕ ਮੇਰੁ ਸਰੀਰ ਕਾ ਇਕੁ ਰਥੁ ਇਕੁ ਰਥਵਾਹੁ।
ਜੁਗੁ ਜੁਗੁ ਫੇਰਿ ਵਟਾਈਅਹਿ ਗਿਆਨੀ ਬੁਝਹਿ ਤਾਹਿ।
ਸਤਿਜੁਗਿ ਰਥੁ ਸੰਤੋਖ ਕਾ ਧਰਮੁ ਅਗੈ ਰਥਵਾਹੁ।
ਤ੍ਰੇਤੈ ਰਥੁ ਜਤੈ ਕਾ ਜੋਰੁ ਅਗੈ ਰਥਵਾਹੁ।
ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ। ਆਸਾ ਰਾਗੁ(ਵਾਰ), ਪੰਨਾ 470
ਰਾਮਨਾਮ ਵੇਦਾਂ ਮਹਿ ਸੁਰੁ। ਨਾਇ ਲਈਐ ਪਰਗਤ ਜਾਹਿ।
ਨਾਨਕ ਤਉ ਮੋਖੰਤਰੁ ਪਾਹਿ।
ਜੁਗ ਮਹਿ ਜੋਰਿ ਛਲੀ ਚੰਦ੍ਰਾਵਲਿ ਕਾਨ੍ਹੁ ਕ੍ਰਿਸਨੁ ਜਾਦਮੁ ਭਇਆ।
ਪਾਰਜਾਤੁ ਗੋਪੀ ਲੈ ਆਇਆ ਬਿੰਦ੍ਰਾਬਨ ਮਹਿ ਰੰਗੁ ਕੀਆ।
ਕਲਿ ਮਹਿ ਬੇਦੁ ਅਥਰਬਣੁ ਹੂਆ ਨਾਉ ਖੁਦਾਈ ਅਲਹੁ ਭਇਆ। ਉਹੀ, ਪੰਨਾ 470

ਜੁੱਗਾਂ ਦੇ ਅੰਤਰਗਤ ਪ੍ਰਧਾਨ ਧਾਰਮਿਕ ਬਿਰਤੀਆਂ ਅਤੇ ਮਿਥਿਹਾਸਕ ਬਾਰੇ ਵਾਕੀਆਂ ਤੇ ਇਤਿਹਾਸਕ ਘਟਨਾਵਾਂ ਦਾ ਵੀ ਵਰਨਣ ਹੋਇਆ ਹੈ ਜਿਵੇਂ ਕਿ ਤ੍ਰੇਤੇ ਵਿਚ ਰਾਮ ਦੀ ਬਹਾਦੁਰੀ, ਦੁਆਪਰ ਵਿਚ ਚੰਦ੍ਰਾਵਲ ਗੋਪੀ ਨੂੰ ਛਲਣ ਤੇ ਬਿੰਦ੍ਰਾਬਨ ਵਿਚ ਕ੍ਰਿਸ਼ਨ ਕ੍ਰੀੜਾ, ਕਲ ਵਿਚ ਇਸਲਾਮ ਦਾ ਵਧਦਾ ਪ੍ਰਭਾਵ। ਇਸਦੇ ਨਾਲ ਸਾਰੇ ਜੁਗਾਂ ਦੇ ਰੰਗਾਂ ਦਾ ਵਰਨਣ ਵੀ ਹੋਇਆ ਹੈ।

ਜੁਗਾਂ ਦੇ ਪ੍ਰਸੰਗ ਵਿੱਚ ਇਨ੍ਹਾਂ ਘਟਨਾਵਾਂ ਦਾ ਆ ਜਾਣਾ ਨਾਨਕ ਬਾਣੀ ਦੀ ਇਕ ਵਿਸ਼ੇਸ਼ ਗਲ ਹੈ। ਮੰਤਵ ਸਿਰਫ ਘਟਨਾਵਾਂ ਦੇਣ ਦਾ ਨਹੀਂ ਸਗੋਂ ਘਟਨਾਵਾਂ ਦੇ ਨਾਲ ਬਿਰਤੀਆਂ ਦੀ ਵਿਆਖਿਆ ਵੀ ਹੋਈ

ਗੁਰੂ ਨਾਨਕ ਬਾਣੀ ਵਿਚ ਪੂਰੇ ਪੁਰਾਣ ਯੁਗ ਵੰਡ ਨੂੰ ਸਵੀਕਾਰਿਆ ਨਹੀਂ ਗਿਆ। ਇਹ ਜੁੱਗ ਵੰਡ ਨਾ ਹੋ ਕੇ ਪ੍ਰਧਾਨ ਰੂਪ ਵਿਚ 'ਬਿਰਤੀ ਦੀ ਪ੍ਰਧਾਨਤਾ' ਦੀ ਵੰਡ ਹੈ। ਮਨਮੁਖ ਦਾ ਸਾਰਿਆਂ ਜੁੱਗਾਂ ਵਿਚ ਇਕੋ ਜਿਹਾ ਹੀ ਹਾਲ ਹੈ ਚਾਹੇ ਸਤਿਜੁਗ ਹੋਵੇ ਤੇ ਚਾਹੇ ਕਲਯੁੱਗ।

ਗੁਰੂ ਨਾਨਕ ਦੇਵ ਨੇ ਸਾਰੀ ਤ੍ਰੈਲੋਕੀ ਵਿੱਚ ਸੱਚ-ਪ੍ਰਕਾਸ਼ ਦੀ ਨਿਰੰਤਰ ਵਿਆਪਕ ਤੇ ਵਿਦਮਾਨ ਪ੍ਰਕਾਸ਼ ਲੜੀ ਦੇ ਦਰਸ਼ਨ ਵੀ ਕਰਵਾਏ ਹਨ। ਸੰਧਯਾ ਅਤੇ ਸੰਧਯਾਂਸ ਸਮੇਂ ਵੀ ਇਹ ਪ੍ਰਕਾਸ਼ ਲੜੀ ਟੁੱਟਦੀ ਨਹੀਂ। ਪਰਮ ਪਰਾਤਪਰ ਦੀ ਜੋਤ ਅੰਤਰਮੀ ਹੈ ਤੇ ਸਦਾ ਜਗਦੀ ਹੈ।[1] ਕਾਲ ਦੇ ਅੰਤਰਗਤ ਪ੍ਰਕਾਸ਼ ਲਹਿਰ ਦਾ ਕਾਇਮ ਹੋਣਾ ਪੁਰਾਣ ਵੰਡ ਦੇ ਵਿਸ਼ਵਾਸ਼ ਦਾ ਖੰਡਣ ਹੈ। ਚੌਹੋਂ ਜੁੱਗਾਂ ਦੇ ਸ਼ੁਰੂਆਤ ਤੋਂ ਪਹਿਲਾਂ ਵੀ ਉਸੇ ਪ੍ਰਕਾਸ਼ ਦੀ ਅਸਤਿਤ੍ਵ ਸੀ। ਜੁਗਾਂ ਵਿੱਚ ਵੀ ਰਹਿਆ ਤੇ ਰਹੇਗਾ। ਸੰਧਯਾ ਤੇ ਸੰਧਯਾਂਸ ਦੇ ਸਮੇਂ ਵੀ ਤੇ ਭਵਿਖ ਵਿਚ ਵੀ ਇਹ ਰਹੇਗਾ। ਇਹ ਇਲਾਹੀ ਦੀ ਲਹਿਰ ਸ੍ਰਿਸ਼ਟੀ ਦਾ ਬੜਾ ਖੂਬਸੂਰਤ ਅੰਗ ਹੈ।[2] ਆਪ ਮਹਾਂਯੁੱਗ ਜਾਂ ਕਲਪ ਆਦਿ ਦੇ ਚੱਕਰ ਵਿਚ ਨਹੀਂ ਪਏ। ਸ੍ਰਿਸ਼ਟੀ ਦੇ ਮੁਢ ਬਾਰੇ ਜੇ ਮਨੁੱਖ ਦਾ ਗਿਆਨ ਅੰਧੇਰੇ ਵਿਚ ਹੈ ਤਾਂ ਇਸਨੂੰ ਯੁਗਤੀ ਸੰਗਤ ਨਹੀਂ ਬਣਾਇਆ ਜਾ ਸਕਦਾ। ਹੈ ਕਾਲ ਵੰਡ ਦਾ ਆਧਾਰ ਵੀ ਇਸੇ ਦ੍ਰਿਸ਼ਟੀਕੋਣ ਤੋਂ ਨਿਰਾਧਾਰ ਬਣ ਜਾਂਦਾ ਹੈ।

---

1. (i) ਅੰਤਰਿ ਉਤਭੁਜੁ ਅਵਰੁ ਨ ਕੋਈ। ਜੋ ਕਹੀਐ ਸੋ ਪ੍ਰਭ ਤੇ ਹੋਈ।
ਜੁਗਹ ਜੁਗੰਤਰਿ ਸਾਹਿਬੁ ਸਚੁ ਸੋਈ। ਉਤਪਤਿ ਪਰਲਉ ਅਵਰੁ ਨ ਕੋਈ।
ਰਾਮਕਲੀ ਰਾਗ (ਅਸ਼ਟਪਦੀਆਂ), ਪੰਨਾ 905

(ii) ਵਰਤੈ ਸਭਨੀ ਜੁਗ ਚਉਖਾਰੇ ਘਟਿ ਘਟਿ ਵਰਤੈ ਉਦਰ ਮਝਾਰੇ।
ਜੁਗੁ ਜੁਗੁ ਏਕਾ ਏਕੋ ਵਰਤੈ ਕੋਈ ਬੂਝੈ ਗੁਰ ਵੀਚਾਰਾ ਹੇ।
ਮਾਰੂ ਰਾਗੁ (ਸੋਲਹੇ), 1026

2. ਸੋਈ ਚੰਦੁ ਚੜਹਿ ਸੇ ਤਾਰੇ, ਸੋਈ ਦਿਨੀਅਰੁ ਤਪਤ ਰਹੈ।
ਸਾ ਧਰਤੀ ਸੋ ਪਉਣੁ ਝੁਲਾਰੇ ਜੁਗ ਜੀਅ ਖੇਲੇ ਥਾਵ ਕੈਸੇ।
ਰਾਮ ਕਲੀ ਰਾਗ (ਅਸ਼ਟਪਦੀਆਂ), ਪੰਨਾ 902

ਨਾਨਕ ਬਾਣੀ ਵਿੱਚ ਨੈਤਿਕ ਮੁੱਲਾਂ ਨਾਲ ਸੰਬੰਧਿਤ 'ਸੁੱਰਗ ਨਰਕ' ਦੀ ਆਮ ਪ੍ਰਚਲਤ ਵਿਚਾਰਧਾਰਾ ਨੂੰ ਵੀ ਇਸ ਲਈ ਬਿਆਨ ਕੀਤਾ ਗਿਆ ਹੈ ਕਿ ਮਨੁੱਖ ਦਾ ਆਚਰਣ ਹੀ ਵੱਡਾ ਹੈ। ਕਾਮ ਦੰਭ ਤੇ ਸੁੱਰਗ ਨਰਕ ਦੀ ਧਿਰਤੀ ਏਸ ਆਚਰਣਕ ਪੱਖ ਨੂੰ ਹੀ ਧਿਆਨ ਰਖੀ ਹੈ। ਗੁਰੂ ਨਾਨਕ ਦੇਵ ਜੀ ਨੇ ਕਾਮ ਦੰਭ ਦੀ ਕੋਨ ਦੀ ਹਾਮੀ ਨਹੀਂ ਭਰੀ।

ਪ੍ਰਲਯ ਬਾਰੇ ਵੀ ਗੁਰੂ ਨਾਨਕ ਨੇ ਵਿਚਾਰ ਦਿੱਤੇ ਹਨ। ਪ੍ਰਲਯ ਨੂੰ ਬ੍ਰਹਮਾ ਦੇ ਸੌਣ ਜਾਂ ਲੀਨ ਹੋਣ ਨਾਲ ਜੋੜਦੇ ਸੀ ਪਰ ਆਪ ਨੇ ਇਸਨੂੰ ਪਰਮ ਪਰਾਤਪਰ ਨਾਲ ਜੋੜਿਆ ਹੈ ਕਿਉਂਕਿ ਸ੍ਰਿਸ਼ਟੀ ਨੂੰ ਸਿਰਜਨ ਵਾਲਾ ਵੀ ਉਹੀ ਹੈ, ਬ੍ਰਹਮਾ ਨਹੀਂ, ਤੇ ਲੀਨ ਕਰਨ ਵਾਲਾ ਵੀ ਉਹੀ ਹੈ ਬ੍ਰਹਮਾ ਨਹੀਂ ਹੋਵੇਗਾ।

## (ੲ) ਆਵਾਗਉਣ

ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ 'ਜੀਵਾਤਮਾ' ਦਾ ਸ਼ੁਭ ਅਸ਼ੁਭ ਕਰਮਾਂ ਦੇ ਫਲ ਭੋਗਣ ਲਈ, ਮਨੁੱਖ, ਪਸ਼ੂ ਪੰਛੀ ਆਦਿ ਚੌਰਾਸੀ ਲਖ ਜੂਨਾਂ ਵਿਚ ਜੰਮਣਾ ਮਰਨਾ ਇਸ ਸੰਸਾਰ ਚਕਰ ਤੋਂ ਆਤਮ ਗਿਆਨ ਪ੍ਰਾਪਤ ਹੋਣ ਪਰ, ਜਦ ਕਰਮ ਜਾਲ ਤੋਂ ਛੁਟਕਾਰਾ ਹੁੰਦਾ ਹੈ, ਦਰ ਜੀਵ ਮੁਕਤ ਪਾ ਕੇ ਸਦਾ ਲਈ ਆਵਾਗਵਨ ਤੋਂ ਰਹਿਤ ਹੋ ਜਾਂਦਾ ਹੈ।[1]

ਅਨਿਸ਼ਚੇ ਦੇ ਸੰਦਰਭ ਵਿੱਚ ਵਿਚਰਦਾ ਮਨੁੱਖ ਜੀਵਨ ਗਤੀ ਨੂੰ ਕਾਇਮ ਰੱਖਣ ਲਈ ਸੂਝੀ ਲੋਚਾ ਕਰਦਾ ਹੈ। ਉਹ ਆਪਣੇ ਸੰਬੰਧੀਆਂ, ਮਿਤ੍ਰਾਂ ਦਾ ਵਿਛੋੜਾ ਸਹਿਣ ਨਹੀਂ ਕਰ ਸਕਦਾ। ਜੀਵਨ ਦੇ ਅਸਤਿਤਵ ਨੂੰ ਉਹ ਜੇ ਏਥੇ ਕਾਇਮ ਰੱਖਣ ਵਿਚ ਅਸਮਰਥ ਹੈ ਤਾਂ ਉਹ ਪਾਰਲੌਕਿਕ ਥਾਵਾਂ ਦੀ ਸਿਰਜਣਾ ਕਰਦਾ ਹੈ, ਆਤਮਾ ਦੇ ਅਮਰ ਹੋਣ ਦੀ ਗੱਲ ਕਰਦਾ ਹੈ। ਆਵਾਗਉਣ ਦੇ ਸੰਕਲਪ ਪਿੱਛੇ ਵੀ ਇਹੋ ਸਿਧ ਚੇਤਨਾ ਕੰਮ ਕਰ ਰਹੀ ਪ੍ਰਤੀਤ ਹੁੰਦੀ ਹੈ। ਆਵਾਗਉਣ ਦੇ ਨਾਲ ਕਰਮਾਂ ਅਤੇ ਨੈਤਿਕਤਾ ਨੂੰ ਸੰਬੰਧਿਤ ਕਰ ਦਿੱਤਾ ਗਿਆ ਹੈ ਜਿਸ ਨਾਲ ਇਹ ਵਿਚਾਰ ਸਥਿਰ ਹੋ ਗਿਆ ਕਿ ਆਤਮਾ ਵਾਸਤਵ ਵਿਚ ਦੈਵੀ ਪ੍ਰਕ੍ਰਿਤੀ ਵਾਲੀ ਹੈ ਪੰਤੂ ਪਤਨ ਹੋ ਜਾਣ ਕਾਰਣ ਉਹ ਇਸ ਲੋਕ ਵਿੱਚ ਆਈ ਹੈ ਤੇ ਭੌਤਿਕ ਸਰੀਰ ਵਿਚ ਬੰਨੀ ਗਈ ਹੈ। ਵਾਰ ਵਾਰ ਜੂਨਾਂ ਵਿਚ ਪੈਣ ਤੇ ਸਰੀਰ ਧਾਰਣ ਕਰਨ ਦਾ ਕਾਰਣ ਭੀ ਇਹੀ ਪਤਨ ਹੈ।

### ਕਰਮ-ਆਵਾਗਵਨ ਤੇ ਚੁਰਾਸੀ ਲੱਖ ਜੂਨਾਂ

ਮੌਤ ਅਤੇ ਜਨਮ ਸ੍ਰਿਸ਼ਟੀ ਦੇ ਅਟਲ ਨੇਮ ਹਨ। ਜੋ ਘੜਿਆ ਹੈ ਉਹ ਭਜਦਾ ਹੈ। ਹਿੰਦੂ ਬਿਰਤੀ ਮਰਨ ਉਪਰੰਤ ਜੀਵਨ ਦੀ ਲੋੜ ਨੂੰ ਕਾਇਮ ਸਮਝ ਕੇ, ਆਵਾਗਵਨ ਦੇ ਚੱਕਰ ਨੂੰ ਮੰਨਦੀ ਹੈ। ਪਰ ਇਸ ਆਵਾਗਵਨ ਚੱਕਰ ਦੇ ਪਿਛੇ ਕਰਮਾਂ ਨੂੰ ਭੋਗਣ ਦੀ ਵਿਚਾਰਧਾਰਾ ਛੁਪੀ ਹੋਈ ਹੈ। 'ਇਹ ਕਰਮ ਜਾਂ ਚੰਗੇ ਹੋਣ ਜਾਂ ਮਾੜੇ ਭੁਗਤਣੇ ਹੀ ਪੈਂਦੇ ਹਨ।'[2] ਕਰਮਾਂ ਦਾ ਨਾਸ਼ ਭੋਗਣ ਨਾਲ ਹੀ ਹੁੰਦਾ ਹੈ, ਆਪਣੇ ਆਪ ਨਹੀਂ। ਜਦੋਂ ਪ੍ਰਲੈ ਪਿਛੋਂ ਪੁੰਨ ਸ੍ਰਿਸ਼ਟੀ ਦੀ ਰਚਨਾ ਹੁੰਦੀ ਹੈ, ਉਸ ਸਮੇਂ ਉਹ ਫਿਰ ਉਦਬੁਧ ਅਤੇ ਜਾਗ੍ਰਿਤ ਹੋ ਜਾਂਦਾ ਹੈ।[3] ਕਰਮਾਂ ਦਾ ਬੰਧਨ ਬੜਾ ਹੀ ਅਦਭੁਤ ਹੈ।

---

1. ਮਹਾਨ ਕੋਸ਼, ਪੰਨਾ 81
   ਨੋਟ: ਕਾਨ੍ਹ ਸਿੰਘ ਨਾਭਾ ਨੇ ਆਵਾਗਵਨ ਦੇ ਤਿੰਨ ਭੇਦਾਂ ਦਾ ਵਰਨਣ ਵੀ ਕੀਤਾ ਹੈ।
   (1) ਪੂਰਵ ਅਸਤਿਤਵ (2) ਸਧਾਰਨ ਆਵਾਗਵਨ (3) ਪੁਨਰਭਵ
2. ਨਾਰਦ ਪੁਰਾਣ II- 3/70
3. ਉਹੀ II-3/71

ਆਵਾਗਵਨ ਵਿਚ ਕੋਈ ਵੀ ਸਾਥੀ ਨਾਲ ਨਹੀਂ ਹੁੰਦਾ। ਕੇਵਲ ਸੁਕ੍ਰਿਤ ਅਤੇ ਦੁਸ਼ਕ੍ਰਿਤ ਕਰਮ ਹੀ ਨਾਲ ਜਾਂਦੇ ਹਨ।[1]

ਕਰਮਾਂ ਦੇ ਪ੍ਰਿਣੀ ਵਿਚ ਬੱਝਿਆ ਪ੍ਰਾਣੀ ਇਸ ਧਰਤੀ ਉਤੇ ਕਈ ਰੂਪਾਂ ਵਿਚ ਜਨਮ ਲੈਂਦਾ ਹੈ। ਅੰਡਜ, ਜੇਰਜ, ਸੇਤਜ, ਉਤਭੁਜ ਇਹ ਚਾਰ ਪ੍ਰਕਾਰ ਦੇ ਜੰਤੂਗਣ ਜਨਮ ਲੈਂਦੇ ਹਨ। ਇਹ ਚੁਰਾਸੀ ਲੱਖ ਜੋਨੀਆਂ ਹਨ। ਅੰਡੇ ਤੋਂ ਜਨਮ ਲੈਣ ਵਾਲੇ ਪੰਛੀ ਆਦਿ ਅੰਡਜ, ਸੇਤਜ(ਸਵੇਤਜ) ਪਸੀਨੇ ਤੇ ਭੁਟਣ ਤੋਂ ਜਨਮ ਲੈਣ ਵਾਲੇ, ਜ਼ਮੀਨ ਤੋਂ ਉਪਜਣ ਵਾਲੇ ਉਤਭੁਜ ਅਤੇ ਜਰਾ ਜਾਂ ਜੇਰ ਤੋਂ ਪੈਦਾ ਹੋਣ ਵਾਲੇ ਪਸ਼ੂ ਮਨੁੱਖ ਆਦਿ। ਇਹ ਜੰਤਵ੍ਰਿੰਦ 21 ਲੱਖ ਪ੍ਰਕਾਰ ਦੇ ਤਾਂ ਅੰਡਜ ਹੀ ਹਨ।[2] ਮਨੁੱਖ ਜੂਨੀ ਸਭ ਤੋਂ ਉਤਮ ਹੈ ਪਰ ਇਸ ਵਿਚ ਵੀ ਸੰਚਤ ਕਰਮਾਂ ਅਨੁਸਾਰ, ਬ੍ਰਹਮਣ, ਖਤ੍ਰੀ, ਸੂਦਰ, ਵੈਸ਼ ਆਦਿ ਵਰਣ ਵੰਡ ਅਨੁਸਾਰ ਉਚੀ ਨੀਵੀਂ ਥਾਂ ਜਨਮ ਮਿਲਦਾ ਹੈ। ਹਰ ਪ੍ਰਕਾਰ ਦੀ ਜੂਨ ਵਿਚੋਂ ਲੰਘਦਿਆਂ ਅਨੇਕ ਤਰ੍ਹਾਂ ਦੇ ਕਸ਼ਟ ਭੋਗਣੇ ਪੈਂਦੇ ਹਨ। ਕੀਟ ਆਦਿ, ਪਸ਼ੂ ਪੰਛੀ ਆਦਿ ਨੂੰ ਤਾਂ ਬਹੁਤ ਹੀ ਕਸ਼ਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਤਰ੍ਹਾਂ ਇਹ ਕਰਮ, ਆਵਾਗਵਨ ਅਤੇ ਚੁਰਾਸੀ ਲੱਖ ਜੂਨਾਂ ਦਾ ਚੱਕਰ ਚਲਦਾ ਰਹਿੰਦਾ ਹੈ।

## ਪਾਪ ਕਰਮ ਤੇ ਜੂਨਾਂ

ਵੱਖ ਵੱਖ ਤਰ੍ਹਾਂ ਦੇ ਪਾਪ ਕਰਨ ਵਾਲਿਆਂ ਨੂੰ ਵੱਖ ਵੱਖ ਜੂਨਾਂ ਵਿਚ ਜਾਣਾ ਪੈਂਦਾ ਹੈ। ਜੇ ਮਨੁਖ ਜੂਨੀ ਵੀ ਮਿਲ ਜਾਵੇ ਤਾਂ ਵੀ ਪੂਰਵ ਕ੍ਰਿਤ ਪਾਪਾਂ ਕਾਰਣ ਪਾਪਾਂ ਦੇ ਚਿੰਨ੍ਹ ਪ੍ਰਗਟ ਆਉਂਦੇ ਹਨ, ਜਿਵੇਂ ਗੁਰੂਆਂ ਨੂੰ ਬੁਰਾ ਆਖਣ ਵਾਲਾ ਗੂੰਗਾ, ਮਦ ਪੀਣ ਵਾਲਾ ਕਾਲੇ ਦੰਦਾਂ ਵਾਲਾ, ਝੂਠਾ ਚੋਰੀ ਕਰਨ ਵਾਲਾ ਕੁਨਖੀ, ਸੰਗੀ ਭੈਣ ਨਾਲ ਸੰਪਰਕ ਕਰਨ ਵਾਲਾ ਗਿਰ੍ਹੀਸਕ ਅਤੇ ਪੁਸਤਕਾਂ ਚੋਰੀ ਕਰਨ ਵਾਲਾ ਅੰਨ੍ਹਾ ਬਣਦਾ ਹੈ।[3] ਬਿਨਾ ਨਿਮੰਤ੍ਰਣ ਤੋਂ ਭੋਜਨ ਕਰਨ ਵਾਲਾ ਕਾਂ ਬਣਦਾ ਹੈ। ਜਿਸ ਕਿਸੇ ਇਸਤ੍ਰੀ ਨੂੰ ਜਵਾਨੀ ਨਹੀਂ ਆਈ ਉਸਦਾ ਸੇਵਨ ਕਰਨ ਨਾਲ ਸਰਪ ਜੂਨ ਮਿਲਦੀ ਹੈ। ਮ੍ਰਿਤਕ ਦੇ ਦਸਵੇਂ ਦਿਨ ਭੋਜਨ ਕਰਨ ਵਾਲਾ ਕੁਤਾ ਬਣਦਾ ਹੈ। ਗਊ ਨੂੰ ਪੈਰ ਨਾਲ ਛੂਹਣ ਵਾਲਾ ਬਿੱਲੀ ਬਣਦਾ ਹੈ, ਆਦਿ ਅਨੇਕ ਜੂਨਾਂ ਦਾ ਵੇਰਵਾ ਗਰੁੜ ਪੁਰਾਣ ਵਿਚ ਮਿਲਦਾ ਹੈ।[3]

ਕਾਨ੍ਹ ਸਿੰਘ ਨਾਭਾ ਨੇ ਲਿਖਿਆ ਹੈ ਕਿ ਸਿੱਖ ਭੀ ਇਸ ਆਵਾਗਵਨ ਦੇ ਸਿਧਾਂਤ ਨੂੰ ਅੰਗੀਕਾਰ ਕਰਦੇ ਹਨ।[4]

---

1. ਗਰੁੜ ਪੁਰਾਣ—(ਉਤਰਾਖੰਡ(ਪ੍ਰੇਤ ਕਲਪ)-II-2/224-25
2. ਉਹੀ II-2/2
3. ਉਹੀ II-34/8-14
4. ਮਹਾਨ ਕੋਸ਼, ਪੰਨਾ 81

ਗੁਰੂ ਨਾਨਕ ਬਾਣੀ ਵਿੱਚ ਆਵਾਗਵਣ ਦੇ ਮੂਲ ਦਾ ਕਾਰਣ ਦੈਵੀ ਪ੍ਰਵਿਰਤੀ ਤੋਂ ਵਿਛੜਣ ਕਾਰਣ ਭੌਤਿਕ ਸਰੀਰ ਵਿਚ ਜਨਮ ਲੈਣਾ ਸਵੀਕਾਰਿਆ ਨਹੀਂ ਗਿਆ। ਜਨਮ ਮਰਨ ਭਾਣੇ ਵਿਚ ਹੈ ਤੇ ਹੁਕਮ ਦੀ ਖੇਡ ਹੈ। ਸਰੀਰ ਕਰਮਾਂ ਕਰਕੇ ਜ਼ਰੂਰ ਮਿਲਦਾ ਹੈ ਪਰ ਮੁਕਤੀ ਪ੍ਰਭੂ ਦੀ ਮਿਹਰ ਨਜ਼ਰ ਤੋਂ।[1] ਮਾਨੁਖਾ ਦੇਹੀ ਵਿਚ ਆ ਜਾਣ ਦਾ ਭਾਵ ਇਹ ਨਹੀਂ ਕਿ ਮਨੁੱਖ ਦੈਵੀ ਪ੍ਰਵਿਰਤੀ ਤੋਂ ਖਿਸਕ ਕੇ ਹੇਠਾਂ ਆਇਆ ਹੈ। ਮਨੁੱਖ ਸਚੇ ਤੋਂ ਉਪਜਿਆ ਹੈ ਸੱਚ ਵਿਚ ਹੀ ਸਮਾਉਂਦਾ ਹੈ। ਆਵਾਗਵਣ ਝੂਠੇ ਤੇ ਨੈਤਿਕ ਹੀਣ ਪ੍ਰਾਣੀਆਂ ਵਾਸਤੇ ਹੈ।[2] ਕਰਮਕਾਂਡੀ ਪੰਡਿਤ ਦੁਆਰਾ ਸਥਾਪਿਤ ਪੁੰਨ ਅਤੇ ਪਾਪ ਕਰਮ ਵੀ ਇਸ ਆਵਾਗਵਣ ਦਾ ਕਾਰਣ ਨਹੀਂ ਮੰਨੇ।[3] ਸੱਚਾ ਕਰਮ ਆਤਮ ਤਤਵ ਦੀ ਵਿਚਾਰ ਤੇ ਪਹਿਚਾਣ ਹੈ। ਉਹ ਕਰਮ ਬੰਧਕਾਰੀ ਹਨ, ਜ਼ਰੂਰ ਆਵਾਗਉਣ ਦੇ ਚੱਕਰ ਵਿੱਚ ਪਾਉਂਦੇ ਹੋਣਗੇ, ਨਾਮ ਕਰਮ, ਗਤੀ ਤੇ ਮੁਕਤੀ ਦਾਇਕ ਹੈ।[4]

ਕੇਵਲ ਸਾਕਤ ਹੀ ਚੌਰਾਸੀ ਜੂਨਾਂ ਦਾ ਭਾਗੀ ਹੈ।[5] ਮਨੁੱਖ ਮੌਤ ਦਾ ਵੀ ਹੈ ਜਨਮ ਦਾ ਵੀ ਹੈ ਪਰ ਸਾਤਵਿਕ ਬਿਰਤੀਆਂ ਵਾਲਾ ਮਨੁੱਖ ਜਨਮ ਮਰਨ ਦੀ ਪੀੜ ਤੋਂ ਮੁਕਤ ਹੈ। ਆਵਾਗਵਣ ਮੰਨਿਆ ਹੈ ਪਰ ਆਵਾਗਵਣ ਦੇ ਅੰਤਰਗਤ ਡਰ ਦੀ ਭਾਵਨਾ ਨੂੰ ਮੁਕਾਇਆ ਗਿਆ ਹੈ। ਕਰਮਾਂ ਅਨੁਸਾਰ ਕਥਿਤ ਕੀਤੇ ਜਾਂਦੇ ਉੱਚੇ ਨੀਵੇਂ ਵਰ ਜਾਤੀ ਅਰਥਾਤ ਬ੍ਰਾਹਮਣ, ਸ਼ੂਦਰ ਆਦਿ ਦੀ ਪ੍ਰਾਪਤੀ ਨੂੰ ਨਹੀਂ ਮੰਨਿਆ। ਇਹ ਸਮਾਜਕ ਵੰਡ ਹੈ। ਇਸ ਪਿਛੇ ਜਨਮ ਅਤੇ ਮਰਨ ਦੀ ਪ੍ਰਕਿਰਿਆ ਦਾ ਕੋਈ ਹੱਥ ਨਹੀਂ। ਆਵਾਗਉਣ ਨਾਲ ਇਸਦਾ ਸੰਬੰਧ ਨਹੀਂ ਜੋੜਿਆ ਜਾ ਸਕਦਾ।

ਸੁਕ੍ਰਿਤ ਅਤੇ ਦੁਸ਼ਕ੍ਰਿਤ ਕਰਮ ਦੀ ਗੱਲ ਦੀ ਹਾਮੀ ਜ਼ਰੂਰ ਭਰੀ ਗਈ ਹੈ ਪਰ ਇਹ ਕਰਮ, ਕਰਮ ਕਾਂਡ ਦੇ ਜਾਲ ਵਾਲੇ ਨਹੀਂ ਹਨ।

ਨਾਨਕ ਬਾਣੀ ਵਿਚ ਜੂਨਾਂ ਦਾ ਵਿਸਤਾਰ ਨਹੀਂ ਇਸ ਤਰ੍ਹਾਂ ਦਾ ਜ਼ਿਕਰ ਨਹੀਂ ਕਿ ਕਿਹੜੇ ਪਾਪ ਕਰਕੇ ਕਿਹੋ ਜਿਹੀ ਜੂਨ ਮਿਲਦੀ ਹੈ। ਉਂਜ ਬੈਲ ਪਸ਼ੂ ਦੀ ਜੂਨ ਦਾ ਜ਼ਿਕਰ ਹੈ ਪਰ ਇਹ ਸੰਕੇਤ ਵੀ ਜੂਨ ਨਾਲੋਂ ਬਿਰਤੀ ਸੂਚਕ ਵਧੇਰੇ ਹੈ।

---

1. ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ, ਜਪੁ, ਪਾਉੜੀ4ਪੰਨਾ 2
2. ਸਚੇ ਉਪਜੈ ਸਚਿ ਸਮਾਵੈ ਸਚੇ ਸੂਚੇ ਏਕ ਮਇਆ।
   ਝੂਠੇ ਆਵਹਿ ਠਵਰ ਨ ਪਾਵਹਿ ਦੂਜੈ ਆਵਾਗਉਣ ਭਇਆ।
   ਰਾਮਕਲੀ ਰਾਗ(ਸਿਧ ਗੋਸ਼ਟਿ ਪੰਨਾ 940
3. ਇਹ ਮਾਇਆ ਜਗਿ ਮੋਹਣੀ ਭਾਈ ਕਰਮ ਸਭੇ ਵੇਕਾਰੀ।
   ਸੁਣਿ ਪੰਡਿਤ ਕਰਮਾਕਾਰੀ। ਜਿਤੁ ਕਰਮਿ ਸੁਖੁ ਊਪਜੈ ਭਾਈ ਸੁ ਆਤਮ ਤਤੁ ਬੀਚਾਰੀ।
   ਸੋਰਠ ਰਾਗੁ(ਅਸਟਪਦੀਆਂ)ਪੰਨਾ 635
4. ਨਾਮ ਬਿਨਾ ਗਤਿ ਕੋਇ ਨ ਪਾਵੈ। ਗਉੜੀ ਰਾਗੁ(ਛੰਤ),ਪੰਨਾ 243
5. ਜਿਉ ਆਰਣਿ ਲੋਹਾ ਪਾਇ ਭੰਨਿ ਘੜਾਈਐ, ਤਿਉ ਸਾਕਤੁ ਜੋਨੀ ਪਾਇ ਭਵੈ ਭਵਾਈਐ ।
   ਸੂਹੀ ਰਾਗੁ(ਅਸਟਪਦੀਆਂ)ਪੰਨਾ 752

(ਸ) **ਪੁੰਨ ਤੇ ਪਾਪ**

ਪੁੰਨ ਤੇ ਪਾਪ ਦੀ ਭਾਵਨਾ ਬੜੀ ਵਿਆਪਕ ਭਾਵਨਾ ਹੈ।[1] ਮੁੱਖ ਰੂਪ ਵਿੱਚ ਇਸ ਭਾਵਨਾ ਦੇ ਅੰਦਰ ਵਿਚਰ ਰਹੀ ਬਿਰਤੀ, ਮਨੁੱਖ ਉੱਤੇ ਨੈਤਿਕ ਨਿਯੰਤ੍ਰਣ ਨਾਲ ਵੀ ਸੰਬੰਧ ਰਖਦੀ ਹੈ। ਪਰ ਸਮੇਂ ਦੇ ਪਰਿਵਰਤਨ ਨਾਲ ਮਿਥ ਚੇਤਨਾ ਦੇ ਅਡੰਬਰ ਨੇ ਇਸ ਦੁਆਲੇ ਬੜੇ ਵੱਡੇ ਘੇਰੇ ਦਾ ਵਿਸਤਾਰ ਪ੍ਰਾਪਤ ਕਰ ਲਿਆ। ਇਸ ਨੂੰ ਸੁਰਗ ਨਰਕ ਦਾ ਬੀਜ ਆਖਿਆ ਜਾਣ ਲੱਗ ਪਿਆ।[2] ਪੁੰਨ ਸਾਤਵਿਕ ਅਤੇ ਪਾਪ ਪਾਸ਼ਵੀ ਬਿਰਤੀਆਂ ਦੇ ਪ੍ਰਤੀਕ ਹਨ। ਪਾਸ਼ਵੀ ਬਿਰਤੀਆਂ, ਸਾਤਵਿਕ ਬਿਰਤੀਆਂ ਨਾਲੋਂ ਵਧੇਰੇ ਪ੍ਰਬਲ ਤੇ ਉਗਰ ਰੂਪ ਵਿੱਚ ਉਜਾਗਰ ਹੁੰਦੀਆਂ ਹਨ। ਇਨ੍ਹਾਂ ਪਾਸ਼ਵੀ ਬਿਰਤੀਆਂ ਨੂੰ ਸਦ ਮਾਰਗ ਤੇ ਨਿਯੁਕਤ ਕਰੇ, ਪੁੰਨ ਦਾ ਸੰਕਲਪ ਬੜਾ ਬਲਵਾਨ ਸੰਕਲਪ ਹੈ। ਪਰ ਇਸ ਬਲਵਾਨ ਸੰਕਲਪ ਨੂੰ ਪੁਰਾਣ ਚੇਤਨਾ ਨੇ ਅਨੇਕ ਤਰ੍ਹਾਂ ਦੇ ਰੋਚਕ ਬੰਧਿਆਂ ਨਾਲ ਜੜ੍ਹ ਰੂਪ ਬਣਾ ਦਿੱਤਾ। ਤੀਰਥਾਂ ਦੇ ਜਾਣਾ ਪੁੰਨ ਹੈ, ਯੱਗ ਕਰਨਾ ਪੁੰਨ ਹੈ, ਇਸ਼ਨਾਨ ਕਰਨਾ ਪੁੰਨ ਹੈ, ਦਾਨ ਦੇਣਾ ਪੁੰਨ ਹੈ,[3] ਸਾਰੇ ਅਨੁਸ਼ਠਾਨ , ਕਰਮ ਕਾਂਡ ਅਤੇ ਸੰਸਕਾਰ ਪੁੰਨ ਹਨ। ਜਿਹੜਾ ਇਸ ਵਿਧਾਨ ਦੇ ਵਿਪਰੀਤ ਚਲਦਾ ਹੈ ਉਹ ਪਾਪ ਕਰਮ, ਕਰਦਾ ਹੈ, ਪਾਪੀ ਹੈ।ਜਿਥੇ ਪੁੰਨੀ ਸੁਰਗ ਪ੍ਰਾਪਤੀ ਦਾ ਹੱਕਦਾਰ ਹੈ, ਉਥੇ ਪਾਪੀ ਨੂੰ ਅਵੱਸ਼ ਹੀ ਯਮ ਸਜ਼ਾਵਾਂ ਦਾ ਭਾਗੀ ਹੋਕੇ ਨਰਕ ਅਗਨੀ ਕੁੰਡ ਵਿਚ ਸੜਨਾ ਪਵੇਗਾ। ਪਾਪ ਨਾਲ ਜੁੜੀ ਅਜਿਹੀ ਸਿਖਲ ਤੇ ਮਨੁੱਖੀ ਸਵੈ ਨੂੰ ਕਮਜ਼ੋਰ ਕਰਨ ਵਾਲੀ ਬਿਰਤੀ ਨੇ ਸਮਾਜਿਕ ਤੌਰ ਤੇ ਗਿਲਾਨੀ ਲਿਆਂਦੀ। ਧਰਮ ਕੇਵਲ ਅਡੰਬਰ ਦੇ ਘੇਰੇ ਅੰਦਰ ਵਿਚਰਣ ਲੱਗਾ। ਆਰਥਿਕ ਤੌਰ ਤੇ ਕਮਜ਼ੋਰ ਵਿਅਕਤੀ ਇਸ ਘੇਰੇ ਅੰਦਰ ਫਸਕੇ ਸਾਹ ਸਤ ਹੀਣੇ ਹੋ ਗਏ। ਅਜਿਹੀ ਅਵਸਥਾ ਵਿੱਚ ਗੁਰੂ ਨਾਨਕ ਬਾਣੀ ਵਿੱਚ ਪੁੰਨ ਅਤੇ ਪਾਪ ਦੀ ਵਿਆਖਿਆ ਤੇ ਅਸਲੀਅਤ ਪ੍ਰਗਟ ਕਰਨ ਵਾਲਾ ਸਵਰ ਉਜਾਗਰ ਹੋਇਆ। ਗੁਰੂ ਨਾਨਕ ਬਾਣੀ ਵਿੱਚ ਅਜਿਹੀ ਨਿਸ਼ਫਲਤਾ ਤੇ ਜੜ੍ਹ ਰੂਪ ਚੇਤਨਾ ਦਾ ਤਿਆਗ ਕਰਨ ਲਈ ਪ੍ਰੇਰਿਆ ਗਿਆ ਹੈ।[4] ਸੋਨੇ ਦੀਆਂ ਮਹਿਲ ਮਾੜੀਆਂ, ਘੋੜੇ, ਹਾਥੀ, ਗਊਆਂ, ਭੂਮੀ ਇਤਿਆਦਿ ਬਹੁਮੁੱਲੀਆਂ ਵਸਤੂਆਂ

---

1. ਬਕੇਦੁ ਪੁਕਾਰੈ ਪੁੰਨੁ ਪਾਪੁ ਸੁਰਗ ਨਰਕ ਕਾ ਬੀਉ॥ ਸਾਰੰਗ ਰਾਗੁ(ਸਲੋਕ),ਪੰਨਾ124
2. ਜਗਨ ਹੋਮ, ਪੁੰਨ ਤਪ ਪੂਜਾ ਦੇਹ ਦੁਖੀ ਨਿਤ ਦੂਖ ਸਹੈ।
   ਭੈਰਉ ਰਾਗੁ(ਪਦੇ),ਪੰਨਾ 1127
3. ਪਾਪਿ ਪੁੰਨਿ ਜਗੁ ਜਾਇਆ ਭਾਈ ਬਿਨਸੈ ਨਾਮੁ ਵਿਸਾਰੀ।
   ਸੋਰਠਿ ਰਾਗੁ(ਅਸ਼ਟਪਦੀਆਂ),ਪੰਨਾ635
4. (i) ਨ ਭੀਜੈ ਤੀਰਥਿ ਭਵਿਐ ਨੰਗਿ।ਨ ਭੀਜੈ ਦਾਤੀਂ ਕੀਤੈ ਪੁੰਨਿ।
   ਸਾਰੰਗ ਰਾਗੁ,(ਸਲੋਕ),ਪੰਨਾ 1237
   (ii) ਪੁੰਨੁ ਦਾਨੁ ਇਸਨਾਨੁ ਨ ਸੰਜਮੁ ਸਾਧ ਸੰਗਤਿ ਬਿਨੁ ਬਾਦਿ ਜਨਿਆ।
   ਰਾਮਕਲੀ ਰਾਗੁ(ਅਸ਼ਟਪਦੀਆਂ),ਪੰਨਾ906

ਦਾ ਦਾਨ ਵਿਅਕਤੀ ਦਾ ਨਿਸਤਾਰਾ ਨਹੀਂ ਕਰ ਸਕਦਾ। ਉਲਟਾ ਇਸ ਦਾਨ ਪ੍ਰਕਿਰਿਆ ਨਾਲ ਗਰਬ ਗੁਮਾਨ ਦਾ ਵਿਸਤਾਰ ਹੁੰਦਾ ਹੈ। ਅਹੰ ਦੀ ਭਾਵਨਾ ਦਾ ਵਿਕਾਸ ਸਾਤਵਿਕ ਬਿਰਤੀਆਂ ਦਾ ਵਿਨਾਸ਼ੀ ਬੀਜ ਹੈ।

ਗੁਰੂ ਸਾਹਿਬ ਨੇ ਪਾਪ ਨਾਲ ਸੰਬੰਧਿਤ ਮਨੁੱਖੀ ਸੋਚ ਦੀ ਗੱਲ ਵੀ ਕੀਤੀ ਹੈ। ਪਾਪ ਵੀ ਆਪਣੇ ਆਪ ਵਿਚ ਆਕਰਸ਼ਕ ਤੱਤ ਹੈ। ਇਸਦਾ ਪਸਾਰਾ ਬੇਅੰਤ ਹੈ, ਪਰ ਇਸਦਾ ਪਸਾਰਾ ਸੰਤਾਪ ਦਾ ਕਾਰਣ ਬਣਦਾ ਹੈ। ਪਾਪ ਨੂੰ ਤਿਆਗਣਾ ਚਾਹੀਦਾ ਹੈ।[2] ਬਾਣੀ ਵਿੱਚ ਪੁੰਨ ਅਤੇ ਪਾਪ ਨਾਲੋਂ ਆਪੇ ਦੀ ਪਛਾਣ ਉੱਤੇ ਜ਼ੋਰ ਹੈ।[3] ਪਾਪ ਪੁੰਨ ਦੇ ਸੰਗਮ ਵਿੱਚ ਵਿਗੁਚਿਆ ਜਮਪੀੜ ਦਾ ਭਾਗੀ ਬਣਦਾ ਹੈ। ਇਸ ਆਲ ਜੰਜਾਲ ਤੋਂ ਬਚਣਾ ਚਾਹੀਦਾ ਹੈ।[4]

ਸਮਕਾਲੀ ਜੀਵਨ ਪਸਾਰੇ ਵਿਚੋਂ ਪੁੰਨ ਅਤੇ ਪਾਪ ਦੀ ਭਾਵਨਾ ਨੂੰ ਬਾਹਰ ਕੱਢਣਾ ਬੜਾ ਕਠਿਨ ਕੰਮ ਸੀ। ਨਾਨਕ ਬਾਣੀ ਵਿੱਚ ਹਰ ਮਿਥ- ਚੇਤਨਾ ਨਾਲ ਸੰਬੰਧਿਤ ਤਤਾਂ ਅਤੇ ਵਸਤੂਆਂ ਨੂੰ ਸ਼ੁਭ ਗਿਆਨ ਤੇ ਤਤਵ ਚਿੰਤਨ ਦੀ ਕਸਵਟੀ ਉੱਤੇ ਰੱਖਕੇ ਪਰਖਿਆ ਗਿਆ ਹੈ। ਇਨ੍ਹਾਂ ਦੀ ਸਮਾਜਿਕ ਸਾਰਥਕਤਾ ਨੂੰ ਵੀ ਸਾਹਮਣੇ ਰੱਖਿਆ ਗਿਆ ਹੈ। ਮਨੁੱਖ ਇਨ੍ਹਾਂ ਸਾਰੀਆਂ ਗੱਲਾਂ ਦਾ ਕੇਂਦਰ ਬਿੰਦੂ ਹੈ। ਸਵੈ ਨੂੰ ਪਹਿਚਾਣਨ ਅਤੇ ਕਰਤਾ ਪੁਰਖ ਨਾਲ ਜੁੜਨ ਲਈ ਨਾਮ ਦੇ ਮਾਰਗ ਨੂੰ ਅਪਣਾ ਕੇ ਚਲਣ ਦੀ ਥਾਂ ਥਾਂ ਪ੍ਰੇਰਣਾ ਦਿੱਤੀ ਗਈ ਹੈ।[5] ਨੈਤਿਕ [illegible] ਦਾ ਸਭ ਤੋਂ ਵੱਡਾ ਸਾਧਨ ਨਾਮ ਹੈ। ਇਸ ਦੇ ਅੰਤਰਗਤ ਪੁੰਨ, ਪਾਪ ਹੇਠ ਨਿਵ੍ਰਿਤੀ, ਪੂਜਾ ਪਾਠ ਜਾਂ ਕਰਮਕਾਂਡਾਂ ਦੀ ਲੋੜ ਨਹੀਂ ਰਹਿੰਦੀ।[6]

---

1. ਕੰਚਨ ਕੇ ਕੋਟ ਦਤੁ ਕਰੀ, ਬਹੁ ਹੈਵਰ ਗੈਵਰ ਦਾਨੁ।
   ਭੂਮਿ ਦਾਨੁ ਗਊਆ ਘਣੀ ਭੀ ਅੰਤਰਿ ਗਰਬੁ ਗੁਮਾਨੁ। ਸਿਰੀ ਰਾਗੁ(ਅਸ਼ਟਪਦੀਆਂ)ਪੰਨਾ
2. ਪਾਪੁ ਬੁਰਾ ਪਾਪੀ ਕਉ ਪਿਆਰਾ। ਪਾਪਿ ਲਦੇ ਪਾਪੇ ਪਾਸਾਰਾ।
   ਪਰਹਰਿ ਪਾਪੁ ਪਛਾਣੈ ਆਪੁ। ਨਾ ਤਿਸੁ ਸੋਗੁ ਵਿਜੋਗੁ ਸੰਤਾਪੁ।
   ਰਾਮਕਲੀ ਰਾਗੁ (ਦਖਣੀ ਓਅੰਕਾਰ), ਪੰਨਾ 935
3. (I) ਖੁਲੀ ਗੰਠਿ ਉਠੋ ਲਿਖਿਆ ਆਇਆ ਰਾਮ।
   ਰਸ ਕਸ ਸੁਖ ਠਾਕੇ ਬੰਧਿ ਚਲਾਇਆ ਰਾਮ।
   ਤੁਖਾਰੀ ਰਾਗੁ(ਛੰਤ)ਪੰਨਾ, 1110
   (II) ਪੰਡਿਤ ਪੜਿ ਨ ਪਹੂੰਚਹੀ ਬਹੁ ਆਲ ਜੰਜਾਲਾ।
   ਪਾਪ ਪੁੰਨ ਦੁਇ ਸੰਗਮੇ ਖੁਧਿਆ ਜਮਕਾਲਾ।
   ਮਾਰੂ ਰਾਗੁ, (ਅਸ਼ਟਪਦੀਆਂ), ਪੰਨਾ 1012
4. ਖੇਤੀ ਵਣਜੁ ਨਾਵੈ ਕੀ ਓਟ। ਪਾਪੁ ਪੁੰਨੁ ਬੀਜ ਕੀ ਪੋਟ।
   ਗਉੜੀ ਰਾਗੁ(ਪਦੇ), ਪੰਨਾ 152
5. ਨਾਮ ਬਿਨਾ ਕਹਿ ਕੋਇ ਨਾ ਪਾਏ ਹਠਿ ਨਿਗ੍ਰਹਿ ਬੇਬਾਣੈ।
   ਨਾਨਕ ਸਚ ਘਰੁ ਸਬਦਿ ਸਿਞਾਪੈ ਦੁਬਿਧਾ ਮਹਲੁ ਕਿ ਜਾਣੈ।
   ਗਉੜੀ ਰਾਗੁ(ਛੰਤ), ਪੰਨਾ 243

## (ਹ) ਮੁਕਤੀ

ਮੋਕਸ਼ ਦੀ ਲਾਲਸਾ ਬੜੀ ਪ੍ਰਬਲ ਲਾਲਸਾ ਹੈ। ਚੁਰਾਸੀ ਲੱਖ ਜੂਨਾਂ, ਆਵਾਗਵਣ ਦਾ ਚੱਕਰ, ਮਰਨ ਉਪਰੰਤ ਜਮਦੂਤਾਂ ਦੇ ਸ਼ਿਕੰਜੇ ਵਿੱਚ ਫਸਨਾ, ਨਰਕ ਅਗਨੀ ਸਹਿਣਾ, ਵੈਤਰਣੀ ਨਦੀ ਦਾ ਡਰ, ਵੱਖ ਵੱਖ ਜੂਨਾਂ ਵਿਚ ਵਿਚਰਦਿਆਂ, ਜਨਮ ਪੀੜਾਂ, ਵਿਸ਼ਵ ਪਸਾਰੇ ਵਿੱਚ ਫੈਲੀਆਂ ਅਨੇਕ ਤਰ੍ਹਾਂ ਦੀ ਮੁਸੀਬਤਾਂ ਤੇ ਉਨ੍ਹਾਂ ਦੇ ਦੁੱਖ ਇਤਿਆਦਿ ਦਾ ਪਸਾਰਾ, ਬੜਾ ਵੱਡੇ ਆਕਾਰ ਵਾਲਾ ਤੇ ਡਰਾਉਣਾ ਹੈ। ਲੌਕਿਕ ਦੁੱਖਾਂ ਵਿਚੋਂ ਕੁਝ ਤਾਂ ਮਨੁੱਖ ਦੇ ਇੰਦ੍ਰੀਆਤਮਕ ਅਨੁਭਵ ਦਾ ਹਿੱਸਾ ਬਣਦੇ ਹਨ ਪਰ ਪਾਰਲੌਕਿਕ ਦੁੱਖ, ਜਿਨ੍ਹਾਂ ਦੀ ਉਸਾਰੀ ਲਈ ਸਾਮਗਰੀ ਲੌਕਿਕ ਦੁੱਖਾਂ ਵਾਲੀ ਹੀ ਵਰਤੀ ਗਈ ਹੈ ਦੀ ਕਲਪਨਾ ਬੜੀ ਬੀਭਤਸ ਰੂਪ ਵਾਲੀ ਹੈ। ਮਿਥ ਸੰਸਾਰ ਨੇ ਪਾਰਲੌਕਿਕ ਡਰਾਂ ਤੇ ਮੁਸੀਬਤਾਂ ਤੋਂ ਛੁਟਕਾਰੇ ਲਈ 'ਮੁਕਤੀ' ਦਾ ਸੰਕਲਪ ਵੀ ਦਿੱਤਾ ਹੈ। ਮੁਕਤੀ ਨਾਂ ਹੈ, ਦੁੱਖ ਅਤੇ ਬੰਧਨ ਤੋਂ ਰਹਿਤ ਹੋਣ ਦਾ, ਚੁਰਾਸੀ ਲੱਖ ਜੂਨਾਂ ਤੇ ਆਵਾਗਵਣ ਤੋਂ ਛੁਟਕਾਰੇ ਦਾ, ਨਰਕ ਅਗਨੀ ਤੇ ਜਮ ਦੂਤਾਂ ਦੇ ਡਰਾਂ ਤੋਂ ਨਿਸਚਿੰਤ ਹੋ ਜਾਣ ਦਾ। ਪੁਰਾਣਕਾਰਾਂ ਨੇ ਮੁਕਤੀ ਦੇ ਨਾਲ ਨਾਲ ਬੈਕੁੰਠ ਤੇ ਸੁਰਗਾਂ ਦੇ ਨਕਸ਼ੇ ਵੀ ਸਿਰਜੇ ਹਨ। ਮੁਕਤ ਹੋਏ ਪ੍ਰਾਣੀ ਲਈ ਐਸ਼ਵਰਜ ਦੀ ਤੇ ਪਦਾਰਥਕ ਬਹੁਲਤਾ ਵਾਲੀ ਥਾਂ ਦੀ ਕਲਪਨਾ ਕੀਤੀ ਗਈ ਹੈ। ਸੋ ਮੁਕਤੀ ਜਿਥੇ ਅਨੇਕ ਤਰ੍ਹਾਂ ਦੇ ਕਸ਼ਟਾਂ ਤੋਂ ਛੁਟਕਾਰੇ ਦਾ ਸੰਕਲਪ ਮਾਤ੍ਰ ਹੀ ਹੈ, ਇਕ ਐਸੇ ਅਲੌਕਿਕ ਜਗਤ ਦਾ ਪ੍ਰਤੀਕ ਵੀ ਹੈ ਜਿਥੇ ਸੁੱਖ ਦੇ ਸਾਰੇ ਸਾਧਨ ਮੌਜੂਦ ਹਨ।

### ਮੁਕਤੀ ਪ੍ਰਾਪਤੀ ਲਈ ਯਤਨ

ਮੁਕਤੀ ਪ੍ਰਾਪਤੀ ਦੇ ਯਤਨਾਂ ਵਿੱਚ, ਕਰਮ ਅਨੁਸ਼ਠਾਨਾਂ ਨੂੰ ਪ੍ਰਧਾਨ ਵਿਚ ਦ੍ਰਿੜ ਕਰਾਇਆ ਗਿਆ ਹੈ ਜਪ ਤਪ ਕਰਨੇ, ਤੀਰਥ ਗਮਨ ਕਰਨਾ, ਦਾਨ ਪੁੰਨ ਕਰਨਾ, ਯੱਗ ਕਰਨਾ, ਪਿਤਰ ਪੂਜਾ, ਦੇਵ ਪੂਜਾ, ਸੰਸਕਾਰਾਂ ਦਾ ਨਿਭਾਉਣਾ, ਆਸ਼੍ਰਮ ਵਿਵਸਥਾ ਵਿਚ ਬਝਣਾ ਇਤਿਆਦਿ ਮੁਕਤੀ ਦੇ ਯਤਨਾਂ ਵਿੱਚ ਆਉਂਦੇ ਹਨ।

ਗੁਰੂ ਨਾਨਕ ਬਾਣੀ ਵਿੱਚ ਵੀ ਮੁਕਤੀ ਸੰਕਲਪ ਆਇਆ ਹੈ ਪਰ ਗੁਰੂ ਮਾਰਗ ਵਿੱਚ 'ਅਗਿਆਨ ਬੰਧਨਾਂ ਤੋਂ ਛੁਟਕਾਰਾ ਪਾਉਣ ਦਾ ਨਾਉਂ 'ਮੁਕਤੀ ਹੈ' ਜਿਸਦੀ ਪ੍ਰਾਪਤੀ ਗੁਰ ਸ਼ਬਦ ਦੇ ਵਿਚਾਰ ਦੁਆਰਾ ਆਤਮ ਗਿਆਨ ਕਰਕੇ ਹੁੰਦੀ ਹੈ।[1] ਨਾਨਕ ਬਾਣੀ ਨੇ ਮਰਨ ਉਪ੍ਰੰਤ ਜੀਵਨ ਗਤੀ ਵਿਚ ਬੈਕੁੰਠ ਜਾਂ ਪਦਾਰਥਕ ਬਹੁਲਤਾ ਵਾਲੀ ਥਾਂ ਦੀ ਪ੍ਰਾਪਤੀ ਦਾ ਸਮਰਥਨ ਨਹੀਂ ਕੀਤਾ। ਆਪ ਨੇ 'ਜੀਵਨ ਮੁਕਤ' ਦਾ ਸੰਕਲਪ ਉਭਾਰਿਆ ਹੈ।[2] ਇਹ ਨਾਮ ਵਿਗਾਸੀ ਆਤਮਿਕ ਸਿਖਰ ਹੈ,

---

1. ਕਾਨ੍ਹ ਸਿੰਘ ਨਾਭਾ, 'ਗੁਰਮਤ ਪ੍ਰਭਾਕਰ', ਪੰਨਾ 389
2. ਜੀਵਨ ਮੁਕਤੁ ਸੁ ਆਖੀਐ ਜਿਸੁ ਵਿਚਹੁ ਹਉਮੈ ਜਾਇ। ਮਾਰੂ ਰਾਗੁ (ਅਸ਼ਟਪਦੀਆਂ) ਪੰਨਾ 1010

ਜਿਥੇ ਅਨਿਸਚੇ ਅਤੇ ਡਰ ਦੀ ਭਾਵਨਾ, ਦੁੱਖ ਸੁੱਖ ਦੀ ਚੇਤਨਾ ਆਦਿ ਤੋਂ ਮਾਨਵ ਮੁਕਤ ਹੋ ਜਾਂਦਾ ਹੈ। ਉਸਨੂੰ ਸਹਿਜ ਰਤੀ ਵਿਚ ਵਿਚਰਣ ਦੀ ਜਾਚ ਆ ਜਾਂਦੀ ਹੈ। ਅਜਿਹੀ ਅਵਸਥਾ ਪ੍ਰਭੂ ਦੀ ਦਰਸ਼ਨ ਲਾਲਸਾ ਹੀ ਲੋੜਦੀ ਹੈ, ਮੁਕਤੀ ਤੇ ਬੈਕੁੰਠ ਜਾਂ ਸੁਰਗ ਦੇ ਐਸ਼ਵਰਜ ਨੂੰ ਨਹੀਂ।[1] ਸੋ ਨਾਨਕ ਬਾਣੀ ਉਸ ਮਿਥ ਅਡੰਬਰ ਤੇ ਕਾਲਪਨਿਕ ਪਸਾਰੇ ਵਿਚੋਂ ਉਸਰੇ ਵਸਤੂ ਬਹੁਲਤਾ ਵਾਲੇ ਮੁਕਤ ਜੀਵਨ ਦੀ ਧਾਰਣਾ ਨੂੰ ਨਹੀਂ ਮੰਨਦੀ।

ਕਰਮ ਅਨੁਸ਼ਠਾਨਾਂ ਰਾਹੀਂ ਮੋਖ ਦੁਆਰ ਮੰਗਣ ਦੀ ਲਾਲਸਾ ਦੀ ਨਿਰਾਰਥਕਤਾ ਨੂੰ ਵੀ ਸਪਸ਼ਟ ਕੀਤਾ ਗਿਆ ਹੈ। ਪ੍ਰਭੂ ਦਰਸ਼ਨ ਤੇ ਉਚੇ ਆਤਮਿਕ ਜੀਵਨ ਵਿਚ ਵਿਚਰਣ ਦੀ ਥਾਂ ਮੋਕਸ਼ ਲਾਲਸਾ ਤੁਛ ਜਿਹੀ ਚੀਜ਼ ਹੈ।[2] ਕਰਮ ਤੇ ਧਰਮ ਨੂੰ ਸਮਝਣ ਉਤੇ ਜ਼ੋਰ ਦਿੱਤਾ ਹੈ। ਤੀਰਥ ਗਮਨ, ਕਰਮ ਕਾਂਡ, ਸੁਚ ਆਚਾਰ ਆਦਿ ਇਸ ਮੁਕਤੀ ਵਿੱਚ ਸਹਾਇਕ ਨਹੀਂ।[3] ਕੇਵਲ ਨਾਮ ਹੀ ਇਹ ਮੁਕਤੀ ਦੇ ਸਕਦਾ ਹੈ। ਮਿਥ ਪ੍ਰਤੀਕ ਮੁਕਤੀ ਜਾਂ ਮੋਕਸ਼ ਦਾ ਰੂਪ ਵੀ ਹੈ। ਮੁਕਤੀ ਜਾਂ ਮੋਖ ਅਵਸਥਾ ਕਿਸੇ ਨਾ ਕਿਸੇ ਰੂਪ ਵਿੱਚ ਬੰਧਨ ਤੋਂ ਛੁਟਕਾਰੇ ਦਾ ਭਾਵ ਆਪਣੇ ਆਪ ਵਿੱਚ ਸਮੋਈ ਬੈਠੇ ਹਨ। ਭਾਰਤੀ ਮਿਥ ਬਿਰਤੀ 'ਮਾਇਆ ਦੀ ਜਕੜ' ਆਖੇਗੀ। ਨਾਨਕ ਬਾਣੀ ਮਨੁਖ ਅੰਦਰ ਮਨਮੁਖ ਬਿਰਤੀ, ਜੋ ਚੰਚਲਤਾ ਅਤੇ ਅਸਥਿਰਤਾ ਦੇ ਰੂਪ ਵਿੱਚ ਪ੍ਰਗਟ ਹੁੰਦੀ ਹੈ, ਦਾ ਵਿਆਪਕ ਹੋਣਾ ਆਖੇਗੀ। ਦੋਵੇਂ ਹੀ ਅਣਜਾਗ੍ਰਤ ਅਵਸਥਾ ਦਾ ਸੰਕੇਤ ਕਰਦੇ ਹਨ। ਦੋਵੇਂ ਹੀ ਇਸ ਮਨਮੁਖ ਰੂਪ, ਪਾਸ਼ਵਿਕ, ਅਚੇਤਿਤ ਤੇ ਅੰਧਕਾਰ ਮਈ ਬੰਧਨਾਂ ਵਾਲੀ ਹਉਮੈ ਬਿਰਤੀ ਦੇ ਤਿਆਗ ਉਤੇ ਜ਼ੋਰ ਦੇਂਦੇ ਹਨ। ਪਰ ਅਗੇ ਰਸਤਾ ਨਿੱਖੜ ਜਾਂਦਾ ਹੈ। ਮਿਥ ਚਿੰਤਨ ਦੇ ਅੰਤਰਗਤ ਬ੍ਰਾਹਮਣ ਵਰਗ ਰਿਚੁਅਲ ਕ੍ਰਿਆਵਾਂ ਵੱਲ ਤੁਰਦਾ ਹੈ ਜਿਹਨਾਂ ਦਾ ਪਸਾਰਾ ਫਿਰ ਐਵੇਂ ਹਉਮੈ ਦਾ ਵਾਧਾ ਕਰਦਾ ਹੈ।[4] ਪਰ ਨਾਨਕ ਬਾਣੀ ਕਾਵਿ ਵਿੱਚ ਰਿਚੁਅਲ ਕ੍ਰਿਆਵਾਂ ਦੀ ਥਾਂ ਨਾਮ ਦਾ ਸਹਿਜ ਮਾਰਗ ਅਪਣਾਉਣ ਦੀ ਪ੍ਰੇਰਣਾ ਹੈ। ਗੁਰਮੁਖਤਾ ਦੀ

---

1. ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ।
   ਆਸਾ ਰਾਗੁ(ਪਦੇ), ਪੰਨਾ 360
2. ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ। ਆਸਾ ਰਾਗੁ(ਵਾਰ)ਪੰਨਾ 469
3. ਇਕਿ ਤੀਰਥਿ ਨਾਵਹਿ ਅੰਨੁ ਨ ਖਾਵਹਿ। ਇਕਿ ਅਗਨਿ ਜਲਾਵਹਿ ਦੇਹ ਖਪਾਵਹਿ।
   ਰਾਮ ਨਾਮ ਬਿਨੁ ਮੁਕਤਿ ਨ ਹੋਈ ਕਿਤੁ ਬਿਧਿ ਪਾਰਿ ਲੰਘਾਈ ਹੇ।
   ਮਾਰੂ ਰਾਗੁ(ਸੋਲਹੇ) ਪੰਨਾ ,1025

4.(I) ਜੀਵਨ ਮੁਕਤੁ ਸੁ ਆਖੀਐ ਜਿਸੁ ਵਿਚਹੁ ਹਉਮੈ ਜਾਇ। ਮਾਰੂ ਰਾਗ (ਅਸ਼ਟਪਦੀਆਂ)ਪੰਨਾ1010
(II) ਸਾਗਰ ਸੀਤਲੁ ਗੁਰਸਬਦ ਵੀਚਾਰਿ
ਮਾਰਗੁ ਮੁਕਤਾ ਹਉਮੈ ਮਾਰਿ। ਮਲਾਰ ਰਾਗੁ(ਅਸ਼ਟਪਦੀਆਂ), ਪੰਨਾ 1275

ਨਿਸ਼ਚਾਇਕ ਟੇਟ ਉੱਤੇ ਬਲ ਦਿੱਤਾ ਗਿਆ ਹੈ।

ਮੁਕਤੀ ਦਾ ਸੰਕਲਪ, ਮਰਨ ਜੀਵਨ ਦੀ ਗਤੀ ਤੋਂ ਮੁਕਤ ਹੋ ਜਾਣ ਦੀ ਅਵਸਥਾ ਨਹੀਂ ਸਗੋਂ ਲਘੂ ਦੀ ਵਿਰਾਟ, ਪਰਮ ਪਰਾਤਪਰ ਵਿਚ ਅਭੇਦਤਾ ਦਾ ਪ੍ਰਤੀਕ ਹੈ। ਗੁਰੂ ਨਾਨਕ ਬਾਣੀ ਵਿੱਚ ਮੁਕਤੀ ਮਨੁੱਖੀ ਹੋਂਦ ਦੇ ਬੰਧਨ ਰਹਿਤ ਵਿਸਤਾਰ ਨੂੰ ਪ੍ਰਗਟਾਉਂਦੀ ਹੈ। ਇਹ ਮੁਕਤੀ ਦਾ ਅਨੁਭਵ ਜੀਵਨ ਮੁਕਤ ਵਾਲਾ ਹੈ। ਇਹ ਵਿਸ਼ੇਸ਼ ਭਾਂਤ ਦੀ ਮਨੋਸਥਿਤੀ ਹੈ।

## (ਕ) ਅੰਮ੍ਰਿਤ

ਅੰਮ੍ਰਿਤ ਦਾ ਸੰਕਲਪ ਮਿਥ- ਸੰਸਾਰ ਦਾ ਇਕ ਅਤੀ ਮਹੱਤਵਪੂਰਣ ਸੰਕਲਪ ਹੈ। ਇਸ ਸੰਕਲਪ ਪਿਛੇ ਛੁਪੀ ਭਾਵਨਾ ਵਿੱਚ ਮਨੁੱਖੀ ਮਨ ਦੀ ਅਮਰ ਹੋਣ ਦੀ ਲਾਲਸਾ ਕੰਮ ਕਰ ਰਹੀ ਹੈ। ਧਰਮ ਸੰਸਾਰ ਦਾ ਇਹ ਇਕ ਅਨਿਖੜ ਅੰਗ ਹੈ।

ਅੰਮ੍ਰਿਤ ਦੀ ਪ੍ਰਾਪਤੀ ਲਈ ਸਮੁੰਦਰ ਮੰਥਨ ਪ੍ਰਕ੍ਰਿਆ ਦੇ ਪ੍ਰਸੰਗ ਵਿਸ਼ਨੂੰ ਪੁਰਾਣ[1] ਮਤਸਯ ਪੁਰਾਣ, ਪਦਮ ਪੁਰਾਣ, ਬ੍ਰਹਮ ਪੁਰਾਣ, ਭਾਗਵਤ ਪੁਰਾਣ ਆਦਿ ਵਿੱਚ ਆਏ ਹਨ। ਰਾਮਾਇਣ (ਬਾਲ ਕਾਂਡ 45/16- 17) ਅਨੁਸਾਰ, "ਦਿਤੀ ਅਤੇ ਅਦਿਤੀ ਦੇ ਪੁਤਰਾਂ ਨੇ ਅਜਰਤਾ, ਅਰੋਗਤਾ ਅਤੇ ਅਮਰਤਾ ਨੂੰ ਪ੍ਰਾਪਤ ਕਰਨ ਲਈ ਸਮੁੰਦਰ ਨੂੰ ਮੰਥ ਕੇ ਅੰਮ੍ਰਿਤ ਕੱਢਣ ਦਾ ਨਿਰਣਾ ਕੀਤਾ ਸੀ।"[2] ਦੇਵਤਿਆਂ ਅਤੇ ਰਾਕਸ਼ਸਾਂ ਨੇ ਮਿਲਕੇ, ਖੀਰ ਸਾਗਰ ਨੂੰ ਰਿੜਕਿਆ, ਵਾਸੂਕੀ ਨਾਗ ਦੀ ਰਸੀ, ਅਤੇ ਮੇਰੂ ਦੀ ਮਧਾਣੀ ਨਾਲ ਬ ਮੰਥਨ ਪ੍ਰਕਿਰਿਆ ਨੂੰ ਨਿਭਾਇਆ ਗਿਆ। ਵਿਸ਼ਨੂੰ ਪੁਰਾਣ ਅਨੁਸਾਰ ਦੇਵਤਿਆਂ ਦੇ ਦੈਂਤਾਂ ਤੋਂ ਹਾਰਕੇ ਅਸਮਰਥਤਾ ਪ੍ਰਗਟ ਵਿਸ਼ਨੂੰ ਦੀ ਸ਼ਰਨ ਲਈ ਤਾਂ ਜੋ ਵਿਸ਼ਨੂੰ ਪ੍ਰਸੰਨ ਹੋ ਕੇ, ਆਪਣੇ ਤੇਜ ਨਾਲ ਉਨ੍ਹਾਂ ਨੂੰ ਸ਼ਕਤੀ ਪ੍ਰਦਾਨ ਕਰਨ। ਵਿਸ਼ਨੂੰ ਨੇ ਪ੍ਰਸੰਨ ਹੋ ਕੇ, ਉਨ੍ਹਾਂ ਨੂੰ ਅੰਮ੍ਰਿਤ ਦੀ ਪ੍ਰਾਪਤੀ ਦੀ ਵਿਧੀ ਦਸੀ।[3]

ਵਿਸ਼ਨੂੰ ਪੁਰਾਣ ਅਨੁਸਾਰ ਸਮੁੰਦਰ ਮੰਥਨ ਪ੍ਰਕਿਰਿਆ ਸਮੇਂ ਧਨਵੰਤਰੀ ਅੰਮ੍ਰਿਤ ਕਲਸ਼ (ਘੜੇ) ਸਹਿਤ ਪ੍ਰਗਟ ਹੋਏ ਅਤੇ ਦੈਂਤਾਂ ਨੇ ਉਸ ਕਲਸ਼ ਨੂੰ ਉਨ੍ਹਾਂ ਤੋਂ ਖੋਹ ਲਿਆ। ਵਿਸ਼ਨੂੰ ਨੇ ਮੋਹਨੀ ਰੂਪ ਧਾਰਣ ਕੀਤਾ, ਰਾਕਸ਼ਸਾਂ ਨੂੰ ਆਪਣੀ ਰੂਪ- ਸੁੰਦਰਤਾ ਵਲ ਆਕਰਸ਼ਤ ਕੀਤਾ ਅਤੇ ਉਹੀ ਅੰਮ੍ਰਿਤ ਕਲਸ਼ ਉਨ੍ਹਾਂ ਤੋਂ ਖੋਹਕੇ ਦੇਵਤਿਆਂ ਨੂੰ ਦਿੱਤਾ। ਸੋ ਅੰਮ੍ਰਿਤ ਦੀ ਦਾਤ ਸਤ ਪ੍ਰਵਿਰਤੀ ਦੇ ਲਖਾਇਕ ਦੇਵਤਿਆਂ ਨੂੰ ਮਿਲੀ।

ਮਾਨਵ ਇਸ ਵਿਸ਼ਾਲ ਸ੍ਰਿਸ਼ਟੀ ਦਾ ਇਕ ਨਿਕੜਾ ਜਿਹਾ ਭਾਗ ਹੈ। ਪਰ ਬੁੱਧੀ ਜੀਵੀ ਹੋਣ ਕਾਰਣ ਇਸ ਨੂੰ ਅੰਡਜ, ਜੇਰਜ, ਸੇਤਜ ਅਤੇ ਉਤਭੁਜ ਵਿਚੋਂ [illegible] ਮਿਲਣੀ ਦੇ ਜੀਵਾਂ ਜੰਤੂਆਂ ਅਤੇ ਹੋਰ ਤਤਵਾਂ ਵਿਚੋਂ ਪ੍ਰਮੁਖਤਾ ਮਿਲੀ ਹੈ। ਬੁੱਧੀ ਜੀਵੀ ਹੋ ਕੇ ਵੀ ਉਹ ਪ੍ਰਕ੍ਰਿਤੀ ਵਿਚਲੀ ਅਨਿਸਰੇ ਦੀ ਭਾਵਨਾ ਵਿਚ ਵਿਚਰਦਾ ਚਲਾ ਆ ਰਿਹਾ ਹੈ। ਮਾਨਵ ਜਿਗਿਆਸਾ ਹਰ ਪਲ, ਹਰਛਿਨ ਇਸ ਅਨਿਸਰੇ ਦੀ ਭਾਵਨਾ ਤੋਂ ਮੁਕਤ ਹੋਣਾ ਲੋੜਦੀ ਹੈ, ਪਰ ਬਿਮਾਰੀ, ਬੁਢਾਪਾ, ਮੌਤ ਅਤੇ ਹੋਰ ਅਨੇਕ ਮਜਬੂਰੀਆਂ ਇਸ ਚੱਕਰ ਤੋਂ ਉਸਨੂੰ ਬਾਹਰ ਨਹੀਂ ਆਉਣ ਦੇਂਦੀਆਂ। ਅੰਮ੍ਰਿਤ, ਮੁਕਤੀ ਸੁਰਗ, ਬੈਕੁੰਠ,

---

1. ਵਿਸ਼ਨੂੰ ਪੁਰਾਣ 1- 9
2. ਰਤਨ ਸਿੰਘ ਜੱਗੀ (ਡਾ.) ਰਾਮ ਕਥਾ ਦਾ ਪੌਰਾਣਿਕ ਅਧਿਐਨ, ਪੰਨਾ 123, ਉਧਰਿਤ
3. ਵਿਸ਼ਨੂੰ ਪੁਰਾਣ 1- 9/80

ਦਰਬਾਰ , ਦੇਵ, ਅਵਤਾਰ, ਇਤਿਆਦਿ ਇਸ ਅਨਿਸਚੈ ਵਾਲੇ ਵਿਪਤ- ਸੰਸਾਰ ਵਿਚੋਂ ਨਿਕਲਣ ਦੇ ਯਤਨ ਹਨ। ਮਾਨਵ ਦੀ ਕਲਪਨਾ ਨੇ ਨਵੇਂ ਠਾਹਰ ਨਵੇਂ ਆਸਰੇ ਲਭਣ ਦਾ ਹਮੇਸ਼ਾ ਪ੍ਰਯਤਨ ਕੀਤਾ ਹੈ। ਅੰਮ੍ਰਿਤ ਵੀ ਐਸੇ ਯਤਨ ਦਾ ਫਲ ਹੈ। ਪੁਰਾਣ ਕਥਾ ਵਿਚਲੀ ਸਮੁੰਦਰ ਮੰਥਨ ਵਾਲੀ ਘਟਨਾ ਐਸੀ ਪ੍ਰਤੀਕ ਦੀ ਲਖਾਇਕ ਹੈ।

ਗੁਰੂ ਨਾਨਕ ਦੇਵ ਜੀ ਬਾਣੀ ਵਿੱਚ ਸਮੁੰਦਰ ਮੰਥਨ ਪ੍ਰਕ੍ਰਿਆ ਦੇ ਕੁਝ ਸੰਕੇਤ ਮਿਲਦੇ ਹਨ ਜਿਨ੍ਹਾਂ ਵਿਚ ਖੀਰ ਸਾਗਰ, ਮੇਰੂ ਦੀ ਮਧਾਣੀ[1] ਰਤਨਾ ਦੀ ਪ੍ਰਾਪਤੀ ਤੇ ਵੰਡ, ਦੇਵਤਿਆਂ ਤੇ ਰਾਖਸ਼ਾਂ ਦਾ ਸਦੈ ਅਗਿਆਨ[2] ਇਤਿਆਦਿ ਇਸ ਮਿਥ ਕਥਾ ਨਾਲ ਸੰਬੰਧਿਤ ਹਨ। ਪ੍ਰਸੰਗ ਵਸ 'ਸਾਗਰ ਕੀ ਪੁਤਰੀ' ਦਾ ਵਰਨਣ ਵੀ ਆਇਆ ਹੈ।

ਨਾਨਕ ਬਾਣੀ ਵਿਚ ਅੰਮ੍ਰਿਤ ਨੂੰ ਅਲੌਕਿਕ ਵਸਤੂ ਵਜੋਂ ਸਵੀਕਾਰਿਆ ਨਹੀਂ ਗਿਆ। ਇਸਦੇ ਪ੍ਰਤੀਕਾਤਮਕ ਅਰਥਾਂ ਨੂੰ ਗ੍ਰਹਿਣ ਕਰਨ ਅਤੇ ਨਵ ਅਰਥ ਪ੍ਰਦਾਨ ਕਰਨ ਦੀ ਰੁਚੀ ਦਾ ਪ੍ਰਗਟਾਵਾ ਹੋਇਆ ਹੈ। ਅੰਮ੍ਰਿਤ ਦਾ ਭਾਗੀ ਦੇਵ ਹੈ। ਦੇਵ ਸਤ ਬਿਰਤੀਆਂ ਦਾ ਚਿੰਨ੍ਹ ਹੈ, ਰਾਖਸ਼ , ਆਸੁਰੀ, ਕੁਸੰਗ, ਕੁਮੱਤ ਅਤੇ ਦੁਰਾਚਾਰ ਦਾ। ਸੰਸਾਰ ਵਿਚ ਸਦਾਚਾਰ ਤੇ ਦੁਰਾਚਾਰ ਦੀ ਨਿਰੰਤਰ ਟੱਕਰ ਵਿਦਮਾਨ ਰਹਿੰਦੀ ਹੈ। ਦੁਰਾਚਾਰ ਵੀ ਕਦੇ ਭਾਰੂ ਹੋ ਜਾਂਦਾ ਹੈ ਜਿਵੇਂ ਰਾਖਸ਼ਾਂ ਨੇ ਧਨਵੰਤਰੀ ਕੋਲੋਂ ਅੰਮ੍ਰਿਤ ਕਲਸ਼ ਖੋਹ ਲਿਆ ਸੀ। ਪਰ ਅੰਤ ਵਿਜੈ ਸਦਾਚਾਰ ਤੇ ਸਤ ਭਾਵਨਾ ਦੀ ਹੀ ਹੁੰਦੀ ਹੈ। ਨਾਨਕ ਬਾਣੀ ਵਿੱਚ ਸਤ ਬਿਰਤੀਆਂ ਦੀ ਪ੍ਰਸੰਸਾ ਹੈ। ਅਵਤਾਰ ਜਦ ਭਗਤ ਦੀ ਰੱਖਿਆ ਕਰਨ ਹਿੱਤ ਜਗਤ ਵਿੱਚ ਆਉਂਦਾ ਹੈ ਤਾਂ ਰਾਖਸ਼ਾਂ ਦਾ ਨਾਸ਼ ਕਰਦਾ ਹੈ ਤੇ ਭਗਤਾਂ ਦਾ ਉਧਾਰ ਕਰਦਾ ਹੈ। ਬਾਣੀ ਵਿੱਚ ਭਗਤਾਂ ਦੇ ਉਧਾਰ ਲਈ ਅਵਤਾਰ ਧਾਰਣ ਵਾਲੀ ਪ੍ਰਵਿਰਤੀ ਦੀ ਪ੍ਰਸੰਸਾ ਐਸੇ ਹੀ ਪ੍ਰਸੰਗ ਵਿੱਚ ਹੋਈ ਹੈ।

ਨਾਨਕ ਬਾਣੀ ਵਿੱਚ ਅੰਮ੍ਰਿਤ ਦੇ ਤਾਤਵਿਕ ਅਰਥਾਂ ਦਾ ਨਵ ਨਿਰੂਪਣ ਕੀਤੇ ਜਾਣ ਦਾ ਪ੍ਰਯਾਸ ਏਕ ਉਦਮ ਹੋਇਆ ਹੈ। ਇਸ ਨਾਲੋਂ ਮਿਥ ਕਥਾ ਦਾ ਆਡੰਬਰ ਝਾੜ ਦਿੱਤਾ ਗਿਆ ਹੈ, ਅਤੇ ਸੂਖਮ ਤੇ ਖੂਬਸੂਰਤ ਰੂਪ ਵਿਚ ਅਧਿਆਤਮਿਕ ਜਗਤ ਨਾਲ ਸੰਬੰਧਿਤ ਕਰਕੇ ਅੰਮ੍ਰਿਤ ਨੂੰ 'ਗੁਰ ਕੀ ਬਾਣੀ' ਨਾਲ ਜੋੜਿਆ ਗਿਆ ਹੈ। ਨਾਨਕ ਬਾਣੀ ਵਿੱਚ ਅੰਮ੍ਰਿਤ ਸ਼ਬਦ ਦਾ ਵਿਕਾਸ ਹੋਇਆ ਹੈ। ਪਦਾਰਥ ਮੂਰਤ ਵਸਤੂ ਦੀ ਥਾਂ ਪਦਾਰਥ - ਮੁਕਤ ਕਰਕੇ ਇਸ ਤਤਵ ਵਸਤੂ ਨੂੰ ਬਾਣੀ ਵਿੱਚ ਵਿਖਿਆਨਿਆ ਗਿਆ ਹੈ।

---

1. ਬਾਣੀ ਵਿਰਲਉ ਰਤਨ ਉਪੰਨੇ ਮੇਰੁ ਕੀਆ ਮਧਾਣੀ।
   ਮਾਝ ਰਾਗੁ, (ਵਾਰ) ਪੰਨਾ 150
2. ਰਤਨ ਉਪਾਇ ਧਰੇ ਖੀਰੁ ਮਥਿਆ ਹੋਰਿ ਭਖਲਾਏ ਜਿ ਅਸੀ ਕੀਆ।
   ਕਹੈ ਨਾਨਕੁ ਛਪੈ ਕਿਉ ਛਪਿਆ ਏਕੀ ਏਕੀ ਵੰਡਿ ਦੀਆ।
   ਆਸਾ ਰਾਗੁ , ਪੰਨਾ 350- 51

ਅੰਮ੍ਰਿਤ ਬਾਣੀ ਹੈ।[1] ਬਾਣੀ ਅਮਰ ਕਰਨ ਵਾਲੀ ਹੈ। ਨਾਮ ਵਿਗਾਸੀ ਕਾਇਆ ਵੀ ਅੰਮ੍ਰਿਤ ਹੋ ਜਾਂਦੀ ਹੈ।[2] ਗੁਰੂ ਦੀ ਸਾਖੀ, ਨੂੰ ਵੀ ਅੰਮ੍ਰਿਤ ਨਾਲ ਜੋੜਿਆ ਗਿਆ ਹੈ।[3] ਉਸ ਵੀ ਸਾਗਰ ਰੂਪ ਗੁਰੂ ਤੋਂ ਅੰਮ੍ਰਿਤ ਪ੍ਰਾਪਤ ਹੁੰਦਾ ਹੈ।[4] ਪਰ ਅੰਮ੍ਰਿਤ ਪ੍ਰਾਪਤੀ ਲਈ ਜਿਗਿਆਸਾ ਲੰਗਰ ਤੇ ਗਿਆਨ ਦੀ ਲੋੜ ਵੀ ਹੈ।[5] ਉਲਟ ਬੁੱਧੀ ਵਾਲੇ ਨੂੰ ਅੰਮ੍ਰਿਤ ਦੀ ਦਾਤ ਨਹੀਂ ਮਿਲ ਸਕਦੀ।[6] ਇਹ ਮੰਥਨ ਕ੍ਰਿਆ ਹੈ ਤੇ ਮੰਥਨ ਘਟਨਾ ਵਿਚ ਸਹਿਜ ਅਵਸਥਾ, ਜਗਿਆਸਾ, ਸਿਦਕ, ਸੁਧ ਵਿਚਾਰ, ਸਤਿਗੁਰੂ ਦੀ ਓਟ ਤੇ ਬਖਸ਼ਿਸ਼ ਦੀ ਲੋੜ ਹੁੰਦੀ ਹੈ।[7] ਗੁਰੂ ਨਾਨਕ ਨੇ ਅੰਮ੍ਰਿਤ ਰੂਪੀ ਬਾਣੀ ਨੂੰ ਹੀ ਮੋਖ ਦੁਆਰਾ ਦੀ ਪ੍ਰਾਪਤੀ ਦਾ ਵਸੀਲਾ ਆਖਿਆ ਹੈ।[8]

ਅੰਮ੍ਰਿਤ ਦੇ ਇਸ ਨਵੇਂ ਸੰਕਲਪ ਨੇ ਮਾਨਵ ਦੀ ਸਿਧ ਚੇਤਨਾ ਨੂੰ ਝੰਜੋੜਿਆ ਹੈ। ਇਹ ਸੰਕਲਪ ਅਨਿਸਚੇ ਤੋਂ ਨਿਸਚੇ ਦੇ ਜਗਤ ਵਿਚ ਲਿਆਉਣ ਵਿੱਚ ਸਹਾਇਤਾ ਕਰਦਾ ਹੈ। ਵਸਤੂ ਰਤ ਅੰਮ੍ਰਿਤ ਦੀ ਭਾਲ ਕੁਰਾਹੇ ਜਾਣ ਤੇ ਦੁੱਖ ਸਹਿਣ ਤੋਂ ਸਿਵਾ ਕੁਝ ਨਹੀਂ। ਬਾਣੀ ਦਾ ਪ੍ਰਕਾਸ਼ ਅੰਮ੍ਰਿਤ ਦਾ ਸੋਮਾ ਬਣਕੇ ਮਨੁੱਖ ਨੂੰ ਅਜਰਤਾ, ਅਮਰਤਾ ਦੀ ਨਿਸਚੇਮਈ ਸੋਧ ਵੱਲ ਤੋਰਦਾ ਹੈ।

---

1. (i) ਅੰਮ੍ਰਿਤ ਤੇਰੀ ਬਾਣੀਆ। ਤੇਰਿਆ ਭਗਤਾ ਰਿਦੈ ਸਮਾਣੀਆ।
ਸਿਰੀ ਰਾਗ, ਪੰਨਾ 72
(ii) ਅੰਮ੍ਰਿਤ ਨਾਮੁ ਸਦਾ ਸੁਖਦਾਤਾ, ਗੁਰਮਤੀ ਮੰਨਿ ਵਸਾਵਣਿਆ।
ਮਾਝ ਰਾਗੁ, (ਅਸ਼ਟਪਦੀਆਂ), ਪੰਨਾ 109

2. ਅੰਮ੍ਰਿਤ ਕਾਇਆ ਰਹੈ ਸੁਖਾਲੀ, ਬਾਜੀ ਇਹੁ ਸੰਸਾਰੋ।
ਗਉੜੀ ਰਾਗੁ(ਪਦੇ), ਪੰਨਾ 154

3. ਸਭੁ ਗੁਰ ਕੀ ਸਾਖੀ ਅੰਮ੍ਰਿਤ ਭਾਖੀ। ਤਿਤੁ ਮਨੁ ਮਾਨਿਆ ਮੇਰਾ।
ਧਨਾਸਰੀ ਰਾਗੁ(ਛੰਤ), ਪੰਨਾ 688

4. ਗੁਰ ਸਾਗਰੁ ਅੰਮ੍ਰਿਤਸਰੁ ਜੋ ਇਛੇ ਸੋ ਫਲੁ ਪਾਏ।
ਮਾਰੂ ਰਾਗੁ(ਅਸ਼ਟਪਦੀਆਂ), ਪੰਨਾ 1011-12

5. ਅੰਮ੍ਰਿਤ ਕੀ ਸਾਰ ਸੋਈ ਜਾਣੈ ਜਿ ਅੰਮ੍ਰਿਤ ਕਾ ਵਾਪਾਰੀ ਜੀਉ।
ਮਾਰੂ ਰਾਗੁ(ਪਦੇ), ਪੰਨਾ 995

6. ਊਂਧੈ ਭਾਂਡੈ ਕਛੁ ਨ ਸਮਾਵੈ। ਸੀਧੈ ਅੰਮ੍ਰਿਤ ਪਰੈ ਨਿਹਾਰ।
ਗੂਜਰੀ ਰਾਗੁ(ਅਸ਼ਟਪਦੀਆਂ), ਪੰਨਾ 504

7. (i) ਅਰਥ ਰਥਾ ਵੀਚਾਰੀਐ ਜੇ ਸਤਿਗੁਰ ਮਾਹਿ ਸਮਾਇ।
ਪੀ ਅੰਮ੍ਰਿਤੁ ਸੰਤੋਖਿਆ ਦਰਗਹਿ ਪੈਧਾ ਜਾਇ। ਸਿਰੀ ਰਾਗ(ਅਸ਼ਟਪਦੀਆਂ)ਪੰਨਾ 62
(ii) ਦੂਹਿ ਦਧੂ ਮਥਿ ਅੰਮ੍ਰਿਤ ਖਾਇ। ਗੁਰਮੁਖ ਬੂਝੈ ਏਕ ਸਮਾਇ।
ਬਸੰਤ ਰਾਗੁ(ਅਸ਼ਟਪਦੀਆਂ), ਪੰਨਾ 1188

8. ਸਾਚੀ ਬਾਣੀ ਮੀਠੀ ਅੰਮ੍ਰਿਤਧਾਰ ਜਿਨਿ ਪੀਤੀ ਤਿਸੁ ਮੋਖ ਦੁਆਰ।
ਮਲਾਰ ਰਾਗੁ(ਅਸ਼ਟਪਦੀਆਂ), ਪੰਨਾ 1275

## (ਘ) ਮੰਤ੍ਰ, ਜੰਤ੍ਰ, ਤੰਤ੍ਰ, ਕਰਾਮਾਤਾਂ, ਰਿਧੀਆਂ ਸਿਧੀਆਂ

"ਮੰਤ੍ਰ ਦਾ ਅਰਥ ਸਲਾਹ ਮਸ਼ਵਰਾ, ਜੰਤ੍ਰ ਦਾ ਅਰਥ ਕਲ (ਮਸ਼ੀਨ) ਅਰ ਤੰਤ੍ਰ ਦਾ ਅਰਥ ਪਦਾਰਥਾਂ ਦਾ ਮਿਲਾਪ ਹੈ। ਪਰ ਅਗਿਆਨੀਆਂ ਨੇ ਜਪ ਦਾ ਨਾਉਂ ਮੰਤ੍ਰ, ਭੋਜ ਪਤ੍ਰ ਕਾਗਜ਼ਾਂ ਆਦਿਕ ਪਰ ਲੇਖ ਦਾ ਨਾਉਂ ਜੰਤ੍ਰ ਅਰ ਟੂਣਿਆਂ ਦਾ ਨਾਉਂ ਤੰਤ੍ਰ ਕਲਪ ਲਿਆ ਹੈ।"[1]

ਅਕਸਰ ਤੰਤ੍ਰ ਮੰਤ੍ਰ ਜਾਦੂ ਟੂਣੇ ਦਾ ਰੂਪ ਹੀ ਸਮਝੇ ਜਾਂਦੇ ਹਨ। ਇਨ੍ਹਾਂ ਵਿਚ ਵਿਸ਼ਵਾਸ਼ ਆਦਿਮ ਕਾਲੀਨ ਸੋਚ ਦਾ ਸਿੱਟਾ ਹੈ। ਇਹ ਮਾਨਵ ਪ੍ਰਕ੍ਰਤੀ ਦੇ ਬਹੁਤ ਹੇਠਲੇ ਪੜਾ ਦੀ ਸੂਚਕ ਹੈ। ਪਰ ਕੁਝ ਵਿਚਾਰ ਜਦੋਂ ਮਾਨਵ ਮਨ ਵਿੱਚ ਪ੍ਰਵੇਸ਼ ਕਰ ਜਾਣ ਤੇ ਉਨ੍ਹਾਂ ਉਤੇ ਵਿਸ਼ਵਾਸ਼ ਤੇ ਸ਼ਰਧਾ ਵੀ ਬੱਝ ਜਾਵੇ ਤਾਂ ਉਨ੍ਹਾਂ ਨੂੰ ਮਨੁੱਖੀ ਮਨ ਸਤਹ ਤੋਂ ਬਾਹਰ ਕਢਣਾ ਔਖਾ ਹੋ ਜਾਂਦਾ ਹੈ। ਇਸ ਰੁਚੀ ਨੂੰ ਵਧਦਾ ਗਿਆਨ ਅਰਥਾਤ ਪ੍ਰਕ੍ਰਿਤੀ ਦੇ ਸਾਰੇ ਭੇਦ ਪ੍ਰਤੀ ਖੋਜ ਦੀ ਸੂਝ ਹੌਲੀ ਹੌਲੀ ਕੱਟਦੀ ਹੈ। ਪ੍ਰਕਿਰਤੀ ਤੇ ਤਤਾਂ ਨੂੰ ਨਾ ਸਮਝਣ ਤੇ ਉਨ੍ਹਾਂ ਅੰਦਰਲੀ ਸ਼ਕਤੀ ਨੂੰ ਮਨ ਰਾਹੀਂ ਅਰਥ ਦੇਣ ਨਾਲ ਇਹ ਸਥਿਤੀ ਪੈਦਾ ਹੁੰਦੀ ਹੈ।

ਸਾਧਾਰਣ ਤੌਰ ਤੇ ਸਾਰੇ ਦੇਸ਼ਾਂ ਦੇ ਨਿਵਾਸੀਆਂ ਵਿੱਚ ਇਹ ਵਿਸ਼ਵਾਸ਼ ਪ੍ਰਚਲਤ ਰਿਹਾ ਹੈ ਕਿ ਕੁਝ ਖਾਸ ਆਦਮੀ ਅਜਿਹੇ ਹੁੰਦੇ ਹਨ ਜੋ ਕੁਝ ਪ੍ਰਾਕ੍ਰਿਤਕ ਸ਼ਕਤੀਆਂ ਨੂੰ ਆਪਣੇ ਵਸ ਵਿਚ ਕਰ ਸਕਦੇ ਹਨ। ਉਨ੍ਹਾਂ ਤੋਂ ਜਿਵੇਂ ਚਾਹੁਣ ਆਪਣੇ ਕੰਮ ਕਰਵਾ ਸਕਦੇ ਹਨ। ਇਹ ਸਾਰੀਆਂ ਅਜੇਹੀਆਂ ਗੱਲਾਂ ਹਨ ਜਿਹੜੀਆਂ ਮੰਤ੍ਰ, ਤੰਤ੍ਰ ਅਤੇ ਧਰਮ ਖੇਤ੍ਰ ਵਿਚ ਅਕਸਰ ਵਿਸ਼ਵਾਸ਼ ਦਾ ਕਾਰਣ ਬਣੀਆਂ ਹਨ।

ਮੁਸਲਮਾਨਾਂ ਵਿੱਚ ਪੀਰਾਂ ਨਾਲ ਕਰਾਮਾਤਾਂ ਜੋੜੀਆਂ ਗਈਆਂ। ਹਿੰਦੂਆਂ ਵਿਚ ਜੋਗੀਆਂ ਤੇ ਸਿਧਾਂ ਅੰਦਰ ਤੰਤ੍ਰ ਮੰਤ੍ਰ ਤੇ ਰਿਧੀਆਂ ਸਿਧੀਆਂ ਦੀਆਂ ਸ਼ਕਤੀਆਂ ਮੰਨੀਆਂ ਗਈਆਂ। ਜਨਮ ਸਾਖੀ ਪਰੰਪਰਾ ਤੇ ਭਾਈ ਗੁਰਦਾਸ ਨੇ ਗੁਰੂ ਨਾਨਕ ਨਾਲ ਭੀ ਕਰਾਮਾਤਾਂ ਜੋੜੀਆਂ ਹਨ। ਸਪਸ਼ਟ ਹੈ ਕਿ ਆਮ ਲੋਕਾਂ ਵਿੱਚ ਇਹ ਰੁਚੀ ਬੜੀ ਪ੍ਰਬਲ ਹੈ ਅਤੇ ਕੋਈ ਭੀ ਧਰਮ ਇਸਦੀ ਪਕੜ ਤੋਂ ਬੱਚ ਨਹੀਂ ਸਕਿਆ। ਅਸਲ ਵਿਚ ਮਿਥ ਸਿਰਜਣਾ ਦੇ ਬਹੁਤੇ ਭਾਗ ਨੂੰ ਇਸੇ ਰੁਚੀ ਨੇ ਜਨਮ ਦਿਤਾ ਹੈ। ਮਿਥ ਵਿਗਿਆਨ ਦੀਆਂ ਬਹੁਤੀਆਂ ਸ਼ਾਖਾਂ ਇਸੇ ਦੀ ਕੁੱਖ ਵਿਚੋਂ ਜਨਮੀਆਂ ਹਨ।

ਜੋਗ ਮਤ ਵਿਚ ਵੀ ਯੋਗ ਦੇ ਨਾਂ ਤੇ ਅਧਿਭੌਤਿਕ ਸ਼ਕਤੀਆਂ ਦਾ ਮਹਤਵ ਵਧਿਆ ਅਤੇ ਲੋਕ ਸਿਧੀਆਂ ਪ੍ਰਾਪਤ ਕਰਨ ਲਈ ਕਈ ਕਿਸਮ ਦੇ ਜਪ ਤਪ ਆਦਿ ਵਿਚ ਰਹਿਣ ਲਗੇ। ਯੋਗ ਸ਼ਾਸਤ੍ਰ ਵਿੱਚ ਅਜੇਹੀਆਂ ਅਨੇਕ ਸਿਧੀਆਂ ਦਾ ਵਰਨਣ ਕੀਤਾ ਗਿਆ ਹੈ। ਦੂਜੇ ਦੀ ਮਨ ਦੀ ਗੱਲ ਜਾਣ ਲੈਣਾ, ਹਾਥੀ ਸਮਾਨ ਬਲ ਪ੍ਰਾਪਤ ਕਰਨਾ, ਦੂਰ ਸਥਿਤ ਪਦਾਰਥਾਂ ਦਾ ਸਾਖਸ਼ਾਤਕਾਰ ਕਰਨਾ, ਸਮਸਤ ਲੋਕ

---

1. ਕਾਨ੍ਹ ਸਿੰਘ ਨਾਭਾ, ਗੁਰਮਤ ਪ੍ਰਭਾਕਰ, ਪੰਨਾ 397

ਦਾ ਗਿਆਨ ਹੋਣਾ, ਪਰ ਸ਼ਰੀਰ ਵਿਚ ਪ੍ਰਵਿਸ਼ਟ ਕਰਨਾ ਅਤੇ ਆਕਾਸ਼ ਗਮਨ ਕਰਨਾ ਆਦਿ ਰਿਧੀਆਂ ਸਿਧੀਆਂ ਦਾ ਜੈਨ ਮਤ ਵਿੱਚ ਪ੍ਰਤਿਪਾਦਨ ਕੀਤਾ ਗਿਆ ਹੈ।[1] ਰਿਧੀਆਂ ਸਿਧੀਆਂ ਗੁਰੂ ਨਾਨਕ ਦੀ ਦ੍ਰਿਸ਼ਟੀ ਵਿਚ ਛੋਟੀ ਭਾਵਨਾ ਹੈ। ਨੀਵੇਂ ਦਰਜੇ ਦੀ ਜਿਗਿਆਸਾ ਹੈ। ਸਿਧ ਪ੍ਰਸਿੱਧ ਏਸੇ ਹੀ ਲੋਭ ਤੇ ਪ੍ਰਾਪਤੀ ਦੇ ਅੰਧੇਰ ਜਾਲ ਤੇ ਹੰਕਾਰ ਜਾਲ ਵਿੱਚ ਸੱਚ ਦੇ ਮਾਰਗ ਤੋਂ ਥਿੜਕ ਗਏ ਸਨ।[2] ਨਾਨਕ ਬਾਣੀ ਵਿੱਚ ਇਸ ਰੁਚੀ ਨੂੰ ਸਮਰਥਨ ਨਹੀਂ ਪ੍ਰਾਪਤ ਹੋਇਆ।

ਬਾਣੀ ਵਿੱਚ ਤੰਤ੍ਰ ਮੰਤ੍ਰ ਨੂੰ ਪਾਖੰਡ ਆਖਿਆ ਗਿਆ ਹੈ।[3] ਇਸ ਲੋਕ ਪਿਛੇ ਨਾਨਕ ਬਾਣੀ ਦਾ ਯਥਾਰਥ ਚਿੰਤਨ ਅਤੇ ਧਰਮ ਦੀ ਉਚ ਅਵਸਥਾ ਦਾ ਬੋਧ ਕੰਮ ਕਰ ਰਿਹਾ ਹੈ। ਪਰਮ ਪੁਰਖ ਦੇ ਚਿੰਤਨ ਤੱਕ ਪਹੁੰਚਿਆ ਵਿਅਕਤੀ ਕਿਵੇਂ ਭਰਮ ਚਿੰਤਨ ਵਲ ਰੁਚਿਤ ਹੋ ਸਕਦਾ ਹੈ।

ਕਰਾਮਾਤਾਂ ਬਾਰੇ ਵੀ ਏਹੋ ਰੁਚੀ ਹੈ। ਇਹ ਸੰਕੇਤ ਇਤਿਹਾਸਕ ਘਟਨਾ ਦੇ ਪ੍ਰਸੰਗ ਵਿਚ ਦਰਜ ਹੋਇਆ ਹੈ। ਬਾਬਰ ਦੇ ਹਮਲੇ ਵੇਲੇ ਅਨੇਕ ਪੀਰ, ਜਾਦੂ ਟੂਣਿਆਂ ਤੇ ਹੋਰ ਕਾਮਲਿਆਂ ਨਾਲ ਬਾਬਰ ਦਾ ਭਾਰਤ ਪ੍ਰਵੇਸ਼ ਰੋਕਣਾ ਚਾਹੁੰਦੇ ਹਨ ਪਰ ਉਨ੍ਹਾਂ ਦੀਆਂ ਕਰਾਮਾਤਾਂ ਤੇ ਜਾਦੂ ਟੂਣੇ ਸਭ ਅਸਫਲ ਜਾਂਦੇ ਹਨ ਨਾ ਬਾਬਰ ਅੰਨ੍ਹਾ ਹੁੰਦਾ ਹੈ ਨਾ ਉਸਦੇ ਫੌਜੀ ਸਿਪਾਹੀ।[4] ਇਸ ਇਤਿਹਾਸਕ ਘਟਨਾ ਦੇ ਅੰਤਰਗਤ ਕਰਾਮਾਤਾਂ ਤੇ ਜਾਦੂ ਟੂਣਿਆਂ ਦੀ ਨਿਰਾਰਥਕਤਾ ਨੂੰ ਵਿਵੇਕ ਰਾਹੀਂ ਤੇ ਪ੍ਰਤਖ ਪ੍ਰਮਾਣ ਰਾਹੀਂ ਸਿਧ ਕੀਤਾ ਹੈ।

---

1. ਜਗਦੀਸ਼ ਚੰਦਰ ਜੈਨ(ਡਾ.), 'ਭਾਰਤੀਯ ਤਤਵ ਚਿੰਤਨ', ਪੰਨਾ
ਰਾਜ ਕਮਲ ਪ੍ਰਕਾਸ਼ਨ ਦਿੱਲੀ।

2. (I) ਸਿਧਾ ਸੇਵਨਿ ਸਿਧ ਪੀਰ ਮਾਗਹਿ ਰਿਧਿ ਸਿਧਿ।
ਮੈਂ ਇਕੁ ਨਾਮੁ ਨਾ ਵੀਸਰੈ ਸਾਚੇ ਗੁਰ ਬੁਧਿ।
ਆਸਾ ਰਾਗੁ(ਅਸ਼ਟਪਦੀਆਂ), ਪੰਨਾ 418-19

(II) ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ।
ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ।
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ।
ਸਿਰੀ ਰਾਗੁ(ਪਦੇ), ਪੰਨਾ 14

3. (I) ਤੰਤੁ ਮੰਤੁ ਪਾਖੰਡੁ ਨ ਜਾਣਾ, ਰਾਮ ਹਿਦੈ ਮਨੁ ਮਾਨਿਆ।
ਸਾਜਨ ਹੋਵਨਿ ਆਪਣੇ ਕਿਉ ਪਰ ਘਰਿ ਜਾਹੀ।
ਸੂਹੀ ਰਾਗੁ(ਛੰਤ), ਪੰਨਾ 766

(II) ਅਵਰੁ ਨ ਅਉਖਧੁ ਤੰਤ ਨ ਮੰਤਾ ਹਰਿ ਹਰਿ ਸਿਮਰਣੁ ਕਿਲਵਿਖ ਹੰਤਾ
ਆਸਾ ਰਾਗੁ(ਅਸ਼ਟਪਦੀਆਂ), ਪੰਨਾ 416

4.

(ਚ) **ਜੋਗੀਆਂ, ਭੇਖੀਆਂ ਤੇ ਜੈਨੀਆਂ ਦੀਆਂ ਮਨੌਤਾਂ**

ਗੁਰੂ ਨਾਨਕ ਦੇਵ ਨੇ ਆਪਣੇ ਸਮਕਾਲੀਨ ਜੀਵਨ ਵਿੱਚ ਹੋਰ ਫਿਰਕਿਆਂ ਦੇ ਨਾਲ ਨਾਲ ਜੋਗੀਆਂ ਅਤੇ ਜੈਨੀਆਂ ਦੇ ਜੀਵਨ ਆਚਾਰ ਨੂੰ ਬੜਾ ਨੇੜਿਉਂ ਹੋ ਕੇ ਪਰਖਿਆ ਜੋਖਿਆ। ਉਨ੍ਹਾਂ ਦੇ ਕਈ ਤਪਾਂ ਦੇ ਅਨੁਸ਼ਠਾਨਾਂ ਤੇ ਮਨੌਤਾਂ ਦਾ ਅਧਿਐਨ ਵੀ ਕੀਤਾ। ਉਨ੍ਹਾਂ ਵਿਚ ਬਹੁਤੇ ਲੋਕ ਜੰਗਲਾਂ, ਪਹਾੜਾਂ, ਤੇ ਉਜਾੜਾਂ ਵਿੱਚ ਦੁੱਖਾਂ ਨੂੰ ਸਹਿੰਦੇ ਕਿਸੇ ਉਚੀ ਆਤਮਿਕ ਅਵਸਥਾ ਦੀ ਭਾਲ ਵਿੱਚ ਲੱਗੇ ਰਹਿੰਦੇ ਸਨ। ਸੰਸਾਰ ਦਾ ਤਿਆਗ, ਦੁਖ ਤੇ ਭੁੱਖ ਸਹਿਣੀ, ਨੰਗੇ ਪਿੰਡੇ ਗਰਮੀ ਸਰਦੀ, ਮੀਂਹ ਹਨੇਰੀ ਤੇ ਝਖੜ ਸਹਿਣੇ, ਜਟਾਂ ਵਧਾ ਲੈਣੀਆਂ, ਪਿੰਡੇ ਤੇ ਭਿਭੂਤ ਮੱਲ ਲੈਣੀ, ਕਈ ਤਪਾਂ ਦੇ ਆਸਨ ਲਗਾਉਣੇ [1] ਜਾਂ ਜੈਨੀਆਂ ਵਾਂਗ 'ਗੰਦੇ ਮੰਦੇ ਰਹਿਣਾ', ਸਿਰਾਂ ਦੇ ਵਾਲ ਪਾਪ ਸਮਝਕੇ ਪੱਟਿਆਂ ਨਾਲ ਪੁਟ ਛੱਡਣੇ, ਭੁੱਖੇ ਪੈਰੀਂ ਨੰਗੇ ਅਤੇ ਹੋਰ ਕਸ਼ਟਾਂ ਨੂੰ ਸਹਿੰਦੇ [2] ਫਿਰਨਾ ਕਿ ਇਨ੍ਹਾਂ ਮਨੌਤਾਂ ਨਾਲ ਕਿਸੇ ਉਚੀ ਅਵਸਥਾਂ ਵਿੱਚ ਪੁੱਜ ਜਾਣਗੇ। ਆਪ ਦੀਆਂ ਨਜ਼ਰਾਂ ਵਿਚ ਪਾਖੰਡ ਸੀ। ਆਪਣੀ ਸਿਧ ਗੋਸ਼ਟ ਰਚਨਾ ਵਿੱਚ ਉਨ੍ਹਾਂ ਜੋਗੀਆਂ ਨਾਲ ਗੋਸ਼ਟ ਵਿੱਚ ਕੁਝ ਗੱਲਾਂ ਦਾ ਉਨ੍ਹਾਂ ਨੂੰ ਸਪਸ਼ਟੀਕਰਣ ਕਰਕੇ ਨਵੀਂ ਸੇਧ ਵੀ ਦਿੱਤੀ ਹੈ। ਗਲਤ ਮਨੌਤਾਂ ਦਾ ਖੰਡਨ ਸੁਚੇਤ ਬਿਰਤੀ ਦਾ ਲਖਾਇਕ ਹੈ।

---

1. ਇਕਿ ਵਣਖੰਡ ਬੈਸਹਿ ਜਾਇ ਸਦੁ ਨ ਦੇਵਹੀ।
ਇਕਿ ਪਾਲਾ ਕਕਰੁ ਭੰਨਿ ਸੀਤਲੁ ਜਲੁ ਹੇਂਵਹੀ।
ਇਕਿ ਭਸਮ ਚੜ੍ਹਾਵਹਿ ਅੰਗਿ ਮੈਲੁ ਨ ਧੋਵਹੀ।
ਇਕਿ ਜਟਾ ਬਿਕਟ ਬਿਕਰਾਲ ਕੁਲੁ ਘਰੁ ਖੋਵਹੀ।
ਇਕਿ ਨਗਨ ਫਿਰਹਿ ਦਿਨਰਾਤ ਨੀਂਦ ਨਾ ਸੋਵਹੀ।
ਇਕਿ ਅਗਨਿ ਜਲਾਵਹਿ ਅੰਗੁ ਆਪੁ ਵਿਗੋਵਹੀ।
ਵਿਣੁ ਨਾਵੈ ਤਨੁ ਛਾਰੁ ਕਿਆ ਕਹਿ ਰੋਵਹੀ।
ਸੋਹਨਿ ਖਸਮ ਦੁਆਰਿ ਜੇ ਸਤਿਗੁਰੁ ਸੇਵਹੀ।

ਮਲਾਰ ਵਾਰ (ਵਾਰ), ਪੰਨਾ 1284-85

2. ਇਕਿ ਜੈਨੀ ਉਝੜ ਪਾਇ ਧੁਰਹੁ ਖੁਆਇਆ।
ਤਿਨ ਮੁਖਿ ਨਾਹੀ ਨਾਮੁ ਨ ਤੀਰਥਿ ਨ੍ਹਾਇਆ।
ਹਥੀ ਸਿਰ ਖੋਹਾਇ ਨ ਭਦੁ ਕਰਾਇਆ।
ਕੁਚਿਲ ਰਹਹਿ ਦਿਨ ਰਾਤਿ ਸਬਦੁ ਨ ਭਾਇਆ।
ਤਿਨ ਜਾਤਿ ਨਾ ਪਤਿ ਨਾ ਕਰਮੁ ਜਨਮੁ ਗਵਾਇਆ।
ਮਨਿ ਜੂਠੇ ਵੇਜਾਤਿ ਜੂਠਾ ਖਾਇਆ।

ਉਹੀ , ਪੰਨਾ 1285

(ਘ) ਅਕਾਰਤੀ ਮਨੌਤਾਂ:

ਸ੍ਰਿਸ਼ਟੀ

ਗੁਰੂ ਨਾਨਕ ਦੇਵ ਜੀ ਦੀ ਕਾਵਿ ਸਾਮਗਰੀ ਵਿੱਚ, ਮੁਸਲਮਾਨਾਂ ਵਿੱਚ ਪ੍ਰਚਲਤ ਵਿਸ਼ਵਾਸ਼ ਮਨੌਤਾਂ ਦੇ ਅੰਤਰਗਤ ਸ੍ਰਿਸ਼ਟੀ ਦੇ ਸੰਬੰਧ ਵਿੱਚ ਵੀ ਹਵਾਲੇ ਆਏ ਹਨ। ਮੁਸਲਮਾਨਾ ਦੇ ਵਿਸ਼ਵਾਸ਼ ਅਨੁਸਾਰ ਇਸ ਸ੍ਰਿਸ਼ਟੀ ਨੂੰ ਬਣਾਉਣ ਵਾਲਾ ਅੱਲਾ ਹੈ। ਇਸ ਵਿੱਚ ਅੱਲਾ ਦਾ ਦਰਬਾਰ, ਬਹਿਸ਼ਤ, ਦੋਜ਼ਖ ਅਤੇ ਧਰਤੀਆਂ ਸ਼ਾਮਲ ਹਨ। ਸਤ ਬਹਿਸ਼ਤ ਹਨ, ਸਤ ਧਰਤੀਆਂ ਹਨ, ਸਤ ਹੀ ਦੋਜ਼ਖ ਹਨ।[1]

ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਵਿਸ਼ਵਾਸ਼ ਮਨੌਤਾਂ ਨੂੰ ਨਹੀਂ ਮੰਨਿਆ। ਇਸਲਾਮਕ ਸ੍ਰਿਸ਼ਟੀ ਸਿਰਜਨ ਪ੍ਰਕਿਰਿਆ ਅਤੇ ਵਿਸਤਾਰ ਨਾਨਕ ਬਾਣੀ ਵਿੱਚ ਪ੍ਰਵਾਨਗੀ ਪ੍ਰਾਪਤ ਨਹੀਂ ਕਰ ਸਕਿਆ। ਆਪ ਲਿਖਦੇ ਹਨ ਕਿ ਸ੍ਰਿਸ਼ਟੀ ਦੇ ਆਰੰਭ ਬਾਰੇ ਕੁਰਾਨ ਅਤੇ ਹੋਰ ਕੱਤੇਬੀ ਮਤ, ਆਪਣੀਆਂ ਧਰਮ ਪੁਸਤਕਾਂ ਵਿੱਚ ਇਸ ਭੇਦ ਨੂੰ ਬਿਆਨ ਨਹੀਂ ਕਰ ਸਕੇ।[2]

ਇਸਲਾਮ, ਸ੍ਰਿਸ਼ਟੀ ਕਰਤਾ, ਅੱਲਾ ਨੂੰ ਮੰਨਦਾ ਹੈ। ਗੁਰੂ ਨਾਨਕ ਦੇਵ ਵੀ ਸ੍ਰਿਸ਼ਟੀ ਦਾ ਕਰਤਾ ਪਰਮਾਤਮਾ ਨੂੰ ਮੰਨਦੇ ਹਨ।[3] ਪਰ ਅੱਗੇ ਜਾ ਕੇ ਸਿਧਾਂਤ ਵਖਰਤਾ ਫੇਰ ਪ੍ਰਗਟ ਹੋ ਜਾਂਦੀ ਹੈ। ਜਿੱਥੇ ਇਸਲਾਮ ਅਨੁਸਾਰ ਅੱਲਾ ਕਿਸੇ ਦੂਰੇ ਬਹਿਸ਼ਤ ਦਾ ਵਾਸੀ ਹੈ, ਉਥੇ ਗੁਰੂ ਨਾਨਕ ਇਸ ਸ੍ਰਿਸ਼ਟੀ ਨੂੰ ਪ੍ਰਭੂ ਦਾ ਆਸਨ ਅਤੇ ਟਿਕਾਣਾ ਵੀ ਮੰਨਦੇ ਹਨ।[4] ਲੋਕ ਦੀ ਪਰਲੋਕ ਨਾਲ ਨਿਕਟਤਾ, ਅਸੀਮ ਦੀ ਸੀਮਿਤ ਨਾਲ ਨਾਤੇਦਾਰੀ ਇਕ ਖ਼ੂਬਸੂਰਤ ਸੰਕਲਪ ਪ੍ਰਬੰਧ ਦੀ ਲਖਾਇਕ ਹੈ।

ਇਸਲਾਮ ਵਿੱਚ ਸ੍ਰਿਸ਼ਟੀ ਨੂੰ ਸੀਮਿਤ ਕਰਨ ਦੀ ਧਾਰਣਾ ਦੇ ਦਰਸ਼ਨ ਵੀ ਹੁੰਦੇ ਹਨ। ਸਤ ਧਰਤੀਆਂ, ਸਤ ਬਹਿਸ਼ਤ ਇਤਿਆਦਿ ਦਾ ਵਿਚਾਰ, ਅਸੀਮ, ਅਨੰਤ ਅਤੇ ਵਿਸ਼ਾਲ ਨੂੰ ਸੀਮਿਤ ਕਰਦੇ ਹਨ। ਅਜੋਕਾ ਵਿਗਿਆਨ ਵੀ ਸ੍ਰਿਸ਼ਟੀ ਪਸਾਰੇ ਨੂੰ ਅਸੀਮ ਆਖਦਾ ਹੈ। ਗੁਰੂ ਨਾਨਕ ਨੇ ਲੱਖਾਂ ਆਕਾਸ਼ਾਂ, ਪਾਤਾਲਾਂ ਦੀ ਗੱਲ ਕੀਤੀ ਹੈ।

"ਪਾਤਾਲਾ ਪਾਤਾਲ ਲਖ ਆਗਾਸਾ ਆਗਾਸ"[5]

---

1. A.S.Tritton,'Islam Belief and Practices',P.143
2. ਜਪੁਜੀ, ਪਉੜੀ 21, ਪੰਨਾ 4
3. ਆਪੀਨੈ ਆਪੁ ਸਾਜਿਓ ਆਪੀ ਨੈ ਰਚਿਓ ਨਾਉ।
   ਆਸਾ ਰਾਗੁ(ਵਾਰ),ਪੰਨਾ 463
4. ਉਹੀ, ਪੰਨਾ 463
   ਸ੍ਰੀ ਮਲਾਰ ਰਾਗੁ(ਵਾਰ),ਪੰਨਾ 1279
5. ਜਪੁ, ਪੰਨਾ 5

ਗੁਰੂ ਨਾਨਕ ਦੇਵ ਜੀ ਨੇ ਸ੍ਰਿਸ਼ਟੀ ਉਤਪਤੀ ਬਾਰੇ ਇਉਂ ਸਪਸ਼ਟ ਸੰਕੇਤ ਕੀਤਾ ਹੈ ਜਿਹੜਾ ਵਧੇਰੇ ਵਿਗਿਆਨਕ ਹੈ ਜੋ [redacted] ਤੇ ਮਿਥ ਚਿੰਤਨ ਤੋਂ ਰਹਿਤ ਹੈ:

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ
ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ[1]

<u>ਸੁੰਨਤ</u>

ਮਰਦ ਦੀ ਇੰਦਰੀ ਦੇ ਅਗਲੇ ਹਿੱਸੇ ਦੇ ਦੋ ਕੁ ਉਂਗਲ ਪਤਲੇ ਦੇ ਮਾਸ ਨੂੰ ਕੱਟ ਦੇਣ ਦਾ ਨਾਂ ਸੁੰਨਤ ਹੈ। ਗੁਰਮਤ ਮਾਰਤੰਡ ਦੇ ਕਰਤਾ ਨੇ ਲਿਖਿਆ ਹੈ ਕਿ ਇਹ ਰਵਾਜ,ਮੁਸਲਮਾਨਾਂ ਵਿਚ ਯਹੂਦੀਆਂ ਅਤੇ ਈਸਾਈਆਂ ਤੋਂ ਆਇਆ ਹੈ।[2] ਮੁਸਲਮਾਨ ਸੁੰਨਤ ਨੂੰ ਧਰਮ ਨਾਲ ਜੋੜਦੇ ਹਨ। ਕੁਰਾਨ ਵਿੱਚ ਸੁੰਨਤ ਦਾ ਜ਼ਿਕਰ ਨਹੀਂ ਮਿਲਦਾ। ਪਰ ਹਜ਼ਰਤ ਮੁਹੰਮਦ ਸਾਹਿਬ ਦੀਆਂ ਜੀਵਨ ਰਵਾਇਤਾਂ ਵਿੱਚ ਇਹ ਪ੍ਰਸਿਧ ਹੈ ਕਿ ਉਨ੍ਹਾਂ ਸੁੰਨਤ ਕਰਵਾਈ ਸੀ।[3] ਮੁਸਲਮਾਨਾਂ ਵਿਚ ਇਹ ਰਵਾਜ ਗੂੜ੍ਹਾ ਪਕੜ ਚੁੱਕਾ ਸੀ। ਗੁਰੂ ਨਾਨਕ ਨੇ ਆਪਣੇ ਸਮਕਾਲੀ ਜੀਵਨ ਵਿੱਚ ਸੁੰਨਤ ਅਭਿਆਸ ਦੀ ਨਿਰਾਰਥਕਤਾ ਨੂੰ ਅਨੁਭਵ ਕਰਕੇ, ਸ਼ਰਮ ਅਤੇ ਹਯਾ ਨੂੰ ਸੁੰਨਤ ਆਖਿਆ:

ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ[4]

ਸੁੰਨਤ ਕਰਮ ਨੂੰ ਕਾਮ ਸੰਯਮ ਦੇ ਭਾਵਾਂ ਵਿੱਚ ਰੱਖਕੇ ਪ੍ਰਸਤੁਤ ਕੀਤਾ ਗਇਆ ਹੈ ਨਾ ਕਿ ਇੰਦਰੀ ਦੇ ਪਰਦੇ ਦਾ ਕੁਝ ਹਿੱਸਾ ਕਟਾਉਣ ਦੇ ਪ੍ਰਸੰਗ ਵਿਚ। ਸਪਸ਼ਟ ਹੈ ਕਿ ਆਪ ਨੇ ਅਧਿਆਤਮਕ ਅਨੁਭਵ ਨਾਲ ਸੁੰਨਤ ਦਾ ਕੋਈ ਸੰਬੰਧ ਨਹੀਂ ਜੋੜਿਆ।

<u>ਹਰਾਮ/ ਹਲਾਲ</u>

ਪਸ਼ੂ ਨੂੰ ਛੁਰੀ ਮਾਰਕੇ ਇਕ ਦਮ ਕੱਟਣਾ ਤੇ ਖਾਣਾ, ਮੁਸਲਮਾਨਾਂ ਵਿਚ ਮੁਰਦਾਰ ਜੋ ਹਰਾਮ ਗਿਣਿਆ ਗਿਆ ਹੈ। ਪਰ ਹੌਲੀ ਹੌਲੀ ਜ਼ਿਬਹ ਕਰਨਾ, ਕੁਰਾਣ ਵਿਚ ਖਾਣਾ, ਹਲਾਲ ਗਿਣਿਆ ਜਾਂਦਾ ਹੈ।

ਮੁਰਦਾ ਜੀਵ, ਸੂਰ ਦਾ ਮਾਸ, ਗਲਾ ਘੁੱਟ ਨਾਲ ਮਰਿਆ ਜੀਵ, ਸੱਟ ਫੇਟ ਨਾਲ ਮਰਿਆ ਜਾਨਵਰ,ਇਤਿਆਦਿ ਨੂੰ ਖਾਣਾ ਹਰਾਮ ਗਿਣਿਆ ਜਾਂਦਾ ਹੈ।

---

1. ਸਿਰੀ ਰਾਗੁ, ਪੰਨਾ 19
2. ਨਾਲ ਸਿੰਘ(ਗਿਆਨੀ) ,'ਗੁਰਮਤ ਮਾਰਤੰਡ',ਪੰਨਾ 243
3. ਉਹੀ, ਪੰਨਾ 243
4. ਮਾਝ ਰਾਗੁ (ਵਾਰ),ਪੰਨਾ 140

ਜਾਨਵਰਾਂ ਅਤੇ ਪੰਛੀਆਂ ਦੇ ਮਾਸ ਅਤੇ ਹੋਰ ਜੀਵਾਂ ਦੇ ਮਾਸ ਹਰ ਧਰਮ ਵਿੱਚ ਕਿਸੇ ਨਾ ਕਿਸੇ ਫਿਰਕੇ ਨੇ ਜ਼ਰੂਰ ਮਨ੍ਹਾਂ ਕਰ ਦਿੱਤੇ ਹੋਏ ਹਨ, ਜੇ ਪੂਰਣ ਰੂਪ ਵਿੱਚ ਨਹੀਂ ਤਾਂ ਆਂਸ਼ਿਕ ਰੂਪ ਵਿਚ ਮਨਾਹੀ ਜ਼ਰੂਰ ਹੈ।

ਗੁਰੂ ਨਾਨਕ ਨੇ 'ਮਾਸ' ਬਾਰੇ ਬੜਾ ਯਥਾਰਥਕ ਰਵੱਈਆ ਅਪਣਾਇਆ ਹੈ। ਉਨ੍ਹਾਂ ਅਨੁਸਾਰ ਮਾਸ, ਮਾਸ ਕਹਿਕੇ ਮੂਰਖ ਝਗੜਦੇ ਹਨ।[1] ਪਰ ਨਿਰੋਲ ਸੁਆਦ ਖਾਤਰ ਮਾਸ ਖਾਣਾ ਤੇ ਜੀਵ ਹੱਤਿਆ ਕਰਨੀ ਵੀ ਪ੍ਰਵਾਨ ਨਹੀਂ ਹੋਈ।

ਨਾਨਕ ਕਾਵਿ ਵਿਚ ਹਰਾਮ ਅਤੇ ਹਲਾਲ ਨੂੰ ਧਰਮ ਤੇ ਅਧਿਆਤਮਕਤਾ ਨਾਲੋਂ; ਮਨੁੱਖੀ ਆਚਰਣ ਨਾਲ ਵਧੇਰੇ ਜੋੜਿਆ ਗਿਆ ਹੈ। ਦੂਜੇ ਦਾ ਹੱਕ ਮਾਰਨਾ ਹਰਾਮ ਹੈ, ਹੱਕ ਖਾਣਾ ਹਲਾਲ ਹੈ।[2]

---

1. ਮਲਾਰ ਰਾਗੁ, (ਵਾਰ) ਪੰਨਾ 1289
2. ਮਾਝ ਰਾਗੁ, (ਵਾਰ), ਪੰਨਾ 141

## (ਝ) ਮਨੌਤਾਂ ਦੀ ਪ੍ਰਤੀਕ ਵਜੋਂ ਵਰਤੋਂ

ਕਵੀ ਦੀ ਕਲਪਨਾ ਦੇ ਨਿਰਮਾਣ ਦਾ ਇਕ ਸਵਰੂਪ ਪ੍ਰਤੀਕ ਹੈ। ਪ੍ਰਤੀਕ ਅਮੂਰਤ ਨੂੰ ਸਮੂਰਤ ਵਿੱਚ ਪ੍ਰਸਤੁਤ ਕਰਦੇ ਹਨ। ਪ੍ਰਤੀਕ ਅਸਲ ਵਿੱਚ ਮਨੁੱਖ ਅਤੇ ਉਸਦੇ ਅਨੁਭਵਾਂ ਨੂੰ ਪ੍ਰਗਟਾਵਾ ਅਤੇ ਵਿਆਖਿਆ ਪ੍ਰਦਾਨ ਕਰਨ ਵਾਲੀ ਵਸਤੂ ਮੰਨੇ ਜਾ ਸਕਦੇ ਹਨ।[1] ਮਨੁੱਖ ਦੀ ਪ੍ਰਕਿਰਤੀ ਦੇ ਬਾਕੀ ਜੀਆਂ ਤੇ ਪਸ਼ੂਆਂ ਆਦਿ ਤੋਂ ਵਿਸ਼ੇਸ਼ ਵਖਰਤਾ ਦੀ ਇਹੋ ਪ੍ਰਤੀਕ ਵਿਚਰਨ ਵਿਚ ਹੈ।[2] ਮਨੁੱਖ ਦੀ ਆਂਤ੍ਰਿਕ ਭਾਵਗਤੀ ਅਤੇ ਬਾਹਰੀ ਅਸਤਿਤਵ ਵਿਚਲੇ ਖਲਾ ਦੀ ਪੂਰਤੀ ਪ੍ਰਤੀਕ ਦੀ ਸੁਮੇਲਨੀ ਕ੍ਰਿਆ ਦੁਆਰਾ ਹੁੰਦੀ ਹੈ।[3] ਜਿਵੇਂ ਮਨੁੱਖ ਦਾ ਸਿਰਜਿਆ ਬੌਧਿਕ ਤੇ ਠੋਸ ਗਿਆਨ ਪਸਾਰਾ ਇਸ ਖਲਾ ਦੀ ਪੂਰਤੀ ਵਿੱਚ ਅਸਮਰਥ ਹੋ ਜਾਂਦਾ ਹੈ, ਉਥੇ ਪ੍ਰਤੀਕ ਸਿਰਜਨ ਕ੍ਰਿਆ ਇਸਨੂੰ ਪੂਰਨ ਵਿੱਚ ਸਹਾਇਕ ਹੁੰਦੀ ਹੈ।

ਪ੍ਰਤੀਕ ਦੀ ਮਹੱਤਤਾ ਮਨੁੱਖ ਲਈ ਇਤਨੀ ਵਧੇਰੇ ਹੈ ਕਿ ਉਹ ਨਾ ਪ੍ਰਤੀਕ ਤੋਂ ਬਿਨਾਂ ਸੋਚ ਸਕਦਾ ਹੈ, ਨਾ ਲਿਖ ਸਕਦਾ ਹੈ ਤੇ ਨਾ ਹੀ ਬੋਲ ਸਕਦਾ ਹੈ। ਸਾਡੀ ਲਿਪੀ ਦੇ ਅਖਰ, ਸਾਡੀ ਭਾਸ਼ਾ ਦੇ ਸ਼ਬਦ ਸਭ ਪ੍ਰਤੀਕ ਹਨ। ਪ੍ਰਤੀਕ ਦਾ ਖੇਤ੍ਰ ਬੜਾ ਵਿਸਤ੍ਰਿਤ ਹੈ। ਗਣਿਤ ਸ਼ਾਸਤ੍ਰ, ਜਿਉਤਸ਼, ਧਰਮ ਦੇ ਕਰਮ ਕਾਂਡ, ਸਭ ਵਿੱਚ ਪ੍ਰਤੀਕ ਦੀ ਵਰਤੋਂ ਹੁੰਦੀ ਹੈ। ਪਰ ਇਨ੍ਹਾਂ ਸਭ ਦਾ ਸੁਭਾ ਭਿੰਨ ਭਿੰਨ ਹੁੰਦਾ ਹੈ। ਸਾਹਿਤਕ ਪ੍ਰਤੀਕ ਸਵਛੰਦਤਾ ਅਤੇ ਭਾਵਨਾ ਨਾਲ ਸੰਬੰਧਿਤ ਹੁੰਦੇ ਹਨ। ਇਹ ਮਹਾਨ ਕਲਾ ਦੇ ਘੇਰੇ ਵਿਚ ਆ ਕੇ ਵਿਅਕਤੀ ਦਾ ਸੰਸਾਰ ਨਾਲ ਰਿਸ਼ਤਾ ਸਥਾਪਤ ਕਰਨ ਵਿਚ ਸਹਾਇਕ ਹੁੰਦੇ ਹਨ। ਦੂਜੇ ਖੇਤਰਾਂ ਵਿਚ ਵਰਤੇ ਜਾਣ ਵਾਲੇ ਪ੍ਰਤੀਕ ਰੂੜ੍ਹ, ਪਰੰਪਰਾਗਤ ਅਤੇ ਸੰਕੇਤਕ ਅਰਥ ਨੂੰ ਸਵੀਕ੍ਰਿਤ ਕਰਨ ਵਾਲੇ ਹੁੰਦੇ ਹਨ। ਵਿਸ਼ਵ ਕੋਸ਼ ਦੇ 12ਵੇਂ ਖੰਡ ਵਿਚ ਪ੍ਰਤੀਕ ਦੀ ਪਰਿਭਾਸ਼ਾ ਇਸ ਪ੍ਰਕਾਰ ਕੀਤੀ ਗਈ ਹੈ। 'ਅਮੂਰਤ ਦਾ ਮੂਰਤ ਦੁਆਰਾ ਪ੍ਰਸਤੁਤੀ ਕਰਨ ਪ੍ਰਤੀਕ ਹੈ' ਪ੍ਰਤੀਕ ਸ਼ਬਦ ਦਾ ਪ੍ਰਯੋਗ ਉਸ ਦ੍ਰਿਸ਼ਯ ਵਸਤੂ ਲਈ ਹੁੰਦਾ ਹੈ ਜਿਹੜੀ ਮਾਨਸਿਕ ਦੇ ਸਨਮੁੱਖ ਕਿਸੇ ਅਪ੍ਰਸਤੁਤ ਵਸਤੂ ਦੀ ਗੁਣਾਤਮਕਤਾ ਨੂੰ ਆਪਣੇ ਸੰਬੰਧ ਸੂਤਰਾਂ ਰਾਹੀਂ ਪ੍ਰਸਤੁਤ ਕਰਦੀ ਹੈ। ਸਾਹਿਤ ਵਿਚ ਪ੍ਰਤੀਕ ਦਾ ਪ੍ਰਕਾਰਕ ਰੂਪ, ਅਭਿਵਿਅਕਤੀ ਵਿਚ ਭਾਸ਼ਾ ਦੇ ਮਾਧਿਅਮ ਰਾਹੀਂ ਪ੍ਰਸਤੁਤ ਹੋਣ ਵਾਲੇ ਸੰਕੇਤਕ ਸ਼ਬਦ ਹਨ। ਜਿਹੜੇ ਕਵੀ ਦੇ ਭਾਵ ਜਗਤ ਨਾਲ ਸੰਬੰਧਿਤ ਹੁੰਦੇ ਹਨ। ਸਮੁੱਚੇ ਰੂਪ ਵਿਚ ਪ੍ਰਤੀਕ ਭਾਵਾਂ ਦੀ ਮੂਰਤ ਵਿਆਖਿਆ ਹੈ ਅਤੇ ਇਸਦਾ ਮਨੁੱਖੀ ਪਸਾਰੇ ਵਿਚ ਸਥਾਨ ਮਹੱਤਵਪੂਰਨ ਹੈ। ਇਸਦੀ

---

1. Rollo May-- Symbolism in Religion and Literature (Introduction) 1960
2. Erich Kahler, 'The nature of Symbol' in Symbolism in Religion and Literature P.21
3. ਉਹੀ, ਪੰਨਾ 21

ਵਰਤੋਂ ਦੀ ਪਸੰਗਿਕ ਹੀ[1] ਵਕਤਾ ਅਤੇ ਸੂਚਨ ਕਰਤਾ ਦੇ ਪ੍ਰਸੰਗ ਵਿਚ, ਵਿਸ਼ੇ ਵਸਤੂ ਦੇ ਪ੍ਰਸੰਗ ਵਿਚ ਆਦਿ।

ਪ੍ਰਤੀਕ ਦੀ ਗਾਥਾ ਬੜੀ ਪੁਰਾਣੀ ਹੈ। ਅਤਿ ਆਦਿਮ ਟਬਰ ਸਮੂਹ ਨੇ ਵੀ ਅਨੁਭਵਾਤਮਕ ਰੂਪ ਵਿਚ ਇਸਦੀ ਲੋੜ ਨੂੰ ਸਵੀਕਾਰਿਆ ਸੀ। ਲੋਕ ਸਮੂਹ ਏਕਤਾ ਦੇ ਇਹਸਾਸ ਵਿੱਚ ਹੀ। ਏਸ ਲੋਕ ਸਮੂਹ ਦੀ ਏਕਤਾ ਨੂੰ ਨਿਭਾਉਣ ਲਈ ਮਨੁਖ ਨੇ ਪ੍ਰਤੀਕ ਦਾ ਸਹਾਰਾ ਲਿਆ। ਲੋਕ ਸਮੂਹ ਨੂੰ, ਪ੍ਰਤੀਕ ਦਾ ਕੇਂਦਰ ਬਿੰਦੂ ਇਕ ਸੂਤਰ ਵਿਚ ਬੰਨ੍ਹਦਾ ਰਿਹਾ। ਟੋਟਮ, ਡੰਡੇ, ਹੰਗੀਆਂ ਸੋਪਰੀਆਂ, ਵਿਸ਼ੇਸ਼ ਪ੍ਰਕਾਰ ਦੇ ਰੁੱਖ ਅਤੇ ਪਸ਼ੂ ਮੁਢਲੇ ਪ੍ਰਤੀਕ ਬਨ। ਇਨ੍ਹਾਂ ਪ੍ਰਤੀਕਾਂ ਤੋਂ ਮਗਰੋਂ ਸਾਮਾਜਕ ਵਿਧਾਨ ਦੇ ਪ੍ਰਤੀਕ ਹੋਂਦ ਵਿਚ ਆਏ ਜਿਵੇਂ ਬਾਦਸ਼ਾਹ ਦਾ ਤਾਜ, ਜੱਜ ਦਾ ਚੋਗਾ ਆਦਿ।

ਧਰਮ ਵਿੱਚ ਤਾਂ ਪ੍ਰਤੀਕ ਦੀ ਮਹੱਤਤਾ ਬਹੁਤ ਵੱਧੇਰੇ ਹੈ, ਪੂਜਾ ਦਾ ਮੁੱਢ ਪ੍ਰਤੀਕ ਸਿਰਜਨ ਦੇ ਨਾਲ ਹੀ ਬੱਝ ਜਾਂਦਾ ਹੈ। ਧਰਮ ਲੋਕ ਦਾ ਮੁੱਢ ਅਤੇ ਇਤੀ ਹੈ ਵੀ ਪ੍ਰਤੀਕ[2]। ਧਰਮ ਲੋਕ ਵਸਤੂ ਤੋਂ ਨਹੀਂ ਪ੍ਰਤੀਕ ਤੋਂ ਆਰੰਭ ਹੁੰਦਾ ਹੈ। ਇਸਦਾ ਕਾਰਣ ਸਿੱਧਾ ਵਸਤੂ ਨਹੀਂ। ਵਸਤੂ ਉਪਰ ਆਰੋਪਿਤ ਮਾਨਸਿਕਤਾ ਹੈ[3] ਧਰਮ ਵਿਚ ਪ੍ਰਤੀਕ ਦਾ ਇਤਨਾ ਵਿਆਪਕ ਅਤੇ ਵਿਸ਼ਿਸ਼ਟ ਮਹਤਵ ਹੋ ਗਿਆ ਕਿ ਇਨ੍ਹਾਂ ਦੇ ਆਧਾਰ ਤੇ ਧਾਰਮਿਕ ਸੰਪਰਦਾਵਾਂ ( Creeds ) ਨੂੰ ਵੀ ਪ੍ਰਤੀਕ ਆਖਿਆ ਗਿਆ ਹੈ।[4] ਧਰਮ ਦੇ ਅੰਤਰਗਤ ਸਿਰਜੇ ਗਏ ਪ੍ਰਤੀਕਾਂ ਅੰਦਰ ਮਿਥ ਕਥਾ ਸਿਰਜਨ ਦੀ ਰੁਚੀ ਪ੍ਰਬਲ ਰੂਪ ਵਿੱਚ ਵਿਆਪਕ ਰਹਿੰਦੀ ਹੈ। ਮਨੁੱਖ ਦੀ ਆਦਿਮ ਕਾਲੀਨ ਚੇਤਨਾ ਵਿਚ ਵਸਤੂ ਬੋਧ ਦੀ ਘਾਟ ਹੈ, ਉਹ ਆਪਣੀ ਅਸੀਮ ਸਿਰਜਨ ਪ੍ਰਕਿਰਿਆ ਦੁਆਰਾ ਵਸਤੂ ਬੋਧ ਦੀ ਥਾਂ ਵਸਤੂ ਉਪਰ ਗੁਣ ਆਰੋਪਣ ਦੀ ਕ੍ਰਿਆ ਵਿੱਚ ਰੁਝਦਾ ਹੈ । ਉਹ ਆਪਣੀ ਅਨੁਭਵ ਵਸਤੂ ਦਾ ਦੈਵੀ ਕਰਣ, ਅਧਿਆਤਮੀਕਰਣ ਅਤੇ ਪਵਿੱਤ੍ਰੀਕਰਣ ਕਰਦਾ ਹੈ।[5] ਮਿਥ ਚੇਤਨਾ ਦੀ ਗੁਣ ਧਰਮੀ ਦੀ ਇਹ ਰੁਚੀ ਨਵ ਪ੍ਰਤੀਕ ਸਿਰਜਨ ਵਿੱਚ ਰੁਝਦੀ ਹੈ। ਤੇ ਇਸ ਤਰ੍ਹਾਂ ਧਰਮ ਸੰਸਾਰ ਵਿੱਚ ਨਵੇਂ ਨਵੇਂ ਪ੍ਰਤੀਕ ਉਸਰਦੇ ਰਹਨ। ਪਹਿਲੇ ਪ੍ਰਤੀਕ ਬਿਨਸਦੇ ਰਹਨ ਉਨ੍ਹਾਂ ਦੀ ਥਾਂ ਨਵੇਂ ਆ ਜਾਂਦੇ ਰਹਨ ਤੇ ਇਹ ਕ੍ਰਮ ਜਾਰੀ ਰਹਿੰਦਾ ਹੈ।

---

1. Richard Mckeon 'Symbols, Myth & Arguments, Editor Lyman Bryson & Others (Essay) Conference on Science, Philosophy & Religion, Page 17, 19 Symposium-1964
2. ਹਰਿਭਜਨ ਸਿੰਘ (ਡਾ:) ਧਰਮ ਤੇ ਧਾਰਮਿਕ ਨਾਇਕ, ਪੰਨਾ 15
3. ਉਹੀ, ਪੰਨਾ 15
4. Wellek & Warren 'Theory of Literature', Page 193
5. ਹਰਿਭਜਨ ਸਿੰਘ (ਡਾ:) ਧਰਮ ਤੇ ਧਾਰਮਿਕ ਨਾਇਕ

ਮਨੁੱਖ ਨੇ ਮਿਥ ਪ੍ਰਤੀਕ ਸਿਰਜਨ ਰਾਹੀਂ ਅੱਗ ਪਾਣੀ, ਸੂਰਜ, ਪਸ਼ੂ, ਧਰਤੀ ਵਰਗੇ ਪ੍ਰਕ੍ਰਿਤਕ ਤਤਵਾਂ ਨੂੰ ਆਪਣੇ ਤੋਂ ਵਖਰੀ, ਮਨੁੱਖ ਦੀ ਸ਼ਕਤੀ ਸੀਮਾਂ ਤੋਂ ਉਚੀ ਤੇ ਮਨੁੱਖ ਉਤੇ ਅਧਿਕਾਰ ਜਮਾਉਣ ਵਾਲੀ ਅਤੇ ਉਸਦੀ ਜੀਵਨ ਰਤੀ ਨੂੰ ਮੋੜ ਦੇਣ ਵਾਲੀ ਸ਼ਕਤੀ ਦੇ ਰੂਪ ਵਿਚ ਪ੍ਰਤੀਕ ਬਧ ਕਰਕੇ ਸ਼ਕਤੀ ਮਾਨ ਦੇ ਸੰਕਲਪ ਦੀ ਧਾਰਣਾ ਦਾ ਪ੍ਰਗਟਾਵਾ ਕੀਤਾ ਹੈ। ਅੱਜ ਦੇ ਸਰਬ ਵਿਆਪਕ, ਸਰਬ ਕਾਲਿਕ, ਆਤਮ ਬ੍ਰਹਮ ਦਾ ਸੰਕਲਪ ਮੁਢਲੇ ਪ੍ਰਤੀਕਾਂ ਤੋਂ ਵੱਖਰੇ ਸੂਖਮ ਭਾਵੀ ਪ੍ਰਤੀਕਾਂ ਦਾ ਸਿੱਟਾ ਆਖਿਆ ਜਾ ਸਕਦਾ ਹੈ।

ਗੁਰੂ ਨਾਨਕ ਬਾਣੀ ਵਿੱਚ ਪ੍ਰਤੀਕਾਂ ਦੀ ਵਰਤੋਂ ਹੋਈ ਹੈ। ਇਥੇ, ਵਿਸ਼ੇ ਦੀ ਸੀਮਾ ਅਨੁਸਾਰ, ਕੇਵਲ ਮਿਥ ਪ੍ਰਤੀਕਾਂ ਦੀ ਵਰਤੋਂ ਉਤੇ ਹੀ ਵਿਚਾਰ ਹੋਈ ਹੈ। ਪਰ ਜਿਵੇਂ ਉਪਰ ਸੰਕੇਤ ਆਇਆ ਹੈ, ਨਾਨਕ ਬਾਣੀ ਵਿੱਚ ਪ੍ਰਤੀਕ ਦੀ ਵਰਤੋਂ ਕਿਸੇ ਕਾਵਿਕ ਚਮਤਕਾਰ ਦੇ ਸਿਧ ਕਰਕੇ ਨਹੀਂ ਹੋਈ। ਇਹ ਵਰਤੋਂ ਧਾਰਮਿਕ ਸਦਾਚਾਰਕ ਅਤੇ ਭਾਈਚਾਰਕ ਪੱਖ ਤੋਂ ਮਨੁੱਖ ਦੀ ਖਾਤਰ ਨਵੀਂ, ਸਾਂਸਕ੍ਰਿਤਕ ਅਭਿਵਿਅਕਤੀ ਰਾਹੀਂ ਹੋਈ ਹੈ। ਇਨ੍ਹਾਂ ਪ੍ਰਤੀਕਾਂ ਦਾ ਪ੍ਰਯੋਗ ਇਕ ਸਵਛ ਪ੍ਰਵਿਰਤੀ ਦਾ ਬੋਧ ਕਰਾਉਂਦਾ ਹੈ। ਇਹ ਪ੍ਰਵਿਰਤੀ ਜਿਥੇ ਮਨੁੱਖ ਨੂੰ ਪਰੰਪਰਾ ਅਤੇ ਨਿੱਜ ਸੰਸਕ੍ਰਿਤੀ ਨਾਲੋਂ ਤੋੜਦੀ ਨਹੀਂ ਉਥੇ ਉਸ ਨਾਲ ਅੰਨ੍ਹੀ ਸ਼ਰਧਾਤਮਕ ਬਿਰਤੀ ਵਾਲੇ ਸੋਧ ਲਈ ਵੀ ਪ੍ਰੇਰਿਤ ਨਹੀਂ ਕਰਦੀ। ਇਹ ਪ੍ਰਵਿਰਤੀ ਮਨੁੱਖ ਨੂੰ ਇਕ ਜਾਗੀ ਹੋਈ ਸਾਧਾਰਣ ਤੇ ਦੈਵੀ ਭਾਵਨਾ ਦਿਖਾਉਂਦੀ ਹੈ। ਇਸ ਵਿਚ ਪਰੰਪਰਾ ਦਾ ਨਾ ਭਾਵੁਕ ਮੋਹ ਹੈ ਨਾ ਉਪਰਾਮਤਾ। ਵਰਤਮਾਨ ਦਾ ਅੰਨ੍ਹਾਂ ਵਿਨਾਸ ਵੀ ਨਹੀਂ। ਇਸ ਤੋਂ ਮੂੰਹ ਮੋੜਣ ਦੀ ਰੁਚੀ ਵੀ ਨਹੀਂ।

ਪ੍ਰਤੀਕ ਨਾਲ ਵਿਭੂਤੀ ਵਧਦੀ ਹੈ। ਵਿਸ਼ੇਸ਼ ਕਰ ਉਹ ਪ੍ਰਤੀਕ ਜਿਨ੍ਹਾਂ ਅੰਦਰ ਮਾਨਵ ਮਨ ਉਤੇ ਅਮਿਟ ਅਸਰ ਕਰਨ ਦੀ ਸਮਰਥਾ ਹੋਵੇ। ਅਜੇਹੇ ਪ੍ਰਤੀਕ ਪਰੰਪਰਾ ਵਿਚੋਂ ਲਭੇ ਜਾ ਸਕਦੇ ਹਨ। ਪੂਰਬ ਪਰੰਪਰਾ ਅਜਿਹੇ ਪ੍ਰਤੀਕਾਂ ਨਾਲ ਭਰਪੂਰ ਹੈ। ਨਾਨਕ ਬਾਣੀ ਨੇ ਮਿਥ ਜਗਤ ਵਿਚੋਂ ਅਜਿਹੇ ਪ੍ਰਤੀਕ ਲਏ ਹਨ। ਇਨ੍ਹਾਂ ਵਿੱਚ ਨਵੇਂ ਅਰਥ ਭਰਣ ਦੀ ਕੋਸ਼ਿਸ਼ ਕੀਤੀ ਹੈ। ਪੁਰਾਣੇ ਪ੍ਰਤੀਕ ਨਵੇਂ ਭਾਵਾਂ ਨੂੰ ਪ੍ਰਗਟਾਉਣ ਵਿੱਚ ਜਦੋਂ ਜੁੱਟਦੇ ਹਨ ਤਾਂ ਇਨ੍ਹਾਂ ਅੰਦਰ ਨਵੇਂ ਅਰਥ ਸੰਚਾਰ ਦੀ ਸਮਰਥਾ ਆਉਂਦੀ ਹੈ। ਨਾਨਕ ਬਾਣੀ ਵਿਚਲੇ ਪ੍ਰਤੀਕਾਂ ਵਿੱਚ ਇਹ ਸਮਰਥਾ ਹੈ।

ਇਸ ਪ੍ਰਸੰਗ ਵਿੱਚ ਬਹੁਤੇ ਪ੍ਰਤੀਕ ਉਹ ਹਨ ਜਿਹੜੇ ਲੌਕਿਕਤਾ ਮੁਖੀ ਨਹੀਂ। ਇਨ੍ਹਾਂ ਵਿਚ ਇੰਦ੍ਰੀਆਤਮਕਅਨੁਭਵ, ਜੋ ਕਿ ਮੂਲ ਵਸਤੂ ਜਗਤ ਦਾ ਅਨੁਭਵ ਹੈ, ਸਮਾਇਆ ਹੁੰਦਾ ਹੈ, ਪਰ ਵਸਤੂ ਜਗਤ ਤੇ ਆਧਾਰਿਤ ਹੋ ਕੇ ਵੀ ਇਸ ਨੂੰ ਅਲੌਕਿਕਤਾ ਦੇ ਘੇਰੇ ਵਿੱਚ ਲੈ ਜਾਇਆ ਗਿਆ ਹੈ। ਇਹ ਗੱਲ ਬਾਣੀ ਵਿਚੋਂ ਆਮ ਵੇਖੀ ਜਾ ਸਕਦੀ ਹੈ।

ਮਿਥ ਪ੍ਰਤੀਕ ਨਾਨਕ ਬਾਣੀ ਦਾ ਅੰਗ ਹਨ। ਇਨ੍ਹਾਂ ਦੀ ਵਰਤੋਂ ਪ੍ਰਸੰਗਿਕ ਹੈ। ਧਰਮ ਲੋਕ ਦੀ ਗੱਲ ਕਰਦਿਆਂ ਇਨ੍ਹਾਂ ਦੇ ਸੰਸਾਰ ਵਿਚੋਂ ਵਿਚਰਨਾ ਪੈਂਦਾ ਹੈ। ਨਾਨਕ ਸਮਕਾਲੀਨ ਜੀਵਨ ਵਿੱਚ ਧਰਮ ਦੇ ਸੰਦਰਭ ਨਾਲ ਕੁਝ ਪ੍ਰਤੀਕ ਵੀ ਆਪਣੀ ਸਾਰਥਕਤਾ ਗੁਆ ਚੁੱਕੇ ਸਨ। ਇਹ ਮਿਥ

ਪਰਮ ਲੋਕ ਦਾ ਬੀਜ ਸਨ, ਪਰ ਜੀਵਨ ਰਤੀ ਨੂੰ ਸੇਧ ਦੇਣ ਤੋਂ ਅਸਮਰਥ ਰਹੇ। ਲੋਕਾਂ ਦਾ 'ਉਜੜ ਰਥ' ਨੂੰ ਅਪਣਾਉਣਾ ਇਸ ਗੱਲ ਦਾ ਸੰਕੇਤ ਹੈ ਕਿ ਇਨ੍ਹਾਂ ਵਿਚਲੀ ਪ੍ਰੇਰਣਾ ਆਪਣਾ ਕਲੇਵਰ ਹੰਢਾ ਚੁੱਕੀ ਸੀ। ਭਾਵੇਂ ਕਰਮਕਾਂਡੀ ਬ੍ਰਾਹਮਣ ਵਰਗ, ਆਪਣੇ ਨਿੱਜ ਸਵਾਰਥ ਲਈ ਇਸ ਨੂੰ ਤਿਆਗਣ ਲਈ ਤਿਆਰ ਨਹੀਂ ਸਨ।

ਨਾਨਕ ਕਾਵਿ ਨੇ ਸਿੱਧ ਚੇਤਨਾ ਦੇ ਕੁਝ ਪ੍ਰਤੀਕ ਲੈ ਕੇ, ਉਨ੍ਹਾਂ ਵਿਚ ਨਵੇਂ ਅਰਥ ਭਰੇ ਇਨ੍ਹਾਂ ਵਿਚ ਸੁਰਗ, ਨਰਕ ਮੁਕਤੀ, ਦਰਗਾਹ, ਬੈਕੁੰਠ, ਅੰਮ੍ਰਿਤ , ਕਾਮਧੇਨ, ਪਰਜਾਤ ਆਦਿ ਹਨ। ਮੁਕਤੀ, ਆਵਾਗਉਣ, ਲਛਮੀ, ਰਤਨ, ਸਾਗਰ ਆਦਿ ਸ਼ਾਮਲ ਹਨ।

ਇਸੇ ਤਰ੍ਹਾਂ ਵੱਖ ਵੱਖ ਸ਼ਕਤੀਆਂ ਦੇ ਬੋਧਕ ਨਾਵਾਂ ਨੂੰ, ਪਰਮਾਤਮਾਂ ਦੇ ਬੋਧਕ ਨਾਮ ਵਜੋਂ ਅਪਣਾ ਕੇ, ਇਨ੍ਹਾਂ ਸੰਪਰਦਾਇਕ ਰੁਚੀਆਂ ਦੇ ਲਖਾਇਕ ਨਾਵਾਂ ਨੂੰ ਪਰਮਾਤਮਾਂ ਦੇ ਨਾਂ ਦਾ ਪ੍ਰਤੀਕ ਬਣਾਇਆ। ਸਾਰੇ, ਪਰਮ ਲੋਕ ਦੇ ਖੰਡ ਖੰਡ ਹੋਏ ਪਸਾਰੇ ਨੂੰ ਇਕ, ਅਖੰਡ, ਚੇਤਨਾ ਵਿਚ ਲੈ ਜਾਣਾ ਆਪਣੇ ਸਮੇਂ ਦੀ ਸਭ ਤੋਂ ਵੱਡੀ ਘਟਨਾ ਹੈ।

<u>ਅੰਮ੍ਰਿਤ</u>

ਅੰਮ੍ਰਿਤ ਦਾ ਸੰਬੰਧ ਮਿਥ ਜਗਤ ਨਾਲ ਹੈ। ਇਸ ਦੇ ਪਿਛੋਕੜ ਵਿੱਚ ਦੇਵਤਿਆਂ ਅਤੇ ਰਾਕਸ਼ਸਾਂ ਦੀ ਸਮੁੰਦਰ ਮੰਥਨ ਕ੍ਰਿਆ ਮਿਥ ਕਥਾ ਦਾ ਸੰਕੇਤ ਹੈ। ਨਾਨਕ ਬਾਣੀ ਵਿੱਚ 'ਮਥਿ ਅੰਮ੍ਰਿਤ ਪੀਆ' ਦੀ ਤੁਕ ਇਸ ਗਲ ਦੀ ਲਖਾਇਕ ਹੈ ਕਿ ਅੰਮ੍ਰਿਤ ਪੁਰਾਣ ਪ੍ਰਤੀਕ ਹੈ। ਅੰਮ੍ਰਿਤ ਅਗੋਚਰ ਵਸਤੂ ਹੈ ਪਰ ਇਸਦੀ ਪ੍ਰਾਪਤੀ ਤੇ ਆਧਾਰ ਪਾਰਲੌਕਿਕ ਰੂਪ ਵਾਲਾ ਹੈ। ਇਸ ਪਿਛੇ ਅਮਰ ਹੋਣ ਦੀ ਲਾਲਸਾ ਵਿਦਮਾਨ ਹੈ; ਆਵਾਗਉਣ ਤੋਂ ਮੁਕਤ ਹੋਣ ਦੀ ਭਾਵਨਾ ਵਿਦਮਾਨ ਹੈ। ਇਹ ਮਿਥ ਪ੍ਰਤੀਕ ਕਿਸੇ ਅਲੌਕਿਕ ਤਤਵ ਜੋ ਜਲ ਸਮਾਨ ਹੈ ਦਾ ਪ੍ਰਤੀਕ ਨਹੀਂ ਰਿਹਾ ਸਗੋਂ, ਬਾਣੀ, ਗੁਰ ਵਾਕ, ਹਰਿ ਰਸ, ਗੁਰ ਸ਼ਬਦ, ਦਾ ਪ੍ਰਤੀਕ ਵੀ ਬਣਿਆ ਹੈ। ਗੁਰ ਸ਼ਬਦ ਅੰਮ੍ਰਿਤ ਹੈ। ਜਿਵੇਂ ਰਾਕਸ਼ਸ ਅੰਮ੍ਰਿਤ ਦਾ ਭਾਗੀ ਨਹੀਂ ਕੇਵਲ ਦੇਵ ਬਿਰਤੀ ਵਾਲਾ ਦੇਵਤਾ ਹੀ ਭਾਗੀ ਹੈ, ਏਸੇ ਤਰ੍ਹਾਂ ਮਨਮੁੱਖ ਇਸਦਾ ਭਾਗੀ ਨਹੀਂ, ਗੁਰਮੁਖ ਹੀ ਪੀ ਸਕਦਾ ਹੈ। ਅੰਮ੍ਰਿਤ ਬਾਣੀ ਨਾਮ ਨਿਧਾਨ ਹੈ। ਰਤਨ ਪਦਾਰਥ ਹੈ। ਗੁਰ ਸਾਗਰ ਹੈ, ਰਤਨਾਕਰ ਹੈ, ਪ੍ਰਭੂ ਦੀ ਮਿਹਰ ਦੁਆਰਾ ਇਸਦੀ ਪ੍ਰਾਪਤੀ

---

1. ਨਾਨਕ ਨਾਮੁ ਨ ਵੀਸਰੈ ਮਥਿ ਅੰਮ੍ਰਿਤੁ ਪੀਆ।

ਆਸਾ ਰਾਗੁ (ਅਸ਼ਟਪਦੀਆਂ), ਪੰਨਾ 419

ਜੁੜੀ ਹੈ।[1]

<u>ਪਾਰਜਾਤ – ਕਾਮਧੇਨ ਪਾਰਸ</u>

ਪਾਰਜਾਤ ਬ੍ਰਿਛ ਹੈ ਪਰ ਅਲੌਕਿਕ, ਕਾਮਧੇਨ ਗਊ ਹੈ ਪਰ ਪਾਰਲੌਕਿਕ। ਦੋਵੇਂ ਹੀ ਮਿਥ ਪ੍ਰਤੀਕ ਹਨ। ਅਨੇਕ ਵਸਤੂਆਂ ਦਾ ਦਾਨ ਇਨ੍ਹਾਂ ਤੋਂ ਮਿਲਦਾ ਹੈ। ਅਨੇਕ ਪਦਾਰਥਾਂ ਨਾਲ ਇਹ ਭਰਪੂਰ ਹਨ। ਕ੍ਰਿਸ਼ਨ ਨੇ ਇੰਦਰ ਪੁਰੀ ਵਿਚੋਂ ਲੋਪੀ ਲਈ ਪਾਰਜਾਤ ਖੋਹ ਕੇ ਲੈ ਆਂਦਾ, ਕਾਮਧੇਨ ਨੂੰ ਸਹਸ ਬਾਹੂ ਪਰਸੂਰਾਮ ਦੇ ਪਿਤਾ ਕੋਲੋਂ ਖੋਹ ਕੇ ਲੈ ਗਿਆ। ਬਹੁ ਕਿਸਮ ਦੀਆਂ ਵਸਤੂਆਂ ਦਾ ਸਦਾਰਥ ਪ੍ਰਾਪਤੀ ਇਨ੍ਹਾਂ ਦੋਨਾਂ ਨਾਲ ਜੁੜੇ ਹੋਏ ਹਨ। ਨਾਨਕ ਵਿਚਾਰ ਧਾਰਾ ਨੇ ਇਨ੍ਹਾਂ ਪ੍ਰਚਲਤ ਪ੍ਰਤੀਕਾਂ ਨੂੰ ਲੌਟ ਦਿੱਤਾ ਹੈ। ਪਰਮ ਪੁਰਖਾਰਥ ਹੀ ਪਾਰਜਾਤ ਹੈ।[2] ਭੂਸਦਾ ਨਾਮ ਹੀ ਕਾਮਧੇਨ ਹੈ।[3] ਇਨ੍ਹਾਂ ਦੋਹਾਂ ਨੂੰ ਪਰਮ ਪੁਰਖਾਰਥ ਤੇ ਨਾਮ ਦੇ ਪ੍ਰਤੀਕ ਬਣਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਪਾਰਸ ਵੀ ਗੁਰੂ ਦਾ ਪ੍ਰਤੀਕ ਹੈ। ਲੋਕ ਮਨੌਤ ਹੈ ਕਿ ਪਾਰਸ ਵਿੱਚ ਲੋਹੇ ਨੂੰ ਸੋਨਾ ਬਣਾਉਣ ਦੀ ਸ਼ਕਤੀ ਹੈ।[4]

---

1. (I) ਸਦਾ ਅੰਮ੍ਰਿਤੁ ਨਾਮ ਭੋਜਨੁ ਖਾਇਆ।
   ਮਾਝ ਰਾਗੁ (ਵਾਰ), ਪੰਨਾ 150
   (II) ਨਾਨਕ ਨਾਮੁ ਨ ਵੀਸਰੈ ਮਥਿ ਅੰਮ੍ਰਿਤੁ ਪੀਆ
   ਆਸਾ ਰਾਗੁ (ਅਸਟਪਦੀਆਂ), ਪੰਨਾ 419
   (III) ਮਥਿ ਅੰਮ੍ਰਿਤੁ ਪੀਆ ਇਹੁ ਮਨੁ ਦੀਆ
   ਗੁਰ ਪਹਿ ਮੋਲੁ ਕਰਾਇਆ।
   ਸੂਹੀ ਰਾਗੁ (ਛੰਤ), ਪੰਨਾ 766
   (IV) ਗੁਰਮਤਿ ਰਾਮ ਨਿਹਚਲ ਨਹੀ ਡੋਲੈ। ਗੁਰਮਤਿ ਸਾਚਿ ਸਹਜਿ ਹਰ ਬੋਲੈ।
   ਪੀਵੈ ਅੰਮ੍ਰਿਤੁ ਤਤੁ ਵਿਰੋਲੈ।
   ਗਉੜੀ ਰਾਗੁ (ਅਸਟਪਦੀਆਂ), ਪੰਨਾ 227
   (V) ਅੰਮ੍ਰਿਤ ਨਾਮੁ ਸਦਾ ਸੁਖਦਾਤਾ, ਗੁਰਮਤੀ ਮੰਨਿ ਵਸਾਵਣਿਆ।
   ਮਾਝ ਰਾਗੁ (ਅਸਟਪਦੀਆਂ), ਪੰਨਾ 109
2. ਪਾਰਜਾਤੁ ਘਰਿ ਆਗਨਿ ਮੇਰੈ ਪੁਹਪ ਪਤ੍ਰ ਤਤੁ ਡਾਲਾ।
   ਸਰਬ ਜੋਤਿ ਨਿਰੰਜਨ ਸੰਭੂ ਛੋਡਹੁ ਬਹੁਤੁ ਜੰਜਾਲਾ।
   ਗੂਜਰੀ ਰਾਗੁ (ਅਸਟਪਦੀਆਂ), ਪੰਨਾ 505
3. ਸੰਤ ਸਭਾ ਗੁਰੁ ਪਾਈਐ ਮੁਕਤਿ ਪਦਾਰਥੁ ਧੇਨ।
   ਸਿਰੀ ਰਾਗੁ (ਪਦੇ), ਪੰਨਾ 18
4. ਰਹਣਿ ਨਿਵਾਸਿ ਸਾਚਿ ਸਮਾਵੈ।
   ਪਾਰਸੁ ਪਰਸਿ ਪਰਮ ਪਦੁ ਪਾਵੈ।
   ਆਸਾ ਰਾਗੁ, ਪੰਨਾ 411

<u>ਨਾਰਦ ਤੇ ਲੱਛਮੀ</u>

ਨਾਰਦ ਦਾ ਜ਼ਿਕਰ ਪੁਰਾਣਾਂ ਵਿੱਚ ਵਿਅਕਤੀ ਵਿਸ਼ੇਸ਼ ਵਾਲਾ ਹੈ ਉਹ ਦੇਵ ਰਿਸ਼ੀ ਹੈ ਪਰ ਸਤਿਕਾਰ ਦੇ ਨਾਲ ਨਾਲ ਉਸਨੂੰ ਦੁਰਕਾਰਿਆ ਵੀ ਗਿਆ ਹੈ। ਨਾਨਕ ਬਾਣੀ ਵਿਚ ਨਾਰਦ ਚੰਚਲਤਾ ਦਾ ਤੇ ਮਨਮੁਖੀ ਬਿਰਤੀ ਦਾ ਪ੍ਰਤੀਕ ਬਣਿਆ ਹੈ।[1] ਏਸੇ ਤਰ੍ਹਾਂ ਲਛਮੀ ਸਮੁੰਦਰ ਵਿਚੋਂ ਨਿਕਲੀ ਵਸਤੂ ਹੈ। ਇਹ ਵੀ ਰਤਨ ਪਦਾਰਥ ਹੈ। ਇਸਦੀ ਉਦਾਰਤਾ ਮਾਇਆ ਹੈ। ਸੋ ਨਾਨਕ ਬਾਣੀ ਵਿੱਚ ਲਛਮੀ, ਇੰਦ੍ਰੀਆਤਮਕ ਬਿਰਤੀ ਦੀ ਚੰਚਲਤਾ ਤੇ ਮਾਇਆ ਦਾ ਪ੍ਰਤੀਕ ਬਣੀ ਹੈ।[5]

ਗੁਰੂ ਨਾਨਕ ਬਾਣੀ ਵਿੱਚ ਰਿਚੂਅਲ ਜਗਤ ਦੇ ਪ੍ਰਤੀਕ ਜਿਵੇਂ ਸਾਲਗ੍ਰਾਮ, ਸਿਲ, ਤੁਲਸੀ ਮਾਲਾ, ਟਿਕਾ ਜਨੇਊ, ਸ਼ਿਖਾ, ਆਦਿ ਨੂੰ ਨਿਰਾਰਥਕ ਆਖਿਆ ਗਿਆ ਹੈ ਤੇ ਇਨ੍ਹਾਂ ਦੇ ਕਲੇਵਰ ਨੂੰ ਉਤਾਰ ਕੇ ਅਧਿਆਤਮਕ ਜਗਤ ਅਤੇ ਨੈਤਿਕ ਸ੍ਰੇਸ਼ਟਤਾ ਵਾਲੇ ਗੁਣ ਧਾਰਣ ਕਰਨ ਦੀ ਸਲਾਹ ਦਿੱਤੀ ਗਈਹੈ।

ਨਾਨਕ ਬਾਣੀ ਵਿਚ ਉਪਾਸਨਾ ਦਾ ਸਰੂਪ ਨਿਰਗੁਣ ਹੈ ਸਗੁਣ ਨਹੀਂ। ਨਿਰਗੁਣ ਉਪਾਸਨਾ ਵਿੱਚ ਅਨੁਭੂਤੀ ਦਾ ਰੂਪ ਕੇਵਲ ਅਨੁਭੂਤੀ ਜਨਕ ਹੀ ਹੁੰਦਾ ਹੈ। ਪਰ ਇਸ ਅਨੁਭੂਤੀ ਨੂੰ ਉਹ ਵੱਡੇ ਆਕਾਰ ਵਿੱਚ ਲੋਕਾਂ ਤੱਕ ਪਹੁੰਚਾਉਣਾ ਵੀ ਜ਼ਰੂਰੀ ਸਮਝਦੇ ਹਨ। ਪਖੰਡ ਤੇ ਆਡੰਬਰ ਜਾਲ ਨੂੰ ਕੱਟਣਾ ਹੈ। ਧਰਮ ਦੇ ਨਾਂ ਥੱਲੇ ਕੀਤੇ ਜਾਂਦੇ ਕੁਕਰਮਾਂ ਨੂੰ ਨੰਗਾ ਕਰਨਾ ਹੈ। ਪ੍ਰੋਹਤ ਸ਼੍ਰੇਣੀ ਦੇ ਆਡੰਬਰ ਪਸਾਰ ਦਾ ਵਿਨਾਸ਼ ਵੀ ਜ਼ਰੂਰੀ ਹੈ। ਇਸ ਸਾਰੀ ਸਮੀਖਿਆ ਦੇ ਪਿਛੋਕੜ ਵਿੱਚ 'ਪ੍ਰਤੀਕ' ਸਾਧਨ ਦੀ ਵਰਤੋਂ ਦੀ ਵਿਧੀ ਕੰਮ ਕਰ ਰਹੀ ਹੈ। ਸਾਧਕਾਂ ਨੇ ਆਪਣੀਆਂ ਅਨੁਭੂਤੀਆਂ ਨੂੰ ਜਨ ਸਾਧਾਰਨ ਤੱਕ ਪਹੁੰਚਾਉਣ ਲਈ ਪ੍ਰਤੀਕਾਂ ਦੀ ਵਰਤੋਂ ਕੀਤੀ ਤੇ ਸਹਿਜ ਸੁਭਾਵਿਕ ਰੂਪ ਵਿਚ ਕੀਤੀ ਹੈ।

---

1. (i) ਨਾਸਪੁਰ ਹੋਵੈ ਫਿਰਿ ਮੈਲੀ ਨਾਰਦੁ ਕਰੈ ਖੁਆਰੀ। ਬਸੰਤ ਰਾਗੁ, ਪੰਨਾ 411

(ii) ਨਾਰਦੁ ਨਾਚੈ ਕਲਿ ਕਾ ਭਾਉ। ਜਤੀ ਸਤੀ ਕਹ ਰਾਖਹਿ ਪਾਉ।
ਆਸਾ ਰਾਗੁ,(ਪਟੀ),ਪੰਨਾ 349

2. ਸਾਇਰ ਕੀ ਪੁਤ੍ਰੀ ਪਰਹਰਿ ਤਿਆਗੀ ਚਰਣ ਤਲੈ ਵੀਚਾਰੇ
ਆਸਾ ਰਾਗੁ, ਪੰਨਾ 437

## ਅਨੁਸ਼ਠਾਨ

(ੳ) ਪੂਜਾ-ਵਿਧੀ

(ਅ) ਜਪ (ਮੰਤ੍ਰ)

(ੲ) ਉਪਵਾਸ

(ਸ) ਤਿਉਹਾਰ

(ਹ) ਤੀਰਥ-ਯਾਤਰਾ

(ਕ) ਸੰਸਕਾਰ (ਜਨਮ ਤੇ ਜੀਵਨ ਦੇ)

(ਖ) ਅੰਤਯੇਸ਼ਠੀ ਸੰਸਕਾਰ

(ਗ) ਇਸਲਾਮਿਕ ਅਨੁਸ਼ਠਾਨ।

ਮਿੱਥ ਨਾਲ ਅਨੁਸ਼ਠਾਨ ਦਾ ਸੰਬੰਧ ਨਿਕਟ ਵਰਤੀ ਹੈ। ਜਿੱਥੇ ਮਿੱਥ ਪਵਿੱਤ੍ਰ-ਗਾਥਾਵਾਂ ਹਨ, ਉਥੇ ਅਨੁਸ਼ਠਾਨ ਪਵਿੱਤ੍ਰ ਕ੍ਰਿਆਵਾਂ ਹਨ। ਘਟਨਾਵਾਂ ਦਾ ਵਰਨਣ ਮਿੱਥ ਵਿਚ ਹੁੰਦਾ ਹੈ, ਅਨੁਸ਼ਠਾਨਾਂ ਵਿੱਚ ਇਨ੍ਹਾਂ ਕ੍ਰਿਆਵਾਂ ਨੂੰ ਨਿਭਾਇਆ ਜਾਂਦਾ ਹੈ। ਇਸ ਨੂੰ ਏਸੇ ਲਈ ਖੇਤੀ ਨਾਲ ਜੁੜੀ ਹੋਈ ਵਾਰਤਾ ਵੀ ਆਖ ਲਿਆ ਜਾਂਦਾ ਹੈ।[1] ਪੁਰਾਣ ਕਥਾਵਾਂ ਨੇ ਖੇਤੀ ਨੂੰ ਤੇ ਵਿਸ਼ਵਾਸਾਂ ਨੂੰ ਬਲ ਦਿੱਤਾ ਹੈ।[2] ਅਨੁਸ਼ਠਾਨਕ ਸਾਮਗ੍ਰੀ ਨੂੰ ਪੁਰਾਣ ਕਥਾਵਾਂ ਬਲ ਬਖਸ਼ਦੀਆਂ ਹਨ ਪਰ ਅਨੁਸ਼ਠਾਨਾਂ ਦੇ ਮਰ ਜਾਣ ਨਾਲ ਇਹ ਵੀ ਨਾਸ ਹੋ ਜਾਂਦੀਆਂ ਹਨ।[3] ਮਿਥ ਅਨੁਸ਼ਠਾਨ ਨੂੰ ਭਾਵਨਾ ਬਖਸ਼ਦਾ ਹੈ ਤੇ ਅਨੁਸ਼ਠਾਨ ਮਿਥਨ-ਗ੍ਰਸਤ ਜੀਵਨ ਨੂੰ ਪ੍ਰਕਿਰਤਕ ਤਬਦੀਲੀਆਂ ਵਿਚੋਂ ਲੋੜੀਂਦੀ ਸ਼ਕਤੀ ਪ੍ਰਦਾਨ ਕਰਦਾ ਹੈ। ਅਸਲ ਵਿਚ ਜਿਵੇਂ ਕਿ ਈ.ਓ. ਜੇਮਜ਼ ਨੇ ਲਿਖਿਆ ਹੈ, 'ਮਿਥ ਅਤੇ ਅਨੁਸ਼ਠਾਨ, ਮਾਨਸ ਚੇਤਨਾ ਦੀਆਂ, ਨਿਤ ਜੀਵਨ ਦੀਆਂ ਆਤਮਕ ਅਤੇ ਵਿਵਹਾਰਕ ਸਮਸਿਆਵਾਂ, ਜਿਨ੍ਹਾਂ ਦਾ ਆਧਾਰ ਸਮਾਜ ਦੇ ਡੂੰਘੇ, ਡਰ ਆਕਾਂਖਿਆਵਾਂ ਰਜਨੇ ਅਤੇ ਉਦਗਾਰ ਹਨ, ਨੂੰ ਪ੍ਰਗਟਾਵਾ ਬਖਸ਼ਦੇ ਹਨ' ਇਹ ਰੁਚੀ ਆਦਿਮ ਕਾਲੀਨ ਸਭਿਆਤਾਵਾਂ ਵਿੱਚ ਪ੍ਰਗਟ ਰੂਪ ਵਿਚ ਮਿਲਦੀ ਹੈ। ਪਰ ਜਿਉਂ ਜਿਉਂ ਤਾਂਤਿਰਕ ਸੋਚ ਵਧਦੀ ਹੈ, ਪਸਾਰੇ ਦਾ ਗਿਆਨ, ਵਿਗਿਆਨ ਰਾਹੀਂ ਮਨੁੱਖੀ ਬੋਧ ਦੀ ਸੀਮਾਂ ਅੰਦਰ ਪ੍ਰਵੇਸ਼ ਕਰਦਾ ਹੈ, ਤਿਉਂ ਤਿਉਂ ਜਾਦੂਈ-ਧਰਮ-ਅਨੁਸ਼ਠਾਨਾਂ ਦੀ ਮਹਤਤਾ ਘਟਦੀ ਹੈ। ਪਰ ਆਦਿਮ ਮਨੁੱਖ ਦੀ ਪ੍ਰਕਿਰਤਕ ਗਿਆਨ ਦੀ ਘਾਟ, ਪ੍ਰਕਿਰਤਕ ਸ਼ਕਤੀਆਂ ਉਤੇ ਵੱਸੀਕਰਨ ਦੀ ਅਸਮਰਥਾ ਅਤੇ ਮਨੁੱਖ ਦੀ ਆਪਣੇ ਅਸਤਿਤਵ ਅਤੇ ਹੋਂਦ ਨੂੰ ਕਾਇਮ ਰੱਖਣ ਦੀ ਮੁਢਾਲਕ ਲੋੜਾਂ ਨੇ ਆਦਿਮ ਸਭਿਆਤਾਵਾਂ ਵਿੱਚ ਅਨੁਸ਼ਠਾਨਾਂ ਅਤੇ ਮਿਥ ਨੂੰ ਇਕ ਜ਼ਰੂਰੀ ਲੋੜ ਵਜੋਂ ਅਰੰਭ ਹੀ ਅਪਣਾਇਆ ਤੇ ਵਿਕਾਸ ਦਿੱਤਾ ਹੈ। ਉਂਜ ਅਨੁਸ਼ਠਾਨ ਕ੍ਰਿਆਵਾਂ ਤੇ ਮਿਥ ਪ੍ਰਤੀਕ ਦੀ ਸਿਰਜਨ ਪ੍ਰਕਿਰਿਆ ਦਾ ਬੀਜ ਹਨ ਤੇ ਸਦਾ ਕਾਇਮ ਰਹਿੰਦੇ ਹਨ। ਅਨੁਸ਼ਠਾਨ ਕ੍ਰਿਆਵਾਂ ਵਿੱਚ, ਆਦਿਮ ਸੋਚ ਰਾਹੀਂ ਕਲਪਿਤ ਕੀਤੀਆਂ ਪਵਿੱਤ੍ਰ ਅਤੇ ਬੁਰੀਆਂ ਸ਼ਕਤੀਆਂ ਨੂੰ ਰਿਝਾਉਣ ਤੇ ਮਨਾਉਣ ਦੀ ਲਾਲਸਾ ਵੀ ਕੰਮ ਕਰਦੀ ਹੈ। ਜਮ ਦੂਤ ਤੋਂ ਬਚਨ ਲਈ, ਦੇਵਤਿਆਂ ਦੀ ਕ੍ਰੋਪੀ ਤੋਂ ਬਚਣ ਲਈ ਜੋਤਸ਼ ਵਿਧਾਨ ਤੇ ਹੋਰ ਅਨੇਕ ਤਰ੍ਹਾਂ ਦੇ ਕਰਮ ਕਾਂਡ ਕੀਤੇ ਜਾਂਦੇ ਹਨ। ਜੱਗ ਦੀ ਭਾਵਨਾ ਪਿੱਛੇ ਦੇਵਤਿਆਂ ਨੂੰ ਰਿਝਾ ਕੇ, ਮੀਂਹ ਦੀ ਲਾਲਸਾ, ਚੰਗੇ ਤੇ ਬਲਸ਼ਾਲੀ ਪੁਤਰ ਦੀ ਲਾਲਸਾ ਵੀ ਨਿਹਤ ਹੈ। ਪ੍ਰਾਚੀਨ ਸੰਸਕਾਰ ਵਿੱਚ ਵੀ ਇਹੋ ਬਿਰਤੀ ਕੰਮ ਕਰਦੀ

---

1. Lord Raglon, Myth & Ritual, JAFL Vol.68, 1956
2. ਉਹੀ ਪੰਨਾ 457
3. ਉਹੀ ਪੰਨਾ 457
4. E.O. James, 'Myth & Rituals in the Ancient Near East' Thomas and Hudson London, 1958, P.305

ਪ੍ਰਤੀਨਿਧਤਾ ਕਰਦੀ ਹੈ।

ਅਨੁਸ਼ਠਾਨਾਂ ਨੂੰ ਪ੍ਰਕਿਰਤ, ਕੋਈ ਸ਼ੱਕ - ਵਿਸ਼ਵਾਸ਼ ਦੇ ਘੇਰੇ ਵਿਚ ਲੈ ਆਉਂਦੀ ਹੈ। ਅਨੁਸ਼ਠਾਨ ਕ੍ਰਿਆ ਵਿੱਚ ਜੁੱਟੇ ਵਿਅਕਤੀ ਲਈ, ਕੁੱਝੀ ਸ਼ਰਧਾ ਦੀ ਲੋੜ ਮੁਢਲੀ ਲੋੜ ਮਿਥੀ ਜਾਂਦੀ ਹੈ। ਸੁਭਾਅ, ਸ਼ਰਧਾ ਨਾਲ ਕੀਤਾ ਜਾਵੇ ਤਾਂ ਹੀ ਇਹਦਾ ਫਲ ਹੈ। ਪਿੰਡ ਦਾਨ ਪੀੜੀ ਨੂੰ ਪੂਰੀ ਕਠੋਰਤਾ ਨਾਲ ਅਪਣਾਉਣਾ ਲਾਜ਼ਮੀ ਲੋੜ ਹੈ। ਇਨ੍ਹਾਂ ਅਨੁਸ਼ਠਾਨਾਂ ਨਾਲ ਫਲ ਦੀ ਲਾਲਸਾ ਦਾ ਜੁੜਨਾ ਇਕ ਬੜੀ ਵਿਚਰ ਜਿਹੀ ਚੀਜ਼ ਹੈ ਜਿਹੜੀ ਸਾਧਾਰਣ ਪ੍ਰਾਣੀ ਨੂੰ ਮਿਥਿਹਾਸੀ ਵਾਂਗ ਆਕਰਸ਼ਕ ਕਰਦੀ ਹੈ। ਪ੍ਰਕਿਰਤ ਕੋਈ ਦੀ ਸ਼ਕਤੀ ਅਤੇ ਆਰਥਿਕਤਾ ਦੀ ਮਜ਼ਬੂਤੀ ਅਨੁਸ਼ਠਾਨ ਕ੍ਰਿਆਵਾਂ ਦੇ ਜੁੜਨੋਂ ਉਤੇ ਸ਼ਰਧਾ ਨਾਲ ਕੀਤੇ ਗਏ ਅਮਲ ਉਤੇ ਹੀ ਆਧਾਰਿਤ ਹੈ। ਨਾਟਕ ਬਾਣੀ ਵਿਚ ਹਿੰਦੂ ਅਤੇ ਮੁਸਲਿਮ ਪ੍ਰਕਿਰਤ ਕੋਈ ਦੇ ਅੰਤਰਗਤ ਆਉਣ ਵਾਲੇ ਬ੍ਰਾਹਮਣ ਅਤੇ ਮੁੱਲਾ ਦੀਆਂ ਕੁਰੀਤੀਆਂ ਤੇ ਭਰਮ ਜਾਲ ਨੂੰ ਤੋੜਨ ਦਾ ਯਤਨ ਕੀਤਾ ਗਿਆ ਹੈ। ਪਰੰਤੂ ਸਾਰੇ ਅਨੁਸ਼ਠਾਨਾਂ ਦੀ ਸਮਕਾਲੀਨ ਅਵਸਥਾ ਉਤੇ ਚਿੰਤਨ ਵੀ ਕੀਤਾ ਗਿਆ ਹੈ। ਇਨ੍ਹਾਂ ਵਿਚ ਅੰਤਰਜਾਤੀ ਸੰਸਕਾਰ ਦੇ ਅੰਤਰਗਤ, ਮਰਯਾਦਾ, ਪਿੰਡ ਦਾਨ ਇਤਿਆਦਿ ਵੀ ਲਿਆ ਗਿਆ ਹੈ। ਏਸੇ ਤਰ੍ਹਾਂ ਜਨਮ ਸੰਸਕਾਰਾਂ ਨਾਲ ਸੰਬੰਧਿਤ ਜਨੇਊ ਪਾਉਣ ਦੀ ਵਿਸ਼ੇਸ਼ ਰੂਪ ਵਿੱਚ ਲਿਆ ਗਿਆ ਹੈ।

ਅਸਲ ਵਿੱਚ ਇਹ ਅਨੁਸ਼ਠਾਨ ਉਸ ਸਮੇਂ ਵਿੱਚ ਵਿਆਪਕ ਮਨੌਤੀਆਂ ਅਤੇ ਜੀਵਨ ਸੰਘਰਸ਼ ਤੋਂ ਮਨੁੱਖ ਨੂੰ ਭਟਕਾਉਣ ਵਾਲੇ ਅਕਾਉਣੇ ਸਨ। ਵਿਅਕਤੀ ਨੂੰ ਇਕ ਕਲਪਨਿਕ ਵਾਤਾਵਰਣ ਨਾਲ ਜੋੜ ਕੇ, ਦੁੱਖਾਂ ਨੂੰ ਸਿਰ ਝੁਕਾ ਕੇ ਸਹਿਣ ਲਈ ਲਾਚਾਰ ਤੇ ਮਜਬੂਰ ਕਰਦੇ ਹਨ। ਨਾਟਕ ਬਾਣੀ ਭਟਕਾਉਣ ਵਾਲੀ ਰੁਚੀ ਦੇ ਪ੍ਰਕਿਰਤ ਰੂਪ ਕੋਈ ਦੇ ਅੰਦਰ ਦੀ ਨਿਰਾਰਥਕਤਾ ਨੂੰ ਸਹਿਣ ਕਰਨ ਤੋਂ ਅਸਮਰੱਥ ਹੈ।

ਨਾਟਕ ਕਾਵਿ ਵਿੱਚ ਅਨੁਸ਼ਠਾਨਕ ਸਾਮਗ੍ਰੀ ਸਧਾਰਣ ਰੂਪ ਵਿਚ ਇਸਦਾ ਭਾਗ ਨਹੀਂ ਬਣੀ ਸਗੋਂ ਇਸ ਨਾਲ ਜੁੜੀਆਂ ਕਥਾਵਾਂ ਦੇ ਖੰਡਨ ਰੂਪ ਵਿਚ ਆਈ ਹੈ।

ਇਸ ਖੰਡਨ ਪਿਛੋਂ ਸਾਰੇ ਅਨੁਸ਼ਠਾਨਾਂ ਨਾਲ ਜੁੜੀਆਂ ਮਿਥ ਕਥਾਵਾਂ ਜਿਵੇਂ ਜੀਵਨ ਦੇ ਮਹਾਤਮ ਸੰਬੰਧੀ, ਪੌਣਾਂ, ਤੀਰਥਾਂ, ਵਰਤਾਂ, ਜਨਮਾਂ ਆਦਿ ਸੰਬੰਧੀ ਵੀ ਆਪਣੇ ਆਪ ਹੀ ਨਿਰਾਰਥਕ ਬਣ ਜਾਂਦੀਆਂ ਹਨ। ਇਸ ਤਰ੍ਹਾਂ ਨਾਟਕ ਕਾਵਿ ਵਿੱਚ ਭਾਵੇਂ ਇਨ੍ਹਾਂ ਮਹਾਤਮ ਕਥਾਵਾਂ ਦਾ ਵਰਣਨ ਨਹੀਂ ਹੋਇਆ ਪਰ ਇਹ ਅਨੁਸ਼ਠਾਨ ਕਥਾਵਾਂ ਨਾਲ ਸਹਿਜ ਭਾਵ ਜੁੜੀਆਂ ਹੋਈਆਂ ਹਨ ਤੇ ਇਨ੍ਹਾਂ ਕਥਾਵਾਂ ਵਿਚ ਇਨ੍ਹਾਂ ਕਥਾਵਾਂ ਦੀ ਸਿਰ ਪਿਛਲੀ ਹੀ ਵਧੇਰੇ ਲੋੜ ਰਹ ਗਈ ਹੁੰਦੀ ਹੈ। ਸੋ ਸੁੱਤੇ ਸਿੱਧ ਉਨ੍ਹਾਂ ਕਥਾਵਾਂ ਅੰਦਰ ਸਮਾਹਿਤ ਵਿਚਾਰ ਤੇ ਉਨ੍ਹਾਂ ਕਥਾਵਾਂ ਦਾ ਖੰਡਨ ਹੋ ਜਾਂਦਾ ਹੈ।

(ੲ) <u>ਵਰਣ ਵੰਡ।</u>

ਭਾਰਤ ਵਿੱਚ ਵਰਣ ਵੰਡ ਬੜੀ ਪੁਰਾਣੀ ਹੈ। ਪੁਰਾਣ ਰਚੈਤਾ ਨੇ ਇਸ ਸਮਾਜਕ ਵੰਡ ਨੂੰ ਮਿਥ ਦੇ ਚੌਖਟੇ ਵਿੱਚ ਲਿਆ ਕੇ ਧਰਮ ਅਤੇ ਅਨੁਸ਼ਠਾਨਾਂ ਨਾਲ ਜੋੜ ਦਿੱਤਾ ਅਤੇ ਵੰਡ ਨੂੰ ਦ੍ਰਿੜ ਅਤੇ ਪੱਕਾ ਕਰ ਦਿੱਤਾ। ਸ੍ਰੀਮਦ ਭਾਗਵਤ ਵਿੱਚ ਲਿਖਿਆ ਹੈ, 'ਵਿਰਾਟ ਪੁਰਖ ਦੇ ਮੁੱਖ ਤੋਂ ਸਤਵ ਪਰਧਾਨ ਬ੍ਰਾਹਮਣ, ਭੁਜਾਵਾਂ ਤੋਂ ਸਤਵ ਰਜ ਪਰਧਾਨ ਖਤ੍ਰੀ, ਜੰਘਾਂ ਤੋਂ ਰਜ-ਤਮ ਪਰਧਾਨ ਵੈਸ਼ ਅਤੇ ਚਰਨਾਂ ਤੋਂ ਤਮ ਪਰਧਾਨ ਸ਼ੂਦਰ ਦੀ ਉਤਪਤੀ ਹੋਈ।'[1] ਪਹਿਲੀਆਂ ਤਿੰਨ ਜਾਤੀਆਂ ਨੂੰ 'ਦ੍ਵਿਜਾਤ' ਆਖਿਆ ਜਾਂਦਾ ਹੈ ਕਿਉਂਕਿ ਇਕ ਜਨਮ ਇਨ੍ਹਾਂ ਦਾ ਮਾਂ ਦੇ ਉਦਰ ਤੋਂ ਹੋਇਆ ਤੇ ਦੂਜਾ ਉਪਨਯਨ ਸੰਸਕਾਰ ਨਾਲ। ਮਨੂ ਨੇ ਇਸ ਵਰਣ ਵੰਡ ਨੂੰ ਹੋਰ ਵੀ ਪੀਡਿਆਂ ਕਰ ਦਿਤਾ।

ਨਾਰਦ ਪੁਰਾਣ ਵਿੱਚ ਵਰਣ ਆਸ਼੍ਰਮ ਦੇ ਧਰਮ ਗਿਣਾਏ ਗਏ ਹਨ। ਲਿਖਿਆ ਹੈ, ਜਿਹੜਾ ਵਰਣਾਸ਼੍ਰਮ ਦੇ ਸਮੁੱਚੇ ਧਰਮ ਕਰਮਾਂ ਦਾ ਤਿਆਗ ਕਰ ਦੇਂਦਾ ਹੈ ਉਸਨੂੰ ਪਾਖੰਡੀ ਆਖਦੇ ਹਨ।[2] ਮਨ, ਕਰਮ ਅਤੇ ਬਚਨਾਂ ਨਾਲ ਪ੍ਰਯਤਨ ਪੂਰਬਕ ਧਰਮ ਅਚਰਣ ਕਰਨ ਉਤੇ ਬਲ ਦਿੱਤਾ ਗਿਆ ਹੈ।

<u>ਬ੍ਰਾਹਮਣ ਦੇ ਕਰਮ</u>

ਬ੍ਰਾਹਮਣ ਦਾ ਸਾਧਾਰਣ ਕਰਮ ਹੈ ਜਗਾਂ ਵਿੱਚ ਸ਼ਾਮਲ ਹੋ ਕੇ ਦੇਵਤਿਆਂ ਦਾ ਆਰਾਧਨ ਕਰਨਾ, ਵੇਦਾਂ ਦਾ ਅਧਿਐਨ ਅਤੇ ਪ੍ਰਤਿ ਦਿਨ ਅਗਨੀ ਹੋਤਰ ਕਰਨਾ। ਸਾਰੇ ਪ੍ਰਾਣੀਆਂ ਦੇ ਹਿਤ ਲਈ ਕੰਮ ਕਰਨਾ। ਇਕਾਂਤ ਅਸਥਨ ਬੈਠੇ, ਨਿਰੰਤਰ ਭਗਵਾਨ ਵਿਸ਼ਨੂੰ ਦੀ ਪੂਜਾ ਕਰੇ।[3]

ਬ੍ਰਾਹਮਣ ਨੂੰ ਪੁਰਾਣਾਂ ਵਿਚ ਬੜਾ ਵਡਿਆਇਆ ਗਿਆ ਹੈ। ਵਾਯੂ ਪੁਰਾਣ ਵਿਚ ਲਿਖਿਆ ਹੈ, 'ਪ੍ਰਾਣੀਆਂ ਨੂੰ ਸਾਧਾਰਣ ਭੂਤਾਂ ਵਿਚੋਂ ਸ੍ਰੇਸ਼ਟ ਮੰਨਿਆ ਜਾਂਦਾ ਹੈ, ਪ੍ਰਾਣੀਆਂ ਵਿੱਚ ਬੁੱਧੀਵਾਨ ਸ੍ਰੇਸ਼ਟ ਹਨ, ਬੁੱਧੀਵਾਨਾਂ ਵਿਚੋਂ 'ਮਨੁੱਖ ਸ੍ਰੇਸ਼ਟ ਅਤੇ ਮਨੁੱਖਾਂ ਵਿਚੋਂ ਬ੍ਰਾਹਮਣ ਸਭ ਤੋਂ ਸ੍ਰੇਸ਼ਟ ਹੈ।[4] ਤਿੰਨਾਂ ਵਰਣਾਂ ਦਾ ਬ੍ਰਾਹਮਣ ਜਨਮ ਤੋਂ ਹੀ ਪ੍ਰਭੂ ਹੈ।[5] ਬ੍ਰਾਹਮਣ ਜਨਾਂ ਦੀ ਪੂਜਾ ਕਰਨਾ ਜੋਗ ਹੈ[6] ਵਿਸ਼ਨੂੰ ਦੇ ਮੁੱਖ ਤੋਂ

---

1. ਸ੍ਰੀਮਦ ਭਾਗਵਤ, ਪੰਚਮ ਅਧਿਆਏ, ਇਕਾਦਸ਼ ਸਕੰਧ, ਸ਼ਲੋਕ 1-2
2. ਨਾਰਦ ਪੁਰਾਣ 1/24/9
3. ਉਹੀ 1/24/20-21
4. ਵਾਯੂ ਪੁਰਾਣ II/2-11
5. ਭਵਿਖ ਪੁਰਾਣ (ਬ੍ਰਹਮ ਪੁਰਬ) 1-9/1
6. ਉਹੀ 1-9/4

ਬ੍ਰਾਹਮਣ ਪੈਦਾ ਹੋਇਆ, ਵੇਦ ਵੀ ਉਸੇ ਤੋਂ ਹੀ ਪੈਦਾ ਹੋਏ, ਜਿਹੜੇ ਇਸ ਜਗਤ ਦੇ ਸਿਰਜਣ ਅਤੇ ਸੰਹਾਰ ਹਿਤ ਹਨ[1]। ਉਪਰੋਕਤ ਵੇਰਵਿਆਂ ਤੋਂ ਇਲਾਵਾ ਬ੍ਰਾਹਮਣ ਦੀ ਵਡਿਆਈ ਸੰਬੰਧੀ ਅਨੇਕ ਉਕਤੀਆਂ ਵੱਖ ਵੱਖ ਪੁਰਾਣਾਂ ਵਿਚੋਂ ਉਪਲਬਧ ਹੋ ਸਕਦੀਆਂ ਹਨ।

<u>ਖੱਤਰੀ ਦੇ ਕਰਮ</u>

ਖੱਤ੍ਰੀ ਦਾ ਦਰਜਾ ਬ੍ਰਾਹਮਣ ਤੋਂ ਥੱਲੇ ਹੈ। ਖੱਤ੍ਰੀ ਬ੍ਰਾਹਮਣਾਂ ਨੂੰ ਦਾਨ ਦੇਵੇ, ਜਗ ਕਰਾਵੇ, ਦੇਵਤਿਆਂ ਦੀ ਪੂਜਾ ਕਰੇ। ਸ਼ਾਸਤ੍ਰਾਂ ਅਨੁਸਾਰ ਜੀਵਨ ਬਿਤਾਵੇ। ਧਰਮ ਅਨੁਸਾਰ ਪ੍ਰਿਥਵੀ ਦਾ ਪ੍ਰਤਿਪਾਲਣ ਕਰੇ। ਦੁਸ਼ਟਾਂ ਨੂੰ ਦੰਡ ਦੇਵੇ। ਸਾਧੂ ਪੁਰਖਾਂ ਨੂੰ ਸਰਵੋਤਮ ਸ਼ਬਦ ਨਾਲ ਪਾਲੇ ਅਤੇ ਰੱਖਿਆ ਕਰੇ।

<u>ਵੈਸ਼ ਦੇ ਕਰਮ</u>

ਵੈਸ਼ ਪਸ਼ੂਆਂ ਦਾ ਪਾਲਣ ਕਰੇ, ਵਪਾਰ ਖੇਤੀਬਾੜੀ ਅਤੇ ਵੇਦਾਂ ਦਾ ਅਧਿਐਨ ਕਰੇ।

<u>ਸ਼ੂਦਰ ਦੇ ਕਰਮ:</u>

ਸ਼ੂਦਰ ਸਾਰੇ ਵਰਨਾਂ ਦਾ ਪਾਲਣ ਕਰੇ, ਤਿੰਨਾਂ ਵਰਨਾਂ ਦੀ ਸੇਵਾ ਕਰੇ। ਧਰਮ ਜੱਗ ਕਰਨ ਦਾ ਅਧਿਕਾਰ ਸ਼ੂਦਰ ਕੋਲ ਨਹੀਂ ਹੈ।

ਗੁਰੂ ਨਾਨਕ ਦੇਵ ਦੀ ਬਾਣੀ ਵਿੱਚ, ਪੁਰਾਣਾਂ ਵਿੱਚਲੀ ਸਿੱਧ ਕੀਤੀ ਜਾਂਦੀ ਵਿਆਖਿਆ ਗਈ ਅਤੇ ਸਿੱਧ ਕੀਤੀ ਗਈ ਵਰਣ ਵੰਡ ਨੂੰ ਮੰਨਿਆ ਨਹੀਂ ਗਿਆ। ਗੁਰੂ ਨਾਨਕ ਕਾਲ ਵਿੱਚ ਵਰਣ ਵੰਡ ਸਾਰੇ ਹਿੰਦੂ ਸਮਾਜ ਨੂੰ ਜਕੜ ਕੇ ਨਿਰਬਲ ਕਰ ਰਹੀ ਸੀ; ਇਸਲਾਮ ਦੇ ਸਾਰੀ ਮਨੁੱਖ ਬਰਾਬਰੀ ਦੀ ਏਕਤਾ ਦੇ ਸਿਧਾਂਤ ਨੇ ਦਲਿਤ ਸ਼੍ਰੇਣੀਆਂ ਨੂੰ ਆਕਰਸ਼ਿਤ ਕੀਤਾ। ਆਪ ਦਾ ਇਸਲਾਮ ਨਾਲ ਵਿਰੋਧ ਨਹੀਂ, ਹਿੰਦੂ ਧਰਮ ਵੱਲ ਵੀ ਰੁਚੀ ਸਿਧ ਨਹੀਂ ਸੀ ਸਿਧ ਕੇਵਲ ਮਨੁੱਖ ਦੀ ਏਕਤਾ, ਆਤਮਿਕ ਉਚਤਾ ਤੇ ਆਚਰਣਕ ਪਰਿਕਿਆਈਆਂ ਵਿੱਚ ਸੀ। ਜਿਹੜਾ ਧਰਮ ਕਿਸੇ ਖਾਸ ਕਿੱਤਾ ਕਰਕੇ ਮਨੁੱਖਾਂ ਲਈ ਉਚੇ ਨੀਵੇਂ ਦੀ ਭਾਵਨਾ ਵਿਚ ਜਕੜਤ ਹੈ, ਉਹ ਧਰਮ ਮਨੁੱਖ ਦਾ ਧਰਮ ਨਹੀਂ ਹੋ ਸਕਦਾ। ਗੁਰੂ ਨਾਨਕ ਦੇਵ ਜੀ ਨੇ ਏਸੇ ਲਈ, ਬ੍ਰਹਮਾ ਦੇ ਮੂੰਹ, ਬਾਹਵਾਂ, ਜੰਘਾ ਜਾਂ ਪੈਰਾਂ ਵਿਚੋਂ ਵੱਖ ਵੱਖ ਜਾਤੀਆਂ ਦੇ ਪੈਦਾ ਹੋਣ ਦੀ ਮੂੜ੍ਹ ਕਲਪਨਾ ਨੂੰ ਮਨਜ਼ੂਰ ਨਹੀਂ ਕੀਤਾ।

---

1. ਉਹੀ (ਮਹਾਤਮ ਪੁਰਾਣ) । 9,11,12

ਝੂਠੇ ਬ੍ਰਾਹਮਣ ਉਤੇ ਨਾਨਕ ਬਾਣੀ ਵਿੱਚ ਸਿੱਧਾ ਆਕ੍ਰਮਣ ਹੋਇਆ ਹੈ।[1] ਵਰਣ ਵੰਡ ਪਿਛੇ ਬ੍ਰਾਹਮਣ ਦਾ ਵੱਡਾ ਹੱਥ ਹੈ। ਵਰਣ ਵੰਡ ਦੀ ਪ੍ਰੋੜਤਾ ਬ੍ਰਾਹਮਣਾ ਦੇ ਰਚੇ ਧਰਮ ਗ੍ਰੰਥਾਂ ਵਿਚ ਕੀਤੀ ਗਈ ਹੈ। ਅਨੁਸ਼ਠਾਨਾਂ ਦਾ ਵਿਧਾਨ , ਦਾ ਵਿਧਾਨ, ਸੰਸਕਾਰਾਂ ਦਾ ਵਧਾਨ ਜਾਲ ਬ੍ਰਾਹਮਣ ਵਰਗ ਦਾ ਖਿਲਾਰਿਆ ਹੋਇਆ ਸੀ। ਇਸ ਸਾਰੇ ਭਰਮ ਜਾਲ ਨੂੰ ਨਾਨਕ ਬਾਣੀ ਵਿਚ ਉਲੀਕਿਆ ਤੇ ਸਪਸ਼ਟ ਕੀਤਾ ਗਿਆ ਹੈ। ਸਮਾਜਕ ਸਥਿਰਤਾ ਅਤੇ ਸਮਾਜਕ ਤੇ ਧਾਰਮਿਕ ਵਿਕਾਸ ਲਈ ਸਾਰੀਆਂ ਤ੍ਰੁਟੀਆਂ ਦੀ ਇਕਾਈ ਉਤੇ ਚੋਟ ਕਰਨਾ ਜ਼ਰੂਰੀ ਸੀ। ਉਨ੍ਹਾਂ ਜਾਤੀਆਂ ਦੇ ਨਾਵਾਂ ਨੂੰ ਤੋੜਿਆ ਨਹੀਂ, ਪਰ ਜਾਤੀ ਭਿੰਨਤਾ ਤੇ ਵਖਰਤਾ ਨੂੰ ਖਤਮ ਕਰਨ ਵਿੱਚ ਸਹਾਇਕ ਜ਼ਰੂਰ ਹੋਏ।

ਆਪਣੀ ਬਾਣੀ ਵਿਚ ਗੁਰੂ ਨਾਨਕ ਨੇ ਸਭ ਨੂੰ ਬਰਾਬਰ ਦਾ ਦਰਜਾ ਦਿੱਤਾ ਹੈ। ਸ਼ੂਦਰਾਂ ਨਾਲ ਸਗੋਂ ਆਪਣਾ ਨਾਤਾ ਵਧੇਰੇ ਜੋੜਿਆ ਹੈ ਤਾਂ ਜੋ ਉਨ੍ਹਾਂ ਦੇ ਸਤਿਕਾਰ ਨੂੰ ਵਧਾਇਆ ਜਾ ਸਕੇ।

ਗੁਰੂ ਸਾਹਿਬ ਨੇ ਜਾਤੀ ਵੰਡ ਦੇ ਅੰਤਰਗਤ ਨਵਾਂ ਸੰਕਲਪ ਵੀ ਪ੍ਰਸਤੁਤ ਕੀਤਾ ਹੈ। ਇਹ ਸੰਕਲਪ ਵਿਸ਼ੇਸ਼ ਤੇ ਉਚੀਆਂ ਕਥਿਤ ਕੀਤੀਆਂ ਜਾਣ ਵਾਲੀਆਂ ਜਾਤੀਆਂ ਦੇ ਸੰਬੰਧ ਵਿਚ ਆਇਆ ਹੈ। ਇਸ ਨਵੇਂ ਸੰਕਲਪ ਵਿੱਚ ਜਾਤੀ ਵੰਡ ਦਾ ਆਧਾਰ ਜਨਮ ਗਤ ਨਹੀਂ ਸਗੋਂ ਕਰਮਗਤ ਹੈ। ਇਹ ਕਰਮ ਅਨੁਸ਼ਠਾਨ ਕਰਮ ਨਹੀਂ, ਸਗੋਂ ਸਮਾਜਕਗਤ ਹਨ ਤੇ ਇਨ੍ਹਾਂ ਦਾ ਰੂਪ ਸਦਾਚਾਰਕ ਹੈ। ਇਸ ਸੰਕਲਪ ਪ੍ਰਬੰਧ ਵਿੱਚ ਆਚਰਣ ਕੀਮਤਾਂ ਆਧਾਰ ਰੂਪ ਹਨ। ਸਿੱਧ ਚੇਤਨਾ ਦੀ ਇਸ ਵਿੱਚ ਕੋਈ ਥਾਂ ਨਹੀਂ। ਬ੍ਰਹਮਾ ਨਾਲ ਜਾਤੀ ਉਤਪਤੀ ਦਾ ਕੋਈ ਸੰਬੰਧ ਸੰਕੇਤ ਨਹੀਂ ਸਗੋਂ ਪਹਿਲੋਂ ਉਸ ਜਾਤੀ ਵੰਡ ਨੂੰ ਨਿੰਦਿਆ ਹੈ ਤੇ ਨਵੀਂ ਉਸਾਰੀ ਦੀ ਨੀਂਹ ਇਸੇ ਉਪਰ ਰੱਖੀ ਹੈ।[2] ਬ੍ਰਾਹਮਣ ਦਾ ਨਵਾਂ ਸੰਕਲਪ ਇਉਂ ਦਿੱਤਾ ਹੈ:-

ਸੋ ਬ੍ਰਹਮਣੁ ਜੋ ਬਿੰਦੇ ਬ੍ਰਹਮੁ।
ਜਪੁ ਤਪੁ ਸੰਜਮੁ ਕਮਾਵੈ ਕਰਮੁ।
ਸੀਲ ਸੰਤੋਖ ਕਾ ਰਖੈ ਧਰਮੁ
ਬੰਧਨ ਤੋੜੈ ਹੋਵੈ ਮੁਕਤੁ।[3]

---

1. (i) ਬ੍ਰਾਹਮਣ ਵਾਦੁ ਪੜਹਿ ਕਰਿ ਕਿਰਿਆ ਕਰਣੀ ਕਰਮ ਕਰਾਏ।
ਬਿਨੁ ਬੂਝੇ ਕਿਛੁ ਸੂਝੈ ਨਾਹੀ ਮਨਮੁਖੁ ਵਿਛੁੜਿ ਦੁਖੁ ਪਾਏ। ਪ੍ਰਭਾਤੀ, ਰਾਗੁ(ਪਦੇ) ਪੰਨਾ 1332

(ii) ਮਥੈ ਟਿਕਾ ਤੇੜਿ ਧੋਤੀ ਕਖਾਈ। ਹਥਿ ਛੁਰੀ ਜਗਤ ਕਾਸਾਈ। ਆਸਾ ਰਾਗੁ(ਵਾਰ) ਪੰਨਾ 471-72

(iii) ਮਾਣਸ ਖਾਣੇ ਕਰਹਿ ਨਿਵਾਜ। ਛੁਰੀ ਵਗਾਇਨਿ ਤਿਨ ਗਲਿ ਤਾਗ। ਆਸਾ ਰਾਗੁ (ਵਾਰ) ਪੰਨਾ 471

( I ) ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ। ਆਸਾ ਰਾਗ(ਵਾਰ )ਪੰਨਾ 469

2. ਫਕੜ ਜਾਤੀ ਫਕੜੁ ਨਾਉ। ਸਭਨਾ ਜੀਆ ਇਕਾ ਛਾਉ। ਸਿਰੀ ਰਾਗੁ, ਪੰਨਾ 83
3. ਸਲੋਕ ਵਾਰਾਂ ਤੇ ਵਧੀਕ, ਪੰਨਾ 1411.

ਸੋ ਪੜਿਆ ਸੋ ਪੰਡਿਤ ਬੀਨਾ ਜਿਨਾ ਕਮਾਇਆ ਨਾਉ
ਪਹਿਲੋ ਦੇ ਜੜ ਅੰਦਰਿ ਜੰਮੈ ਉਪਰਿ ਹੋਵੈ ਛਾਉ।[1]

ਇਸੇ ਤਰ੍ਹਾਂ ਖਤ੍ਰੀ ਬਾਰੇ ਗੁਰੂ ਸਾਹਿਬ ਫੁਰਮਾਉਂਦੇ ਹਨ:-

ਖਤ੍ਰੀ ਸੋ ਜੋ ਕਰਮਾ ਕਾ ਸੂਰੁ।
ਪੁੰਨ ਦਾਨ ਕਾ ਕਰੈ ਸਰੀਰੁ।
ਖੇਤੁ ਪਛਾਣੈ ਬੀਜੈ ਦਾਨੁ।
ਸੋ ਖਤ੍ਰੀ ਦਰਗਹ ਪਰਵਾਣੁ।[2]

ਗੁਰੂ ਨਾਨਕ ਦੀ 'ਜਾਤੀ ਵੰਡ' ਦਾ ਨਵਾਂ ਸੰਕਲਪ ਪ੍ਰਬੰਧ, ਜਿਸ ਅਨੁਸਾਰ ਪੁਰਾਣੀ ਵੰਡ ਚੇਤਨਾ ਨੂੰ ਰੱਦ ਕਰ ਆਪਣੇ ਸਾਰੀਆਂ ਜਾਤੀਆਂ ਨੂੰ ਏਕਤਾ ਵਿੱਚ ਪਰੋਇਆ ਗਿਆ ਅਤੇ ਫਿਰ ਸਦਾਚਾਰਕ ਆਧਾਰ ਉੱਚਤਾ ਬਖਸ਼ੀ ਗਈ, ਇਹੀ ਪ੍ਰਬੰਧ ਪਿੱਛੋਂ ਜਾ ਕੇ ਸਿਖ ਧਰਮ ਦੇ ਉੱਥ ਅਤੇ ਵਿਕਾਸ ਨੂੰ ਬਲ ਬਖਸ਼ਣ ਵਾਲਾ ਬਣਿਆ। ਇਸ ਨਵੇਂ ਸੰਕਲਪ ਦਾ ਆਧਾਰ ਸਾਮਾਜਕ ਅਤੇ ਇਤਿਹਾਸਕ ਚੇਤਨਤਾ ਸੀ, ਮਿਥ ਚੇਤਨਾ ਨਹੀਂ ਸੀ।

---

1. ਮਲਾਰ ਗੁਰੂ(ਵਾਰ), ਪੰਨਾ 1285
2. ਸਲੋਕ ਵਾਰਾਂ ਤੇ ਵਧੀਕ, ਪੰਨਾ 1411

(ਘ) **ਜਗ (ਯੱਗ)**

ਜੱਗ ਦੀ ਪ੍ਰਥਾ ਬੜੀ ਪੁਰਾਣੀ ਹੈ। ਯੱਗ ਦੀ ਕ੍ਰਿਆ ਨੇ ਅਗਨੀ ਦੇਵਤੇ ਦਾ ਰੂਪ ਗ੍ਰਹਿਣ ਕਰ ਲਿਆ ਤੇ ਹਵਨ ਸਾਮਗਰੀ ਅਗਨੀ ਦੇਵ ਦੀ ਭੇਟਾ ਕੀਤੀ ਜਾਣ ਲਗ ਪਈ। ਅਗਨੀ ਨੂੰ ਈਸ਼ਵਰ ਅਤੇ ਦੇਵਤਿਆਂ ਦੀ ਬਾਸਨਾ ਮੰਨਕੇ ਹੋਮ ਅਤੇ ਯਗਾਂ ਦਾ ਕਰਨਾ ਲੋਕ ਪਰਲੋਕ ਦੇ ਸੁੱਖਾਂ ਦਾ ਸਰਬੋਤਮ ਸਾਧਨ ਮੰਨਿਆ ਜਾਣ ਲਗਾ।[1] ਯਜੁਰ ਵੇਦ ਵਿੱਚ ਜੱਗਾਂ ਤੇ ਹੋਮਾਂ ਦੀ ਮਹਿਮਾ ਹੈ। ਜੱਗ ਵਿੱਚ ਆਹੂਤੀ ਦੇਣਾ, ਮੰਤ੍ਰਾਂ ਦਾ ਪਾਠ, ਪੁੰਨ ਦਾਨ ਅਤੇ ਉਪਰੋਕਤ ਫਲ ਦੀ ਆਸ਼ਾ ਕਰਨਾ ਪ੍ਰਧਾਨ ਹੈ। ਮਤਸਯ ਪੁਰਾਣ ਵਿਚ ਆਉਂਦਾ ਹੈ ਕਿ 'ਇੰਦ੍ਰ ਨੇ ਮੰਤਾਂ ਨੂੰ ਵਿਸਤੋਰ ਕਰਕੇ, ਸੰਪੂਰਣ ਯੱਗ ਸਾਧਨਾ ਨਾਲ ਸੰਪੰਨ ਹੋ ਕੇ ਦੇਵਤਿਆਂ ਨੂੰ ਨਾਲ ਲੈ ਕੇ ਸਭ ਤੋਂ ਪ੍ਰਥਮ ਯੱਗ ਦੀ ਪ੍ਰਥਾ ਕਾਇਮ ਕੀਤੀ।' ਇਸ ਅਸ਼ਵਮੇਧ ਯੱਗ ਵਿੱਚ ਦੇਵਤਿਆਂ ਤੋਂ ਇਲਾਵਾ ਮਹਾਂਰਿਸ਼ੀ ਵੀ ਉਪਸਥਿਤ ਸਨ। ਜਦੋਂ ਇਸ ਯੱਗ ਵਿੱਚ ਪਸ਼ੂ ਬਲੀ ਪ੍ਰਤੀ ਇਤਰਾਜ਼ ਵੀ ਕੀਤਾ ਗਿਆ ਤਾਂ ਵਸੂ ਨੇ ਆਖਿਆ, 'ਯੱਗ ਦਾ ਸਰੂਪ ਹੀ ਹਿੰਸਕ ਹੈ।' ਇਸ ਕਰਕੇ ਉਸਨੂੰ ਰਸਾਤਲ ਜਾਣ ਦਾ ਉਪਦੇਸ਼ ਹੋਇਆ।[2] ਜੋ ਯੱਗ ਵਿੱਚ ਪਸ਼ੂਆਂ ਦੀ ਬਲੀ ਦੀ ਪ੍ਰਥਾ ਜਿਸ ਨਾਲ ਦੇਵਤਿਆਂ ਨੂੰ ਖੁਸ਼ ਕਰਨ ਦੀ ਧਾਰਨਾ ਜੁੜੀ ਹੋਈ ਹੈ, ਕਾਇਮ ਰਹੀ। ਪਿਛੋਂ ਅਹਿੰਸਾਤਮਕ ਜੱਗ ਵੀ ਪ੍ਰਚਲਤ ਹੋਏ। ਪੰਜ ਮਹਾਂਜੱਗਾਂ ਦੀ ਪ੍ਰਥਾ ਵੀ ਵੈਦਿਕ ਕਾਲ ਤੋਂ ਪ੍ਰਚਲਤ ਰਹੀ। ਇਹ ਪੰਜ ਮਹਾਂ ਜਗ ਹਨ: 'ਜੀਵਾਂ ਪ੍ਰਤੀ ਬਲੀਦਾਨ, ਮਨੁੱਖਾਂ ਪ੍ਰਤੀ ਬਲੀਦਾਨ, ਪਿਤਾ ਪ੍ਰਤੀ ਬਲੀਦਾਨ, ਦੇਵਤਿਆਂ ਪ੍ਰਤੀ ਬਲੀਦਾਨ ਅਤੇ ਬ੍ਰਾਹਮਣ ਪ੍ਰਤੀ ਬਲੀਦਾਨ।'[3] ਕੁਝ ਜੱਗ ਐਸੇ ਹੁੰਦੇ ਹਨ ਜਿਨ੍ਹਾਂ ਵਿੱਚ ਪੁਜਾਰੀ ਦੀ ਲੋੜ ਨਹੀਂ ਹੁੰਦੀ। ਉਪਰੋਕਤ ਪੰਜ ਜਗ ਪੁਜਾਰੀ ਤੋਂ ਬਿਨਾ ਵੀ ਕੀਤੇ ਜਾ ਸਕਦੇ ਹਨ।

ਜਗ ਦੇ ਫਲ ਦੀ ਪ੍ਰਾਪਤੀ ਵਿੱਚ ਸਵਰਗ ਦੀ ਇੱਛਾ, ਦੇਵਤਿਆਂ ਦੀ ਖੁਸ਼ੀ, ਪਾਪਾਂ ਤੋਂ ਮੁਕਤੀ, ਅਤੇ ਧਨ ਪਦਾਰਥ ਦੀ ਲਾਲਸਾ ਸ਼ਾਮਲ ਹਨ। ਇਨ੍ਹਾਂ ਲਾਲਸਾ ਪ੍ਰਾਪਤੀਆਂ ਲਈ ਮਨੁੱਖ ਨੇ, ਪਸ਼ੂਆਂ, ਮਨੁੱਖਾਂ ਅਤੇ ਧਨ-ਸਾਮਗਰੀ ਨੂੰ ਯੱਗ ਦੀ ਭੇਟਾ ਚਾੜ੍ਹਿਆ ਹੈ। ਵੈਦਿਕਕਾਲ ਵਿਚ ਜਗ ਕਰਮ ਨੂੰ ਸ਼ਰਧਾ ਦ੍ਰਿਸ਼ਟੀ ਤੋਂ ਕੀਤਾ ਜਾਂਦਾ ਰਿਹਾ। ਇਹ ਸ਼ਰਧਾ ਦ੍ਰਿਸ਼ਟੀ, ਪੁਰਾਣ ਕਾਲ ਤੱਕ ਵੀ ਬਣੀ ਰਹੀ ਪਰ ਨਾਲ ਨਾਲ ਪੁਰਾਣਾਂ ਵਿੱਚ ਜਗ ਕਰਮ ਦਾ ਗੌਰਵ ਘਟਣ ਲੱਗ ਪਿਆ।[4] ਦੇਵੀ ਯਗਾਂ ਦੀ ਥਾਂ ਤੀਰਥਾਂ ਨੂੰ ਮਹਾਨਤਾ ਮਿਲੀ। ਮਤਸਯ ਪੁਰਾਣ ਦੇ ਹਵਾਲੇ ਨਾਲ ਸਿਧੇਸ਼ਵਰੀ ਨਾਰਾਇਣ ਰਾਏ ਨੇ ਲਿਖਿਆ ਹੈ, "ਦੇਵਤਿਆਂ ਨੇ

---

1. ਕਾਨ੍ਹ ਸਿੰਘ ਨਾਭਾ, 'ਗੁਰਮਤ ਪ੍ਰਭਾਕਰ', ਪੰਨਾ 134
2. ਮਤਸਯ ਪੁਰਾਣ, 147/19-20
3. P.V.Kane, 'History of Dharmasastra,' P.606.
4. ਸਿਧੇਸ਼ਵਰੀ ਨਾਰਾਇਣ ਰਾਏ, 'ਪੌਰਾਣਿਕ ਧਰਮ ਤੇ ਸਮਾਜ,' ਪੰਨਾ 121

ਜੱਗ ਦਾ ਵਿਧਾਨ ਖੜਾ ਕੀਤਾ, ਪਰ ਦਰਿਦ੍ਰੀ ਮਨੁੱਖ ਜਗ ਕਰਨ ਵਿਚ ਸਮਰਥ ਨਹੀਂ ਹੈ। ਜਗ ਵਿਚ ਅਨੇਕ ਉਪਕਰਣਾਂ ਅਤੇ ਸਮਗ੍ਰੀ ਦੀ ਲੋੜ ਹੁੰਦੀ ਹੈ। ਇਸਨੂੰ ਰਾਜਾ ਤੇ ਸਮ੍ਰਿਧ ਵਿਅਕਤੀ ਹੀ ਸੰਪਨ ਕਰ ਸਕਦਾ ਹੈ। ਇਸ ਲਈ ਰਿਸ਼ੀਆਂ ਨੇ ਇਸ ਪਰਮ ਰਹਸ ਮਈ 'ਤੀਰਥ ਗਮਨ ਨੂੰ ਪੁਨੀਤ ਅਤੇ ਜਗ ਨਾਲੋਂ ਵਸ਼ਿਸ਼ਟ ਮੰਨਿਆ ਹੈ।'[1]

ਗੁਰੂ ਨਾਨਕ ਦੇਵ ਨੇ ਨਾ ਤੀਰਥ ਗਮਨ ਦੀ ਮਹਤਤਾ ਮੰਨੀ ਹੈ ਤੇ ਨਾ ਹੀ ਉਸਦੇ ਪਰਵਰਤੀ ਜੱਗ ਦੀ। ਜੱਗ ਦੇਵਤਿਆਂ ਦੀ ਖੁਸ਼ੀ ਪ੍ਰਾਪਤ ਕਰਨ ਲਈ, ਉਨ੍ਹਾਂ ਦੀ ਕਰੋਪੀ ਤੋਂ ਡਰਦਿਆਂ ਜਾਂ ਪਦਾਰਥਕ ਸੁੱਖਾਂ, ਮੁਕਤੀ ਫਲ ਜਾਂ ਸੁਰਗ ਦੀ ਲਾਲਸਾ ਲਈ ਕੀਤੇ ਜਾਣਾ, ਮਨੁੱਖ ਨੂੰ ਭਰਮ ਬਿਰਤੀ ਨਾਲ ਜੋੜਦਾ ਹੈ। ਗੁਰੂ ਨਾਨਕ ਕਿਸੇ ਵਿਅਕਤੀ ਵਿਸ਼ੇਸ਼ ਜਾਂ ਦੇਵਤੇ ਉਤੇ ਵਿਸ਼ਵਾਸ ਲੈਣ ਦਾ ਪ੍ਰਗਟਾਵਾ ਨਹੀਂ ਕਰਦੇ। ਅਗਨੀ ਸੂਰਜ, ਬ੍ਰਹਮਾ, ਵਿਸ਼ਨੂੰ, ਇੰਦ੍ਰ ਸਭ ਪਰਮ ਪਰਾਤਪਰ ਦੇ ਭਾਣੇ ਵਿਚ ਹਨ ਤੇ ਲੋਕ ਹਨ[2], ਪ੍ਰਕਿਰਤੀ ਦਾ ਹਿੱਸਾ ਹਨ ਵਿਸ਼ੇਸ਼ ਨਹੀਂ। ਦੇਵਤਿਆਂ ਨੂੰ ਪ੍ਰਭੂ ਦੀ ਥਾਂ ਇਸ਼ਟ ਰੂਪ ਵਿਚ ਮੰਨਦੇ ਰਹਣਾ ਸਾਰਥਕ ਬੁੱਧੀ ਦਾ ਅੰਗ ਨਹੀਂ। ਪਰਮ ਪਰਾਤਪਰ ਹੀ ਸਭ ਦੇਵਾਂ ਦਾ ਦੇਵ ਹੈ।[3]

<u>ਪਸ਼ੂਬਲੀ।</u>

ਜੱਗਾਂ ਵਿੱਚ ਪਸ਼ੂਆਂ ਦੀ ਕੁਰਬਾਨੀ ਦੇਣ ਦੀ ਪ੍ਰਥਾ ਵੀ ਸੀ। ਵਿਸ਼ਨੂੰ ਪੁਰਾਣ ਅਨੁਸਾਰ, 'ਤ੍ਰੇਤਾ ਯੁੱਗ ਵਿਚ ਬ੍ਰਹਮਾ ਨੇ ਜੱਗ ਦੀ ਉਪਯੋਗਤਾ ਲਈ ਪਸ਼ੂਆਂ ਦੀ ਸ੍ਰਿਸ਼ਟੀ ਕੀਤੀ।[4] ਪਸ਼ੂਆਂ ਦੀ ਬਲੀ ਪਿਛੇ ਇਹ ਭਾਵਨਾ ਪ੍ਰਤਿਸ਼ਠਤ ਸੀ ਕਿ ਜੱਗ ਵਿੱਚ ਬਲੀ ਦਿੱਤੇ ਪਸ਼ੂਆਂ ਨੂੰ ਸੁਰਗ ਮਿਲਦਾ ਹੈ।[5] ਲੋਕ, ਮਿਥ ਚੇਤਨਾ ਦੇ ਅੰਤਰਗਤ, ਆਪਣੇ ਵਲੋਂ ਪਸ਼ੂਆਂ ਦੀ ਬਲੀ ਦੇ ਕੇ ਉਨ੍ਹਾਂ ਦਾ ਆਵਾਗਾਉਣ ਤੋਂ ਛੁਟਕਾਰਾ ਹੁੰਦਾ ਮਹਿਸੂਸ ਕਰਦੇ ਹੋਣਗੇ। ਗੁਰੂ ਨਾਨਕ ਦੇਵ ਨੇ ਵੀ ਮਲਾਰ ਰਾਗ(ਵਾਰ) ਵਿਚ ਮਾਸ ਦੇ ਪ੍ਰਸੰਗ ਵਿਚ ਹਿੰਦੂਆਂ ਦੀ ਇਸ ਪ੍ਰਥਾ ਦਾ ਵਰਨਣ ਕੀਤਾ ਹੈ।[6] ਪਰ ਜਗ ਪ੍ਰਥਾ ਦੇ ਅੰਤਰਗਤ ਹਿੰਦੂ ਵਿਚਾਰਧਾਰਾ ਨੂੰ ਗੁਰੂ ਨਾਨਕ ਬਾਣੀ ਵਿਚ ਸਹਿਮਤੀ ਨਹੀਂ ਮਿਲੀ। ਹਿੰਸਕ ਕਰਮ, ਜਿਸ ਨਾਲ ਧਨ ਨਸ਼ਟ ਹੁੰਦਾ ਹੋਵੇ, ਵਾਧੂ ਵਹਿਮ ਜੁੜੇ ਹੋਣ, ਸੁਰਗ ਫਲ ਦੀ ਫੋਕੀ ਲਾਲਸਾ ਕਾਰਣ ਪੁਰੋਹਤ ਸ਼੍ਰੇਣੀ ਦੀ ਲੋਟ-ਖੂਟ ਸ਼ਾਮਿਲ ਹੋਵੇ, ਉਸ ਨੂੰ ਗੁਰੂ ਸਾਹਿਬ ਪ੍ਰਵਾਨ ਨਹੀਂ ਕਰਦੇ। ਗੁਰੂ ਸਾਹਿਬ ਨੇ ਇਹ ਗਲ ਤਾਂ ਮੰਨੀ ਹੈ ਕਿ ਭਾਰਤ ਵਿਚ ਇਹ ਰੀਤ ਸੀ ਪਰ ਆਤਮਕ ਪ੍ਰਗਤੀ ਦੇ ਪ੍ਰਸੰਗ ਵਿੱਚ ਇਸਦੀ ਸਾਰਥਕਤਾ ਨੂੰ ਆਪਣੇ ਸਵੀਕਾਰ ਨਹੀਂ ਕੀਤਾ।

---

1. ਉਹੀ, ਪੰਨਾ 122
2. ਭੈ ਵਿੱਚ ਇੰਦ੍ਰੁ ਫਿਰੈ ਸਿਰ ਭਾਰ, ਆਸਾ ਰਾਗੁ(ਵਾਰ),ਪੰਨਾ 464
3. ਤੂੰ ਸੁਣਿ ਨਾਥਾ ਦੇਵਾ ਦੇਵ, ਹਰ ਨਾਮੁ ਮਿਲੈ ਗੁਰ ਚਰਨ ਸੇਵ। ਬਸੰਤ ਰਾਗ(ਪਦੇ)ਪੰਨਾ 1171
4. ਵਿਸ਼ਨੂੰ ਪੁਰਾਣ, 1-5/50
5. ਸਿਧੇਸ਼੍ਵਰੀ ਨਾਰਾਇਣ ਰਾਏ, 'ਪੌਰਾਣਿਕ ਧਰਮ ਏਵੰ ਸਮਾਜ, ਪੰਨਾ 108
6. ਗੈਂਡਾ ਮਾਰਿ ਹੋਮੁ ਜਗ ਕੀਏ, ਦੇਵਤਿਆਂ ਕੀ ਬਾਣੇ। ਮਲਾਰ ਰਾਗ(ਵਾਰ),ਪੰਨਾ 1280

ਆਪ ਦੀ ਬਾਣੀ ਵਿੱਚ ਹੋਮ ਜਗ ਦੀ ਸਾਮਗਰੀ ਦੇ ਅੰਤਰਗਤ, ਸਾਮਧਾ, ਘਿਉ, ਤੇਲ, ਅਗਨੀ, ਮੰਤ੍ਰਾਂ ਦਾ ਉਚਾਰਣ ਆਦਿ ਦਾ ਵਰਣਨ ਆਇਆ ਹੈ। ਇਨ੍ਹਾਂ ਸਭ ਨੂੰ ਨਵੀਂ ਵਿਆਖਿਆ ਅਤੇ ਨਵੇਂ ਸੰਕੇਤਕ ਅਰਥ ਦਿੱਤੇ ਗਏ ਹਨ, ਅਤੇ ਇਸ ਤਰ੍ਹਾਂ ਇਨ੍ਹਾਂ ਦੁਆਰੇ ਇਕ ਨਵੀਂ ਚੇਤਨਾ ਦੀ ਉਸਾਰੀ ਕੀਤੀ ਹੈ। ਇਹ ਚੇਤਨਾ ਮਿਥ ਚੇਤਨਾ ਦੀ ਥਾਂ, ਉਹੋ ਆਤਮਕ ਅਤੇ ਆਚਰਣਕ ਪੱਖਾਂ ਦਾ ਪ੍ਰਗਟਾਵਾ ਕਰਦੀ ਹੈ। ਇਸ ਵਿਚ ਸਾਚ ਸਾਮਧਾ ਹਨ, ਤ੍ਰਿਸ਼ਨਾ ਘਿਉ ਤੇਲ ਹੈ, ਅਤੇ ਕਾਮ ਕ੍ਰੋਧ ਆਦਿ ਨੂੰ ਅਗਨੀ ਵਿਚ ਜਲਾ ਦੇਣਾ ਹੀ ਹੈ। ਉਨ੍ਹਾਂ ਅਨੁਸਾਰ ਪ੍ਰਭੂ ਨੂੰ ਇਹੀ ਹੋਮ ਜਗ ਪ੍ਰਵਾਨ ਹੈ।[1] ਜੇ ਇਕ ਰਤ ਜੱਗ ਦੀ ਅਗਨੀ ਨੂੰ ਕਾਇਮ ਰੱਖਣ ਲਈ ਤਨ ਅਤੇ ਮਨ ਵੀ ਸਾਮਧਾ ਵਜੋਂ ਵਿਚ ਪਾਏ ਜਾਣ ਤਾਂ ਵੀ ਪ੍ਰਭੂ ਨਾਮ ਦੀ ਬਰਾਬਰੀ ਇਹੋ ਜਿਹੇ ਕਰਮਾਂ ਨਾਲ ਨਹੀਂ ਹੋ ਸਕਦੀ।[2] ਸੋ ਏਵੇਂ ਤੁਲਨਾਤਮਕ ਵਿਧੀ ਨਾਲ ਹੀ ਵਖਰੇ ਪ੍ਰਤੀਕ ਉਸਾਰ ਕੇ ਆਪ ਨੇ ਜੱਗ ਕਰਮ ਸੰਬੰਧੀ ਆਪਣੀ ਵਿਚਾਰਧਾਰਾ ਨੂੰ ਪ੍ਰਭਾਵਸ਼ਾਲੀ ਰੂਪ ਵਿਚ ਪ੍ਰਸਤੁਤ ਕੀਤਾ ਹੈ।

ਜੱਗ ਕਰਮ ਦੇ ਅੰਤਰਗਤ ਗੁਰੂ ਨਾਨਕ ਕਾਵਿ ਸਾਮਗਰੀ ਵਿੱਚ ਸਿਧ ਚਿੰਤਨ ਦਾ ਤਿਆਗ ਕੀਤਾ ਗਿਆ ਹੈ, ਤੇ ਨਵੀਂ ਆਤਮਕ ਅਤੇ ਆਚਰਣਕ ਉਸਾਰੀ ਵਿਚੋਂ ਉਪਜੀ ਚੇਤਨਾ ਦਾ ਪ੍ਰਵੇਸ਼ ਕੀਤਾ ਗਿਆ ਹੈ।

---

1. ਸਾਚ ਕਰ ਸਾਮਧਾ ਤ੍ਰਿਸਨਾ ਘਿਉ ਤੇਲੁ। ਕਾਮੁ ਕ੍ਰੋਧੁ ਅਗਨੀ ਸਿਉ ਮੇਲ।
   ਹੋਮ ਜਗ ਅਰੁ ਪਾਠ ਪੁਰਾਣ। ਜੋ ਤਿਸੁ ਭਾਵੈ ਸੋ ਪਰਵਾਣੁ।
   ਮਲਾਰ ਰਾਗੁ(ਪਦੇ), ਪੰਨਾ 1257

2. ਤਨੁ ਬੈਸੰਤਰਿ ਹੋਮੀਐ ਇਕਰਤੀ ਤੋਲਿ ਕਟਾਇ।
   ਤਨੁ ਮਨੁ ਸਮਧਾ ਜੇ ਕਰੀ ਅਨਦਿਨ ਅਗਨਿ ਜਲਾਇ।
   ਹਰਿਨਾਮੈ ਤੁਲਿ ਨ ਪੁਜਈ ਜੇ ਲਖ ਕੋਟੀ ਕਰਮ ਕਮਾਇ।
   ਸਿਰੀ ਰਾਗੁ(ਅਸ਼ਟਪਦੀਆਂ), ਪੰਨਾ 62

(ਚ) **ਸ਼ੌਚਾਚਾਰ**

ਸ਼ੌਚਾਚਾਰ, ਸ਼ਰੀਰਕ ਸ਼ੁਧਤਾ ਦੇ ਨਿਯਮ ਪਾਲਣ ਨਾਲ, ਸ਼ਾਸਤ੍ਰ ਪੱਧਤੀ ਅਨੁਸਾਰ, ਕਮਾਇਆ ਆਚਰਣ ਹੈ। ਭਗਵਾਨ ਦੀ ਵਿਧੀ ਪੂਰਵਕ ਅਰਚਾ ਪੂਜਾ ਅਤੇ ਜਪ ਕਰਨ ਲਈ, ਸ਼ੌਚਾਚਾਰ ਦੀ ਲੋੜ ਹੈ ਸ਼ਾਸਤ੍ਰਾਂ ਵਿੱਚ ਦ੍ਰਿੜ ਕਰਾਇਆ ਗਿਆ ਹੈ। ਇਹ ਸ਼ੌਚਾਚਾਰ ਦੇ ਵੱਖ ਵੱਖ ਨਯਮ ਇਸ ਪ੍ਰਕਾਰ ਹਨ:

ਪ੍ਰਾਤਾਂ ਕਾਲ ਉੱਠਣਾ, ਮਲ ਤਿਆਗ, ਦੰਤ ਮੰਜਨ, ਇਸ਼ਨਾਨ, ਵਸਤ੍ਰ ਧਾਰਣ ਕਰਨਾ, ਆਚਮਣ ਕਰਨਾ, ਤਿਲਕ ਲਗਾਉਣਾ, ਸੰਧਿਆ ਗਾਇਤ੍ਰੀ ਪਾਠ, ਤਰਪਣ ਅਤੇ ਹਵਨਹਨ। ਨਾਰਦ ਪੁਰਾਣ ਵਿੱਚ ਇਨ੍ਹਾਂ ਦੀ ਵਿਸਥਾਰ ਚਰਚਾ ਹੋਈ ਹੈ।[1] ਇਨ੍ਹਾਂ ਵਿਚੋਂ ਪ੍ਰਾਤਕਾਲ ਉਠਣਾ, ਮਲ ਤਿਆਗ, ਦੰਤ ਮੰਜਣ ਅਤੇ ਇਸ਼ਨਾਨ ਸ਼ਰੀਰਕ ਸ਼ੁਧਤਾ ਤੇ ਸਫਾਈ ਦੇ ਕਰਮ ਆਖੇ ਜਾ ਸਕਦੇ ਹਨ। ਵਸਤ੍ਰ ਪਹਿਨਣੇ ਅਤੇ ਤਿਲਕ ਲਗਾਉਣਾ, ਸਰੀਰ ਦੀ ਸਜਾ ਸਜਾਵਟ ਤੇ ਵੇਸ਼ ਭੂਸ਼ਾ ਨਾਲ ਸੰਬੰਧਿਤ ਕਹੇ ਜਾ ਸਕਦੇ ਹਨ। ਆਚਮਣ ਕਰਨਾ, ਤਿਲਕ ਲਗਾਉਣਾ, ਸੰਧਿਆ, ਗਾਇਤ੍ਰੀ ਪਾਠ, ਤਰਪਣ ਤੇ ਹਵਨ ਆਦਿ ਨਯਮ ਧਰਮ ਦੇ ਕਰਮ ਕਾਂਡੀ ਪੱਖ ਨੂੰ ਉਜਾਗਰ ਕਰਦੇ ਹਨ। ਸਮੁੱਚੇ ਰੂਪ ਵਿਚ ਇਹ ਸਾਰੇ ਹੀ ਸ਼ੌਚਾਚਾਰ ਦੇ ਨਯਮ, ਧਰਮ ਦੇ ਕਰਮ ਕਾਂਡੀ ਪੱਖ ਦੇ ਹੀ ਅੰਗ ਹਨ। ਇਨ੍ਹਾਂ ਸ਼ੌਚਾਚਾਰ ਦੇ ਨਿਯਮਾਂ ਨੂੰ ਹਿੰਦੂ ਧਰਮ ਵਲੋਂ ਧਾਰਮਿਕ ਪ੍ਰਤਿਸ਼ਠਤਾ ਪ੍ਰਾਪਤ ਹੋਈ ਹੈ ਅਤੇ ਸ਼ਰਧਾ ਦਾ ਅੰਸ਼ ਇਨ੍ਹਾਂ ਵਿਚ ਸਮਾਇਆ ਹੋਇਆ ਹੈ। ਸ਼ੌਚਾਚਾਰ ਤੇ ਨਯਮ ਨੂੰ ਨਿਰਾ ਬਾਹਰੀ ਕਰਮ ਨਾ ਰਖ ਕੇ, ਪੁਨੀਤ ਭਾਵਨਾ ਦੇ ਦਾਇਰੇ ਵਿੱਚ ਹੀ ਲਿਆਂਦਾ ਗਿਆ ਹੈ। ਸ਼ਰੀਰ ਦੀ ਸ਼ੁਧਤਾ ਉੱਤਮ ਗੱਲ ਹੈ। ਸ਼ੌਚਾਚਾਰ ਨੂੰ ਧਾਰਮਿਕ ਕਰਮ ਸੰਬੰਧੀ ਪੁਰਾਣੇ ਸ਼ਾਸਤ੍ਰਕਾਰਾਂ ਦੀ ਬਿਰਤੀ ਵਿੱਚ, ਮੁੱਖ ਰੂਪ ਵਿੱਚ, ਇਹੋ ਗੱਲ ਸਮਾਈ ਹੋਈ ਸੀ। ਸੁੱਚ, ਸੱਚ ਦੀ ਪ੍ਰਾਪਤੀ ਦਾ ਵਸੀਲਾ ਵੀ ਹੈ।[2] ਪਰ ਕਾਲ ਗਤੀ ਨਾਲ ਇਨ੍ਹਾਂ ਸ਼ੌਚਾਚਾਰ ਦੇ ਨਿਯਮਾਂ ਵਿਚ ਜਟਿਲਤਾ, ਅਨ੍ਹੀ ਸ਼ਰਧਾ ਤੇ ਕੇਵਲ ਮਸ਼ੀਨੀ ਢੰਗ ਦੀ ਕ੍ਰਿਆ ਹੀ ਪ੍ਰਧਾਨ ਬਣ ਕੇ ਰਹਿ ਗਈ। ਧਰਮ ਦੇ ਤਾਤਵਿਕ ਪੱਖ ਨੂੰ ਤਿਆਗ ਕੇ ਇਨ੍ਹਾਂ ਕਰਮਾਂ ਨੂੰ ਹੀ 'ਧਰਮ' ਸਮਝਿਆ ਜਾਣ ਲੱਗ ਪਿਆ। ਅਨੇਕ ਤਰ੍ਹਾਂ ਦੇ ਵਹਿਮਾਂ, ਮਨੌਤਾਂ ਅਤੇ ਬੰਧਨਾਂ ਨੇ ਇਨ੍ਹਾਂ ਨੂੰ ਆਪਣੀ ਜਕੜ ਵਿੱਚ ਕੱਸ ਲਿਆ।

ਗੁਰੂ ਨਾਨਕ ਬਾਣੀ ਵਿੱਚ ਇਨ੍ਹਾਂ ਸ਼ੌਚਾਚਾਰ ਦੇ ਕੁਝ ਅੰਗਾਂ ਉਤੇ ਚਰਚਾ ਹੋਈ ਹੈ। ਇਨ੍ਹਾਂ ਵਿਚੋਂ ਇਸ਼ਨਾਨ, ਧੋਤੀ ਬਸਤ੍ਰ ਤਿਲਕ, ਸੰਧਿਆ, ਤਰਪਣ, ਪਾਠ ਅਤੇ ਹਵਨ ਆਦਿ ਬਾਰੇ ਬਹੁਤ ਬਾਣੀ ਸੰਕੇਤ ਆਏ ਹਨ। ਵਿਸ਼ੇਸ਼ ਕਰ ਇਸ਼ਨਾਨ ਬਾਰੇ ਤਾਂ ਬਹੁਤ ਹੀ ਹਵਾਲੇ ਮਿਲਦੇ ਹਨ। ਸਾਂਝੇ ਤੌਰ ਤੇ

---

1. ਨਾਰਦ ਪੁਰਾਣ II- 22
2. ਕਹੁ ਨਾਨਕ ਸਚੁ ਧਿਆਈਐ। ਸੁਚਿ ਹੋਵੈ ਤਾ ਸਚੁ ਪਾਈਐ।
   ਆਸਾ ਰਾਗੁ, (ਵਾਰ), ਪੰਨਾ 472

ਸਿਹਤ ਸੰਬੰਧੀ ਨਾਨਕ ਬਾਣੀ ਵਿੱਚ ਮਿਲਦੀ ਵਿਚਾਰਧਾਰਾ ਦੇ ਅੰਤਰਗਤ ਸਾਰੇ ਦੇ ਸਾਰੇ ਨਿਯਮਾਂ ਨੂੰ ਰੱਖਿਆ ਜਾ ਸਕਦਾ ਹੈ। ਜਿਨ੍ਹਾਂ ਵਿੱਚ ਸਰੀਰ ਸ਼ੁਧਤਾ ਵੇਸ ਭੂਸ਼ਾ ਤੇ ਸਜਾ ਸਜਾਵਟ ਅਤੇ ਧਰਮ ਦੇ ਕਰਮ ਕਾਂਡੀ ਪੱਖ ਦੇ ਨਿਯਮ ਆ ਜਾਂਦੇ ਹਨ।

<u>ਉਠਣ ਸਮੇਂ</u>

ਨਾਰਦ ਪੁਰਾਣ ਵਿਚ ਦਰਜ ਹੈ ਕਿ 'ਉਠਦੇ ਸਾਰ ਪ੍ਰਿਥਵੀ ਉਪਰ ਪੈਰ ਧਰਦੇ ਸਮੇਂ ਪ੍ਰਾਰਥਨਾ ਕਰਦੇ ਆਖੇ, 'ਹੇ ਪ੍ਰਿਥਵੀ ਮੈਂ ਤੈਨੂੰ ਪੈਰਾਂ ਨਾਲ ਛੂਹ ਰਿਹਾ ਹਾਂ, ਮੇਰੇ ਇਸ ਅਪ੍ਰਾਧ ਦੀ ਆਪ ਕਿਰਪਾ ਪੂਰਵਕ ਖਿਮਾ ਕਿਉ।[1]

ਨਾਨਕ ਬਾਣੀ ਪ੍ਰਿਥਵੀ ਦੀ ਮਹਤਤਾ ਤੋਂ ਇਨਕਾਰੀ ਨਹੀਂ।[2] ਧਰਤੀ ਮਾਂ ਹੈ, ਮਹੱਤਤਾ ਵਾਲੀ ਚੀਜ਼ ਹੈ। ਸਾਰੇ ਦੇ ਸਾਰੇ ਕਰਮ ਇਸ ਧਰਤੀ ਉਤੇ ਵਿਚਰਦਿਆਂ ਸਹਿਜ ਸੁਭਾਵਿਕ ਰੂਪ ਵਿਚ ਮਨੁੱਖ ਕਰਦਾ ਹੈ। ਧਰਤੀ ਨੂੰ ਪੈਰਾਂ ਨਾਲ ਛੂਹਣਾ ਅਪਰਾਧ ਨਹੀਂ। ਖਿਮਾ ਦੀ ਯਾਚਨਾ ਦਾ ਪ੍ਰਸ਼ਨ ਹੀ ਉਠਦਾ। ਗੁਰਮੁਖ ਜਿਹੜਾ ਵੈਸੇ ਵੀ ਨਿਮਰਤਾ ਦਾ ਪੁੰਜ ਹੁੰਦਾ ਹੈ। ਨਾਨਕ ਬਾਣੀ ਨੇ ਮਨੁੱਖ ਅਤੇ ਧਰਤੀ ਦੇ ਕੁਦਰਤੀ ਅਤੇ ਅਨਿਖੜ ਰਿਸ਼ਤੇ ਨੂੰ ਮੰਨਿਆ ਹੈ ਅਤੇ ਕਿਸੇ ਕਿਸਮ ਜਗਤ ਨੂੰ ਇਸ ਹਵਾਲੇ ਨਹੀਂ ਸਿਰਜਿਆ।

<u>ਮਲ ਤਿਆਗ</u>

ਨਾਰਦ ਪੁਰਾਣ ਅਨੁਸਾਰ ਮੱਲ ਤਿਆਗ ਸਮੇਂ गच्छन्तु मलमोचनम् ਆਖੇ ਅਰਥਾਤ ਕਿਸੇ ਦੇਵਤਾ, ਭੂਤ ਪ੍ਰੇਤ, ਪਿਸ਼ਾਚ ਆਦਿ ਨੂੰ ਚੱਲੇ ਜਾਣ ਲਈ ਆਖੇ। ਸਿਰ ਨੂੰ ਕਪੜੇ ਨਾਲ ਢੱਕੇ। ਰਾਤ ਦੇ ਸਮੇਂ ਦੱਖਣ ਵੱਲ ਅਤੇ ਸਵੇਰ ਦੇ ਸਮੇਂ ਉਤਰ ਵਲ ਮੂੰਹ ਕਰੇ। ਪਿੱਛੋਂ ਹਥ ਮੂੰਹ, ਆਦਿ ਨੂੰ ਮਿਟੀ ਨਾਲ ਚੰਗੀ ਤਰ੍ਹਾਂ ਸ਼ੁੱਧ ਕਰੇ।[3]

ਨਾਨਕ ਬਾਣੀ ਵਿੱਚ ਸਰੀਰ ਸ਼ੁਧੀ ਉਤੇ ਬਲ ਹੈ। ਪਰ ਭੂਤਾਂ, ਪ੍ਰੇਤਾਂ, ਪਿਸ਼ਾਚਾਂ, ਪਿਤਰਾਂ ਆਦਿ ਦਾ ਯਾਚਨਾ ਜਾਂ ਡਰ ਦੀ ਗੱਲ ਨਹੀਂ ਲਿਖੀ, ਨਾ ਹੀ ਦਿਸ਼ਾਵਾਂ ਵਿੱਚ ਫੇਰ ਦਾ ਪ੍ਰਸ਼ਨ ਹੈ। ਮਲ ਤਿਆਗ ਕੁਦਰਤੀ ਕਿਰਿਆ ਹੈ। ਇਸ ਨਾਲ ਵਹਿਮ ਨਹੀਂ ਜੁੜਿਆ ਹੋਣਾ ਚਾਹੀਦਾ। ਸ਼ੁੱਧਤਾ ਜ਼ਰੂਰ ਜ਼ਰੂਰੀ ਚੀਜ਼ ਹੈ। ਤੇ ਕੇਵਲ ਪ੍ਰਭੂ ਦਾ ਹੋਵੇ, ਹੋਰ ਕਿਸੇ ਦਾ ਨਹੀਂ।[4]

---

1. ਨਾਰਦ ਪੁਰਾਣ II - 22/2
2. ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ, ਸ਼ਲੋਕ ਜਪੁ, ਪੰਨਾ 8
3. ਨਾਰਦ ਪੁਰਾਣ II- 22/5- 7
4. ਤੈਨ ਸੁਚਿਆ ਸੇ ਆਖੀਐ ਜਿਸੁ ਮਹਿ ਸਾਚਾ ਨਾਉ।
   ਹੈ ਸਚਿ ਰਾਤੀ ਦੇਹੁਰੀ ਜਿਹਵਾ ਸਚੁ ਪਿਆਰੁ।
   — - - - - - - - - - - - - - - -
   ਪੈਰ ਧੂੜਿ ਸਚਿ ਤੇ ਰਤੇ ਜੋਤਿ ਸਚੀ ਮਨ ਮਾਹਿ
   ਸਿਰੀ ਰਾਗੁ, ਪੰਨਾ 1- 20

## ਦੰਤ ਮੰਜਨ

ਦੰਤ ਮੰਜਨ ਮੂੰਹ, ਦੰਦ ਅਤੇ ਸਵਾਸ ਦੀ ਸ਼ੁਧਤਾ ਲਈ ਲੁੜੀਂਦਾ ਕਰਮ ਹੈ। ਇਹ ਵੀ ਸ਼ਰੀਰ ਸ਼ੁਧੀ ਲਈ ਬੜਾ ਜ਼ਰੂਰੀ ਹੈ। ਨਾਰਦ ਪੁਰਾਣ ਅਨੁਸਾਰ, 'ਬਾਰਾਂ ਉਂਗਲ ਲੰਬੀ ਦਾਤਣ ਤੋੜ ਕੇ ਚੰਗੀ ਤਰ੍ਹਾਂ ਮੂੰਹ ਅਤੇ ਦੰਦ ਸਾਫ਼ ਕਰੇ।"[1]

ਨਾਨਕ ਬਾਣੀ ਵਿੱਚ ਦੰਦਾਂ ਦਾ ਸਾਫ਼ ਤੇ ਚਮਕੀਲਾ ਹੋਣਾ ਚੰਗਾ ਗਿਣਿਆ ਹੈ। ਇਹ ਕੰਮ ਸ਼ੁਚਾਚਾਰ ਦੇ ਪ੍ਰਸੰਗ ਵਿਚ ਨਹੀਂ ਹੋਏ।[2]

## ਇਸ਼ਨਾਨ

ਇਸ਼ਨਾਨ ਮਨੁਖ ਦੇਹੀ ਲਈ ਬੜੀ ਜ਼ਰੂਰੀ ਚੀਜ਼ ਹੈ। ਨਾਨਕ ਬਾਣੀ ਵਿਚ ਇਸ਼ਨਾਨ ਕਰਨ ਦੀ ਕਿਰਿਆ ਨੂੰ ਪੂਰਾ ਸਮਰਥਨ ਮਿਲਿਆ ਹੈ।

ਨਾਇ ਨਿਵਾਜਾ ਨਾਤੈ ਪੂਜਾ ਨਾਵਨਿ ਸਦਾ ਸੁਜਾਣੀ।
ਮੁਇਆ ਜੀਵਦਿਆ ਗਤਿ ਹੋਵੈ ਜਾ ਸਿਰਿ ਪਾਈਐ ਪਾਣੀ।[3]

ਨਾਰਦ ਪੁਰਾਣ ਅਨੁਸਾਰ ਕਿਸੇ ਤੀਰਥ ਸਥਾਨ ਜਾਂ ਨਦੀ ਉਤੇ ਇਸ਼ਨਾਨ ਕਰੇ। ਪੈਰਾਂ ਨੂੰ ਪੰਜ ਵਾਰ ਧੋਵੇ। ਫਿਰ ਪਾਣੀ ਵਿੱਚ ਪ੍ਰਵੇਸ਼ ਕਰੇ, ਅਤੇ ਨਾਭੀ ਤਕ ਜਲ ਵਿੱਚ ਖੜਾ ਹੋ ਕੇ ਇਸ਼ਨਾਨ ਕਰੇ। ਸ਼ਰੀਰ ਉਤੇ ਮਿੱਟੀ ਦਾ ਲੇਪ ਕਰਕੇ ਨਹਾਉਣ ਦੀ ਗੱਲ ਵੀ ਕਹੀ ਹੈ। ਇਹ ਬਾਹਰੀ ਇਸ਼ਨਾਨ ਹੈ।[4]

ਆਂਤ੍ਰਿਕ ਇਸ਼ਨਾਨ ਵਿੱਚ ਵਿਦਵਾਨ ਪ੍ਰਾਣਾਂ ਨੂੰ ਅੰਦਰ ਪ੍ਰਵੇਸ਼ ਕਰਨ ਦੀ ਵਿਧੀ ਸ਼ਾਮਲ ਹੈ।[5]

ਨਾਨਕ ਬਾਣੀ ਵਿੱਚ ਬਾਹਰਲੇ ਇਸ਼ਨਾਨ ਦੇ ਨਾਲ ਨਾਲ ਅੰਦਰਲੇ ਇਸ਼ਨਾਨ ਦੀ ਮਹੱਤਤਾ ਨੂੰ ਵੀ ਦ੍ਰਿੜ੍ਹ ਕਰਵਾਇਆ ਗਿਆ ਹੈ। ਸ਼ਰੀਰ ਦੀ ਸ਼ੁਧਤਾ ਨਾਲ ਮਨ ਦੀ ਸ਼ੁਧਤਾ ਦਾ ਹੋਣਾ ਵੀ ਜ਼ਰੂਰੀ ਹੈ। ਗਿਆਨ ਦਾ ਮਹਾਰਸ ਮਨ ਦੀ ਸ਼ੁਧਤਾ ਦਾ ਸਾਧਨ ਹੈ।[6] ਅੰਤਰ ਦੀ ਮੈਲ ਉਤਾਰਨੀ ਬੜੀ ਜ਼ਰੂਰੀ ਚੀਜ਼ ਹੈ। ਮਨ, ਆਤਮਾ ਦਾ ਸਵੱਛ ਹੋਣਾ, ਮਨੁੱਖ ਦੀ ਸਰਬ ਪੱਖੀ ਸਵੱਛਤਾ ਦਾ ਜ਼ਾਮਨ

---

1. ਨਾਰਦ ਪੁਰਾਣ I- 22/97
2. ਤੇਰੇ ਬੰਕੇ ਲੋਇਣ ਦੰਤ ਰੀਸਾਲਾ। ਵਡਹੰਸ ਰਾਗੁ (ਛੰਤ), ਪੰਨਾ 567
3. ਮਾਝ ਰਾਗੁ (ਵਾਰ), ਪੰਨਾ 150
4. ਨਾਰਦ ਪੁਰਾਣ II- 22/8-9
5. ਉਹੀ, II- 22/12-14
6. (ੳ) ਅੰਤਰਿ ਮੈਲ ਤੀਰਥ ਭਰਮੀਜੈ, ਮਨੁ ਨਹੀਂ ਸੂਚਾ ਕਿਆ ਸੋਚ ਕਰੀਜੈ
ਰਾਮਕਲੀ ਰਾਗੁ (ਅਸ਼ਟਪਦੀਆਂ), ਪੰਨਾ 905
(ਅ) ਜਲਿ ਮਲਿ ਕਾਇਆ ਮਾਜੀਐ ਭਾਈ ਭੀ ਮੈਲਾ ਤਨੁ ਹੋਇ।
ਗਿਆਨਿ ਮਹਾ ਰਸਿ ਨਾਈਐ ਭਾਈ ਮਨੁ ਤਨੁ ਨਿਰਮਲੁ ਹੋਇ।
ਸੋਰਠਿ ਰਾਗੁ, ਪੰਨਾ 637

ਹੈ। ਸੋ ਨਿਰੋਲ ਸਰੀਰ ਸਵੱਛਤਾ ਉਤੇ ਬਲ ਨਹੀਂ। ਦੋਨਾਂ ਤਰ੍ਹਾਂ ਦੇ ਇਸ਼ਨਾਨ ਨੂੰ ਅਪਣਾਉਣ ਦਾ ਵਿਚਾਰ ਹੈ। ਇਕ ਇਸ਼ਨਾਨ ਦਾ ਸਾਧਨ ਜਲ ਹੈ, ਦੂਜੇ ਦਾ ਗੁਰ ਗਿਆਨ, ਗੁਰ ਸੰਗਤ, ਸੱਚਾ ਨਾਮ ਇਤਿਆਦਿ ਅਮਿਲਕ ਤਤ ਹਨ।[1] ਆਤਮਕ ਇਸ਼ਨਾਨ ਜਲ ਇਸ਼ਨਾਨ ਨਾਲ ਸੰਪੂਰਣ ਨਹੀਂ ਹੁੰਦਾ, ਇਸ ਲਈ ਸਾਫ਼ ਮਨ ਸ਼ੁੱਧ ਭਾਵਨਾ, ਪ੍ਰਭੂ ਦੀ ਰਜ਼ਾ ਨਾਮ ਸਿਮਰਣ ਆਦਿ ਦੀ ਲੋੜ ਹੈ।

ਪਖੰਡ ਇਸ਼ਨਾਨ ਨੂੰ ਇਸ ਬਾਣੀ ਨਾਨਕ ਵਿੱਚ ਕੋਈ ਸਮਰਥਾ ਨਹੀਂ ਮਿਲੀ। ਪਾਣੀ ਨਾਲ ਸਰੀਰ ਸਾਫ਼ ਕੀਤਾ ਜਾ ਸਕਦਾ ਹੈ, ਆਤਮਾ ਸ਼ੁੱਧ ਨਹੀਂ ਹੋ ਸਕਦੀ।[2] ਸੋ ਇਸ਼ਨਾਨ ਦੀ ਪੌਰਾਣਿਕ ਧਾਰਣਾ ਕੱਟੀ ਹੈ, ਨਵੀਂ ਧਾਰਣਾ ਦਿੱਤੀ ਹੈ। ਇਸ ਧਾਰਣਾ ਵਿੱਚ ਗੁਰੂ ਤੇ ਸਤਿਗੁਰ ਦੀ ਮਿਹਰ ਤੇ ਬਖਸ਼ਿਸ਼ ਸ਼ਾਮਿਲ ਹੈ।

## ਬਸਤ੍ਰ, ਆਚਮਣ ਤੇ ਤਿਲਕ

ਦੇਵਤਿਆਂ ਦਾ ਆਵਾਹਨ ਕਰਨਾ, ਉਨ੍ਹਾਂ ਨੂੰ ਸਿੰਘਾਸਣ ਉਪਰ ਬਿਰਾਜਮਾਨ ਜਾਣ ਕੇ ਨਮਸਕਾਰ ਕਰਨੀ, ਇਸ਼ਨਾਨ ਕਰਮ ਦੇ ਅੰਤਰਗਤ ਕੀਤੇ ਕਰਮਾਂ ਉਪਰੰਤ ਸਾਫ਼ ਤੇ ਸਵੱਛ ਕਪੜੇ ਪਹਿਨਣੇ ਹਨ।[3] ਫਿਰ ਮੰਤ੍ਰ ਪੜ੍ਹਦਿਆਂ ਹੋਇਆਂ ਆਚਮਨ ਕਰਨੇ ਹਨ।[4] ਇਹ ਆਚਮਨ ਅਭੀਸ਼ਟ ਉਦੇਸ਼ਾਂ ਦੇ ਪੂਰਕ ਕਰਨ ਵਾਲੇ ਹੁੰਦੇ ਹਨ, ਹਿੰਦੂ ਸ਼ਾਸਤ੍ਰਕਾਰਾਂ ਨੇ ਆਚਮਨ ਦੇ ਅੰਤਰਗਤ ਸਾਰੇ ਅੰਗਾਂ ਦੇ ਸਪਰਸ਼ ਨੂੰ ਰੱਖਿਆ ਹੈ।

ਸਵੱਛ ਕਪੜਿਆਂ ਤੇ ਆਚਮਨ ਤੋਂ ਉਪਰੰਤ ਤਿਲਕ ਲਾਉਣ ਦੀ ਵਾਰੀ ਆਉਂਦੀ ਹੈ। ਇਹ ਤਿਲਕ ਮੱਥੇ, ਹਿਰਦੇ, ਬਾਹਵਾਂ, ਆਦਿ ਉਤੇ ਲਾਏ ਜਾਂਦੇ ਹਨ।[5]

ਨਾਨਕ ਬਾਣੀ ਵਿੱਚ ਸਵੱਛ ਬਸਤ੍ਰ ਧਾਰਣ ਕਰਨ ਦੀ ਮਨਾਹੀ ਨਹੀਂ। ਸਵੱਛ ਵਸਤ੍ਰਾਂ ਦੇ ਪਿਛੇ ਕਪਟੀ ਮਨ ਨਹੀਂ ਹੋਣਾ ਚਾਹੀਦਾ।[6] ਨਾਨਕ ਕਾਲ ਵਿਚ ਵੱਖ ਵੱਖ ਤਰ੍ਹਾਂ ਦੇ ਬਸਤ੍ਰ ਵੱਖ ਵੱਖ ਜਾਤੀਆਂ ਤੇ ਭੇਖਾਂ ਦਾ ਪ੍ਰਤੀਕ ਬਣ ਰਹੇ ਸਨ। ਜੋਗੀ, ਸੰਨਿਆਸੀ, ਬ੍ਰਾਹਮਣ, ਮੌਲਵੀ, ਇਤਿਆਦਿ ਵਿਸ਼ੇਸ਼

---

1. ਸੰਗਤਿ ਮੀਤ ਮਿਲਾਪੁ ਪੂਰਾ ਨਾਵਣੋ। ਧਨਾਸਰੀ ਮਹਲਾ ੧ (ਛੰਤ), ਪੰਨਾ 688
2. ਪਾਣੀ ਚਿਤੁ ਨ ਧੋਪਈ ਮੁਖਿ ਪੀਤੈ ਤਿਖ ਜਾਇ। ਸਾਰੰਗ ਮਹਲਾ ੧ (ਸ਼ਲੋਕ) ਪੰਨਾ 1240
3. ਨਾਰਦ ਪੁਰਾਣ II- 22/ 28
4. ਉਹੀ- II/22- 36
5. ਉਹੀ II- 22/45,46
6. (I) ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ। ਸੂਹੀ ਮਹਲਾ ੧ (ਪਦੇ), ਪੰਨਾ 729
   ਘੁਟਿ ਘੁਟਿ ਜੀਆ ਖਾਵਣੇ ਬਗੇ ਨ ਕਹੀਅਨਿ।
   (II) ਜਿਨ ਪਟੁ ਅੰਦਰਿ ਬਾਹਰਿ ਗੁਦੜੁ ਤੇ ਭਲੇ ਸੰਸਾਰਿ। ਆਸਾ ਮਹਲਾ ੧ (ਵਾਰ) ਪੰਨਾ 473

ਕਪੜੇ ਪਹਿਨਦੇ ਸਨ। ਅਜਿਹੀ ਬਿਰਤੀ ਸੰਪਰਦਾਇਕਤਾ, ਵਖਰਤਾ ਅਤੇ ਊਚ ਨੀਚ ਦੀ ਭਾਵਨਾ ਨੂੰ ਜਨਮ ਦੇਂਦੀ ਸੀ। ਅਜਿਹੀ ਦੋਖੀ ਭਾਵਨਾ ਦਾ ਨਾਨਕ ਬਾਣੀ ਵਿੱਚ ਕਈ ਥਾਈਂ ਖੰਡਣ ਹੋਇਆ ਹੈ। ਜ਼ੋਰ ਮਨ ਦੀ ਸੁੱਚਤਾ ਉਤੇ ਹੈ ਦਿਖਾਵੇ ਵਾਲੇ ਉਜਲੇ ਕਪੜਿਆਂ ਉਤੇ ਨਹੀਂ।

ਕੁਲੀ

"ਕਿਸੇ ਸੰਕਲਪ ਨੂੰ ਪਵਿੱਤਰਤਾ ਦੀ ਭਾਵਨਾ ਵਿੱਚ ਮੂੰਹ ਸਾਫ਼ ਕਰਨ ਲਈ ਮੂੰਹ ਵਿੱਚ ਜਲ ਦਾ ਲੈਣਾ ਅਤੇ ਤਿਆਗਣਾ ਕੁਲੀ ਹੈ।"[1] ਕੁਲੀ ਨੂੰ ਆਚਮਨ ਆਖਿਆ ਜਾਂਦਾ ਹੈ। ਗੁਰੂ ਨਾਨਕ ਦੇਵ ਅਨੁਸਾਰ ਆਚਮਨ ਵੀ ਪਖੰਡ ਹੈ। ਆਪਣੇ ਸੱਚੀ ਕੁਲੀ ਦੀ ਗੱਲ ਕੀਤੀ ਹੈ। ਇਹ ਸੱਚੀ ਕੁਲੀ ਸੋਚ ਦੇ ਮਾਰਗ ਉਤੇ ਤੋਰਦੀ ਹੈ। ਸਿਆਣੇ ਪੰਡਿਤ ਲਈ ਇਹ ਕੁਲੀ ਸੱਚੇ ਗਿਆਨ ਤੇ ਵਿਚਾਰ ਦੀ ਹੈ, ਜੋਗੀ ਲਈ ਕਾਮ ਨਿਵਿਰਤੀ ਦੀ, ਬ੍ਰਾਹਮਣ ਲਈ ਸੰਤੋਖ ਧਾਰਨ ਕਰਨਾ ਕੁਲੀ ਹੈ ਅਤੇ ਗ੍ਰਿਹਸਤੀ ਲਈ ਸਤ ਦਾਨ ਦੀ, ਰਾਜੇ ਲਈ ਸੋਚ ਸਮਝ ਕੇ ਕੀਤਾ ਨਿਆਂ ਹੀ ਕੁਲੀ ਹੈ। ਸੋ ਨਾਨਕ ਬਾਣੀ ਵਿੱਚ ਕੁਲੀ ਦਾ ਸੰਕਲਪ ਹੀ ਬਦਲ ਦਿੱਤਾ ਗਿਆ ਹੈ। ਪਾਣੀ ਲੋਕਾਂ ਦੀ ਤਾਂ ਕੁਲੀ ਆਪਣੇ ਕਰਤਵ ਵਿੱਚ ਪੱਕਾ ਹੋਣਾ, ਦ੍ਰਿੜ ਇਰਾਦੇ ਨਾਲ ਕਰਤਵ ਨੂੰ ਨਿਭਾਉਣਾ ਅਤੇ ਸੋਚ ਉਤੇ ਚਲਣਾ ਬਣ ਗਈ ਹੈ।[2]

ਤਿਲਕ

ਤਿਲਕ ਦਾ ਚਿੰਨ ਕੋਈ ਸਮਾਜਕ ਸਾਰਥਕਤਾ ਨਹੀਂ ਰੱਖਦਾ। ਇਹ ਵੱਖਰਤਾ ਤੇ ਸੰਪਰਦਾਇਕ ਰੁਚੀਆਂ ਦਾ ਪ੍ਰਗਟਾਵਾ ਕਰਦਾ ਹੈ। ਧਰਮ ਦੇ ਸੱਚੇ ਮਾਰਗ ਉਤੇ ਚਲਣ ਵਾਲੇ ਲਈ ਇਸਦੀ ਲੋੜ ਨਹੀਂ। ਤਿਲਕ ਲਾਉਣ ਨਾਲ ਸ਼ੁੱਧਾਚਾਰ ਨਹੀਂ ਆ ਜਾਂਦਾ। ਇਹ ਤਿਲਕ ਸਦਾਚਾਰਤਾ ਦੇ ਪ੍ਰਤੀਕ ਨਹੀਂ ਹਨ। ਗਲ ਵਿੱਚ ਤੁਲਸੀ ਮਾਲਾ ਧਾਰਨ ਕਰਨੀ, ਮਸਤਕ ਉਤੇ ਟਿਕਾ ਲਾਉਣਾ, ਗੁਰੂ ਸਾਹਿਬ ਦੇ ਮਤ ਅਨੁਸਾਰ ਪਖੰਡ ਕਰਮ ਹਨ। ਮੱਥੇ ਦਾ ਟਿੱਕਾ, ਏਕੇਸ਼ਵਰ ਦਾ ਚਿੰਨ ਸਮਝਦੇ ਹੋਏ ਤਾਂ ਹੀ ਕਲਿਆਣ ਹੈ।[3] ਭਾਈ ਕਾਹਨ ਸਿੰਘ ਨਾਭਾ ਨੇ ਵੈਸ਼ਨਵਾਂ ਦੇ 12 ਤਿਲਕਾਂ

---

1. 'ਮਹਾਨ ਕੋਸ਼', ਪੰਨਾ 355
2. ਸੁਰਤੇ ਕੁਲੀ ਗਿਆਨ ਕੀ ਜੋਗੀ ਕਾ ਜਤੁ ਹੋਇ।
   ਬ੍ਰਹਮਣ ਕੁਲੀ ਸੰਤੋਖ ਕੀ ਗਿਰਹੀ ਕਾ ਸਤੁ ਦਾਨੁ।
   ਰਾਜੇ ਕੁਲੀ ਨਿਆਵ ਕੀ ਪੜਿਆ ਸਚੁ ਧਿਆਨੁ। ਸਾਰੰਗ ਰਾਗੁ(ਮਹਲਾ), ਪੰਨਾ 1240
3. (I) ਨਾਵਹੁ ਧੋਵਹੁ ਤਿਲਕੁ ਚੜਾਵਹੁ, ਸੁਚ ਵਿਣੁ ਸੋਚ ਨ ਹੋਈ।
   ਰਾਮ ਕਲੀ ਰਾਗੁ(ਅਸ਼ਟਪਦੀਆਂ) ਪੰਨਾ 903.
   (II) ਗਲਿ ਮਾਲਾ ਤਿਲਕੁ ਲਿਲਾਟੰ। ਦੋਇ ਧੋਤੀ ਬਸਤ੍ਰ ਕਪਾਟੰ।
   ਜੇ ਜਾਣਸਿ ਬ੍ਰਹਮੰ ਕਰਮੰ। ਸਭਿ ਫੋਕਟ ਨਿਸਚਉ ਕਰਮੰ।
   ਆਸਾ ਰਾਗੁ(ਵਾਰ), ਪੰਨਾ 470
   (III) ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ, ਆਸਾ ਰਾਗੁ(ਵਾਰ) ਪੰਨਾ 471
   (I )ਤਿਲਕੁ ਲਿਲਾਟਿ ਜਾਣੈ ਪ੍ਰਭੁ ਏਕੁ। ਬੂਝੈ ਬ੍ਰਹਮ ਅੰਤਰ ਬਿਬੇਕ।
   ਆਸਾ ਰਾਗੁ(ਪੰਨਾ, 355

ਦਾ ਉਲੇਖ ਕੀਤਾ ਹੈ, ਜੋ ਪਦਮ ਪੁਰਾਣ ਵਿਚ ਦਸੇ ਗਏ ਹਨ।[1] ਸਪਸ਼ਟ ਹੈ ਵੱਖ ਵੱਖ ਫ਼ਿਰਕਿਆਂ ਦੇ ਤਿਲਕ, ਬਸਤ੍ਰ ਅਤੇ ਹੋਰਨਾ ਕਰਮਾਂ ਵਿਚ ਵਖਰਤਾ ਕੇਵਲ ਸੰਪਰਦਾਇਕਤਾ ਦਾ ਕਾਰਣ ਹੀ ਬਣ ਰਹੇ ਸਨ। ਇਸ ਰੁੱਚੀ ਨੂੰ ਨਿੰਦਣਾ ਬੜੀ ਜ਼ਰੂਰੀ ਲੋੜ ਸੀ। ਮੱਥੇ ਟਿੱਕਾ ਧਾਰਣ ਕਰਕੇ ਜਗਤ ਕਲਿਆਣ ਦੀ ਥਾਂ ਵਿਨਾਸ਼ ਦਾ ਕਿਰਦਾਰ ਪ੍ਰਸਤੁਤ ਕਰਦਿਆਂ ਨਾਨਕ ਬਾਣੀ ਆਪਣੀ ਸੂਝ, ਨੈਤਿਕ ਚੇਤਨਤਾ, ਤੇ ਮਨੁੱਖ ਦੀ ਹੋਂਦ ਨੂੰ ਬਚਾਉਣ ਲਈ ਚਰਮ ਸੀਮਾ ਤੇ ਪੁੱਜੀ ਹੈ।[2]

<u>ਸੰਧਿਆ, ਤਰਪਣ, ਗਾਇਤ੍ਰੀ ਪਾਠ ਤੇ ਹਵਨ ਆਦਿ ਕਰਮ</u>

ਉਪਰੋਕਤ ਸਾਰਿਆਂ ਕਰਮ ਕਾਂਡਾਂ ਦੇ ਹਵਾਲੇ, ਇਕ ਐਸੇ ਉਪਚਾਰ ਧਰਮ ਕਰਮ ਦਾ ਬੋਧ ਕਰਾਉਂਦੇ ਹਨ ਜਿਨ੍ਹਾਂ ਵਿੱਚ ਨਾਨਕ ਕਾਲ ਦਾ ਮਨੁੱਖ ਗ੍ਰਸਤ ਸੀ। ਇਨ੍ਹਾਂ ਨੇਮਾਂ ਨੂੰ ਧਰਮ ਦਾ ਆਦਰਸ਼ ਹੀ ਸਵੀਕਾਰ ਕਰ ਲਿਆ ਗਿਆ ਸੀ। ਵੈਦਿਕ ਸੰਧਿਆ ਕਰਨੀ, ਫਿਰ ਤਾਂਤ੍ਰਿਕ ਸੰਧਿਆ ਕਰਨੀ। ਗਾਇਤ੍ਰੀ ਮੰਤ੍ਰ ਦਾ ਪਾਠ 108 ਵਾਰੀ ਕਰਨਾ, ਜਾਂ ਵੱਧ ਘਟ ਰੂਪ ਵਿਚ ਵੀ ਕਰਨਾ, ਜਪ ਕਰਨਾ ਤੇ ਵੱਖ ਵਖ ਮੂਰਤੀਆਂ ਦਾ ਧਿਆਨ ਕਰਨਾ। ਦੇਵਤਿਆਂ ਰਿਸ਼ੀਆਂ ਤੇ ਪਿਤਰਾਂ ਦਾ ਤਰਪਣ ਕਰਨਾ। ਸੂਰਜ ਨੂੰ ਅਰਘਾ ਦੇਣਾ, ਅਗਨੀ ਆਦਿ ਦੀ ਤ੍ਰਿਪਤੀ ਲਈ ਹਵਨ ਕਰਨਾ— ਇਹ ਸਭ ਇਕ ਮੋਹ ਜਾਲ ਤੇ ਭ੍ਰਮਾਤਮਕ ਵਿਕਾਸ ਕਰਮ ਸੀ। ਇਕ ਖੇਡ, ਇਕ ਨਾਟਕ ਜਿਸ ਦੀ ਆਧਾਰ ਸ਼ਿਲਾ ਕੋਈ ਨਹੀਂ ਸੀ।

ਨਾਨਕ ਬਾਣੀ ਵਿੱਚ ਇਨ੍ਹਾਂ ਸਭ ਦਾ ਪ੍ਰਸੰਗ ਵੱਸ ਵਰਣਨ ਹੋਇਆ ਹੈ ਤੇ ਅਕਸਰ ਇਸ ਭਾਵਨਾ ਦੇ ਵਿਰੋਧ ਵਿਚ ਹੀ ਵਰਣਨ ਹੋਇਆ ਮਿਲਦਾ ਹੈ।

ਅਜੇਹੀ ਧਰਮ ਰੀਤੀ ਵਾਲੀ ਸੰਧਿਆ ਨਾਨਕ ਬਾਣੀ ਵਿਚ ਵਰਜਿਤ ਹੈ।[3] ਕੇਵਲ ਪਰਮਾਤਮਾ ਦਾ ਆਰਾਧਨ ਅਤੇ ਗੁਰਬਾਣੀ ਦੁਆਰਾ ਉਸ ਸਰਬ ਸ਼ਕਤੀਮਾਨ ਨੂੰ ਯਾਦ ਕਰਨਾ ਹੀ ਵਿਧਾਨ ਹੈ। ਤਰਪਣ ਸਮਰਥਨ ਵੀ ਨਹੀਂ ਮਿਲਦਾ। ਗਾਇਤ੍ਰੀ ਮੰਤ੍ਰ ਤੇ ਹਵਨ ਨੂੰ ਵੀ ਮਾਨਤਾ ਨਹੀਂ ਮਿਲੀ। ਝੂਠੇ ਵਿਅਕਤੀ ਗਾਇਤ੍ਰੀ ਮੰਤ੍ਰ ਦੇ ਪਰਦੇ ਪਿਛੇ ਪਤਾ ਨਹੀਂ ਕੀ ਕੀ ਕੁਕਰਮ ਤੋਲਦੇ ਹੋਣਗੇ।[4]

ਗੁਰੂ ਨਾਨਕ ਕਾਵਿ ਵਿਚ ਪਖੰਡ ਵਿਸਤਾਰ ਵਾਲੇ ਉਪਚਾਰ ਤੇ ਨਿਯਮਾਂ ਦੀ ਥਾਂ

---

1. ਮਹਾਨ ਕੋਸ਼, ਪੰਨਾ 443
2. ਮਥੈ ਟਿਕਾ ਤੇੜਿ ਧੋਤੀ ਕਖਾਈ।
   ਹਥਿ ਛੁਰੀ ਜਗਤ ਕਾਸਾਈ। — ਆਸਾ ਰਾਗੁ (ਵਾਰ), ਪੰਨਾ 470
3. (i) ਪੜਿ ਪੁਸਤਕ ਸੰਧਿਆ ਬਾਦੰ। — ਆਸਾ ਰਾਗੁ (ਵਾਰ), ਪੰਨਾ 470
   (ii) ਪੁਸਤਕ ਪਾਠ ਬਿਆਕਰਣ ਵਖਾਣੈ ਸੰਧਿਆ ਕਰਮ ਤਿਕਾਲ ਕਰੈ।
   ਬਿਨੁ ਗੁਰ ਸਬਦ ਮੁਕਤਿ ਕਹਾ ਪ੍ਰਾਣੀ, ਰਾਮ ਨਾਮ ਬਿਨੁ ਉਰਝਿ ਮਰੈ।
   ਭੈਰਉ ਰਾਗੁ (ਪਦੇ), ਪੰਨਾ 1127
4. ਮੁਖਿ ਝੂਠ ਬਿਭੂਖਣ ਸਾਰੰ। ਤ੍ਰੈਪਾਲ ਤਿਹਾਲ ਬਿਚਾਰੰ। — ਆਸਾ ਰਾਗੁ (ਵਾਰ), ਪੰਨਾ 470

ਨਾਮ ਨੂੰ ਸੰਭਾਲਣ ਉਤੇ ਜ਼ੋਰ ਹੈ। ਨਾਮ ਭਲੀ ਰੀਤ ਹੈ। ਦੂਜੀਆਂ ਰੀਤਾਂ ਤੇ ਧਿਆਨ ਤਿਆਗਣ ਯੋਗ ਹਨ।[1] ਅਸਲੀ ਸੁਚ ਅਚਾਰ ਸ਼ਬਦ ਨੂੰ ਸੰਭਾਲਣਾ ਹੀ ਹੈ, ਇਹ ਚੰਗਾ ਕਰਮ ਹੈ ਤੇ ਵਡਿਆਈ ਬਖਸ਼ਣ ਵਾਲਾ ਹੈ।[2] ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਇਸ ਭਾਵਨਾਮਈ ਮਿਥ ਪਸਾਰੇ ਨੂੰ ਬਾਣੀ ਵਿੱਚ ਉਘਾੜ ਕੇ ਇ[illegible] ਪੂਰੀ ਸਹੀ ਦ੍ਰਿਸ਼ਟੀਕੋਣ ਅਪਣਾਉਣ ਦੀ ਪ੍ਰੇਰਣਾ ਦਿੱਤੀ ਹੈ। ਬਾਣੀਕਾਰ ਆਪਣੇ ਪ੍ਰਣਾਂ ਤੇ ਆਦਰਸ਼ ਵਿੱਚ ਬੜੇ ਸਪਸ਼ਟ ਹੋ ਕੇ ਵਿਚਰੇ ਹਨ। ਉਨ੍ਹਾਂ ਰੀਤਾਂ, ਜਿਨ੍ਹਾਂ ਵਿਚੋਂ ਸਮੇਂ ਅਤੇ ਕਾਲ ਦੇ ਪ੍ਰਸੰਗ ਵਿਚ ਰਚਣੇ ਵਾਂਚਿਆ, ਕੋਈ ਸਾਰਥਕ ਸੋਧ ਦਾ ਨਿਰਮਾਣ ਨਾਹ ਨਹੋ ਤੇ ਜਿਨ੍ਹਾਂ ਦੀ ਆਧਾਰ ਕ੍ਰਿਆ ਕੇਵਲ ਮਿਥ [illegible]ਰਮ ਬ[illegible] ਗਿਆ ਹੋਵੇ, ਨੂੰ ਤਿਆਗ ਦੇਣਾ ਹੀ ਚੰਗਾ ਹੈ।

---

1. ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ
ਨਾਨਕ ਸਾਈ ਭਲੀ ਪਰੀਤਿ ਜਿਤੁ ਸਾਹਿਬ ਸੇਤੀ ਪਤਿ ਰਹੈ।
ਵਡਹੰਸ ਰਾਗੁ(ਸ਼ਲੋਕ), ਪੰਨਾ 590

2. (i) ਸਬਦਿ ਮਿਲੈ ਸੋ ਸੂਚਾਚਾਰੀ ਸਾਚੀ ਦਰਗਹ ਮਾਨੈ।
ਪਰਭਾਤੀ ਰਾਗੁ(ਪਦੇ), ਪੰਨਾ 1332

(ii) ਨਾਮ ਬਿਨਾ ਕੈਸੇ ਆਚਾਰ। ਉਹੀ ਪੰਨਾ 1330

## (ਸ) ਕਰਮਕਾਂਡ

ਤੀਰਥ ਯਾਤ੍ਰਾ, ਮੂਰਤੀਪੂਜਾ, ਅਨੇਕ ਤਰ੍ਹਾਂ ਦੇ ਪੂਜਾ ਵਿਧਾਨ, ਵਰਤ, ਸੁਚੀਆਂ, ਅਸੁਚੀਆਂ ਤੇ ਸੰਸਕਾਰ, ਜਪ ਤਪ ਤੇ ਹੋਰ ਅਨੁਸ਼ਠਾਨ ਕਰਮਾਂ ਵਿਚੋਂ ਕਰਮਕਾਂਡ ਦੀ ਝਲਕ ਹੈ। ਇਹ ਡਰ ਅਤੇ ਅਗਿਆਨ ਨਾਲ ਸੰਬੰਧਿਤ ਹੈ।

ਇਸ ਗੱਲ ਪਿਛੇ ਵੀ ਸਿੱਧ ਚੇਤਨਾ ਦਾ ਖੇਲ ਬਾਲਾ ਹੈ। ਇਹ ਰੀਤ ਇਸ ਵਿਸ਼ਵਾਸ ਤੇ ਆਧਾਰਿਤ ਹੈ ਕਿ ਦੇਵਤੇ ਚੌਕੇ ਅਤੇ ਕਾਰ ਦੇ ਸਿਰ ਤੇ ਜੀਊਂਦੇ ਹਨ ਜੇ ਕਾਰ ਨਾ ਕੱਢੀ ਜਾਏ ਤਾਂ ਰਾਖਸ਼ਸ ਭੋਜਨ ਦਾ ਰਸ ਲੈ ਜਾਂਦੇ ਹਨ।[1] ਅਜੇਹੀ ਧਾਰਣਾ ਪਿਛੇ, ਰਸੋਈ ਅਤੇ ਜਲ ਪਾਣ ਦੀਆਂ ਚੀਜ਼ਾਂ ਦੀ ਸਵੱਛਤਾ ਤੇ ਸ਼ੁੱਧਤਾ ਦੀ ਗੱਲ ਨੂੰ ਤਾਂ ਸਵੀਕਾਰਿਆ ਜਾ ਸਕਦਾ ਹੈ, ਜਿਸਦਾ ਮਨੁੱਖ ਦੇ ਆਚਰਣ ਅਤੇ ਸਰੀਰ ਉਤੇ ਪ੍ਰਭਾਵ ਪੈਂਦਾ ਹੈ, ਪਰ ਦੇਵਤਿਆਂ ਰਾਖਸ਼ਸਾਂ ਜਾਂ ਪੁੰਨ, ਪਾਪ ਦੀ ਭਾਵਨਾ ਕੇਵਲ ਵਹਿਮ ਪਖੰਡ ਹੈ। ਗੁਰੂ ਨਾਨਕ ਬਾਣੀ ਵਿੱਚ ਇਸ ਭਾਵਨਾ ਵਿਚੋਂ ਕਟੜਤਾ, ਅੰਧ ਵਿਸ਼ਵਾਸ ਅਤੇ ਕੁਸ਼ੁਧ ਨੂੰ ਤਿਆਗਣ ਉਤੇ ਬਲ ਦਿੱਤਾ ਗਿਆ ਹੈ। ਮਾਨਵ ਮਨ ਅੰਦਰ ਕੁਬੁੱਧ ਦਾ ਵਾਸਾ, ਕੁਦਯਾ, ਨਿੰਦਾ ਅਤੇ ਕ੍ਰੋਧ ਆਦਿ ਨੀਵੀਆਂ ਮਾਨਸਿਕ ਭਾਵਨਾਵਾਂ ਨੂੰ ਤਿਆਗਕੇ ਸੱਚ ਦੀ ਕਾਰ ਵਾਹੁਣ ਦਾ ਉਪਦੇਸ਼ ਹੈ।[2] ਬਲ ਕੀਤੀ ਜਾਂ ਸੰਸਕਾਰ ਉਤੇ ਨਹੀਂ ਸਗੋਂ ਮਨ ਅਤੇ ਆਤਮਾ ਦੀ ਪਵਿੱਤ੍ਰਤਾ ਉਤੇ ਹੈ। ਅੰਦਰਲਾ ਸੁਚਾਚਾਰ, ਪ੍ਰਭੂ ਮਿਲਾਪ ਦਾ, ਸੱਚ ਨੂੰ ਜਾਣਨ ਤੇ ਗ੍ਰਹਿਣ ਕਰਨ ਦਾ ਸਾਧਨ ਹੈ।[3] ਆਸਾ ਦੀ ਵਾਰ ਵਿੱਚ ਇਸ ਅਨੁਸ਼ਠਾਨਗਤ ਦ੍ਰਿਸ਼ਟੀ ਦੀ ਵਿਆਖਿਆ ਤੇ ਨਿੰਦਾ ਦੇ ਭਾਵ ਹਨ।[4]

### ਵਰਤ

ਕੁਝ ਨਿਸਚਿਤ ਸਮੇਂ ਤਕ ਭੁੱਖੇ ਰਹਿਣਾ ਭਾਂਵੇਂ ਮਨੁੱਖ ਅੰਦਰ ਦ੍ਰਿੜ ਵਿਸ਼ਵਾਸ ਨੂੰ ਪੱਕਾ ਕਰਦਾ ਹੋਵੇ, ਪਰ ਵਰਤ ਵਿਧਾਨ ਨੂੰ ਸਮਾਜਿਕ ਜਾਂ ਸਰੀਰਕ ਲੋੜ ਦੀ ਥਾਂ ਧਾਰਮਿਕ ਸੰਕਲਪ ਜਾਂ ਸੰਸਕਾਰ ਵਜੋਂ ਵਧੇਰੇ ਅਪਣਾਇਆ ਗਿਆ ਹੈ। ਮੁਸਲਮਾਨਾਂ ਵਿੱਚ ਰੋਜ਼ਿਆਂ ਦੀ ਮਹੱਤਤਾ, ਹਿੰਦੂਆਂ ਵਿੱਚ ਵਰਤਾਂ ਦੀ ਮਹੱਤਤਾ ਧਾਰਮਿਕ ਨਿਸ਼ਠਾ ਦੇ ਹੀ ਤਾਂ ਚਿੰਨ੍ਹ ਹਨ।

---

1. ਕਰਨੈਲ ਸਿੰਘ ਥਿੰਦ, 'ਲੋਕਯਾਨ ਤੇ ਮਧਕਾਲੀਨ ਪੰਜਾਬੀ ਸਾਹਿਤ' ਪੰਨਾ 182
2. ਕੁਬੁਧਿ ਡੂਮਣੀ, ਕੁਦਇਆ ਕਸਾਇਣਿ ਪਰਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ।
   ਕਾਰੀ ਕਢੀ ਕਿਆ ਥੀਐ ਜਾਂ ਚਾਰੇ ਬੈਠੀਆ ਨਾਲਿ। ਸਿਰੀ ਰਾਗੁ (ਸ਼ਲੋਕ), ਪੰਨਾ 91
3. ਕਹੁ ਨਾਨਕ ਸਚੁ ਧਿਆਈਐ। ਸੁਚਿ ਹੋਵੈ ਤਾਂ ਸਚੁ ਪਾਈਐ।
   ਆਸਾ ਰਾਗੁ (ਵਾਰ), ਪੰਨਾ 472
4. ਸੁਇਨੇ ਕਾ ਚਉਕਾ ਕੰਚਨ ਕੁਆਰ। ਰੁਪੇ ਕੀਆ ਕਾਰਾ ਬਹੁਤੁ ਬਿਸਥਾਰੁ।
   ਗੰਗਾ ਕਾ ਉਦਕੁ ਕਰੰਤੇ ਕੀ ਆਗਿ। ਗਰੁੜਾ ਖਾਣਾ ਦੁਧ ਸਿਉ ਗਾਡਿ।
   ਰੇ ਮਨ ਲੇਖੈ ਕਬਹੂ ਨ ਪਾਇ। ਜਾਮਿ ਨ ਭੀਜੈ ਸਾਚ ਨਾਇ। ਬਸੰਤ ਰਾਗੁ (ਪਦੇ), ਪੰਨਾ 1169

ਹਿੰਦੂ ਧਰਮ ਗ੍ਰੰਥਾਂ ਵਿਚ ਵਰਤ ਮਹਾਤਮ ਦੀਆਂ ਅਨੇਕ ਕਥਾਵਾਂ ਦਰਜ ਹਨ। ਇਨ੍ਹਾਂ ਦਾ ਮੰਤਵ ਸਰਲ ਹਿਰਦਿਆਂ ਉਤੇ ਵਰਤ ਦੀ ਮਹਤਤਾ ਪ੍ਰਗਟਾ ਕੇ ਗੰਭੀਰ ਪ੍ਰਭਾਵ ਪਾਉਣ ਤੇ ਸ਼ਰਧਾ ਉਤਪੰਨ ਕਰਨਾ ਸੀ। ਵਰਤਾਂ ਦੇ ਅੰਤਰਗਤ 16 ਕਿਸਮਾਂ ਦੇ ਉਪਚਾਰਾਂ ਅਤੇ ਪੂਜਾ, ਸੰਕਲਪ ਅਤੇ ਇਕਾਗਰਤਾ ਉਤੇ ਵੀ ਬਲ ਦਿਤਾ ਜਾਂਦਾ ਹੈ। ਹਵਨ ਅਤੇ ਆਹੂਤੀ ਦਾ ਵਿਧਾਨ ਵੀ ਹੈ।

ਵਰਤਾਂ ਦੀ ਗਿਣਤੀ ਅਨੇਕ ਹੈ। ਐਸਾ ਕੋਈ ਮਹੀਨਾ ਨਹੀਂ ਜਿਸ ਵਿਚ ਪੰਜ ਸਤ ਵਰਤ ਨਾ ਆਉਣ। ਨਵਰਾਤ੍ਰ, ਦੁਰਗਾ ਪੂਜਾ, ਰਾਮ ਨੌਮੀ, ਜਨਮ ਅਸ਼ਟਮੀ ਵਰਤ, ਗਣੇਸ਼ ਚਤੁਰਥੀ ਵਰਤ, ਕਰਵਾ ਚੌਥ, ਅਸ਼ਟਮੀ, ਸਭੀ ਇਕਾਦਸ਼ੀਆਂ ਦੇ ਵਰਤ, ਸੋਮਵਤੀ ਅਮਾਵਸ, ਸ਼ੀਤਲਾ, ਮਹਾ ਸ਼ਿਵਰਾਤ੍ਰੀ, ਸੱਤਾਂ ਵਾਰਾਂ ਦੇ ਵਰਤ ਇਤਿਆਦਿ ਅਨੇਕ ਵਰਤ ਹਨ ਜਿਨ੍ਹਾਂ ਨੂੰ, ਵਿਸ਼ੇਸ਼ ਕਰ, ਇਸਤ੍ਰੀਆਂ ਨਿਭਾਉਂਦੀਆਂ ਚਲੀਆਂ ਆ ਰਹੀਆਂ ਹਨ।

ਚੌਬੀ ਇਕਾਦਸ਼ੀਆਂ ਦੇ ਵਰਤਾਂ ਦੀ ਮਹਿਮਾ ਵੀ ਗਾਈ ਗਈ ਹੈ। ਗੁਰੂ ਨਾਨਕ ਬਾਣੀ ਵਿੱਚ ਇਕਾਦਸ਼ੀਆਂ ਦਾ ਜ਼ਿਕਰ ਬਿਲਾਵਲ ਰਾਗ ਵਿੱਚ 'ਥਿਤੀ' ਦੇ ਅੰਤਰਗਤ ਹੋਇਆ ਹੈ।[1] ਇਨ੍ਹਾਂ ਇਕਾਦਸ਼ੀਆਂ ਦੁਆਦਸ਼ਿ, ਤੇਰਸ, ਚੌਦਸ ਅਤੇ ਅਮਾਵਸ ਵਿੱਚ, ਪ੍ਰਭੂ ਦੀ ਸਿਫ਼ਤ ਸਲਾਹ, ਉਸਦਾ ਅਗਮ ਅਗੋਚਰ ਰੂਪ ਰੇਖ ਰਹਿਤ ਹੋਣ ਅਤੇ ਗੁਰੂ ਦੀ ਮਹਿਮਾ ਦਾ ਵਰਣਨ ਹੈ। ਪ੍ਰਚਲਿਤ ਕਰਮ ਅਨੁਸ਼ਠਾਨਾਂ ਜਿਨ੍ਹਾਂ ਵਿਚ ਵਰਤ ਵੀ ਸ਼ਾਮਲ ਹਨ, ਨੂੰ ਵਿਅਰਥ ਉਤੇ ਛੋੜ ਦਿੱਤਾ ਹੈ, ਕਿਉਂਕਿ ਸੱਚੇ ਦੀ ਭਾਲ ਵਿੱਚ ਇਨ੍ਹਾਂ ਦੀ ਦੇਣ ਕੁਝ ਵੀ ਨਹੀਂ।[2] ਆਤਮ ਚਿੰਤਨ ਤੇ ਪਛਾਣ ਨੂੰ ਹੀ ਵਰਤ ਮੰਨਿਆ ਹੈ। ਵਰਤ ਫਲ ਦਾਇਕ ਨਹੀਂ। ਫਲਾਂ ਜਾਂ ਅੰਨ ਦੀ ਥਾਂ ਕੇਵਲ ਜਲ ਉਤੇ ਗੁਜ਼ਾਰਾ ਕਰਨਾ, ਸੋਚ ਦੀ ਪ੍ਰਾਪਤੀ ਦੇ ਸੁਆਦ ਨੂੰ ਖਤਮ ਕਰਨ ਦੇ ਤੁੱਲ ਹੈ।[3] ਅੰਨ ਨਾ ਖਾਣਾ ਕੋਈ ਪੁੰਨ ਜਾਂ ਧਰਮ ਕਰਮ ਨਹੀਂ; ਸਗੋਂ ਦੁੱਖਦਾਇਕ ਕਰਮ ਹੈ।[4]

ਨਾਨਕ ਬਾਣੀ ਵਿਚ ਉਪਰੋਕਤ ਚਿੰਤਨ ਰਾਹੀਂ ਯਥਾਰਥ ਦ੍ਰਿਸ਼ਟੀ ਦੀ ਸਿਰਜਣਾ ਹੋਈ ਹੈ। ਮਿਥ ਕਥਾਵਾਂ ਵਿੱਚ ਜਿਹੜੇ ਵਰਤਾਂ ਦੇ ਫਲ ਗਿਣਾਏ ਗਏ ਹਨ ਉਨ੍ਹਾਂ ਦਾ ਖੰਡਨ ਵੀ ਹੋਇਆ ਹੈ। ਫਲ ਕੋਈ ਨਹੀਂ ਮਿਲਦਾ, ਸਰੀਰਕ ਦੁੱਖ ਜ਼ਰੂਰ ਮਿਲਦਾ ਹੈ। ਅੰਨ ਖਾਣਾ ਸਰੀਰ ਦੀ ਕਾਇਮੀ ਲਈ ਜ਼ਰੂਰੀ ਆਵਸ਼ਕਤਾ ਹੈ। ਲੋੜ ਅਨੁਸਾਰ ਤੇ ਘਟ ਖਾਣਾ ਚੰਗਾ ਹੈ। ਜਾਣ ਬੁੱਝ ਕੇ ਭੁੱਖੇ ਪਿਆਸੇ ਰਹਿਣਾ ਕੇਵਲ ਵਹਿਮ ਹੈ।

---

1. ਬਿਲਾਵਲੁ ਰਾਗ, ਪੰਨਾ 838-40
2. ਏਕਾਦਸੀ ਇਕੁ ਰਿਦੈ ਵਸਾਵੈ। ਹਿੰਸਾ ਮਮਤਾ ਮੋਹੁ ਚੁਕਾਵੈ।
   ਫਲੁ ਪਾਵੈ ਬ੍ਰਤੁ ਆਤਮ ਚੀਨੈ। ਪਾਖੰਡਿ ਰਾਚਿ ਤਤੁ ਨਹੀ ਬੀਨੈ। ਬਿਲਾਵਲ ਰਾਗੁ (ਥਿਤੀ), ਪੰਨਾ 840
3. (i) ਫਲੋਹਾਰ ਕੀਏ ਫਲੁ ਜਾਇ। ਰਸ ਕਸ ਖਾਏ ਸਾਦੁ ਗਵਾਇ। — ਉਹੀ—ਪੰਨਾ 840
   (ii) ਬਰਤੀ ਬਰਤ ਰਹੈ ਨਿਹਕਾਮ। ਅਜਪਾ ਜਾਪੁ ਜਪੈ ਮੁਖਿ ਨਾਮ। — ਉਹੀ— ਪੰਨਾ 840
4. ਅੰਨ ਨ ਖਾਇਆ ਸਾਦੁ ਗਵਾਇਆ।
   ਬਹੁ ਦੁਖੁ ਪਾਇਆ ਦੂਜਾ ਭਾਇਆ। ਆਸਾ ਰਾਗੁ (ਵਾਰ), ਪੰਨਾ 467

ਏਸੇ ਤਰ੍ਹਾਂ ਜਪ ਤਪ ਦੀਆਂ ਕਠੋਰ ਸਾਧਨਾਵਾਂ ਵੀ ਸ਼ਰੀਰਕ ਪੀੜਾ ਵਾਲਾ ਕਰਮ ਹਨ ਇਨ੍ਹਾਂ ਨਾਲ ਪ੍ਰਭੂ ਪ੍ਰਾਪਤੀ ਨਹੀਂ ਹੋ ਸਕਦੀ। ਇਨ੍ਹਾਂ ਦੇ ਤਿਆਗ ਉਤੇ ਵੀ ਜ਼ੋਰ ਦਿਤਾ ਹੈ ਤੇ ਸਹਿਜ ਨਾਮ ਦੀ ਪ੍ਰਾਪਤੀ ਵਿੱਚ ਲੱਗਣ ਉਤੇ ਬਲ ਦਿਤਾ ਹੈ।

ਪੂਜਾ ਵਿਧਾਨ

ਦੇਵ ਪੂਜਾ, ਦੇਵੀ ਪੂਜਾ, ਮੂਰਤੀ ਪੂਜਾ, ਸ਼ਿਲਾ ਪੂਜਾ, ਤੁਲਸੀ, ਸਾਲਗ੍ਰਾਮ ਅਤੇ ਬਾਉ ਪੂਜਾ, ਗ੍ਰਹਿ ਪੂਜਾ, ਮੜ੍ਹੀ ਮਸਾਣ ਪੂਜਾ – ਪੂਜਾ ਦੇ ਪ੍ਰਪੰਚ ਵਿਸਤਾਰ ਨੂੰ ਪ੍ਰਗਟ ਕਰਦੇ ਹਨ। ਦੇਵ ਪੂਜਾ ਅਤੇ ਦੇਵੀ ਪੂਜਾ ਦਾ ਪਹਿਲੇ ਵਰਣਨ ਹੋ ਚੁੱਕਾ ਹੈ। ਏਥੇ ਬਾਕੀਆਂ ਦਾ ਵਰਣਨ ਹੈ। ਮੂਰਤੀ ਪੂਜਾ ਅਤੇ ਸ਼ਿਲਾ ਪੂਜਾ ਆਦਿਮ ਕਾਲੀਨ ਮਨੁੱਖ ਦੀ ਪਿਤਰ - ਪੂਜਾ ਪ੍ਰਵਿਰਤੀ ਦਾ ਪ੍ਰਗਟਾਵਾ ਕਰਦੀ ਹੈ। ਇਸ ਪੁਰਾਣੇ ਸੰਕਲਪ ਦਾ ਕਾਇਮ ਰਹਿਣਾ ਪ੍ਰਗਟ ਕਰਦਾ ਹੈ ਕਿ ਗੁਰੂ ਨਾਨਕ ਸਮਕਾਲੀ ਸਮਾਜ ਵਿੱਚ ਧਰਮ ਦੀ ਮੂਲ ਚੇਤਨਾ ਨੂੰ ਕਿਵੇਂ ਖਾਧ ਨ ਰਹੀ ਸੀ। ਮੂਰਤੀ ਪੂਜਾ ਨੂੰ, ਸਗੁਣ ਉਪਾਸਨਾ ਵਿੱਚ, ਭਾਵਕ ਸਾਂਝ ਦਾ ਚਿੰਨ੍ਹ ਮਾਤ੍ਰ ਹੀ ਸਮਝਕੇ ਭਾਵੇਂ ਪੂਜਾ ਹੁੰਦੀ ਰਹੀ ਹੋਵੇ, ਇਹ ਭਾਵਨਾ ਇਸਲਾਮ ਵਲੋਂ ਕਟੜਤਾ ਖੁਲ੍ਹੇ ਵਿਰੋਧ ਦਾ ਕਾਰਣ ਬਣੀ। ਹਿੰਦੂ ਮੂਰਤੀ ਪੂਜਣ ਦੀ ਭੁੱਖ ਤੋਂ ਹੀ, ਮੁਸਲਮ ਸ਼ਾਸ਼ਕਾਂ ਦੇ ਡਰ ਅਧੀਨ, ਸ਼ਿਲਾ ਪੂਜਾ ਨੇ ਜਨਮ ਲਿਆ।[1]

ਤੁਲਸੀ ਦੀ ਹਿੰਦੂ ਧਰਮ ਵਿੱਚ ਬੜੀ ਮਾਨਤਾ ਹੈ ਇਵੇਂ ਹੀ ਸਾਲਗ੍ਰਾਮ ਦੀ। ਗਰੁੜ ਪੁਰਾਣ ਵਿਚ ਲਿਖਿਆ ਹੈ 'ਤੁਲਸੀ ਦਾ ਬੜਾ ਭਾਰੀ ਮਹਾਤਮ ਹੁੰਦਾ ਹੈ। ਤੁਲਸੀ ਦੇ ਪੌਦੇ ਦੇ ਰੋਪਣ ਕਰਨ ਨਾਲ, ਇਸਦਾ ਪਾਲਣ ਕਰਨ ਨਾਲ, ਇਸਨੂੰ ਸਿਰਫ ਸਿੰਜਣ ਨਾਲ, ਇਸਨੂੰ ਨਮਸਕਾਰ ਕਰਨ ਨਾਲ, ਇਸਦਾ ਕੇਵਲ ਸਪਰਸ਼ ਕਰਨ ਨਾਲ, ਅਤੇ ਇਸਦੀ ਮਹਿਮਾ ਕਰਨ ਨਾਲ – ਇਹ ਤੁਲਸੀ ਮਨੁੱਖਾਂ ਦੇ ਜਨਮ ਜਨਮਾਂਤਰਾਂ ਦੇ ਇਕੱਠੇ ਕੀਤੇ ਪਾਪਾਂ ਨੂੰ ਸਾੜ ਦੇਂਦੀ ਹੈ। ਤੁਲਸੀ ਭਗਵਾਨ ਦੀ ਭਗਤੀ ਵੀ ਅਤੇ ਸੰਸਾਰ ਦੀ ਮੁਕਤੀ ਦੋਵੇਂ ਪ੍ਰਦਾਨ ਕਰਦੀ ਹੈ।[2]

ਤੁਲਸੀ ਬਾਰੇ ਮਿਥ ਕਥਾ ਇਉਂ ਹੈ। ਬ੍ਰਿੰਦਾ ਜਲੰਧਰ ਦੈਂਤ ਦੀ ਪਤੀਬ੍ਰਤਾ ਇਸਤ੍ਰੀ ਸੀ। ਵਿਸ਼ਨੂੰ ਅਜਿਤ ਜਲੰਧਰ ਨੂੰ ਹਰਾਉਣ ਲਈ ਜਲੰਧਰ ਦੇ ਰੂਪ ਵਿੱਚ, ਦੈਂਤ ਨੂੰ ਨੀਵਾਂ ਦਿਖਾਉਣ ਲਈ ਬ੍ਰਿੰਦਾ ਦਾ ਸਤ ਭੰਗ ਕਰਨ ਗਏ। ਕਾਮ ਕ੍ਰੀੜਾ ਦੁਰਾਨ ਵਿਸ਼ਨੂੰ ਨੂੰ ਬ੍ਰਿੰਦਾ ਨੇ ਪਹਿਚਾਣ ਲਿਆ ਅਤੇ ਪੱਥਰ ਬਣ ਜਾਣ ਦਾ ਸਰਾਪ ਦੇ ਦਿੱਤਾ। ਵਿਸ਼ਨੂੰ ਤਾਂ ਸਾਲਗ੍ਰਾਮ ਬਣ ਗਏ ਪਰ ਨਾਲ ਹੀ ਉਨ੍ਹਾਂ ਬ੍ਰਿੰਦਾ ਨੂੰ ਤੁਲਸੀ ਬਣਨ ਦਾ ਸਰਾਪ ਦੇ ਦਿੱਤਾ ਅਤੇ ਆਖਿਆ 'ਮੇਰੇ ਨਾਲ ਤੇਰੀ ਪੂਜਾ ਹੋਵੇਗੀ'

1. ਡਾ: ਸੁਰਿੰਦਰ ਸਿੰਘ ਬੇਦੀ (ਸੰ) 'ਗੁਰੂ ਨਾਨਕ ਲੋਕ ਪ੍ਰਵਾਹ' ਪੰਨਾ 30
2. ਗਰੁੜ ਪੁਰਾਣ (ਪ੍ਰੇਤਕਲਪ) II. 28/9

ਹਿੰਦੂ ਧਰਮ ਵਿਚ ਤੁਲਸੀ ਅਤੇ ਸ਼ਾਲਗ੍ਰਾਮ ਦੀ ਸ਼ਾਦੀ ਕੀਤੀ ਜਾਂਦੀ ਹੈ।[1] ਇਉਂ ਤੁਲਸੀ ਤੇ ਸ਼ਾਲਗ੍ਰਾਮ ਨੂੰ ਅੰਤਰ ਸੰਬੰਧਿਤ ਕਰ ਦਿੱਤਾ ਗਿਆ ਹੈ।

ਸ਼ਾਲਗ੍ਰਾਮ ਦੀ ਮਹੱਤਤਾ ਵੀ ਨਿਰਾਲੀ ਰਹੀ ਹੈ। ਸ਼ਾਲਗ੍ਰਾਮ ਸ਼ਿਲਾ ਪੂਜਾ ਨਰਕਾਂ ਅਤੇ ਪਾਪਾਂ ਤੋਂ ਮੁਕਤੀ ਦਿਵਾਉਣ ਵਾਲੀ ਮੰਨੀ ਜਾਂਦੀ ਹੈ। ਗਰੁੜ ਪੁਰਾਣ ਅਨੁਸਾਰ 'ਸਭ ਪਾਪਾਂ ਦੇ ਦੋਸ਼ਾਂ ਨੂੰ ਮੁਕਾਉਣ ਵਾਲੀ ਸ਼ਾਲਗ੍ਰਾਮ ਸ਼ਿਲਾ ਜਿਥੇ ਵੀ ਬਿਰਾਜਮਾਨ ਹੈ ਉਸਦੀ ਉਪਾਸਨਾ ਵਿਚ ਕੋਈ ਪੁਰਖ ਤਿਆਰ ਹੋਵੇ ਉਸਦੀ ਨਿਸਚੇ ਹੀ ਮੁਕਤੀ ਹੁੰਦੀ ਹੈ ਇਸ ਵਿਚ ਲੇਸ ਮਾਤ੍ਰ ਵੀ ਸੰਦੇਹ ਨਹੀਂ।'[2]

ਪ੍ਰਾਕਿਰਤਕ ਸ਼ਕਤੀਆਂ, ਅੱਗ, ਹਵਾ, ਪਾਣੀ, ਮੀਂਹ, ਸੂਰਜ, ਚੰਦ, ਧਰਤੀ, ਆਦਿ ਅਤੇ ਬਿਛ ਬੂਟਿਆਂ ਤੇ ਨਿਰਜੀਵ ਵਸਤੂਆਂ ਦੀ ਪੂਜਾ ਮਿਥ ਵਿਸਤਾਰ ਦੇ ਸਰਵ ਚੇਤਨਾ ਵਾਦ ਦੀ ਅਵਸਥਾ ਨੂੰ ਪ੍ਰਗਟਾਉਂਦੀ ਹੈ। ਪ੍ਰਾਕ੍ਰਿਤਕ ਤੱਤਾਂ ਵਿੱਚ ਸ਼ਕਤੀਆਂ ਦਾ ਨਿਵਾਸ ਮੰਨ ਕੇ ਡਰਨਾ ਤੇ ਉਨ੍ਹਾਂ ਦੀ ਪੂਜਾ ਕਰਨੀ, ਆਦਿਮ ਕਾਲੀਨ ਮਨੁੱਖ ਦੀ ਮਾਨਸਿਕਤਾ ਦਾ ਅੰਗ ਰਿਹਾ ਹੈ। ਤੁਲਸੀ, ਸ਼ਾਲਗ੍ਰਾਮ, ਗਊ ਬ੍ਰਿਛ ਆਦਿ ਦੀ ਪੂਜਾ ਵਿੱਚ ਇਹ ਚੇਤਨਾ ਕੰਮ ਕਰ ਰਹੀ ਪ੍ਰਤੀਤ ਹੁੰਦੀ ਹੈ।ਕੁਝ ਵਸਤੂਆਂ ਅੰਦਰਲੀ ਵਸਤੂ ਕੀਮਤ ਵੀ, ਇਨ੍ਹਾਂ ਦਾ ਕਾਰਣ ਹੋ ਸਕਦੀ ਹੈ ਜਿਵੇਂ ਗਊ ਅਤੇ ਤੁਲਸੀ ਦੀ ਮਹੱਤਤਾ। ਪਰ ਸਮੁੱਚੇ ਤੌਰ ਤੇ ਪੂਜਾ ਦੀ ਇਹ ਭਾਵਨਾ ਪ੍ਰਕਿਰਤੀ ਨੂੰ ਸਮਝਣ ਸਮਝਾਉਣ ਦੀ ਥਾਂ ਮਨੁੱਖ ਵਿੱਚ ਡਰ, ਸਹਿਮ ਅੰਨ੍ਹੀ ਸ਼ਰਧਾ ਅਤੇ ਮਨੁੱਖ ਦੇ ਨਿਤਾਣੇ ਪਣ ਦਾ ਪ੍ਰਗਟਾਵਾ ਕਰਦੀ ਹੈ।

ਗੁਰੂ ਨਾਨਕ ਬਾਣੀ ਵਿੱਚ ਅਜਿਹੀ ਪੂਜਾ ਨੂੰ ਮੂਰਖਤਾ ਵਾਲਾ ਕਰਮ ਆਖਿਆ ਗਿਆ ਹੈ ਤੇ ਤਿਆਗਣ ਉਤੇ ਜ਼ੋਰ ਦਿੱਤਾ ਗਿਆ ਹੈ। ਆਪ ਲਿਖਦੇ ਹਨ 'ਨਾਰਾਇਣ ਤੇ ਹੋਰ ਦੇਵਤਿਆਂ ਦੀ ਮੂਰਤੀ ਪੂਜਾ ਕੀਤੀ ਜਾ ਰਹੀ ਹੈ। ਨੁਹਾਇਆ ਗਿਆ ਹੈ, ਕੇਸਰ ਚੰਦਨ ਤੇ ਫੁੱਲ ਚੜ੍ਹਾਏ ਗਏ ਹਨ ਤੇ ਗਿੜਗੜਾਹਟ ਰੂਪੀ ਪ੍ਰਾਰਥਨਾ ਕੀਤੀ ਜਾ ਰਹੀ ਹੈ। ਇਹ ਅੰਧਾ ਕਰਮ ਹੈ।'[3]

ਸ਼ਾਲਗ੍ਰਾਮ ਪੂਜਾ ਤੇ ਤੁਲਸੀ ਮਾਲਾ ਸੁਕ੍ਰਿਤ ਕਰਮ ਨਹੀਂ। ਕਲਰ ਸਿੰਚਣ ਹੈ। ਦਿਵਾਰ ਨੂੰ ਰੇਤ ਲਾਉਣ ਸਮਾਨ ਹੈ। ਕਿਉਂ ਅਜਿਹੇ ਕਰਮਾਂ ਨਾਲ ਵਿਅਰਥ ਜਨਮ ਗੁਆਇਆ ਜਾਏ? ਰਾਮ ਨਾਮ

---

1. ਲਾਲ ਸਿੰਘ (ਗਿਆਨੀ) 'ਗੁਰਮਤ ਮਾਰਤੰਡ', ਪੰਨਾ 702
2. ਗਰੁੜ ਪੁਰਾਣ , II- 28/7
3. ਘਰਿ ਨਾਰਾਇਣੁ ਸਭਾ ਨਾਲਿ। ਪੂਜ ਕਰੇ ਰਖੈ ਨਾਵਾਲਿ।
ਕੁੰਗੂ ਚੰਨਣੁ ਫੁਲ ਚੜਾਏ। ਪੈਰੀ ਪੈ ਪੈ ਬਹੁਤੁ ਮਨਾਏ।
ਮਾਣੂਆ ਮੰਗਿ ਮੰਗਿ ਪੈਨੈ ਖਾਇ। ਅੰਧੀ ਕੰਮੀ ਅੰਧ ਸਜਾਇ।

ਸਾਰੰਗ ਵਾਰ, ਪੰਨਾ 1240

ਹੀ ਜੀਵਨ ਬੇੜੇ ਨੂੰ ਬੰਨ੍ਹ ਸਕਦਾ ਹੈ।[1] ਪਰ ਪੂਜਕ ਹਿੰਦੂ ਅੰਧੇ ਗੂੰਗੇ ਹਨ। ਹਨੇਰੇ ਵਿਚ ਭਟਕ ਰਹੇ ਹਨ। ਤਰਣ ਦੀ ਥਾਂ ਡੁੱਬਣ ਵਾਲੇ ਕਰਮ ਕਰ ਰਹੇ ਹਨ।[2]

ਚੰਨ ਸੂਰਜ ਤੇ ਹੋਰ ਪ੍ਰਾਕਿਰਤਕ ਸ਼ਕਤੀਆਂ ਨੂੰ ਸਮਝਣ ਸਮਝਾਉਣ ਹਿਤ 'ਆਰਤੀ' ਸ਼ਬਦ ਬੜਾ ਖੂਬਸੂਰਤ ਪ੍ਰਮਾਣ ਹੈ। ਇਸ ਵਿਚ ਪ੍ਰਕਿਰਤੀ ਦੀ ਸੁੰਦਰਤਾ ਨੂੰ ਸੁਹਜ ਤੇ ਸਿਧ ਦਾਇਕ ਬਣਾਉਣ ਲਈ ਬੜਾ ਖੂਬਸੂਰਤ ਚਿਤ੍ਰ ਸਿਰਜਿਆ ਹੈ। ਨਾਨਕ ਬਾਣੀ ਦਾ ਕਮਾਲ ਇਸ ਵਿੱਚ ਦ੍ਰਿਸ਼ਟੀਗੋਚਰ ਹੁੰਦਾ ਹੈ। ਜਗਨ ਨਾਥ ਦੀ ਦੇਵਾ ਆਰਤੀ ਦੇ ਮੁਕਾਬਲੇ ਵਿੱਚ ਵਿਸ਼ਾਲ ਪ੍ਰਕਿਰਤੀ ਦੀ ਅਨੰਤ ਤੇ ਸਦਾ ਚਲ ਰਹੀ ਆਰਤੀ ਪਖੰਡ ਭਰੀ ਆਰਤੀ ਤੇ ਪੂਜਾ ਬਿਰਤੀ ਨੂੰ ਕੱਟਦੀ ਹੈ। ਇਹ ਪ੍ਰਭੂ ਦੇ ਨਿਰਗੁਣ ਤੇ ਸਰਗੁਣ ਰੂਪ ਦੀ ਵਿਆਖਿਆ ਕਰਦੀ ਹੈ।[3]

ਨਾਨਕ ਬਾਣੀ ਵਿਚ ਮੜ੍ਹੀ ਮਸਾਣ ਦੀ ਪੂਜਾ ਦੀ ਨਿੰਦਾ ਵੀ ਕਈ ਥਾਂ ਕੀਤੀ ਗਈ ਹੈ। ਇਹ ਦੁਬਿਧਾ ਕਰਮ ਹਨ।[4] ਮੜ੍ਹੀ ਮਸਾਣ ਦੇ ਪ੍ਰਸੰਗ ਵਿੱਚ ਜੋਗੀਆਂ ਦੀ ਮਨੌਤ ਨੂੰ ਵਿਸ਼ੇਸ਼ ਕਰਕੇ ਭੰਡਿਆ ਗਿਆ ਹੈ। ਮੜ੍ਹੀ ਮਸਾਣ ਵਿਚ ਜੋਗ ਨਹੀਂ, ਜੋਗ ਸ਼ੁਭ ਆਚਾਰ ਤੇ ਪ੍ਰਭੂ ਦੀ ਸ਼ਰਨ ਵਿਚ ਹੈ।[5]

---

1. (I) ਸਾਲਗ੍ਰਾਮ ਬਿਪ ਪੂਜਿ ਮਨਾਵਹੁ ਸੁਕ੍ਰਿਤੁ ਤੁਲਸੀ ਮਾਲਾ।
   ਰਾਮ ਨਾਮੁ ਜਪਿ ਬੇੜਾ ਬਾਂਧਹੁ ਦਇਆ ਕਰਹੁ ਦਇਆਲਾ॥੧॥
   ਕਾਹੇ ਕਲਰਾ ਸਿੰਚਹੁ ਜਨਮ ਗਵਾਵਹੁ।
   ਕਾਚੀ ਢਹਗਿ ਦਿਵਾਲ ਕਾਹੇ ਗਚੁ ਲਾਵਹੁ। ਬਸੰਤ ਰਾਗੁ, ਪੰਨਾ 1171

   (II) ਪੂਜਿ ਸਿਲਾ ਤੀਰਥ ਬਨਵਾਸਾ। ਭਰਮਤ ਡੋਲਤ ਭਏ ਉਦਾਸਾ। ਧਨਾਸਰੀ ਰਾਗੁ (ਅਸ਼ਟਪਦੀਆਂ), ਪੰਨਾ 686

2. ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ। ਨਾਰਦਿ ਕਹਿਆ ਸਿ ਪੂਜ ਕਰਾਂਹੀ।
   ਅੰਧੇ ਗੁੰਗੇ ਅੰਧ ਅੰਧਾਰੁ। ਪਾਥਰੁ ਲੇ ਪੂਜਹਿ ਮੁਗਧ ਗਵਾਰ।
   ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ। [illegible]
   ਬਿਹਾਗੜਾ ਰਾਗੁ, ਪੰਨਾ 556

3. ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ।
   ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ।
   ਕੈਸੀ ਆਰਤੀ ਹੋਇ ਭਵਖੰਡਨਾ ਤੇਰੀ ਆਰਤੀ।
   ਅਨਹਤਾ ਸਬਦ ਵਾਜੰਤ ਭੇਰੀ। ਧਨਾਸਰੀ ਰਾਗੁ, ਪੰਨਾ ੬੬੩

4. ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨਾ ਪੂਜਉ। ਮੜੈ ਮਸਾਣਿ ਨ ਜਾਈ।
   ਸੋਰਠਿ ਰਾਗੁ, (ਅਸ਼ਟਪਦੀਆਂ), ਪੰਨਾ 634

5. ਜਿਨਿ ਜੀਉ ਪਿੰਡੁ ਦਿਤਾ ਤਿਸੁ ਚੇਤਹਿ ਨਾਹਿ।
   ਮੜੀ ਮਸਾਣੀ ਮੂੜੇ ਜੋਗੁ ਨਾਹਿ। ਬਸੰਤ ਰਾਗੁ, ਪੰਨਾ 1190

ਗੁਰੂ ਨਾਨਕ ਨੇ ਉਪਰੋਕਤ ਕਿਸਮ ਦੀ ਪੂਜਾ ਨਾਲੋਂ ਪੂਜਾ ਤੇ ਪੂਜਾ ਵਿਧੀ ਦੀ ਨਵੀਂ ਪਰਿਭਾਸ਼ਾ ਦਿੱਤੀ ਹੈ। ਜਿਸ ਵਿੱਚ ਸਦ ਆਚਾਰ ਤੇ ਪ੍ਰਭੂ ਦੀ ਮਹਿਮਾ ਆਉਂਦੀ ਹੈ ਤੇ ਅੰਤਰ ਪੂਜਾ ਉਤੇ ਬਲ ਹੈ।[1]

---

1. (I) ਮੰਨੁ ਸੰਪਟੁ ਜਿਤੁ ਸਤਸਰਿ ਨਾਵਣੁ ਭਾਵਨ ਪਾਤੀ ਤ੍ਰਿਪਤਿ ਕਰੇ।
ਪੂਜਾ ਪ੍ਰਾਣ ਸੇਵਕੁ ਜੇ ਸੇਵੇ ਇਨ੍ਹ ਬਿਧਿ ਸਾਹਿਬੁ ਰਵਤੁ ਰਹੈ ॥
ਸੂਹੀ ਰਾਗੁ(ਪਦੇ), ਪੰਨਾ 728

(II) ਰਾਮ ਨਾਮੁ ਜਪਿ ਅੰਤਰਿ ਪੂਜਾ ਗੁਰਸਬਦੁ ਵੀਚਾਰਿ ਅਵਰੁ ਨਹੀਂ ਦੂਜਾ।
ਏਕੋ ਰਵਿ ਰਹਿਆ ਸਭ ਠਾਈ। ਅਵਰੁ ਨ ਦੀਸੈ ਕਿਸੁ ਪੂਜ ਚੜਾਈ।
ਪਰਭਾਤੀ ਰਾਗੁ(ਅਸ਼ਟਪਦੀਆਂ), ਪੰਨਾ 1345

## (ਚ) ਤੀਰਥ - ਯਾਤਰਾ

ਗੁਰੂ ਨਾਨਕ ਜੀਵਨੀ ਦੇ ਸੰਦਰਭ ਵਿਚ ਭਾਈ ਗੁਰਦਾਸ ਦੀਆਂ ਵਾਰਾਂ ਦੀ ਰਚਨਾਵੀ ਕਾਫ਼ੀ ਹੱਦ ਤੱਕ ਪ੍ਰਮਾਣਿਕਤਾ ਦਾ ਦਰਜਾ ਰੱਖਦੀ ਹੈ। ਭਾਈ ਗੁਰਦਾਸ ਦਾ ਪੁੰਜ ਵੀ ਗੁਰੂ ਘਰ ਤੇ ਗੁਰੂ ਸਾਹਿਬਾਨ ਦੇ ਸਿਧਾਂਤ ਨਾਲ ਸੰਬੰਧ ਬਣੇ ਨਿਕਟ ਵਰਤੀਆਂ ਵਾਲਾ ਤੇ ਗੁਰੂ ਤੇ ਚੇਤੰਨਤਾ ਉਤੇ ਆਧਾਰਿਤ ਨਿਜੀ ਅਨੁਭਵ ਦਾ ਹਿੱਸਾ ਹੈ। ਭਾਈ ਗੁਰਦਾਸ ਦੀ ਪਹਿਲੀ ਵਾਰ ਵਿਚ ਗੁਰੂ ਨਾਨਕ ਦਾ ਤੀਰਥਾਂ ਉਤੇ ਜਾਣ, ਉਥੋਂ ਦੀ ਹਾਲਤ ਨੂੰ ਪਰਖਣ ਜੋਖਣ ਤੇ ਸੰਬੰਧਿਤ ਪ੍ਰੋਹਤਾਂ ਨਾਲ ਚਰਚਾ ਵਾਰਤਾ ਵਿਚ ਪੈਣ ਦਾ ਜ਼ਿਕਰ ਹੈ।[1] ਇਵੇਂ ਹੀ ਗੁਰੂ ਨਾਨਕ ਜਨਮ ਸਾਖੀ ਪਰੰਪਰਾ ਦੇ ਅੰਤਰਗਤ , ਪੁਰਾਤਨ ਜਨਮ ਸਾਖੀ[2] ਜਨਮ ਸਾਖੀ ਮਿਹਰਬਾਨ[3] , ਅਤੇ ਭਾਈ ਬਾਲੇ ਵਾਲੀ ਜਨਮ ਸਾਖੀ ਵਿੱਚ ਵੀ ਗੁਰੂ ਨਾਨਕ ਦੇਵ ਜੀ ਦੇ ਕਈ ਤੀਰਥਾਂ ਉਤੇ ਜਾਣ ਦਾ ਜ਼ਿਕਰ ਮਿਲਦਾ ਹੈ। ਸਪਸ਼ਟ ਹੈ ਕਿ ਨਾਨਕ ਕਾਵਿ ਦੇ ਅੰਤਰਗਤ ਤੀਰਥਾਂ ਸੰਬੰਧੀ ਵਿਚਾਰ ਸਾਮਗਰੀ ਦਾ ਆਧਾਰ ਗੁਰੂ ਕਵੀ ਦਾ ਨਿੱਜੀ ਅਨੁਭਵ ਹੈ।

ਹਿੰਦੂ ਧਰਮ ਵਿਚ ਤੀਰਥਾਂ ਦੀ ਬੜੀ ਮਾਨਤਾ ਹੈ। ਅਨੇਕ ਕਥਾਵਾਂ ਇਨ੍ਹਾਂ ਦੀ ਮਹਾਨਤਾ ਅਤੇ ਪਵਿੱਤ੍ਰਤਾ ਨੂੰ ਪ੍ਰਗਟਾਉਣ ਲਈ ਲਿਖੀਆਂ ਗਈਆਂ ਹਨ। ਇਨ੍ਹਾਂ ਕਥਾਵਾਂ ਵਿਚ ਸ਼ਰਧਾ ਭਾਵਨਾ ਨੇ ਕਲਪਨਾ ਦੀਆਂ ਬੜੀਆਂ ਉਚੀਆਂ ਉਡਾਰੀਆਂ ਮਾਰੀਆਂ ਹਨ। ਤੀਰਥਾਂ ਦੇ ਵਿਵਰਣ ਵਿੱਚ ਅਸੀਂ ਪਹਿਲਾਂ ਹੀ ਕੁਝ ਕੁ ਕਥਾਵਾਂ ਦਾ ਵਰਣਨ ਕਰ ਆਏ ਹਾਂ। ਇਨ੍ਹਾਂ ਤੀਰਥ ਮਿਥ ਕਥਾਵਾਂ ਨੇ ਇਤਿਹਾਸ ਅਤੇ ਸਥਾਨ ਦੀ ਚੇਤਨਾਂ ਨੂੰ ਵੀ ਖੁੰਢ ਕਰ ਦਿੱਤਾ ਹੈ।ਗੁਰੂ ਨਾਨਕ ਕਾਵਿ ਵਿਚ ਤੀਰਥਾਂ ਸੰਬੰਧੀ ਮਿਥ ਕਥਾਵਾਂ ਨਹੀਂ ਦਿੱਤੀਆਂ ਗਈਆਂ। ਕੁਝ ਤੀਰਥਾਂ ਦੇ ਨਾਵਾਂ ਦੇ ਪ੍ਰਸੰਗ ਵਿੱਚ ਜਾਂ ਸਮੁੱਚੇ ਤੀਰਥ ਦੇ ਪ੍ਰਸੰਗ ਵਿਚ ਇਸ ਭਰਮ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਕੇਵਲ ਤੀਰਥ ਇਸ਼ਨਾਨ ਈਸ਼ਵਰ ਪ੍ਰੇਮ ਨੂੰ ਚਿੱਤ ਪਾਉਂਦਾ ਹੈ। ਤੀਰਥਾਂ ਸੰਬੰਧੀ ਆਮ ਪ੍ਰਚਲਤ ਧਾਰਨਾ, ਮੁਕਤੀ ਦੀ ਪ੍ਰਾਪਤੀ ਅਤੇ ਪਾਪ ਦਾ ਨਿਸਤਾਰਾ, ਦੇ ਭਰਮ ਜਾਲ ਨੂੰ ਤੋੜਿਆ ਹੈ। ਪਾਣੀ ਦੀ ਪਵਿੱਤ੍ਰਤਾ ਦੇ ਪ੍ਰਸੰਗ ਵਿਚ 'ਦੇਵੀ' ਦੁਆਰਾ ਤੀਰਥ ਸਥਾਪਨ ਦਾ ਕਿਤੇ ਨਾਮ ਮਾਤਰ ਸੰਕੇਤ ਆਇਆ ਹੈ। ਇਸ ਸੰਕੇਤ ਵਿਚ ਗੁਰੂ ਨਾਨਕ ਦੀ ਸਹਿਮਤੀ ਸ਼ਾਮਲ ਨਹੀਂ।

---

1. ਬਾਬਾ ਆਇਆ ਤੀਰਥੀ', ਤੀਰਥ ਪੁਰਬ ਸਭੇ ਫਿਰ ਵੇਖੈ ।
   ਭਾਈ ਗੁਰਦਾਸ , ਪਹਿਲੀ ਵਾਰ, ਪਉੜੀ 25
2. ਪੰਨਾ 59, ਸਾਖੀ ਨੰਬਰ 17
3. ਗੋਸ਼ਟ ਨੰਬਰ,48, 44-50,61 ਇਤਿਆਦਿ ।

## ਅੱਠ ਸਠ ਤੀਰਥ

ਗੁਰੂ ਨਾਨਕ ਨੇ ਅੱਠ ਸਠ ਅਰਥਾਤ ਅਠਾਹਠ ਤੀਰਥਾਂ ਦਾ ਕਈ ਥਾਂ ਸੰਕੇਤ ਕੀਤਾ ਹੈ।[1] ਗਿਆਨੀ ਲਾਲ ਸਿੰਘ ਸੰਗਰੂਰ ਵਾਲੇ[2] ਅਤੇ ਭਾਈ ਕਾਨ੍ਹ ਸਿੰਘ ਨਾਭਾ[3] ਨੇ ਇਨ੍ਹਾਂ 68 ਤੀਰਥਾਂ ਦੇ ਨਾਂ ਦਿੱਤੇ ਹਨ। ਪਰ ਪੱਕੇ ਤੌਰ ਤੇ ਇਹ ਨਹੀਂ ਆਖਿਆ ਜਾ ਸਕਦਾ ਕਿ ਜਦੋਂ ਗੁਰੂ ਨਾਨਕ 68 ਤੀਰਥਾਂ ਦਾ ਸੰਕੇਤ ਕਰਦੇ ਹਨ ਤਾਂ ਉਹ ਕਿਹੜੇ ਕਿਹੜੇ ਤੀਰਥ ਨੂੰ ਇਸ ਗਿਣਤੀ ਦੇ ਅੰਤਰਗਤ ਲਿਆਉਂਦੇ ਹਨ। ਉਂਜ ਵੀ ਇਸ [illegible] ਵਾਦ ਵਿਵਾਦ ਵਿੱਚ ਪੈਣ ਵਾਲੀ ਗੱਲ ਨਹੀਂ। ਨਾਨਕ ਕਾਵਿ ਵਿਚ ਤੀਰਥਾਂ ਵਿੱਚ ਵੱਡੇ ਛੋਟੇ ਦਾ ਕੋਈ ਅੰਤਰ ਨਹੀਂ। ਤੀਰਥ ਦਾ ਵੱਡਾ ਜਾਂ ਛੋਟਾ ਹੋਣਾ ਤੀਰਥ ਗਮਨ ਕਰਨ ਵਾਲੇ ਦੀ ਸ਼ਰਧਾ ਬਿਰਤੀ ਉੱਤੇ ਨਿਰਭਰ ਹੁੰਦਾ ਹੈ। ਵੈਸੇ ਗੁਰੂ ਸਾਹਿਬ ਦਾ ਅਠਾਹਠ ਤੋਂ ਭਾਵ ਸਰਬ ਤੀਰਥ ਹੈ।

ਜਿਨ੍ਹਾਂ ਤੀਰਥਾਂ ਦਾ ਵਿਸ਼ੇਸ਼ ਨਾਂ ਦਿੱਤਾ ਗਿਆ ਹੈ ਉਹ ਇਹ ਹਨ।(ੳ) ਗੰਗਾ ਨਦੀ ਤੇ ਇਸ ਉੱਤੇ ਵੱਸੇ ਹੋਏ ਤੀਰਥ, (ਅ) ਗੰਗਾ ਸਾਗਰ, (ੲ) ਤ੍ਰਿਬੇਣੀ ਸੰਗਮ, (ਸ) ਕਾਂਸ਼ੀ, (ਹ) ਗੋਮਤਿ, (ਕ) ਕੇਦਾਰਾ, (ਖ) ਕਾਂਤੀ, (ਗ) ਵਿਸ਼ਨ ਦੀਆਂ ਬਾਲ ਲੀਲਾਵਾਂ ਨਾਲ ਸੰਬੰਧੀ ਨਦੀ ਜਮੁਨਾ ਤੇ ਇਸ ਉੱਤੇ ਸਥਿਤ ਤੀਰਥ, (ਘ) ਦੁਆਰਕਾ ਪੁਰੀ, (ਙ) ਮਥਰਾ ਅਤੇ ਗੋਕਲ ਆਦਿ।[4]

ਉਪਰੋਕਤ ਤੀਰਥ ਗੁਰੂ ਨਾਨਕ ਦੇ ਸਮਕਾਲੀ ਹਿੰਦੂ ਸਮਾਜ ਵਿੱਚ ਜ਼ਰੂਰ ਇਕ ਮੂੰਹਾਂ ਤੇ ਚੜ੍ਹੇ ਹੋਣਗੇ। ਇਨ੍ਹਾਂ ਦੀ ਪ੍ਰਸਿਧਤਾ ਅੱਜ ਵੀ ਕਾਇਮ ਹੈ। ਪ੍ਰਯਾਗ, ਗੰਗਾ, ਸਾਗਰ, ਦੁਆਰਕਾ ਪੁਰੀ, ਮਥਰਾ ਵਿਸ਼ੇਸ਼ ਪ੍ਰਸਿਧੀ ਦੇ ਮਾਲਿਕ ਹਨ। ਪਰ ਨਾਨਕ ਕਾਵਿ ਦੀ ਵਿਸ਼ੇਸ਼ਤਾ ਇਹ ਹੈ ਕਿ ਇਨ੍ਹਾਂ ਪ੍ਰਸਿੱਧ ਤੀਰਥਾਂ ਦੇ ਨਾਂ ਸੰਕੇਤ ਹੀ ਦੇਣ ਤੱਕ ਆਪਣੇ ਆਪ ਨੂੰ ਸੀਮਿਤ ਰਖਿਆ ਗਿਆ ਹੈ, ਵੱਡੇ ਛੋਟੇ ਹੋਣ ਦਾ ਪ੍ਰਭਾਵ ਨਹੀਂ ਪੈਣ ਦਿੱਤਾ।

---

1. (I) ਸੁਣਿਐ ਅਠਸਠਿ ਕਾ ਇਸਨਾਨੁ ,ਜਪੁ,ਪਉੜੀ 10,ਪੰਨਾ 2
   (II) ਗਾਵਹਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ,ਜਪੁ,ਪਉੜੀ 27,ਪੰਨਾ 6
   (III) ਅਠਸਠਿ ਤੀਰਥ ਪੁੰਨ ਪੂਜਾ ਨਾਮੁ ਸਾਚਾ ਭਾਇਆ।
   ਆਪਿ ਸਾਜੇ ਥਾਪਿ ਵੇਖੈ ਤਿਸੈ ਭਾਣਾ ਭਾਇਆ। ਸੂਹੀ ਰਾਗੁ (ਛੰਤ),ਪੰਨਾ 766
   (I ) ਅਠਸਠਿ ਤੀਰਥ ਗੁਰ ਕੀ ਚਰਣੀ
   ਪੂਜੈ ਸਦਾ ਵਿਸੇਖੁ। ਮਾਝ ਰਾਗੁ,(ਵਾਰ),ਪੰਨਾ 147
2। ਗੁਰਮਤ ਮਾਰਤੰਡ,ਅਰਥਾਤ ਗੁਰਮਤ ਨਿਰਣਯ ਭੰਡਾਰ,ਪੰਨਾ 107
3. ਮਹਾਨ ਕੋਸ਼ ਪੰਨਾ 37
4. (I) ਗੰਗਾ ਜਮੁਨਾ ਕੇਲ ਕੇਦਾਰਾ। ਕਾਸੀ ਕਾਂਤੀ ਪੁਰੀ ਦੁਆਰਾ।
   ਗੰਗਾ ਸਾਗਰੁ ਬੇਣੀ ਸੰਗਮੁ ਅਠਸਠਿ ਅੰਕਿ ਸਮਾਈ ਹੇ। ਮਾਰੂ ਰਾਗੁ,(ਸੋਲਹੇ),ਪੰਨਾ 1022
   (II) ਗੰਗ ਜਮੁਨ ਤ੍ਰਬੇਣੀ ਸੰਗਮ
   ਸਾਤ ਸਮੁੰਦ ਸਮਾਵਾ। ਤੁਖਾਰੀ ਰਾਗੁ,(ਬਾਰਾਮਾਹ) ਪੰਨਾ 1109

ਤੀਰਥ ਯਾਤ੍ਰਾ ਦੇ ਉਦੇਸ਼ਾਂ ਵਿੱਚ ਪਾਪ ਤੋਂ ਨਿਵਿਰਤੀ ਸਵਰਗ ਅਤੇ ਮੁਕਤੀ ਦੀ ਲਾਲਸਾ ਜਾਂ ਉਚੀ ਅਵਸਥਾ ਵਿੱਚ ਪ੍ਰਭੂ ਦੀ ਪ੍ਰਾਪਤੀ ਦੀ ਲਾਲਸਾ ਛੁਪੀ ਹੋਈ ਹੈ।

ਮੁਕਤੀ, ਪਾਪ ਆਦਿ ਭਾਵਨਾ ਦਾ ਖੰਡਨ

ਨਾਨਕ ਬਾਣੀ ਵਿੱਚ ਤੀਰਥ ਇਸ਼ਨਾਨ ਦੇ ਮੁਕਤੀ ਫਲ ਦਾ ਖੰਡਣ ਕੀਤਾ ਗਿਆ ਹੈ।[1] ਪਾਪਾਂ ਦੀ ਮੈਲ ਵੀ ਇਸ ਇਸ਼ਨਾਨ ਨਾਲ ਨਹੀਂ ਧੁਲਦੀ[2], ਕੇਵਲ ਸਰੀਰ ਦੀ ਮੈਲ ਹੀ ਧੁਲਦੀ ਹੈ।

ਤੀਰਥ ਇਸ਼ਨਾਨ ਦੀ ਤੀਬਰ ਭਾਵਨਾ ਅਭਿਮਾਨੀ ਬਣਾਉਂਦੀ ਹੈ।[3] ਅਤੇ ਅਹੁੰ ਭਾਵਨਾ ਦਾ ਵਿਕਾਸ ਸਭ ਤੋਂ ਦੂਰ ਲੈ ਜਾਣ ਵਾਲਾ ਹੈ । ਸੋ ਤੀਰਥ ਗਮਨ ਦੇ ਹਉਮੈ ਰੋਗ ਤੋਂ ਬਚ ਕੇ ਰਹਣ ਦਾ ਉਪਦੇਸ਼ ਹੋਇਆ ਹੈ। ਇਸ ਅਧਿਕ ਵਿਸਤਾਰ ਵਾਲੇ ਕਰਮ ਤੋਂ ਮਨਾਹੀ ਕੀਤੀ ਗਈ ਸੀ।

ਤੀਰਥਾਂ ਉਤੇ ਕੁਝ ਕਰਮ ਵੀ ਕੀਤੇ ਜਾਂਦੇ ਹਨ ਜਿਵੇਂ ਪੁੰਨ ਦਾਨ, ਸਦਾਚਾਰ ਦਾ ਪਾਲਣ ਸੁਧ, ਆਤਮ ਹੱਤਿਆ, ਮੁੰਡਨ ਆਦਿ। ਨਾਨਕ ਬਾਣੀ ਵਿੱਚ ਤੀਰਥਾਂ ਦੇ ਪ੍ਰਸੰਗ ਵਿੱਚ ਇਨ੍ਹਾਂ ਵਿਚੋਂ ਕੁਝ ਕੁ ਦਾ ਸੰਕੇਤ ਮਿਲਦਾ ਹੈ। ਆਤਮ ਹੱਤਿਆ ਬਾਰੇ ਮਤਸਯਾ ਪੁਰਾਣ ਵਿੱਚ ਜ਼ਿਕਰ ਆਇਆ ਹੈ[4]। ਗੁਰੂ ਸਾਹਿਬ ਨੇ ਅਜਿਹੇ ਨਿਰਰਥਕ ਕਰਮਾਂ ਨੂੰ ਫੋਕਾ ਕਰਾਰ ਦਿੱਤਾ ਹੈ। ਇਨ੍ਹਾਂ ਨਾਲ ਮੁਕਤੀ ਨਹੀਂ ਮਿਲਦੀ[5]। ਵਰਤ ਰੱਖਕੇ ਭੁੱਖਾ ਰਹਿਣਾ, ਜਾਂ ਆਤਮ ਘਾਤ ਕਰਨਾ ਮੁਕਤੀ ਦੀ ਥਾਂ ਸਗੋਂ ਸੰਤਾਪ ਦਾ ਕਾਰਣ ਹਨ। ਤੀਰਥਾਂ ਉਪਰ ਜਾ ਕੇ ਕੀਤੀ ਤਪੱਸਿਆ ਅਤੇ ਦਿੱਤਾ ਹੋਇਆ ਦਾਨ ਵੀ ਕਿਸੇ ਕੰਮ

---

1. ਵਾਦੁ ਪਖਾਣਿ ਪਖਾਣੇ ਜਾਣਿਆ ਆਪੇ ਸੰਜਮਿ ਹੋਵੈ।
ਅੰਤਰਿ ਮੈਲੁ ਨਹੀ ਨਹੀਂ ਜਾਏ ਬਾਹਰਹੁ ਮਲਿ ਮਲਿ ਧੋਵੈ।
ਅੰਧਾ ਭੁਲਿ ਪਇਆ ਜਮ ਜਾਲੇ। ਮਾਝ ਰਾਗੁ, (ਵਾਰ), ਪੰਨਾ 139

2. (i) ਅੰਦਰਹੁ ਝੂਠੇ ਪੈਜ ਬਾਹਰਿ ਦੁਨੀਆ ਅੰਦਰਿ ਫੈਲੁ
ਅਠਸਠਿ ਤੀਰਥ ਜੇ ਨਾਵਹਿ ਉਤਰੈ ਨਾਹੀ ਮੈਲੁ। ਆਸਾ ਰਾਗੁ (ਵਾਰ) ਪੰਨਾ 473
(ii) ਤੀਰਥ ਭਰਮਸਿ ਬਿਆਧਿ ਨ ਜਾਵੈ ਨਾਮ ਬਿਨਾ ਕੈਸੇ ਸੁਖੁ ਪਾਵੈ।
ਰਾਮਕਲੀ ਰਾਗੁ (ਅਸ਼ਟਪਦੀਆਂ), ਪੰਨਾ 906

3. (i) ਬਹੁ ਤੀਰਥ ਭਵਿਆ ਤੇਤੋ ਲਵਿਆ। ਆਸਾ ਰਾਗੁ, (ਵਾਰ), ਪੰਨਾ 467
(ii) ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ।
ਇਕੁ ਭਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ।
ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ।
ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ। ਸੂਹੀ ਰਾਗ (ਸ਼ਲੋਕ), ਪੰਨਾ 689

4. ਮਤਸਯ ਪੁਰਾਣ 106/11, 107/15, 107/17-18

5. ਇਕਿ ਤੀਰਥਿ ਨਾਵਹਿ ਅੰਨੁ ਨ ਖਾਵਹਿ।
ਇਕਿ ਅਗਨਿ ਜਲਾਵਹਿ ਦੇਹ ਖਪਾਵਹਿ
ਰਾਮ ਨਾਮ ਬਿਨੁ ਮੁਕਤਿ ਨ ਹੋਈ
ਕਿਤੁ ਬਿਧਿ ਪਾਰਿ ਲੰਘਾਈ ਹੇ।
ਮਾਰੂ ਰਾਗੁ, (ਸੋਲਹੇ), ਪੰਨਾ 1025

ਨਹੀਂ। ਪੁੰਨਦਾਨ ਅਤੇ ਪੂਜਾ ਪਰਮੇਸ਼ਰ ਦੀ ਹੀ ਸਾਰਥਕ ਹੈ ਪੁੰਨਦਾਨ ਅਤੇ ਪੂਜਾ ਦੀ ਥਾਂ ਸੱਚੇ ਨਾਮ ਦੀ ਭਾਵਨਾ ਜਾਗਣੀ ਚਾਹੀਦੀ ਹੈ।[1]

ਅੰਤਰਗਤ ਤੀਰਥ

ਇਸ ਤਰ੍ਹਾਂ ਦੇ ਤੀਰਥ ਇਸ਼ਨਾਨ ਤੇ ਸੈਰ ਰਾਹੀਂ ਪਰਮੇਸ਼ਰ ਦੀ ਪ੍ਰਸੰਨਤਾ ਨੂੰ ਆਕਰਸ਼ਤ ਨਹੀਂ ਕਰਦੇ। ਜੋ ਘਰ ਬੈਠ ਕੇ ਸੇਵ ਕਰਨੀ ਜਾਂ ਤੀਰਥ ਦਾਨ ਕਰਨੇ ਅਤੇ ਪੁਰਖਾਂ ਦੇ ਇਸ਼ਨਾਨਾਂ ਨਾਲ ਸ਼ੁਧ ਤੇ ਰੋਗੀਆਂ ਰੋਗ ਦੂਰ ਕਰਨ ਦੀ ਲੋੜ ਨਹੀਂ।[2] ਜਪੁਜੀ ਵਿਚ ਤੀਰਥ ਦੇ ਪ੍ਰਸੰਗ ਵਿਚ ਅੰਤਰਗਤ ਤੀਰਥਿ ਦਾ ਮੁੱਖ ਥਲਦਾ ਹੈ। 'ਇਹ ਅੰਤਰਗਤ ਤੀਰਥ ਇਸ਼ਨਾਨ ਅੰਤਿਕ ਰਾਹੀਂ ਪ੍ਰਕਾਸ਼ ਸਰੂਪ ਪਰਮਾਤਮਾ ਦੀ ਪ੍ਰਾਪਤ ਹੈ।'[3] ਜਿਨ੍ਹਾਂ ਪਦਾਰਥਾਂ ਦੀ ਭਾਲ ਤੀਰਥਾਂ ਤੇ ਕੀਤੀ ਜਾਂਦੀ ਹੈ ਉਹ੍ਹਾਂ ਤੋਂ ਉਤਮ ਰਤਨ ਪਦਾਰਥ ਅੰਦਰ ਹਨ[4]। ਮੱਲ ਦੀ ਪ੍ਰਾਪਤੀ ਆਤਮ ਤੀਰਥ ਵਿਚ ਨਿਵਾਸ ਤੋਂ ਉਪਰੰਤ ਹੀ ਹੁੰਦੀ ਹੈ।[5]

ਸੱਚਾ ਤੀਰਥ

ਸੱਜਣਾਂ ਤੇ ਗੁਰਮੁਖਾਂ ਦੀ ਸੰਗਤ ਸੱਚੇ ਤੀਰਥ ਹਨ। ਸ਼ਬਦ ਅਤੇ ਧਰਮ ਦਾ ਵਿਚਾਰ, ਅਤੇ ਗੁਰੂ [illegible] ਵਚਨ ਜੋ ਗਿਆਨ ਦੀ ਦਾਤ ਪ੍ਰਦਾਨ ਕਰਨਾ ਹੀ ਨਿਤ ਦਾ ਤੀਰਥ ਇਸ਼ਨਾਨ ਸਮਝੋ। ਗੁਰੂ ਤੋਂ ਵਡਾ ਕੋਈ ਤੀਰਥ ਨਹੀਂ। ਗੁਰਦਰਸ਼ਨ ਹੀ ਅਠ ਸੱਠ ਤੀਰਥ ਇਸ਼ਨਾਨ ਹੈ।[6]

---

1. (i) ਤੀਰਥੁ ਤਪੁ ਦਇਆ ਦਤੁ ਦਾਨੁ। ਜੇ ਕੋ ਪਾਵੈ ਤਿਲ ਕਾ ਮਾਨੁ। ਜਪੁ, ਪਉੜੀ 21, ਪੰਨਾ 4
   (ii) ਅਠਸਠਿ ਤੀਰਥ ਪੁੰਨ ਪੂਜਾ ਨਾਮ ਸਾਚਾ ਭਾਇਆ।
   ਆਪਿ ਸਾਜੇ ਆਪਿ ਵੇਖੈ ਤਿਸੈ ਭਾਣਾ ਭਾਇਆ। ਸੂਹੀ ਰਾਗੁ, (ਛੰਤ), ਪੰਨਾ 766
   (iii) ਪੁੰਨ ਦਾਨ ਪੂਜਾ ਪਰਮੇਸੁਰ ਜੁਗਿ ਜੁਗਿ ਏਕੋ ਜਾਤਾ
   ਨਾਨਕ ਮਾਘਿ ਮਹਾਰਸੁ ਹਰਿ ਅਠ ਸਠਿ ਤੀਰਥ ਨਾਤਾ। ਤੁਖਾਰੀ ਰਾਗੁ (ਬਾਰਾਮਾਹ)
2. ਭਾਈ ਵੀਰ ਸਿੰਘ ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਪੋਥੀ ੧, ਪੰਨਾ 66
3. ਸੁਣਿਆ ਮੰਨਿਆ ਮਨਿ ਕੀਤਾ ਭਾਉ।
   ਅੰਤਰਗਤਿ ਤੀਰਥਿ ਮਲਿ ਨਾਉ। ਜਪੁ ਪਉੜੀ 21, ਪੰਨਾ 4
4. ਜੋ ਜਾਵਣ ਤਟਿ ਤੀਰਥ ਜਾਂਦੀ ਰਤਨ ਪਦਾਰਥ ਘਟ ਹੀ ਮਾਹੀ
   ਗਉੜੀ ਰਾਗੁ (ਪਦੇ), ਪੰਨਾ 152
5. ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ।
   ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ। ਆਸਾ ਰਾਗੁ (ਵਾਰ) ਪੰਨਾ 468
6. (i) ਤੀਰਥਿ ਨਾਵਣ ਜਾਉ ਤੀਰਥੁ [illegible] ਨਾਮ ਹੈ। ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ
   ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ।
   ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ।
   ਸੰਸਾਰੁ ਰੋਗੀ ਨਾਮੁ ਦਾਰੂ, ਮੈਲੁ ਲਾਗੈ ਸਚ ਬਿਨਾ।
   ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ।
   ਧਨਾਸਰੀ ਰਾਗੁ (ਛੰਤ), ਪੰਨਾ 687
   (ii) ਨਾਨਕ ਗੁਰ ਸਮਾਨਿ ਤੀਰਥੁ ਨਹੀ ਕੋਈ ਸਾਚੇ ਗੁਰ ਗੋਪਾਲਾ।
   ਆਸਾ ਰਾਗੁ (ਛੰਤ), ਪੰਨਾ 437

ਗੁਰੂ ਨਾਨਕ ਨੇ ਅਨੇਕ ਤੀਰਥ ਸਥਾਨ ਗਮਨ ਦੀ ਥਾਂ ਅੰਤਰਮੁਖ ਤੀਰਥ ਦਾ ਨਵਾਂ ਸੰਕਲਪ ਦਿੱਤਾ ਹੈ। ਨਾਮ ਵਿੱਚ ਟਿਕਣਾ, ਵਿਚਾਰ ਕਰਨਾ, ਗੁਰੂ ਚਰਣਾਂ ਵਿੱਚ ਜੁੜਨਾ, ਗੁਰਦਰਸ਼ਨ ਦੀ ਲੋਚਾਂ ਇਸ ਅੰਤਰਮੁਖ ਤੀਰਥ ਦੇ ਅੰਗ ਹਨ। ਇਸ ਵਿੱਚ ਪਾਪਾਂ ਤੋਂ ਨਿਵਰਤੀ ਦੀ ਕਲਪਨਾ ਨਹੀਂ, ਮੁਕਤੀ ਲਈ ਤੜਪ ਨਹੀਂ, ਪੁੰਨਦਾਨ, ਤੱਪ, ਜੱਗ, ਮੁੰਡਨ, ਆਤਮ ਦਾਹ ਆਦਿ ਦੀ ਮਿਥ ਚੇਤਨਾ ਦੀ ਪੁਨਰਾਵ੍ਰਿਤੀ ਨਹੀਂ। ਇਹ ਜਿਗਿਆਸੂ ਨੂੰ ਭਟਕਾਉਂਦਾ ਨਹੀਂ ਸਗੋਂ ਆਤਮ ਉਜਾਸਦ ਹੈ। ਆਤਮ ਗੌਰਵ ਪ੍ਰੋਹਤ ਦੀ ਅਧੀਨਗੀ ਤੋਂ ਛੁਟਕਾਰਾ ਦੇਣ ਵਾਲਾ ਮਾਰਗ ਵੀ ਹੈ।

ਗੁਰੂ ਨਾਨਕ ਬਾਣੀ ਵਿੱਚ ਤੀਰਥਾਂ ਨੂੰ ਠੀਕ ਨਹੀਂ ਆਖਿਆ ਗਿਆ। ਸਿਰਫ ਤੀਰਥਾਂ ਉੱਤੇ ਹੁੰਦੇ ਮੰਦ ਕਰਮਾਂ, ਵਿਕਾਰਾਂ ਤੇ ਅਡੰਬਰਾਂ ਨੂੰ ਵੇਖਕੇ, ਇਨ੍ਹਾਂ ਨੂੰ ਤਿਆਗ ਦੇਣ ਲਈ ਆਖਿਆ ਗਿਆ ਹੈ। ਇਸ਼ਨਾਨ ਨੂੰ ਮਾੜਾ ਨਹੀਂ ਕਹਿਆ, ਸਗੋਂ ਸਰੀਰ ਦੀ ਸਵੱਛਤਾ ਉੱਤੇ ਬਲ ਹੈ ਪਰ ਨਿਰੋਲ ਸਰੀਰ ਸਵੱਛਤਾ ਵੀ ਕੋਈ ਅਰਥ ਨਹੀਂ ਰੱਖਦੀ ਜਦੋਂ ਤੱਕ ਆਤਮਾ ਦੀ ਸਵੱਛਤਾ ਨੂੰ ਮੁੱਖ ਨਹੀਂ ਰੱਖਿਆ ਜਾਂਦਾ। ਆਤਮਾ ਦੀ ਸਵੱਛਤਾ ਵਾਸਤੇ ਅੰਤਰਮੁਖ ਤੀਰਥ ਦਾ ਸੰਕਲਪ ਬੜਾ ਉਤਕ੍ਰਿਸ਼ਟ ਸੰਕਲਪ ਹੈ।

ਇਸ ਤਰ੍ਹਾਂ ਨਾਨਕ ਬਾਣੀ ਨੇ ਤੀਰਥਾਂ ਨਾਲ ਜੁੜੀ ਮਿੱਥ ਚੇਤਨਾ ਨੂੰ ਸਵੀਕਾਰਿਆ ਹੀ ਨਹੀਂ।

## (ੲ) ਸੰਸਕਾਰ (ਜਨਮ ਤ ਜੀਵਨ ਦੇ)

'ਸੰ' ਉਪਸਰਗ ਅਤੇ 'ਕ੍ਰਿ' ਧਾਤੂ ਤੋਂ ਇਹ ਸ਼ਬਦ ਬਣਿਆ ਹੈ ਅਤੇ ਇਸਦਾ ਅਰਥ ਸੁਧਾਰਨਾ, ਸ਼ੁਧ ਕਰਨਾ ਹੈ। 'ਸੰਸਕਾਰ ਧਰਮ ਰੀਤੀ ਨਾਲ ਕੀਤੇ ਅਜੇਹੇ ਕਰਮਾਂ ਦਾ ਨਾਂ ਹੈ ਜਿਸਦਾ ਚਿੱਤ ਤੇ ਅਸਰ ਬਣਿਆ ਰਹਵੇ'।[1] ਸਪਸ਼ਟ ਹੈ ਕਿ ਸੰਸਕਾਰ ਧਰਮ ਨਾਲ ਅੰਤਰ ਸੰਬੰਧਿਤ ਹਨ। ਸੰਸਕਾਰ ਧਰਮ ਦਾ ਵਿਹਾਰਕ ਤੇ ਬਾਹਰੀ ਪੱਖ ਹਨ। ਇਨ੍ਹਾਂ ਨੂੰ ਧਰਮ ਗ੍ਰੰਥਾਂ ਵਿੱਚ ਪ੍ਰਮਾਣਕੀ ਪ੍ਰਾਪਤ ਹੈ ਅਤੇ ਇਨ੍ਹਾਂ ਵਿਚ ਇਨ੍ਹਾਂ ਦੀ ਬੜੀ ਮਹਿਮਾ ਗਾਈ ਗਈ ਹੈ। ਇਨ੍ਹਾਂ ਨੂੰ ਪਾਪ ਨਿਵਾਰਣ ਦਾ ਕਾਰਣ ਮੰਨ ਲਿਆ ਗਿਆ[2] ਅਤੇ ਇਹ ਵੀ ਆਖਿਆ ਗਿਆ ਹੈ ਕਿ ਸੰਸਕਾਰਾਂ ਦੀ ਪੂਰਤੀ ਨਾਲ ਜੀਵ, ਜੀਵ ਪਦ ਨੂੰ ਛੱਡ ਕੇ ਬ੍ਰਹਮ ਪੱਦ ਨੂੰ ਪ੍ਰਾਪਤ ਹੋ ਜਾਂਦਾ ਹੈ। ਸੰਸਕਾਰਾਂ ਦੇ ਫਲ ਬਾਰੇ, ਵਿਸ਼ੇਸ਼ ਰੂਪ ਵਿੱਚ ਸਿਮ੍ਰਿਤੀਆਂ ਵਿਚ ਚਰਚਾ ਕੀਤੀ ਗਈ ਹੈ।

ਸੰਸਕਾਰ ਮਨੁੱਖੀ ਪ੍ਰਿਰਤੀ ਦੇ ਵਿਕਾਸ ਚਿੰਤਕ ਦੀ ਪੱਕੀ ਜਾਣਕਾਰੀ ਦੀ ਸੂਚਨਾ ਵੀ ਦਿੰਦਾ ਹੈ। ਇਸ ਵਿਚ ਮਾਨਵ ਜਾਤੀ ਦੇ ਮੁੱਢਲੇ ਪੜਾਵਾਂ ਦੀ ਸਭਿਅਤਾ ਦੇ ਅਮਿਟ ਪ੍ਰਭਾਵਾਂ ਦੇ ਦਰਸ਼ਨ ਵੀ ਹੁੰਦੇ ਹਨ। ਉਦਾਹਰਣ ਸਰੂਪ ਪਿਤ੍ਰ ਪੂਜਾ ਹੀ ਲਉ। ਆਦਿਮ ਕਾਲੀਨ ਮਨੁੱਖ ਦੀ ਪ੍ਰਵਿਰਤੀ ਵਿੱਚ ਪਿਤਰ ਪੂਜਾ (ancestor worship ) ਦਾ ਸੰਚਾਰ ਹੋਇਆ। ਇਹੋ ਵਿਕਾਸ ਪ੍ਰਕਰਣ ਹੋ ਕੇ ਦੇਵ ਪੂਜਾ ਦਾ ਆਧਾਰ ਬਣ ਗਿਆ।[3] ਆਦਿਮ ਕਾਲੀਨ ਵਿਸ਼ਵਾਸ਼ ਧਾਰਣਾਂ ਕਿਵੇਂ ਸਦੀਆਂ ਦੇ ਵਿਕਾਸ ਪਿੱਛੋਂ ਵੀ ਰੂਪ ਪਰਿਵਰਤਨ ਦੇ ਘੇਰੇ ਵਿਚੋਂ ਲੰਘ ਕੇ ਆਪਣੇ ਅਸਤਿਤਵ ਨੂੰ ਕਾਇਮ ਰੱਖਦੀ ਹੈ। ਇਹ ਗੱਲ ਹੈਰਾਨ ਹੁੰਨ ਹੈ ਤੇ ਇਸ ਚੇਤਨਾ ਦੀ ਮਨੁੱਖੀ ਮਨ ਉੱਤੇ ਅਮਿਟ ਛਾਪ ਦੀ ਸੂਚਕ ਹੈ।

ਹਿੰਦੂ ਧਰਮ ਗ੍ਰੰਥਾਂ ਵਿੱਚ ਕਈ ਸੰਸਕਾਰਾਂ ਦਾ ਉਲੇਖ ਹੈ। ਇਨ੍ਹਾਂ ਦੀ ਗਿਣਤੀ ਵਿੱਚ ਪਰਸਪਰ ਮਤਭੇਦ ਵੀ ਹੈ। ਕਿਤੇ 40, ਕਿਤੇ 25 ਅਤੇ ਕਿਤੇ 16 ਸੰਸਕਾਰ ਮੰਨੇ ਗਏ ਹਨ।[4] ਵਿਆਸ ਸਿਮ੍ਰਿਤੀ ਵਿਚ 16 ਸੰਸਕਾਰਾਂ ਦਾ ਵਰਣਨ ਹੈ[5] ਮਨੂੰ ਸਿਮ੍ਰਿਤੀ ਦੇ ਦੂਜੇ ਅਧਿਆਇ ਵਿੱਚ 12 ਸੰਸਕਾਰਾਂ ਦਾ ਉਲੇਖ ਹੈ।[6] ਕੁਝ ਵੀ ਹੋਵੇ, ਹਿੰਦੂ ਧਰਮ ਵਿੱਚ ਸੰਸਕਾਰ, ਧਰਮ ਦਾ ਮਹੱਤਵ ਪੂਰਣ ਅੰਗ ਹਨ।

---

1. ਮਹਾਨ ਕੋਸ਼, ਪੰਨਾ 177
2. ਸਿਧੇਸ਼ਵਰੀ ਨਾਰਾਇਣ ਰਾਏ, ਪੌਰਾਣਿਕ ਧਰਮ ਏਵੰ ਸਮਾਜ, ਪੰਨਾ 215
3. ਸੋਹਿੰਦਰ ਸਿੰਘ ਬੇਦੀ(ਡਾ.) [illegible] ਲੋਕ ਪ੍ਰਵਾਹ, ਪੰਨਾ 29, [illegible] 7
4. ਦਯਾਨੰਦ ਮਹਾਰਾਜ ਵਿਰਚਿਤ—ਧਰਮ ਵਿਗਿਆਨ ਪ੍ਰਥਮ ਖੰਡ ਸ੍ਰੀ ਭਾਰਤ ਧਰਮ ਮਹਾਂ ਮੰਡਲ ਸ਼ਾਸਤ੍ਰ, ਪ੍ਰਕਾਸ਼ ਵਿਭਾਗ, ਜਗਤ ਗੰਜ, ਬਨਾਰਸ, 1?36, ਪੰਨਾ 129
5. ਉਹੀ, ਪੰਨਾ 130
6. ਗਰਭ ਦਾਨ, ਪੁੰਸਵਨ ਸੀਮੰਤੋਨਯਨ, ਜਾਤ ਕਰਮ, ਨਾਮ ਕਰਮ, ਨਿਸ਼ ਕ੍ਰਮਣ, ਅੰਨ ਪ੍ਰਾਸ਼ਨ, ਚੂੜਾ ਕਰਮ, ਉਪਨਯਨ, ਕੇਸ਼ਾਂਤ, ਸਮਾਵਰਤਨ ਅਤੇ ਵਿਵਾਹ, ਮਹਾਨ ਕੋਸ਼, ਪੰਨਾ 25

ਗੁਰੂ ਨਾਨਕ ਕਾਵਿ ਵਿਚ ਸੰਸਕਾਰਾਂ ਪ੍ਰਤੀ ਵਿਚਾਰ ਪ੍ਰਗਟ ਹੋਏ ਹਨ। ਕੁਝ ਸੰਸਕਾਰਾਂ ਦੀ ਬੜੀ ਤਿੱਖੀ ਆਲੋਚਨਾ ਹੋਈ ਹੈ। ਤਿੱਖੀ ਆਲੋਚਨਾ ਦਾ ਕਾਰਣ, ਸਮਕਾਲੀਨ ਧਾਰਮਿਕ ਵਿਵਸਥਾ ਵਿੱਚ ਵਿ ਦੀ ਮੂਲ ਸਿਰਜੀ ਹੈ ਜਿਸ ਦੇ ਅਧੀਨ ਬ੍ਰਾਹਮਣ ਵਰਗ ਦੇ ਆਡੰਬਰ ਜਾਲ ਵਿਚ ਗਿੱਧੇ ਜਾਂਦੇ ਲੋਕ ਆਪਣਾ ਅਸਤਿਤਵ ਖੋ ਰਹੇ ਸਨ। ਸੰਸਕਾਰ ਦੇ ਮੋਹ ਜਾਲ ਵਿਚ ਗ੍ਰਸਤ ਮਨੁੱਖ 'ਧਰਮ' ਨੂੰ ਵਿਸਾਰ ਬੈਠਾ ਸੀ। ਬ੍ਰਾਹਮਣ ਵਰਗ ਦੀ ਚਲਾਕੀਆਂ ਅਧੀਨ ਲੋਕ ਆਤਮਕ ਨਿਰਬਲਤਾ ਦੀ ਡੂੰਘੀ ਖੱਡ ਵਿੱਚ ਡਿੱਗ ਰਹੇ ਸਨ। ਬ੍ਰਾਹਮਣ ਵਰਗ ਲੁੱਟ ਖਸੁੱਟ ਦੀ ਵਿਧਾਨ ਕ੍ਰੀੜਾ ਅਧੀਨ ਧਰਮ ਦਾ ਇਹ ਢੌਂਗ ਖਤਮ ਕਰਨਾ ਲੋੜਦਾ ਹੀ ਨਹੀਂ ਸੀ ਕਿਉਂਕਿ ਇਹ ਢੌਂਗ ਜਾਲ, ਉਸਦੀ ਸਮਾਜਿਕ ਸਤ੍ਹਾ ਨੂੰ ਬਲ ਦੇਂਦਾ ਸੀ ਅਤੇ ਉਸਦੀ ਵਿਲਾਸ ਭਾਵਨਾ ਨੂੰ ਤਰੰਗਿਤ ਕਰਦਾ ਸੀ। ਗੁਰੂ ਨਾਨਕ ਕਾਵਿ ਵਿਚ ਬ੍ਰਾਹਮਣ ਦੀ ਸਤਾ ਨੂੰ ਵੀ ਵੰਗਾਰਿਆ ਗਿਆ ਹੈ ਤੇ ਇਸ ਲੋਟ ਢੰਗ ਦੇ ਆਡੰਬਰ ਨੂੰ ਵੀ ਬੇਪਰਦ ਕੀਤਾ ਗਿਆ ਹੈ। ਪੁਰਾਣਾਂ ਵਿਚ ਸਿਰਜੇ ਬ੍ਰਾਹਮਣ ਦੇ ਸਿਰਲਪ ਨੂੰ ਤੋੜਿਆ ਗਿਆ ਹੈ ਤੇ ਸਮਕਾਲੀ ਮਨੁੱਖ ਨੂੰ ਝੰਜੋੜਿਆ ਗਿਆ ਹੈ।

ਸੰਸਕਾਰਾਂ ਦੇ ਅੰਤਰਗਤ ਆਉਣ ਵਾਲੀਆਂ ਅਨੁਸ਼ਠਾਨਗਤ ਵਿਧੀਆਂ ਇਸ ਪ੍ਰਕਾਰ ਹਨ:

<u>ਗਰਭਧਾਨ:</u>

ਸੰਤਾਨ ਉਤਪਤੀ ਲਈ ਪਤੀ ਪਤਨੀ ਸੰਗ ਸਮੇਂ ਚਿਤ ਬ੍ਰਿਤੀ ਦੀ ਅਰਾਧਨਾ ਇਹੋ ਜਿਹੀ ਹੋਵੇ ਕਿ ਪਿਤਾ ਮਾਤਾ ਦੇ ਸਥੂਲ ਅਤੇ ਸੂਖਮ ਸ਼ਰੀਰ ਦੇ ਦੋਸ਼ ਸੰਤਾਨ ਵਿਚ ਅਕੁਰ ਤੋਂ ਬਚ ਜਾਣ ਅਰਥਾਤ ਦੇਵਤਿਆਂ ਦੀ ਚਿੰਤਨ ਮਨ ਵਿਚ ਹੋਵੇ। ਨਾਨਕ ਕਾਵਿ ਵਿਚ ਇਸ ਸੰਸਕਾਰ ਦੀ ਵਿਸ਼ੇਸ਼ ਪ੍ਰਸੰਗ ਵਿਚ ਕਾਵੇਂ ਗੱਲ ਨਹੀਂ ਤੁਰੀ, ਪਰ 'ਨਿਮਿਨ ਕਾਰਜ ਨੂੰ 'ਹੁਕਮ' ਦਾ ਵਰਤਾਰਾ ਮੰਨਿਆ ਗਿਆ ਹੈ।[1] ਉਂਜ ਗਰਭਧਾਨ ਦੇ ਅੰਤਰਗਤ ਚਿਤ ਬ੍ਰਿਤੀ ਦਾ ਸੰਜਮੀ ਹੋਣਾ ਇਕ ਚੰਗਾ ਲੱਛਣ ਹੈ ਜਿਸ ਨੂੰ ਨਾਨਕ ਬਾਣੀ ਵਿਚ ਕਿਤੇ ਮਾੜਾ ਨਹੀਂ ਆਖਿਆ ਗਿਆ। ਸੰਸਕਾਰ ਵਜੋਂ ਇਸਨੂੰ ਅਪਣਾਉਣ ਜਾਂ ਤਿਆਗਣ ਬਾਰੇ ਕੋਈ ਸੰਕੇਤ ਨਹੀਂ ਦਿੱਤਾ ਗਿਆ।

ਪੁਸਵੰਨ

ਸੋਲਹ ਉਪਯੋਗੀ ਪੁਤ੍ਰਸਮੂਹ ਸਰੀਰ ਦੀ ਪ੍ਰਾਪਤੀ ਲਈ ਇਹ ਸੰਸਕਾਰ ਕੀਤਾ ਜਾਂਦਾ ਹੈ। ਇਸਦਾ ਸਮਾਂ ਗਰਭ ਠਹਿਰਣ ਉਪਰੰਤ ਤੀਜੇ ਮਹੀਨੇ ਦੇ ਦਸਵੇਂ ਦਿਨ ਤੱਕ ਮਿਥਿਆ ਗਿਆ ਹੈ। ਗਰਭ ਰਖਸ਼ਾ ਹਿਤ ਦੇਵ ਅਰਾਧਨਾ ਦਾ ਵਿਧਾਨ ਦੱਸਿਆ ਗਿਆ ਹੈ। ਨਾਨਕ ਬਾਣੀ ਵਿਚ ਪੁਸਵੰਨ ਸੰਸਕਾਰ ਦਾ ਸਿੱਧਾ ਵਰਨਣ ਨਹੀਂ।

---

1. ਹੁਕਮੀ ਅੰਦਰ ਨਿੰਮਿਆ ਧਿਆਰੇ ਹੁਕਮੀ ਉਦਰ ਮਝਾਰਿ।
- ਹੁਕਮੀ ਅੰਦਰਿ ਜੰਮਿਆ ਪਿਆਰੇ ਊਧਉ ਸਿਰ ਕੈ ਭਾਰਿ।

ਸੋਰਠਿ ਰਾਗੁ (ਅਸ਼ਟਪਦੀਆਂ), ਪੰਨਾ ੬੩੬

## ਜਾਤ ਕਰਮ, ਨਾਮ ਕਰਣ, ਅੰਨ ਪ੍ਰਾਸ਼ਨ।

ਜਾਤ ਕਰਮ, ਨਾਮ ਕਰਣ, ਅੰਨ ਪ੍ਰਾਸ਼ਨ ਆਦਿ ਸੰਸਕਾਰ ਕ੍ਰਮ ਅਨੁਸਾਰ ਬੱਚੇ ਦੀ ਜਨਮ ਉਪਰੰਤ ਮੂੰਹ ਆਦਿ ਦੀ ਸਫ਼ਾਈ, ਨਾਮ ਰੱਖਣਾ, ਤੇ ਮੂੰਹ ਵਿਚ ਅੰਨ ਦੀ ਦ੍ਰਾਖੀ ਪਾਉਣਾ ਆਦਿ ਹਨ। ਇਨ੍ਹਾਂ ਸੰਸਕਾਰਾਂ ਦਾ ਸੰਸਕਾਰਾਂ ਵਜੋਂ ਗੁਰਬਾਣੀ ਵਿਚ ਵਰਨਣ ਨਹੀਂ ਮਿਲਦਾ, ਹਾਂ ਸਫ਼ਾਈ, ਨਾਮ ਬਾਰੇ ਜਾਂ ਭੋਜਨ ਖਾਣ ਬਾਰੇ ਵਿਕੋਲਿਤਰੇ ਰੂਪ ਵਿਚ ਹਵਾਲੇ ਜ਼ਰੂਰ ਮਿਲਦੇ ਹਨ ਜਿਨ੍ਹਾਂ ਦਾ ਧਿਆਨ 'ਸੁਚਾਚਾਰ' ਵਾਲੇ ਪ੍ਰਸੰਗ ਵਿਚ ਕੀਤਾ ਗਿਆ ਹੈ।

## ਚੂੜਾ ਕਰਣ

ਬੋਦੀ ਰੱਖਣੀ ਬਾਕੀ ਦੇ ਕੇਸ ਕੱਟ ਦੇਣਾ ਚੂੜਾ ਕਰਣ ਸੰਸਕਾਰ ਹੈ। ਬੋਦੀ ਧਾਰਣ ਕਰਨ ਬਾਰੇ ਨਾਨਕ ਬਾਣੀ ਵਿਚ ਸੰਕੇਤ ਮਿਲਦੇ ਹਨ। ਇਸੇ ਤਰ੍ਹਾਂ ਭਦਨ ਜਾਂ ਸਿਰ ਮਨਾਉਣ ਬਾਰੇ ਸੰਕੇਤ ਵੀ ਆਏ ਹਨ। ਇਥੇ ਇਨ੍ਹਾਂ ਨੂੰ ਤੱਤਹੀਨ ਪਾਖੰਡ ਕਰਮ ਮੰਨਿਆ ਹੈ ਅਤੇ ਧਾਰਮਿਕ ਅਦਾਰਾਂ ਨਾਲ ਇਨ੍ਹਾਂ ਦੀ ਕੋਈ ਸਾਂਝ ਨਹੀਂ ਮੰਨੀ।[1]

## ਉਪਨਯਨ

ਹਿੰਦੂ ਧਰਮ ਵਿੱਚ ਇਹ ਸੰਸਕਾਰ ਪ੍ਰਮੁੱਖ ਸੰਸਕਾਰ ਹੈ। ਪੁਰਾਤਨ ਕਾਲ ਵਿਚ ਵਿਦਿਆ ਦੀਖਿਆ ਸਮੇਂ, ਅਰਥਾਤ ਬਾਲਕ ਨੂੰ ਗੁਰੂ ਦੇ ਸਪੁਰਦ ਕਰਨ ਸਮੇਂ ਉਸਨੂੰ ਜਨੇਊ ਧਾਰਣ ਕਰਾਇਆ ਜਾਂਦਾ ਸੀ। ਸ਼ਾਇਦ ਇਸ ਦਾ ਕਾਰਣ ਕੋਈ ਨਵਾਂ ਉਤਸ਼ਾਹ ਬਲ ਜਾਂ ਕੇਵਲ ਪਛਾਣ ਦਾ ਨਿਸ਼ਾਨ ਦੇਣਾ ਹੀ ਹੋਵੇ ਕਿਉਂਕਿ ਵੱਖ ਵੱਖ ਜਾਤਾਂ ਦੇ ਜਨੇਊ ਵੀ ਵੱਖ ਵੱਖ ਸਨ। ਮਨੂ ਸਿਮ੍ਰਿਤੀ ਅਨੁਸਾਰ ਬ੍ਰਾਹਮਣ ਦਾ ਜਨੇਊ ਕਪਾਹ ਦੇ ਧਾਗੇ ਦਾ ਅਤੇ ਖਤਰੀ ਦਾ ਊਨ ਦੇ ਧਾਗੇ ਦਾ ਹੋਣਾ ਚਾਹੀਦਾ ਹੈ।[2] ਇਸ ਸੂਤ ਜਾਂ ਕਪਾਹ ਦੇ ਧਾਗੇ ਨੂੰ ਪਵਿੱਤ੍ਰ ਮੰਨ ਕੇ ਵਿਧੀ ਅਨੁਸਾਰ ਪਹਿਨਾਇਆ ਜਾਂਦਾ ਸੀ। ਇਹ ਵਿਸ਼ਵਾਸ ਵੀ ਸੀ ਕਿ ਇਸਦੀਆਂ ਨੌ ਤੰਦਾਂ ਵਿੱਚ ਨੌ ਦੇਵਤਿਆਂ ਦਾ ਅਧਿਸ਼ਠਾਨ ਹੈ ਤੇ ਇਸਨੂੰ ਪਹਿਨਣ ਵਾਲਾ ਨੌ ਦੇਵਤਿਆਂ ਦੇ ਗੁਣਾਂ ਨੂੰ ਧਾਰਣ ਕਰ ਲੈਂਦਾ ਹੈ। ਇਸਨੂੰ ਪਹਿਨਣ ਵਾਲਾ ਦੁਇ ਜਨਮਾ ਕਹਾਉਂਦਾ। ਪਹਿਲਾ ਜਨਮ ਮਾਤ ਗਰਭ ਤੋਂ ਅਤੇ ਦੂਜਾ ਉਪਨਯਨ ਸੰਸਕਾਰ ਤੋਂ। ਇਸ ਨੂੰ ਪਹਿਨਣ ਸਮੇਂ ਦੀਆਂ ਗੀਤਾਂ, ਰੁਤਾਂ, ਮਹੀਨਿਆਂ, ਮੰਤ੍ਰਾਂ, ਪੂਜਾ ਵਿਧਾਨਾਂ ਤੇ ਦਾਨਾਂ ਦਾ ਵੇਰਵਾ ਵੀ ਧਰਮ ਗ੍ਰੰਥਾਂ ਵਿੱਚ ਹੈ।

---

1. ਡੰਡ ਕਮੰਡਲ ਸਿਖਾ ਸੂਤੁ ਧੋਤੀ ਤੀਰਥਿ ਗਵਨੁ ਅਤਿ ਭ੍ਰਮਨੁ ਕਰੈ।
   ਰਾਮ ਨਾਮ ਬਿਨੁ ਸਾਂਤਿ ਨ ਆਵੈ ਜਪਿ ਹਰਿ ਹਰਿ ਨਾਮੁ ਸੁ ਪਾਰਿ ਪਰੈ।
   ਭੈਰਉ ਰਾਗੁ(ਮ:੧), 1127
2. ਉਧਰਿਤ- ਸੁਰਿੰਦਰ ਸਿੰਘ ਕੋਹਲੀ(ਡਾ.) 'ਨਾਨਕ ਲੋਕ ਪ੍ਰਵਾਹ', ਪੰਨਾ 51

ਨਾਨਕ ਬਾਣੀ ਵਿੱਚ ਇਸ ਸੰਸਕਾਰ ਦਾ ਸਭ ਨਾਲੋਂ ਵੱਧ ਜ਼ਿਕਰ ਹੈ। ਉਸ ਸਮੇਂ ਦੇ ਸਮਾਜਕ ਵਾਤਾਵਰਣ ਵਿੱਚ ਇਹ ਭੇਦ ਭਾਵਨਾ ਦਾ ਕਾਰਣ ਬਣ ਚੁੱਕਾ ਸੀ। ਸੂਦਰ ਨੂੰ ਪਹਿਨਣ ਦਾ ਹੱਕ ਨਹੀਂ ਸੀ ਤੇ ਬ੍ਰਾਹਮਣ ਪਹਿਨ ਕੇ ਆਪਣੇ ਆਪ ਨੂੰ ਅਛੂਤਾ ਤੇ ਉਚਾ ਸਮਝਣ ਲਗ ਪਿਆ ਸੀ। ਜ਼ਾਤ ਅਤੇ ਵਰਣ ਦੀ ਅਹੰਭਾਵਨਾ ਇਸ ਨਾਲ ਹੋਰ ਵੀ ਜ਼ੋਰ ਪਕੜ ਰਹੀ ਸੀ। ਜਨੇਊ ਗੁਰੂ ਨਾਨਕ ਅਨੁਸਾਰ ਆਪਣੇ ਅਰਥ ਗਵਾ ਚੁਕਾ ਸੀ ਅਤੇ ਹੁਣ ਧਰਮ ਪ੍ਰਵਿਰਤੀ ਵਿੱਚ ਕਿਸੇ ਤਰ੍ਹਾਂ ਵੀ ਸਹਾਇਕ ਨਹੀਂ ਸੀ, ਸਗੋਂ ਚਿੰਨ੍ਹ ਮਾਤਰ ਧਾਗਾ ਹੀ ਰਹਿ ਗਿਆ ਸੀ। ਇਸ ਨਿਰਾਰਥਕ ਚਿੰਨ ਤੇ ਸੰਸਕਾਰ ਕਰਮ ਦੀ ਨਾਨਕਬਾਣੀ ਵਿਚ ਬੜੀ ਵਿਵੇਕ ਪੂਰਣ ਢੰਗ ਨਾਲ ਨਿਖੇਧੀ ਕੀਤੀ ਗਈ ਹੈ।

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟ।
ਇਹੁ ਜਨੇਊ ਜੀਅ ਕਾ ਹਈ ਤਾਂ ਪਾਡੇ ਘਤੁ।
ਨ ਇਹ ਤੁਟੈ ਨ ਮਲੁ ਲਗੈ ਨਾ ਏਹ ਜਲੈ ਨ ਜਾਇ।
ਧਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ।[1]

ਬਕਰੇ ਦੀ ਬਲੀ ਦੇਣੀ ਤੇ ਮਾਸ ਦਾ ਅਨੰਦ ਮਾਨਣਾ ਇਸ ਧਰਮ ਸੰਸਕਾਰ ਵਿਚ ਹਿੰਸਾ ਨੂੰ ਸਨਦਾਨ ਦਿੰਦਾ ਹੈ। ਪੰਡਿਤਾਂ ਨੇ ਬਕਰੇ ਦੀ ਬਲੀ ਨੂੰ ਵੀ ਜਨੇਊ ਦੀ ਵਡਿਆਈ ਵਿਚ ਜੋੜ ਛੱਡਿਆ ਸੀ।

ਤਗੁ ਕਪਾਹਹੁ ਕਤੀਐ ਬਾਮ੍ਹਣੁ ਵਟੇ ਆਇ।
ਕੁਹਿ ਬਕਰਾ ਰਿੰਨਿ ਖਾਇਆ ਸਭੁ ਕੋ ਆਖੈ ਪਾਇ।[2]

ਇਸ ਸੰਸਕਾਰ ਦਾ ਗੁਰੂ ਨਾਨਕ ਅਨੁਸਾਰ ਕੋਈ ਲਾਭ ਨਹੀਂ ਮਨੁੱਖ ਨੇ ਵੇਰਵਾ ਜਾਣਾ ਹੈ। ਇੰਦ੍ਰੀਆਂ ਦੇ ਸੰਜਮ ਤੇ ਚਿਤ ਬਿਰਤੀਆਂ ਦੇ ਨਿਰੋਧ ਵਿੱਚ ਇਸ ਦਾ ਕੋਈ ਹਿੱਸਾ ਨਹੀਂ ਇਸਨੂੰ ਪਹਿਨਾਉਣ ਵਾਲੇ ਦਾ ਚਿੰਨ ਧਾਰਣ ਤਾਂ ਕੀਤਾ ਹੋਇਆ ਹੈ ਪਰ ਉਸਦੇ ਕਰਮਾਂ, ਕਰਣੀਆਂ ਤੇ ਭਾਵਨਾਵਾਂ ਉਪਰ ਸੰਜਮ ਜਾਂ ਅੰਕੁਸ਼ ਨਹੀਂ ਪਾਖੰਡ ਕੱਢ ਹੀ ਦਿੱਤਾ ਜਾਏ ਤਾਂ ਚੰਗਾ ਹੈ।

ਇਓਂ ਗੁਰੂ ਨਾਨਕ ਜੀ ਨੇ ਇਸ ਸੰਸਕਾਰ ਦੇ ਪ੍ਰਚਲਤ ਸਹੀ ਅਰਥ ਨੂੰ ਸਾਹਮਣੇ ਰਖਕੇ, ਇਸਦੇ ਸੂਤਾਂ ਵਿਚ ਪਰਿਵਰਤਨ ਕੀਤਾ ਹੈ ਅਤੇ ਆਪਣੇ ਵਲੋਂ ਜਨੇਊ ਦੀ ਇਕ ਨਵੀਂ ਛਾਨ ਪੇਸ਼ ਕੀਤੀ ਹੈ। ਉਨ੍ਹਾਂ ਦਾ ਖਿਆਲ ਹੈ ਕਿ ਅਸਲ ਜੰਞੂ, ਜਤ ਸਤ, ਸੰਤੋਖ ਦਇਆ ਆਦਿ ਆਤਮਕ ਕਲਿਆਣ ਦੇ ਧਾਰਣ ਯੋਗ ਗੁਣਾਂ ਦਾ ਹੋਣਾ ਚਾਹੀਦਾ ਹੈ। ਇਹ ਪਾਸ਼ਵਿਕ ਤੇ ਲਾਲਸਾ ਦੇ ਘੇਰੇ ਵਿਚੋਂ ਕਢਣ ਵਾਲੀਆਂ ਬ੍ਰਿਤੀਆਂ ਹਨ ਤੇ ਸਾਤਵਿਕ ਤੇ ਮਾਨਵੀ ਗੁਣਾਂ ਦੀ ਵ੍ਰਿਧੀ ਕਰਦੀਆਂ ਹਨ। ਜਿਥੇ ਇਸ ਸੰਸਕਾਰ ਦੇ ਮੂਲ ਨੂੰ ਸਮਝਣ ਉਤੇ ਬਲ ਦਿੱਤਾ ਗਿਆ ਹੈ ਉਥੇ ਸਪਸ਼ਟ ਬੋਧ ਲਈ ਨਵੇਂ ਸੰਕੇਤਕ ਅਰਥ ਭੀ ਦਿਤੇ ਹਨ।

---

1. ਆਸਾ ਰਾਗੁ(ਵਾਰ) ਪੰਨਾ 471
2. ਉਹੀ, ਪੰਨਾ 471

ਸਪਸ਼ਟ ਹੈ ਕਿ ਇਸ ਸੰਸਕਾਰ ਦੇ ਘੇਰੇ ਅੰਦਰ ਆਉਂਦੇ ਪ੍ਰਣਾਲੀਆਂ ਵਿਧੀਆਂ ਰੀਤਾਂ, ਸੂਤਾਂ, ਪੁੰਨ ਦਾਨਾਂ ਤੇ ਪੂਜਾ ਆਦਿ ਦਾ ਵੀ ਨਾਲ ਹੀ ਖੰਡਨ ਕੀਤਾ ਗਿਆ ਹੈ ਕਿਉਂਕਿ ਸੰਸਕਾਰ ਨੂੰ ਸਮਰਥਨ ਨਹੀਂ ਮਿਲਿਆ।

<u>ਬ੍ਰਹਮ ਬ੍ਰਤ, ਵੇਦ ਬ੍ਰਤ, ਸਮਾਵਰਤਨ, ਵਿਆਹ, ਅਰਨ ਗਮਨ, ਦੀਕਸ਼ਾ ਅਤੇ ਮਹਾਵ੍ਰਤ:</u>

ਬ੍ਰਹਮ ਬ੍ਰਤ, ਵੇਦ ਬ੍ਰਤ, ਸਮਾਵਰਤਨ, ਵਿਆਹ, ਅਰਨ ਗਮਨ ਦੀਕਸ਼ਾ ਅਤੇ ਮਹਾਵ੍ਰਤ ਆਦਿ ਗ੍ਰਹਿਸਤ ਜੀਵਨ ਦੇ ਵੱਖ ਵੱਖ ਪੜਾਵਾਂ ਦੇ ਸੰਸਕਾਰ ਹਨ। ਇਨ੍ਹਾਂ ਸੰਸਕਾਰਾਂ ਦਾ ਬਾਣੀ ਵਿਚ ਸੰਸਕਾਰਾਂ ਦੇ ਰੂਪ ਵਿਚ ਉਲੇਖ ਤਾਂ ਨਹੀਂ ਹੈ ਪਰ ਇਨ੍ਹਾਂ ਸੰਸਕਾਰਾਂ ਵਿਚੋਂ ਆਏ ਵਿਚਾਰਾਂ ਦਾ ਪ੍ਰਸੰਗ ਵਸ ਕਿਤੇ ਨਾ ਕਿਤੇ ਜ਼ਿਕਰ ਜ਼ਰੂਰ ਆਇਆ ਹੈ, ਜਿਵੇਂ; ਬ੍ਰਹਮ ਬ੍ਰਤ ਵਿਚਲੀ ਆਚਾਰੀਆ ਸੇਵਾ ਜਾਂ ਗੁਰੂ ਪ੍ਰਤੀ ਸਦਬ੍ਰਿਤੀ ਦਾ ਵਰਣਨ ਹੈ।[1] ਗੁਰਬਾਣੀ ਵਿੱਚ ਗੁਰਮਤ ਦਾ ਰਸ ਦਸਣ ਵਾਲਾ ਗੁਰੂ ਸਤਿਕਾਰ ਤੇ ਸ਼ਰਧਾ ਦਾ ਪਾਤਰ ਹੈ। ਇਵੇਂ ਹੀ ਵੇਦ ਬ੍ਰਤ ਸੰਸਕਾਰ ਅਧੀਨ ਵੇਦ ਆਰੰਭ ਕਰਨ ਸਮੇਂ ਦੀ ਪ੍ਰਕਿਰਤੀ ਦਾ ਵਰਣਨ ਹੈ।[2] ਵੇਦ ਦੇ ਪ੍ਰਸੰਗ ਵਿਚ ਨਾਨਕ ਬਾਣੀ ਵਿਚ ਕਈ ਹਵਾਲੇ ਆਏ ਹਨ। ਜਿਨ੍ਹਾਂ ਵਿੱਚ ਵੇਦਾਂ ਨੂੰ ਸਮਝਣ ਉਤੇ ਜ਼ੋਰ ਦੇ-ਅੰਨ੍ਹੀ ਸ਼ਰਧਾ ਨੂੰ ਨਕਾਰਿਆ ਹੈ। ਸਮਾਵਰਤਨ ਵਿੱਚ ਗ੍ਰਹਿਸਤ ਆਸ਼੍ਰਮ ਪ੍ਰਵੇਸ਼ ਸੰਸਕਾਰ ਦਾ ਵਰਣਨ ਹੈ। ਗ੍ਰਹਿਸਤ ਆਸ਼੍ਰਮ ਬਾਰੇ ਵੀ ਨਾਨਕ ਬਾਣੀ ਵਿਚ ਸੰਕੇਤ ਹਨ। ਦੀਕਸ਼ਾ ਅਤੇ ਮਹਾਵ੍ਰਤ ਦੇ ਅੰਤਰਗਤ ਗੁਰੂ ਦੀਖਿਆ ਤੇ ਮੰਤ੍ਰ ਪ੍ਰਾਪਤੀ ਦਾ ਜ਼ਿਕਰ ਹੈ। ਨਾਨਕ ਬਾਣੀ ਵਿਚ ਗੁਰੂ ਦੀਖਿਆ ਸੰਬੰਧੀ ਹਵਾਲੇ ਮਿਲਦੇ ਹਨ।

ਪਰ ਉਪਰੋਕਤ ਵਰਣਨ ਤੋਂ ਇਹ ਭਾਵ ਨਹੀਂ ਕਿ ਨਾਨਕ ਕਾਵਿ ਵਿੱਚ ਇਨ੍ਹਾਂ ਗੱਲਾਂ ਨੂੰ ਸੰਸਕਾਰਾਂ ਵਿਚਲੀ ਅਨੁਸ਼ਠਾਨ ਵਿਧੀ ਵਜੋਂ ਮਾਨਤਾ ਪ੍ਰਾਪਤ ਹੈ।

<u>ਸਨਿਆਸ:</u>

ਗੁਰੂ ਨਾਨਕ ਬਾਣੀ ਵਿਚ ਸਨਿਆਸ ਨੂੰ ਨਹੀਂ ਮੰਨਿਆ ਗਿਆ। ਘਰ ਦਾ ਤਿਆਗ ਮਾੜਾ ਆਖਿਆ ਗਿਆ ਹੈ। ਇਹ ਭਾਂਜਵਾਦੀ ਰੁੱਚੀ ਦਾ ਪ੍ਰਗਟਾਵਾ ਕਰਦਾ ਹੈ। ਨਾਨਕਬਾਣੀ ਗ੍ਰਹਿਸਤ ਆਸ਼੍ਰਮ ਵਿੱਚ ਸਦ ਜੀਉਣ ਦਾ ਉਪਦੇਸ਼ ਦੇਂਦੀ ਹੈ। ਪ੍ਰਵਿਰਤੀ ਅਤੇ ਨਵਿਰਤੀ ਦੀ ਪਛਾਣ ਉਤੇ ਜ਼ੋਰ ਦਿੱਤਾ ਹੈ।[3] ਇਸ ਨਾਲ ਸੰਤੁਲਿਤ ਚੇਤਨਾ ਵਿਕਸਤ ਹੁੰਦੀ ਹੈ।

---

1. ਸੇਵਹੁ ਸਤਿਗੁਰ ਸਮੁੰਦੁ ਅਥਾਹਾ। ਪਾਵਹੁ ਨਾਮੁ ਰਤਨੁ ਧਨੁ ਲਾਹਾ, — ਮਾਰੂ ਰਾਗ (ਸੋਲਹੇ) ਪੰਨਾ 1043

2. (i) ਬੇਦ ਬਾਣੀ ਵਰਤਾਇਦ ਅੰਦਰ ਵਾਦੁ ਘਤਿਆ, — ਮਲਾਰ ਰਾਗੁ (ਵਾਰ), ਪੰਨਾ 1280

   (ii) ਵਾਚਹਿ ਪੁਸਤਕ ਵੇਦ ਪੁਰਾਨਾ। ਇਕ ਬਹਿ ਸੁਨਹਿ ਸੁਨਾਵਹਿ ਕਾਨਾ। ਅਜਗਰ ਕਪਟ ਕਹਹੁ ਕਿਉ ਖੁਲ੍ਹੈ ਬਿਨੁ ਸਤਿਗੁਰ ਤਤੁ ਨਾ ਪਾਇਆ — ਮਾਰੂ ਰਾਗੁ (ਸੋਲਹੇ), ਪੰਨਾ 1043

   (iii) ਗੁਰ ਕੀ ਸੇਵਾ ਮੁਕਤਿ ਪਰਾਇਣਿ, ਅਨਦਿਨੁ ਕੀਰਤਨ ਕੀਨਾ ਹੇ। — ਉਹੀ ਪੰਨਾ 1028

3. ਪਰਵਿਰਤੀ ਨਰਵਿਰਤਿ ਪਛਾਣੈ। ਗੁਰ ਕੈ ਸੰਗਿ ਸਬਦਿ ਘਰੁ ਜਾਣੈ। ਕਿਸ ਹੀ ਮੰਦਾ ਆਖਿ ਨ ਚਲੈ ਸਚਿ ਖਰਾ ਸਚਿਆਰਾ ਹੇ — ਉਹੀ ਪੰਨਾ 1027

ਸੰਸਕਾਰਾਂ ਵਿਚ ਆਹੂਤੀ ਅਤੇ ਬਲੀਦਾਨ ਜ਼ਰੂਰੀ ਤਤਵ ਮੰਨੇ ਗਏ ਹਨ। ਇਨ੍ਹਾਂ ਨੂੰ ਕਰਦੇ ਸਮੇਂ ਹੋਮ ਕਰਨਾ ਅਤੇ ਪ੍ਰੋਹਤਾਂ ਨੂੰ ਖਿਲਾਉਣਾ ਵੀ ਜ਼ਰੂਰੀ ਹੈ। ਨਾਨਕ ਕਾਵਿ ਵਿਚ ਕੋਈ ਗੱਲ ਕਿਤੇ ਨਹੀਂ ਆਈ ਜਿਸ ਤੋਂ ਬਲੀਦਾਨ, ਹੋਮ ਜਾਂ ਜਗ ਕਰਨ ਦੀ ਹਾਮੀ ਭਰੀ ਗਈ ਹੋਵੇ ਸਗੋਂ ਬਲੀ, ਪ੍ਰੋਹਤ ਪ੍ਰਤਿਸ਼ਠਾ ਅਤੇ ਹੋਮ ਦੀ ਵਿਧੀ ਦਾ ਖੰਡਨ ਕੀਤਾ ਗਿਆ ਹੈ।

## (ਘ) ਅੰਤੇਸ਼ਟੀ ਸੰਸਕਾਰ

ਧਰਮ ਸੂਤਰਾਂ ਵਿੱਚ ਦੋ ਤਰ੍ਹਾਂ ਦੇ ਸੰਸਕਾਰ ਹੁੰਦੇ ਹਨ। ਇਹ ਮਨੁੱਖ ਉੱਤੇ ਚੜ੍ਹੇ ਰਿਣ ਦੀ ਨਿਸ਼ਾਨੀ ਹਨ। ਇਨ੍ਹਾਂ ਨੂੰ ਨਿਭਾਉਣਾ ਉਤਨਾ ਹੀ ਜ਼ਰੂਰੀ ਹੈ ਜਿਤਨਾ ਰਿਣ ਉਤਾਰਨਾ ਜ਼ਰੂਰੀ ਹੈ।[1] ਇਨ੍ਹਾਂ ਦੋਨਾਂ ਵਿਚੋਂ ਜਨਮ ਸੰਸਕਾਰਾਂ ਦਾ ਵਰਨਣ ਪਹਿਲੇ ਕਰ ਆਏ ਹਾਂ। ਅਤੇ ਮ੍ਰਿਤੂ ਸੰਬੰਧੀ ਸੰਸਕਾਰ ਦਾ ਵਰਨਣ ਹੈ ਜਿਵੇਂ ਜਨਮ ਸੰਸਕਾਰਾਂ ਸੰਬੰਧੀ ਰੀਤਾਂ ਵਿਚ ਵਖਰਤਾ ਹੈ, ਉਵੇਂ ਹੀ ਮ੍ਰਿਤੂ ਸੰਸਕਾਰ ਸੰਬੰਧੀ ਵੀ ਸਹਿਮਤੀ ਘਟ ਹੀ ਹੈ।

ਪ੍ਰਾਣੀ ਨੂੰ ਮਰਨ ਉਪਰੰਤ ਧਰਤੀ ਤੇ ਲਿਟਾਉਣਾ, ਦੀਵਾ ਵੱਟੀ ਕਰਨੀ, ਤੀਰਥਾਂ ਜਾਂ ਪਵਿੱਤ੍ਰ ਨਦੀਆਂ ਦੇ ਕੰਢੇ ਤੇ ਲੈ ਜਾਣਾ, ਮ੍ਰਿਤਕ ਦੇਹ ਨੂੰ ਨਹਾਉਣਾ, ਅਰਥੀ ਤਿਆਰ ਕਰਨੀ ਤੇ ਸ਼ਮਸ਼ਾਨ ਭੂਮੀ ਲੈ ਜਾ ਕੇ ਚਿੱਤਾ ਤੇ ਲਿਟਾਉਣਾ, ਅੱਗ ਲਾਉਣੀ, ਫੁਲ ਚੁਗਣੇ, ਪਵਿੱਤ੍ਰ ਥਾਂ ਉਤੇ ਜਲ ਪ੍ਰਵਾਹ ਕਰਨੇ, ਸੂਤਕ ਪਾਤਕ ਦੇ ਘੇਰੇ ਵਿਚ ਰਹਿਣਾ, ਵਧਣਾ, ਉੱਚੀ ਰੋਣਾ, ਦਾਨ ਪੁੰਨ ਕਰਨਾ, ਸਰਾਧ ਕਰਾਉਣੇ ਆਦਿ ਵਰਗੇ ਪਰੰਪਰਾਗਤ ਸੰਸਕਾਰ ਹਨ।

ਇਹ ਸੰਸਕਾਰ ਲੰਬੇ ਅਰਸੇ ਤਕ ਚਲਦੇ ਰਹਿੰਦੇ ਹਨ। ਗਰੁੜ ਪੁਰਾਣ ਅਨੁਸਾਰ 'ਮ੍ਰਿਤੂ ਉਪਰੰਤ ਵਿਧੀ ਪੂਰਵਕ, ਇਕ ਸਾਲ ਤੱਕ ਕੁਝ ਸੰਸਕਾਰ ਕਰਨੇ ਚਾਹੀਦੇ ਹਨ। ਇਸ ਨਾਲ ਮ੍ਰਿਤ ਪ੍ਰੇਤਾਤਮਾ ਨੂੰ ਸੁੱਖ ਦੀ ਪ੍ਰਾਪਤੀ ਹੁੰਦੀ ਹੈ ਤੇ ਜਮ ਮਾਰਗ ਸੁਖਾਲਾ ਲੰਘ ਜਾਂਦਾ ਹੈ ਕਿਉਂਕਿ ਇਸ ਜਮ ਮਾਰਗ ਉਤੇ ਘਟੋ ਘਟ ਇਕ ਵਰ੍ਹਾ ਗੁਜ਼ਰ ਜਾਂਦਾ ਹੈ।'[2]

ਨਾਨਕ ਬਾਣੀ ਵਿੱਚ ਅੰਤੇਸ਼ਟੀ ਸੰਸਕਾਰ ਦੇ ਅੰਤਰਗਤ ਆਉਣ ਵਾਲੀਆਂ ਕ੍ਰਿਆਵਾਂ ਦਾ, ਵਡਹੰਸ ਰਾਗ(ਅਲਾਹੁਣੀਆਂ), ਰਾਗ ਮਾਰੂ ਦੇ ਸਲੋਕਾਂ, ਆਸਾ ਦੀ ਵਾਰ ਦੇ ਸਲੋਕਾਂ, ਆਸਾ ਰਾਗ ਦੇ ਪਦਿਆਂ ਤੇ ਹੋਰ ਵੀ ਕਈ ਥਾਵਾਂ ਤੇ ਵਰਨਣ ਮਿਲਦਾ ਹੈ। ਇਨ੍ਹਾਂ ਵਰਨਣਾਂ ਤੇ ਸੰਕੇਤਾਂ ਨਾਲ ਗੁਰੂ ਨਾਨਕ ਨੇ ਮੌਤ ਦੇ ਰੂਪ ਨੂੰ ਸੁਚੇਤ ਹੋ ਕੇ ਸਮਝਣ ਦੀ ਸਮਰਥਾ ਬਖਸ਼ੀ ਹੈ। ਜਦੋਂ ਮਾਨਵ ਮਨ ਮੌਤ ਦੇ ਰਹਸ ਨੂੰ ਜਾਣ ਜਾਂਦਾ ਹੈ ਤਾਂ ਸੰਸਕਾਰ ਕ੍ਰਿਆਵਾਂ ਨਿਰਾ ਪਖੰਡ, ਮਾਇਆ ਦਾ ਪਸਾਰਾ, ਤੇ ਭਰਮ ਭੁਲੇਖਾ ਨਜ਼ਰ ਆਉਣ ਲਗ ਪੈਂਦੀਆਂ ਹਨ। ਜਨਮ ਮਰਨ ਦੀ ਗਤੀ ਨੂੰ ਸਮਝਣਾ ਅਤਿ ਜ਼ਰੂਰੀ ਹੈ। ਇਹ ਦੋਵੇਂ ਪ੍ਰਕਿਰਤੀ ਦੇ ਅਟੱਲ ਨੇਮ ਹਨ ਜਿਨ੍ਹਾਂ ਦਾ ਇਕ ਬੱਝਿਆ ਹੋਇਆ ਵਿਧਾਨ ਹੈ। ਮ੍ਰਿਤੂ, ਇੰਦ੍ਰੀ ਜਗਤ ਦੇ ਅਨੁਭਵ ਤੋਂ ਬਾਹਰੀ ਗੱਲ ਹੈ। ਉਂਜ ਮੌਤ ਦਾ ਪਸਾਰਾ ਬੜਾ ਵਿਆਪਕ ਹੈ। ਇਹ ਸਾਰੀਆਂ ਜੂਨੀਆਂ, ਅੰਡਜ ਜੇਰਜ, ਸੇਤਜ ਅਤੇ ਉਤਭੁਜ ਵਿਚ ਵਿਆਪਕ ਹੈ। ਪ੍ਰਕਿਰਤੀ ਦੇ ਬੇਅੰਤ ਅੰਗ ਰੋਜ਼ ਟੁੱਟਦੇ ਭੱਜਦੇ ਤੇ ਸਿਰਜੀਂਦੇ ਹਨ। ਪ੍ਰਕਿਰਤੀ ਅੰਦਰ ਨਾਸ਼-ਸਿਰਜਨ ਦੇ ਚੱਕਰ ਪੂਰੀ ਖੁਸ਼ੀ ਦੇ ਚਿੰਨ੍ਹ ਮੌਜੂਦ ਹਨ ਪਰ [illegible]

---

1. P.V.Kane 'History of Dharamsastra Vol.IV ,P.190
2. ਗਰੁੜ ਪੁਰਾਣ(ਪ੍ਰੇਤ ਕਲਪ) II.1/17

ਸੰਸਾਰਕ ਜੀਵ ਸਦੀਂ ਮੋਹ ਦੀ ਪੀੜਾ ਵਿਚ ਕੁਰਲਾਉਂਦਾ ਹੈ। ਪ੍ਰਕਿਰਤੀ ਵਿੱਚ ਇਹ ਮੋਹ ਦੀ ਭਾਵਨਾ ਨਹੀਂ। ਮਨੁੱਖ ਵੀ ਮੋਹ ਨੂੰ ਅਪਣਾਵੇ ਤੇ ਲਮਕਦੇ ਤਾਂ ਕਿਉਂ? ਨਿਤ ਜੀਵਨ ਵਿੱਚ ਉਤਸ਼ਾਹ ਸਿਤਾ ਵੇਖਣ ਵਿਚ ਆਉਂਦੀਆਂ ਹਨ। ਇਹ ਚੱਕਰ ਅਟੁਕ ਦੌਰ ਵਾਲਾ ਹੈ। ਪ੍ਰਾਣੀ ਦੇ ਸੰਬੰਧੀ, ਮਿਤ੍ਰ, ਸਾਕ ਪਰਿਵਾਰ ਕੁਝ ਦਿਨਾਂ ਪਿਛੋਂ ਪ੍ਰਾਣੀ ਨੂੰ ਭੁੱਲ ਜਾਣ ਦੀ ਖੁਸ਼ੀ ਕਰਦੇ ਹਨ ਤੇ ਫਿਰ ਆਪਣੇ ਨਿਤ ਦੇ ਕਾਰ ਵਿਹਾਰ ਵਿਚ ਖਚਿਤ ਹੋ ਜਾਂਦੇ ਹਨ। ਜੀਵ ਮੁੱਕਿਆ ਤਾਂ ਉਸਦਾ ਸੰਸਾਰ ਨਾਲੋਂ ਸੰਬੰਧ ਵੀ ਮੁੱਕਿਆ। ਜੋ ਮੌਤ ਨੂੰ ਸਮਝਣਾ ਚਾਹੁੰਦਾ ਹੈ ਜੋ ਸਮਝ ਕੇ ਚੱਲਣ ਵਾਲਾ ਮਨੁੱਖ ਜਿਉਂਦੇ ਹੀ ਤੇ ਹੀ ਨਾਲ ਜੁੜੇ ਦੌਰ ਅਨੇਕਾਂ ਵਹਿਮ ਭਰਮਾਂ ਤੋਂ ਮੁਕਤ ਹੋ ਜਾਂਦਾ ਹੈ।

ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਮਿਤ੍ਰ ਬਾਰੇ ਸੰਸਕਾਰ ਕ੍ਰਿਆਵਾਂ ਦੇ ਪਾਖੰਡ ਦੀ ਥਾਂ ਬੜੀ ਸੰਤੁਲਿਤ ਧਾਰਨਾ ਦਾ ਵਿਸਤਾਰ ਆਇਆ ਹੈ।[1]

ਦੈਹਿਕ ਕ੍ਰਿਆ:

'ਕਰਮਾਂ ਦੇ ਸੋਗ ਨਾਲ ਸਰੀਰ ਧਾਰੀ ਜੀਵਾਂ ਨੂੰ ਇਸ ਪੰਜ ਭੌਤਕ ਸਰੀਰ ਦਾ ਤਿਆਗ ਕਰਨਾ ਪੈਂਦਾ ਹੈ। ਜਦੋਂ ਪਰਲੋਕ ਗਮਨ ਦਾ ਸਮਾਂ ਆਵੇ ਤਾਂ ਗੋਹੇ ਨਾਲ ਪੋਚੀ ਹੋਈ ਭੂਮੀ ਉਤੇ ਪ੍ਰਾਣੀ ਨੂੰ ਲਿਟਾ ਦੇਣਾ, ਉਸਦੇ ਮੂੰਹ ਵਿਚ ਸੋਨਾ ਪਾਉਣਾ, ਨੇੜੇ ਤੁਲਸੀ ਅਤੇ ਸਾਲਗ੍ਰਾਮ ਨੂੰ ਰੱਖਣਾ, ਨੁਹਾਉਣਾ, ਕਪੜੇ ਪਹਿਨਾਉਣਾ ਤੇ ਫਿਰ ਪ੍ਰੇਤਗਤ ਪ੍ਰਾਣੀ ਦੀ ਅਰਥੀ ਨੂੰ ਮੋਢਿਆਂ ਉਤੇ ਚੁਕ ਕੇ ਸ਼ਮਸ਼ਾਨ ਭੂਮੀ ਵਿਚ ਪਹੁੰਚਾਉਣ ਤੇ ਦਾਹ ਕਰਨਾ ਆਦਿ ਕ੍ਰਿਆਵਾਂ ਅੰਤੇਸ਼ਟੀ ਦੇ ਮੁਢ ਵਿਚ ਆਉਂਦੀਆਂ ਹਨ।

ਉਪਰੋਕਤ ਕ੍ਰਿਆਵਾਂ ਪਿੱਛੇ ਅਨੇਕ ਤਰ੍ਹਾਂ ਦੀਆਂ ਭਾਵਨਾਵਾਂ ਜੁੜੀਆਂ ਹਨ। ਨਾਨਕ ਬਾਣੀ ਵਿਚ ਕੁਝ ਸੰਕੇਤ ਮਿਲਦੇ ਹਨ ਜਿਨ੍ਹਾਂ ਵਿਚ ਇਨ੍ਹਾਂ ਕ੍ਰਿਆਵਾਂ ਦਾ ਖੰਡਨ ਹੈ।[2] ਜਿਥੋਂ ਤੱਕ ਤੁਲਸੀ ਜਾਂ ਸਾਲਗ੍ਰਾਮ ਨੂੰ ਨੇੜੇ ਰੱਖਣ ਦਾ ਪ੍ਰਸ਼ਨ ਹੈ ਗੁਰੂ ਨਾਨਕ ਨੇ ਤੁਲਸੀ ਅਤੇ ਸਾਲਗ੍ਰਾਮ ਦੀ ਸਾਰਥਕਤਾ ਨੂੰ ਨਹੀਂ ਮੰਨਿਆ। ਤੁਲਸੀ ਅਤੇ ਸਾਲਗ੍ਰਾਮ ਦੀ ਪੂਜਾ ਜਾਂ ਮਨੌਤ ਸਰਬਚੇਤਨਾਵਾਦ ਦੀ ਰੋਲਕੀ ਪਹੁੰਚ ਦੀ ਲਖਾਇਕ ਹੈ। ਇਹ ਵਿਸ਼ਨੂੰ ਅਤੇ ਸ਼ਿਵ ਕਲਟ ਨਾਲ ਵੀ ਜੋੜਦੀ ਹੈ। ਤੁਲਸੀ ਅਤੇ ਸਾਲਗ੍ਰਾਮ ਦੀ ਸਿੱਧ ਕਥਾ ਵਿਚ

---

1. ਜਾਂ ਆਏ ਤਾਂ ਤਿਨਹਿ ਪਠਾਇ। ਚਾਲੇ ਤਿਨੈ ਬੁਲਾਇ ਲਇਆ।
ਰਾਮ ਕਲੀ ਰਾਗੁ (ਅਸ਼ਟਪਦੀਆਂ), ਪੰਨਾ 907

(ੳ) ਜੋ ਤਿਸ ਭਾਵੈ ਸੋ ਥੀਸੀ ਨਾਨਕ ਕਿਆ ਮਾਨੁਖ।
ਆਸਾ ਰਾਗੁ (ਅਸ਼ਟਪਦੀਆਂ), ਪੰਨਾ 417

(ਅ) ਬੰਦਿ ਖਲਾਸੀ ਭਾਣੈ ਹੋਇ। ਹੋਰ ਆਖਿ ਨ ਸਕੈ ਕੋਇ।
ਜਪੁ, ਪਉੜੀ 25, ਪੰਨਾ 5

2. ਸਾਧਨ ਕੂੜੀ ਮੁਠੀ ਕੂੜਿ ਵਿਧਣੀਆ, ਮਿਰਤਕੜਾ ਅੰਙਨੜੇ ਬਾਰੇ
..........................................................
ਜਲਿ ਮਲਿ ਜਾਨੀ ਨਾਵਾਲਿਆ ਕਪੜਿ ਪਟਿ ਅੰਬਾਰੇ।
ਵਡਹੰਸ ਰਾਗੁ (ਅਲਾਹੁਣੀਆਂ) ਪੰਨਾ 580

ਨੈਤਿਕਤਾ ਦੇ ਪਤਨ ਦੀ ਨਿਸ਼ਾਨੀ ਹੈ। ਅਜੇਹੀ ਨਿਰਾਰਥਕ ਗੱਲ ਨੂੰ ਬਾਣੀ ਨੇ ਛਲਾਵਾ ਜਾਂ ਧਰਮ ਨਾਲ ਜੋੜਨਾ ਠੀਕ ਨਹੀਂ ਸਮਝਿਆ[1], ਇਸਨੂੰ ਕਲਹ ਸਿਰਫ਼ ਨਿਰਾਰਥ, ਨਿਰਉਤਪਤੀ ਦੀ ਕ੍ਰਿਆ ਨਾਲ ਸੰਯੁਕਤ ਕੀਤਾ ਹੈ।

## ਪਿੰਡ ਦੇਣੇ

ਦੇਹੀ ਦੀ ਆਹੂਤੀ ਸਮੇਂ, ਮ੍ਰਿਤੂ ਸਮੇਂ, ਰਾਹ ਵਿੱਚ ਵਿਸ਼੍ਰਾਮ ਸਮੇਂ, ਹਾਥਾਂ ਨੂੰ ਚੁਕਣ ਸਮੇਂ ਅਤੇ ਸੰਚਯਨ ਸਮੇਂ ਪਿੰਡ ਦੇਣ ਦਾ ਵਿਧਾਨ ਗਰੁੜ ਪੁਰਾਣ ਵਿਚ ਆਇਆ ਹੈ[2] ਇਹ ਵੀ ਲਿਖਿਆ ਹੈ ਕਿ ਪ੍ਰੇਤ ਆਤਮਾ ਦੇਹੀ ਦੇ ਸੜ ਜਾਣ ਉਪਰੰਤ ਮੁੜ ਦੇਹੀ ਦੀ ਪ੍ਰਾਪਤੀ ਲੋਚਦੀ ਹੈ। ਪ੍ਰਥਮ ਦਿਨ ਦੇ ਪਿੰਡ ਦਾਨ ਨਾਲ ਮਸਤਕ, ਦੂਜੇ ਦਿਨ ਦੇ ਪਿੰਡ ਨਾਲ ਗਰਦਨ ਅਤੇ ਮੋਢੇ, ਤੀਜੇ ਦਿਨ ਦੇ ਪਿੰਡ ਦਾਨ ਨਾਲ ਹਿਰਦਾ ਚੌਥੇ ਨਾਲ ਛਾਤੀ, ਪੰਜਵੇਂ ਨਾਲ ਨਾਭੀ, ਛੇਵੇਂ ਤੇ ਸਤਵੇਂ ਨਾਲ ਕਮਰ ਅਤੇ ਹੇਠਲਾ ਧੜ, ਅਠਵੇਂ ਨਾਲ ਗੋਡੇ, ਨੌਵੇਂ ਨਾਲ ਪੈਰ ਅਤੇ ਦਸਵੇਂ ਨਾਲ ਪੂਰੀ ਦੇਹ ਬਣ ਜਾਂਦੀ ਹੈ।[3] ਗਿਆਰਾਂ ਮਹਾਂ ਪਾਤਰ ਬ੍ਰਾਹਮਣਾਂ ਦੇ ਭੋਜ ਦੇ ਨਾਲ ਇਹ ਵਿਧੀ ਸਮਾਪਤ ਹੋ ਜਾਂਦੀ ਹੈ। ਬ੍ਰਾਹਮਣਾਂ ਨੂੰ ਚੰਗੀ ਦਾਨ ਦਖਸ਼ਣਾ ਦਿੱਤੀ ਜਾਂਦੀ ਹੈ। ਲੋਕ ਵਿਸ਼ਵਾਸ ਅਨੁਸਾਰ ਇਹ ਦਾਨ ਮ੍ਰਿਤਕ ਦੇ ਭਾਵੀ ਸੁੱਖ ਲਈ ਹਨ ਤੇ ਪਰਲੋਕ ਪੁੱਜ ਜਾਂਦੇ ਹਨ। ਭੋਜਨ ਦਾ ਪ੍ਰਬੰਧ ਪੂਰੇ ਇਕ ਸਾਲ ਲਈ ਕੀਤਾ ਜਾਂਦਾ ਹੈ।[4] ਬ੍ਰਾਹਮਣ ਨੂੰ ਪਤਲਾਂ ਉਤੇ ਭੋਜ ਦਿੱਤੇ ਜਾਣ ਦੀ ਪ੍ਰਥਾ ਵੀ ਹੈ। ਪਿੰਡ ਦਿੱਤੇ ਜਾਂਦੇ ਹਨ। ਜਵਾਂ ਦੇ ਪਿੰਡਾਂ ਬਾਰੇ ਆਖਿਆ ਗਇਆ ਹੈ ਕਿ ਇਹ ਮਿਰਤਕ ਦੇਹੀ ਦੀ ਪੁਸ਼ਟੀ ਵਿੱਚ ਸਹਾਇਕ ਨਹੀਂ ਹੁੰਦੇ ਸਗੋਂ ਜਮ ਮਾਰਗ ਉਤੇ ਭੁੱਖ ਆਦਿ ਦੀ ਤ੍ਰਿਪਤੀ ਵੀ ਕਰਦੇ ਹਨ। ਇਨ੍ਹਾਂ ਪਿੰਡਾਂ ਰਾਹੀਂ, ਧਰਤੀ, ਅਧਿਸ਼ਠਾਤਰੀ ਦੇਵਤੇ ਆਦਿ ਵੀ ਸੰਤੁਸ਼ਟ ਹੁੰਦੇ ਮੰਨੇ ਜਾਂਦੇ ਹਨ।

ਨਾਨਕ ਬਾਣੀ ਇਸ ਦਾਨ ਪੁੰਨ ਤੇ ਪਿੰਡ ਦਾਨ ਪਿਛੇ ਉਸਰੀ ਸਾਰੀ ਕ੍ਰਿਆ ਨੂੰ ਝੂਠ ਮੰਨਦੀ ਹੈ। ਇਸ ਅਨੁਸਾਰ ਬ੍ਰਾਹਮਣ ਹੀ ਇਹ ਪਿੰਡ ਖਾਂਦਾ ਹੈ ਤੇ ਅਜੇਹੀ ਭਾਵਨਾ ਨਾਲ ਖੇਲਦਾ ਹੈ।[5] ਜਿਸ ਮ੍ਰਿਤ ਲੋਕ ਬਾਰੇ ਮਨੁੱਖ ਕੁਝ ਜਾਣਦਾ ਹੀ ਨਹੀਂ ਉਥੇ ਸਥੂਲ ਵਸਤੂ ਕਿਵੇਂ ਪੁੱਜ ਸਕਦੀ ਹੈ? ਉਥੇ ਕੁਝ ਨਹੀਂ ਪੁੱਜਦਾ। ਇਸ ਪ੍ਰਕਾਰ ਮਨੁੱਖ ਬੁੱਧੀ, ਉਸਾਰੇ ਕੂਟ ਜਾਲ ਨੂੰ ਗੁਰੂ ਨਾਨਕ ਨੇ ਤੋੜਿਆ ਹੈ। ਇਹ

---

1. ਸਾਲਗ੍ਰਾਮ ਬਿਪ ਪੂਜਿ ਮਨਾਵਹੁ ਸੁਕ੍ਰਿਤੁ ਤੁਲਸੀ ਮਾਲਾ।
   ਰਾਮ ਨਾਮੁ ਜਪਿ ਬੇੜਾ ਬਾਂਧਹੁ ਦਇਆ ਕਰਹੁ ਦਇਆਲਾ।
   ਕਾਹੇ ਕਲਰਾ ਸਿੰਚਹੁ ਜਨਮੁ ਗਵਾਵਹੁ।
   ਕਾਚੀ ਢਹਗਿ ਦਿਵਾਲ ਕਾਹੇ ਗਚੁ ਲਾਵਹੁ। ਬਸੰਤ(ਹਿੰਡੋਲ),ਪੰਨਾ 1171
2. ਗਰੁੜ ਪੁਰਾਣ II.5/30
3. ਉਹੀ II.5/67-71
4. ਡਾ: ਰਾਜ ਬਲੀ ਪਾਂਡੇ, ਹਿੰਦੂ ਸੰਸਕਾਰ, ਤਥਾ ਧਾਰਮਿਕ ਅਧਿਐਨ ਸਮੀਖਿਆ ਵਿਦਿਆਲਾ ਭਵਨ, ਵਾਰਾਨਸੀ, ਪੰਨਾ 356
5. ਇਕ ਲੋਕੀ ਹੋਰੁ ਛਮਿਛਰੀ ਬ੍ਰਾਹਮਣੁ ਵਟਿ ਪਿੰਡੁ ਖਾਇ।
   ਨਾਨਕ ਪਿੰਡੁ ਬਖਸੀਸ ਕਾ ਕਬਹੂੰ ਨਿਖੁਟਸਿ ਨਾਹਿ
   ਆਸਾ ਰਾਗੁ(ਪਦੇ)ਪੰਨਾ 358

ਇਹ ਪਿੰਡ ਬ੍ਰਾਹਮਣ ਦੀ ਉਦਰ ਪੂਰਤੀ ਦੇ ਕਰਮ ਤੋਂ ਚੰਗੇ ਨਹੀਂ ਹੋ ਸਕਦੇ। ਉਥੇ ਕੇਵਲ ਪ੍ਰਭੂ ਦਾ ਬਖਸ਼ਿਸ਼ ਰੂਪੀ ਪਿੰਡ ਹੀ ਜਾ ਸਕਦਾ ਹੈ। ਇਹ ਬਖਸ਼ਿਸ਼ ਅਰਥਾਤ ਮਿਹਰ ਦੀ ਨਿਗਾਹ ਐਥੇ ਅਤੇ ਓਥੇ ਮਨੁੱਖ ਦਾ ਆਧਾਰ ਹੈ, ਕੇਵਲ ਮਨੁੱਖ ਦਾ ਆਪਣਾ ਆਧਾਰ ਹੈ, ਬ੍ਰਾਹਮਣ ਦਾ ਨਹੀਂ। ਬ੍ਰਾਹਮਣ ਰਾਹੀਂ ਪ੍ਰੇਤਾਂ ਜਾਂ ਪਿਤਰਾਂ ਨੂੰ ਪਿੰਡ ਦੇਣਾ ਵਿਅਰਥ ਧਨ ਅਤੇ ਸਮੇਂ ਦਾ ਨਾਸ਼ ਅਤੇ ਮੂਰਖ ਬੁੱਧੀ ਦਾ ਕਰਮ ਹੈ।

ਨਾਨਕ ਬਾਣੀ ਵਿਚ ਪਿੰਡ ਪਤਲ 'ਸਚੇ ਨਾਮ' ਨੂੰ ਆਖਿਆ ਹੈ ਇਹ ਐਥੇ ਵੀ ਆਧਾਰ ਹੈ, ਉਸ ਲੋਕ ਵਿਚ ਵੀ ਆਧਾਰ ਹੈ। ਇਸਦਾ ਸੰਬੰਧ ਸਰੀਰ ਨਾਲ ਨਾ ਹੋਕੇ ਆਤਮਾ ਨਾਲ ਹੈ। ਸਰੀਰ ਸੁਆਹ ਹੋ ਉਥੇ ਜਾ ਨਹੀਂ ਸਕਦਾ। ਪਿੰਡ ਸਰੀਰਕ ਦੀ ਪੂਰਤੀ ਕਰਦੇ ਹਨ ਨਾ ਕਿ ਆਤਮਾ ਦੀ। ਆਤਮਾ ਦਾ ਆਧਾਰ ਨਾਮ ਹੈ। ਇਸ ਆਧਾਰ ਦੀ ਪ੍ਰਣਾਲੀ ਮੌਤ ਨਾਲ ਟੁੱਟ ਨਹੀਂ ਸਕਦੀ।[1] ਮ੍ਰਿਤ ਦੇਹੀ ਪ੍ਰਾਣੀ ਪ੍ਰਤੀ ਜਿਹੜੇ ਪਿੰਡ ਦਿੱਤੇ ਜਾਂਦੇ ਹਨ ਉਹ ਵੀ ਨਿਰਾਧਾਰ ਹਨ। ਗੁਰਮੁਖ ਆਤਮਾ ਨੂੰ ਅਨੇਕਤਾ ਲੋੜੀਂਦੀ ਹੈ, ਸਰੀਰਕ ਨਹੀਂ। ਸਰੀਰਕ ਤਾਂ ਪ੍ਰੇਤ ਆਤਮਾ ਦੀ ਲੋੜਦੀ ਹੈ। ਪਤਲਿ ਨੂੰ ਚਟਣ ਲਈ ਕਾਵਾਂ ਕੁੱਤਿਆਂ ਨੂੰ ਬੁਲਾਉਣਾ ਤਾਂ ਜੋ ਧਰਮ ਰਾਜ ਦੇ ਕੁੱਤੇ ਸੰਤੁਸ਼ਟ ਹੋਣ, ਭਰਮ ਭਾਵਨਾ ਹੈ। ਇਸ ਤਰ੍ਹਾਂ ਗੁਰੂ ਨਾਨਕ ਨੇ ਇਸ ਪ੍ਰਚੀਨ ਵਿਧਾਨ ਦਾ ਖੰਡਨ ਕੀਤਾ ਹੈ।[2]

<u>ਪ੍ਰੇਤ ਪਿੰਡ ਬਾਰੇ।</u>

ਗਰੁੜ ਪੁਰਾਣ ਵਿਚ ਲਿਖਿਆ ਹੈ ਕਿ 'ਪ੍ਰਾਣੀ ਦੇ ਪਿੰਡ ਪਹੁੰਚਤ ਹੋਵੇ ਇਸਤੋਂ ਪ੍ਰਾਣੀ ਨੂੰ ਸੁਖ ਮਿਲਦਾ ਹੈ।'[3]

ਵਿਛੜੇ ਸੰਬੰਧੀ ਨਾਲ ਮੋਹ ਦੀ ਭਾਵਨਾ ਰੋਣ ਦਾ ਕਾਰਣ ਬਣਦੀ ਹੈ। ਮ੍ਰਿਤ ਪ੍ਰਾਣੀ ਇਸ ਮੋਹ ਦੀ ਭਾਵਨਾ ਨੂੰ ਨਹੀਂ ਸੁਣ ਰਿਹਾ। ਇਸ ਗੱਲ ਉਤੇ ਡੂੰਘੀ ਵਿਚਾਰ ਹੋਵੇ ਤਾਂ ਮਨੁੱਖ ਇਸ ਬਾਰੇ ਤਰਕਮਈ ਧਾਰਨਾ ਰਖ ਸਕਦਾ ਹੈ।[4] ਇਹ ਵਿਚਾਰ ਸ਼ੁਭ ਸਤਿਗੁਰ ਤੋਂ ਪ੍ਰਾਪਤ ਹੋ ਸਕਦੀ ਹੈ। ਸਤਿਗੁਰ ਦੀ ਪ੍ਰੇਰਣਾ ਅਤੇ ਅਗਵਾਈ ਕਰਮਕਾਂਡ ਦੇ ਫੋਕੇ ਜਾਲ ਤੋਂ ਬਚਾ ਸਕਦੀ ਹੈ ਤੇ ਮੌਤ ਦਾ ਠੀਕ ਗਿਆਨ ਹੋ ਸਕਦੀ ਹੈ।

---

1. ਪਿੰਡ ਪਤਲਿ ਮੇਰੀ ਕੇਸਉ ਕਿਰਿਆ ਸਚ ਨਾਮ ਕਰਤਾਰ<br>ਐਥੈ ਓਥੈ ਆਗੈ ਪਾਛੈ ਏਹੁ ਮੇਰਾ ਆਧਾਰੁ।<br>ਆਸਾ ਰਾਗੁ(ਪਦੇ), ਪੰਨਾ 358

2. ਕਹੀ ਸਿਕੀਤ ਪੁਕਾਰੀ ਪਾਹੁ। ਉਡਿਆ ਹੰਸੁ ਦਸਾਏ ਰਾਹੁ।<br>ਆਇਆ ਗਇਆ ਮੁਇਆ ਨਾਉ। ਪਿਛੈ ਪਤਲਿ ਸਦਿਹੁ ਕਾਵ।<br>ਨਾਨਕ ਮਨਮੁਖਿ ਅੰਧੁ ਪਿਆਰੁ। ਬਾਝੁ ਗੁਰੂ ਡੁਬਾ ਸੰਸਾਰੁ।<br>ਮਾਝ ਰਾਗੁ(ਵਾਰ), ਪੰਨਾ 138

3. ਗਰੁੜ ਪੁਰਾਣ ॥ 5/50

4. (i) ਮੂਏ ਕਉ ਰੋਵਹਿ ਕਿਸਹਿ ਸੁਣਾਵਹਿ ਭੈ ਸਾਗਰ ਅਸਰਾਲਿ ਪਇਆ। ਰਾਮਕਲੀ ਰਾਗ(ਅਸ਼ਟਪਦੀਆਂ) ਪੰਨਾ 906

   (ii) ਰੋਵਣ ਵਾਲੇ ਜੇਤੜੇ ਸਭਿ ਬੰਨਹਿ ਪੰਡ ਪਰਾਲਿ। ਸਿਰੀ ਰਾਗੁ(ਪਦੇ)ਪੰਨਾ 15

   (iii) ਉਹੀ ਓਥੈ ਕ੍ਰਿਆ ਕਰਣੁ ਹੈ ਰੋਸੀ ਸੋਈ।<br>ਤੁਮ ਰੋਵਹੁਗੇ ਓਸ ਨੋ ਤੁਮ੍ ਕਉ ਕਉਣੁ ਰੋਈ। ਆਸਾ ਰਾਗ(ਅਸ਼ਟਪਦੀਆਂ)ਪੰਨਾ 418

ਦੀਵਾ ਜਗਾਉਣਾ

ਜਮ ਮਾਰਗ ਦੇ ਅੰਧੇਰੇ ਰਾਹ ਵਿਚ ਪ੍ਰੇਤਾਤਮਾ ਨੂੰ ਚਾਨਣ ਦੇਣ ਲਈ ਦੀਵਾ ਜਗਾਉਣ ਦੀ ਕਲਪਨਾ ਹੈ। ਜਿਉਂ ਹੀ ਪ੍ਰਾਣੀ ਪ੍ਰਾਣ ਤਿਆਗੇ ਕਿ ਦੀਵਾ ਜਗਾ ਦਿੱਤਾ ਜਾਂਦਾ ਹੈ। ਉਸਦੇ ਹੱਥ ਉਤੇ ਆਟੇ ਦਾ ਦੀਵਾ ਰੱਖਿਆ ਜਾਂਦਾ ਹੈ। ਪਰ ਮਨਮੁਖ ਆਤਮਾ ਤਾਂ ਆਪਣੇ ਜੀਵਨ ਕਾਲ ਵਿਚ ਵੀ ਹਨੇਰੇ ਵਿਚ ਵਿਚਰਦੀ ਰਹੀ ਹੈ। ਜਮ ਮਾਰਗ ਉਤੇ ਇਹ ਟਿਮਟਿਮਾਂਦੀ ਰੋਸ਼ਨੀ ਉਸਦਾ ਕੀ ਸੁਧਾਰ ਸਕਦੀ ਹੈ?

ਗੁਰੂ ਨਾਨਕ ਪਰਮਾਤਮਾ ਦੇ ਨਾਮ ਨੂੰ ਦੀਵਾ ਆਖਦੇ ਹਨ। ਜਿਸ ਵਿਚ ਦੁੱਖ ਰੂਪ ਤੇ ਸੜ ਜਾਂਦਾ ਹੈ ਤੇ ਚਾਨਣ ਤੇ ਪ੍ਰਕਾਸ਼ ਦਾ ਵਿਸਤਾਰ ਹੁੰਦਾ ਹੈ। ਇਸ ਪ੍ਰਕਾਰ ਜਮ ਨਾਲ ਵਾਹ ਵੀ ਮੁੱਕ ਜਾਂਦਾ ਹੈ।[1]

ਇਸ਼ਨਾਨ:

ਅੰਤਯੇਸ਼ਟੀ ਸੰਸਕਾਰ ਅਧੀਨ ਇਸ਼ਨਾਨ ਉਤੇ ਵੀ ਬਲ ਦਿੱਤਾ ਗਿਆ ਹੈ। ਪ੍ਰਮਾਣ ਭੂਮੀ ਵਿਚ ਨਹਾਉਣਾ, ਤੀਰਥਾਂ ਉਤੇ ਵੀ ਜਾ ਕੇ ਨਹਾਉਣਾ, ਆਦਿ ਕਰਮ ਪੁੰਨ ਕਰਮ ਕਿਟੇ ਜਾਂਦੇ ਹਨ ਪਰ ਇਸ ਇਸ਼ਨਾਨ ਦੀ ਭਾਵਨਾ ਤਰਕ ਉਤੇ ਆਧਾਰਿਤ ਨਹੀਂ ਵਹਿਮ ਉਤੇ ਆਧਾਰਿਤ ਹੈ।

ਬਾਣੀ ਵਿੱਚ ਇਸ਼ਨਾਨ ਦਾ ਸੰਕਲਪ ਵੀ ਸੱਚੇ ਨਾਮ ਦੇ ਸਿਮਰਣ ਦਾ ਵਿਕਲਪ ਹੈ। ਨਿਰੋਲ ਵਹਿਮ ਅਧੀਨ ਕੀਤਾ ਇਸ਼ਨਾਨ ਪ੍ਰਵਾਨ ਨਹੀਂ। ਪ੍ਰਭੂ ਦੀ ਸਿਫ਼ਤ ਸਲਾਹ ਹੀ ਗੰਗਾ ਤੇ ਬਨਾਰਸ ਦੇ ਇਸ਼ਨਾਨ ਹਨ ਜਿਸ ਵਿਚ ਜਿਗਿਆਸੂ ਦੀ ਆਤਮਾ ਇਸ਼ਨਾਨ ਕਰਦੀ ਹੈ।[2]

ਸਪਿੰਡੀਕਰਣ:

ਮਨੁੱਖ ਮ੍ਰਿਤੂ ਉਪਰੰਤ ਪ੍ਰੇਤ ਬਣ ਜਾਂਦਾ ਹੈ, ਪ੍ਰੇਤ ਤੋਂ ਪਿਤ੍ਰ ਪ੍ਰਾਪਤੀ ਲਈ ਇਹ ਕ੍ਰਿਆ ਕੀਤੀ ਜਾਂਦੀ ਹੈ। ਪਿਤ੍ਰਾਂ ਨਾਲ ਸੰਯੁਕਤ ਕਰਨ ਦੀ ਇਹ ਕ੍ਰਿਆ ਦਾਹ ਕ੍ਰਿਆ ਤੋਂ 12ਵੇਂ ਦਿਨ, ਜਾਂ ਇਕ ਸਾਲ ਸਮਾਪਤ ਹੋਣ ਤੇ ਹੁੰਦੀ ਹੈ। ਪਹਿਲੇ ਨਿਯਮਤ ਮਿਤੀਆਂ ਉਤੇ ਸ਼ਰਾਧ ਕੀਤੇ ਜਾਂਦੇ ਹਨ, ਪਿੱਛੋਂ ਚਾਰ ਪਾਤਰ ਸ਼ੀਸ਼ਮ ਦੇ ਬੀਜ, ਗੰਧ ਅਤੇ ਜਲ ਨਾਲ ਭਰ ਦਿੱਤੇ ਜਾਂਦੇ ਹਨ। ਉਨ੍ਹਾਂ ਵਿਚੋਂ ਤਿੰਨ ਪਿਤ੍ਰਾਂ ਨੂੰ ਦਿੱਤੇ ਜਾਂਦੇ ਹਨ ਅਤੇ ਇਕ ਪ੍ਰੇਤ ਨੂੰ। ਪ੍ਰੇਤ ਪਾਤਰ ਦੀਆਂ ਬੂੰਦਾਂ ਪਿਤ੍ਰ ਪਾਤਰ ਵਿੱਚ ਇਨ੍ਹਾਂ ਸ਼ਬਦਾਂ ਨਾਲ ਛੱਡ ਦਿੱਤੀਆਂ ਜਾਂਦੀਆਂ ਹਨ, ਇਹ ਸਮਾਨ ਆਦਿ, ਅਤੇ ਇਹ ਕ੍ਰਿਆ ਸਮਾਪਤ ਹੋ ਜਾਂਦੀ ਹੈ। ਪਿਤ੍ਰ ਤੋਂ ਭਾਵ ਪਿਤਾ ਹੁੰਦਾ ਹੈ ਪਰ ਪਿਤ੍ਰਾਂ ਤੋਂ ਭਾਵ ਵੱਡੇ ਵਡੇਰੇ ਹਨ। ਪਿਤਾ ਦੀ ਵੰਸ਼ ਨਾਲ ਵਿਸ਼ ਤੀ

---

1. ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ॥
ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ। ਆਸਾ ਰਾਗੁ (ਪਦੇ) ਪੰਨਾ 358

2. ਗੰਗ ਬਨਾਰਸਿ ਸਿਫਤਿ ਤੁਮਾਰੀ ਨਾਵੈ ਆਤਮਰਾਉ॥
ਸਚਾ ਨਾਵਣੁ ਤਾਂ ਥੀਐ, ਜਾਂ ਅਹਿਨਿਸਿ ਲਾਗੈ ਭਾਉ। ਆਸਾ ਰਾਗੁ (ਪਦੇ) ਪੰਨਾ 358

ਨੂੰ ਸੰਬੰਧਿਤ ਕਰਨ ਲਈ ਦਾਨ ਪੁੰਨ ਕਰਨਾ ਅਤੇ ਪ੍ਰਬੰਧ ਕਰਨਾ, ਪਿਤ੍ਰਾਂ ਦੀ ਖੁਸ਼ੀ ਪ੍ਰਾਪਤ ਕਰਨ ਲਈ ਜ਼ਰੂਰੀ ਸਮਝਿਆ ਜਾਂਦਾ ਹੈ। ਪੁਰਾਣਾਂ ਵਿੱਚ ਪਿਤ੍ਰਾਂ ਦੀਆਂ ਕਈ ਸ਼੍ਰੇਣੀਆਂ ਗਿਣਾਈਆਂ ਗਈਆਂ ਹਨ। ਵਾਯੂ ਅਤੇ ਪਦਮ ਪੁਰਾਣ ਵਿਚ ਸਤ ਸ਼੍ਰੇਣੀਆਂ ਹਨ ਪਰ ਸਕੰਦ ਪੁਰਾਣ ਵਿੱਚ ਨੌ ਸ਼੍ਰੇਣੀਆਂ ਹਨ।[1] ਨਾਨਕ ਬਾਣੀ ਵਿਚ ਪ੍ਰੇਤ[2], ਪਿਤ੍ਰ[3] ਆਦਿ ਦਾ ਵਰਣਨ ਹੋਇਆ ਹੈ। ਪਰ ਸ਼੍ਰੇਣੀਆਂ ਦੀ ਕਿਸਮ ਅਤੇ ਗਿਣਤੀ ਮਿਣਤੀ ਬਾਰੇ ਕੋਈ ਗੱਲ ਨਹੀਂ ਆਈ। ਪ੍ਰਸਿੱਧ ਦਸ ਦੇਵ-ਪਿਤ੍ਰਾਂ ਅਤੇ ਪ੍ਰਿਥਵੀ ਲੋਕ ਦੇ ਪਿਤ੍ਰਾਂ ਨੂੰ ਬ੍ਰਾਹਮਣ ਦੇ ਪਿੰਡ ਦੇਣ ਦੀ ਗੱਲ ਜ਼ਰੂਰ ਅੰਕਿਤ ਹੈ।[4]

ਗੁਰੂ ਨਾਨਕ ਬਾਣੀ ਵਿੱਚ ਪ੍ਰੇਤ, ਪਿਤ੍ਰ ਆਦਿ ਦੇ ਸੰਕਲਪ ਨੂੰ ਥਾਂ ਨਹੀਂ ਮਿਲੀ। ਮਨਮੁਖ ਦੀ ਰੂਪਾਂਤਰੀ ਹੀ ਪ੍ਰੇਤ ਹੈ। ਪਿਤ੍ਰਾਂ ਤੇ ਪ੍ਰੇਤਾਂ ਪ੍ਰਤੀ ਪਿੰਡ ਦੇਣ ਦੀ ਪ੍ਰਥਾ ਨੂੰ ਬ੍ਰਾਹਮਣ ਦਾ ਅਡੰਬਰ ਤੇ ਉਦਰ ਪੂਰਤੀ ਦਾ ਸਾਧਨ ਆਖਿਆ ਹੈ।[5] ਆਸਾ ਦੀ ਵਾਰ ਵਿਚ ਚੋਰੀ ਕਰਕੇ ਵੀ ਪਿੰਡ ਦੇਣ ਦੀ ਪ੍ਰਥਾ ਦੀ ਕਠੋਰਤਾ ਉਤੇ ਇਕ ਜ਼ਬਰਦਸਤ ਵਿਅੰਗ ਕੀਤਾ ਗਿਆ ਹੈ। ਇਸ ਨੈਤਕ ਹੀਣਤਾ ਵਾਲੀ ਪ੍ਰਥਾ ਦੇ ਚਾਲਕ ਅਤੇ ਸੰਸਥਾਪਕ ਬ੍ਰਾਹਮਣ ਨੂੰ 'ਦਲਾਲ' ਦੇ ਸ਼ਬਦ ਨਾਲ ਜੋੜ ਕੇ ਉਸਦੇ ਨੀਚ ਕਰਮ ਤੇ ਇਸ ਵਿਚਾਰਧਾਰਾ ਦੇ ਪਰਚਾਰ ਕਰਨ ਦੀ ਨਿੰਦਾ ਹੋਈ ਹੈ।[6] ਪਿਤਰਾਂ ਦਾ ਨਿਸਤਾਰਾ ਅੰਦਰ ਪ੍ਰਗਟੇ ਪ੍ਰਭੂ-ਤੇਜ ਅਤੇ ਹਉਮੈ ਦੇ ਤਿਆਗ ਆਦਿ ਤੋਂ ਹੁੰਦਾ ਹੈ।[7]

---

1. P,V .Kane,'History of Dharmashastra",P.342

2. ਪ੍ਰੇਤ ਪਿੰਜਰ ਮਹਿ ਦੂਖ ਘਨੇਰੇ। ਨਰਕਿ ਪਚਹਿ ਅਗਿਆਨ ਅੰਧੇਰੇ।
ਮਾਰੂ ਰਾਗ(ਸੋਲਹੇ), ਪੰਨਾ 1029

3. (i) ਆਪਿ ਤਰੈ ਪਿਤਰੀ ਨਿਸਤਾਰੈ। ਗਉੜੀ ਰਾਗ(ਅਸ਼ਟਪਦੀਆਂ), ਪੰਨਾ 223
(ii) ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ।
ਆਸਾ ਰਾਗੁ(ਵਾਰ)ਪੰਨਾ 472

4. ਇਕ ਲੋਕੀ ਹੋਰੁ ਛਮਿਛਰੀ ਬ੍ਰਾਹਮਣੁ ਵਟਿ ਪਿੰਡੁ ਖਾਇ।
ਆਸਾ ਰਾਗੁ(ਪਦੇ), ਪੰਨਾ 358

5. ਇਕ ਲੋਕੀ ਹੋਰੁ ਛਮਿਛਰੀ ਬ੍ਰਾਹਮਣੁ ਵਟਿ ਪਿੰਡੁ ਖਾਇ।
ਨਾਨਕ ਪਿੰਡੁ ਬਖਸੀਸ ਕਾ ਕਬਹੂੰ ਨਿਖੂਟਸਿ ਨਾਹਿ
ਆਸਾ ਰਾਗੁ(ਪਦੇ), ਪੰਨਾ 358

6. ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ
ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ
ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ
ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ।
ਆਸਾ ਰਾਗੁ(ਵਾਰ)ਪੰਨਾ 472

7. ਕਾਲ ਜਾਲੁ ਬ੍ਰਹਮ ਅਗਨੀ ਜਾਰੇ
ਜਬ ਮਨੁ ਕੇਰ ਗਰਬੁ ਨਿਵਾਰੇ।
ਆਪਿ ਤਰੈ ਪਿਤਰੀ ਨਿਸਤਾਰੈ।
ਗਉੜੀ ਰਾਗੁ(ਅਸ਼ਟਪਦੀਆਂ), ਪੰਨਾ 223

## ਸਰਾਧ ਕਰਮ

ਗੁਰੂ ਨਾਨਕ ਕਾਵਿ ਵਿਚ ਸ਼ਰਾਧਾਂ ਦਾ ਜ਼ਿਕਰ ਵੀ ਹੈ, ਜੋ ਪਿਤ੍ਰ ਪੂਜਾ ਦੇ ਅੰਤਰਗਤ ਹੀ ਹੋਇਆ ਹੈ। "ਮਰੇ ਹੋਏ ਪਿਤ੍ਰਾਂ ਨੂੰ ਤ੍ਰਿਪਤ ਔਰ ਪ੍ਰਸੰਨ ਕਰਨ ਵਾਸਤੇ ਜੋ ਅੰਨ ਵਸਤ੍ਰ ਆਦਿਕ ਸਾਮਗ੍ਰੀ ਦਿੱਤੀ ਜਾਂਦੀ ਹੈ, ਪੁਰਾਣ ਮਤ ਅਨੁਸਾਰ ਉਸਦਾ ਨਾਂ ਸਰਾਧ ਹੈ।"[1]

ਸਰਾਧ ਦਾ ਅਰਥ ਸਰਧਾ ਨਾਲ ਕੀਤਾ ਗਇਆ ਕਰਮ ਹੈ।[2] ਭਾਈ ਕਾਨ੍ਹ ਸਿੰਘ ਨਾਭਾ ਨੇ ਸਰਾਧਾਂ ਦੇ ਤਿੰਨ ਭੇਦ, ਖਿਆਹੀ, ਪਾਰਵਣ ਅਤੇ ਮਹਾਲਯ ਦੱਸੇ ਹਨ।[3] ਕਿਤੇ ਚਾਰ ਭੇਦ ਵੀ ਦੱਸੇ ਗਏ ਹਨ ਜਿਨ੍ਹਾਂ ਵਿਚ ਚੌਥਾ ਭੇਦ 'ਨਿਤ੍ਯ' ਸਰਾਧ ਹੈ। ਬਾਕੀ ਤਿੰਨ ਉਹੀ ਹਨ।

ਗਰੁੜ ਪੁਰਾਣ ਅਨੁਸਾਰ ਪੁਤਰ ਆਪਣੇ ਪਿਤਾ ਅਤੇ ਪਿੱਤ੍ਰਾਂ ਨੂੰ ਦੂਜੇ ਲੋਕ ਵਿੱਚ ਸੁੱਖ ਪਹੁੰਚਾਣ ਲਈ ਦਾਨ ਅਤੇ ਸਰਾਧ ਜ਼ਰੂਰ ਕਰੇ। ਆਤਮਾ ਹੀ ਪੁਤਰ ਦੇ ਨਾਂ ਵਾਲੀ ਹੋਇਆ ਕਰਦੀ ਹੈ। ਅਰਥਾਤ ਆਤਮਾ ਖੁਦ ਪੁੱਤਰ ਰੂਪ ਵਿਚ ਬਿਰਾਜਦੀ ਹੈ, ਇਸ ਲਈ ਪੁੱਤਰ ਜਦੋਂ ਤੱਕ ਜੀਵਿਤ ਰਹੇ, ਪਿਤਾ ਦਾ ਸਰਾਧ ਜ਼ਰੂਰ ਕਰਾਵੇ। ਪੁੱਤਰ ਸਰਾਧ ਨ ਕਰੇ ਤਾਂ ਨਰਕ ਨੂੰ ਜਾਂਦਾ ਹੈ।[4]

## ਸਰਾਧ ਵਿਧੀ

ਸਰਾਧ ਕਰਨ ਤੋਂ ਪਹਿਲਾਂ ਅੱਗ ਵਿਚ ਹਵਨ ਕਰੇ, ਅੱਗ ਨਾ ਮਿਲੇ ਤਾਂ ਬ੍ਰਾਹਮਣ ਦੇ ਹੱਥ ਉਤੇ ਹੀ ਹੋਮ ਕਰੇ ਕਿਉਂਕਿ ਬ੍ਰਾਹਮਣ ਅਤੇ ਅਗਨੀ ਇਕੋ ਰੂਪ ਹਨ। ਚੌਹਾਂ ਹੱਥਾਂ ਵਿਚ ਸਾਰੀਆਂ ਵਸਤਾਂ ਬਾਹਰ ਵਿਛਾਉਣੀਆਂ, ਪਿਤਰਾਂ ਦਾ ਧਿਆਨ ਕਰਕੇ ਪਿੰਨੀਆਂ ਤੇ ਬ੍ਰਾਹਮਣਾਂ ਨੂੰ ਖਿਲਾਉਣੀਆਂ ਇਤਿਆਦਿ ਸਰਾਧ ਵਿਧੀ ਦਾ ਹਿੱਸਾ ਹਨ। ਗੁਰੂ ਨਾਨਕ ਦੇਵ ਨੇ ਸਰਾਧ ਦੀ ਮਾਨਤਾ ਨੂੰ ਸਵੀਕਾਰਿਆ ਨਹੀਂ। ਅਜਿਹੇ ਸਰਾਧ ਜਿਨ੍ਹਾਂ ਨੂੰ ਆਚਰਨਹੀਨ ਬ੍ਰਾਹਮਣਾਂ ਨੇ ਆਪਣੀ ਸੱਤਾ ਤੇ ਆਰਥਿਕਤਾ ਲਈ ਪ੍ਰਪੰਚ ਵਜੋਂ ਅਪਣਾਇਆ ਤੇ ਸਵਿਕਾਰ ਕੀਤਾ ਹੋਵੇ, ਲੋਕ ਭਲਾਈ ਲਈ ਕੋਈ ਅਰਥ ਨਹੀਂ ਰੱਖਦੇ। ਸਰਾਧ ਸਮੇਂ ਹਿੰਦੂ ਜਨ ਸਾਧਾਰਣ ਉਤੇ ਵਾਧੂ ਭਾਰ ਬਣੇ ਹੋਏ ਸਨ ਤੇ ਅਮੀਰਾਂ ਦੀ ਵਿਖਾਵਾਕਾਰੀ ਸਨ। ਕਿਰਿਆ ਕਰਮ ਦੋਆਂ ਕੀਤਾਂ ਤੇ

---

1. ਕਾਨ੍ਹ ਸਿੰਘ ਨਾਭਾ, ਗੁਰਮਤ ਪ੍ਰਭਾਕਰ, ਪੰਨਾ 360
2. ਕਰਨੈਲ ਸਿੰਘ ਥਿੰਦ, ਲੋਕਯਾਨ ਅਤੇ ਮਧਕਾਲੀਨ ਪੰਜਾਬੀ ਸਾਹਿਤ, ਪੰਨਾ 169
3. (i) ਮਹਾਨ ਕੋਸ਼, ਪੰਨਾ 127
   (ii) ਪਿਤਰ ਦੇ ਮਰਨ ਵਾਲੇ ਮਹੀਨੇ ਅਤੇ ਤਿਥਿ ਵਿਚ ਸ਼ਰਾਧ ਕਰਨਾ ਖਿਆਹੀ, ਅਮਾਵਸ੍ਯਾ ਪੂਰਨਮਾਸੀ ਆਦਿਕ ਪਰਬਾਂ ਵਿਚ ਸਰਾਧ ਕਰਨਾ ਪਾਰਵਣ ਅਤੇ ਅੱਸੂ ਦੇ ਹਨੇਰੇ ਪੱਖ ਵਿਚ ਪਿਤ੍ਰਾਂ ਨੂੰ ਤ੍ਰਿਪਤ ਕਰਨਾ ਮਹਾਲਯ ਸਰਾਧ ਹਨ। ਗੁਰਮਤਿ ਮਾਰਤੰਡ, ਪੰਨਾ 472-73 (ਦੂਜਾ ਭਾਗ)
4. ਗਰੁੜ ਪੁਰਾਣ II-24/10

ਸਰਾਧ ਹਿੰਦੂਆਂ ਦੀ ਜਾਗੀਰ ਆਰਥਿਕ ਵਿਵਸਥਾ ਉੱਤੇ ਬੋਝ ਬਣੇ ਹੋਏ ਸਨ।[1] ਕਬੀਰ ਸਾਹਿਬ ਲਿਖਦੇ ਹਨ- ਇਹ ਸਰਾਧ ਕਾਂਵਾਂ ਜਾਂ ਕੁੱਤੇ ਖਾ ਜਾਂਦੇ ਹਨ ਪਿਤਰਾਂ ਨੂੰ ਨਹੀਂ ਮਿਲਦੀਆਂ । ਜੀਊਂਦਿਆਂ ਮਾਪਿਆਂ ਦੀ ਸੇਵਾ ਵਧੇਰੇ ਲਾਭਦਾਇਕ ਹੈ।[2] ਗੁਰੂ ਨਾਨਕ ਨੇ ਇਸ ਪਿਤਰ ਭਗਤੀ ਨਾਲ ਜੁੜੀ ਸਰਾਧ ਭਾਵਨਾ ਤੇ ਪੁੰਨਦਾਨ ਦੀ ਨਿੰਦਾ ਕੀਤੀ ਹੈ।[3] ਬ੍ਰਾਹਮਣ ਜੋ ਇਸ ਰੀਤ ਦਾ ਕਰਤਾ ਧਰਤਾ ਹੈ, ਉਸਦੇ ਸੁਆਰਥ ਨੂੰ ਜ਼ਾਹਿਰ ਕੀਤਾ ਹੈ।[4]

ਸਪਸ਼ਟ ਹੈ ਕਿ ਸਮਾਜਕ ਅਧੋਗਤੀ ਦਾ ਸੂਚਕ ਇਸ ਸਰਾਧ ਕਿਰਿਆ ਨੂੰ ਵਿਰਾਸਤ ਦੇ ਦਾਇਰੇ ਅੰਦਰ ਰੱਖਕੇ ਗੁਰੂ ਨਾਨਕ ਬਾਣੀ ਨੇ ਲੋਕ ਚੇਤਨਾ ਨੂੰ ਝੰਜੋੜਿਆ ਹੈ ਅਤੇ ਇਸ ਤਰ੍ਹਾਂ ਇਸ ਰੁਖਾਲੇ ਉਸਦੇ ਮਿਥ ਜਗਤ ਨੂੰ ਅਸਵੀਕਾਰ ਕਰਨ ਉੱਤੇ ਬਲ ਦਿੱਤਾ ਹੈ।

<u>ਸੂਤਕ-ਪਾਤਕ</u>

ਸੂਤਕ, ਸੂਤ(ਪ੍ਰਸੂਤ) ਜਨਮ ਸਮੇਂ ਦੀ ਅਸ਼ੁਧੀ ਅਤੇ ਪਾਤਕ, ਪਾਤ(ਡੇਗਣ ਵਾਲਾ ਕਰਮ) ਵ ਪ੍ਰਾਣੀ ਦੇ ਮਰਨ ਪੁਰ ਹੋਈ ਅਪਵਿੱਤ੍ਰਤਾ ਹੈ। ਹਿੰਦੂ ਧਰਮ ਸ਼ਾਸਤ੍ਰਾਂ ਵਿੱਚ ਸੂਤਕ ਦੀ ਅਸ਼ੁਧੀ ਬ੍ਰਾਹਮਣ ਨੂੰ ਬਾਰਾਂ ਦਿਨ, ਖਤਰੀ ਨੂੰ 13 ਦਿਨ, ਵੈਸ਼ ਦੇ 17 ਦਿਨ ਅਤੇ ਸ਼ੂਦ੍ਰ ਨੂੰ 30 ਦਿਨ ਰਹਿੰਦੀ ਹੈ।[5]

ਪਾਤਕ (ਅਸ਼ੌਚ) ਬ੍ਰਾਹਮਣ ਦੇ ਦਸ ਦਿਨ, ਖਤ੍ਰੀ ਦੇ 12 ਦਿਨ, ਵੈਸ਼ ਦੇ 15 ਦਿਨ ਅਤੇ ਸ਼ੂਦਰ ਦੇ ਤੀਹ ਦਿਨ ਤੱਕ ਕਾਇਮ ਰਹਿੰਦੀ ਹੈ।[6]

ਪਾਤਕ ਮ੍ਰਿਤ ਪ੍ਰਾਣੀ ਦੀ ਜਾਤੀ ਅਨੁਸਾਰ ਭਿੰਨ ਭਿੰਨ ਹੈ। ਇਹ ਆਯੂ ਤੇ ਲਿੰਗ ਅਨੁਸਾਰ ਵੀ ਵੱਖ ਵੱਖ ਹੈ। ਸ਼ਾਇਦ ਇਹ ਭਿੰਨਤਾ ਵੱਖ ਵੱਖ ਜਾਤੀਆਂ ਵਿਚ ਸਫਾਈ ਆਦਿ ਨੂੰ ਮੁੱਖ ਰੱਖਕੇ ਕੀਤੀ ਗਈ ਹੈ। ਬੱਚੇ ਦੀ ਮੌਤ ਉੱਤੇ ਪਾਤਕ(ਅਸ਼ੌਚ) ਨਹੀਂ ਮੰਨੀ ਜਾਂਦੀ।

ਅਸ਼ੌਚ ਵਿੱਚ ਪਾਲਣ ਕਰਨ ਜੋਗ ਨਿਯਮ ਦੋ ਪ੍ਰਕਾਰ ਦੇ ਹੁੰਦੇ ਹਨ। ਨਿਸ਼ੇਧਾਤਮਕ ਅਤੇ ਵਿਧੀਆਤਮਕ। ਨਿਸ਼ੇਧਾਤਮਕ ਨਿਯਮਾਂ ਵਿੱਚ ਉਕਤ ਸੂਤਕ ਪ੍ਰਾਣੀਆਂ ਨੂੰ ਭੋਗ ਵਿਲਾਸ ਅਤੇ ਜੀਵਨ ਦੇ

---

1. ਸੁਰਿੰਦਰ ਸਿੰਘ ਕੋਹਲੀ, ਨਾਨਕ ਲੋਕ ਪ੍ਰਵਾਹ, ਪੰਨਾ 54
2. ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ।
   ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ। ਗਉੜੀ ਬੈਰਾਗਣ, ਪੰਨਾ 332
3. (I) ਆਇਆ ਗਇਆ ਮੁਇਆ ਨਾਉ। ਪਿਛੈ ਪਤਲਿ ਸਦਿਹੁ ਕਾਵ।
   ਨਾਨਕ ਮਨਮੁਖਿ ਅੰਧੁ ਪਿਆਰੁ। ਬਾਝੁ ਗੁਰੂ ਡੁਬਾ ਸੰਸਾਰੁ। ਮਾਝ ਰਾਗੁ(ਵਾਰ), ਪੰਨਾ 138
   (II) ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ।
   ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ। ਆਸਾ ਰਾਗੁ(ਵਾਰ), ਪੰਨਾ 472
4. (I) ਵਢੀਅਹਿ ਹੱਥ ਦਲਾਲ ਕੇ ਮੁਸਫੀ ਏਹ ਕਰੇਇ।
   ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ।
   (II) ਇਕ ਲੋਕੀ ਹੋਰ ਛਮਿਛਰੀ ਬ੍ਰਾਹਮਣ ਵਟਿ ਪਿੰਡ ਖਾਇ। ਆਸਾ ਰਾਗੁ(ਪਦੇ), ਪੰਨਾ 358
5. ਮਹਾਨ ਕੋਸ਼ ਪੰਨਾ 167
6. ਉਹੀ ਪੰਨਾ 167

ਸਧਾਰਣ ਕੰਮ ਨੂੰ ਕੁਝ ਸਮੇਂ ਲਈ ਤਿਆਗਣਾ ਚਾਹੀਦਾ ਹੈ।[1] ਹੋਮ ਆਦਿ ਅਤੇ ਵੇਦਾਂ ਦੇ ਅਧਿਐਨ ਦੀ ਮਨਾਹੀ ਵੀ ਹੈ।[2] ਵਿਧੀਆਤਮਕ ਨਿਯਮ ਇਸ ਪ੍ਰਕਾਰ ਹਨ। ਸੰਜਮ ਦੀ ਵਰਤੋਂ, ਭੂਮੀ ਉਤੇ ਸੌਣਾ, ਭਿਖਿਆ ਵਿਚ ਪ੍ਰਾਪਤ ਕੀਤਾ ਹੋਇਆ ਭੋਜਨ ਖਾਣਾ ਆਦਿ।

ਸੂਤਕ ਪਾਤਕ ਆਦਿ ਸੰਸਕਾਰ ਬਾਰੇ ਨਾਨਕ ਬਾਣੀ ਵਿਚ ਬੜਾ ਸਪਸ਼ਟ ਉਲੇਖ ਹੈ। ਸੂਤਕ ਬਾਰੇ ਨਵੀਂ ਪਰਿਭਾਸ਼ਾ ਭੀ ਹੈ। ਇਹ ਪਰਿਭਾਸ਼ਾ ਅਧਿਆਤਮਕ ਅਤੇ ਨੈਤਿਕ ਕੀਮਤਾਂ ਨੂੰ ਦ੍ਰਿੜ ਕਰਾਉਂਦੀ ਹੈ। ਸੂਤਕ ਪਾਤਕ ਦੇ ਨਿਸ਼ੇਧਾਤਮਕ ਅਤੇ ਵਿਧੀਆਤਮਕ ਨਿਯਮਾਂ ਨੂੰ ਇਸ ਰਚਨਾ ਵਿਚ ਪ੍ਰਮਾਣਕੀ ਦੇਣ ਦੀ ਥਾਂ 'ਭਰਮ' ਆਖਿਆ ਗਿਆ ਹੈ ਕਿਉਂਕਿ ਇਹ ਪ੍ਰਕਿਰਤਕ ਨਿਯਮਾਂ ਦੇ ਉਲੰਘਣ ਦਾ ਚਿੰਨ੍ਹ ਹੈ।[3] ਇਸਤਰੀ ਬਾਲਕ ਨੂੰ ਜਨਮ ਦੇਂਦੀ ਹੈ। ਇਸ ਤਰ੍ਹਾਂ ਤਾਂ ਗੋਹੇ, ਲਕੜੀ ਅੰਨ ਦਾਣੇ ਪਾਣੀ, ਅਰਥਾਤ, ਖਾਧ ਪਦਾਰਥ ਤੇ ਨਿਤ ਵਰਤੋਂ ਦੀਆਂ ਸਾਰੀਆਂ ਵਸਤੂਆਂ ਨੂੰ ਸੂਤਕ ਦੀ ਕੋਟੀ ਵਿਚ ਰਖਿਆ ਜਾ ਸਕਦਾ ਹੈ ਕਿਉਂਕਿ ਇਨ੍ਹਾਂ ਅੰਦਰ ਵੀ ਜੀਵ ਵਿਚਰਦੇ ਹਨ। ਮਾਤ ਗਰਭ ਤੇ ਗਰਭ ਵਿਚੋਂ ਉਸਦੇ ਨਿਸ਼ਚੇ ਤੇ ਉਤਪੰਨ ਹੋਏ ਬਾਲਕ ਨਾਲ ਇਸਤਰੀ ਕਿਵੇਂ ਸੂਤਕ ਦੀ ਭਾਗੀ ਬਣ ਗਈ ?[4] ਜੀਣਾ ਮਰਨਾ ਕੁਦਰਤ ਦਾ ਨੇਮ ਹੈ। ਇਸ ਲਈ ਸੂਤਕ ਦੀ ਅਸ਼ੁਧੀ ਨਿਰੋਲ ਵਹਿਮ ਹੈ। ਪ੍ਰਭੂ ਸਿਮਰਣ ਤਾਂ ਮਨੁੱਖ ਦਾ ਨਿਤ ਦਾ ਆਹਾਰ ਹੈ, ਕੰਮ ਵੀ ਤਿਆਗਣ ਦੀ ਲੋੜ ਨਹੀਂ। ਖਾਣਾ ਪੀਣਾ ਪਵਿਤ੍ਰ ਹੈ; ਇਸਨੂੰ ਵੀ ਕਿਉਂ ਤਿਆਗੋ। ਪ੍ਰਭੂ ਸਭ ਨੂੰ ਦੇਂਦਾ ਹੈ।[5] ਸਪਸ਼ਟ ਹੈ ਕਿ ਸੂਤਕ ਦੇ ਭਰਮ ਨੂੰ ਨਾਨਕ ਬਾਣੀ ਵਿਚ ਤਿਆਗਣ ਉਤੇ ਜ਼ੋਰ ਹੈ।

---

1. ਹਿੰਦੂ ਸੰਸਕਾਰ ਪੰਨਾ 327
2. ਗਰੁੜ ਪੁਰਾਣ II-20/3
3. ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ। ਆਸਾ ਮਹਲੁ(ਵਾਰ), ਪੰਨਾ 473
4. ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ।
   ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ।
   ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨਾ ਕੋਇ।
   ਪਹਿਲਾ ਪਾਣੀ ਜੀਓ ਹੈ ਜਿਤੁ ਹਰਿਆ ਸਭੁ ਕੋਇ।
   ਸੂਤਕੁ ਕਿਉਕਰਿ ਰਖੀਐ ਸੂਤਕੁ ਪਵੈ ਰਸੋਇ।
   ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ। ਆਸਾ ਮਹਲੁ(ਵਾਰ), ਪੰਨਾ 473
5. ਖਾਣਾ ਪੀਣਾ ਪਵਿਤ੍ਰ ਹੈ ਦਿਤੋਨੁ ਰਿਜਕੁ ਸੰਬਾਹਿ।
   ਨਾਨਕ ਜਿਨੀ ਗੁਰਮੁਖਿ ਬੁਝਿਆ ਤਿਨਾ ਸੂਤਕੁ ਨਾਹਿ। ਉਹੀ, ਪੰਨਾ 473

ਸੂਤਕ ਦੀ ਨਵੀਂ ਪਰਿਭਾਸ਼ਾ ਵਿਚ ਮਨ ਅਤੇ ਸਰੀਰ ਇੰਦ੍ਰੀਆਂ ਦੇ ਪ੍ਰਸੰਗ ਵਿੱਚ ਗੱਲ ਕੀਤੀ ਗਈ ਹੈ। ਮਨ ਦਾ ਸੂਤਕ ਲੋਭ ਹੈ, ਜੀਭ ਦਾ ਝੂਠ, ਅੱਖਾਂ ਦਾ ਪਰ ਇਸਤ੍ਰੀ, ਧਨ ਅਤੇ ਰੂਪ ਪ੍ਰਤੀ ਮੰਦ ਭਾਵਨਾ ਅਤੇ ਕੰਨਾ ਦਾ ਸੂਤਕ ਪਰਾਈ ਚੁਗਲੀ ਸੁਣਨਾ ਹੈ।[1]

ਸਮਾਜਕ ਕਦਰਾਂ ਕੀਮਤਾਂ ਨਿਰੰਤਰ ਤਬਦੀਲੀ ਦੇ ਚੱਕਰ ਵਿਚ ਚਲਦੀਆਂ ਹਨ। ਸੂਤਕ ਪਾਤਕ ਆਦਿ ਕਦੇ, ਸਫਾਈ ਅਤੇ ਇਹਤਿਆਤ ਵਿਚੋਂ ਉਪਜੇ ਹੋਣਗੇ ਪਰ ਸਮੇਂ ਦੇ ਫੇਰ ਨਾਲ ਇਹ ਕਠੋਰ ਨਿਯਮ ਬਣ ਗਏ ਤੇ ਇਨ੍ਹਾਂ ਨਾਲ ਪਵਿਤਰਤਾ ਅਪਵਿਤਰਤਾ ਦੀ ਭਾਵਨਾ ਜੋੜ ਕੇ ਪੁੰਨ ਅਤੇ ਪਾਪ ਦੇ ਘੇਰੇ ਵਿਚ ਲੈ ਆਂਦਾ ਗਿਆ। ਗੁਰੂ ਨਾਨਕ ਨੇ ਇਸ ਭਰਮ ਬਿਰਤੀ ਦਾ ਖੰਡਨ ਕੀਤਾ ਹੈ ਤੇ ਸਮਾਜਕ ਕਦਰਾਂ ਕੀਮਤਾਂ ਵਿੱਚ ਸਹੀ ਸੋਧ ਦਾ ਨਿਰਮਾਣ ਕੀਤਾ ਹੈ।

ਸਪਸ਼ਟ ਹੈ ਕਿ ਸੰਸਕਾਰਾਂ ਦੇ ਅੰਤਰਗਤ ਜਲ, ਅਗਨੀ, ਦੀਵੇ, ਇਸ਼ਨਾਨ ਆਦਿ ਦਾ ਬੜਾ ਪਸਾਰਾ ਹੈ। ਪੁਰਾਣਾਂ ਵਿਚ ਇਸਦੇ ਵੇਰਵੇ ਨੂੰ ਅਦਭੁਤ ਵਿਸਤਾਰ ਮਿਲਿਆ ਹੈ। ਨਾਨਕਬਾਣੀ ਵਿੱਚ, ਇਨ੍ਹਾਂ ਚੀਜ਼ਾਂ ਅਤੇ ਇਸ਼ਨਾਨ ਆਦਿ ਕਿਰਿਆਂ ਨੂੰ ਮਾੜਾ ਨਹੀਂ ਆਖਿਆ ਗਿਆ ਪਰੰਤੂ ਇਨ੍ਹਾਂ ਨਾਲ ਜੁੜੀ ਪਵਿਤ੍ਰਤਾ ਅਪਵਿਤ੍ਰਤਾ ਦੀ ਭਰਮ ਮਈ ਭਾਵਨਾ ਨੂੰ ਨਿਆਸਰੇ ਪੂਰੇ ਰੱਦ ਕਰ ਦਿੱਤਾ ਹੈ। ਏਦਾਂ ਜਣੇਪੇ ਦੀ ਕਿਰਿਆ ਨੂੰ ਅੰਤਰਮੁਖੀ ਸੰਸਕਾਰਾਂ ਅਧੀਨ ਵਿਚਾਰਿਆ ਗਿਆ ਹੈ। ਅਗਨੀ ਬਾਰੇ ਹਵਨ, ਯੱਗ ਦੇ ਸੰਦਰਭ ਵਿੱਚ ਗੱਲ ਕੀਤੀ ਗਈ ਹੈ। ਅਸਲ ਵਿਚ ਇਨ੍ਹਾਂ ਕਿਰਿਆਵਾਂ ਪਿਛੇ ਸਾਂਕੇਤਿਕ ਅਰਥ ਹੁੰਦੇ ਹਨ ਜੋ ਸਮੇਂ ਦੇ ਪਰਵਾਹ ਨਾਲ ਭੁੱਲ ਜਾਂਦੇ ਹਨ। ਪਿਛੇ ਕੇਵਲ ਕਿਰਿਆਵਾਂ ਤੇ ਉਨ੍ਹਾਂ ਦਾ ਰੂਪ ਪਸਾਰਾ ਹੀ ਬਚ ਜਾਂਦਾ ਹੈ। ਉਸ ਸਮੇਂ ਐਸਾ ਹੀ ਹੋਇਆ ਅਤੇ ਲੋਕਾਂ ਉਤੇ ਇਸਦਾ ਬੜਾ ਮਾੜਾ ਪ੍ਰਭਾਵ ਪਿਆ। ਗੁਰੂ ਨਾਨਕ ਨੇ ਆਪਣੀ ਬਾਣੀ ਰਾਹੀਂ ਸਾਧਾਰਨ ਮਾਨਵ ਨੂੰ ਸਫਲ ਬਣਾਉਣਾ ਚਾਹਿਆ। ਇਸ ਇੱਛਾ ਪਿੱਛੇ ਅਰਥ ਗਵਾ ਚੁਕੇ ਸੰਸਕਾਰਾਂ ਨੂੰ ਖਤਮ ਕਰਨ ਦੀ ਲਾਲਸਾ ਸੀ। ਇਉਂ ਐਸੇ ਪ੍ਰਭਾਵ ਨੂੰ ਰੋਕਕੇ ਪ੍ਰਾਕ੍ਰਿਤਕ ਜੀਵਨ ਜੋ ਕਿ ਭਾਵੇਂ ਅੰਦਰ ਚਲ ਰਿਹਾ ਹੈ, ਨੂੰ ਲੋਕਾਂ ਤੱਕ ਪਹੁੰਚਾਉਣ ਦੀ ਮਨੋਬਿਰਤੀ ਦਾ ਨਾਨਕ ਕਾਵਿ ਵਿੱਚ ਪ੍ਰਗਟਾਵਾ ਹੋਇਆ ਹੈ।

---

1. ਮਨ ਦਾ ਸੂਤਕ ਲੋਭ ਹੈ ਜਿਹਵਾ ਸੂਤਕ ਕੂੜ।
ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪ।
ਕੰਨੀ ਸੂਤਕੁ, ਕੰਨਿ ਪੈ ਲਾਇਤਬਾਰੀ ਖਾਹਿ।
ਨਾਨਕ ਹੰਸਾ ਆਦਮੀ ਬਧੇ ਜਮਪੁਰਿ ਜਾਹਿ।

ਉਹੀ, ਪੰਨਾ 473

## (ਗ) ਇਸਲਾਮਿਕ ਅਨੁਸ਼ਠਾਨ

ਇਸਲਾਮ ਦਾ ਅਮਲੀ ਜਾਂ ਵਿਹਾਰਕ ਪੱਖ 'ਸ਼ਰੀਅਤ' ਦੇ ਬੰਧਨਾਂ ਦੇ ਵਿਚ ਰੱਖਿਆ ਗਿਆ ਹੈ। ਹਰ ਮੋਮਨ ਵਾਸਤੇ ਇਨ੍ਹਾਂ ਵਿਹਾਰਕ ਪੱਖਾਂ ਨੂੰ ਨਿਭਾਉਣਾ ਜ਼ਰੂਰੀ ਸਮਝਿਆ ਗਿਆ ਹੈ। ਇਨ੍ਹਾਂ ਵਿਹਾਰਕ ਪੱਖਾਂ ਨੂੰ ਇਸਲਾਮ ਧਰਮ ਦੇ ਥੰਮ ਦੀ ਆਖਿਆ ਗਿਆ ਹੈ। ਇਸ ਵਿਚ ਹੇਠ ਲਿਖੇ ਅੰਗ ਰਖੇ ਗਏ ਹਨ:

1. ਨਮਾਜ਼, 2. ਜ਼ਕਾਤ, 3. ਰੋਜ਼ਾ, 4. ਹੱਜ ਅਤੇ 5. ਜਹਾਦ

ਪ੍ਰਹੇਜ਼ਗਾਰ ਮੁਸਲਮਾਨ ਇਨ੍ਹਾਂ ਬੰਧਨਾਂ ਨੂੰ ਪਵਿੱਤ੍ਰ ਜਾਣ ਕੇ ਇਨ੍ਹਾਂ ਉਤੇ ਪੂਰਣ ਰੂਪ ਵਿੱਚ ਅਮਲ ਕਰਨਾ ਧਰਮ ਅਤੇ ਸਵਾਬ ਦਾ ਕੰਮ ਸਮਝਦਾ ਹੈ। ਕੁਰਾਨ ਵਿੱਚ ਅਤੇ ਹਦੀਸਾਂ ਵਿੱਚ ਇਨ੍ਹਾਂ ਅਨੁਸ਼ਠਾਨ ਕਰਮਾਂ ਦੀ ਚਰਚਾ ਹੈ। ਹਦੀਸਾਂ ਵਿੱਚ ਤਾਂ ਇਨ੍ਹਾਂ ਨੂੰ ਬੜਾ ਵਿਸਤਾਰ ਪ੍ਰਾਪਤ ਹੋਇਆ ਹੈ।

ਸ਼ਾਇਦ ਆਪਣੇ ਮੁੱਢਲੇ ਪੜਾਵਾਂ ਤੇ ਰੂਪਾਂ ਵਿੱਚ ਇਹ ਅਨੁਸ਼ਠਾਨ ਕਰਮ, ਕਿਸੇ ਵੀ ਧਰਮ ਅਨੁਯਾਈ ਨੂੰ, ਸਾਦਗੀ, ਸੰਜਮ, ਸ਼ੁਭ ਪ੍ਰੇਰਣਾ, ਧਰਮ ਮੁੱਖਤਾ ਅਤੇ ਨਿਮਰਤਾ ਵਰਗੇ ਧਾਰਮਿਕ ਅਤੇ ਸਦਾਚਾਰਕ ਗੁਣਾਂ ਨੂੰ ਦ੍ਰਿੜ ਕਰਨ ਵਿੱਚ ਸਹਾਇਕ ਹੁੰਦੇ ਹੋਣਗੇ। ਪਰ ਸਮਾਂ ਬੀਤਣ ਨਾਲ ਇਨ੍ਹਾਂ ਦਾ ਪਸਾਰ ਵਧਿਆ ਅਤੇ ਇਨ੍ਹਾਂ ਵਿੱਚ ਜੜ੍ਹਤਾ ਤੇ ਕਠੋਰਤਾ ਦਾ ਪ੍ਰਵੇਸ਼ ਹੋਇਆ ਹੈ। ਇਨ੍ਹਾਂ ਦੀ ਜੜ੍ਹਤਾ ਅਤੇ ਕਠੋਰਤਾ ਦੇ ਵਿਸ਼ੂ ਚੱਕਰ ਵਿਚ ਫਸ ਕੇ ਜੀਵ ਧਰਮ ਦੇ ਉੱਚੇ ਆਦਰਸ਼ ਤੋਂ ਭਟਕ ਸਕਦਾ ਹੈ। ਕੁਝ ਧਰਮ ਪ੍ਰਚਾਰਕ ਆਪਣੇ ਸਵਾਰਥ ਅਤੇ ਸੀਮਿਤ ਬੁਧੀ ਅਧੀਨ ਇਨ੍ਹਾਂ ਅਨੁਸ਼ਠਾਨਾਂ ਨੂੰ ਹੀ ਧਰਮ ਦਾ ਆਦਰਸ਼ ਮੰਨਣ ਲਈ ਪ੍ਰਚਾਰ ਕਰਦੇ ਹਨ। ਗੁਰੂ ਨਾਨਕ ਦੇ ਸਮਕਾਲੀਨ, ਇਸਲਾਮ ਦੇ ਪ੍ਰਚਾਰਕ ਤੇ ਸਿਧਾਂਤ ਚਿੰਤਕ ਮੁਲਾਂ ਅਤੇ ਕਾਜ਼ੀ, ਧਰਮ ਪੁਰਸ਼ ਹੋਣ ਦਾ ਦਾਅਵਾ ਕਰਦੇ ਸਨ ਪਰ ਇਤਨੇ ਕੁਟੰਬੀ ਧਰਮ ਤੋਂ ਸੱਖਣੇ ਪਾਪੀ ਅਤੇ ਕਠੋਰ ਹੋ ਚੁਕੇ ਸਨ ਕਿ ਨਾਨਕ ਨੇ ਉਦੋਂ ਦੇ ਕਾਜ਼ੀ ਦੇ ਕਿਰਦਾਰ, ਮੁੱਲਾਂ ਦੇ ਕਿਰਦਾਰ ਅਤੇ ਕਰਮ ਅਨੁਸ਼ਠਾਨਾਂ ਦੇ ਤਾਤਵਿਕ ਰੂ ਪੱਖ ਨੂੰ ਆਪਣੀ ਬਾਣੀ ਦਾ ਭਾਗ ਬਣਾ ਕੇ, ਇਨ੍ਹਾਂ ਸਭ ਨੂੰ ਨਵੇਂ ਮਾਰਗ ਅਰਥਾਤ ਨ ਅਰਥ ਬਖਸ਼ੇ ਹਨ।

ਕਰਮ ਅਨੁਸ਼ਠਾਨਾਂ ਨਾਲ ਜੋ ਪਾਰਲੌਕਿਕ ਸੁੱਖ-ਸਹੂਲਤਾਂ ਦੀ ਆਸ ਜੁੜਦੀ ਹੈ ਤੇ ਜਿਸ ਨਾਲ ਮਿਥ ਕਥਾਵਾਂ ਦਾ ਅਡੰਬਰ ਉਸਰਨ ਲੱਗਦਾ ਹੈ, ਉਸ ਨੂੰ ਗੁਰੂ ਨਾਨਕ ਦੇਵ ਦੀ ਬਾਣੀ ਵਿੱਚ ਨਾ ਮੰਨਿਆ ਗਿਆ ਹੈ ਤੇ ਨਾ ਹੀ ਅਪਣਾਇਆ ਗਿਆ ਹੈ। ਸ਼ਰ੍ਹਾਂ ਦੇ ਬੰਧਨਾਂ ਤੇ ਉਨ੍ਹਾਂ ਸੰਬੰਧੀ ਗੁਰੂ ਨਾਨਕ ਦੇ ਦ੍ਰਿਸ਼ਟੀਕੋਣ ਬਾਰੇ ਇੰਜ ਵਿਚਾਰ ਕੀਤੀ ਜਾ ਸਕਦੀ ਹੈ:

### 1. ਨਮਾਜ਼

'ਨਮਾਜ਼' ਸ਼ਬਦ ਹਿੰਦੁਸਤਾਨ ਵਿੱਚ ਵਧੇਰੇ ਵਰਤਿਆ ਜਾਂਦਾ ਹੈ। ਉਂਜ ਇਸ

ਸ਼ਬਦ ਦੇ ਸਮਾਨਾਂਤਰ,ਮੁਸਲਿਮ ਜਗਤ ਵਿੱਚ, ਖ਼ੁਦਾ ਦੀ ਹਜ਼ੂਰੀ ਵਿਚ ਕੀਤੀ ਜਾਣ ਵਾਲੀ ਪ੍ਰਾਰਥਨਾ ਲਈ ਵਰਤੇ ਜਾਣ ਵਾਲੇ ਸ਼ਬਦ 'ਸਲਾਤ' ਅਤੇ 'ਦੁਆ' ਵੀ ਹਨ। 'ਦੁਆ' ਵਿਸ਼ੇਸ਼ ਪ੍ਰਾਰਥਨਾ ਵੀ ਹੈ ਜਦੋਂ ਕਿ ਨਮਾਜ਼ ਰੋਜ਼ਾਨਾ ਅਨੁਸ਼ਠਾਨਕ ਕਰਮ ਦੇ ਅਧੀਨ ਆਉਂਦੀ ਹੈ। ਮਹਾਨ ਕੋਸ਼ ਦੇ ਕਰਤਾ ਨੇ ਨਮਾਜ਼ਾਂ ਸੰਬੰਧੀ ਹੇਠ ਲਿਖਿਆ ਵੇਰਵਾ ਦਿੱਤਾ ਹੈ:

> 'ਕੁਰਾਨ ਵਿੱਚ ਭਾਵੇਂ ਪੰਜ ਵੇਲੇ ਮੁਕੱਰਰ ਨਹੀਂ ਕੀਤੇ ਗਏ, ਪਰ ਸੁੰਨਤ ਅਤੇ ਹਦੀਸਾਂ ਦੇ ਲੇਖ ਅਨੁਸਾਰ ਮੁਸਲਮਾਨ ਨੂੰ ਪੰਜ ਨਮਾਜ਼ਾਂ ਦਾ ਪੜ੍ਹਨਾ ਜ਼ਰੂਰੀ ਹੈ, ਜਿਨ੍ਹਾਂ ਦਾ ਵੇਰਵਾ ਇਉਂ ਹੈ:-

(i) ਸਲਾਤੁਲਫ਼ਜਰ (ਨਮਾਜ਼ੇ ਸੁਬਹ) ਪਹੁ ਫੁਟਣ ਤੋਂ ਲੈ ਕੇ ਸੂਰਜ ਚੜ੍ਹਨ ਤੀਕ ਦੀ ਨਮਾਜ਼

(ii) ਸਲਾਤੁੱਜ਼ੁਹਰ (ਨਮਾਜ਼ੇ ਪੇਸ਼ੀਨ) ਜਦ ਸੂਰਜ ਢਲਣ ਲਗੇ ਉਸ ਵੇਲੇ ਦੀ ਨਮਾਜ਼

(iii) ਸਲਾਤੁਲ ਅਸਰ (ਨਮਾਜ਼ੇ ਦੀਗਰ) ਤੀਸਰੇ ਪਹਿਰ ਦੀ ਨਮਾਜ਼

(iv) ਸਲਾਤੁਲ ਮੁਗ਼ਰਿਬ (ਨਮਾਜ਼ੇ ਸ਼ਾਮ) ਸੂਰਜ ਛਿਪਣ ਤੋਂ ਲੈ ਕੇ ਆਸਮਾਨ ਦੀ ਸੁਰਖੀ ਮਿਟ ਜਾਣ ਤੱਕ।

(v) ਸਲਾਤੁਲਇਸ਼ਾ (ਨਮਾਜ਼ੇ ਖੁਫ਼ਤਨ ) ਸੌਣ ਵੇਲੇ ਦੀ ਨਮਾਜ਼।

ਇਹ ਪੰਜ ਨਮਾਜ਼ਾਂ ਦਾ ਫ਼ਰਜ਼ ਹਨ। ਇਨ੍ਹਾਂ ਤੋਂ ਛੁੱਟ ਤਿੰਨ ਨਮਾਜ਼ਾਂ ਅਖ਼ਤਿਆਰੀ ਹਨ, ਜਿਨ੍ਹਾਂ ਦੇ ਪੜ੍ਹਨ ਦਾ ਭਾਰੀ ਸਵਾਬ ਹੈ:-

(i) ਸਲਾਤੁਲ ਇਸ਼ਰਾਕ (ਨਮਾਜ਼ੇ ਇਸ਼ਰਾਕ) ਜਦ ਸੂਰਜ ਚੰਗੀ ਤਰ੍ਹਾਂ ਚੜ੍ਹ ਆਵੇ, ਉਸ ਵੇਲੇ ਦੀ ਨਮਾਜ਼।

(ii) ਸਲਾਤੁਲਜ਼ੁਹਾ (ਨਮਾਜ਼ੇ ਚਾਸ਼ਤ ) ਕਰੀਬ ਗਿਆਰਾਂ ਵਜੇ ਦਿਨ ਦੇ

(iii) ਸਲਾਤੁਲਤਹੱਜੁਦ (ਨਮਾਜ਼ੇ ਤੱਹਜੁਦ) ਅੱਧੀ ਰਾਤ ਤੋਂ ਕੁਝ ਪਿਛੋਂ।

ਇਸ ਤੋਂ ਛੁੱਟ ਦੋ ਨਮਾਜ਼ਾਂ ਦੋ ਈਦਾਂ ਦੀਆਂ ਹਨ।

ਨਮਾਜ਼ ਅਰਬੀ ਭਾਸ਼ਾ ਵਿੱਚ ਹੀ ਪੜ੍ਹੀ ਜਾਣੀ ਚਾਹੀਦੀ ਹੈ। ਕਿਉਂਕਿ ਕੁਰਾਨ ਇਸ ਭਾਸ਼ਾ ਵਿੱਚ ਹੈ।

ਨਮਾਜ਼ ਪੜ੍ਹਣ ਤੋਂ ਪਹਿਲਾਂ ਜਿਸਮ ਅਤੇ ਕਪੜੇ ਸ਼ੁਧ ਕਰਨੇ ਜ਼ਰੂਰੀ ਹਨ। ਜਿਸਮ ਸ਼ੁਧੀ ਵਜ਼ੂ ਅਤੇ ਗੁਸਲ ਨਾਲ ਹੁੰਦੀ ਹੈ। ਸਿਰੋਂ ਨੰਗੇ ਅਤੇ ਜੁੱਤੀ ਸਮੇਤ ਨਮਾਜ਼ ਨਹੀਂ ਪੜ੍ਹੀ ਜਾ ਨਮਾਜ਼ ਘਰ ਵੀ ਤੇ ਮਸਜਿਦ ਵਿੱਚ ਵੀ ਪੜ੍ਹੀ ਜਾ ਸਕਦੀ ਹੈ। ਘਰ ਤੋਂ ਬਾਹਰ ਵੀ ਪੜ੍ਹੀ ਜਾ ਹੈ। ਸਮੂਹੀਆਂ ਵਿੱਚ ਵੀ ਨਮਾਜ਼ ਦਾ ਵਿਧਾਨ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਸੰਸ਼ੂਰ ਆਯਤ 104)[2] ਦੇ ਹਵਾਲੇ ਨਾਲ ਸਮੂਹੀਆਂ ਵਿੱਚ ਸਭ ਵੇਲੇ ਦੀ ਨਮਾਜ਼ ਦੀ

---

1. ਮਹਾਨ ਕੋਸ਼ ,ਪੰਨਾ 511
2. ਉਹੀ, ਪੰਨਾ 511

ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਨਮਾਜ਼ ਨਾਲ ਸੰਬੰਧਿਤ ਕਈ ਹਵਾਲੇ ਮਿਲਦੇ ਹਨ। ਨਮਾਜ਼ ਦੇ ਪ੍ਰਸੰਗ ਵਿੱਚ ਗੱਲ ਕਰਦਿਆਂ ਉਨ੍ਹਾਂ ਨਮਾਜ਼ ਨਾਲ ਜੁੜੇ ਅਨੁਸ਼ਠਾਨ ਬੰਧਨ ਨੂੰ ਨਹੀਂ ਲੀਤਾ। ਇਸ ਦੇ ਉਲਟ ਨਮਾਜ਼ ਪ੍ਰਤੀ ਸਦਾਚਾਰਕ ਦ੍ਰਿਸ਼ਟੀਕੋਣ ਪੇਸ਼ ਕੀਤਾ ਹੈ। ਸੱਚ ਅਤੇ ਧਰਮ ਉਤੇ ਆਧਾਰਿਤ ਜੀਵਨ, ਇਮਾਨਦਾਰੀ, ਅੱਲਾ ਦੀ ਮਿਹਰ ਦੀ ਨਜ਼ਰ, ਸ਼ੁਧ ਨਿਯਤ, ਅਤੇ ਅੱਲਾ ਦੀ ਹਮਦੋ ਸਨਾ, ਇਹੀ ਕ੍ਰਮ ਵਾਰ ਪੰਜ ਨਮਾਜ਼ਾਂ ਹਨ[1], ਇਨ੍ਹਾਂ ਵਿਚ ਸਮੇਂ ਦਾ ਬੰਧੇਜ ਨਹੀਂ ਸਗੋਂ ਇਹ ਹਰ ਮਨੁੱਖ ਦੇ ਸਹਿ ਸੰਗੀ ਹੋਣ ਅਤੇ ਭਾਵਨਾ ਵਜੋਂ ਸਦਾ ਕਾਇਮ ਰਹਿਣੇ ਚਾਹੀਦੇ ਹਨ। ਗੁਰੂ, ਕਿਬਲਾ ਇਤਿਆਦਿ ਦੀ ਗੱਲ ਨਹੀਂ ਕੀਤੀ। ਨਮਾਜ਼ ਪੜ੍ਹਨਾ ਮਾਤਰ ਕਰਮ ਨਹੀਂ। ਪ੍ਰਭੂ ਦੀ ਯਾਦ ਵਿੱਚ ਜੁੜਣ ਦੀ ਪ੍ਰਕਿਰਿਆ ਮਾਤਰ ਨਹੀਂ ਹੋ ਸਕਦੀ। ਪਰ ਇਸ ਪ੍ਰਕਿਰਿਆ ਨੂੰ ਸੰਗ੍ਰਿਤ ਕਰਨ ਵਾਲਾ ਕ੍ਰਿਆਕਰਮ ਵਿਧਾਨ ਰਸਮੀ ਹੀ ਮਾਤਰ ਹੈ। ਉਨ੍ਹਾਂ ਨੇ ਪੰਜਾਂ ਨਮਾਜ਼ਾਂ ਨੂੰ ਪੰਜ ਨਵੇਂ ਸਦਾਚਾਰਕ ਨੁਕਤੇ ਦੇ ਕੇ ਸਮੇਂ ਦੀ ਏਕਤਾ ਵਿੱਚ ਬੰਨ੍ਹਿਆ ਹੈ। ਕੂੜੇ ਵਿਅਕਤੀਆਂ ਦਾ ਕੂੜਾ ਨਮਾਜ਼ ਪਖੰਡ ਕਰਮ, ਉਨ੍ਹਾਂ ਦੀ ਦ੍ਰਿਸ਼ਟੀ ਵਿੱਚ ਥਾਂ ਪ੍ਰਾਪਤ ਨਹੀਂ ਕਰ ਸਕਿਆ। ਨਮਾਜ਼ ਪੜ੍ਹਣ ਵਾਲਿਆਂ ਦਾ ਕੀਰ ਉਨ੍ਹਾਂ ਨੂੰ ਪਸੰਦ ਨਹੀਂ।[2] ਸਾਮੰਤਕਾਲੀਨ ਰਾਜਨੀਤਕ ਢਾਂਚੇ ਵਿੱਚ, ਰਾਜਨੀਤੀ ਦੀ ਘਟੀਆ ਖੇਡ ਨੂੰ ਧਰਮ ਅਧਿਕਾਰੀਆਂ ਮੁੱਲਾਂ ਅਤੇ ਨਿਆਂਇਸ਼ੀਲ ਕਾਜ਼ੀ ਬਲ ਦੇ ਰਹੇ ਸਨ। ਗੁਰੂ ਨਾਨਕ ਦੀਆਂ ਨਜ਼ਰਾਂ ਵਿੱਚ ਕਿਰਦਾਰ ਦਾ ਇਹ ਪੱਖ ਨਮਾਜ਼ ਦੇ ਪਵਿੱਤ੍ਰ ਪੱਖ ਨਾਲ ਮੇਲ ਨਹੀਂ ਖਾ ਸਕਦਾ। ਪਵਿੱਤ੍ਰ ਕਰਮ ਦੀ ਓਟ ਪਿਛੇ ਕੁਕਰਮ ਕੀਤੇ ਜਾਣੇ ਠੀਕ ਨਹੀਂ।[3] ਇਸ ਤਰ੍ਹਾਂ ਦੀ ਸ਼ੈਤਾਨੀਅਤ ਪੰਜ ਨਮਾਜ਼ਾਂ ਨੂੰ ਕੱਟ ਦੇਂਦੀ ਹੈ। ਨਾਨਕ ਕਾਵਿ ਵਿਚ ਅਨੁਸ਼ਠਾਨਕ ਤੇ ਦਿਖਾਵੇ ਵਾਲੀ ਨਮਾਜ਼ ਦਾ ਰੂਪ ਵਿੱਚ ਵਿਰੋਧ ਹੋਇਆ ਹੈ, ਪਰ ਨਮਾਜ਼ ਦੇ ਤਾਤਵਿਕ ਅਤੇ ਧਾਰਮਿਕ ਪੱਖ ਦਾ ਵਿਰੋਧ ਨਹੀਂ ਮਿਲਦਾ। ਨਮਾਜ਼ ਵਿੱਚ ਖ਼ੁਦਾ ਦਾ ਨਾਮ ਲਿਆ ਜਾਂਦਾ ਹੈ। ਉਸਦੀ ਏਕਤਾ, ਉਚਤਾ ਤੇ ਪ੍ਰਭੂਤਾ ਦਾ ਜ਼ਿਕਰ ਹੁੰਦਾ ਹੈ। ਖ਼ੁਦਾ ਦਾ ਨਾਮ ਆਤਸ਼ ਰੂਪੀ ਦੁਨੀਆਂ ਵਿੱਚ 'ਸ਼ੀਤਲ ਵਾਯੂ ਦੀ ਨਿਆਈਂ' ਹੈ। ਗੁਰੂ ਨਾਨਕ ਦੇਵ ਰਾਹੀਂ ਨਮਾਜ਼ ਦੇ ਅੰਤਰਗਤ ਸ਼ੁਧ ਮਨ ਦੇ ਸ਼ੁਧ ਸੰਕਲਪ ਨੂੰ ਪੇਸ਼ ਕੀਤਾ ਗਿਆ ਹੈ।

## ਰੋਜ਼ਾ

ਇਸਲਾਮ ਵਿੱਚ ਰੋਜ਼ਾ ਧਰਮ ਦਾ ਆਵਸ਼ਕ ਅੰਗ ਹੈ। ਰੋਜ਼ਾ ਵੀ ਅਨੁਸ਼ਠਾਨਕ ਦੇ ਅੰਦਰ ਹੀ ਆਉਂਦਾ ਹੈ, ਕਿਉਂਕਿ ਇਸ ਨਾਲ ਲੋਕ ਮਨੋਬਿਰਤੀ ਨੇ ਅਨੇਕ ਕਿਸਮ ਦੇ ਭਰਮਾਂ ਦਾ ਪਸਾਰ ਕੀਤਾ ਹੈ। ਵਰਤ ਰੱਖਣ ਜਾਂ ਭੁੱਖੇ ਰਹਿਣ ਦੇ ਕਰਮ ਨੂੰ ਸੰਸਾਰ ਦੇ ਕਈ ਮੁੱਖ ਧਰਮਾਂ ਨੇ

---

1. ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ।
ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ।
ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ।
ਕਰਣੀ ਕਲਮਾ ਆਖਿ ਕੈ ਤਾਂ ਮੁਸਲਮਾਣੁ ਸਦਾਇ। ਮਾਝ ਰਾਗੁ (ਵਾਰ) ਪੰਨਾ 140
2. ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ। ਉਹੀ, ਪੰਨਾ 140
3. ਮਾਣਸ ਖਾਣੇ ਕਰਹਿ ਨਿਵਾਜ, ਆਸਾ ਰਾਗੁ (ਵਾਰ), ਪੰਨਾ 471
4. ਆਤਸ ਦੁਨੀਆ ਖੁਨਕ ਨਾਮੁ ਖੁਦਾਇਆ। ਮਲਾਰ ਰਾਗੁ, (ਵਾਰ), ਪੰਨਾ 1291

ਚੰਗਾ ਸਮਝਿਆ ਹੈ। ਹਿੰਦੂ ਧਰਮ ਵਿਚ ਭੀ ਵਰਤ ਦੀ ਮਹਤਤਾ ਹੈ। ਪੁਰਾਣ ਗ੍ਰੰਥਾਂ ਨੇ ਵਰਤਾਂ ਦੇ ਮਹਾਤਮ ਗਿਣਾਏ ਹਨ। ਵੱਖ ਵੱਖ ਧਰਮਾਂ ਵਿਚ, ਸਰੂਪ ਵਿੱਚ, ਮੁੱਖ ਸਰੋਕਾਰ ਦੀ ਸੁੱਚੀ ਹੈ ਪਰ ਮੰਤਵ ਸਿੱਧੀ ਅਤੇ ਵਰਤ ਵਿਧੀ ਵਿੱਚ ਵਖਰਤਾ ਹੈ। ਇਸਲਾਮ ਵਿੱਚ ਵਰਤ ਤੇ ਵਰਤ ਵਿੱਧੀ ਅਰਥਾਤ ਰੋਜ਼ਿਆਂ ਦੇ ਵੱਖ ਵੱਖ ਨਾਮ ਰੂਪ ਤੇ ਇਨ੍ਹਾਂ ਨੂੰ ਰੱਖਣ ਦੇ ਦਿਨ ਹੇਠ ਲਿਖੇ ਅਨੁਸਾਰ ਹਨ।

(I) ਰਮਜ਼ਾਨ ਦਾ ਸਾਰਾ ਮਹੀਨਾ ਰੋਜ਼ਾ ਰੱਖਣਾ।

(II) ਮੁਹੱਰਮ ਦਾ ਦਸਵਾਂ ਦਿਨ, ਜਿਸਨੂੰ ਆਸ਼ੂਰਾ ਆਖਦੇ ਹਨ। ਮੁਸਲਮਾਨਾਂ ਦਾ ਇਹ ਵਿਚਾਰ ਹੈ ਕਿ ਇਸ ਦਿਨ ਦਾ ਰੋਜ਼ਾ ਆਉਣ ਵਾਲੇ ਵਰ੍ਹੇ ਦੇ ਸਭ ਪਾਪ ਦੂਰ ਕਰਦਾ ਹੈ।

(III) ਈਦੁਲ ਫ਼ਿਤਰ ਪਿਛੋਂ ਛੇ ਦਿਨ ਰੋਜ਼ਾ ਰੱਖਣਾ

(IV) ਹਰ ਹਫ਼ਤੇ ਵਿੱਚ ਸੋਮਵਾਰ ਅਤੇ ਵੀਰਵਾਰ ਰੋਜ਼ਾ ਰਖਣਾ

(V) ਸ਼ਾਬਾਨ ਦਾ ਸਾਰਾ ਮਹੀਨਾ - ਹਜ਼ਰਤ ਮੁਹੰਮਦ ਕਦੇ ਪੂਰਾ ਮਹੀਨਾ, ਕਦੇ ਇਸ ਮਹੀਨੇ ਦਾ ਕੁਝ ਹਿੱਸਾ ਰੋਜ਼ਾ ਰਖਦੇ ਸਨ।

(VI) 13,14 ਅਤੇ 15 ਤਰੀਖ਼ ਹਰੇਕ ਮਹੀਨੇ ਦੀ — ਅਰਥਾਤ ਅਯਾਮੁਲਬੀਜ਼(ਰੌਸ਼ਨੀ ਦਿਨ ○ ਨੂੰ ਰੋਜ਼ਾ ਰਖਣਾ।

(VII) ਇਕ ਦਿਨ ਖਾਣਾ, ਦੂਜੇ ਦਿਨ ਰੋਜ਼ਾ ਰੱਖਣਾ, ਨਿਤ ਦਾ ਰੋਜ਼ਾ ਹੈ।[1]

ਕੁਰਾਨ ਸ਼ਰੀਫ਼ ਵਿਚ ਅਨੇਕ ਰੋਜ਼ਿਆਂ ਸੰਬੰਧੀ ਅਨੇਕ ਥਾਂਵੀਂ ਜ਼ਿਕਰ ਆਇਆ ਹੈ।

ਇਸਲਾਮ ਵਿੱਚ ਰੋਜ਼ੇ ਦੀ ਵਿਆਖਿਆ ਕਰਨ ਵਾਲੇ ਚਿੰਤਕ ਜਿਸਨੂੰ ਆਤਮ ਦੇ ਸਥਾਈ ਭਾਵ ਵਜੋਂ ਇਕ ਭਾਵ ਸਮਝਦੇ ਹਨ।[2] ਇਨ੍ਹਾਂ ਲੋਕਾਂ ਦਾ ਵਿਚਾਰ ਹੈ ਕਿ ਪਾਪ ਨਿਵਿਰਤੀ ਜਾਂ ਪਾਰਲੌਕਿਕ ਜਗਤ ਵਿੱਚ ਸੁੱਖ ਸਮਾਨ ਦੀ ਲਾਲਸਾ ਅਧੀਨ ਰੋਜ਼ੇ ਰੱਖੇ ਜਾਣ ਦੀ ਭਾਵਨਾ ਇਸਲਾਮ ਵਿਚ ਖ਼ਾਸ ਹੈ। ਬੇਸ਼ਕ ਵਰਤ ਵਿੱਚ ਖਾਣਾ ਪੀਣਾ ਤੇ ਕਾਮ ਕ੍ਰੀੜਾ ਮਨ੍ਹਾਂ ਹਨ, ਪਰ ਲੋਕ ਬਿਰਤੀ ਇਨ੍ਹਾਂ ਨੂੰ ਹਮੇਸ਼ਾਂ ਲੌਕਿਕ ਕਰਮ ਤੋਂ ਵੱਖਰੇ ਪਾਰਲੌਕਿਕ ਭਾਵਨਾ ਵਿਚ ਹੀ ਰਖਦੀ ਚਲੀ ਆਈ ਹੈ। ਗੁਰੂ ਨਾਨਕ ਬਾਣੀਆਂ ਵਿਚ 30 ਰੋਜ਼ਿਆਂ ਦਾ ਜ਼ਿਕਰ ਆਇਆ ਹੈ। ਇਹ ਤੀਹ ਰੋਜ਼ੇ ਵਿਸ਼ੇਸ਼ ਕਰ ਰਮਜ਼ਾਨ ਦੇ ਮਹੀਨੇ ਦੇ ਰੋਜ਼ੇ ਹਨ। ਇਹ ਰੋਜ਼ੇ ਰਮਜ਼ਾਨ ਦੇ ਚੰਨ ਦੇਖਣ ਨਾਲ ਸ਼ੁਰੂ ਹੁੰਦੇ ਹਨ ਅਤੇ ਸ਼ਵਾਲ ਦੇ ਚੰਨ ਚੜ੍ਹਨ ਤੱਕ ਚਲਦੇ ਹਨ। ਰਮਜ਼ਾਨ ਦਾ ਮਹੀਨਾ ਪਵਿੱਤ੍ਰ ਮਹੀਨਾ ਹੈ ਕਿਉਂਕਿ ਇਸਲਾਮ ਦੀ ਧਾਰਮਿਕ ਪੁਸਤਕ ਕੁਰਾਨ ਵਿਚਲਾ ਰੱਬੀ ਕਲਾਮ ਰਮਜ਼ਾਨ ਦੇ ਮਹੀਨੇ ਦੀ 24ਵੀਂ ਰਾਤ ਨੂੰ ਉਤਰਨਾ ਸ਼ੁਰੂ ਹੋਇਆ ਸੀ। ਸੋ ਹਜ਼ਰਤ ਮੁਹੰਮਦ ਦੇ ਇਸ ਅਨ੍ਹਾਂ ਅਨੁਭੂਤੀ ਪ੍ਰਾਪਤੀ ਦੇ ਵਿੱਚ ਵਰਤ ਰਖਣ ਦਾ ਕਾਰਣ ਮਨੋਵਿਗਿਆਨਕ ਹੈ। ਮੁਸਲਿਮ ਧਰਮ ਅਨੁਯਾਈ ਆਤਮਕ ਅਨੁਭੂਤੀ ਆਤਮਕ ਨਿਰੀਖਣ ਲਈ ਇਸ ਤੋਂ ਵੱਧ ਹੋਰ ਕਿਹੜਾ ਮਹੀਨਾ ਉੱਤਮ ਸਮਝ ਸਕਦੇ ਹਨ।

---

੧. ਮਹਾਨ ਕੋਸ਼, ਪੰਨਾ 786

ਰੋਜ਼ਿਆਂ ਬਾਰੇ ਗੁਰੂ ਨਾਨਕ ਬਾਣੀ ਵਿਚ ਦੋ ਸੰਕੇਤ ਵਿਸ਼ੇਸ਼ ਹਨ। ਆਚਰਣ ਅਰਥਾਤ 'ਸੀਲ' ਨੂੰ ਰੋਜ਼ਾ ਆਖਿਆ ਗਿਆ ਹੈ।[1] ਰੋਜ਼ੇ ਰਖਣੇ ਵੀ ਸ਼ੈਤਾਨ ਭਾਰੂ ਹੋ ਸਕਦਾ ਹੈ। ਆਪ ਅਨੁਸਾਰ ਚੰਗਾ ਆਚਰਣ ਅਤੇ ਕਾਮ ਸੰਜਮ ਆਤਮ ਨਿਯੰਤ੍ਰਣ ਦਾ ਸਭ ਤੋਂ ਪ੍ਰਮੁਖ ਸਾਧਨ ਹੈ। ਦੂਸਰਾ ਜੇ ਆਤਮ ਸੰਜਮ ਨਹੀਂ ਤਾਂ ਮਨੁੱਖੀ ਮਨ ਵਿਚਲੇ ਸ਼ੈਤਾਨੀਅਤ ਰੋਜ਼ਿਆਂ ਦੇ ਸਾਰੇ ਪ੍ਰਭਾਵ ਨੂੰ 'ਕੱਟ' ਸਕਦੀ ਹੈ।[2] ਵਧੇਰੇ ਭੁੱਖਾ ਰਹਿਣਾ ਜਾਂ ਕਮ ਖਾਣਾ, ਮਨੁੱਖ ਨੂੰ ਜਿਵੇਂ ਅਭਿਮਾਨੀ ਬਣਾਉਂਦੇ ਹਨ ਉਥੇ ਮੂਰਖ ਅਤੇ ਪਤ ਰਹਿਤ ਵੀ ਬਣਾਉਂਦੇ ਹਨ। ਕਿਸੇ ਸਹਿਮ ਜਾਂ ਡਰ ਅਧੀਨ ਜ਼ਰੂਰਤ ਤੋਂ ਵੱਧ ਭੁੱਖ ਸਹੇੜਨਾ, ਧਰਮ ਚੇਤਨਤਾ ਦਾ ਅੰਗ ਨਹੀਂ; ਕਰਮ ਅਨੁਸ਼ਠਾਨ ਦਾ ਅੰਗ ਹੈ।

<u>ਜ਼ਕਾਤ</u>

ਆਪਣੀ ਆਮਦਨ ਵਿਚੋਂ, ਮਾਲ ਧਨ ਵਿਚੋਂ, ਪੁੰਨ ਦਾਨ ਕਰਨਾ 'ਜ਼ਕਾਤ' ਹੈ। ਭਾਈ ਕਾਨ੍ਹ ਸਿੰਘ ਨਾਭਾ ਇਸਲਾਮ ਦੇ ਇਸ ਧਰਮ ਨਿਯਮ ਬਾਰੇ ਕੁਰਾਨ, ਸੂਰਤ ਬਕਰ, ਆਇਤ ਨੰਬਰ43 ਦੇ ਹਵਾਲੇ ਨਾਲ ਲਿਖਦੇ ਹਨ ਕਿ 'ਆਪਣੇ ਮਾਲ ਵਿਚੋਂ ਧਰਮ ਅਰਥ ਜੋ ਹਿੱਸਾ ਕਢਿਆ ਹੈ ਉਸ ਦਾ ਨਾਮ 'ਜ਼ਕਾਤ' ਇਸ ਲਈ ਹੋ ਗਿਆ ਕਿ ਉਸ ਭਾਗ ਦੇ ਦੇਣ ਨਾਲ, ਬਾਕੀ ਮਾਲ ਪਵਿਤ੍ਰ ਹੋ ਜਾਂਦਾ ਹੈ।[3] ਜ਼ਕਾਤ ਵੱਖ ਵੱਖ ਚੀਜ਼ਾਂ ਬਾਰੇ ਵੱਖ ਵੱਖ ਹੈ। ਅਕਸਰ ਮਾਲ ਦਾ ਢਾਈ ਫੀ ਸਦੀ ਹਿੱਸਾ ਪੁੰਨ ਦਾਨ ਅਧੀਨ ਜ਼ਕਾਤ ਦੇ ਅੰਦਰ ਰੱਖਿਆ ਜਾਂਦਾ ਹੈ। ਜ਼ਕਾਤ ਸਰੀਰਕ ਵੀ ਹੁੰਦੀ ਹੈ ਤੇ ਪਦਾਰਥਕ ਵੀ। 'ਜ਼ਕਾਤ' ਫ਼ਕੀਰ, ਮਸਕੀਨ, ਕਰਜ਼ਾਈ, ਇਤਿਆਦਿ ਨੂੰ ਦਿੱਤੀ ਜਾਂਦੀ ਹੈ। ਕਰਜ਼ਾਈ ਦੀ ਪਰਿਭਾਸ਼ਾ ਵਿਚ ਬਦਫੈਲੀ ਲਈ ਕਰਜ਼ਾ ਚੁਕਣ ਵਾਲਾ ਵਿਅਕਤੀ ਸ਼ਾਮਿਲ ਨਹੀਂ। ਕੇਵਲ ਧਰਮ ਕਾਰਜਾਂ ਲਈ ਕਰਜ਼ਾ ਚੁੱਕ ਕੇ ਨਾ ਮੋੜ ਸਕਣ ਵਾਲਾ ਵਿਅਕਤੀ ਹੀ ਇਸ ਭਾਂਤ ਦੇ ਕਰਜ਼ਾਈ ਦੀ ਕੋਟੀ ਵਿਚ ਸ਼ਾਮਿਲ ਕੀਤਾ ਜਾਂਦਾ ਹੈ।

ਜ਼ਕਾਤ ਦੇਣ ਸਮੇਂ ਖਾਸ ਕਿਸਮ ਦੀ ਨਿਯਤ ਦਾ ਹੋਣਾ ਵੀ ਜ਼ਰੂਰੀ ਹੈ। ਇਹ ਨਿਯਤ ਹਿਰਦੇ ਵਿਚ ਸੋਚ ਕੇ ਤੇ ਸ਼ਬਦਾਂ ਰਾਹੀਂ ਪ੍ਰਗਟਾਈ ਗਈ ਹੋਵੇ।

ਗੁਰੂ ਨਾਨਕ ਬਾਣੀ ਵਿਚ ਪਰਮਾਰਥਕ ਹਿਤ ਕੀਤੇ ਗਏ ਪੁੰਨ ਦਾਨ ਦੀ ਮਹਿਮਾ ਪਰ ਨਿੱਜ ਸਵਾਰਥ ਤੇ ਮੁਕਤੀ, ਸਵਰਗ ਇਤਿਆਦਿ ਦੇ ਫਲ ਦੀ ਨਿਯਤ ਵਾਲਾ ਪੁੰਨ ਦਾਨ ਬੇਅਰਥਾ ਹੈ। ਗਰੀਬ ਮਸਕੀਨ, ਰਾਹੀਂ ਆਦਿ ਨੂੰ ਦਾਨ ਤੋਂ ਵੀ ਮਨਾਹੀ ਨਹੀਂ, ਪਰ ਨਿਯਤ ਵਿਚ ਲਾਲਚ ਦਾ ਅੰਸ਼ ਨਹੀਂ ਹੋਣਾ ਚਾਹੀਦਾ।

---

1. ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ, ਮਾਝ ਰਾਗ (ਵਾਰ), ਪੰਨਾ 140
2. ਰੋਜ਼ ਕਰਿ ਰਖੇ ਪੀਜਰ ਸਾਥੀ, ਨਾਹੁ ਸ਼ੈਤਾਨ ਮਨੁ ਕਟਿ ਜਾਈ, ਸਿਰੀ ਰਾਗੁ, ਪੰਨਾ 24
3. ਮਹਾਨ ਕੋਸ਼, ਪੰਨਾ 374

## ਜਹਾਦ

ਨਮਾਜ਼, ਜ਼ਕਾਤ, ਰੋਜ਼ਾ ਅਤੇ ਹੱਜ, ਇਸਲਾਮ ਦੇ ਧਾਰਮਿਕ ਅਮਲ ਗਿਣੇ ਗਏ ਹਨ। ਇਨ੍ਹਾਂ ਦਾ ਸੰਬੰਧ ਮਨੁੱਖ ਦੇ ਨਿੱਜੀ ਜੀਵਨ ਨਾਲ ਹੈ। ਪਰ ਜਹਾਦ ਨੂੰ ਕੌਮੀ ਅਮਲ ਆਖਿਆ ਜਾਂਦਾ ਹੈ ਜਹਾਦ ਦਾ ਭਾਵ ਹੈ ਧਰਮ ਯੁੱਧ। ਗੁਰੂ ਨਾਨਕ ਕਾਵਿ ਵਿਚ ਜਹਾਦ ਦਾ ਕੋਈ ਸੰਕੇਤ ਨਹੀਂ ਮਿਲਦਾ ਧਰਮ ਬਾਹਰੀ ਨਾਵਾਂ ਨਾਲ ਸੰਬੰਧਿਤ ਨਹੀਂ, ਇਹ ਸਗੋਂ ਮਨੁੱਖ ਦੇ ਆਂਤ੍ਰਿਕ ਜਗਤ ਨਾਲ ਸੰਬੰਧ ਰਖਦਾ ਹੈ, ਸੋ ਕਿਸ ਧਰਮ ਲਈ ਜਹਾਦ ਕੀਤਾ ਜਾਵੇ? ਗੁਰੂ ਨਾਨਕ ਕਾਵਿ ਵਿੱਚ ਮਨੁੱਖ ਨੂੰ ਮੁਖ ਰੱਖਿਆ ਗਿਆ ਹੈ, ਵੱਖ ਵੱਖ ਧਰਮਾਂ ਨੂੰ ਨਹੀਂ; ਧਰਮ ਸੰਪਰਦਾਇਕਤਾਵਾਂ ਵੰਡਦੀ ਹੈ, ਤ੍ਰੇੜਾਂ ਪਾਉਂਦੀ ਹੈ। ਸੋ ਜਹਾਦ ਦੀ ਗੱਲ ਨਹੀਂ ਆਈ।

ਸਮੁੱਚੇ ਤੌਰ ਤੇ ਇਨ੍ਹਾਂ ਅਨੁਸ਼ਠਾਨਕਤ ਕਰਮਾਂ ਵਿਚੋਂ, ਨਮਾਜ, ਰੋਜ਼ਾ ਅਤੇ ਹੱਜ ਦੇ ਤਰਕਿਕ ਪੱਖ ਨੂੰ ਉਘਾੜਿਆ ਗਿਆ ਹੈ। ਕਰਮ ਜਾਲ ਨੂੰ ਤੋੜਿਆ ਗਿਆ ਹੈ। ਜ਼ਕਾਤ ਅਤੇ ਜਹਾਦ ਬਾਰੇ ਸਪਸ਼ਟ ਸੰਕੇਤ ਨਹੀਂ ਕੀਤੇ ਗਏ। ਪਰ ਪੁੰਨ ਦਾਨ ਦੇ ਪ੍ਰਸੰਗ ਵਿੱਚ ਰੱਖਕੇ ਜੇ ਜ਼ਕਾਤ ਕਰਮ ਨੂੰ ਵੇਖੀਏ ਤਾਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਆਪ ਦੀ ਬਾਣੀ ਵਿੱਚ ਤਰਕ ਅਧਾਰ ਦਿੱਤੇ ਗਏ, ਪੁੰਨ ਦਾਨ ਦੀ ਮਨਾਹੀ ਨਹੀਂ ਹੋਈ। ਜਿਥੋਂ ਤੱਕ 'ਜਹਾਦ' ਦਾ ਸੰਬੰਧ ਹੈ, ਨਾਨਕ ਬਾਣੀ ਦੀ ਮੂਲ ਭਾਵਨਾ ਦੇ ਸੰਕਲਪ ਪ੍ਰਬੰਧ ਵਿੱਚ ਇਸ ਨੂੰ ਰੱਖਿਆਂ ਇਹ ਗੱਲ ਸਹਿਜੇ ਹੀ ਪ੍ਰਗਟ ਹੋ ਜਾਂਦੀ ਹੈ ਕਿ ਨਾਨਕ ਬਾਣੀ ਨੂੰ ਅਜਿਹਾ ਸੰਪਰਦਾਇਕ ਕੌਮੀ ਅਮਲ ਪਰਵਾਨ ਨਹੀਂ ਹੈ।

ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਅਨੁਸਾਰ, ਇਸਲਾਮ, ਅਨੁਯਾਈ ਤੇ ਵਿਸ਼ੇਸ਼ ਕਰ ਇਸਲਾਮ ਦੇ ਧਰਮ ਪ੍ਰਚਾਰਕ, ਜਿਵੇਂ ਮੁੱਲਾਂ, ਕਾਜ਼ੀ ਇਤਿਆਦਿ ਸ਼ਬਦਾਂ ਦੇ ਸ਼ ਅੰਤਰਗਤ ਆਉਂਦੇ ਇਸਲਾਮੀ ਅਨੁਸ਼ਠਾਨਾਂ ਦੇ ਵਾਦ ਵਿਵਾਦ, ਇਨ੍ਹਾਂ ਦੇ ਬਾਹਰੀ ਦਿਖਾਵੇ ਰੂਪ ਅਤੇ ਇਨ੍ਹਾਂ ਅਮਲਾਂ ਨੂੰ ਨਿਭਾਉਣ ਤੇ ਪ੍ਰਚਾਰਨ ਤੱਕ ਹੀ ਸੀਮਿਤ ਰਹਿ ਗਏ ਸਨ। ਇਨ੍ਹਾਂ ਅਮਲਾਂ ਦੀ ਅਨੁਭਵਹੀਣਤਾ ਕਾਰਣ ਕੇਵਲ ਅਧੋਗਤੀ ਵਲ ਜਾ ਰਹੇ ਸਨ। ਲੋੜ ਸੀ ਇਨ੍ਹਾਂ ਅਨੁਸ਼ਠਾਨਾਂ ਦੇ ਤੱਤਾਂ ਨੂੰ ਅਨੁਭੂਤੀ ਵਿੱਚ ਨਿਭਾਉਣ ਤੇ ਸਮਝਣ ਦੀ। ਸੋ ਗੁਰੂ ਨਾਨਕ ਦੇਵ ਜੀ ਨੇ ਪ੍ਰਭੂ ਦੀ ਬੰਦਗੀ ਨੂੰ ਤੇ ਉਸਦੇ ਦਰਸ਼ਨ ਦੀ ਲਾਲਸਾ ਨੂੰ ਮੁੱਖ ਰਖਦਿਆਂ, ਸ਼ਰਾ ਸ਼ਰੀਅਤ ਦੇ ਬੰਧਨਾਂ ਨੂੰ ਚੰਗਾ ਨਹੀਂ ਆਖਿਆ:

> ਮੁਸਲਮਾਨਾ ਸਿਫਤਿ ਸਰੀਅਤਿ ਪੜਿ ਪੜਿ ਕਰਹਿ ਬੀਚਾਰੁ।
> ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ।[1]

ਇਕ ਚੰਗੇ ਮੁਸਲਮਾਨ ਲਈ ਸ਼ਰ੍ਹਾ, ਸ਼ਰੀਅਤ ਦੇ ਬੰਧਨ ਵਿੱਚ ਜੁੜਨਾ ਜ਼ਰੂਰ ਸੀ

---

1. ਆਸਾ ਮਹਲੁ (ਵਾਰ), ਪੰਨਾ 465

ਨਹੀਂ, ਇਕ ਚੰਗੇ ਮੁਸਲਮਾਨ ਦੇ ਅੰਦਰਲੇ ਗੁਣ ਆਪ ਨੇ ਇਸ ਪ੍ਰਕਾਰ ਦਸੇ ਹਨ।

ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ।
ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ।
ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ।
ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ।[1]

- - - - - - - - - - - - - - - - - -

ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ।
ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ।
ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ।
ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ।
ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ।[2]

- - - - - - - - - - - - - - - - - - - - - - - -

ਮੁਸਲਮਾਣੁ ਸੋਈ ਮਲੁ ਖੋਵੈ।[3]

---

1. ਮਾਝ ਵਾਰੁ(ਵਾਰ), ਪੰਨਾ 140
2. ਉਹੀ, ਪੰਨਾ 141
3. ਧਨਾਸਰੀ ਰਾਗੁ, ਪੰਨਾ 662

ਨਿਬੰਧ

ਇਸ ਸ਼ੋਧ ਪ੍ਰਬੰਧ ਅੰਦਰ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚਲੇ ਮਿਥਿਹਾਸਕ - ਦਾ ਅਧਿਐਨ ਕੀਤਾ ਗਿਆ ਹੈ। ਇਹ ਮਿਥਿਹਾਸ- ਅਧਿਐਨ, ਗੁਰੂ ਕਾਵਿ ਵਿਚਲੀ ਹਿੰਦੂ ਅਤੇ ਇਸਲਾਮ ਨਾਲ ਸੰਬੰਧਿਤ ਸਾਮਗਰੀ ਉੱਪਰ ਆਧਾਰਿਤ ਹੈ। ਇਸ ਬਾਣੀ ਵਿੱਚ ਮਿਥਿਹਾਸਕ ਕਥਾਵਾਂ ਦੇ ਬੀਜ ਰੂਪ ਅਤੇ ਸੰਕੇਤ ਰੂਪ, ਮਿਥਿਹਾਸਕ ਪਾਤਰਾਂ ਦੇ ਸੰਕੇਤ, ਅਨੁਸ਼ਠਾਨ ਕ੍ਰਿਆਵਾਂ ਵਿੱਚ ਮਿਥ ਭਾਵਨਾ ਅਤੇ ਮਿਥ ਸ਼ਬਦਾਵਲੀ ਦੀ ਵਰਤੋਂ ਹੋਈ ਹੈ। ਇਹ ਸਾਰੀ ਮਿਥ ਸਾਮਗ੍ਰੀ ਦੀ ਵਰਤੋਂ ਪ੍ਰਤੀਕ ਹੈ। ਜ਼ਿਆਦਾ ਪ੍ਰਸੰਗ ਵਿਚਾਰ ਅਰਥਾਤ ਸਿਧਾਂਤ ਦੀ ਵਿਆਖਿਆ ਲਈ ਹੋਇਆ ਹੈ। ਮਿਥ ਵਰਤੋਂ ਦੀ ਮੁਖ ਕੀਮਤ ਵਿਆਖਿਆਤਮਕ ਜਾਂ ਸਿਧਾਂਤਕ ਹੈ। ਮਿੱਥ ਕਥਾ ਵਿਚੋਂ ਕੁਝ ਚੋਣਵੇਂ ਅੰਸ਼ ਲਏ ਗਏ ਹਨ। ਉਹ ਚੋਣਵੇਂ ਅੰਸ਼ ਮਾਨਵ ਮਨ ਦੀ ਕਿਸੇ ਵਿਸ਼ੇਸ਼ ਬਿਰਤੀ ਦੇ ਲਖਾਇਕ ਬਣਾ ਕੇ ਪੇਸ਼ ਕੀਤੇ ਗਏ ਹਨ। ਇਸ ਨਾਲ ਵਿਚਾਰ ਨੂੰ ਸਮਰਥਨ ਵੀ ਮਿਲਿਆ ਹੈ ਤੇ ਕਥਨ ਦੀ ਪਧਰ ਵੀ ਜਨ ਸਾਧਾਰਨ ਦੀ ਬੋਧ ਸੀਤਕ ਰਹੀ ਹੈ, ਸੂਖਮ ਜਾਂ ਉਚੇਰੀ ਨਹੀਂ ਬਣੀ। ਉਦਾਹਰਣ ਵਜੋਂ ਹਉਮੈਂ ਸ਼ਬਦ ਦੀ ਵਰਤੋਂ ਨੂੰ ਦੇਖਿਆ ਜਾ ਸਕਦਾ ਹੈ।[1] ਇਸ ਹਉਮੈ ਦੇ ਸੰਕਲਪ ਨੂੰ ਉਘਾੜਨ ਲਈ ਮਿਥ ਕਥਾਵਾਂ ਦੇ ਚੋਣਵੇਂ ਅੰਸ਼ ਗੁਰੂ ਨਾਨਕ ਦੇਵ ਜੀ ਨੇ ਕਾਵਿ ਵਿਚ ਲਿਆਂਦੇ ਹਨ। ਹਉਮੈ ਕੇਵਲ ਪਾਪ ਕਰਮਾਂ ਵਿੱਚ ਹੀ ਮਾੜੀ ਨਹੀਂ ਕਥਿਤ ਪੁੰਨ ਕਰਮਾਂ ਵਿੱਚ ਵੀ ਮਾੜੀ ਹੈ। ਬਲਿ ਰਾਜਾ ਯੱਗ ਦੀ ਹਉਮੈ ਕਰਦਾ ਹੈ, ਹਰੀਚੰਦਰ ਦਾਨ ਦੀ, ਦੈਂਤ ਹਰਨਾਖਸ਼ ਤੇ ਰਾਵਣ, ਕੰਸ ਆਦਿ ਆਪਣੇ ਬਲ ਦੀ— ਸਿੱਟਾ ਦੋਹਾਂ ਪੱਖਾਂ ਤੋਂ ਹੀ ਖੁਆਰੀ ਹੈ। ਏਸੇ ਤਰ੍ਹਾਂ ਗੁਰੂ ਜੀ ਆਤਮ ਕਲਿਆਣ ਲਈ ਆਦਰਸ਼ਕ ਟੇਕ ਨੂੰ ਦ੍ਰਿੜ ਕਰਾਉਣ ਮਿਥ ਕਥਾਵਾਂ ਵਰਤੀਆਂ ਹਨ। ਮਾਨਵ ਮਨ ਦਾ ਉਸਾਰੂ ਪੱਖ ਉਘਾੜਨ ਲਈ ਮਿਥ ਕਥਾਵਾਂ ਦੀ ਵਰਤੋਂ ਹੋਈ ਹੈ ਤੇ ਇਸ ਪ੍ਰਵਿਰਤੀ ਨੂੰ ਇਹ ਸਹਿਜੇ ਪ੍ਰਤੀਬਿੰਬਤ ਕਰ ਸਕੀਆਂ ਹਨ।

ਗੁਰੂ ਕਾਲ ਵਿੱਚ ਹਿੰਦੂ ਮਤ ਅਤੇ ਇਸਲਾਮ, ਇਕ ਦੂਜੇ ਨੂੰ ਸਮਝਣ ਸਮਝਾਉਣ ਦੀ ਥਾਂ, ਪਰਸਪਰ ਸੰਘਰਸ਼ ਵਿਚ ਉਲਝੇ ਹੋਏ ਸਨ। ਇਸ ਸੰਘਰਸ਼ ਨੂੰ ਦੋਨਾਂ ਧਰਮਾਂ ਦੀ ਪੁਜਾਰੀ ਸ਼੍ਰੇਣੀ ਤੋਂ ਬਲ ਮਿਲ ਰਿਹਾ ਸੀ। ਇਨ੍ਹਾਂ ਦੋਹਾਂ ਦੇ ਵਿਚਕਾਰ ਭਗਤ ਤੇ ਸੂਫ਼ੀ ਵਿਚਰ ਰਹੇ ਸਨ। ਇਨ੍ਹਾਂ ਦਾ ਨਿਜੀ ਜੀਵਨ ਬੜੇ ਉਚੇ ਆਦਰਸ਼ਾਂ ਵਿੱਚ ਢਲਿਆ ਹੋਇਆ ਸੀ। ਜੋਗੀ ਵੀ ਸਨ ਸਿਧ ਵੀ ਸਨ, ਪਰ ਜੋਗੀ ਅਤੇ ਸਿਧ ਵਧੇਰੇ ਕਰਕੇ ਯੌਗਿਕ ਆਸਣਾ ਅਤੇ ਤਾਂਤ੍ਰਿਕ ਕ੍ਰਿਆਵਾਂ ਦਾ ਸਹਾਰਾ ਲੈ ਕੇ 'ਸ਼ਕਤੀ ਚੱਕਰ' ਵਿਚ ਉਲਝੇ ਹੋਏ ਸਨ। ਭਗਤ ਅਤੇ ਸੂਫ਼ੀ ਸੰਤ ਇਕ ਵੀ ਭਾਵੇਂ ਸੰਸਾਰ ਮਾਇਆ ਵਿੱਚ ਵਿਚਰ ਰਹੇ ਸਨ, ਪਰ ਮਾਨਸਿਕ ਤੌਰ ਤੇ ਉਹ ਇਸ ਜਗ ਨੂੰ ਜੰਜਾਲ ਅਤੇ ਸੁਪਨਾ ਹੀ ਸਮਝਦੇ ਸਨ।

---

1.

ਅਜਿਹੇ ਸਮੇਂ ਇਕ ਨਵੇਕਲਾ ਸੁਰ ਜਾਗਦਾ ਹੈ ਤੇ ਉਹ ਸੁਰ ਹੈ ਗੁਰ ਕਾਵਿ ਵਿਚੋਂ ਉਭਰਿਆ ਮਾਨਵਵਾਦੀ, ਸਹਿਜ ਭਾਵੀ, ਜੀਵਨ ਮੁਕਤੀ ਦਾ ਸੁਰ। ਗੁਰੂ ਨਾਨਕ ਨੇ ਜਿਥੇ ਬ੍ਰਹਮ ਦੀ ਏਕਤਾ ਉਤੇ ਜ਼ੋਰ ਦਿੱਤਾ ਉਥੇ ਵਸਤੂ ਜਗਤ ਵਿੱਚ ਵਿਚਰਦੇ ਮਨੁੱਖ ਲਈ ਵੀ ਵਸਤੂ ਜਗਤ ਨੂੰ ਸਮਝਣ ਤੇ ਹੋ ਅਪਣਾਉਣ ਲਈ ਆਖਿਆ ਹੈ। ਏਸ ਸਮਝਣ ਸਮਝਾਉਣ ਦੀ ਪ੍ਰਕਿਰਿਆ ਵਿੱਚ ਉਨ੍ਹਾਂ ਨੇ ਦੋਹਾਂ ਧਰਮਾਂ ਦੇ ਪਰੰਪਰਾਗਤ ਵਸੀਲਿਆਂ, ਪੁਰਾਣ ਚਿੰਤਨ, ਧਰਮ ਚਿੰਤਨ ਮਨੌਤਾਂ ਅਤੇ ਧਰਮ ਕ੍ਰਿਆ ਕਰਮਾਂ ਨੂੰ ਆਪਣੀ ਦ੍ਰਿਸ਼ਟੀ ਤੋਂ ਵੱਖ ਨਹੀਂ ਕੀਤਾ। ਸਗੋਂ ਇਨ੍ਹਾਂ ਵਸੀਲਿਆਂ ਨੂੰ ਵੀ ਪ੍ਰਤੀਕਾਂ ਵਿੱਚ ਰੰਗਕੇ ਨਵੀਂ ਸੇਧ ਦਿੱਤੀ ਹੈ। ਇਸ ਤਰ੍ਹਾਂ ਮਿਥ ਸਮਗਰੀ ਦੀ ਵਰਤੋਂ ਉਤੇ ਸਿਧ ਅਤੇ ਪ੍ਰਤੀਕ ਰੂਪ ਹੋਈਹੈ।

ਪਰ ਇਸ ਪ੍ਰਤੀਕ ਵਰਤੋਂ ਨੂੰ ਵੀ ਸਮਝਣਾ ਜ਼ਰੂਰੀ ਬਣਦਾ ਹੈ। ਮਿਥ ਦਾ ਧਰਮ ਨਾਲ ਡੂੰਘਾ ਸੰਬੰਧ ਹੈ। ਮਿਥ ਆਦਿਮ ਵਿਕਾਸ ਵਿਚ ਅਨਿਸਚਤ ਨੂੰ ਨਿਸਚਿਤ ਰੂਪ ਵਿਚ ਵੇਖਣ ਦੀ ਲਾਲਸਾ ਜਾਂ ਅਚੇਤ ਪ੍ਰਕਿਰਿਆ ਹੈ। ਇਹ ਮਨੁੱਖ ਨੂੰ ਵਸਤੂ ਜਗਤ ਤੇ ਆਂਤ੍ਰਿਕ ਜਗਤ ਵਿਚਲੇ ਖਲਾ ਨੂੰ ਭਰਨ ਵਿੱਚ ਸਹਾਇਕ ਹੁੰਦੀ ਰਹੀ ਹੈ। ਮਿਥ ਸਿਰਜਨ ਪ੍ਰਕਿਰਿਆ ਹੈ, ਇਸ ਸਿਰਜਨ ਪ੍ਰਕਿਰਿਆ ਦਾ ਰੁਝਾਨ ਅਨੁਭਵ ਵਸਤੂ ਨੂੰ ਰੂਪਾਂ ਨਾਲ ਯੁਕਤ ਕਰਨਾ ਹੁੰਦਾ ਹੈ। ਸਿਲ ਪੱਥਰ ਤੋਂ ਲੈ ਕੇ, ਬਹੁਦੇਵ ਵਾਦ ਤੇ ਬਹੁਦੇਵ ਤੋਂ ਇਕ ਪਰਮਪ੍ਰਾਤਮਾ ਤੱਕ ਪੁੱਜਣ ਲਈ, ਮਿਥ ਦੀ ਰੂਪ ਆਰੋਪਣ ਵਿਧੀ ਹੀ ਕੰਮ ਕਰਦੀ ਸ਼ ਪ੍ਰਤੀਤ ਹੁੰਦੀ ਹੈ। ਰੂਪ ਆਰੋਪਣ ਦੀ ਸਿਖਰ ਤੱਕ ਪੁੱਜਣ ਲਈ ਉਸ ਤੋਂ ਹੇਠਲੀ ਰੂਪ ਸੰਗਿਆ ਦਾ ਸਹਿਜ ਸੁਭਾਵਿਕ ਖੰਡਣ ਹੁੰਦਾ ਹੈ। ਇਸੇ ਵਿੱਚ ਸਿਲ ਪੱਥਰ ਸ਼ਾਮਿਲ ਹੈ; ਇਸੇ ਦੇ ਅੰਤਰਗਤ, ਡਾਇਣੀ, ਮਠ, ਠਾਕੁਰ, ਤੇ ਦੇਵ, ਅਵਤਾਰ ਆ ਜਾਂਦੇ ਹਨ। ਪਰਮ ਪ੍ਰਾਤਪਰ ਤਕ ਪੁੱਜਣ ਲਈ, ਮਿਥ ਦੀ ਰੂਪ ਆਰੋਪਣ ਵਿਧੀ ਹੀ ਕੰਮ ਕਰਦੀ ਪ੍ਰਤੀਤ ਹੁੰਦੀ ਹੈ। ਰੂਪ ਆਰੋਪਣ ਦੀ ਸਿਖਰ ਤੱਕ ਪੁਜਣ ਲਈ ਉਸ ਤੋਂ ਹੇਠਲੀ ਰੂਪ ਸੰਗਿਆ ਦਾ ਸਹਿਜ ਸੁਭਾਵਿਕ ਖੰਡਣ ਹੁੰਦਾ ਹੈ। ਇਸੇ ਵਿੱਚ ਸਿਲ ਪੱਥਰ ਸ਼ਾਮਿਲ ਹੈ; ਇਸੇ ਦੇ ਅੰਤਰਗਤ, ਭੂ ਡਾਇਣੀ, ਮਠ, ਠਾਕੁਰ ਤੇ ਦੇਵ, ਅਵਤਾਰ, ਆ ਜਾਂਦੇ ਹਨ। ਪਰਮ ਪਰਾਤਪਰ, ਅਕਾਲ, ਅੰਗੰਮ, ਅਨੰਤ, ਅਸੀਮ ਦਾ ਬੋਧ ਇਸ ਵਸਤੂ ਜਗਤ ਦੇ ਨੂੰ ਕਿਸੇ ਵਿਧਾਨ, ਕਿਸੇ ਅਟੁੱਟ ਲੜੀ ਵਿਚ ਲੈ ਆਉਂਦਾ ਹੈ। ਇਸ ਵਿੱਚ ਮਨੁੱਖ ਦੇ ਬੋਧ ਵਿਚ ਵਸਤੂ ਜਗਤ ਦੀਆਂ ਵਸਤਾਂ ਵੀ ਹਨ ਤੇ ਇੰਦ੍ਰਿਆਤਮਕ ਅਨੁਭਵ ਤੋਂ ਪਰੇ ਪਾਰਲੌਕਿਕ ਅਲੌਕਿਕ ਤਤ ਵੀ ਸ਼ਾਮਲ ਹਨ। ਅਕਾਲ ਪੁਰਖ ਸੰਪੂਰਣ ਪਸਾਰੇ ਦੇ ਨਿਪੁੰਨ ਨਿਯੰਤਰਕ ਦਾ ਪ੍ਰਤੀਕ ਹੈ। ਗੁਰੂ ਨਾਨਕ ਕਾਵਿ ਵਿਚ ਕ੍ਰਿ ਪੁਰਾਣ ਪੁਰਖ, ਅਕਾਲ, ਅੰਗਮ ਦਾ ਸਿਰਜਨ ਹੋਇਆ ਹੈ ਤੇ ਮਨੁੱਖ ਨੂੰ ਇਸੇ ਮਹਾਨ ਸੱਤਾ ਨਾਲ ਸੰਬੰਧਿਤ ਕੀਤਾ ਗਿਆ ਹੈ।

ਗੁਰੂ ਨਾਨਕ ਦੇ ਧਰਮ ਦਾ ਸਰੂਪ ਸੰਸਥਾਮਈ ਧਰਮ ਨਾਲੋਂ ਪ੍ਰਤਿਕਰਾਂਤਕ ਧਰਮ ਵਾਲਾ ਵਧੇਰੇ ਹੈ। ਜਿਥੇ ਸੰਸਥਾ ਮੂਲਕ ਧਰਮ ਸੰਕੀਰਣਤਾ ਵੱਸ, ਸੰਪਰਦਾਇਕ ਰੁਚੀਆਂ ਨੂੰ ਗ੍ਰਹਿਣ ਕਰ ਲੈਂਦਾ ਹੈ ਉਥੇ ਪ੍ਰਤਿਕਰਾਂਤਕ ਧਰਮ ਸੰਕੀਰਣਤਾ ਤੇ ਸੰਪਰਦਾਇਕਤਾ ਤੋਂ ਬੇਨਿਆਜ਼ ਹੁੰਦਾ ਹੈ। ਪ੍ਰਤਿਕਰਾਂਤਕ

ਧਰਮ ਵਿਚ ਕ੍ਰਿਆਵਾਂ ਦਾ ਅਡੰਬਰ ਨਹੀਂ ਹੁੰਦਾ। ਇਹ ਕ੍ਰਿਆਵਾਂ ਦੇ ਅਡੰਬਰ ਨਾਲੋਂ ਮਾਨਵ ਮਨ, ਮਾਨਵਤਾ,ਤੇ ਅਨੁਭਵ ਦੇ ਜੀਵੰਤ ਰਿਸ਼ਤੇ ਨੂੰ ਪਹਿਲ ਦੇਂਦਾ ਹੈ। ਇਸ ਦੀ ਨੀਂਹ ਮਾਨਵ ਦੇ ਅਵਚੇਤਨ ਮਨ ਦੀ ਗਹਿਰਾਈ ਤਕ ਹੈ। ਇਹ ਪ੍ਰਾਕ੍ਰਿਤਕ ਅਖੰਡਤਾ ਦੇ ਵਿਪ੍ਰੀਤ ਕ੍ਰਿਆਵਾਂ ਤੇ ਅਡੰਬਰੀ ਫੋਕਟ ਮਨੌਤਾਂ ਦੀ ਖੰਡਿਤ ਰੁਚੀ ਨੂੰ ਨਹੀਂ ਅਪਣਾਉਂਦਾ। ਇਸ ਵਿੱਚ ਅਖੰਡ ਮਨੁੱਖੀ ਅਨੁਭਵ ਨੂੰ ਸਥਿਰ ਰੱਖਣ ਦੀ ਬੜੀ ਭਾਰੀ ਪ੍ਰਬਲ ਰੁਚੀ ਹੈ। ਗੁਰੂ ਨਾਨਕ ਦਾ ਕਾਵਿ ਚਿੰਤਨ ਇਸ ਅਖੰਡ ਅਰਥਮਤਾ ਨੂੰ ਰੂਪਣ ਕਰਦਾ ਹੈ। ਏਸੇ ਲਈ ਉਨ੍ਹਾਂ ਦੀ ਰਚਨਾ ਵਿੱਚ ਅਡੰਬਰੀ ਰੋਜ਼ਦੇ ਤੇ ਵਿਸਤਾਰ ਮੂਲਕ ਅਨੁਸ਼ਠਾਨ ਕਰਮਾਂ ਦੀ ਤਿੱਖੀ ਆਲੋਚਨਾ ਕੀਤੀ ਗਈ ਹੈ। ਇਹੀ ਕਾਰਣ ਹੈ ਕਿ ਜਿਵੇਂ ਇਕ ਮਨੁੱਖ ਦੀ ਸ਼ਕਤੀ ਸਮੁੱਚੀ ਪ੍ਰਾਕ੍ਰਿਤਕ ਸ਼ਕਤੀ ਤੋਂ ਵੱਖ ਹੋ ਕੇ ਵਿਚਰਣ ਲਗਦੀ ਹੈ ਤਾਂ ਗੁਰੂ ਨਾਨਕ ਕਾਵਿ ਦਾ ਸਵਰ ਉੱਚਾ ਹੁੰਦਾ ਹੈ। ਉਹ ਅਖੰਡ ਤੇ ਅਖੰਡਿਤ ਚੇਤਨਾ ਨੂੰ, ਖੰਡਿਤ ਨਹੀਂ ਹੋਣ ਦੇਣਾ ਚਾਹੁੰਦੇ, ਰਾਮ ਰਾਵਣ ਨੂੰ ਮਾਰ ਕੇ ਕਿਵੇਂ ਵੱਡਾ ਹੋ ਗਿਆ? ਕ੍ਰਿਸ਼ਨ ਕਾਲੀ ਨਾਗ ਨੂੰ ਨੱਥ ਕੇ ਕਿਵੇਂ ਵੱਡਾ ਹੋ ਗਿਆ? ਜੀਵਾਂ ਦੇ ਸੁਭਾਵਾਂ ਵਿਚ ਪਰਮ ਪਰਾਤਪਰ ਦੀ ਅਖੰਡ ਸ਼ਕਤੀ ਵਿਦਮਾਨ ਹੈ, ਇਹ ਕਿਸੇ ਵਿਅਕਤੀ ਵਿਸ਼ੇਸ਼ ਦੇ ਬਲ ਪ੍ਰਕਰਮ ਦਾ ਸਿੱਟਾ ਨਹੀਂ। ਏਸੇ ਸ਼ਕਤੀ ਦੇ ਅੰਤਰਗਤ ਸਮੁੰਦਰ ਵਿੱਚ ਪਰਬਤ ਤਰ ਸਕਦੇ ਹਨ, ਤੇ ਕੀੜੀ ਉਤੇ ਲੋਕਖਪਨ ਧਾਰਣ ਕੀਤੇ ਜਾ ਸਕਦੇ ਹਨ। ਇਸ ਅਖੰਡ ਚੇਤਨਾ, ਅਖੰਡ ਸ਼ਕਤੀ ਦੇ ਪਸਾਰੇ ਦੀ ਗੱਲ ਨਾਨਕ ਬਾਣੀ ਵਿੱਚ ਹੋਈ ਹੈ।

ਗੁਰੂ ਨਾਨਕ ਕਾਵਿ ਵਿੱਚ ਮਿਥ ਦੇ ਅਡੰਬਰ ਮੂਲਕ ਪਸਾਰੇ ਦੀ ਵਿਆਖਿਆ ਜਾਂ ਪ੍ਰਗਟਾਵੇ ਦੀ ਥਾਂ ਮਿਥ ਸੰਘਣਤਾ ਦਾ ਪ੍ਰਗਟਾਵਾ ਹੈ। ਇਹ ਮਿਥ ਸੰਘਣਤਾ ਇਕ ਭਰਪੂਰ ਰੂਪ ਦੇ ਦੀਦਾਰ ਕਰਾਉਂਦੀ ਹੈ। ਇਸ ਮਿਥ ਸੰਘਣਤਾ ਦੇ ਅੰਤਰਗਤ, ਵੱਡੀ ਤੋਂ ਵੱਡੀ ਤੇ ਨਿੱਕੀ ਤੋਂ ਨਿੱਕੀ ਵਸਤੂ ਇਕੋ ਸੰਗਠਨ ਵਿਚ ਆ ਜਾਂਦੀ ਹੈ। ਇਸ ਮਿਥ ਸੰਘਣਤਾ ਦੇ ਅੰਤਰ ਗਤ,ਵਿਸ਼ਾਲ ਪ੍ਰਕਿਰਤੀ ਦੇ ਸਾਰੇ ਅੰਗਾਂ ਦੇ ਦਰਸ਼ਨ ਹੁੰਦੇ ਹਨ ਜੋ ਇਕ ਵੱਡੇ ਪਸਾਰੇ ਵਿੱਚ ਫੈਲੇ ਹੋਏ ਹਨ ਤੇ ਇਕੋ ਲੜੀ ਵਿਚ ਬੱਝੇ ਹੋਏ ਹਨ। ਇਸ ਅਸੀਮ ਪਸਾਰੇ ਦੀ ਸੰਚਾਲਕ ਸ਼ਕਤੀ ਇਕ ਪਰਮ ਪਰਾਤਪਰ ਅਕਾਲ ਅਜੀਮ ਪੁਰਖ ਦੀ ਹੈ। ਜੋ ਸਭ ਨੂੰ ਭਾਵੇ, ਹੁਕਮ ਦੀ ਰਜ਼ਾ ਵਿਚ ਚਲਾ ਰਹੀ ਹੈ। ਅਰਬਦ ਨਰਬਦ ਧੁੰਧੂਕਾਰਾ[1] ਨਿਰਾਲਮ ਦੀ ਸੁੰਨ ਕਲਾ[2] ਅਤੇ ਜਪੁਜੀ ਸਾਹਿਬ ਦੀਆਂ ਅਨੇਕ ਪਉੜੀਆਂ ਵਿਚ ਏਸ ਤਥ ਦਾ ਬਿਆਨ ਮਿਲਦਾ ਹੈ।

---

1. ਮਾਰੂ ਮਹਲਾ, (ਸੋਲਹੇ),ਪੰਨਾ 1035
2. ਉਹੀ,ਪੰਨਾ 1057

ਗੁਰੂ ਨਾਨਕ ਮਧਯੁਗੀਨ ਚੇਤਨਾ ਵਿੱਚ ਨਵ ਜਾਗ੍ਰਿਤੀ ਲਿਆਉਣ ਵਾਲੀ ਮਹਾਨ ਸ਼ਖਸੀਅਤ ਸਨ। ਇਸ ਪ੍ਰਾਕਿਰਤਕ ਧਰਮ ਜਾਂ ਸਹਿਜ ਧਰਮ,ਜਿਸਨੂੰ ਉਨ੍ਹਾਂ ਅਪਨਾਇਆ ਤੇ ਦਾ ਆਧਾਰ ਈਸ਼ਵਰ ਵਿੱਚ ਅਖੰਡ ਵਿਸ਼ਵਾਸ਼ ਤੇ ਮਨੁੱਖ ਦੀ ਅਖੰਡ ਤੇ ਅਵੰਡ ਚੇਤਨਾ ਉਤੇ ਸੀ। ਉਨ੍ਹਾਂ ਦੇ ਪੂਰਵ ਵਰਤੀ ਸ਼ਾਸਤ੍ਰ ਜਾਂ ਪੁਰਾਣ ਪਰੰਪਰਾ ਨਾਲ ਸੁਚੇਤ ਸੰਬੰਧ ਦਾ ਪ੍ਰਸ਼ਨ ਹੀ ਨਹੀਂ ਉਠਦਾ ਸ਼ਾਸਤ੍ਰ ਪਰੰਪਰਾ ਸੰਸਥਾ ਮੂਲਕ ਸੀ ਤੇ ਉਸ ਦੇ ਅੰਤਰਗਤ ਆਏ ਪੁਰਾਣ ਪ੍ਰਸੰਗ ਉਸਦੇ ਸੰਸਥਾ ਮੂਲਕ ਧਰਮ ਨੂੰ ਸਥਾਪਤੀ ਦੇਣ ਲਈ ਸਿਰਜੇ ਗਏ ਸਨ ਤੇ ਏਸ ਪਰੰਪਰਾ ਦੇ ਸਿਰਜੇ ਹੋਏ ਅਨੁਸ਼ਠਾਨਾਂ ਵਿਚ, ਅਡੰਬਰ ਪ੍ਰਧਾਨ ਸੀ।

ਗੁਰੂ ਨਾਨਕ ਨੇ ਇਕ ਈਸ਼ਵਰੀ ਸ਼ਕਤੀ ਦੀ ਕਲਪਨਾ ਕੀਤੀ ਹੈ ਤੇ ਉਸਦਾ ਸਬੰਧ ਮਨੁੱਖ ਨਾਲੋਂ ਵਿਛੇਦ ਕਰਨ ਦੀ ਥਾਂ ਸਗੋਂ ਇਸ ਨਾਲ ਜੋੜਿਆ ਹੈ। ਗੁਰੂ ਦੇ ਪ੍ਰਾਕਿਰਤਕ ਧਰਮ ਵਿਚ ਜਿਹੜੇ ਅਨੁਸ਼ਠਾਨ ਸਿਰਜੇ ਗਏ ਹਨ, ਉਹ ਅੰਮ੍ਰਿਤ ਵੇਲੇ ਜਾਗਣਾ, ਸੁੱਚਾ ਆਚਾਰ ਨਿਭਾਉਣਾ,ਨਾਮ ਸਿਮਰਣ ਵਿਚ ਲਗਣਾ, ਪ੍ਰਭੂ ਰਜ਼ਾ ਵਿਚ ਤੁਰਨਾ ਅਤੇ ਗੁਰਮਤ ਅਨੁਸਾਰ ਆਪਣਾ ਜੀਵਨ ਢਾਲਣਾ ਹਨ। ਇਹ ਨਾਨਕ ਬਾਣੀ ਦੇ ਸਿਰਜੇ ਅਨੁਸ਼ਠਾਨ ਵੀ ਆਖੇ ਜਾ ਸਕਦੇ ਹਨ) ਆਦਰਸ਼ ਵੀ ਤੇ ਵਿਧਾਨ ਵੀ।

ਇਸ ਪੱਖੋਂ ਗੁਰੂ ਨਾਨਕ ਨੂੰ ਇਸਲਾਮ ਜਾਂ ਹਿੰਦੂ ਧਰਮ ਆਦਿ ਤੋਂ ਸਿਧੇ ਰੂਪ ਵਿੱਚ ਪ੍ਰਭਾਵਿਤ ਹੋਇਆ ਦਸਣਾ ਨਿਰਮੂਲ ਹੈ। ਗੁਰੂ ਨਾਨਕ ਕਾਵਿ ਦੇ ਸਮੁੱਚੇ ਸੁਭਾ ਤੇ ਪ੍ਰਕਿਰਤੀ ਨੂੰ ਵੇਖਿਆਂ ਇਹ ਗੱਲ ਪ੍ਰਗਟ ਹੀ ਨਹੀਂ ਹੁੰਦੀ। ਸੋ ਇਨ੍ਹਾਂ ਧਰਮਾਂ ਨਾਲ ਜੁੜੀਆਂ ਮਨੌਤਾਂ ਤੇ ਧਰਮ ਕ੍ਰਿਆਵਾਂ ਨੂੰ ਨਾਨਕ ਬਾਣੀ ਵਿੱਚ ਅਪਣਾਉਣ ਦੀ ਥਾਂ ਇਨ੍ਹਾਂ ਵਿਚੋਂ ਕਰੂਤੀਆਂ ਦਾ ਖੰਡਨ ਹੀ ਹੋਇਆ ਹੈ। ਇਸ ਦੇ ਕਈ ਕਾਰਣ ਹਨ। ਜਿਨ੍ਹਾਂ ਵਲ ਉਪਰ ਸੰਕੇਤ ਕੀਤੇ ਗਏ ਹਨ।

ਇਹੋ ਰੁਚੀ ਪਰਵਰਤੀ ਗੁਰੂਆਂ ਵਿਚ ਵਿਦਮਾਨ ਰਹੀ। ਜਿਸਕਰਕੇ ਹੀ ਗੁਰੂ ਨਾਨਕ ਦੀ ਸਿਖ ਇਕ ਨਿਸ਼ਚਿਤ ਸੇਧ ਵਿਚ ਰਹੀ ਹੈ ਅਤੇ ਉਨ੍ਹਾਂ ਦੀ ਰਚਨਾ ਵਿਚੋਂ ਕਿਤੇ ਵੀ ਮਿਥਿਹਾਸ ਦਾ ਮੋਹ ਨਜ਼ਰ ਨਹੀਂ ਆਉਂਦਾ।

# पुस्तक सूची

1. Ansari,M.Abdul,'Islam-(Faith and Practices),Theology & Ethics
Punjabi University. 1969

2. Arthur Jefeery,' A Reader on Islam' Morton and Co.Holland.

3. Barth,A.,'Religions of India'(Tran.Rev.J.Wood),
S.Chand & Co.New Delhi,1969(Reprint)

4. Bhandarkar,D.R.,'Some Aspects of Ancient Hindu Polity',
Oriental Institute,Poona.

5. Bodkin,Maud,'Studies of the Type Images in Poetry,Religion
and Philosophy',Oxford Press,London,1951

6. Bryson,Lyman & others (Ed.),'Symbols and Values,'
An Cooper Square Publishers,New York,1964

7. Cassirer,Ernest,'Language and Myth',Dover Publication INC,1
'Myth of the State,'Yale University
New Haven,1961.

8. Colebroocke,H.T.,'Essays on the Religion and Philosophy of the Hindus',
Idological Book House, Varanasi 1972

9. Couch,William T.(Ed),Colliers Encyclopaedia Vol.20,
Colliers & Sons Corporation,1959 New York.

10. Cox,George W.,'The Mythology of the Aryan Nations
Chowkhamba Sanskrit Series Varanasi,1963

11. Dewana Mohan Singh,'A History of Panjabi Literature
(Pub.Author),Kasturi Lal & Sons Amritsar,
2nd Ed. 1956.

12. Dikshitar,V.R.Ramachandran,'The Purana Index' Vol.I,
University of Madras,1951

13. Edward I.E.S.,'Cambridge Ancient History' Vol.II
(The Religion & Mythology of the Greeks),
University Press,Cambridge,1970

14. Eliade, Mircea, 'Myth and Reality, Allen and Unwin., 1964

15. Fox, William Sherwood, 'Mythology of All Races', Vol. I (Ed. E. H. Gray), Boston Jones, 1916

16. Frazer, James George, 'The Golden Bough', Macmillian & Co. Ltd. London, 1964

17. Garrett John, 'Claffical Dictionary of India', Oriental Publishers, Delhi.

18. Gayley, C. M., 'Classic Myth in English Literature and Art', Boston, Ginn, 1911

19. Guerber, H. A., Myth and Legends of the Middle Ages, Harrap London, 1931

20. Guthrie. W. K. C., 'Greeks and their Gods', Methnen and Co., Ltd., London

21. Hazra, R. C., 'Studies in the Upa Puranas', Sanskrit College, Calcutta, 1958

22. Hopkins, 'The Great Epics of India', New Havanyale Univers Press, 1920

23. Hugles Thoms Patrick, 'A Dictionary of Islam, Oriental Publishers Delhi, 1973.

24. Huxley, Julian, 'Religion Without Revelation', Harper, New York, 1957

25. Ions, Veronica, 'Indian Mythology', Paul Hamlyn, London, 1967

26. J. Hackin, H. DE, Wilman Grabowska & Others, 'Brahmanic Mytholoy' Harrap & Co. Ltd. London, 1963 (Repr

27. James E. O., 'Myth and Rituals in the Ancient near East', Thomas & Hudson, London, 1958

28. James Hasting (Editor), 'Encyclopaedia of Religion & Ethics', Volume IX, T & T Clark, Edinburgh, N.Y. 1962

29. Jarrett, Kerr, Martin, 'Studies in Literature and Beliefs' Rockliff-London, 1954

30. Jecrans E.B. 'Introduction to the History of Religion

31. K.Narayanswami Aiyer, 'The Puranas in the light of Modern Science' Theosophical Society, Madras, 1914

32. Kane, P.V., 'History of Dharamsastra, Vol.IV and V Bhandarkar Oriental Research Institute, Poona, 1953, 1968.

33. Karandikar, M.A. 'Islam in India', Trandition to Modernity Orient Longman's, Bombay, 1968.

34. Kirk, G.S., 'Myth-Its meaning and Function in Ancient and oth rs cultures, Cambridge-1970.

35. Kosambi, D.D., 'Myth and Reality', Popular Prakashan, Bombay-1962.

36. Langdon, Stephen Harbert, 'The Mythology of all Races, Vol.V Archaeological Institute of America, Boston, 1963

37. Larousse-Encyclopaedia of Mythology, Balchworth Press Ltd, London.

38. Levy, Bruhl, 'How Native Thinks' George Allen and Unwin, 1926.

39. M. Mujeeb, 'Islamic influence on Indian Society', Meenakshi Parkashan, Delhi- 1972

40. Macalliffe, Max Arthur, 'The Sikh Religion (in 6 Volumes), S.Chand & Co., New Delhi Reprint, 1963

41. Mackenzie, Donald, A. 'Indian Myths and Legends',
The Ggresham Publishing Co., Ltd, London.

42. Malinow Ski, B, 'Myth in Primitive Psychology'
Kegan Paul, London, 1926

43. Maulana Muhammad Ali, 'The Religion of Islam'
S. Chand & Co, New Delhi.

44. Max Mullar 'Language Mythology and Religion' Vol. I
Longmans, Green & Co- 1881

45 Max Mullar, ' Religion Myth and Customs'
Longman's Green & Co, London, 1891

46. May, Rollo, 'Symbolism in Religion and Literature,
Brazillar, New York, 1960

47. Monier William, 'Dic of Eng. and Sanskrit',
AkalBhartiya Sanskrit Parishad,
Lucknow 1957.

48. Moor Edward, 'Hindu Pantheon', Indological Book House,
Varanasi, 1968

49. Murray, Alexander S., 'Manual of Mythology'
Tudar Publishing Co., New York.

50 Paul Edwards (Editor), 'The Encyclopaedia of Philosophy'
The Macmillon Co of New York, 1967.

51. Pike-E Royston, 'Mohammed Founder of Religion of Islam',
Weidenfield and Nicoloson Ltd., London, 1962

52. Pusalkar, A.D., 'Studies in Epics and Puranas of India',
Bhartya Vidya Bhawan, Bombay, 1955.

53. Reaver J., Boswell G.W., 'Fundamentals of Folk Literature',
Anthropoligical Publication, Oosterhout

54. Rose H.J.' A Hand Book of Greek Mythology, Methuen & Co,
London, 1945

55. Sher Singh,'Philosophy of Sikhism',Lahore,1944

56. Sherwood William,'Introduction to the Greek Myths'
Charles Hills Gayley,Ginn And Co,New York,
Revised Edition,1939

57. Shushtery,A.M.A.,'Outline of Islamic Cultures -Philosphica
and Theological aspects' Published by the
Author,1938.

58. Sinha,Purnedu Narayana,'Bhagvata Purana or Esoteric
Hinduism' Theosophical Publication House,
Madras,1950.

59. Spence Lewis,'An Introduction to Mythology Farrar & Rincha
New York.

60 Surinder Singh Kohli,'A critical Study of Adi Granth',
The Punjabi Writers Cooperative Socity,
New Delhi,1961.

61. Talib Gurbachan Singh,'Guru Nanak His personality and
Vision' Gurdas Kapur and Sons(P)Ltd.
New Delhi

62. Tara Chand,'Influence of Islam on Indian Culture'
The Indian Press Private Ltd.Allahabad,1963

63. Tavakar,N.G.'The Essays throwing new light on the Ghand,
The Apsaras,The Yakshas and the Kinners'
Tavakar Prakashan Bombay,1971.

64. Teja Singh,'Anglo Punjabi Dict.'Lahore Book Shop,1963,
2nd Edition.

65. Temple R.C.'The Legends of Panjab',Department of Languages
Patiala,Reprint,1962.

66. Thomas P., 'Incridible India', D.B.Taraporewala and Sons, Bombay, 1966

67. Trilochan Singh, 'Guru Nanak's religion- A comparative study of Religion' Delhi, 1968.

68. Tritton, A.S., 'Islam Beliefs and Practices' Hutchinsons, University Library, London, 1961.

69. Tylor, Edward Burnett, 'Primitive Culture' London, 1871.

70. Urban Wilbur Marshall, 'Humanity and Deity', George Allen & Unwin, Ltd. London, 1951.

71. Vico, 'The New Science Paper Back Edition, 1961.

72. Walker, 'Benjamin, 'Hindu World an Encyclopedic Survey of Hinduism, George Allen and Unwin Ltd., London 1968.

73. Walter, Leibrecht(Ed.) Religion and Culture, Harper & Brothers, New York, 1959.

74. Wellect, Rene, 'Theory of Literature, Wellek and Austin Warren, Jonathan Cope, London, 1961.

75. Welles, H.G. Out lines of History Kassal & Co London, 1961.

76. Wilkins, W.J., 'Hindu Mythology- Vedic & Puranic', Thacker, Spnik & Co., 1913

77. Winternitz, M., 'A History of Indian Literature, University of Calcutta, Calcutta, 1927.

78. Yashwant Ram Krishna Dutta and Chintaman Ganesh Karve, 'The Eng. Indian Dict. of Scientific Terminology' Maharashtra Kosha Mandal Ltd., Poona, 1948.

JOURNAL. Journal of American Folk Lore, Published by the American Folk Lore Society.

**ਹਿੰਦੀ**


1. ਅਹਿਮਦ ਬਸ਼ੀਰੀ ਮੌਲਵੀ (ਅਨੁ) ਕੁਰਾਨ ਸ਼ਰੀਫ,ਸ੍ਰੀ ਪ੍ਰਕਾਸ਼ ਸਾਹਿਤੇਸ਼ ਲਖਨਊ,1962
2. ਜਗਦੀਸ਼ ਚੰਦਰ ਜੈਨ,ਆਈ.ਬੀ., 'ਭਾਰਤੀਯ ਤਤਵ ਚਿੰਤਨ' ਰਾਜਕਮਲ ਪ੍ਰਕਾਸ਼ਨ,ਦਿਲੀ
3. ਤ੍ਰਿਗੁਣਾਇਤ,ਗੋਬਿੰਦ, 'ਹਿੰਦੀ ਕੀ ਨਿਰਗੁਣ ਕਾਵਿਧਾਰਾ ਔਰ ਉਸ ਕੀ ਦਾਰਸ਼ਨਿਕ ਪ੍ਰਿਸ਼ਟ ਭੂਮੀ', ਕਾਨਪੁਰ ਸਾਹਿਤ ਨਿਕੇਤਨ,1961.
4. ਦਯਾ ਨੰਦ ,'ਧਰਮ ਵਿਦਿਆਰਥੀ,ਸ੍ਰੀ ਭਾ ਰਤ ਧਰਮ ਮਹਾ ਮੰ ਡਲ,ਸਾਸਤ੍ਰ ਪ੍ਰਕਾਸ਼ ਵਿਭਾਗ,ਬਨਾਰਸ,1936
5. ਨਿਕਲਸਨ,ਰੈਨਾਲਡ ਏ. ਇਸਲਾਮ ਕੇ ਸੂਫੀ ਸਾਧਕ , ਹਿੰਦੀ ਅਨੁਵਾਦ ਨਰਮਦੇਸ਼ਵਰ ਚਤੁਰਵੇਦੀ ਮਿਤ੍ਰ ਪ੍ਰਕਾਸ਼ਨ ਇਲਾਹਾਬਾਦ
6. ਪਦਮਿਨੀ ਮੇਨਨ, 'ਪੁਰਾਣ ਸੰਦਰਭ ਕੋਸ਼,ਕੁੰਕਾਮ,ਰਾਮਬਾਗ ਕਾਨਪੁਰ,1969
7. ਪੀਤਾਂਬਰ ਦਤ ਬੜਥਵਾਲ, 'ਹਿੰਦੀ ਕਾਵਯ ਮੇਂ ਨਿਰਗੁਣ ਸੰਪ੍ਰਦਾਯ, ਅਵਧ ਪਬਲਿਸ਼ਿੰਗ ਹਾਊਸ,ਲਖਨਊ
8. ਬਲਦੇਵ ਉਪਾਧਿਆਏ , 'ਪੁਰਾਣ ਵਿਮਰਸ਼, 'ਚੌਖੰਭਾ ਵਿਦਿਆ ਭਵਨ,ਵਾਰਾਨਸੀ,1965
9. ਬ੍ਰਹਮ ਪੁਰਾਣ ,ਖੇਮ ਰਾਜ बम्बई 1906
10. ਬ੍ਰਹਮੰਡ ਪੁਰਾਣ, ਸ੍ਰੀ ਕ੍ਰਿਸ਼ਨ ਦਾਸ ਬੰਬਈ,1906
11. ਮਹਾਭਾਰਤ- ਗੀਤਾ ਪ੍ਰੈਸ ਗੋਰਖਪੁਰ
12. ਰਾਜਬਲੀ ਪਾਂਡੇ,ਹਿੰਦੂ ਸੰਸਕਾਰ,ਸਾਮਾਜਿਕ ਤਥਾ ਧਾਰਮਿਕ ਅਧਿਐਨ, ਚੌਖੰਭਾ ਵਿਦਿਆ ਭਵਨ,ਵਾਰਾਨਸੀ,1957।
13. ਰਾਮਦਾਸ ਗੌੜ, 'ਹਿੰਦੂਤਵ' ਸ਼ਿਵ ਪ੍ਰਸਾਦ ਗੁਪਤਾ,ਸੇਵਾ ਉਪਵਨ ਕਾਸ਼ੀ,1955 ਬਿਕ
14. ਵਾਚਸਪਤੀ ਗੈਰੋਲਾ, 'ਸੰਸਕ੍ਰਿਤ ਸਾਹਿਤਯ ਕਾ ਇਤਿਹਾਸ,ਚੌਖੰਭਾ ਵਿਦਿਆ ਭਵਨ, ਵਾਰਾਨਸੀ,1960
15. ਸਿਧੇਸ਼ਵਰ ਸ਼ਾਸਤ੍ਰੀ ਚਿਤ੍ਰਾਵ, 'ਪ੍ਰਾਚੀਨ ਚਰਿਤ੍ਰ ਕੋਸ਼, 'ਭਾਰਤੀ ਚਰਿਤ੍ਰ ਕੋਸ਼ ਮੰਡਲ , ਪੂਨਾ,1964
16. ਸਿਧੇਸ਼ਵਰੀ ਨਾਰਾਇਣ ਰਾਏ, 'ਪੌਰਾਣਿਕ ਧਰਮ ਏਵੰ ਸਮਾਜ,ਪੰਚਨੰਦ ਪਬਲੀਕੇਸ਼ਨ,1968
17. ਸੁਰਿੰਦਰ ਸਿੰਘ ਕੋਹਲੀ(ਡਾ:)ਸਿੱਖ ਦਰਸ਼ਨ', ਲਹੌਰ ਬੁਕ ਸ਼ਾਪ ਲੁਧਿਆਣਾ,1969

18. ਸੰਪੂਰਨਾ ਨੰਦ, 'ਹਿੰਦੂ ਦੇਵ ਪਰਿਵਾਰ ਦਾ ਵਿਕਾਸ'
ਮਿਤ੍ਰ ਪ੍ਰਕਾਸ਼ਨ ਪ੍ਰਾਈਵੇਟ ਲਿਮਿਟਿਡ ਇਲਾਹਾਬਾਦ,1964

19. ਸ਼੍ਰੀ ਰਾਮ ਪ੍ਰਤਾਪ ਤ੍ਰਿਪਾਠੀ, 'ਹਿੰਦੂਉਂ ਕੇ ਵ੍ਰਤ ਪਾਰਵ ਔਰ ਤਿਉਹਾਰ',
(ਲੁਕ) ਕਿਤਾਬ ਮਹਿਲ, ਅਲਾਹਾਬਾਦ ,1950
('ਹਿੰਦੀ ਸਾਹਿਤ ਸੰਮੇਲਨ ਪ੍ਰਯਾਗ' ਸੰਮਤ 2005

20. ਸ਼੍ਰੀ ਰਾਮ ਸ਼ਰਮਾ ਆਚਾਰੀਆ (ਸੰਪਾਦਕ) 'ਗਰੁੜ ਪੁਰਾਣ' (ਦੋ ਖੰਡ)
ਸੰਸਕ੍ਰਿਤ ਸੰਸਥਾਨ- ਬਰੇਲੀ,1968
'ਦੇਵੀ ਭਾਗਵਤ ਪੁਰਾਣ' ਸੰਸਕ੍ਰਿਤ ਸੰਸਥਾਨ,ਬਰੇਲੀ,1968 ,
'ਨਾਰਦ ਪੁਰਾਣ',1971 , 'ਪਦਮ ਪੁਰਾਣ ,ਪਹਿਲਾ ਖੰਡ,1968,ਦੂਜਾ ਖੰਡ 1969
'ਸੰਸਕ੍ਰਿਤ ਸੰਸਥਾਨ ਬਰੇਲੀ,
'ਭਵਿਸ਼ਯ ਪੁਰਾਣ',ਪਹਿਲਾ ਖੰਡ 1968,ਦੂਜਾ ਖੰਡ 1969 ,
ਸੰਸਕ੍ਰਿਤ ਸੰਸਥਾਨ,ਬਰੇਲੀ
ਭਾਗਵਤ ਪੁਰਾਣ ਦੂਜਾ ਖੰਡ,1969,ਸੰਸਕ੍ਰਿਤ ਸੰਸਥਾਨ,ਬਰੇਲੀ
'ਵਾਯੂ ਪੁਰਾਣ' (ਦੋ ਖੰਡ), ਸੰਸਕ੍ਰਿਤ ਸੰਸਥਾਨ ਬਰੇਲੀ,1967
'ਵਿਸ਼ਨੂੰ ਪੁਰਾਣ' (ਦੋ ਖੰਡ),ਸੰਸਕ੍ਰਿਤ ਸੰਸਥਾਨ ਬਰੇਲੀ,1967
'ਹਰਿਵੰਸ਼ ਪੁਰਾਣ',ਸੰਸਕ੍ਰਿਤ ਸੰਸਥਾਨ ਬਰੇਲੀ,1968

21. ਹਜ਼ਾਰੀ ਪ੍ਰਸਾਦ ਦਵੇਦੀ, ਮਧਕਾਲੀਨ ਧਰਮ ਸਾਧਨਾ,ਸਾਹਿਤਯ ਭਵਨ,ਇਲਾਹਾਬਾਦ।

22. ਹਰਿਭਜਨ ਸਿੰਘ , 'ਗੁਰੂ ਨਾਨਕ ਦਾ ਸੰਦੇਸ਼,ਭਾਸ਼ਾ ਵਿਭਾਗ,ਪੰਜਾਬ,ਪਟਿਆਲਾ,1970

**ਪੰਜਾਬੀ**

1. ਸਰਦੂਲ ਸਿੰਘ, 'ਸਿੱਖ ਧਰਮ ਦਰਸ਼ਨ' (ਸੰਪਾਦਕ ਵਜ਼ੀਰ ਸਿੰਘ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969.
2. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, (ਸੰਪਾਦਕ ਤੇਜਾ ਸਿੰਘ ਤੇ ਹੋਰ) ਚਾਰ ਪੋਥੀਆਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1964-69
3. ਸ਼ਮਸ਼ੇਰ ਸਿੰਘ ਅਸ਼ੋਕ, 'ਧਰਮ ਸਾਹਿਤ ਤੇ ਇਤਿਹਾਸ', ਮਾਡਰਨ ਪਬਲੀਕੇਸ਼ਨਜ਼, ਲਾਹੌਰ, 1946
4. ਸੰਤੋਖ ਸਿੰਘ, 'ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ (ਸੰਪਾਦਕ ਵੀਰ ਸਿੰਘ), ਖਾਲਸਾ ਸਮਾਚਾਰ, ਅੰਮ੍ਰਿਤਸਰ।
5. ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਨ (ਟੀਕਾ) 10 ਪੋਥੀਆਂ, ਰਾਜ ਪਬਲਿਸ਼ਰਜ਼, ਜਲੰਧਰ, 1963-64

   'ਗੁਰਬਾਣੀ ਤੇ ਇਤਿਹਾਸ ਬਾਰੇ' ਸਿੰਘ ਬ੍ਰਦਰਜ਼ ਅੰਮ੍ਰਿਤਸਰ, 1960

   'ਗੁਰਮਤ ਪ੍ਰਕਾਸ਼', ਲਾਹੌਰ ਬੁਕ ਸ਼ਾਪ, 1947
6. ਸੁਰਿੰਦਰ ਸਿੰਘ ਬੇਦੀ, 'ਨਾਨਕ ਲੋਕ ਪ੍ਰਵਾਹ', ਨੈਸ਼ਨਲ ਬੁਕ ਸ਼ਾਪ, ਚਾਂਦਨੀ ਚੌਕ ਦਿੱਲੀ, 1971
7. ਸੁਰਿੰਦਰ ਸਿੰਘ ਕੋਹਲੀ, (ਸੰਪਾਦਕ), 'ਗੁਰੂ ਨਾਨਕ ਜੀਵਨ ਦਰਸ਼ਨ ਅਤੇ ਕਾਵਿ ਕਲਾ', ਪੰਜਾਬ ਯੂਨੀਵਰਸਿਟੀ, ਪਬਲੀਕੇਸ਼ਨਜ਼ ਬਿਊਰੋ। 1969
8. ਸ਼ੇਰ ਸਿੰਘ, 'ਆਤਮ ਦਰਸ਼ਨ', ਲਾਹੌਰ ਬੁਕ ਸ਼ਾਪ, 1963

   'ਕਿਸ਼ਨ ਲੀਲਾ ਰਹਸਯ' ਅੰਮ੍ਰਿਤ ਪ੍ਰੈਸ, ਤਰਨਤਾਰਨ, 1936

   'ਵਾਹਿਗੁਰੂ ਦਰਸ਼ਨ' ਲਾਹੌਰ ਬੁਕ ਸ਼ਾਪ, ਲੁਧਿਆਣਾ।
9. ਹਰਿਭਜਨ ਸਿੰਘ (ਸੰਪਾਦਕ) ਧਰਮ ਅਤੇ ਧਾਰਮਿਕ ਕਾਵਿ' ਨੈਸ਼ਨਲ ਬੁਕ ਸ਼ਾਪ, ਦਿੱਲੀ, 1971

   'ਪੁਰਾਤਨ ਜਨਮ ਸਾਖੀ, ਗੁਰੂ ਨਾਨਕ ਯੂਨੀਵਰਸਿਟੀ, 1972
10. ਕਰਨੈਲ ਸਿੰਘ ਥਿੰਦ, 'ਲੋਕਯਾਨ ਅਤੇ ਮਧਕਾਲੀਨ ਪੰਜਾਬੀ ਸਾਹਿਤ,' ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ, 1973

11. ਕਾਨ੍ਹ ਸਿੰਘ ਨਾਭਾ, ' ਗੁਰ ਸ਼ਬਦ ਰਤਨਾਕਰ' 'ਮਹਾਨ ਕੋਸ਼',
ਭਾਸ਼ਾ ਵਿਭਾਗ, ਪਟਿਆਲਾ। 1960

'ਗੁਰਮਤ ਪ੍ਰਭਾਕਰ'
ਭਾਸ਼ਾ ਵਿਭਾਗ ਪਟਿਆਲਾ, 1970

'ਗੁਰਮਤ ਮਾਰਤੰਡ ( ਦੋ ਭਾਗ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ
ਸ੍ਰੀ ਅੰਮ੍ਰਿਤਸਰ, 1962

12. ਕਾਲਾ ਸਿੰਘ ਬੇਦੀ, 'ਗੁਰੂ ਨਾਨਕ ਸ਼ਬਦ ਰਤਨਾਕਰ' ਭਾਸ਼ਾ ਵਿਭਾਗ, ਪਟਿਆਲਾ, 1969

13. ਕਿਰਪਾਲ ਸਿੰਘ, ਜਨਮ ਸਾਖੀ ਪਰੰਪਰਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969

14. ਜੋਧ ਸਿੰਘ, ਗੁਰਮਤ ਨਿਰਣਯ, ਅਤਰ ਚੰਦ ਕਪੂਰ ਐਂਡ ਸੰਨਜ਼, ਲਹੌਰ, 1943

ਗੁਰੂ ਨਾਨਕ ਬਾਣੀ, ਨੈਸ਼ਨਲ ਬੁਕ ਟਰੱਸਟ, ਦਿੱਲੀ, 1971

15. ਜੋਨ ਡੌਸਨ ਹਿੰਦੂ ਮਿਥਿਹਾਸ ਕੋਸ਼, ਭਾਸ਼ਾ ਵਿਭਾਗ, ਪਟਿਆਲਾ, 1965

16. ਤਾਰਨ ਸਿੰਘ, 'ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1965

ਗੁਰੂ ਨਾਨਕ ਬਾਣੀ ਪ੍ਰਕਾਸ਼ (ਦੋ ਭਾਗ)
ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969
ਨੇਮ ਤੇ ਪ੍ਰੇਮ , ਨਵ ਚੇਤਨ ਪਬਲਿਸ਼ਰਜ਼, ਸ੍ਰੀ ਅੰਮ੍ਰਿਤਸਰ, 1964

17. ਤ੍ਰਿਲੋਚਨ ਸਿੰਘ, ਜੀਵਨ ਚਰਿੱਤ੍ਰ ਗੁਰੂ ਨਾਨਕ ਦੇਵ, ਦਿੱਲੀ ਸਿੱਖ ਗੁਰਦੁਆਰਾ ਬੋਰਡ,

18. ਤੇਜਾ ਸਿੰਘ, 'ਸ੍ਰੀ ਗੁਰੂ ਬਾਣੀ ਪ੍ਰਕਾਸ਼' (ਤਿੰਨ ਸੈਂਚੀਆਂ)
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, 1953

19. ਪਿਆਰਾ ਸਿੰਘ ਪਦਮ, ' ਗੁਰੂ ਗ੍ਰੰਥ ਵਿਚਾਰ ਕੋਸ਼, ਸ੍ਰੀ ਗੁਰੂ ਗ੍ਰੰਥ ਸਾਹਿਬ ਖੋਜ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ 1969

20. ਪ੍ਰਤਾਪ ਸਿੰਘ ਗੁਰਮਤ ਫਿਲਾਸਫੀ, ਸਿਖ ਪਬਲਿਸ਼ਿੰਗ ਹਾਊਸ ਲਾਹੌਰ,

21. ਭਾਈ ਗੁਰਦਾਸ 'ਵਾਰਾਂ' ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1952

22. ਮਹਿਤਾਬ ਸਿੰਘ ਨਾਵਾਂ ਤੇ ਥਾਵਾਂ ਦਾ ਕੋਸ਼, ਮਿਹਰ ਸਿੰਘ ਸੁਰਿੰਦਰ ਸਿੰਘ ਅੰਮ੍ਰਿਤਸਰ, 1959

23. ਮਿਹਰਬਾਨ ਸਿੰਘ ਸੋਢੀ, ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ (ਸੰਪਾਦਕ ਕਿਰਪਾਲ ਸਿੰਘ)
ਸਿਖ ਹਿਸਟਰੀ ਰਿਸਰਚ ਡਿਪਾਰਟਮੈਂਟ, ਖਾਲਸਾ ਕਾਲਜ, ਅੰਮ੍ਰਿਤਸਰ।
1962

24. ਮੋਹਨ ਸਿੰਘ ਉਬਰਾਏ ਦੀਵਾਨਾ, ਪੰਜਾਬੀ ਭਾਸ਼ਾ ਵਿਗਿਆਨ ਅਤੇ ਗੁਰਮਤ ਗਿਆਨ
ਕਸਤੂਰੀ ਲਾਲ ਐਂਡ ਸੰਨਜ਼, 1952

25. ਰਤਨ ਸਿੰਘ ਜੱਗੀ, 'ਗੁਰੂ ਨਾਨਕ ਦੀ ਵਿਚਾਰਧਾਰਾ',
ਨਵ ਯੁਗ ਪਬਲਿਸ਼ਰਜ਼, ਦਿੱਲੀ, 1969
ਗੁਰੂ ਨਾਨਕ ਬਾਣੀ, ਮਦਾਨ ਪਬਲਿਸ਼ਰਜ਼, ਪਟਿਆਲਾ, 1968
ਦਸਮ ਗ੍ਰੰਥ ਦਾ ਪੌਰਾਣਿਕ ਅਧਿਐਨ, ਨਿਊ ਬੁੱਕ ਕੰਪਨੀ,
ਜਲੰਧਰ, 1965

26. ਰਣਧੀਰ ਸਿੰਘ, 'ਗੁਰਮਤਿ ਰੌਸ਼ਨਤਾ', ਨਰਾਇਣ ਸਿੰਘ ਗਿਆਨੀ, 1968

27. ਰਾਮ ਸਿੰਘ, ਗੁਰੂ ਨਾਨਕ ਦੀ ਸੁਹਜ ਕਲਾ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1968

28. ਲਾਲ ਸਿੰਘ, 'ਗੁਰਮਤ ਮਾਰਤੰਡ, ਜਨਕ ਪੁਸਤਕ ਸੰਗਰੂਰ, 1949
ਗੁਰੂ ਗ੍ਰੰਥ ਸਿਧਾਂਤ ਸੰਗ੍ਰਹਿ, ਜਨਕ ਪੁਸਤਕ ਸੰਗਰੂਰ, 1953

29. ਵੀਰ ਸਿੰਘ (ਸੰਪਾਦਕ) ਸੰਥਿਆ ਸ੍ਰੀ ਗੁਰੂ ਗ੍ਰੰਥ ਸਾਹਿਬ (7 ਪੋਥੀਆਂ), ਖਾਲਸਾ ਸਮਾਚਾਰ
ਅੰਮ੍ਰਿਤਸਰ।
ਸ੍ਰੀ ਗੁਰੂਨਾਨਕ ਚਮਤਕਾਰ (ਦੋ ਭਾਗ), ਖਾਲਸਾ ਸਮਾਚਾਰ, ਅੰਮ੍ਰਿਤਸਰ
ਪੁਰਾਤਨ ਜਨਮ ਸਾਖੀ, ਖਾਲਸਾ ਸਮਾਚਾਰ ਅੰਮ੍ਰਿਤਸਰ, 1967

---

ਰਸਾਲੇ :
ਆਲੋਚਨਾ, ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ।
ਗੁਰਮਤ ਪ੍ਰਕਾਸ਼, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ।
ਪੰਜਾਬੀ ਦੁਨੀਆ, ਭਾਸ਼ਾ ਵਿਭਾਗ, ਪਟਿਆਲਾ।